
64
65
जनवरी-जून, 2022
ਕਹਾਣੀ ਧਾਰਾ
Prem Gorkhi
100/-
कथाकार प्रेम गोरखी विशेष अंक
ਕਹਾਣੀ ਧਾਰਾ ਕਥਾਕਾਰ ਪ੍ਰੇਮ ਗੋਰਖੀ ਵਿਸ਼ੇਸ਼ ਅੰਕ

64
65 ਜਨਵਰੀ-ਜੂਨ, 2022

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449




e-mail:
kahanidhara@gmail.com
bhagwantrasulpuri@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor *KAHANI DHARA*
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 50 ਰੁਪਏ, 10 ਅੰਕ: 500 ਰੁਪਏ ,
10 ਅੰਕ: ਡਾਲਰ 100 ਤੇ ਪੌਂਡ 80,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

## ਰੈਫਰੀਡ ਪੈਨਲ / ਸਲਾਹਕਾਰ ਬੋਰਡ

**ਡਾ. ਸਰਬਜੀਤ ਸਿੰਘ**
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਡਾ. ਰਮਿੰਦਰ ਕੌਰ**
ਪੰਜਾਬੀ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

**ਡਾ. ਰਵੀ ਰਵਿੰਦਰ**
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

**ਡਾ. ਕੁਲਦੀਪ ਸਿੰਘ**
ਮੁੱਖੀ ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

**ਡਾ. ਗੁਰਮੁੱਖ ਸਿੰਘ**
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਭੀਮ ਇੰਦਰ ਸਿੰਘ**
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਮੋਹਨ ਸਿੰਘ ਤਿਆਗੀ**
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਯਾਦਵਿੰਦਰ ਸਿੰਘ**
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**

Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

Account Name
**Bhagwant Rasulpuri**
Account No.: 65089711724
IFS Code: SBIN0050485
State Bank of India
G.T.B. Nagar, Jalandhar

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਜਨਵਰੀ, 2022)

*ਜਨਵਰੀ-ਜੂਨ,2022 ਅੰਕ :64-65*
**KAHANI DHARA (Punjabi Quarterly) R.N.I.Regd No.PUN PUN/2006/19971**
**ISSN: 2321- 4449**

# ਕਹਾਣੀ ਧਾਰਾ

**e-mail:**
kahanidhara@gmail.com
**ਸੰਪਾਦਕ :**
**ਭਗਵੰਤ ਰਸੂਲਪੁਰੀ**

***ਸੰਪਾਦਕੀ***/ ਪ੍ਰੇਮ ਗੋਰਖੀ ਕਥਾ ਸ਼ਿਲਪ ਦਾ ਸਿਖ਼ਰ -2

***ਪ੍ਰੇਮ ਗੋਰਖੀ (ਗੱਲਬਾਤ)***

ਗੁਰਬਚਨ ਭੁੱਲਰ-6, ਜਿੰਦਰ-29, ਦਵਾਰਕਾ ਭਾਰਤੀ-36, ਲਕਸ਼ਮੀ ਨਾਰਾਇਣ ਭੀਖੀ-43, ਜਸਬੀਰ ਕਲਸੀ-49 ਵੱਲੋਂ ਵੱਖ ਵੱਖ ਸਮੇਂ ਪ੍ਰੇਮ ਗੋਰਖੀ ਨਾਲ ਕੀਤੀ ਗੱਲਬਾਤ।

***ਪ੍ਰੇਮ ਗੋਰਖੀ (ਸ਼ਬਦ ਚਿੱਤਰ)***

ਜਿੰਦਰ-55, ਮੋਹਨ ਲਾਲ ਫਿਲੌਰੀਆ-68, ਭਗਵੰਤ ਰਸੂਲਪੁਰੀ -81, ਦਵਿੰਦਰ ਮੰਡ-90, ਸੁਰਿੰਦਰ ਸੋਹਲ-95, ਗੁਰਮੀਤ ਕੜਿਆਲਵੀ-100, ਮਨਮੋਹਨ ਸਿੰਘ ਦਾਊਂ-106, ਡਾ. ਕੇ. ਕੇ. ਰੱਤੂ-110, ਮੁਖਤਿਆਰ ਸਿੰਘ -112, ਕੁਲਬੀਰ ਬਡੇਸਰੋਂ-115, ਲਕਸ਼ਮੀ ਨਰਾਇਣ ਭੀਖੀ-117, ਅੰਮ੍ਰਿਤ ਦੀਵਾਨਾ-122, ਮੇਜਰ ਮਾਂਗਟ-125, ਕੇਹਰ ਸ਼ਰੀਫ਼-128, ਦਵਿੰਦਰ ਬਿਮਰਾ-131... ਵਲੋਂ ਲਿਖੇ ਸ਼ਬਦ ਚਿੱਤਰ ਅਤੇ ਨਵਰੂਪ ਕੌਰ-135, ਨਿਰਮਲ ਕੌਰ -141, ਸੋਨਿਕਾ ਸਿੰਘ-156 (ਪ੍ਰੇਮ ਗੋਰਖੀ ਦੀਆਂ ਬੇਟੀਆਂ ਵੱਲੋਂ ਲਿਖੇ ਸ਼ਬਦ-ਚਿੱਤਰ)

***ਪ੍ਰੇਮ ਗੋਰਖੀ (ਚਿੱਠੀਆਂ)***

ਜਸਬੀਰ ਭੁੱਲਰ-144, ਸੁਰਿੰਦਰ ਸੋਹਲ -148, ਮਲੂਕ ਚੰਦ ਕਲੇਰ-157 ਨੂੰ ਲਿਖੇ ਖ਼ਤ

***ਪ੍ਰੇਮ ਗੋਰਖੀ (ਸਵੈ ਕਥਨ)*** ਸਾਹਿਤ ਦੀ ਸਿਰਜਣਕਾਰੀ ਉੱਤੇ ਵੱਖ ਵੱਖ ਸਮੇਂ ਲਿਖੇ ਲੇਖ-160

***ਪ੍ਰੇਮ ਗੋਰਖੀ (ਅਧਿਐਨ-ਸੰਵਾਦ)***

ਗੈਰ ਹਾਜ਼ਿਰ ਆਦਮੀ/- ਡਾ. ਰਘਬੀਰ ਸਿੰਘ-177
ਤਿੱਤਰ ਖੰਭੀ ਜੂਹ/- ਡਾ. ਗੁਰਮੇਲ ਸਿੰਘ-182
ਬੁੱਢੀ ਰਾਤ ਤੇ ਸੂਰਜ/- ਡਾ. ਜੇ. ਬੀ. ਸੇਖੋਂ-188
ਜੀਣ ਮਰਨ/- ਡਾ. ਪਰਮਜੀਤ ਢੀਂਗਰਾ-194
ਧਰਤੀ ਪੁੱਤਰ/-ਡਾ. ਚੰਦਰ ਮੋਹਨ-201
ਮਿੱਟੀ ਰੰਗੇ ਲੋਕ/ -ਡਾ. ਸੰਤੋਖ ਸਿੰਘ-204
ਅਰਜਨ ਸਫ਼ੈਦੀ ਵਾਲਾ/- ਡਾ. ਮਿਨਾਕਸ਼ੀ ਰਾਠੌਰ-210
ਧਰਤੀ ਪੁੱਤਰ/-ਡਾ. ਹਰਨੇਕ ਸਿੰਘ ਕਲੇਰ-217
ਜਨਰੇਸ਼ਨ ਗੈਪ/- ਡਾ. ਸੁਖਪਾਲ ਕੌਰ-222
ਵਣ-ਬੇਲਾ /- ਡਾ. ਪਰਗਟ ਸਿੰਘ ਟਿਵਾਣਾ-227
ਮਿੱਟੀ ਰੰਗੇ ਲੋਕ/- ਮਨਮੋਹਨ ਕੌਰ-230
**ਕਹਾਣੀ** / ਜੀਣ ਮਰਨ/ -ਪ੍ਰੇਮ ਗੋਰਖੀ-236

**(ਟਾਇਟਲ 'ਤੇ ਪ੍ਰੇਮ ਗੋਰਖੀ ਦੀ ਪੇਂਟਿੰਗ ਮੁਹੰਮਦ ਆਸ਼ਿਫ ਰਜ਼ਾ ਅਤੇ ਬੈਕ ਤੇ ਗੋਰਖੀ ਦੀ ਹੱਥ ਲਿਖਤ ਹੈ)**

ਸੰਪਾਦਕੀ

# ਪ੍ਰੇਮ ਗੋਰਖੀ ਕਥਾ ਸ਼ਿਲਪ ਦਾ ਸਿਖ਼ਰ

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬੀ ਕਹਾਣੀ ਲਿਖੇ ਜਾਣ ਦੇ ਸਰੋਤ ਮਿਲਦੇ ਹਨ। ਇਸ ਸਮੇਂ ਪੰਜਾਬੀ ਕਹਾਣੀ ਦੀ ਉਮਰ ਇਕ ਸਦੀ ਤੋਂ ਟੱਪ ਗਈ ਹੈ। ਇਸ ਲੰਮੇ ਸਮੇਂ 'ਚ ਪੰਜਾਬੀ ਕਹਾਣੀ ਵਭਿੰਨ ਪੜਾਵਾਂ ਵਿਚੋਂ ਲੰਘਦੀ ਹੋਈ ਸਮਕਾਲ ਤੱਕ ਪਹੁੰਚੀ ਹੈ। ਭਾਵੇਂ ਕਿ ਮੁੱਢਲੇ ਕਹਾਣੀਕਾਰਾਂ ਦੀ ਦ੍ਰਿਸ਼ਟੀ ਆਦਰਸ਼ਵਾਦੀ-ਸੁਧਾਰਵਾਦੀ ਰਹੀ ਤੇ ਉਨ੍ਹਾਂ ਦੀ ਕਥਾ ਸ਼ਿਲਪ ਵੀ ਕਈ ਪੱਖੋਂ ਊਣੀਂ ਸੀ ਪਰ ਉਨ੍ਹਾਂ ਨੇ 'ਨਿੱਕੀ ਕਹਾਣੀ' ਦਾ ਮੁੱਢ ਬੰਨ੍ਹ ਦਿੱਤਾ ਸੀ। ਇਸੇ ਵਿਚੋਂ ਹੀ 'ਆਧੁਨਿਕ ਨਿੱਕੀ ਕਹਾਣੀ' ਦਾ ਵਿਕਾਸ ਵੀਹਵੀਂ ਸਦੀ ਦੇ ਚਾਲ੍ਹੀਵਿਆਂ ਵਿਚ ਹੋਇਆ ਮੰਨਿਆ ਜਾ ਰਿਹਾ ਹੈ। ਇਸ ਸਮੇਂ ਜਿਹੜੇ ਕਹਾਣੀਕਾਰ (ਸੇਖੋਂ+ਦੁੱਗਲ) ਆਏ ਉਹ ਪੱਛਮੀ ਕਥਾ ਸਾਹਿਤ ਤੋਂ ਪਰਿਚਿਤ ਸਨ। ਤੇ ਉਨ੍ਹਾਂ ਨੇ ਸਧਾਰਨ ਮਨੁੱਖ ਦੀ ਸਾਧਾਰਤਾ ਨੂੰ ਨਿੱਕੇ-ਨਿੱਕੇ ਪ੍ਰਸੰਗਾਂ ਰਾਹੀ ਉਭਾਰਿਆ। ਵੀਹਵੀਂ ਸਦੀ ਦੇ ਚਾਲ੍ਹੀਵਿਆਂ-ਪੰਜਾਹਵਿਆਂ ਉਪਰੰਤ ਪੰਜਾਬੀ ਕਹਾਣੀ 'ਚ ਅਨੇਕਾਂ ਨਾਂ ਉਭਰਦੇ ਹਨ ਜੋ ਪੰਜਾਬੀ ਕਹਾਣੀ ਦੀ ਵਿਕਾਸ-ਧਾਰਾ 'ਚ ਭਰਵਾਂ ਯੋਗਦਾਨ ਪਾਉਂਦੇ ਹਨ। ਇਹ ਪੀੜ੍ਹੀ ਪੰਜਾਬੀ ਕਹਾਣੀ ਦਾ ਸ਼ੈਲੀਗਤ ਮੁਹਾਂਦਰਾ ਨਿਸਚਤ ਕਰਦੀ ਹੈ। ਵੀਹਵੀਂ ਸਦੀ ਦੇ ਅਖੀਰਲੇ ਦਹਾਕਿਆਂ 'ਚ ਪੰਜਾਬੀ ਕਹਾਣੀ 'ਚ ਅਨੇਕਾਂ ਨਾਂ ਉਭਰਨ ਲੱਗਦੇ ਹਨ ਜਿਹੜੇ ਸ਼ਿਲਪ, ਦ੍ਰਿਸ਼ਟੀ ਦੇ ਪੱਖ ਤੋਂ ਅਗਾਂਹ ਦੀ ਗੱਲ ਕਰਦੇ ਹਨ। ਇਨ੍ਹਾਂ ਕਹਾਣੀਕਾਰਾਂ 'ਚੋਂ ਪ੍ਰੇਮ ਗੋਰਖੀ ਆਪਣੇ ਅਛੂਤੇ ਵਿਸ਼ੇ ਤੇ ਸ਼ਿਲਪ ਕਰਕੇ ਪੰਜਾਬੀ ਕਹਾਣੀ 'ਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ।

ਪ੍ਰੇਮ ਗੋਰਖੀ ਤੀਜੀ ਪੀੜ੍ਹੀ ਦਾ ਅਜਿਹਾ ਪ੍ਰਸਿੱਧ ਕਹਾਣੀਕਾਰ ਮੰਨਿਆ ਜਾ ਚੁੱਕਾ ਹੈ ਜਿਸ ਨੇ ਆਪਣੇ ਵਿਸ਼ਾਲ ਅਨੁਭਵ 'ਚੋਂ ਕਹਾਣੀ ਦੀ ਕੱਚੀ ਸਮੱਗਰੀ ਪ੍ਰਾਪਤ ਕਰਕੇ ਬਹੁਤ ਹੀ ਉੱਚ ਦਰਜੇ ਦੀਆਂ ਕਹਾਣੀਆਂ ਲਿਖੀਆਂ ਹਨ। ਜਦੋਂ ਪ੍ਰੇਮ ਗੋਰਖੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਸੁਚੇਤ ਤੌਰ 'ਤੇ ਦਾਖਲ ਹੁੰਦਾ ਹੈ ਉਸ ਵੇਲੇ ਪੰਜਾਬ ਸਿਆਸੀ, ਸਮਾਜਕ ਅਤੇ ਸੱਭਿਆਚਾਰਕ ਉਥਲ-ਪੁਥਲ 'ਚੋਂ ਬਾਹਰ ਨਿਕਲ ਕੇ ਵਿਕਾਸ ਦੀਆਂ ਲੀਹਾਂ 'ਤੇ ਤੁਰ ਰਿਹਾ ਸੀ। ਪੰਜਾਬ ਦਾ ਨਿਮਨ ਵਰਗ, ਹੇਠਲੀ ਦਰਜ਼ੀ ਨਿਮਨ ਤੇ ਦਰਮਿਆਨੀ ਕਿਸਾਨੀ ਅਤੇ ਖੇਤੀ ਧੰਦੇ ਨਾਲ ਜੁੜੇ ਸੀਰੀ, ਬੰਧੂਆ ਮਜ਼ਦੂਰ ਪਰਿਵਾਰ ਆਰਥਕ ਤੌਰ 'ਤੇ ਅਤੇ ਸਮਾਜਕ ਤੌਰ 'ਤੇ ਹਾਸ਼ੀਏ 'ਤੇ ਸੁੱਟੇ ਗਏ ਮਹਿਸੂਸ ਕਰ ਰਹੇ ਸਨ। ਉਹ ਵੀ ਆਪਣੇ ਪੱਧਰ 'ਤੇ ਆਪਣੀ ਹੋਂਦ ਲਈ ਸੰਘਰਸ਼ ਕਰ ਰਹੇ ਸਨ। ਸਾਧਨ ਵਿਹੂਣੇ ਹੋਣ ਕਾਰਨ ਉਨ੍ਹਾਂ ਦੀਆਂ ਆਵਾਜ਼ਾਂ ਸੰਘ ਵਿਚ ਹੀ ਰਹਿ ਜਾਂਦੀਆਂ ਸਨ। ਨਿੱਜੀ ਅਤੇ ਸਮਾਜਕ ਉਲਝਣਾ 'ਚ ਉਲਝਿਆ ਹੋਇਆ ਇਹ ਸਮਾਜ ਆਪਣੀ ਸਪੇਸ ਬਣਾਉਣ 'ਚ ਲੱਗਾ ਹੋਇਆ ਸੀ। 1970 ਦੇ ਆਸ-ਪਾਸ ਪ੍ਰੇਮ ਗੋਰਖੀ ਕਹਾਣੀ ਦੇ ਖੇਤਰ 'ਚ ਪਰਵੇਸ਼ ਕਰਦਾ ਹੈ। ਉਸ ਵੇਲੇ ਪੰਜਾਬ 'ਚ ਨਕਸਲਬਾੜੀ ਲਹਿਰ ਦਾ ਦੌਰ ਸੀ। ਸਮਾਜ ਦੇ ਹੇਠਲੇ ਪੌਡੇ 'ਤੇ ਬੈਠੇ ਨਿਮਨ ਦਰਜੇ ਦੇ ਲੋਕਾਂ ਨੂੰ ਸੱਤਾ ਦੇ ਖ਼ਿਲਾਫ਼ ਲਾਮਬੰਦ ਕੀਤਾ ਜਾ ਰਿਹਾ ਸੀ। ਜੋ ਪੁੜਾਂ ਵਿਚਾਲੇ ਪਿਸ ਰਹੇ ਸਨ। ਓਧਰ ਪੰਜਾਬੀ ਕਹਾਣੀ ਪਹਿਲੀ-ਦੂਜੀ ਪੀੜ੍ਹੀ ਤੋਂ ਹੁੰਦੀ ਹੋਈ ਤੀਜੀ ਪੀੜ੍ਹੀ 'ਚ ਪਰਵੇਸ਼ ਕਰ ਗਈ ਸੀ। ਤਕਰੀਬਨ ਦੋ ਦਰਜਨ ਅਜਿਹੇ ਕਹਾਣੀਕਾਰ ਪੈਦਾ ਹੋ ਗਏ ਸਨ ਜਿਹਨਾਂ ਨੇ ਬਾਅਦ ਵਿਚ ਪੰਜਾਬੀ ਕਹਾਣੀ ਦੇ ਚਰਚਿਤ ਹਸਤਾਖ਼ਰ ਬਣ ਜਾਣਾ ਸੀ।

ਪ੍ਰੇਮ ਗੋਰਖੀ ਦੀ ਸਮੁੱਚੀ ਕਹਾਣੀ ਦੇ ਦੋ ਪੱਖ ਉਭਰਵੇਂ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ। ਪਹਿਲਾ ਹੈ ਵਰਜਨਾਵਾਂ ਅਤੇ ਅਵੈਧ ਰਿਸ਼ਤੇ, ਦੂਜਾ ਪੱਖ ਹੈ ਨਿਮਨ ਧਿਰਾ ਦਾ ਹਰ ਪੱਖ ਤੋਂ ਹੋ ਰਿਹਾ ਸ਼ੋਸ਼ਣ। ਜਿਹੜਾ ਕਿ ਦਲਿਤ ਦ੍ਰਿਸ਼ਟੀ ਰਾਹੀਂ ਚਿਤਰਿਆ ਜਾ ਰਿਹਾ ਸੀ, ਇਹ ਗੱਲ ਤਾਂ ਮੰਨੀ ਜਾ ਚੁੱਕੀ ਹੈ ਕਿ ਗਲਪ ਵਿਧਾ ਰਾਹੀਂ ਮਨੁੱਖ ਦੇ ਸਮਾਜਕ, ਆਰਥਕ, ਸਭਿਆਚਾਰਕ ਯਥਾਰਥ ਨੂੰ ਵਿਆਪਕ ਪ੍ਰਸੰਗ

'ਚ ਪ੍ਰਗਟ ਕੀਤਾ ਜਾ ਸਕਦਾ ਹੈ। ਕਹਾਣੀ ਗਲਪ ਦਾ ਭਾਗ ਹੋਣ ਕਰਕੇ ਇਹਦੇ 'ਚ ਇਹ ਯਥਾਰਥ ਹੋਰ ਵਧੇਰੇ ਸਸ਼ਕਤ ਤਰੀਕੇ ਨਾਲ ਪ੍ਰਗਟ ਕੀਤਾ ਜਾਂਦਾ ਹੈ। ਪੰਜਾਬੀ ਸਮਾਜ 'ਚ ਔਰਤ-ਮਰਦ ਬੜੀ ਬੇਬਾਕੀ ਅਤੇ ਜੁਰਅੱਤ ਨਾਲ ਵੈਧ ਅਤੇ ਅਵੈਧ ਰਿਸ਼ਤੇ ਬਣਾਉਂਦੇ ਹਨ ਅਤੇ ਇਨ੍ਹਾਂ ਤੋਂ ਉਤਪਨ ਹੁੰਦੇ ਦੁਖਾਂਤ/ ਸੁਖਾਂਤ ਵੀ ਭੋਗਦੇ ਹਨ। ਇਨ੍ਹਾਂ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਪ੍ਰੇਮ ਗੋਰਖੀ ਆਪਣੀਆਂ ਕਹਾਣੀਆਂ 'ਚ ਭਰਵੇਂ ਰੂਪ 'ਚ ਪੇਸ਼ ਕਰਦਾ ਹੈ। ਲਿੰਗਤਾ ਮਨੁੱਖੀ ਵਿਹਾਰ ਨੂੰ ਪ੍ਰਗਟ ਕਰਨ ਵਾਲਾ ਗੁਣ ਹੈ ਜੋ ਮਨੁੱਖ ਦੀਆਂ ਨਿੱਜੀ ਤੇ ਵਿਅਕਤੀਗਤ ਲੋੜਾਂ ਤੋਂ ਉਤਪਨ ਹੁੰਦੀ ਹੈ। ਸਮਾਜਕ ਬੰਧਨਾਂ 'ਚ ਬੱਝਾ ਉਹ ਆਪਣੀਆਂ ਲੈਂਗਿਕ ਲੋੜਾਂ ਨੂੰ ਵੈਧ/ ਅਵੈਧ ਰਿਸ਼ਤਿਆਂ ਰਾਹੀ ਪੂਰੀਆਂ ਕਰਦਾ ਹੈ। ਪਰ ਜਦੋਂ ਅਵੈਧ ਰਿਸ਼ਤੇ ਉਸਰਨ ਲੱਗਦੇ ਹਨ ਤਾਂ ਮਨੁੱਖੀ ਰਿਸ਼ਤਿਆਂ 'ਚ ਸੰਕਟ ਉਪਜਣ ਲੱਗ ਪੈਂਦਾ ਹੈ। ਇਨ੍ਹਾਂ ਸੰਕਟਾਂ ਦੇ ਯਥਾਰਥ ਨੂੰ ਵੀ ਗੋਰਖੀ ਨੇ ਆਪਣੀਆਂ ਅਨੇਕਾਂ ਕਹਾਣੀਆਂ 'ਚ ਗਲਪੀ ਜੁਗਤਾਂ ਤੇ ਕਲਾ ਦੇ ਚਿਹਨਾਂ ਨਾਲ ਪੇਸ਼ ਕੀਤਾ ਹੈ। ਸਮਾਜ ਦੀਆਂ ਜੋ ਵਰਜਨਾਵਾਂ ਹਨ ਉਹ ਹਰ ਵਿਸ਼ੇਸ਼ ਜਾਤੀ ਦੇ ਸਮਾਜ-ਸੰਸਕ੍ਰਿਤੀ ਦੀ ਬਣਤਰ ਦੀਆਂ ਤੰਦਾਂ 'ਚ ਪਈਆਂ ਹੁੰਦੀਆਂ ਹਨ। ਇਸ ਬਣਤਰ ਦੀ ਵੱਡੀ ਤੰਦ ਪਰਿਵਾਰ ਹੁੰਦਾ ਹੈ। ਜੋ ਮਨੁੱਖ ਨੂੰ ਅਵੈਧ ਰਿਸ਼ਤਿਆਂ ਤੋਂ ਉਤਪਨ ਹੋਣ ਵਾਲੇ ਸੰਕਟਾਂ ਤੋਂ ਜਾਣੂ ਕਰਵਾਉਂਦਾ ਹੈ। ਭਾਵ ਕਿ ਬੱਚੇ ਨੂੰ ਵਰਜਨਾਵਾਂ ਦਾ ਪਾਠ ਗੁੜ੍ਹਤੀ ਦੇ ਰੂਪ 'ਚ ਮਿਲਣਾ ਸ਼ੁਰੂ ਹੋ ਜਾਂਦਾ ਹੈ। ਜਿਸ ਨਾਲ ਮਨੁੱਖ ਚੰਗਾ ਤੇ ਸਚਿਆਰਾ ਬਣਦਾ ਹੈ। ਉਹ ਕਿਹੜੀ ਮਰੋੜੀ ਹੈ ਜਿਹੜੀ ਮਨੁੱਖ ਨੂੰ ਗੁੜ੍ਹਤੀ ਵਿਚ ਮਿਲੀਆਂ ਵਰਜਨਾਵਾਂ ਤੋਂ ਮੁਨਕਰ ਹੋ ਕੇ ਅਵੈਧ ਰਿਸ਼ਤਿਆਂ ਵਿਚ ਜਕੜ ਲੈਂਦੀ ਹੈ। ਇਨ੍ਹਾਂ ਮਨੋਵਿਗਿਆਨਕ, ਦੈਹਿਕ ਲੋੜਾਂ ਦਾ ਬਿਰਤਾਂਤ ਪ੍ਰੇਮ ਗੋਰਖੀ ਦੀ ਕਹਾਣੀ ਵਿਚ ਉਭਰਵੇਂ ਰੂਪ ਵਿਚ ਪੇਸ਼ ਹੁੰਦਾ ਹੈ। ਅਸੀਂ ਸਮਝ ਸਕਦੇ ਹਾਂ ਕਿ ਉਹ ਮਨੁੱਖ ਦੀਆਂ ਕਿਹੜੀਆਂ ਜੈਵਿਕ, ਲੈਂਗਿਕ, ਮਾਨਸਿਕ, ਪਰਿਵਾਰਕ, ਸਮਾਜਿਕ, ਆਰਥਿਕ, ਰਾਜਸੀ ਲੋੜਾ ਸਨ ਜਿਨ੍ਹਾਂ ਕਰਕੇ ਇਹ ਪੇਚੀਦਾ ਵਰਤਾਰਾ ਉਸਰਨ ਲੱਗ ਪੈਂਦਾ ਹੈ।


ਗੋਰਖੀ ਦੀ ਕਹਾਣੀ ਦੇ ਦੂਜੇ ਪੱਖ ਬਾਰੇ ਚਰਚਾ ਕਰਦਿਆਂ ਅਸੀਂ ਵੇਖਦੇ ਹਾਂ ਕਿ ਅਜ਼ਾਦੀ ਤੋਂ ਬਾਅਦ ਸਮਾਜਵਾਦੀ ਮਾਡਲ ਨੂੰ ਉਭਾਰਿਆ ਤਾਂ ਬਹੁਤ ਗਿਆ ਸੀ ਪਰ ਜਾਗੀਰਦਾਰੀ ਸਿਸਟਮ ਨੇ ਭੂਮੀ ਸੁਧਾਰ ਨੂੰ ਸਮਾਜਕ ਪ੍ਰਤੀਬੱਧਤਾ ਨਾਲ ਲਾਗੂ ਨਹੀਂ ਕੀਤਾ ਬਲਕਿ ਰਿਜ਼ਰਵੇਸ਼ਨ ਤੱਕ ਸੀਮਤ ਕਰ ਦਿੱਤਾ ਗਿਆ। ਦਲਿਤਾਂ ਦੇ ਇਕ ਵਰਗ ਨੂੰ ਲੱਗਾ ਕਿ ਆਰਥਿਕ ਬਰਾਬਰੀ ਉਪਰੰਤ ਸਮਾਜਿਕ ਬਰਾਬਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਸ ਕਰਕੇ ਦਲਿਤ ਚਿੰਤਨ ਅਤੇ ਚੇਤਨਾ ਦਾ ਅਜੋਕਾ ਮੁੱਦਾ ਦਲਿਤ ਮੱਧ ਵਰਗ ਵਿਚੋਂ ਉੱਠਿਆ, ਜਿਸ ਨੂੰ ਦਲਿਤ ਦਰਸ਼ਨ, ਦਲਿਤ ਸੁਹਜ ਸ਼ਾਸਤਰ ਰਾਹੀਂ ਸਮਝਿਆ ਜਾਣ ਲੱਗਾ। ਬਾਅਦ ਵਿਚ ਇਸ ਚਿੰਤਨ-ਮੰਥਨ 'ਚੋਂ ਪੰਜਾਬੀ ਕਹਾਣੀ ਵਿਚ ਵੀ ਇਹ ਮਸਲੇ ਆਉਣ ਲੱਗ ਪਏ। ਪ੍ਰੇਮ ਗੋਰਖੀ ਦੀ ਕਹਾਣੀ ਵਿਚੋਂ ਇਸੇ ਚਿੰਤਨ ਨੂੰ ਤਲਾਸ਼ਿਆ ਜਾ ਸਕਦਾ ਹੈ।

ਪ੍ਰੇਮ ਗੋਰਖੀ ਦਾ ਸਮਾਂ ਉਹ ਸਮਾਂ ਹੈ ਜਦੋਂ ਪੈਦਾਵਾਰ ਦੇ ਸਾਧਨਾਂ ਉੱਤੇ ਉੱਚ ਵਰਗ ਕਾਬਜ ਹੁੰਦਾ ਹੈ। ਜਿਹੜਾ ਆਪਣੀ ਧੌਂਸ ਨਾਲ ਨਿਮਨ ਜਾਤੀਆਂ ਦੀ ਹਰ ਕਿਸਮ ਦੀ ਲੁੱਟ ਕਰਦਾ ਹੈ। ਦੂਜੇ ਪਾਸੇ ਨਿਮਨ ਵਰਗ ਆਪਣੀਆਂ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਕਰਨ ਲਈ ਪੈਰ-ਪੈਰ 'ਤੇ ਲਚਾਰ ਹੁੰਦਾ ਹੈ। ਜਾਗੀਰਦਾਰੀ ਧੌਂਸ ਉਨ੍ਹਾਂ ਦੇ ਅਕਰੋਸ਼ ਨੂੰ ਮੌਨ ਕਰ ਦਿੰਦੀ ਹੈ। ਗੋਰਖੀ ਦੀਆਂ ਦਲਿਤ ਜ਼ਿੰਦਗੀ ਨਾਲ ਸੰਬੰਧਤ ਕਹਾਣੀਆਂ ਪੜ੍ਹਦਿਆਂ ਇਹ ਧਾਰਨਾਵਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ ਕਿ ਗੋਰਖੀ ਨੇ ਨਿਮਨ ਸ਼੍ਰੇਣੀਆਂ ਦੇ ਅਛੂਤੇ, ਸੂਖ਼ਮ ਅਨੁਭਵਾਂ ਨੂੰ ਪ੍ਰਗਤੀਵਾਦੀ / ਅੰਬੇਡਕਰੀ ਦ੍ਰਿਸ਼ਟੀ ਤੋਂ ਪੇਸ਼ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ। ਪੰਜਾਬੀ ਸਮਾਜ ਦੀ ਜਟਿਲਤਾ ਨੂੰ ਉਹੀ ਕਥਾਕਾਰ ਸਮਝ ਸਕਦਾ ਹੈ ਜਿਹਦੇ ਕੋਲ ਵਿਚਾਰਧਾਰਕ ਦ੍ਰਿਸ਼ਟੀ ਹੋਵੇ। ਨਿਮਨ ਨਾਇਕਾ ਦੀ ਮਾਨਸਿਕ ਬਣਤਰ ਨੂੰ ਸੰਕੀਰਣ ਸੋਚ ਨਾਲ ਵੀ ਨਹੀਂ ਸਮਝਿਆ ਜਾ ਸਕਦਾ। ਗੋਰਖੀ ਨੇ ਉਸ ਨਿਮਨ ਵਰਗ ਦੇ ਸਮਾਜ ਦੀ ਗੱਲ ਕੀਤੀ ਹੈ ਜਿਸ ਸਮਾਜ ਨੂੰ ਪੈਦਾਵਾਰੀ ਸਾਧਨਾਂ ਤੋਂ ਦੂਰ ਕਰ ਦਿੱਤਾ ਗਿਆ, ਜਿਨ੍ਹਾਂ ਦਾ ਸਮਾਜਕ ਰੁਤਬਾ ਖੋਹ ਲਿਆ ਗਿਆ। ਇਹ ਨਿਮਨ ਵਰਗ ਉਸ ਵੇਲੇ ਆਪਣਾ ਸਮਾਜਿਕ ਰੁਤਬਾ ਬਚਾਉਣ ਦਾ ਉਪਰਾਲਾ ਕਰਦਾ ਹੈ ਜਦੋਂ ਉਨ੍ਹਾਂ

ਦੀ ਆਰਥਿਕਤਾ ਨੂੰ ਠੁੰਮਣਾ ਮਿਲਣਾ ਸ਼ੁਰੂ ਹੋ ਜਾਂਦਾ ਹੈ। ਉਹ ਪੀੜ੍ਹੀਆਂ ਤੋਂ ਚੱਲਿਆ ਆ ਰਿਹਾ ਸੀਰੀ ਪੁਣਾਂ, ਬੰਧੂਆਂ ਮਜ਼ਦੂਰੀ ਅਤੇ ਸੁਤੰਤਰ ਕਿੱਤੇ ਦੀ ਚੋਣ ਨੂੰ ਅਪਨਾਉਣ ਲੱਗ ਪੈਂਦਾ ਹੈ। ਪ੍ਰੰਤੂ ਗੋਰਖੀ ਦਾ ਕਥਾ ਬਿਰਤਾਂਤ ਇਸ ਵਰਤਾਰੇ ਤੋਂ ਪਹਿਲਾਂ ਦਾ ਬਿਰਤਾਂਤ ਹੈ। ਉਹ ਦਲਿਤ ਖ਼ੁੰਦਕ ਅਤੇ ਬਦਲਾ ਲਊ ਭਾਵਨਾ ਵਾਲਾ ਕਥਾ ਬਿਰਤਾਂਤ ਨਹੀਂ ਸਿਰਜਦਾ ਬਲਕਿ ਨਿਮਨ ਧਿਰਾਂ ਦਾ ਕਥਾ ਬਿਰਤਾਂਤ ਬੜੀ ਸਹਿਜ ਗਤੀ ਨਾਲ ਸਿਰਜਦਾ ਹੈ।

ਪ੍ਰੇਮ ਗੋਰਖੀ ਦੀ ਸਿਰਜਣਕਾਰੀ ਦੇ ਪਿਛੋਕੜ ਦੀ ਗੱਲ ਕਰੀਏ ਤਾਂ ਇਹ ਉਹ ਸਮਾਂ ਸੀ ਜਦੋਂ ਭਾਰਤੀ ਤੇ ਪੰਜਾਬੀ ਲੋਕਾਂ ਨੂੰ ਲੱਗਦਾ ਸੀ ਕਿ ਆਜ਼ਾਦੀ ਦੀ ਪ੍ਰਾਪਤੀ ਉਪਰੰਤ ਸਾਰੀਆਂ ਸਮੱਸਿਆਵਾਂ ਇਕ ਦਮ ਚਮਤਕਾਰੀ ਦ੍ਰਿਸ਼ਟੀ ਨਾਲ ਹੱਲ ਹੋ ਜਾਣੀਆਂ ਸਨ। ਪਰ ਲੋਕਾਂ ਨੂੰ ਇਹ ਪਤਾ ਨਹੀਂ ਸੀ ਕਿ ਸੱਤਰਵਿਆਂ ਵਿਚ ਪਹੁੰਚ ਕੇ ਇਹ ਭ੍ਰਾਂਤੀਆਂ ਟੁੱਟਣ ਲੱਗ ਪੈਣੀਆਂ ਸਨ। ਪੰਜਾਬੀ ਸਮਾਜ ਦੇ ਨਿਮਨ ਤਬਕੇ ਵਿਚ ਰੋਹ ਅਤੇ ਵਿਦਰੋਹ ਉਭਰਨ ਲੱਗ ਪਿਆ ਸੀ। ਪੰਜਾਬ 'ਚ ਨਕਸਲਬਾੜੀ ਲਹਿਰ ਦਾ ਉਭਾਰ ਵੀ ਇਨ੍ਹਾਂ ਭ੍ਰਾਂਤੀਆਂ ਵਿਚੋਂ ਨਿਕਲਿਆ ਸੀ। ਉਸ ਤੋਂ ਬਾਅਦ ਅਕਾਲੀ ਮੋਰਚਾ ਲੱਗਦਾ ਹੈ। ਹਰੀ ਕ੍ਰਾਂਤੀ ਦਾ ਦੌਰ ਆਉਂਦਾ ਹੈ। ਸਿੱਖ ਖਾੜਕੂਵਾਦ ਪੰਜਾਬ 'ਚ ਵੱਡਾ ਸੰਕਟ ਖੜਾ ਕਰਦਾ ਹੈ। ਜਿਸ ਨਾਲ ਪੰਜਾਬੀ ਭਾਈਚਾਰੇ ਦੇ ਆਪਸੀ ਅਨੇਕਾਂ ਵਿਰੋਧ ਖੜੇ ਹੋ ਜਾਂਦੇ ਹਨ। 1970 ਤੋਂ 2020 ਤੱਕ ਦਾ ਅੱਧੀ ਸਦੀ ਦਾ ਸਮਾਂ ਪ੍ਰੇਮ ਗੋਰਖੀ ਦੀ ਕਹਾਣੀ ਦਾ ਸਮਾਂ ਹੈ, ਜਿਸ ਸਮੇਂ ਵਿਚ ਉਪਰੋਕਤ ਲਹਿਰਾ ਦਾ ਉਭਾਰ ਆਉਂਦਾ ਹੈ। ਇਸ ਸਮੇਂ 'ਚ ਆਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤਬਦੀਲੀ ਅਸੀਂ ਪ੍ਰੇਮ ਗੋਰਖੀ ਦੀ ਕਹਾਣੀ 'ਚ ਮਹਿਸੂਸ ਕਰ ਸਕਦੇ ਹਾਂ। ਸੱਤਰਵਿਆਂ ਦੇ ਸ਼ੁਰੂ ਵਿਚ ਜਿਹੜੇ ਵੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਲੇਖਕ ਉਭਰਦੇ ਹਨ, ਉਨ੍ਹਾਂ ਦਾ ਪਿਛੋਕੜ ਪੇਂਡੂ ਰਿਹਾ ਹੈ। ਇਕ ਦੋ ਨੂੰ ਛੱਡ ਕੇ ਸਾਰੇ ਕਹਾਣੀਕਾਰਾਂ ਦੀ ਦ੍ਰਿਸ਼ਟੀ ਤੇ ਸੋਚ ਮਾਨਵਵਾਦੀ ਅਤੇ ਯਥਾਰਥਵਾਦੀ/ਪ੍ਰਗਤੀਸ਼ੀਲ ਵਿਚਾਰਧਾਰਾ ਦੀ ਰਹਿੰਦੀ ਹੈ। ਉਹ ਕਹਾਣੀਕਾਰ ਮਾੜੀ, ਲਿੱਸੀ, ਨਿਤਾਣੀ ਤੇ ਨਿਮਨ ਧਿਰ ਵੱਲ ਖੜ ਕੇ ਸਮਾਜਕ ਯਥਾਰਥ ਚਿਤਰਦੇ ਰਹੇ ਸਨ। ਪ੍ਰੇਮ ਗੋਰਖੀ ਵੀ ਬੜੀ ਬਰੀਕੀ ਨਾਲ ਨਿਮਨ ਤਬਕੇ ਤੇ ਨਿਮਨ/ ਦਰਮਿਆਨੀ ਕਿਸਾਨੀ ਧਿਰਾ ਦਾ ਸਮਾਜਿਕ ਯਥਾਰਥ ਕਹਾਣੀਆਂ ਵਿਚ ਚਿਤਰਿਆ ਹੈ। ਵਰਜਨਾਵਾਂ ਦੇ ਆਰ-ਪਾਰ ਫੈਲੇ ਅਵੈਧ ਰਿਸ਼ਤੇ, ਸਭਿਆਚਾਰਕ ਟਕਰਾਓ, ਸਾਧਨ ਵਿਹੂਣੇ ਨਿਮਨ ਵਰਗ ਦੀਆਂ ਮਰ ਰਹੀਆਂ ਖ਼ਾਹਿਸਾਂ, ਨਾਰੀ ਦਾ ਖ਼ੁਰ ਰਿਹਾ ਅਸਤਿਤਵ ਗੋਰਖੀ ਦੀ ਕਹਾਣੀ ਦੇ ਸਰੋਕਾਰ ਬਣਦੇ ਹਨ। 'ਇੱਕ ਟਿਕਟ ਰਾਮਪੁਰਾ ਫੂਲ', 'ਜੀਣ ਮਰਨ', 'ਸੰਸਕਾਰ', 'ਜ਼ਿੰਦਗੀ', 'ਧਰਤੀ ਪੁੱਤਰ','ਲੇਹਾ', 'ਸ਼ੀਤ ਯੁੱਧ' 'ਕੁੰਡਾ', 'ਬਚਨਾ ਬੱਕੜਵੱਢ', 'ਛੋਟੀਆਂ ਛੋਟੀਆਂ ਕੰਧਾਂ' ਉਸਦੀਆਂ ਕਲਾਸਿਕ ਕਹਾਣੀਆਂ ਦਾ ਦਰਜ਼ਾ ਰੱਖਦੀਆਂ ਹਨ।

**'ਕਹਾਣੀ ਧਾਰਾ'** ਦੇ ਏਸ ਅੰਕ ਦੀ ਵਿਓਂਤ ਪਿਛਲੇ ਅੱਠ ਮਹੀਨੇ ਤੋਂ ਕਰਦੇ ਆ ਰਹੇ ਹਾਂ। ਗੋਰਖੀ ਦੇ ਨੇੜਲੇ ਦੋਸਤਾਂ ਨੂੰ ਸ਼ਬਦ ਚਿੱਤਰ ਲਿਖਣ ਲਈ ਵਾਰ ਵਾਰ ਬੇਨਤੀ ਕੀਤੀ। ਫਿਰ ਉਸ ਦੀਆਂ ਕਿਤਾਬਾਂ ਨੂੰ ਲੱਭ ਕੇ ਉਨ੍ਹਾਂ ਦੀਆਂ ਫੋਟੋ ਕਾਪੀਆਂ ਤਿਆਰ ਕਰਵਾ ਕੇ ਪੰਜਾਬੀ ਦੇ ਚਿੰਤਕਾਂ ਨੂੰ ਉਨ੍ਹਾਂ 'ਤੇ ਸਮੀਖਿਆ ਲੇਖ ਲਿਖਣ ਲਈ ਬੇਨਤੀ ਕੀਤੀ। ਸੱਚ ਮੁੱਚ ਮੈਨੂੰ ਬਹੁਤ ਹੁੰਗਾਰਾ ਮਿਲਿਆ। ਇਸ ਅੰਕ ਦੀ ਤਰਤੀਬ ਦਸਤਾਵੇਜ਼ੀ ਬਣਾਉਣ ਲਈ ਤਸਵੀਰਾਂ, ਮੁਲਾਕਾਤਾਂ, ਗੋਰਖੀ ਦੇ ਸਵੈ ਕਥਨ ਛਾਪਣੇ ਜ਼ਰੂਰੀ ਸਨ ਤਾਂ ਕਿ ਪਾਠਕਾਂ ਨੂੰ ਗੋਰਖੀ ਦੀ ਸ਼ਖ਼ਸੀਅਤ ਅਤੇ ਸਾਹਿਤ ਪ੍ਰਤੀ ਬਣੀ ਸਮਝ ਦਾ ਪਤਾ ਲੱਗ ਸਕੇ। ਪ੍ਰੇਮ ਗੋਰਖੀ ਦੀ ਜੀਵਨ ਸਾਥਣ ਗੁਰਦੀਪ ਕੌਰ ਅਤੇ ਉਨ੍ਹਾਂ ਦੀ ਬੇਟੀ ਨਵਰੂਪ ਕੌਰ ਨੇ ਇਸ ਅੰਕ ਨੂੰ ਤਿਆਰ ਕਰਨ ਲਈ ਪੂਰਾ ਸਹਿਯੋਗ ਦਿੱਤਾ। ਕੁਝ ਸਵਾਲ ਮੇਰੇ ਮਨ ਵਿਚ ਅਜੇ ਤੱਕ ਰੜਕਦੇ ਰਹੇ ਨੇ ਤੇ ਤੁਹਾਡੇ ਮਨ ਵਿਚ ਵੀ ਰੜਕਦੇ ਰਹਿਣਗੇ ਕਿ ਗੋਰਖੀ ਦੀ ਕੋਈ ਕਿਤਾਬ ਦੂਜੀ ਵਾਰ ਕਿਓਂ ਨਹੀਂ ਛਪੀ?, ਉਸ 'ਤੇ ਕੋਈ ਆਲੋਚਨਾ ਦੀ ਪੁਸਤਕ ਕਿਓਂ ਨਹੀਂ ਛਪੀ?, ਉਸ ਨੂੰ ਬਣਦਾ ਕੋਈ ਵੱਡਾ ਵਕਾਰੀ ਇਨਾਮ ਕਿਓਂ ਨਹੀਂ ਮਿਲਿਆ? ਉਸ ਨੂੰ ਸਲੇਬਸ ਵਿਚ ਕਿਓਂ ਨਹੀਂ ਸ਼ਾਮਿਲ ਕੀਤਾ ਗਿਆ? **- ਭਗਵੰਤ ਰਸੂਲਪੁਰੀ**



# ਪ੍ਰੇਮ ਗੋਰਖੀ
# ਗੱਲਬਾਤ

# "ਚੰਗਾ ਲੇਖਕ ਅਨੁਭਵ ਨੂੰ ਅਧਿਐਨ ਦੀ ਪੁੱਠ ਚਾੜ੍ਹ ਕੇ ਹੀ ਰਚਨਾ ਕਰਦਾ ਹੈ!"- ਪ੍ਰੇਮ ਗੋਰਖੀ

## (ਪ੍ਰੇਮ ਗੋਰਖੀ ਨਾਲ ਗੁਰਬਚਨ ਸਿੰਘ ਭੁੱਲਰ ਦੀ ਗੱਲਬਾਤ)

*ਪ੍ਰੇਮ ਗੋਰਖੀ ਅਜਿਹਾ ਸਾਹਿਤਕਾਰ ਸੀ ਜਿਸ ਦੇ ਜੀਵਨ ਵਿਚ ਗ਼ਰੀਬੀ, ਪੜ੍ਹਾਈ ਦੇ ਰਾਹ ਦੀਆਂ ਮੁਸ਼ਕਲਾਂ, ਸਖ਼ਤ ਮਿਹਨਤ-ਮੁਸ਼ੱਕਤ, ਸਮਾਜਕ ਰੁਕਾਵਟਾਂ, ਡਾਢਿਆਂ ਦਾ ਧੱਕਾ ਨਾਲੋ-ਨਾਲ ਚਲਦੇ ਰਹੇ। ਕੁਦਰਤੀ ਸੀ ਕਿ ਇਸ ਸਭ ਦਾ ਅਸਰ ਉਹਦੇ ਸਾਹਿਤ ਉੱਤੇ ਵੀ ਪੈਂਦਾ। ਇਕ ਸਿੱਟਾ ਤਾਂ ਇਹ ਹੋਇਆ ਕਿ ਉਹਦੀ ਕਲਮ ਪੱਕੀ ਤਰ੍ਹਾਂ ਤੇ ਅਡੋਲਤਾ ਨਾਲ ਮਿਹਨਤਕਸ਼ਾਂ ਦੇ ਨਮਿੱਤ ਹੋ ਗਈ। ਇਹਦਾ ਭਾਵ ਇਹ ਨਹੀਂ ਕਿ ਉਹਨੇ ਰਾਜਨੀਤਕ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਸਵਾਲ ਸੇਧ ਦਾ ਹੁੰਦਾ ਹੈ। ਨਿਰੋਲ ਅ-ਰਾਜਨੀਤਕ ਰਚਨਾ ਵਿਚ ਵੀ ਅਜਿਹਾ ਦੁਰਾਹਾ ਆ ਜਾਂਦਾ ਹੈ ਜਿਥੋਂ ਉਹਨੂੰ ਲੋਕ-ਹਿਤ ਵਾਲ਼ੇ ਪਾਸੇ ਵੀ ਲਿਜਾਇਆ ਜਾ ਸਕਦਾ ਹੈ ਤੇ ਲੋਕ-ਵਿਰੋਧੀਆਂ ਦੇ ਪੱਖ ਵਿਚ ਵੀ ਭੁਗਤਾਇਆ ਜਾ ਸਕਦਾ ਹੈ, ਉਥੇ ਲੇਖਕ ਦੀ ਵਿਚਾਰਧਾਰਾ ਕੰਮ ਆਉਂਦੀ ਹੈ। ਗੋਰਖੀ ਇਸ ਪੱਖੋਂ ਸਚੇਤ ਸਾਹਿਤਕਾਰ ਸੀ। ਸਾਹਿਤਕਾਰੀ ਨੂੰ ਜ਼ਿੰਮੇਦਾਰੀ ਵਾਲ਼ਾ ਕਾਰਜ ਮੰਨਦਿਆਂ ਉਹਨੇ ਆਪਣੇ ਰਚਨਾ-ਕਾਰਜ ਵਿਚ ਨਿਰੰਤਰਤਾ ਬਣਾਈ ਰੱਖੀ। ਉਹਨੇ ਪੰਜਾਬੀ ਸਾਹਿਤ ਵਿਚ ਜੋ ਇੱਜ਼ਤ-ਮਾਣ ਦੀ ਕਮਾਈ ਕੀਤੀ, ਆਪਣੀ ਕਲਮੀ ਘਾਲਨਾ ਦੇ ਸਹਾਰੇ ਹੀ ਕੀਤੀ। ਇਹ ਗੱਲਬਾਤ ਮੈਂ ਉਹਦੇ ਚਲਾਣੇ ਤੋਂ ਢਾਈ-ਤਿੰਨ ਮਹੀਨੇ ਪਹਿਲਾਂ ਹੀ ਕੀਤੀ ਸੀ।*

**ਭੁੱਲਰ: ਸਾਹਿਤਕਾਰੀ ਦੀ ਕਣੀ ਰੱਖਣ ਵਾਲੇ ਲਈ ਕਵਿਤਾ ਨੂੰ ਸੁਭਾਵਿਕ ਆਰੰਭਿਕ ਵਿਧਾ ਮੰਨਿਆ ਜਾਂਦਾ ਹੈ। ਕਵਿਤਾ ਦੇ ਨਾਲ-ਨਾਲ ਜਾਂ ਕਵਿਤਾ ਨੂੰ ਤਿਆਗ ਕੇ ਹੋਰ ਵਿਧਾ/ਵਿਧਾਵਾਂ ਅਪਣਾਉਣ ਵਾਲੇ ਲੇਖਕ ਬਥੇਰੇ ਹਨ। ਪਰ ਕਈ ਲੇਖਕ ਸਿੱਧੇ ਹੀ ਗਲਪ ਤੋਂ ਆਰੰਭ ਕਰਦੇ ਹਨ। ਤੁਹਾਡੀ ਸੂਰਤ ਵਿੱਚ ਕਿਵੇਂ ਹੋਇਆ?**

ਗੋਰਖੀ: ਸ਼ੁਰੂਆਤ ਮੈਂ ਕਵਿਤਾ ਤੋਂ ਕੀਤੀ। ਕਵਿਤਾ ਦੀ ਚੇਟਕ ਮੈਨੂੰ ਆਪਣੇ ਬਾਬਾ ਜੀ ਤੋਂ ਲੱਗੀ। ਉਹ ਕਿੱਸਾ ਬਹੁਤ ਸੁਰ ਵਿਚ ਵਧੀਆ ਢੰਗ ਨਾਲ ਤਰੰਨਮ ਵਿਚ ਪੜ੍ਹਿਆ ਕਰਦੇ ਸਨ। ਉਹ ਅਕਸਰ ਪਿੰਡ ਦੀ ਖੂਹੀ ਉਪਰਲੀ ਪਿਲਕਣ ਹੇਠ ਆਲੇ-ਦੁਆਲੇ ਜੁੜੀ ਸੰਗਤ ਵਿਚ ਬਹਿ ਕੇ ਕਿੱਸਾ ਸੁਣਾਉਂਦੇ।ਦੁਆਲੇ ਬੈਠੇ ਲੋਕ ਕਿੱਸਾ ਵੀ ਸੁਣੀ ਜਾਂਦੇ ਤੇ ਰੋਈ ਵੀ ਜਾਂਦੇ। ਉਹਨਾਂ ਕਿੱਸਿਆਂ ਵਿਚ ਪੂਰਨ ਭਗਤ, ਰੂਪ-ਬਸੰਤ, ਹੀਰ ਵਾਰਿਸ, ਬੀਰ ਹਕੀਕਤ ਰਾਏ, ਤੋਤਾ-ਮੈਨਾ ਤੇ ਕਈ ਹੋਰ ਕਿੱਸੇ ਹੁੰਦੇ। ਮੈਂ ਚੌਥੀ ਵਿਚ ਪੜ੍ਹਦਾ ਸੀ ਜਦੋਂ ਪਹਿਲੀ ਵਾਰ ਮੈਂ ਆਪਣੇ ਨਾਨਕੀਂ ਇਕ ਇਕੱਠ ਵਿਚ ਰਾਣੀ ਇੱਛਰਾਂ ਦਾ ਪ੍ਰਸੰਗ ਸੁਣਾਇਆ ਸੀ। ਮੇਰਾ ਮਾਮਾ ਪ੍ਰੀਤਮ ਵੀ ਚੰਗਾ ਗਾਉਂਦਾ ਸੀ। ਅਸੀਂ ਦੋਵੇਂ ਅੰਨ੍ਹੇ ਮਾਮੇ ਅਮਰੂ ਨੂੰ, ਜਿਹੜਾ ਸਾਧ ਸੀ, ਵਾਰੋ-ਵਾਰੀ ਕਿੱਸੇ ਸੁਣਾਉਂਦੇ। ਇਉਂ ਮੈਨੂੰ ਕਿੱਸੇ ਪੜ੍ਹਨ ਦਾ ਭੁਸ ਪੈ ਗਿਆ ਜਿਹੜਾ ਵੱਡੇ ਸਕੂਲ ਵਿਚ ਜਾ ਕੇ ਬਹੁਤ ਵਧ ਗਿਆ ਤੇ ਉਥੇ ਮੈਂ ਕਵਿਤਾ ਦੀਆਂ ਕਿਤਾਬਾਂ ਪੜ੍ਹਨ ਲੱਗਿਆ। ਲਾਇਲਪੁਰ ਖਾਲਸਾ ਸਕੂਲ ਦੀ ਲਾਇਬਰੇਰੀ ਚੰਗੀ ਹੁੰਦੀ ਸੀ ਜਿਥੋਂ ਕਿਤਾਬਾਂ ਮਿਲ ਜਾਂਦੀਆਂ ਸੀ। ਸੋ, ਬਚਪਨ ਵਿਚ ਪੜ੍ਹੀ ਕਵਿਤਾ ਦੇ ਪ੍ਰਭਾਵ ਕਰਕੇ ਮੇਰੇ ਅੰਦਰੋਂ ਵੀ ਕਵਿਤਾ ਦਾ ਸੀਰ ਫੁੱਟ ਨਿਕਲਿਆ ਤੇ ਮੈਂ ਗੀਤ ਅਤੇ ਗ਼ਜ਼ਲਾਂ ਲਿਖਣ ਲੱਗਿਆ। ਸੱਤਵੀਂ-ਅੱਠਵੀਂ ਜਮਾਤ ਵਿਚ ਕਈ ਵਾਰ ਮੈਂ ਆਪਣੇ ਲਿਖੇ ਗੀਤ ਸੁਣਾਉਂਦਾ। ਮੇਰੀ ਪਹਿਲੀ ਗ਼ਜ਼ਲ ਲਾਇਲਪੁਰ ਖਾਲਸਾ ਕਾਲਜ ਦੇ ਮੈਗਜ਼ੀਨ 'ਬਿਆਸ' ਵਿਚ ਛਪੀ ਸੀ ਜਿਸ ਦਾ ਸੰਪਾਦਕ ਗੁਰਦੇਵ ਸਿੰਘ ਸਿੱਧੂ ਸੀ। ਬਾਅਦ ਵਿਚ ਮੇਰੇ ਗੀਤ-ਗ਼ਜ਼ਲਾਂ 'ਹਾਣੀ', 'ਅਕਾਲੀ ਪਤ੍ਰਿਕਾ' ਤੇ 'ਅਜੀਤ' ਵਿਚ ਛਪਦੇ ਰਹੇ।

ਸਵਾਲ:ਪਰ ਮਗਰੋਂ ਤਾਂ ਤੁਸੀਂ ਕਵਿਤਾ ਛੱਡ ਹੀ ਦਿੱਤੀ ਅਤੇ ਕਹਾਣੀ ਦੇ ਹੀ ਹੋ ਗਏ। ਇਹ ਆਪੇ

ਹੀ ਹੋ ਗਿਆ ਜਾਂ ਤੁਸੀਂ ਮਿੱਥ ਕੇ ਅਜਿਹਾ ਕੀਤਾ।

ਜਵਾਬ:ਦਸਵੀਂ ਦਾ ਇਮਤਿਹਾਨ ਦੇ ਕੇ ਮੈਂ ਖਾਲਸਾ ਕਾਲਜ ਵਿਚ ਨੌਕਰੀ ਕਰ ਲਈਕਿਉਂਕਿ ਘਰ ਦੀ ਆਰਥਿਕ ਹਾਲਤ ਬਹੁਤੀ ਪਤਲੀ ਸੀ ਤੇ ਮੈਨੂੰ ਮੇਰੇ ਚਾਚੇ ਨੇ ਕੰਮ 'ਤੇ ਲੁਆ ਦਿੱਤਾ। ਇਥੇ ਹੀ ਮੇਰਾ ਮੇਲ ਸੋਹਣ ਸਿੰਘ ਮੁਸਤਫ਼ਾਪੁਰ ਨਾਲ ਹੋ ਗਿਆ ਜਿਹੜਾ ਹਿਸਟਰੀ ਦੀ ਐਮ.ਏ.ਕਰ ਰਿਹਾ ਸੀ ਤੇ ਗ਼ਜ਼ਲਾਂ ਲਿਖਦਾ ਸੀ। ਸੋਹਣ ਸਿੰਘ ਨੇ ਮੈਨੂੰ ਗੁਰਦੇਵ ਸਿੰਘ ਸਿੱਧੂ ਨਾਲ ਮਿਲਾਇਆ। ਅੱਗੋਂ ਸਿੱਧੂ ਨੇ ਮੈਨੂੰ ਅਮਰਜੀਤ ਚੰਦਨ ਨਾਲ ਮਿਲਾ ਦਿੱਤਾ। ਇਹ ਸਾਰੇ ਲੋਕ ਕਾਲਜ ਦੀ ਲਾਇਬਰੇਰੀ ਵਿਚ ਮਿਲ ਜਾਂਦੇ। ਜਿਹੜੇ ਮੈਂ ਕਹਾਣੀ-ਨੁਮਾ ਲੇਖ ਲਿਖੇ ਹੋਏ ਸਨ, ਅਮਰਜੀਤ ਚੰਦਨ ਨੂੰ ਪੜ੍ਹਾਏ। ਉਹਨੇ ਮੈਨੂੰ ਘੰਟਾ ਭਰ ਕੋਲ ਬਿਠਾ ਕੇ ਮੇਰੀ ਚੰਗੀ ਕਲਾਸ ਲਾਈ। ਸੱਚੀ ਗੱਲ ਹੈ, ਚੰਦਨ ਨੇ ਤਾਂ ਮੇਰਾ ਦਿਮਾਗ਼ ਹੀ ਚੰਗਾ ਧੋ-ਸੰਵਾਰ ਦਿੱਤਾ ਤੇ ਮੈਨੂੰ ਕਹਾਣੀ ਲਿਖਣ ਲਈ ਪਰੇਰਿਆ। ਉਹਨੇ ਮੈਨੂੰ ਉਤਸਾਹਿਤ ਕਰਦਿਆਂ ਕਿਹਾ, ਲਾਇਬਰੇਰੀ ਦੀਆਂ ਚੰਗੀਆਂ-ਚੰਗੀਆਂ ਸਭ ਕਿਤਾਬਾਂ ਪੜ੍ਹਦੇ। ਨਾਲ ਹੀ ਉਹਨੇ ਲਾਇਬਰੇਰੀਅਨ ਅਨੂਪ ਸਿੰਘ ਨੂੰ ਕਹਿ ਦਿੱਤਾ, ਵਿਹਲੇ ਸਮੇਂ ਇਹਨੂੰ ਕਿਤਾਬਾਂ ਪੜ੍ਹਨ ਬਿਠਾਇਆ ਕਰੋ। ਸੋ ਇਉਂ ਕਵਿਤਾ ਤਾਂ ਸ਼ੁਰੂਆਤ ਵੇਲੇ ਹੀ ਛੱਡ ਦਿੱਤੀ ਤੇ ਕਹਾਣੀਆਂ ਦੀਆਂ ਕਿਤਾਬਾਂ ਤੇ ਨਾਵਲ ਪੜ੍ਹਨ ਲੱਗਿਆ।



**ਪ੍ਰੇਮ ਗੋਰਖੀ**

**ਸਵਾਲ: ਅਭਿਆਸੀ ਦੌਰ ਤੋਂ ਮਗਰੋਂ ਤੁਹਾਡੀ ਪਹਿਲੀ ਸਾਹਿਤਕ ਰਚਨਾ ਜੋ ਪ੍ਰਕਾਸ਼ਿਤ ਹੋਈ, ਉਹ ਕਵਿਤਾ ਸੀ ਜਾਂ ਕਹਾਣੀ?**

ਜਵਾਬ:ਮੇਰੀ ਪਹਿਲੀ ਸਾਹਿਤਕ ਰਚਨਾ 'ਨਾਗਮਣੀ' ਵਿਚ 1970 ਵਿਚ ਪ੍ਰਕਾਸ਼ਿਤ ਹੋਈ ਜੋ ਕਹਾਣੀ ਸੀ, 'ਇਕ ਭੁੱਲ'। ਓਦੋਂ ਮੈਂ ਖਾਲਸਾ ਕਾਲਜ ਦੀ ਨੌਕਰੀ ਛੱਡ ਕੇ ਪਟਰੋਲ ਪੰਪ ਉੱਤੇ ਕੰਮ ਕਰਦਾ ਸੀ, ਰਾਤ ਦੇ ਸਮੇਂ। ਦਿਨੇ ਮੈਂ ਪੜ੍ਹਨ ਲੱਗ ਪਿਆ ਸੀ। ਲਾਇਲਪੁਰ ਖਾਲਸਾ ਕਾਲਜ ਦੀ ਨੌਕਰੀ ਸਮੇਂ ਮੈਂ ਪਿੰਡ ਦੀ ਸ਼ਰੀਕੇਬਾਜ਼ੀ ਦਾ ਸ਼ਿਕਾਰ ਹੋ ਗਿਆ ਸੀ ਜੀਹਦੇ ਕਾਰਨ ਪੁਲੀਸ ਤਸ਼ੱਦਦ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਣਾ ਪਿਆ ਤੇ ਮੇਰੇ ਹੱਥੋਂ ਕਿਤਾਬਾਂ ਤਾਂ ਛੁੱਟ ਹੀ ਗਈਆਂ। ਇਸੇ ਸਮੇਂ ਮੈਂ ਸਾਹਿਤਕ ਸੰਪਰਕ ਵਾਲੇ ਬੰਦਿਆਂ ਤੋਂ ਦੂਰ ਹੋ ਗਿਆ। ਇਹ ਸਭ ਗੱਲਾਂ ਮੈਂ ਸਵੈਜੀਵਨੀ ਦੇ ਪਹਿਲਾ ਭਾਗ 'ਗ਼ੈਰ-ਹਾਜ਼ਰ ਆਦਮੀ' ਵਿਚ ਵਿਸਥਾਰ ਨਾਲ ਲਿਖੀਆਂ ਹਨ।

**ਸਵਾਲ:ਉਹਨੀਂ ਦਿਨੀਂ 'ਨਾਗਮਣੀ' ਵਿਚ ਛਪਣਾ ਅਤੇ ਫੇਰ ਮੁੱਢ ਹੀ ਉਥੋਂ ਬੰਨ੍ਹਣਾ ਵੱਡੀ ਗੱਲ ਸੀ। ਰਚਨਾ ਛਪੀ ਦੇਖ ਕੇ ਕਿਵੇਂ ਮਹਿਸੂਸ ਹੋਇਆ?**

ਜਵਾਬ:ਕਹਾਣੀ ਛਾਪਣ ਬਾਰੇ ਤਾਂ ਅੰਮ੍ਰਿਤਾ ਜੀ ਦਾ ਖ਼ਤ ਮੈਨੂੰ ਆ ਗਿਆ ਸੀ, ਪਰ ਮੈਂ ਸ਼ਰਮਾਉਂਦਿਆਂ ਕਿਸੇ ਨਾਲ ਵੀ ਗੱਲ ਸਾਂਝੀ ਨਹੀਂ ਸੀ ਕੀਤੀ। ਆਪਣੇ ਪਿਤਾ ਨੂੰ ਸ਼ਾਇਦ ਮੈਂ ਦੱਸਿਆ ਸੀ। ਰਾਤੀਂ ਮੈਂ ਪਟਰੌਲ ਪੰਪ ਉੱਤੇ ਕੰਮ ਕਰਦਾ ਸੀ ਤੇ ਦਿਨੇ ਪਹਿਲਾਂ ਪਿਤਾ ਨਾਲ ਢਲਾਈ ਦੀ ਫੈਕਟਰੀ

ਵਿਚ ਕੰਮ ਕਰਕੇ ਆਉਂਦਾ, ਫਿਰ ਦੁਪਹਿਰੋਂ ਬਾਅਦ ਸ਼ਹਿਰ ਦੇ ਪੀਰ ਬੋਦਲਾਂ ਮੁਹੱਲੇ ਗਿਆਨੀ ਦੀ ਕਲਾਸ ਪੜ੍ਹਨ ਜਾਂਦਾ। ਸਾਨੂੰ ਤ੍ਰਿਲੋਕ ਕਾਲੜਾ ਪੜ੍ਹਾਉਂਦਾ ਸੀ ਜੋ ਖ਼ੁਦ ਕਵਿਤਾ ਲਿਖਦਾ ਸੀ ਤੇ ਸ਼ਹਿਰ ਦੇ ਲੇਖਕਾਂ ਵਿਚ ਉਠਦਾ-ਬੈਠਦਾ ਸੀ। ਇਕ ਦਿਨ ਜਮਾਤ ਨੂੰ ਪੜ੍ਹਾਉਣ ਤੋਂ ਪਹਿਲਾਂ ਹੀ ਉਹਨੇ ਜੇਬ ਵਿਚੋਂ ਪੈਸੇ ਕੱਢ ਕੇ ਇਕ ਕੁੜੀ ਨੂੰ ਫੜਾਏ ਤੇ ਕਹਿੰਦਾ, "ਸਾਰੇ ਬੰਦੇ ਗਿਣ ਲਓ, ਚਾਹ ਤੇ ਨਾਲ ਸਮੋਸੇ ਤੇ ਕੁਝ ਮਿੱਠਾ ਲਿਆਓ। ਅੱਜ ਮੈਂ ਬਹੁਤ ਖੁਸ਼ ਹਾਂ, ਮੈਂ ਤੁਹਾਨੂੰ ਪਾਰਟੀ ਦੇਣੀ ਐ।" ਅਸੀਂ ਸਾਰੇ ਖ਼ੁਸ਼ ਹੋਏ ਤੇ ਉਹਨਾਂ ਤੋਂ ਖ਼ੁਸ਼ ਹੋਣ ਦਾ ਕਾਰਨ ਪੁੱਛਿਆ। ਕਾਲੜਾ ਜੀ ਨੇ ਮੈਨੂੰ ਆਪਣੇ ਕੋਲ ਸੱਦਿਆ ਤੇ 'ਨਾਗਮਣੀ' ਲਹਿਰਾ ਕੇ ਸਭ ਨੂੰ ਦੱਸਣ ਲੱਗਿਆ ਕਿ ਇਸ ਮੁੰਡੇ ਦੀ ਇਸ ਪ੍ਰਸਿੱਧ ਪਰਚੇ ਵਿਚ ਕਹਾਣੀ ਛਪੀ ਹੈ। ਉਸ ਘੜੀ ਮੈਨੂੰ ਬਹੁਤ ਹੀ ਚੰਗਾ ਲੱਗਿਆ ਸੀ ਤੇ ਮੈਂ ਭਾਵੁਕ ਹੋ ਗਿਆ ਸੀ। ਮੇਰੇ ਲਈ ਗੱਲ ਹੀ ਅਜਿਹੀ ਸੀ ਕਿਉਂਕਿ ਦੋ-ਢਾਈ ਸਾਲਾਂ ਵਿਚ ਮੇਰਾ ਬਹੁਤ ਕੁਝ ਗੁਆਚ ਚੁੱਕਿਆ ਸੀ ਤੇ ਮੈਂ ਮੁੜ ਕੇ ਪੈਰਾਂ ਉੱਤੇ ਖੜ੍ਹਾ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ।

**ਸਵਾਲ: ਜ਼ਾਹਿਰ ਹੈ, ਇਸ ਘਟਨਾ ਨੇ ਬਹੁਤ ਹੀ ਉਤਸਾਹਿਤ ਕੀਤਾ ਹੋਵੇਗਾ?**

ਜਵਾਬ: ਖ਼ੁਸ਼ਕਿਸਮਤੀ ਨਾਲ ਮੇਰਾ ਸੰਪਰਕ ਅੰਮ੍ਰਿਤਾ ਜੀ ਨਾਲ ਹੋ ਗਿਆ। ਮੇਰੀਆਂ ਰਚਨਾਵਾਂ ਨੂੰ ਉਹਨਾਂ ਨੇ ਬੜਾ ਉਤਸਾਹਿਤ ਕੀਤਾ। ਮਨ ਵਿਚ ਆਇਆ, ਏਡੀ ਵੱਡੀ ਲੇਖਕਾ ਮੈਨੂੰ ਉਤਸਾਹਿਤ ਕਰ ਰਹੀ ਹੈ! ਉਹਨਾਂ ਨੇ ਲਿਖਿਆ, "ਤੇਰੇ ਅੰਦਰ ਐਸਾ ਕਲਾਕਾਰ ਛੁਪਿਆ ਬੈਠਾ ਹੈ ਜਿਸ ਤੋਂ ਮੈਨੂੰ ਬਹੁਤ ਉਮੀਦਾਂ ਨੇ ਕਿ ਤੂੰ ਆਉਣ ਵਾਲੇ ਸਮੇਂ ਵਿਚ ਬੜਾ ਵਧੀਆ ਲਿਖ ਸਕਦਾ ਏਂ।" ਇਸ ਤੋਂ ਬਾਅਦ ਮੈਂ ਇੱਟਾਂ-ਰੋੜਿਆਂ ਵਿਚ ਰੁਲੀ ਜਿਸ ਜ਼ਿੰਦਗੀ ਨੂੰ ਹੰਢਾ ਕੇ ਆਇਆ ਸੀ, ਉਸ ਨੂੰ ਇਕ ਕਲਾਕਾਰ ਦੇ ਰੰਗਾਂ ਵਾਂਗ ਇਕੱਠਾ ਕਰ ਲਿਆ ਤੇ ਹੁਣ ਤਕ ਉਸ ਖ਼ਮੀਰ ਨੂੰ ਹੀ ਲਗਾਤਾਰ ਸਿਰਜ ਰਿਹਾ ਹਾਂ। ਇਸ ਗੱਲ ਦਾ ਮੇਰੀ ਜ਼ਿੰਦਗੀ ਵਿਚ ਬੜਾ ਅਹਿਮ ਰੋਲ ਹੈ। ਮੈਂ ਇਕ ਪਟਰੋਲ ਪੰਪ ਉੱਤੇ ਮਾਮੂਲੀ ਮੁਲਾਜ਼ਮ। ਮੇਰੇ ਨਾਲ ਕਿਸੇ ਨੂੰ ਕੀ ਗੌਂ ਸੀ। ਤੇ ਖਾਸ ਕਰਕੇ ਅੰਮ੍ਰਿਤਾ ਜੀ ਨੂੰ। ਹੁਣ ਵੇਖੋ, ਬਹੁਤੇ ਪਰਚਿਆਂ ਵਾਲੇ ਐਸੇ ਹਨ ਕਿ ਰਚਨਾ ਦੀ ਪਹੁੰਚ ਤੱਕ ਦਾ ਖ਼ਤ ਨਹੀਂ ਲਿਖਦੇ। ਇਸ ਦੇ ਉਲਟ ਅੰਮ੍ਰਿਤਾ ਰਚਨਾ ਬਾਰੇ ਪ੍ਰਤੀਕਰਮ ਹੀ ਨਹੀਂ ਸੀ ਭੇਜਦੇ, ਸਗੋਂ ਜੇ ਦੋ-ਚਾਰ ਮਹੀਨੇ ਰਚਨਾ ਨਾ ਭੇਜੋ ਤਾਂ ਖ਼ਤ ਲਿਖਦੇ, ਪ੍ਰੇਮ ਤੂੰ 'ਨਾਗਮਣੀ' ਲਈ ਲਿਖ ਕਿਉਂ ਨਹੀਂ ਰਿਹਾ।

**ਸਵਾਲ: ਭਾਵੇਂ 'ਨਾਗਮਣੀ' ਨੇ ਸ਼ੁਭ ਆਰੰਭ ਕਰ ਦਿੱਤਾ, ਪਰ ਬਹੁਤ ਸਾਰੇ ਨਵਿਆਂ ਨੂੰ ਛਪਣ ਸਮੇਂ ਜੋ ਔਕੜਾਂ ਆਉਂਦੀਆਂ ਹਨ, ਕੀ ਫੇਰ ਵੀ ਆਈਆਂ?**

ਜਵਾਬ: ਮੈਨੂੰ ਤਾਂ ਬਿਲਕੁਲ ਨਹੀਂ। ਉਸ ਸਮੇਂ ਚਰਚਿਤ ਪਰਚਿਆਂ ਨੇ ਮੈਨੂੰ ਬੜੇ ਉਤਸਾਹ ਨਾਲ ਛਾਪਿਆ। 'ਨਾਗਮਣੀ' ਨੇ ਡੇਢ ਕੁ ਸਾਲ ਵਿਚ ਮੇਰੀਆਂ ਕਹਾਣੀਆਂ ਤੇ ਨਾਵਲੈਟ ਛਾਪ ਕੇ ਮੇਰੀ ਵੱਖਰੀ ਭਾਂਤ ਦੇ ਲੇਖਕ ਵਜੋਂ ਪਛਾਣ ਕਰਾਈ। 'ਲਕੀਰ', 'ਹੇਮ ਜਯੋਤੀ', 'ਸਰਦਲ', 'ਪ੍ਰੇਰਨਾ' ਤੇ ਉਸ ਦੌਰ ਦੇ ਹੋਰ ਪਰਚਿਆਂ ਵਿਚ ਵੀ ਮੇਰੀਆਂ ਕਹਾਣੀਆਂ ਛਪੀਆਂ। 'ਆਰਸੀ' ਤੇ 'ਸਿਰਜਣਾ' ਨੂੰ ਮੈਂ ਕਹਾਣੀਆਂ ਬਾਅਦ ਵਿਚ ਭੇਜਣ ਲੱਗਿਆ।

**ਸਵਾਲ: ਇਹ ਤਾਂ ਰਹੀ ਰਸਾਲਿਆਂ ਵਿਚ ਛਪਣ ਦੀ ਗੱਲ। ਕੀ ਪਹਿਲੀ ਪੁਸਤਕ ਪ੍ਰਕਾਸ਼ਿਤ ਕਰਨ-ਕਰਾਉਣ ਵਿਚ ਮੁਸ਼ਕਿਲ ਆਈ?**

ਜਵਾਬ: ਇਹ ਵੀ ਮੇਰੀ ਖ਼ੁਸ਼ਕਿਸਮਤੀ ਹੀ ਸਮਝੋ ਕਿ ਪੁਸਤਕ ਛਪਾਉਣ ਵਿਚ ਵੀ ਮੈਨੂੰ ਕੋਈ ਮੁਸ਼ਕਿਲ ਨਹੀਂ ਆਈ। ਮੇਰੀ ਪਹਿਲੀ ਪੁਸਤਕ ਤਾਂ ਝੱਟ-ਪੱਟ ਹੀ ਛਪ ਗਈ। ਅਮਰਜੀਤ ਚੰਦਨ ਮੇਰੇ ਕੋਲੋਂ ਕਹਾਣੀਆਂ ਲੈ ਗਿਆ। ਦੋ ਮਹੀਨੇ ਬਾਅਦ ਮੈਨੂੰ ਕਿਸੇ ਨੇ ਦੱਸਿਆ ਕਿ ਤੇਰੀ ਕਿਤਾਬ ਛਪ ਗਈ ਹੈ। ਇਹ ਪਹਿਲੀ ਕਿਤਾਬ ਭਾਅ ਜੀ ਗੁਰਸ਼ਰਨ ਸਿੰਘ ਨੇ ਛਾਪੀ ਸੀ 'ਮਿੱਟੀ ਰੰਗੇ ਲੋਕ'। ਦੂਜੀ ਮਹਿੰਦਰ ਭੱਟੀ ਦੀ ਕੋਸ਼ਿਸ਼ ਨਾਲ ਛਪੀ, 'ਜੀਣ ਮਰਨ'।

**ਸਵਾਲ: ਕਿੱਸੇ ਪੜ੍ਹਨ-ਸੁਣਨ ਤੋਂ ਵਧੀਕ, ਜੋ ਉਸ ਸਮੇਂ ਇਕ ਸਾਧਾਰਨ ਵਰਤਾਰਾ ਸੀ, ਤੁਹਾਡਾ**



**ਪੰਜਾਬੀ ਕਹਾਣੀ ਦੇ ਦੋ ਥੰਮ: ਪ੍ਰੇਮ ਗੋਰਖੀ ਨਾਲ ਦਲਬੀਰ ਚੇਤਨ**

**ਪਰਿਵਾਰਕ ਪਿਛੋਕੜ ਕੋਈ ਸਾਹਿਤਕ ਨਹੀਂ ਸੀ। ਇਸ ਹਾਲਤ ਵਿਚ ਤੁਹਾਨੂੰ ਪਹਿਲੀ ਵਾਰ ਕਦੋਂ ਮਹਿਸੂਸ ਹੋਇਆ ਕਿ ਤੁਸੀਂ ਲੇਖਕ ਬਣ ਸਕਦੇ ਹੋ?**

ਜਵਾਬ:ਜਦੋਂ ਪੁਲੀਸ-ਮਾਰ ਤੇ ਪ੍ਰੇਸ਼ਾਨੀ ਤੋਂ ਡਰਦਾ ਮੈਂ ਘਰੋਂ ਕਿਤੇ ਹੋਰ ਚਲਿਆ ਗਿਆ ਤਾਂ ਮੈਨੂੰ ਕਈ ਕੰਮ ਕਰਨੇ ਪਏ। ਕਦੇ ਮੈਂ ਬਿਜਲੀ ਬੋਰਡ ਵਿਚ ਦਿਹਾੜੀਦਾਰ ਜਾ ਲੱਗਿਆ, ਕਦੇ ਸਾਬਣ ਦੇ ਕਾਰਖਾਨੇ ਵਿਚ, ਕਦੇ ਢਲਾਈ ਦੇ ਕਾਰਖਾਨੇ ਵਿਚ ਤੇ ਕਦੇ ਸਿਨਮੇ ਦੇ, ਫਿਲਮਾਂ ਦੇ ਪੋਸਟਰ ਬਣਾਉਣ ਵੱਲ। ਫੇਰ ਪਟਰੌਲ ਪੰਪ ਦੀ ਨੌਕਰੀ ਤੇ ਬਾਅਦ ਵਿਚ 'ਪੰਜਾਬ ਕੈਨਰੀਜ਼' ਵਿਚ। ਗਿਆਨੀ ਕਰਦਿਆਂ ਹੀ ਮੇਰੇ ਅੰਦਰ ਇਕ ਕਸ਼ਮਕਸ਼ ਚੱਲ ਰਹੀ ਸੀ ਕਿ ਆਖ਼ਰ ਮੈਂ ਜ਼ਿੰਦਗੀ ਵਿਚ ਕਰਨਾ ਕੀ ਹੈ। ਜਦੋਂ ਮੇਰੇ ਜ਼ਿਹਨ ਉੱਤੇ ਇਹ ਗੱਲ ਭਾਰੂ ਹੋ ਗਈ ਕਿ ਮੈਂ ਲਿਖਣਾ ਤਾਂ ਜ਼ਰੂਰ ਹੈ ਤਾਂ ਮੈਂ ਇਹ ਫੈਸਲਾ ਆਪਣੇ ਉਪਰ ਚੱਲ ਰਹੇ ਮੁਕੱਦਮੇ ਦੇ ਫ਼ੈਸਲੇ ਨਾਲ ਜੋੜ ਦਿੱਤਾ। ਮੈਂ ਇਹ ਨਿਰਣਾ ਕਰ ਲਿਆ ਕਿ ਮੈਂ ਜੇ ਮੁਕੱਦਮੇ ਵਿਚੋਂ ਬਰੀ ਹੋ ਜਾਂਦਾ ਹਾਂ ਤਾਂ ਜ਼ਰੂਰ ਲੇਖਕ ਬਣਨ ਲਈ ਸੰਘਰਸ਼ ਕਰਾਂਗਾ ਅਤੇ ਜੇ ਮੈਨੂੰ ਸਜ਼ਾ ਹੋ ਜਾਂਦੀ ਹੈ ਤਾਂ ਮੈਂ ਸਜ਼ਾ ਕੱਟਣ ਬਾਅਦ ਜੇਲ੍ਹੋਂ ਆ ਕੇ ਇਕ ਬੰਦੇ ਦਾ ਕਤਲ ਜ਼ਰੂਰ ਕਰਾਂਗਾ। ਫਿਰ ਅੱਗੇ ਕਿਸਮਤ ਪਰ, ਹਾਂ, ਕਰਾਂਗਾ ਮਾੜੇ ਕੰਮ ਹੀ। ਓਦੋਂ ਮੈਂ ਇਹ ਵੀ ਨਿਰਣਾ ਕਰ ਲਿਆ ਸੀ ਕਿ ਮੈਂ ਲਿਖਾਂਗਾ ਉਹੋ ਹੀ ਜਿਸ ਨੂੰ ਮੈਂ ਹੰਢਾ ਰਿਹਾ ਹਾਂ ਜਾਂ ਮੇਰੇ ਆਲੇ-ਦੁਆਲੇ ਰਹਿ ਰਹੇ ਲੋਕ ਹੰਢਾ ਰਹੇ ਹਨ ਜਿਨ੍ਹਾਂ ਬਾਰੇ ਮੈਨੂੰ ਕਿਸੇ ਅਖ਼ਬਾਰ, ਕਿਤਾਬ, ਕਿੱਸੇ ਵਿਚ ਪੜ੍ਹਨ ਲਈ ਨਹੀਂ ਸੀ ਮਿਲਿਆ। ਓਦੋਂ ਹੀ ਗੁਰਦਿਆਲ ਸਿੰਘ ਦਾ 'ਮੜ੍ਹੀ ਦਾ ਦੀਵਾ' ਨਾਵਲ ਛਪ ਕੇ ਆਇਆ ਸੀ। ਨਾਵਲ ਦੇ ਪਾਤਰ ਜਗਸੀਰ ਨੇ ਮੈਨੂੰ ਬੜਾ ਨਿਰਾਸ਼ ਕੀਤਾ। ਜਾਂ ਕਹੋ ਨਾਵਲ ਦੇ ਨਿਭਾਅ ਨੇ ਮੇਰੇ ਅੰਦਰਲੇ ਰੋਹ ਨੂੰ ਕੋਈ ਸਹੀ ਸੇਧ ਨਹੀਂ ਸੀ ਦਿੱਤੀ। ਓਦੋਂ ਕੁ ਮੈਂ ਮੁਕੱਦਮੇ ਵਿਚੋਂ ਬਰੀ ਹੋ ਗਿਆ। ਫਿਰ ਮੈਂ ਕਾਗਜ਼, ਕਲਮ ਤੇ ਕਿਤਾਬਾਂ ਨਾਲ ਪੂਰੀ ਤਰ੍ਹਾਂ ਜੁੜ ਗਿਆ ਤੇ ਨਾਵਲੈਟ ਲਿਖਿਆ 'ਤਿੱਤਰ ਖੰਭੀ ਜੂਹ'। ਇਹ ਨਾਵਲੈਟ ਮੈਂ ਦੋ ਜਾਂ ਤਿੰਨ ਵਾਰੀ ਲਿਖਿਆ।

**ਸਵਾਲ: ਜੇ ਤੁਹਾਨੂੰ ਪੁੱਛਿਆ ਜਾਵੇ ਕਿ ਤੁਸੀਂ ਲਿਖਦੇ ਕਿਉਂ ਹੋ?**

ਜਵਾਬ: ਜਦੋਂ ਲਿਖਣ ਦੀ ਸ਼ੁਰੂਆਤ ਸੀ, ਓਦੋਂ ਲਿਖਣ ਦਾ ਮੰਤਵ ਹੋਰ ਸੀ, ਫਿਰ ਹੋਰ ਹੋ ਗਿਆ।

ਹੁਣ ਤਾਂ ਕਈ ਵਾਰ ਇਹ ਲੋਭ ਵੀ ਲਿਖਵਾਉਂਦਾ ਹੈ ਕਿ ਜੇ ਛੇ ਮਹੀਨੇ ਕਹਾਣੀ ਨਾ ਲਿਖੀ ਤਾਂ ਕਿਤੇ ਪੰਜਾਬੀ ਦੇ ਆਲੋਚਕ ਭੁੱਲ ਹੀ ਨਾ ਜਾਣ। ਕਈ ਵਾਰੀ ਕੋਈ ਘਟਨਾ, ਕੋਈ ਪ੍ਰਸਥਿਤੀ ਹੀ ਅਜਿਹੀ ਹਾਲਤ ਬਣਾ ਦਿੰਦੀ ਹੈ ਕਿ ਕਹਾਣੀ ਲਿਖੀ ਜਾਂਦੀ ਹੈ। ਜਦੋਂ ਮੈਂ ਲਿਖਣ ਲੱਗਿਆ ਸੀ, ਮੇਰੇ ਅੰਦਰ ਸਮਾਜ ਅੰਦਰਲੀਆਂ ਬਹੁਤ ਸਾਰੀਆਂ ਘਾਟਾਂ ਨੂੰ ਲਿਖਣ ਦੀ ਜਵਾਲਾ ਸੀ। ਮੈਂ ਖ਼ੁਦ ਡਾਢਿਆਂ ਹੱਥੋਂ ਬੜਾ ਸੰਤਾਪ ਭੋਗਿਆ ਸੀ ਜੀਹਨੂੰ ਮੈਂ ਕਹਾਣੀਆਂ ਦੇ ਰੂਪ ਵਿਚ ਲਿਖਣਾ ਚਾਹੁੰਦਾ ਸੀ। ਤੇ ਸ਼ੁਰੂਆਤ ਵੀ ਮੇਰੀ ਕੁਝ ਇਸ ਤਰ੍ਹਾਂ ਦੀ ਹੀ ਸੀ। ਲਿਖਣ ਦੇ ਆਰੰਭਲੇ ਸਾਲਾਂ ਵਿਚ ਹੀ ਨਕਸਲਬਾੜੀ ਲਹਿਰ ਦਾ ਬੜਾ ਜ਼ੋਰ ਸੀ। ਫਿਰ ਜਿਹੜੇ ਲੇਖਕ ਮੇਰੇ ਸੰਪਰਕ ਵਿਚ ਆਏ, ਉਹ ਪੰਜਾਬ ਵਿਚ ਇਸ ਲਹਿਰ ਦੇ ਸਰਗਰਮ ਕਾਰਕੁਨ ਸਨ। ਸੋ, ਮੈਂ ਸਿੱਧੇ ਤੌਰ ਉੱਤੇ ਇਸ ਲਹਿਰ ਦਾ ਪ੍ਰਭਾਵ ਕਬੂਲਿਆ। ਨਾ ਤਾਂ ਓਦੋਂ ਮੈਂ ਮਾਓ-ਜ਼ੇ-ਤੁੰਗ ਦਾ ਫਲਸਫਾ ਪੜ੍ਹਿਆ ਸੀ, ਨਾ ਹੀ ਰੂਸੀ ਜਾਂ ਚੀਨੀ ਇਨਕਲਾਬਾਂ ਬਾਰੇ ਕੋਈ ਗਿਆਨ ਸੀ। ਬਹੁਤਾ ਨਾਵਲ, ਕਹਾਣੀਆਂ ਹੀ ਵਿਦੇਸ਼ੀ ਸਾਹਿਤ ਦੀਆਂ ਪੜ੍ਹੀਆਂ ਸੀ। ਲਿਖਣ ਸਮੇਂ ਹਮੇਸ਼ਾ ਮੈਂ ਇਕ ਆਦਰਸ਼ ਜ਼ਰੂਰ ਜ਼ਿਹਨ ਵਿਚ ਰਖਦਾ ਸੀ। ਫਿਰ ਸਮਾਂ ਆਇਆ ਸੰਰਚਨਾਵਾਦ ਬਾਰੇ, ਪਾਤਰਾਂ ਦੇ ਮਾਨਸਿਕ ਵਿਸ਼ਲੇਸ਼ਣ ਬਾਰੇ। ਡਾ. ਹਰਿਭਜਨ ਸਿੰਘ 'ਅਜੀਤ' ਅਖਬਾਰ ਦੇ ਦਫ਼ਤਰ ਆਏ। ਮੈਂ 'ਅਜੀਤ' ਵਿਚ ਨੌਕਰੀ ਕਰਦਾ ਸੀ, ਸੋ ਉਹਨਾਂ ਨਾਲ ਮੁਲਾਕਾਤ ਕੀਤੀ। ਉਹ ਕਹਿਣ ਲੱਗੇ, ਉਹ 'ਤਿੱਤਰ ਖੰਭੀ ਜੂਹ' ਤੇਰੀ ਰਚਨਾ ਹੀ ਹੈ ਨਾ? ਇਹ ਹੈ ਸੰਰਚਨਾ। ਉਹਨਾਂ ਮੈਨੂੰ ਥਾਪੀ ਦਿੱਤੀ।ਫਿਰ ਮੈਂ ਜਿਨ੍ਹਾਂ ਲੇਖਕਾਂ ਨੂੰ ਇਕੋ ਸਾਹੇ ਪੜ੍ਹਿਆ ਹੋਇਆ ਸੀ, ਜਿੱਦਾਂ ਚੈਖ਼ਵ, ਦੋਸਤੋਵਸਕੀ, ਮੈਕਸਿਮ ਗੋਰਕੀ, ਤੁਰਗਨੇਵ, ਟਾਲਸਟਾਏ, ਮੁਨਸ਼ੀ ਪ੍ਰੇਮ ਚੰਦ, ਮੰਟੋ, ਬੇਦੀ...ਇਹਨਾਂ ਸਭ ਨੂੰ ਦੁਬਾਰਾ ਪੜ੍ਹਿਆ। ਮੇਰੇ ਲਿਖਣ ਢੰਗ ਵਿਚ ਕੁਝ ਤਬਦੀਲੀ ਆਈ। ਹੁਣ ਮੈਨੂੰ ਲੱਗਦਾ ਹੈ, ਲੇਖਕ ਆਪਣੇ ਮਨ ਦੀ ਸੰਤੁਸ਼ਟੀ ਲਈ ਵੀ ਲਿਖਦਾ ਹੈ ਅਤੇ ਆਪਣੇ ਅੰਦਰ ਪਾਲੇ ਆਦਰਸ਼ ਦੀ ਪੂਰਤੀ ਲਈ ਵੀ ਲਿਖਦਾ ਹੈ।

**ਸਵਾਲ: ਤੁਸੀਂ ਇਥੇ ਬਦੇਸ਼ੀ ਜਾਂ ਹੋਰ-ਭਾਸ਼ਾਈ ਲੇਖਕਾਂ ਦਾ ਜ਼ਿਕਰ ਕੀਤਾ ਹੈ। ਕੀ ਕੋਈ ਪੰਜਾਬੀ ਲੇਖਕਾਂ ਨੇ ਵੀ ਤੁਹਾਨੂੰ ਪ੍ਰਭਾਵਿਤ ਕੀਤਾ?**

ਜਵਾਬ: ਬਹੁਤ ਥੋੜ੍ਹੇ ਲੇਖਕਾਂ ਨੇ। ਪੰਜਾਬੀ ਦੇ ਵੱਡੇ, ਵਿਦਵਾਨ ਲੇਖਕ ਆਪਣੀ ਹਉਮੈ ਤੋਂ ਬਾਹਰ ਨਿੱਕਲਦੇ ਨਜ਼ਰ ਨਹੀਂ ਆਏ। ਉੱਚੇ-ਨੀਵੇਂ ਦਾ ਫ਼ਰਕ ਉਹਨਾਂ ਦੇ ਦਿਮਾਗਾਂ ਵਿਚ ਘਰ ਕਰੀ ਬੈਠਾ ਰਿਹਾ ਨਜ਼ਰ ਆਉਂਦਾ ਹੈ। ਦੂਸਰੀਆਂ ਜ਼ਬਾਨਾਂ ਦੇ ਮੁਕਾਬਲੇ ਪੰਜਾਬੀ ਸਾਹਿਤ ਬਹੁਤ ਛੋਟਾ, ਸੀਮਤ ਜਿਹਾ ਲੱਗਿਆ ਹੈ। ਮਰਾਠੀ, ਕੱਨੜ, ਬੰਗਲਾ ਤੇ ਗੁਜਰਾਤੀ ਦੇ ਨਾਵਲ ਵੀ ਪੜ੍ਹੇ ਹਨ ਤੇ ਕਹਾਣੀਆਂ ਵੀ। ਉਹਨਾਂ ਵਿਚ ਕਿੰਨੀਆਂ ਡੂੰਘੀਆਂ ਤੇ ਗੰਭੀਰ ਗੱਲਾਂ ਹਨ। ਕਿੰਨੀ ਪਕੜ ਹੈ। ਉਹਨਾਂ ਰਚਨਾਵਾਂ ਦੇ ਸਾਧਾਰਨ ਪਾਤਰ ਵੀ ਵੱਡੀਆਂ, ਡੂੰਘੀਆਂ ਗੱਲਾਂ ਕਰਦੇ ਹਨ। ਮੈਨੂੰ ਸੁਖਬੀਰ ਨੇ ਪ੍ਰਭਾਵਿਤ ਕੀਤਾ ਜਾਂ ਗੁਰਦਿਆਲ ਸਿੰਘ ਦੇ 'ਅਣਹੋਏ' ਤੇ 'ਪਰਸਾ' ਨੇ। ਦੋਵੇਂ ਨਾਵਲ ਗੁਜਰਾਤੀ ਨਾਵਲ ਵਿਚਲੀ ਪਿੱਠ-ਭੂਮੀ, ਉਹਨਾਂ ਦੇ ਧਰਾਤਲ ਵਾਂਗ ਗਹਿਰੇ ਹਨ। ਕਰਮਜੀਤ ਕੁੱਸੇ ਵਿਚ ਵੀ ਗੱਲ ਹੈ ਸੀ। 'ਬੁਰਕੇ ਵਾਲੇ ਲੁਟੇਰੇ' ਤੇ 'ਰੋਹੀ ਬੀਆਬਾਨ' ਜਦੋਂ ਮੈਂ ਪੜ੍ਹੇ ਸੀ ਤਾਂ ਮੈਂ ਵੀ ਵੱਡਾ ਨਾਵਲ ਲਿਖਣ ਲਈ ਮਨ ਨੂੰ ਤਿਆਰ ਕੀਤਾ ਸੀ। ਕੁਲਵੰਤ ਸਿੰਘ ਵਿਰਕ ਦੀ ਕਹਾਣੀ ਕਲਾ ਤੋਂ ਸਿੱਖਣ ਦੀ ਕੋਸ਼ਿਸ਼ ਕੀਤੀ।

**ਸਵਾਲ: ਪੰਜਾਬੀ ਵਿਚ ਕਈ ਨਵੇਂ ਕਹਾਣੀਕਾਰ ਵਧੀਆ ਲਿਖ ਰਹੇ ਹਨ। ਉਹਨਾਂ ਨੂੰ ਕਿੰਨਾ ਕੁ ਪੜ੍ਹਦੇ ਹੋ?**

ਜਵਾਬ: ਨਵੇਂ ਲੇਖਕ ਬੜੇ ਬੁੱਧੀਮਾਨ ਹਨ। ਬੜੀਆਂ ਉਮੀਦਾਂ ਬਨ੍ਹਾਉਂਦੀਆਂ ਹਨ ਉਹਨਾਂ ਦੀਆਂ ਕਹਾਣੀਆਂ। ਹਰ ਕੋਈ ਵੱਖਰੀ ਭਾਂਤ ਦਾ ਹੈ। ਵੱਖਰੇ ਵਿਸ਼ੇ ਤੇ ਵੱਖਰੀ ਤਕਨੀਕ। ਉਹਨਾਂ ਦੀ ਛਪੀ ਰਚਨਾ ਨੂੰ ਸ਼ਾਇਦ ਹੀ ਮੈਂ ਪੜ੍ਹੇ ਬਿਨਾਂ ਰਹਿਣ ਦਿੱਤਾ ਹੋਵੇ। ਸਾਡੇ ਕਈ ਲੇਖਕ ਅੱਜ ਬਹੁਤ ਚੰਗੀ ਕਹਾਣੀ ਲਿਖ ਰਹੇ ਹਨ। ਇਕ ਹੋਰ ਗੱਲ ਵੀ ਹੈ। ਪੰਜਾਬੀ ਦਾ ਪਹਿਲਾਂ ਲਿਖਿਆ ਤਾਂ ਸਾਰਾ ਪੜ੍ਹਿਆ ਹੋਇਆ ਹੈ, ਮੈਂ ਨਵਿਆਂ ਨੂੰ ਪੜ੍ਹਨ ਵਿਚ ਪਹਿਲ ਦਿੰਦਾ ਹਾਂ। ਤੁਹਾਨੂੰ ਪਤਾ ਹੈ, ਮੈਂ ਪੰਜਾਬ ਵਿਚ ਰਾਤ ਦੀਆਂ ਕਹਾਣੀ



**ਕਿਰਪਾਲ ਕਜ਼ਾਕ, ਬੀਬਾ ਕੁਲਵੰਤ ਅਤੇ ਪ੍ਰੇਮ ਗੋਰਖੀ**

ਗੋਸ਼ਟੀਆਂ ਕਰਾਉਂਦਾ ਰਿਹਾ ਹਾਂ।ਉਥੇ ਮੈਂ ਸਮਕਾਲੀ ਤੇ ਨਵੇਂ ਕਹਾਣੀ ਲੇਖਕਾਂ ਨੂੰ ਬੁਲਾਉਣ ਵਿਚ ਪਹਿਲ ਕਰਦਾਹਾਂ। ਉਹਨਾਂ ਦੀਆਂ ਛਪੀਆਂ ਕਹਾਣੀਆਂ ਪੜ੍ਹ ਕੇ ਉਹਨਾਂ ਨੂੰ ਖ਼ਤ ਲਿਖਦਾ ਹਾਂ, ਮਿਆਰੀ ਲਿਖਣ/ਪੜ੍ਹਨ ਲਈ ਪ੍ਰੇਰਦਾ ਹਾਂ।

**ਸਵਾਲ: ਜੇ ਕੋਈ ਨਵਾਂ ਲੇਖਕ ਚੰਗਾ ਕਹਾਣੀਕਾਰ ਬਣਨ ਦਾ ਗੁਰ ਪੁੱਛੇ?**

ਜਵਾਬ:ਚੰਗੀ ਕਹਾਣੀ ਲਿਖਣ ਦਾ ਮੈਨੂੰ ਕੋਈ ਗੁਰ ਨਹੀਂ ਆਉਂਦਾ।ਜੇ ਕਦੇ ਕੋਈ ਪੁੱਛਦਾ ਵੀ ਹੈ ਤਾਂ ਮੈਂ ਇਕੋ ਗੱਲ ਕਿਹਾ ਕਰਦਾ ਹਾਂ ਕਿ ਵੱਧ ਤੋਂ ਵੱਧ ਸਾਹਿਤ ਦਾ ਅਧਿਅਨ ਕਰੋ।ਹਰ ਕਹਾਣੀਕਾਰ ਨੂੰ ਪੜ੍ਹੋ, ਦੂਸਰੀਆਂ ਭਾਸ਼ਾਵਾਂ ਦਾ ਅਧਿਅਨ ਕਰੋ।

**ਸਵਾਲ:ਜਦੋਂ ਅਸੀਂ ਚੰਗੀ ਕਹਾਣੀ ਦੀ ਗੱਲ ਕਰਦੇ ਹਾਂ, ਉਹਦੀ ਤੁਹਾਡੇ ਵਿਚਾਰ ਅਨੁਸਾਰ,ਕੀ ਪਛਾਣ ਹੁੰਦੀ ਹੈ?**

ਜਵਾਬ:ਸਭ ਤੋਂ ਅਹਿਮ ਗੱਲ ਹੈ, ਕਹਾਣੀ ਵਿਚ ਕਹਾਣੀ ਜ਼ਰੂਰ ਹੋਵੇ।ਕਹਾਣੀ ਦਿਲਚਸਪ ਹੋਵੇ, ਨਾਲ ਹੀ ਉਹਦਾ ਵਿਸ਼ਾ ਮਿਆਰੀ ਹੋਵੇ।ਵਿਸ਼ੇ ਨਾਲ ਜੁੜੇ ਹੋਵੇ ਪਾਤਰ ਮਿਆਰੀ (ਵਿਸ਼ੇ ਅਨੁਸਾਰ ਮਿਆਰੀ) ਹੋਣੇ ਚਾਹੀਦੇ ਹਨ।ਚੰਗੀ ਗੱਲ ਹੋਵੇਗੀ ਜੇ ਕਹਾਣੀ ਬਹੁਪਰਤੀ ਹੋਵੇ।ਕਹਾਣੀ ਸਾਫ਼ ਤੇ ਸਪਸ਼ਟ ਗੱਲ ਕਹਿੰਦੀ ਹੋਣੀ ਚਾਹੀਦੀ ਹੈ, ਪਾਠਕ ਨੂੰ ਦਿਮਾਗੀ ਤੌਰ ਉਤੇ ਉਲਝਾਉਣ ਵਾਲੀ ਨਹੀਂ।

**ਭੁੱਲਰ: ਲੇਖਕ ਆਪਣੀ ਪੁਸਤਕ ਨਿਕਟ-ਸੰਬੰਧੀਆਂ ਅਤੇ ਪਿਆਰਿਆਂ ਨੂੰ ਸਮਰਪਿਤ ਕਰਦਾ ਹੈ। ਪਰ ਤੁਸੀਂ ਆਪਣੀ ਛੇਕੜਲੀ ਪੁਸਤਕ ਦਾ ਨਾਂ ਪਿਤਾ ਦੇ ਆਦਰ ਵਜੋਂ, 'ਅਰਜਨ ਸਫੈਦੀ ਵਾਲਾ' ਰੱਖਿਆ ਹੈ।ਪੁਸਤਕ ਅੰਦਰ ਨਾ ਕਿਸੇ ਕਹਾਣੀ ਦਾ ਇਹ ਨਾਂ ਹੈ ਅਤੇ ਨਾ ਪਿਤਾ ਜੀ ਕਿਸੇ ਕਹਾਣੀ ਦੇ ਪਾਤਰ ਹਨ। ਪਰ ਪੁਸਤਕ ਦਾ ਨਾਂ ਦਿਲ-ਖਿੱਚਵਾਂ ਵੀ ਹੈ ਤੇ ਉਤਸੁਕਤਾ ਵੀ ਜਗਾਉਂਦਾ ਹੈ ਅਤੇ ਬਜ਼ੁਰਗ ਦਾ ਚਿਹਰਾ ਹਰ ਮਿਹਨਤੀ-ਮੁਸ਼ੱਕਤੀ ਪਾਤਰ ਵਿਚ ਝਲਕਦਾ ਹੈ।ਇਹ ਨਾਂ ਰੱਖਣ ਦੀ ਗੱਲ ਕਿਵੇਂ ਸੁੱਝੀ?**

ਗੋਰਖੀ:'ਅਰਜਨ ਸਫੈਦੀ ਵਾਲਾ' ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਜਦੋਂ ਮੇਰੇ ਕੋਲ ਖਰੜੇ ਦੇ ਰੂਪ ਵਿਚ ਤਿਆਰ ਹੋ ਗਈਆਂ ਤਾਂ ਮੈਂ ਕਿਤਾਬ ਦਾ ਨਾਂ ਕੋਈ ਹੋਰ ਰੱਖਿਆ ਸੀ।ਮੇਰੀ ਪਤਨੀ ਨੇ ਉਹ

ਨਾਪਸੰਦ ਕਰ ਦਿੱਤਾ। ਹੋਰ ਰੱਖਿਆ ਤਾਂ ਦੋਸਤਾਂ ਨੇ ਰੱਦ ਕਰ ਦਿੱਤਾ। ਅਖ਼ੀਰ ਮੈਂ ਬਿਨਾਂ ਨਾਂ ਰੱਖੇ ਹੀ ਖਰੜਾ ਲੈ ਕੇ ਜਲੰਧਰ ਚਲਾ ਗਿਆ।ਜਲੰਧਰ ਘਰ ਦੇ ਅੰਦਰ ਦੋ-ਤਿੰਨ ਦੋਸਤ ਬੈਠੇ ਅਸੀਂ ਚਾਹ ਪੀਂਦੇ ਗੱਲਾਂ ਕਰ ਰਹੇ ਸੀ ਤਾਂ ਕੋਈ ਗੱਲ ਤਿਲ੍ਹਕ ਕੇ ਮੇਰੇ ਪਿਤਾ ਵੱਲ ਚਲੀ ਗਈ। ਮੈਂ ਕਿੰਨਾ ਚਿਰ ਹੀ ਪਿਤਾ ਜੀ ਬਾਰੇ ਗੱਲਾਂ ਕਰਦਾ ਰਿਹਾ। ਰਾਤੀਂ ਜਦੋਂ ਮੈਂ ਆਪਣੀ ਮਾਤਾ ਜੀ ਨਾਲ ਬੈਠਾ ਗੱਲਾਂ ਕਰ ਰਿਹਾ ਸੀ ਤਾਂ ਮਾਤਾ ਕਹਿਣ ਲੱਗੀ, "ਆਪਣੇ ਭਾਈਏ ਦੀਆਂ ਤੂੰ ਸਿਫ਼ਤਾਂ ਤਾਂ ਬਹੁਤ ਕਰਦਾ ਰਹਿੰਦਾ ਐਂ, ਉਹਦੇ ਉੱਤੇ ਵੀ ਕੋਈ ਕਿੱਸਾ-ਕਿਤਾਬ ਲਿਖ ਦੇ।" ਬੱਸ, ਉਸੇ ਰਾਤ ਮੈਂ ਇਹ ਨਾਂ ਕਿਤਾਬ ਦਾ ਰੱਖ ਦਿੱਤਾ, ਭਾਵੇਂ ਕਿ ਇਸ ਨਾਂ ਦੀ ਕੋਈ ਕਹਾਣੀ ਕਿਤਾਬ ਵਿਚ ਸ਼ਾਮਲ ਨਹੀਂ ਹੈ। ਮੈਂ ਪਿਤਾ ਨਾਲ ਸੰਬੰਧਿਤ ਇਕ ਘਟਨਾ ਨੂੰ ਹੀ ਆਸਰੇ ਵਜੋਂ ਮੁੱਢ ਵਿਚ, ਪਹਿਲੇ ਸਫ਼ੇ ਉਤੇ ਵਰਤ ਲਿਆ। ਉਹਨਾਂ ਸਤਰਾਂ ਅੰਦਰਲੇ ਭਾਵ-ਅਰਥ ਇਸ ਸੰਗ੍ਰਹਿ ਵਿਚਲੀਆਂ ਕਈ ਕਹਾਣੀਆਂ ਅੰਦਰ ਸਮੋਏ ਤੁਹਾਨੂੰ ਨਜ਼ਰ ਆਉਣਗੇ, ਜਿਵੇਂ 'ਜ਼ਿੰਦਗੀ' ਕਹਾਣੀ ਹੈ, 'ਸੰਸਕਾਰ' ਕਹਾਣੀ ਹੈ, 'ਬਚਨਾ ਬੱਕਰਵੱਢ' ਕਹਾਣੀ ਹੈ।'ਕੁੰਡਾ' ਵੀ ਗਿਣੀ ਜਾ ਸਕਦੀ ਹੈ।

**ਭੁੱਲਰ: ਤੁਹਾਡੀਆਂ ਕਹਾਣੀਆਂ ਵਿਚ ਸਾਧਨ-ਵਿਰਵੇ, ਗਰੀਬ, ਦਲਿਤ ਲੋਕਾਂ ਦੇ ਜੀਵਨ ਦਾ ਅਤੇ ਉਹਨਾਂ ਦੀਆਂ ਬਹੁਭਾਂਤੀ ਸਮੱਸਿਆਵਾਂ ਦਾ ਪ੍ਰਮਾਣਿਕ ਚਿੱਤਰਨ ਹੈ। ਲੇਖਕ ਦਾ ਕਰਤੱਵ ਇਹ ਤਾਂ ਨਹੀਂ ਕਿ ਉਹ ਬੇਲੋੜਾ ਆਦਰਸ਼ਵਾਦੀ ਹੋ ਕੇ ਉਹਨਾਂ ਨੂੰ ਕਰਾਂਤੀ ਦੇ ਰਾਹ ਪਾਵੇ, ਪਰ ਇਸ ਅਵਸਥਾ ਵਿਚ ਫਸੇ ਬੰਦੇ ਵਿਚ ਕਦੀ ਤਾਂ ਰੋਹ ਜਾਗਦਾ ਹੀ ਹੈ। ਜੇ ਸਮੂਹਿਕ ਰੂਪ ਵਿਚ ਨਹੀਂ ਤਾਂ ਪਰਿਵਾਰਕ ਜਾਂ ਵਿਅਕਤੀਗਤ ਪੱਧਰ ਉੱਤੇ। ਤੁਸੀਂ ਇਹ ਰੋਹ ਦਾ ਲੋੜੀਂਦਾ ਜ਼ਿਕਰ ਕਿਉਂ ਨਹੀਂ ਕੀਤਾ?**

ਗੋਰਖੀ: ਭੁੱਲਰ ਜੀ, ਮੈਂ ਤੁਹਾਡੀ ਇਸ ਗੱਲ ਨਾਲ ਬਿਲਕੁਲ ਸਹਿਮਤ ਹਾਂ ਕਿ 'ਫਸੇ ਬੰਦੇ ਵਿਚ ਕਦੀ ਤਾਂ ਰੋਹ ਜਾਗਦਾ ਹੀ ਹੈ।' ਅਜਿਹਾ ਰੋਹ ਜਾਗਣ ਵਾਲੀਆਂ ਕਈ ਕਹਾਣੀਆਂ ਮੈਂ ਪਹਿਲਾਂ-ਪਹਿਲਾਂ ਲਿਖੀਆਂ ਹਨ ਜਿਹੜੀਆਂ 'ਮਿੱਟੀ ਰੰਗੇ ਲੋਕ' ਅਤੇ 'ਜੀਣ ਮਰਨ' ਦੋਹਾਂ ਕਹਾਣੀ-ਸੰਗ੍ਰਹਿਆਂ ਵਿਚ ਸ਼ਾਮਲ ਹਨ। ਅਜਿਹੀ ਸੁਰ ਵਾਲੀਆਂ ਕਹਾਣੀਆਂ ਕਾਰਨ ਹੀ ਮੈਨੂੰ ਕਈ ਆਲੋਚਕਾਂ ਤੇ ਸਮਕਾਲੀ ਲੇਖਕਾਂ ਨੇ 'ਠਾਹਵਾਦੀ' ਜਾਂ 'ਗੰਡਾਸਾ-ਚੁੱਕ' ਦਾ ਲਕਬ ਦੇ ਦਿੱਤਾ ਸੀ। ਅਜਿਹੇ ਲੋਕਾਂ ਕਰਕੇ ਹੀ ਮੈਂ ਸਚੇਤ ਤੌਰ 'ਤੇ ਆਪਣੀਆਂ ਅਗਲੀਆਂ ਲਿਖਤਾਂ ਵਿਚ ਇਸ ਸੁਰ ਤੋਂ ਬਚਣ ਲੱਗਾ ਭਾਵੇਂ ਕਿ ਮੇਰੇ ਉਸਾਰੇ ਪਾਤਰਾਂ ਦੇ ਗੁੱਸੇ ਜਾਂ ਰੋਹ-ਭਰੀ ਭਾਵਨਾ ਦਾ ਪ੍ਰਗਟਾਵਾ ਜ਼ਰੂਰੀ ਕਰਨਾ ਬਣਦਾ ਸੀ। ਇਸੇ ਘਾਟ ਵਿਚੋਂ ਤੁਹਾਡਾ ਸਵਾਲ ਪੈਦਾ ਹੋਇਆ ਹੈ। ਪਰ ਹਾਂ, ਮੇਰੇ ਪਾਤਰਾਂ ਦਾ ਇਹ ਰੋਹ ਕੁਝ ਮੱਠਾ ਜ਼ਰੂਰ ਹੋਇਆ ਪਰ ਪਾਤਰਾਂ ਅੰਦਰ ਰਿਹਾ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ। ਜਿਵੇਂ ਕਹਾਣੀ 'ਕੱਖ-ਕਾਨ' ਹੈ ਜਾਂ ਚਿਮਨੀ ਟਾਂਗੇ ਵਾਲਾ ਬਾਰੇ ਕਹਾਣੀ ਹੈ। ਇਹਨਾਂ ਕਹਾਣੀਆਂ ਵਿਚੋਂ ਇਹ ਰੋਹ ਸਾਫ਼ ਝਲਕਦਾ ਹੈ।

**ਭੁੱਲਰ: ਤੁਹਾਡੀ ਕਹਾਣੀ 'ਵੱਡੇ ਲੋਕ' ਪੜ੍ਹ ਕੇ ਇਉਂ ਲੱਗਦਾ ਹੈ ਜਿਵੇਂ ਤੁਸੀਂ ਸੰਪਤੀ-ਮਾਲਕਾਂ ਨੂੰ ਸੰਪਤੀ-ਵਿਹੂਣਿਆ ਹੱਥੋਂ ਹਰਾਉਣ ਲਈ ਸਮਾਜਿਕ, ਰਾਜਨੀਤਕ ਜਾਂ ਆਰਥਿਕ ਰਣ-ਖੇਤਰ ਚੁਣਨ ਦੀ ਥਾਂ ਕਾਮ ਦਾ ਰਣ-ਖੇਤਰ ਚੁਣਨਾ ਵਧੇਰੇ ਠੀਕ ਸਮਝਿਆ ਹੋਵੇ। ਪਰ ਇਸ ਪ੍ਰਕਿਰਿਆ ਵਿਚ ਰੇਸ਼ੋ, ਜੋ ਕਹਾਣੀ ਵਿਚ ਦਲਿਤ ਵਰਗ ਦੀ ਪ੍ਰਤੀਨਿਧ ਹੈ, ਬੜੇ ਨਾਂਹਪੱਖੀ ਰੰਗ ਵਿੱਚ ਪੇਸ਼ ਹੁੰਦੀ ਹੈ। ਹੌਲੀ-ਹੌਲੀ ਉਹ ਜਿੰਦਰ ਤੋਂ ਪੈਸੇ ਸਵੀਕਾਰਨ ਲਗਦੀ ਹੈ, ਜਿੰਦਰ ਦੇ ਜਲ-ਜਲੌਅ ਤੋਂ ਵੀ ਪ੍ਰਭਾਵਿਤ ਹੁੰਦੀ ਜਾਂਦੀ ਹੈ ਅਤੇ ਇਹ ਵੀ ਸੋਚਦੀ ਹੈ ਕਿ ਮੇਰਾ ਕੀ ਘਸ ਚਲਿਆ ਹੈ। ਦੂਜੇ ਪਾਸੇ ਜਿੰਦਰ, ਜਿਸ ਦੀ ਸੰਪਤੀ-ਮਾਲਕਾਂ ਦੇ ਪ੍ਰਤੀਨਿਧ ਵਜੋਂ ਪੁਸ਼ਟੀ ਇਸ ਕਹਾਣੀ ਦਾ ਨਾਂ ਵੀ ਕਰ ਦਿੰਦਾ ਹੈ, ਦਾ ਬਿਸਤਰੇ ਵਿਚ ਹਾਰਨਾ ਕਿਸੇ ਤਰ੍ਹਾਂ ਵੀ ਉਸ ਸਮੁੱਚੀ ਜਮਾਤ ਦੀ ਹਾਰ ਦਾ ਪ੍ਰਤੀਕ ਨਹੀਂ। ਅਜਿਹੀ ਹਾਰ ਜੋ ਨਿਰੋਲ ਸਰੀਰਕ-ਮਾਨਸਿਕ ਪਹਿਲੂ ਹੈ, ਸਮਾਜਿਕ-ਆਰਥਿਕ ਨਹੀਂ, ਦਾ ਤਾਂ ਕਿਸੇ ਜਮਾਤ ਨਾਲ ਕੋਈ ਰਿਸ਼ਤਾ ਹੀ ਨਹੀਂ ਹੁੰਦਾ। ਤੁਸੀਂ ਸਮਾਜਿਕ-ਰਾਜਨੀਤਕ ਤੌਰ ਉੱਤੇ ਸਚੇਤ ਲੇਖਕ ਹੁੰਦਿਆਂ, ਖਾਸ ਕਰਕੇ ਜੀਹਦਾ ਨਾਂ ਦਲਿਤਾਂ ਦੀ ਪੀੜ ਉਜਾਗਰ ਕਰਨ ਵਾਲੇ ਵਜੋਂ ਜਾਣਿਆ ਜਾਂਦਾ ਹੈ, ਅਜਿਹੀ ਨਾਂਹ-ਪੱਖੀ ਕਹਾਣੀ ਲਿਖਣੀ ਕਿਉਂ ਵਾਜਬ ਸਮਝੀ?**

ਗੋਰਖੀ:'ਵੱਡੇ ਲੋਕ' ਕਹਾਣੀ ਜਦੋਂ ਮੈਂ ਪਹਿਲਾਂ ਛਪਵਾਈ ਸੀ, ਓਦੋਂ ਮੇਰਾ ਇਹੋ ਮਨਸ਼ਾ ਸੀ ਕਿ



**ਪ੍ਰੇਮ ਗੋਰਖੀ ਦਾ ਨਾਵਲਿਟ 'ਤਿੱਤਰ ਖੰਭੀ ਜੂਹ' ਰਲੀਜ ਕਰਦੇ ਹੋਏ ਦੋ ਵਿਦਵਾਨ**

ਕਹਾਣੀ ਵਿਚ ਰੇਸ਼ੋ ਅਖੀਰ ਰੋਹ ਵਿਚ ਸਭ ਕੁਝ ਨੂੰ ਲੱਤ ਮਾਰ ਕੇ ਕੋਠੀ ਵਿਚੋਂ ਨਿਕਲ ਆਉਂਦੀ ਹੈ। ਦੁਬਾਰਾ ਕਹਾਣੀ ਦੀ ਕੱਟ-ਵੱਢ ਕਰਦਿਆਂ ਕਹਾਣੀ ਵਿਚੋਂ ਉਹ ਭਾਵ ਨਿੱਕਲ ਗਿਆ। ਸ਼ਾਇਦ ਇਹ ਕਾਹਲੀ ਦੀ ਵਜ੍ਹਾ ਕਾਰਨ ਵੀ ਹੋਇਆ। ਉਂਜ ਇਹ ਨਹੀਂ ਹੋ ਸਕਦਾ ਕਿ ਮੈਂ ਜਾਂ ਮੇਰੇ ਪਾਤਰ ਸੰਪਤੀ ਮਾਲਕਾਂ ਦੇ ਵਿਰੋਧ ਵਿਚ ਨਾ ਭੁਗਤਣ ਅਤੇ ਇਸ ਦੇ ਉਲਟ ਉਹਨਾਂ ਦੇ ਧ੍ਰੋਹ ਦੇ ਹੱਕ ਵਿਚ ਖੜ੍ਹ ਜਾਣ।

**ਭੁੱਲਰ: ਹਰ ਲੇਖਕ ਦੀ ਵੱਖਰੀ ਪਛਾਣ ਹੋਣੀ ਚਾਹੀਦੀ ਹੈ ਜਿਸ ਸਦਕਾ ਉਹਦੀ ਰਚਨਾ ਉਹਦੇ ਨਾਂ ਤੋਂ ਬਿਨਾ ਵੀ ਪਛਾਣੀ ਜਾ ਸਕੇ। ਕੀ ਕੋਈ ਵੱਖਰੀ ਪਛਾਣ ਹੈ? ਜੇ ਹੈ ਤਾਂ ਕੀ?**

ਗੋਰਖੀ:ਜਦੋਂ ਵੀ ਕੋਈ ਲੇਖਕ ਲਿਖਣਾ ਸ਼ੁਰੂ ਕਰਦਾ ਹੈ ਤਾਂ ਕਿਸੇ ਵੀ ਵਿਚਾਰਧਾਰਾ ਜਾਂ ਬੱਝਵੀਂ ਸੋਚ ਨਾਲ ਜੁੜਿਆ ਨਹੀਂ ਹੁੰਦਾ। ਹੌਲੀ-ਹੌਲੀ ਕੋਈ ਸੋਚ ਜਨਮ ਲੈਂਦੀ ਹੈ, ਜਿਵੇਂ ਅੰਦਰ ਕੋਈ ਫੁੱਲ ਖਿੜਦਾ ਹੈ। ਇਸ ਸਭ ਕੁਝ ਵਿਚ ਵੀ ਸਿਆਣੇ ਦੋਸਤਾਂ ਦੀ ਮੰਗ ਹੁੰਦੀ ਹੈ ਜੋ ਉਹਨੂੰ ਉਹਦੀ ਪਛਾਣ ਨਾਲ ਜੋੜਦੇ ਹਨ। ਜਿਵੇਂ ਸ਼ੁਰੂ ਵਿਚ ਜੋ ਲਿਖਿਆ, ਉਸ ਬਾਰੇ ਨੇੜੇ ਦੇ ਦੋਸਤਾਂ ਨੇ ਕਿੰਤੂ ਕੀਤਾ ਅਤੇ ਕਿਹਾ ਕਿ ਕੁਝ ਉਹੋ ਜਿਹਾ ਲਿਖ ਜੋ ਤੇਰੇ ਅੰਦਰ ਪਿਆ ਹੈ। ਮੈਂ ਉਸ 'ਕੁਝ' ਨੂੰ ਫੜ ਲਿਆ। ਉਹ ਕੁਝ ਸੀ ਮੇਰੀ ਆਪਣੀ ਜਮਾਤ ਨਾਲ ਸੰਬੰਧਿਤ ਮਾਮਲੇ। ਦੱਬੀਆਂ-ਕੁਚਲੀਆਂ ਜਾਤਾਂ ਉਤੇ ਜ਼ਿਮੀਦਾਰਾਂ ਵੱਲੋਂ ਕੀਤੇ ਜਾਂਦੇ ਅਤਿਆਚਾਰ, ਵਧੀਕੀਆਂ। ਕਹਾਣੀ ਖੇਤਰ ਵਿਚ ਇਸ ਬਾਰੇ ਪਹਿਲਾਂ ਬਹੁਤ ਘੱਟ ਲਿਖਿਆ ਗਿਆ। ਜਿਨ੍ਹਾਂ ਲੋਕਾਂ ਨੇ ਲਿਖਿਆ ਵੀ, ਉਹਨਾਂ ਨੇ ਨੀਵੀਂ ਜਮਾਤ ਦੇ ਪਾਤਰਾਂ ਨੂੰ ਮਜ਼ਾਕ ਦੇ ਪਾਤਰ ਬਣਾ ਦਿੱਤਾ ਜਾਂ ਤਰਸ ਦੇ। ਉਹਨਾਂ ਨੂੰ ਇਕ ਤਰ੍ਹਾਂ ਬੜਾ ਸੀਮਤ ਹੀ ਪੇਸ਼ ਕੀਤਾ ਜਾਂਦਾ ਰਿਹਾ। ਅਨਿਆਂ ਦੀ ਗੱਲ ਵੀ ਕੋਈ-ਕੋਈ ਕਰਦਾ ਹੈ ਪਰ ਉਹਨਾਂ ਦਾ ਜ਼ਿਆਦਾ ਜ਼ੋਰ ਘਟਨਾਵਾਂ ਨੂੰ ਪੇਸ਼ ਕਰਨ ਉੱਤੇ ਹੁੰਦਾ ਹੈ। ਮੈਂ ਘਟਨਾ ਤਕ ਸੀਮਤ ਨਹੀਂ ਰਹਿੰਦਾ। ਮੈਂ ਤਾਂ ਘਟਨਾਵਾਂ ਨਾਲ ਸੰਬੰਧਿਤ ਪਾਤਰਾਂ ਦੇ ਮਾਨਸਿਕ ਦਵੰਦ ਨੂੰ ਲਿਆ ਹੈ ਜਿਸ ਵਿਚੋਂ ਇਹਨਾਂ ਪਾਤਰਾਂ ਨੂੰ ਗੁਜ਼ਰਨਾ ਪੈਂਦਾ ਹੈ। ਜਿਵੇਂ ਮੇਰੀਆਂ ਕਹਾਣੀਆਂ ਵਿਚੋਂ 'ਜੀਣ-ਮਰਨ', 'ਛੋਟੀਆਂ ਛੋਟੀਆਂ ਕੰਧਾਂ' ਜਾਂ 'ਇਕ ਟਿਕਟ ਰਾਮਪੁਰਾ ਫੂਲ' ਨੂੰ ਹੀ ਵੇਖਿਆ ਜਾ ਸਕਦਾ ਹੈ। ਮੇਰਾ ਯਤਨ ਮਾਨਸਿਕ ਕਸ਼ਟ ਨੂੰ ਉਜਾਗਰ ਕਰਨਾ ਹੈ। ਤੇ ਮੇਰੇ ਵਿਚਾਰ ਅਨੁਸਾਰ ਇਹੋ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਦੀ ਪਛਾਣ ਹੈ।

**ਭੁੱਲਰ: ਲੇਖਕ ਲਈ ਰਚਨਾ ਪ੍ਰਕਾਸ਼ਿਤ ਕਰਕੇ ਪਾਠਕਾਂ ਅੱਗੇ ਪਰੋਸ ਦੇਣੀ ਕਾਫ਼ੀ ਹੈ ਕਿ ਗੋਸ਼ਟੀਆਂ,**

**ਘੁੰਡ-ਚੁਕਾਈਆਂ ਅਤੇ ਮਹਿਫਲਾਂ ਜੋੜ ਨੇ ਉਸ ਵੱਲ ਧਿਆਨ ਖਿੱਚਣਾ ਵੀ ਜ਼ਰੂਰੀ ਹੈ?**

ਗੋਰਖੀ: ਰਚਨਾ ਨੂੰ ਪਰਚਾਰਨ ਲਈ ਅਡੰਬਰ ਕਰੇ ਜਾਣੇ ਮੈਨੂੰ ਹਮੇਸ਼ਾ ਗਲ਼ਤ ਕਾਰਵਾਈ ਲੱਗਦੇ ਰਹੇ ਹਨ। ਇਹ ਘੁੰਡ-ਚੁਕਾਈਆਂ ਜਿਹੇ ਸਮਾਗਮ ਉਹੋ ਲੋਕ ਕਰਦੇ ਹਨ ਜਿਨ੍ਹਾਂ ਦੀ ਰਚਨਾ ਨੇ ਕਿਸੇ ਨੂੰ ਪ੍ਰਭਾਵਿਤ ਨਹੀਂ ਕੀਤਾ ਹੁੰਦਾ, ਜਿਨ੍ਹਾਂ ਦੀ ਰਚਨਾ ਵਿਚ ਦਮ ਨਹੀਂ ਹੁੰਦਾ। ਚੰਗੇ ਲੇਖਕਾਂ ਦੀ ਰਚਨਾ ਤਾਂ ਪਰਚਿਆਂ ਵਿਚ ਛਪਣ ਵੇਲੇ ਹੀ ਪਾਠਕ ਦਾ ਧਿਆਨ ਖਿੱਚ ਲੈਂਦੀ ਹੈ।

**ਭੁੱਲਰ: ਤੁਸੀਂ ਬਹੁਤ ਕਰਕੇ ਸਮਾਜ ਦੇ ਦੱਬੇ-ਕੁਚਲਿਆਂ ਦੀ ਆਵਾਜ਼ ਬਣ ਕੇ ਲਿਖਿਆ ਹੈ। ਕੀ ਸਾਹਿਤ ਸਮਾਜ ਵਿਚ ਤਬਦੀਲੀ ਦਾ ਕਿਸੇ ਹੱਦ ਤੱਕ ਸਾਧਨ ਬਣ ਸਕਦਾ ਹੈ?**

ਗੋਰਖੀ:ਬਿਲਕੁਲ ਬਣ ਸਕਦਾ ਹੈ। ਪਰ ਇਕ ਹੱਦ ਤੱਕ। ਸਿਰਫ਼ ਸਾਹਿਤ ਹੀ ਹੈ ਜਿਸ ਦੇ ਜ਼ਰੀਏ ਅਸੀਂ ਦੱਬੇ-ਕੁਚਲੇ ਲੋਕਾਂ ਨੂੰ ਉਹਨਾਂ ਦੀ ਹੋਂਦ, ਉਹਨਾਂ ਦੇ ਕਾਰਜ, ਉਹਨਾਂ ਨਾਲ ਹੋ ਰਹੇ ਅਨਿਆਂ ਵਗੈਰਾ-ਵਗੈਰਾ ਸਮੱਸਿਆਵਾਂ, ਘਾਟਾਂ, ਲੋੜਾਂ ਬਾਰੇ ਚੁਕੰਨੇ ਕਰ ਸਕਦੇ ਹਾਂ। ਸਾਹਿਤ ਸਮਾਜ ਦੀ ਹੀ ਉਪਜ ਹੈ। ਇਹਨੇ ਸਮਾਜ ਨੂੰ ਹੀ ਆਪਣੇ ਰਾਹੀਂ ਰੂਪਮਾਨ ਕਰਨਾ ਹੁੰਦਾ ਹੈ। ਸਮਾਜ ਵਿਚ ਕਦੇ ਵੀ ਸਾਰਾ ਕੁਝ ਚੰਗਾ ਨਹੀਂ ਵਾਪਰਦਾ, ਬਹੁਤ ਕੁਝ ਮਾੜਾ ਵੀ ਵਾਪਰਿਆ ਕਰਦਾ ਹੈ। ਜੋ ਮਾੜਾ ਵਾਪਰਦਾ ਹੈ, ਉਸ ਨੂੰ ਦੂਜੇ ਲੋਕਾਂ ਦੇ ਸਨਮੁਖ, ਉਹਨੂੰ ਬੇਪਰਦ ਸਾਹਿਤ ਨੇ ਹੀ ਕਰਨਾ ਹੁੰਦਾ ਹੈ। ਛੋਟੀ ਜਿਹੀ ਮਿਸਾਲ ਹੈ। ਜੋ ਟੀਵੀ ਰਾਹੀਂ ਨਿੱਘਰਿਆ ਹੋਇਆ ਸਭਿਆਚਾਰ ਅੱਜ ਪੇਸ਼ ਕੀਤਾ ਜਾ ਰਿਹਾ ਹੈ, ਕੀ ਟੀਵੀ ਹੀ ਇਸ ਦੇ ਵਿਰੁੱਧ ਆਵਾਜ਼ ਉਠਾਏਗਾ? ਨਹੀਂ, ਇਸ ਦੇ ਵਿਰੁੱਧ ਸਾਹਿਤਕਾਰ ਹੀ ਉੱਠਣਗੇ ਅਤੇ ਆਪਣੀਆਂ ਲਿਖਤਾਂ ਰਾਹੀਂ ਸਮਾਜ ਦੇ ਲੋਕਾਂ ਨੂੰ ਜਾਗ੍ਰਿਤ ਕਰਨਗੇ। ਸੋ ਸਾਹਿਤ ਦੀ ਸਮਾਜ ਲਈ ਭੂਮਿਕਾ ਹਮੇਸ਼ਾ ਬਣੀ ਰਹੇਗੀ, ਹਾਲਾਤ ਭਾਵੇਂ ਕੁਝ ਵੀ ਹੋਣ।

**ਭੁੱਲਰ: ਤੁਸੀਂ ਕਾਫ਼ੀ ਮਿਹਨਤ-ਮੁਸ਼ੱਕਤ ਵਾਲਾ ਜੀਵਨ ਗੁਜ਼ਾਰਿਆ ਹੈ। ਜੇ ਤੁਹਾਨੂੰ ਵਧੀਕ ਵਿਹਲ ਹੁੰਦੀ ਤਾਂ ਕੀ ਵਧੀਕ ਅਤੇ ਚੰਗੇਰਾ ਸਾਹਿਤ ਰਚ ਸਕਦੇ?**

ਗੋਰਖੀ:ਇਸ ਬਾਰੇ ਕੀ ਕਿਹਾ ਜਾ ਸਕਦਾ ਹੈ। ਹੋ ਸਕਦਾ ਹੈ, ਜਾਂ ਹੋਇਆ ਹੀ ਇਹ ਹੈ ਕਿ ਮਿਹਨਤ-ਮੁਸ਼ੱਕਤ ਕਰਨ ਕਰਕੇ ਹੀ ਮੈਂ ਜ਼ਿੰਦਗੀ ਨੂੰ ਹੋਰ ਅਰਥਾਂ ਵਿਚ ਵਿਚਾਰਿਆ ਅਤੇ ਆਪਣੇ ਨਜ਼ਰੀਏ ਤੋਂ ਸਾਹਿਤਕ ਖੇਤਰ ਚੁਣਿਆ। ਜਦੋਂ ਵੱਧ ਮਿਹਨਤ ਕਰਦਾ ਸੀ,ਓਦੋਂ ਲਿਖਿਆ ਵੀ ਵੱਧ। ਹੁਣ ਬਥੇਰੀ ਵਿਹਲ ਹੁੰਦੀ ਹੈ ਪਰ ਘੱਟ ਲਿਖਿਆ ਜਾ ਰਿਹਾ ਹੈ। ਹਾਂ, ਜੇ ਪੜ੍ਹਾਈ ਹੋਰ ਕੀਤੀ ਹੁੰਦੀ ਤਾਂ ਸ਼ਾਇਦ ਹੋਰ ਚੰਗੇਰਾ ਲਿਖਣ ਵਿਚ ਉਹ ਮੇਰੀ ਮਦਦਗਾਰ ਹੁੰਦੀ।

**ਭੁੱਲਰ: ਤੁਸੀਂ ਸਾਧਨ-ਵਿਰਵੇ ਪਰਿਵਾਰ ਵਿਚ ਜਨਮ ਲੈ ਕੇ ਬੜੇ ਕਸ਼ਟਾਂ ਮਗਰੋਂ ਆਪਣੇ ਪੈਰਾਂ ਉੱਤੇ ਖੜ੍ਹੇ ਹੋ। ਇਸ ਪ੍ਰਸੰਗ ਵਿਚ ਸੁਖ-ਸਹੂਲਤਾਂ ਅਤੇ ਸਾਹਿਤ-ਰਚਨਾ ਦਾ ਤੁਸੀਂ ਕੀ ਨਾਤਾ ਸਮਝਦੇ ਹੋ?**

ਗੋਰਖੀ: ਸੁਖ-ਸਹੂਲਤਾਂ ਨੇ ਮੈਨੂੰ ਥੋੜ੍ਹਾ ਜਿਹਾ ਨਿਕੰਮਾ ਕੀਤਾ ਹੈ। ਮੇਰੀ ਹੱਡੀ ਆਰਾਮਪ੍ਰਸਤੀ ਵਾਲੀ ਨਹੀਂ ਬਣੀ। ਮੈਂ ਲੋਹੇ ਦੀ ਢਲਾਈ ਦੀਆਂ ਭੱਠੀਆਂ ਉੱਤੇ ਕੰਮ ਕੀਤਾ, ਬਿਜਲੀ ਵਾਲੇ ਖੰਭਿਆਂ ਨੂੰ ਮੋਢਿਆਂ ਉੱਤੇ ਚੁੱਕਣ, ਗੱਡਣ ਤੇ ਤਾਰਾਂ ਖਿੱਚਣ ਦਾ ਕੰਮ ਕੀਤਾ, ਕਣਕਾਂ ਵੀ ਵੱਢੀਆਂ ਤੇ ਜੁਆਰਾਂ ਵੀ ਗੁੱਡੀਆਂ। ਚੰਡੀਗੜ੍ਹ ਆ ਕੇ ਮੇਰੀ ਹੱਡੀ ਨਰਮ ਪੈ ਗਈ। ਜਦੋਂ ਮੈਂ ਇਕ ਕਾਨਫਰੰਸ 'ਤੇ ਅਮਰੀਕਾ ਗਿਆ ਤਾਂ ਕਾਨਫ਼ਰੰਸ ਤੋਂ ਵਿਹਲਾ ਹੋ ਕੇ ਮੈਂ ਕੰਮ ਕਰਨ ਵੱਲ ਹੋਇਆ। ਕੰਮ ਔਖਾ ਸੀ ਜੀਹਨੇ ਤਿੰਨ-ਚਾਰ ਦਿਨ ਤਾਂ ਤੰਗ ਕੀਤਾ, ਫਿਰ ਹੱਡੀ ਨਰਮ ਪੈ ਗਈ। ਉਥੇ ਰਹਿੰਦਿਆਂ ਮੈਂ ਤਿੰਨ ਕਹਾਣੀਆਂ ਲਿਖੀਆਂ, ਨਾਲ ਕੰਮ ਵੀ ਕੀਤਾ। ਮੈਨੂੰ ਲਗਦਾ ਹੈ ਜਦੋਂ ਮੈਂ ਸਰੀਰਕ ਤੇ ਮਾਨਸਿਕ ਤੌਰ 'ਤੇ ਮਿਹਨਤ ਵੱਧ ਕਰ ਰਿਹਾ ਹੁੰਦਾ ਹਾਂ ਤਾਂ ਮੇਰੇ ਅੰਦਰ ਨਵੀਂ ਰਚਨਾ ਵੀ ਜਨਮ ਲੈਣ ਲਗਦੀ ਹੈ। ਅਜਿਹੇ ਮੌਕੇ ਮਿਹਨਤ ਤੇ ਰਚਨਾ ਦੇ ਸੁਮੇਲ ਵਿਚ ਮੈਨੂੰ ਸੁਖ ਮਿਲਦਾ ਹੈ।

**ਭੁੱਲਰ: ਲੇਖਕ ਲਈ ਅਨੁਭਵ ਅਤੇ ਅਧਿਐਨ, ਦੋਵਾਂ ਦੀ ਮਹੱਤਤਾ ਤਾਂ ਸਪਸ਼ਟ ਹੀ ਹੈ। ਤੁਸੀਂ ਮਹੱਤਵ ਦੇ ਨਜ਼ਰੀਏ ਤੋਂ ਇਹਨਾਂ ਦਾ ਕੀ ਅਨੁਪਾਤ ਮਿਥਦੇ ਹੋ?**




**ਗੁਰਦਾਸਪੁਰ ਵਿਖੇ ਸਭਾ ਵਿਚ ਪ੍ਰੇਮ ਗੋਰਖੀ ਕਹਾਣੀ ਪੜ੍ਹਦੇ ਹੋਏ**

ਗੋਰਖੀ: ਮਹੱਤਤਾ ਅਨੁਭਵ ਦੀ ਹੈ। ਅਧਿਐਨ ਕਰਨ ਨਾਲ ਕੀ ਹੋਵੇਗਾ? ਅਧਿਐਨ ਕਰਨ ਬਾਅਦ ਤੁਸੀਂ ਲੇਖ ਵਧੀਆ ਲਿਖ ਸਕਦੇ ਹੋ। ਅਧਿਐਨ ਕਰਨ ਬਾਅਦ ਇਤਿਹਾਸ ਬਾਰੇ ਉੱਚ-ਪਾਏ ਦੀਆਂ ਗੱਲਾਂ ਕਰ ਸਕਦੇ ਹੋ, ਪੁਸਤਕ ਲਿਖ ਸਕਦੇ ਹੋ, ਡਿਗਰੀਆਂ ਲੈ ਸਕਦੇ ਹੋ, ਪਰ ਕਹਾਣੀ ਵਰਗੀ ਸ਼ੈਅ ਨਹੀਂ ਲਿਖ ਸਕਦੇ। ਅਨੁਭਵ ਹੈ, ਨਾਲ ਅਧਿਐਨ ਹੈ, ਇਹ ਗੱਲ ਸੋਨੇ ਉਤੇ ਸੁਹਾਗੇ ਵਰਗੀ ਹੋ ਗਈ। ਮੈਂ ਤੁਹਾਨੂੰ ਇਕ ਗੱਲ ਸੁਣਾਉਂਦਾ ਹਾਂ, ਅਨੁਭਵ ਦੀ ਮਹੱਤਤਾ ਨਾਲ ਜੁੜੀ ਹੋਈ। ਇਕ ਵਾਰੀ ਚੰਡੀਗੜ੍ਹ ਵਿਚ ਹੀ ਇਕ ਸਾਹਿਤਕ ਇਕੱਠ ਵਿਚ ਮੈਂ ਕਹਾਣੀ ਪੜ੍ਹਨ ਲੱਗਾ। ਮਹਿੰਦਰ ਸਿੰਘ ਰੰਧਾਵਾ ਪ੍ਰਧਾਨਗੀ ਕਰਰਹੇ ਸਨ। ਉਹ ਕਹਿੰਦੇ, ਬਈ ਇਹ ਗੋਰਖੀ ਨਾਂ ਕੀ ਹੋਇਆ, ਤੇਰਾ ਪਿੰਡ ਹੈ ਜਾਂ ਗੋਤ, ਕੀ ਚੀਜ਼ ਹੋਈ? ਮੈਂ ਉਸ ਨੇਪਾਲੀ ਕੁੜੀ ਨਾਲ ਆਪਣੀ ਸਾਂਝ ਦੀ ਗੱਲ ਛੇੜ ਦਿੱਤੀ ਜੀਹਦਾ ਘਰ ਦਾ ਨਾਂ ਗੋਰਖੀ ਸੀ ਤੇ ਜਿਹੜੀ ਇਕ ਬੱਸ ਹਾਦਸੇ ਵਿਚ ਮਾਰੀ ਗਈ ਸੀ। ਗੱਲ ਮੈਂ ਕੁਝ ਵਿਸਥਾਰ ਵਿਚ ਦੱਸ ਦਿੱਤੀ। ਰੰਧਾਵਾ ਜੀ ਸੁਣ ਕੇ ਹੈਰਾਨ ਤੇ ਖ਼ੁਸ਼ ਹੋ ਕੇ ਬੋਲੇ, "ਬੱਸ ਬਈ ਮੁੰਡਿਆ, ਤੇਰੀ ਇਹ ਅਨੁਭਵ ਦੀ ਗੱਲ ਹੈ, ਹੁਣ ਕਹਾਣੀ ਨੂੰ ਰਹਿਣ ਦੇ।" ਸੋ, ਅਨੁਭਵ ਆਪਣੇ ਆਪ ਵਿਚ ਵੱਡੀ ਗੱਲ ਹੈ ਅਤੇ ਅਧਿਐਨ ਅਹਿਮ। ਅਧਿਐਨ ਸਾਡੇ ਦਿਲੋ-ਦਿਮਾਗ਼ ਨੂੰ ਰਾੜ੍ਹਦਾ ਹੈ, ਪਕਾਉਂਦਾ ਹੈ, ਸਾਡੀ ਸੋਚਣੀ ਤੇ ਨਜ਼ਰ ਨੂੰ ਵਿਸ਼ਾਲ ਬਣਾਉਂਦਾ ਹੈ। ਚੰਗਾ ਲੇਖਕ ਅਨੁਭਵ ਨੂੰ ਅਧਿਐਨ ਦੀ ਪੁੱਠ ਚਾੜ੍ਹ ਕੇ ਹੀ ਰਚਨਾ ਕਰਦਾ ਹੈ।

**ਭੁੱਲਰ: ਮੈਂ ਇਹ ਸਵਾਲ ਵੀ ਪੁੱਛਣਾ ਸੀ ਕਿ ਇਹ ਗੋਰਖੀ ਕੀ ਹੋਇਆ? ਚਲੋ ਜੇ ਕਿਸੇ ਕਾਰਨ ਇਹ ਨਾਂ ਰੱਖਣਾ ਸੀ ਤਾਂ ਵਿਆਕਰਨ ਅਨੁਸਾਰ 'ਪ੍ਰੇਮ ਗੋਰਖਾ' ਹੋਣਾ ਚਾਹੀਦਾ ਸੀ। ਚੰਗਾ ਹੋਇਆ, ਉਪਰੋਕਤ ਉੱਤਰ ਵਿਚੋਂ ਇਸ ਸਵਾਲ ਦਾ ਉੱਤਰ ਆਪੇ ਹੀ ਨਿਕਲ ਆਇਆ। ਜੇ ਕਿਸੇ ਕੁੜੀ ਦਾ ਦੁਖਾਂਤ ਤੁਹਾਡਾ ਨਾਂ ਬਣ ਕੇ ਸਾਕਾਰ ਹੋ ਸਕਦਾ ਹੈ, ਫੇਰ ਪਿਆਰ ਦਾ ਵਿਸ਼ਾ ਤੁਹਾਡੀ ਕਹਾਣੀ ਤੋਂ ਲਗਭਗ ਦੂਰ-ਦੂਰ ਕਿਉਂ ਰਿਹਾ?**

ਗੋਰਖੀ: 'ਨਾਗਮਣੀ' ਵਿਚ ਪਹਿਲੀ ਕਹਾਣੀ ਛਪਣ ਤੋਂ ਪਹਿਲਾਂ ਜਿਹੜੀਆਂ ਕਹਾਣੀਆਂ ਮੈਂ


ਪ੍ਰੇਮ ਗੋਰਖੀ

ਲਿਖੀਆਂ ਸਨ, ਉਹ ਸਾਰੀਆਂ ਪ੍ਰੇਮ-ਕਹਾਣੀਆਂ ਹੀ ਸਨ। ਪਰ ਸਨ ਉਹ ਵੀ ਆਦਰਸ਼ਵਾਦੀ ਪਿਆਰ ਵਾਲੀਆਂ ਜਿਹੜੀਆਂ ਨਾਨਕ ਸਿੰਘ ਜਾਂ ਗੁਰਬਖਸ਼ ਸਿੰਘ ਦੇ ਪ੍ਰਭਾਵ ਹੇਠ ਲਿਖੀਆਂ ਸਨ। ਇਹਨਾਂ ਦੋਹਾਂ ਲੇਖਕਾਂ ਨੂੰ ਬਹੁਤ ਨਿੱਠ ਕੇ ਪੜ੍ਹਿਆ ਸੀ ਤੇ ਸ਼ੁਰੂ-ਸ਼ੁਰੂ ਵਿਚ ਪ੍ਰਭਾਵ ਵੀ ਮੇਰੇ ਉੱਤੇ ਪਿਆ। ਹੋਰ ਸਾਹਿਤ ਪੜ੍ਹਨ ਨਾਲ ਇਹ ਪ੍ਰਭਾਵ ਹੌਲੀ-ਹੌਲੀ ਓਦੋਂ ਹੀ ਖਤਮ ਹੋ ਗਿਆ। ਮੈਨੂੰ ਸ਼ੁਰੂ ਤੋਂ ਹੀ ਅਜਿਹੇ ਦੋਸਤ ਮਿਲਦੇ ਰਹੇ ਜਿਨ੍ਹਾਂ ਨੇ ਹਮੇਸ਼ਾ ਚੰਗਾ ਲਿਖਣ ਲਈ ਪ੍ਰੇਰਿਆ। ਉਹਨਾਂ ਨੇ ਇਸ ਗੱਲ ਲਈ ਖ਼ਬਰਦਾਰ ਕੀਤਾ ਕਿ ਕਿਸੇ ਵਰਗਾ ਨਹੀਂ ਲਿਖਣਾ, ਉਹੋ ਜਿਹਾ ਲਿਖਣਾ ਹੈ ਜੋ ਦੂਜਿਆਂ ਤੋਂ ਬਿਲਕੁਲ ਵੱਖਰਾ ਹੋਵੇ। ਫਿਰ ਨਕਸਲਬਾੜੀ ਲਹਿਰ ਦੀ ਸੋਚ ਦਾ ਪ੍ਰਭਾਵ ਸੀ ਦਿਮਾਗ ਉੱਤੇ। ਮੈਂ ਕਈ ਸਜਣਾਂ ਨਾਲ ਅਸਿੱਧੇ ਤੌਰ 'ਤੇ ਜੁੜਿਆ ਹੋਇਆ ਸੀ। ਫਿਰ ਸਾਹਿਤ ਦਾ ਝੁਕਾਅ ਵੀ ਅਜਿਹਾ ਸੀ। ਦੂਜੇ, ਮੇਰਾ ਸਮਾਜਿਕ ਪਿਛੋਕੜ ਵੀ ਅਜਿਹਾ ਸੀ ਕਿ ਮੈਂ ਉਸ ਨੂੰ ਉਲੀਕਣ ਨੂੰ ਪਹਿਲ ਦਿੱਤੀ। ਪਿਆਰ ਮੇਰਾ ਵਿਸ਼ਾ ਰਿਹਾ ਹੀ ਨਾ। ਪਰ ਪ੍ਰੇਮ-ਪਿਆਰ ਤੋਂ ਮੈਂ ਦੂਰ ਵੀ ਨਹੀਂ ਰਿਹਾ। ਮੈਂ ਪਿਆਰ-ਸੰਬੰਧਾਂ ਬਾਰੇ 'ਪ੍ਰਭ ਜੀ' ਕਹਾਣੀ ਲਿਖੀ ਜਿਹੜੀ ਪੰਜਾਬੀ ਤੇ ਹਿੰਦੀ ਤੋਂ ਬਿਨਾਂ ਕਈ ਹੋਰ ਭਾਸ਼ਾਵਾਂ ਵਿਚ ਵੀ ਛਪੀ। ਇਸੇ ਤਰ੍ਹਾਂ 'ਇਕ ਟਿਕਟ ਰਾਮਪੁਰਾ ਫੂਲ' ਕਹਾਣੀ ਵੀ ਪਿਆਰ-ਸੰਬੰਧਾਂ ਵਾਲੀ ਕਹਾਣੀ ਹੈ। ਇਹ ਵੀ ਕਈ ਭਾਸ਼ਾਵਾਂ ਵਿਚ ਛਪੀ ਹੈ ਤੇ ਇਸ ਨੇ ਮੈਨੂੰ ਮਾਇਕ ਲਾਭ ਵੀ ਪੁਚਾਇਆ ਹੈ। ਹਾਂ, ਮੈਂ ਪਿਆਰ ਨੂੰ ਆਪਣੀਆਂ ਕਹਾਣੀਆਂ ਵਿਚ ਭਾਰੂ ਨਹੀਂ ਹੋਣ ਦਿੱਤਾ। ਇਸ ਕਰਕੇ ਹੀ ਸ਼ਾਇਦ ਇਹ ਸਵਾਲ ਉਠਿਆ ਹੋਵੇ।

**ਭੁੱਲਰ: ਕੀ ਤੁਹਾਡੀ ਕੋਈ ਅਜਿਹੀ ਕਹਾਣੀ ਹੈ ਜੋ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਬਣੀ ਹੋਵੇ ਅਤੇ ਜਿਸਨੇ ਤੁਹਾਡੀ ਖ਼ੂਬ ਚਰਚਾ ਕਰਵਾਈ ਹੋਵੇ?**

ਗੋਰਖੀ: ਇਕ ਸਮੇਂ ਮੇਰੀ ਕਹਾਣੀ 'ਅਫ਼ਸਰ' ਬੜੀ ਚਰਚਿਤ ਹੋਈ ਸੀ। ਉਸ ਵਿਚ ਸਾਡੇ ਛੋਟੇ ਕਲਰਕ ਕਿਸਮ ਦੇ ਲੋਕਾਂ ਦਾ ਜ਼ਿਕਰ ਹੈ ਜਿਨ੍ਹਾਂ ਨੂੰ ਪੇਂਡੂ ਅਨਪੜ੍ਹ ਲੋਕ ਅਫ਼ਸਰ ਹੀ ਸਮਝਦੇ ਹਨ। ਇਹ 'ਅਫ਼ਸਰ' ਆਪਣੇ ਅਧੀਨ ਚਪੜਾਸੀ ਕੋਲੋਂ ਉਹਦੇ ਪਿੰਡ ਜਾ ਕੇ ਕੀ-ਕੀ ਮੰਗਦੇ ਹਨ ਤੇ ਕੀ ਤਵੱਕੋ ਰਖਦੇ ਹਨ, ਅਜਿਹੇ ਮਾਹੌਲ ਨੂੰ ਮੈਂ ਸਿਰਜਿਆ ਸੀ। ਇਸ ਦੇ ਬਾਅਦ ਕਹਾਣੀ 'ਜੀਣ ਮਰਨ' ਵੀ ਬੜੀ ਚਰਚਿਤ ਹੋਈ। ਇਸੇ ਸਮੇਂ ਮੇਰੇ ਨਾਵਲਿਟ 'ਤਿੱਤਰ ਖੰਭੀ ਜੂਹ' ਨੇ ਤਾਂ ਇਕ ਤਰ੍ਹਾਂ ਲੰਮਾ ਸਮਾਂ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚੀ ਰੱਖਿਆ। 'ਪ੍ਰਭ ਜੀ' ਕਹਾਣੀ ਵੀ ਚਰਚਿਤ ਰਹੀ। 'ਕੁੰਡਾ' ਕਹਾਣੀ ਤਾਂ ਐਨੀ ਚਰਚਿਤ ਹੋਈ ਕਿ ਇਸ ਉਪਰ ਹਿੰਦੀ, ਪੰਜਾਬੀ ਵਿੱਚ ਫ਼ਿਲਮਾਂ ਬਣੀਆਂ। ਇਸੇ ਤਰ੍ਹਾਂ ਕਹਾਣੀ 'ਇੱਕ ਟਿਕਟ ਰਾਮਪੁਰਾ ਫੂਲ' ਉਪਰ ਵੀ ਫ਼ਿਲਮ ਬਣੀ। ਇਸੇ ਤਰ੍ਹਾਂ 'ਨਾਗਮਣੀ' ਵਿਚ ਛਪੀ ਮੇਰੀ ਕਹਾਣੀ 'ਭਲਾ ਇਉਂ ਵੀ ਕੋਈ ਜਿਊਂਦੈ' ਨੂੰ ਰਾਸ਼ਟਰੀ ਸਾਹਿਤਕ ਸੰਸਥਾ 'ਕਥਾ' ਵੱਲੋਂ ਪੰਜਾਬੀ ਭਾਸ਼ਾ ਦਾ ਬਿਹਤਰੀਨ ਕਹਾਣੀ ਦਾ ਅਵਾਰਡ ਮਿਲਿਆ ਤੇ ਇਸ ਅਦਾਰੇ ਵੱਲੋਂ ਛਾਪੀ ਗਈ ਅੰਗ੍ਰੇਜ਼ੀ ਦੀ ਕਿਤਾਬ ਵਿਚ ਇਹ ਕਹਾਣੀ ਸ਼ਾਮਲ ਕੀਤੀ ਗਈ। ਇਸ ਦੇ ਨਾਲ ਮਿਆਰੀ ਤੇ ਚੰਗਾ ਲੇਖਕ ਵਜੋਂ 'ਨਾਗਮਣੀ' ਵਲੋਂ ਲਗਾਤਾਰ ਦੋ ਸਾਲ 'ਨਾਗਮਣੀ ਐਵਾਰਡ' ਮਿਲਦਾ ਰਿਹਾ। ਇਥੇ ਇਹ ਗੱਲ ਮੈਨੂੰ ਕਹਿਣੀ ਬਣਦੀ ਹੈ ਕਿ ਕਹਾਣੀ 'ਭਲਾ ਇਉਂ ਵੀ ਕੋਈ ਜਿਊਂਦਾ ਹੈ' ਮੈਨੂੰ ਹਮੇਸ਼ਾ ਬਹੁਤ ਚੰਗੀ ਲਗਦੀ ਰਹੀ ਹੈ।

**ਭੁੱਲਰ: ਤੁਸੀਂ ਪਹਿਲਾਂ-ਪਹਿਲਾਂ ਕੁਝ ਨਾਵਲਿਟ ਤਾਂ ਲਿਖੇ, ਮੁੜ ਕੇ ਕੋਈ ਵੱਡਾ ਨਾਵਲ ਕਿਉਂ ਨਹੀਂ ਲਿਖਿਆ?**

ਗੋਰਖੀ: ਉਸ ਸਮੇਂ 1968-70 ਵਿਚ ਜਿਹੜੇ ਮੈਂ ਨਾਵਲ ਪੜ੍ਹੇ ਸੀ, ਉਹਨਾਂ ਦਾ ਮੇਰੇ ਉਪਰ ਪ੍ਰਭਾਵ ਪਿਆ ਸੀ। ਬਹੁਤਾ ਪੰਜਾਬੀ ਦੇ ਨਾਵਲਾਂ ਦਾ ਨਹੀਂ, ਦੂਜੀਆਂ ਭਾਸ਼ਾਵਾਂ ਦੇ ਨਾਵਲਾਂ ਦਾ, ਜਿਵੇਂ




**ਅਦਾਰਾ ਕਲਾਕਾਰ ਵਲੋਂ ਪ੍ਰੇਮ ਗੋਰਖੀ ਦਾ ਸਨਮਾਨ ਕਰਦੇ ਹੋਏ ਗੁਲਜਾਰ ਸਿੰਘ ਸੰਧੂ, (ਖੱਬੇ ਤੋਂ ਸੱਜੇ) ਪਰਮਜੀਤ ਮਾਨ, ਓਮ ਪ੍ਰਕਾਸ਼ ਗਾਸੋ, ਸਰਬਜੀਤ ਕੌਰ ਸੋਹਲ, ਗੋਰਖੀ, ਡਾ. ਜੋਗਿੰਦਰ ਨਿਰਾਲਾ ਤੇ ਕੰਵਰਜੀਤ ਭੱਠਲ**

ਗੋਦਾਨ, ਨਿਰਮਲਾ, ਦੇਵਦਾਸ, ਬੰਗਲਾ ਨਾਵਲਾਂ ਦਾ, ਮਰਾਠੀ ਤੇ ਤੈਲਗੂ ਭਾਸ਼ਾਵਾਂ ਦੀਆਂ ਲਿਖਤਾਂ ਦਾ। ਉਹਨਾਂ ਦਿਨਾਂ ਵਿਚ ਹੀ 'ਸੁਨਹਿਰਾ ਗੁਲਾਬ' ਪੁਸਤਕ ਛਪ ਕੇ ਆਈ ਸੀ। ਉਹਨੂੰ ਪੜ੍ਹ ਕੇ ਮਨ ਹੋਰ ਸਾਫ਼ ਤੇ ਲਿਖਣ ਲਈ ਕਾਹਲਾ ਪੈਣ ਲੱਗਾ। ਫਿਰ ਪੰਜਾਬ ਬੁੱਕ ਸੈਂਟਰ ਦਾ ਦਰਵਾਜ਼ਾ ਨਜ਼ਰ ਆ ਗਿਆ। ਰੂਸੀ ਸਾਹਿਤ ਨੂੰ ਲਗ ਗਿਆ ਦੂਹੋ-ਦੂ ਪੜ੍ਹਨ। ਫਿਰ ਤਾਂ ਪੰਜ-ਛੇ ਕਹਾਣੀਆਂ ਹੀ ਲਿਖਣ ਬਾਅਦ ਮੈਂ ਇਕ ਨਾਵਲ ਲਿਖਣ ਲੱਗਾ ਪਰ ਉਹ ਬਹੁਤ ਵੱਡਾ ਨਹੀਂ ਸੀ। ਅੰਮ੍ਰਿਤਾ ਪ੍ਰੀਤਮ ਨੂੰ ਭੇਜ ਦਿੱਤਾ। ਉਹਨਾਂ ਨੇ ਦੱਸਿਆ ਕਿ ਇਹਨੂੰ ਨਾਵਲਿਟ ਕਹਿੰਦੇ ਹਨ। ਉਹ 'ਨਾਗਮਣੀ' ਵਿਚ 'ਬੁੱਢੀ ਰਾਤ ਤੇ ਸੂਰਜ' ਸਿਰਲੇਖ ਹੇਠ ਛਪਿਆ। ਫਿਰ ਮੈਂ ਵੱਡਾ ਨਾਵਲ ਹੀ ਲਿਖਣਾ ਚਾਹੁੰਦਾ ਸੀ ਕਿਉਂਕਿ 'ਅਣਹੋਏ' ਤੋਂ ਮੈਂ ਬੜਾ ਪ੍ਰਭਾਵਿਤ ਹੋਇਆ ਸੀ ਪਰ ਮਿਹਨਤ ਕਰਨੋਂ ਡਰ ਗਿਆ। ਉਸ ਸਮੇਂ ਮੈਂ ਹਥਲੀ ਲਿਖੀ ਰਚਨਾ ਨੂੰ ਕੁਝ ਵੱਡੀ ਬਣਾ ਕੇ ਲਿਖ ਦਿੱਤਾ ਜੀਹਦਾ ਨਾਂ ਰੱਖਿਆ 'ਤਿੱਤਰ ਖੰਭੀ ਜੂਹ'। ਇਹ ਵੀ ਵੱਡਾ ਨਾਵਲ ਨਹੀਂ ਸੀ ਬਣ ਸਕਿਆ। 'ਦ੍ਰਿਸ਼ਟੀ' ਵਿੱਚ ਛਪਣ ਕਰਕੇ ਇਹਦੀ ਚਰਚਾ ਬੜੀ ਹੋਈ, ਇਸ ਕਰਕੇ ਵੀ ਕਿਉਂਕਿ ਮੈਂ ਅਜੇ ਨਵਾਂ ਲੇਖਕ ਸੀ। ਸਾਲ ਦੇ ਵਿਚ ਇਸ ਨਾਵਲਿਟ ਦਾ ਨਾਟਕ ਬਣਾ ਕੇ ਸ੍ਰੀ ਭੌਰ ਨੇ ਖੇਡਿਆ ਤਾਂ ਆਲੇ-ਦੁਆਲੇ ਧੁੰਮਾਂ ਪੈ ਗਈਆਂ। ਇਹ ਨਾਟਕ ਚਾਰ ਦਿਨ ਟੈਗੋਰ ਥੀਏਟਰ ਵਿਚ ਖੇਡ ਹੁੰਦਾ ਰਿਹਾ।

**ਭੁੱਲਰ: ਕੀ ਤੁਸੀਂ ਸਵੈ-ਜੀਵਨੀ ਲਿਖਣ ਵਿਚ ਕਾਹਲ ਨਹੀਂ ਕੀਤੀ, ਕਿਉਂ ਕਿ ਸਵੈ-ਜੀਵਨੀ ਲੇਖਕ ਆਮ ਤੌਰ ਉੱਤੇ ਉਸ ਸਮੇਂ ਲਿਖਦਾ ਹੈ ਜਦੋਂ ਸਾਹਿਤਕ ਵਿਧਾਵਾਂ ਵਿਚ ਕਿਹਾ ਜਾ ਸਕਣ ਵਾਲਾ ਸਭ ਕੁਝ ਉਸ ਵਲੋਂ ਕਿਹਾ ਜਾ ਚੁੱਕਿਆ ਹੋਵੇ?**

ਗੋਰਖੀ: ਇਹ ਤਾਂ ਅੰਮ੍ਰਿਤਾ ਜੀ ਨੇ ਸ਼ੁਰੂ ਕਰਵਾ ਦਿੱਤੀ ਤੇ 'ਨਾਗਮਣੀ' ਵਿਚ ਛਾਪਣੀ ਸ਼ੁਰੂ ਕਰ ਦਿੱਤੀ। ਅੱਗੋਂ ਪਾਠਕਾਂ ਦੇ ਭਰਪੂਰ ਹੁੰਗਾਰੇ ਨੇ ਹੋਰ ਤੇ ਹੋਰ ਲਿਖਣ ਲਈ ਉਤਸ਼ਾਹਿਤ ਕਰੀ ਰਖਿਆ। ਮੈਂ ਪੰਜ ਸਾਲ ਲਗਾਤਾਰ ਲਿਖਦਾ ਰਿਹਾ। ਕਈ ਅਜਿਹੇ ਵੀ ਮਿੱਤਰ ਹਨ ਜਿਨ੍ਹਾਂ ਨੇ ਅਹਿਸਾਸ ਕਰਾਇਆ

ਕਿ ਤੂੰ ਕਹਾਣੀ ਲਿਖਣ ਵਲੋਂ ਬਹੁਤ ਪਿੱਛੇ ਰਹਿ ਗਿਆ ਹੈਂ। ਬਹੁਤ ਸਾਰੇ ਅਜਿਹੇ ਵਿਸ਼ੇ ਜਿਹੜੇ ਤੂੰ ਕਹਾਣੀਆਂ ਲਈ ਵਰਤ ਸਕਦਾ ਸੀ, ਜੀਵਨੀ ਦੇ ਕਾਂਡਾਂ ਵਿਚ ਹੀ ਖਪ ਰਹੇ ਹਨ। ਫਿਰ ਮੈਂ ਲਿਖਣੀ ਬੰਦ ਕਰ ਦਿੱਤੀ। ਅੰਮ੍ਰਿਤਾ ਜੀ ਨੂੰ ਕਿਉਂਕਿ ਮੇਰੀ ਜ਼ਿੰਦਗੀ ਦੇ ਅਣਸੁਖਾਵੇਂ ਪੱਖ ਬਾਰੇ ਪਤਾ ਸੀ, ਇਸ ਲਈ ਉਹਨਾਂ ਨੇ ਮਹਿਸੂਸ ਕੀਤਾ ਕਿ ਗੋਰਖੀ ਨੂੰ ਆਪਣੀ ਜੀਵਨੀ ਲਿਖਦੇ ਰਹਿਣਾ ਚਾਹੀਦਾ ਸੀ।

**ਭੁੱਲਰ: ਲੇਖਕ ਨਾਲ ਪਾਠਕ ਦਾ ਵਾਸਤਾ ਤਾਂ ਉਹਦੇ ਲੇਖਕ ਹੋਣ ਕਰਕੇ ਹੁੰਦਾ ਹੈ। ਕੀ ਲੇਖਕ ਨੂੰ ਆਪਣੀ ਨਿੱਜੀ ਜ਼ਿੰਦਗੀ ਉਤੇ ਵੀ ਪਾਠਕਾਂ ਨੂੰ ਝਾਤ ਪੁਆਉਣੀ ਚਾਹੀਦੀ ਹੈ?**

ਗੋਰਖੀ: ਵੈਸੇ ਤਾਂ ਲੇਖਕ ਦੀਆਂ ਲਿਖਤਾਂ ਵਿਚ ਉਸ ਦਾ ਨਿੱਜੀ ਜ਼ਿੰਦਗੀ ਦਾ ਬਹੁਤਾ ਪੱਖ ਕਿਸੇ ਨਾ ਕਿਸੇ ਰੂਪ ਵਿਚ ਆ ਹੀ ਗਿਆ ਹੁੰਦਾ ਹੈ, ਫਿਰ ਵੀ ਜੇ ਕੋਈ ਪੱਖ ਉਸ ਦਾ ਬਹੁਤਾ ਹੀ ਨਿੱਜੀ ਹੈ, ਜਿਸ ਨੂੰ ਸਾਹਮਣੇ ਲਿਆਉਣ ਨਾਲ ਪਾਠਕ ਦਾ ਕੁਝ ਸੌਰਨ ਵਾਲਾ ਨਹੀਂ ਤੇ ਲੇਖਕ ਦੇ ਵਿਅਕਤਿਤਵ ਨੂੰ ਖਾਹ-ਮਖਾਹ ਠੇਸ ਪਹੁੰਚਦੀ ਹੈ, ਤਾਂ ਉਸ ਉੱਤੇ ਝਾਤ ਪੁਆਉਣ ਤੋਂ ਗੁਰੇਜ ਹੀ ਕਰਨਾ ਚਾਹੀਦਾ ਹੈ। ਵੈਸੇ ਮੈਂ ਆਪਣੀ ਨਿੱਜੀ ਜ਼ਿੰਦਗੀ ਨਾਲ ਜੁੜੇ ਕਈ ਪਹਿਲੂਆਂ ਨੂੰ ਨਿਸ਼ੰਗ ਆਪਣੀ ਸਵੈ-ਜੀਵਨੀ ਵਿਚ ਲਿਖ ਦਿੱਤਾ ਹੈ, ਬਿਨਾਂ ਕਿਸੇ ਸੰਕੋਚ ਦੇ।

**ਭੁੱਲਰ: 'ਮੈਂ' ਨੂੰ ਮੁੱਖ-ਪਾਤਰ ਬਣਾ ਕੇ ਲਿਖੀਆਂ ਗਈਆਂ ਕਹਾਣੀਆਂ ਬਾਰੇ ਤੁਹਾਡਾ ਕੀ ਵਿਚਾਰ ਹੈ?**


ਗੋਰਖੀ: ਮੈਂ ਖ਼ੁਦ ਕਈ ਕਹਾਣੀਆਂ ਇਹੋ ਜਿਹੀਆਂ ਲਿਖੀਆਂ ਹਨ। ਇਹਦੇ ਨਾਲ ਲੇਖਕ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਸਪਸ਼ਟ ਤੌਰ 'ਤੇ ਕਹਿ ਜਾਂਦਾ ਹੈ ਜਿਹੜੀਆਂ ਦੂਜੇ ਪਾਤਰਾਂ ਰਾਹੀਂ ਕਹਿਣੀਆਂ ਮੁਸ਼ਕਲ ਲਗਦੀਆਂ ਹਨ। ਪਰ ਇਸ ਗੱਲ ਦਾ ਨੁਕਸਾਨ ਵੀ ਹੁੰਦਾ ਹੈ। ਇਕ ਤਾਂ ਪਾਠਕ ਤੁਹਾਨੂੰ ਹੀ 'ਮੈਂ' ਪਾਤਰ ਸਮਝਣ ਲਗਦਾ ਹੈ। ਦੂਜੇ, ਲੇਖਕ ਸੀਮਤ ਵੀ ਹੋ ਜਾਂਦਾ ਹੈ।

**ਭੁੱਲਰ: ਪੰਜਾਬੀ ਕਹਾਣੀ ਵਿਚ ਆਪਣੀ ਘਾਲਨਾ ਦੇ ਪ੍ਰਸੰਗ ਵਿਚ ਆਪਣੇ ਸਥਾਨ ਨੂੰ ਕਿਵੇਂ ਲੈਂਦੇ ਹੋ?**

ਗੋਰਖੀ: ਮੈਂ ਸ਼ੁਰੂ ਤੋਂ ਹੀ ਇਹ ਸੋਚ ਦਿਮਾਗ਼ ਵਿਚ ਰਖ ਕੇ ਤੁਰਿਆ ਸੀ ਕਿ ਮੇਰੀ ਸਮਾਜਿਕ ਲੜਾਈ ਹੈ, ਸਾਹਿਤਕ ਨਹੀਂ। ਆਪਣੇ ਆਪ ਨਾਲ ਵੀ ਇਹ ਦੌੜ ਰਹੀ ਕਿ ਪਹਿਲੇ ਨਾਲੋਂ ਬਾਅਦ ਦਾ ਲਿਖਿਆ ਚੰਗਾ ਜ਼ਰੂਰ ਹੋਣਾ ਚਾਹੀਦਾ। ਸੋ ਇਸ ਤਰ੍ਹਾਂ ਜੋ ਵੀ ਕੋਸ਼ਿਸ਼ ਕੀਤੀ ਹੈ, ਜੋ ਘਾਲਨਾ ਘਾਲੀ ਹੈ, ਉਸ ਅਨੁਸਾਰ ਕੁਝ ਨਾਂ-ਥਾਂ ਵੀ ਬਣਿਆ ਹੈ। ਜੋ ਸਥਾਨ ਬਣਿਆ ਹੈ, ਠੀਕ ਹੈ। ਉਂਜ ਮੇਰੀ ਅਜਿਹੀ ਕੋਈ ਪ੍ਰਾਪਤੀ ਨਹੀਂ ਹੈ ਜਿਸ ਉਪਰ ਮੈਨੂੰ ਕਿਸੇ ਤਰ੍ਹਾਂ ਦਾ ਬਹੁਤਾ ਹੀ ਮਾਣ ਹੋਵੇ। ਮੈਂ ਇਕ ਸਾਧਾਰਨ ਤੇ ਅਲੱਗ ਤਰ੍ਹਾਂ ਦਾ ਲਿਖਣ ਵਾਲਾ ਲੇਖਕ ਹਾਂ। ਮੇਰੀ ਕੋਸ਼ਿਸ਼ ਜ਼ਰੂਰ ਹੈ, ਮੈਂ ਸਾਹਿਤ ਵਿਚ ਕੋਈ ਪ੍ਰਾਪਤੀ ਕਰ ਸਕਾਂ। ਇਸ ਸੰਦਰਭ ਵਿਚ ਮੈਂ ਕਹਿ ਸਕਦਾ ਹਾਂ ਕਿ ਮੇਰੇ ਸਾਹਮਣੇ ਪੰਜਾਬੀ ਸਾਹਿਤ ਕੋਈ ਨਿਸ਼ਾਨਾ ਨਹੀਂ ਹੈ। ਮੈਂ ਸਿਰਫ਼ ਦੂਜੀਆਂ ਭਾਰਤੀ ਭਾਸ਼ਾਵਾਂ ਨੂੰ ਸਾਹਮਣੇ ਨਿਸ਼ਾਨੇ ਵਜੋਂ ਰਖਦਾ ਹਾਂ। ਬਾਕੀ ਪੰਜਾਬੀ ਵਿਚ ਕਿਸੇ ਦੂਜੇ ਦਾ ਸਥਾਨ ਆਂਕਣਾ ਜਾਂ ਨਿਸਚਿਤ ਕਰਨਾ, ਇਹ ਕਿਰਿਆ ਬੜੀ ਹੋਰ ਤਰ੍ਹਾਂ ਦੀ ਹੈ। ਇਥੇ ਅਜਿਹੇ ਮਹਾਂਪੁਰਸ਼ਾਂ ਉਤੇ ਹਮੇਸ਼ਾ ਤਰਸ ਆਉਂਦਾ ਹੈ ਜਿਹੜੇ ਕਿਸੇ ਦੂਜੇ ਨੂੰ ਮਹਾਨ ਲੇਖਕ, ਮਹਾਨ ਚਿੰਤਕ ਬਣਾਉਣ ਦਾ ਐਲਾਨ ਕਰਦੇ ਰਹਿੰਦੇ ਹਨ। ਪੰਜਾਬੀ ਸਾਹਿਤ ਵਿਚ ਜੁੰਡਲੀਆਂ ਸਥਾਪਤ ਹਨ ਜਿਨ੍ਹਾਂ ਦੇ ਨੁਮਾਇੰਦੇ ਬੜਾ ਸੋਚ-ਸਮਝ ਕੇ ਆਪਣੇ ਚਹੇਤਿਆਂ ਲਈ ਵੱਡੇ ਉਪਰਾਲੇ ਕਰਦੇ ਰਹਿੰਦੇ ਹਨ। ਅਜਿਹਾ ਸਭ ਕੁਝ ਸਭ ਦੀ ਨਜ਼ਰ ਵਿਚ ਹੈ, ਜਿਸ ਦਾ ਜ਼ਿਕਰ ਕਰਨ ਦੀ ਕੋਈ ਲੋੜ ਨਹੀਂ।

**ਭੁੱਲਰ: ਆਲੋਚਨਾ, ਜੇ ਉਹ ਈਮਾਨਦਾਰ ਹੋਵੇ, ਲੇਖਕ ਲਈ ਕਿੰਨਾ ਕੁ ਮਹੱਤਵ ਰੱਖਦੀ ਹੈ?**

ਗੋਰਖੀ: ਈਮਾਨਦਾਰੀ ਨਾਲ ਕੀਤੀ ਆਲੋਚਨਾ ਲੇਖਕ ਲਈ ਹਮੇਸ਼ਾ ਫਾਇਦੇਮੰਦ ਹੁੰਦੀ ਹੈ। ਸਿਆਣਾ ਆਲੋਚਕ ਬਹੁਤੀ ਵਾਰੀ ਰਚਨਾ ਅੰਦਰ ਰਹਿ ਗਏ ਅਜਿਹੇ ਕੱਚ ਨੂੰ ਲੇਖਕ ਸਾਹਮਣੇ ਲਿਆਉਂਦਾ ਹੈ ਕਿ ਲੇਖਕ ਜਾਣ ਕੇ ਖ਼ੁਦ ਹੈਰਾਨ ਹੋ ਜਾਂਦਾ ਹੈ। ਲੇਖਕ ਨੂੰ ਵੀ ਆਲੋਚਕ ਦੀ ਅਹਿਮੀਅਤ ਨੂੰ ਸਮਝਣਾ



**ਪ੍ਰੇਮ ਗੋਰਖੀ ਨਾਲ ਭਗਵੰਤ ਰਸੂਲਪੁਰੀ ਸੰਪਾਦਕ 'ਕਹਾਣੀ ਧਾਰਾ' ਅਤੇ ਕਹਾਣੀਕਾਰ ਮੋਹਨ ਲਾਲ ਫਿਲੌਰੀਆ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ 'ਚ ਲੱਗੇ ਗ਼ਦਰੀ ਬਾਬਿਆ ਦੇ ਮੇਲੇ 'ਤੇ**

ਚਾਹੀਦਾ ਹੈ।

**ਭੁੱਲਰ: ਇਸ ਪ੍ਰਸੰਗ ਵਿਚ ਤੁਹਾਡੇ ਵਿਚਾਰ ਅਨੁਸਾਰ ਪੰਜਾਬੀ ਆਲੋਚਨਾ ਦੀ ਹਾਲਤ ਕੀ ਹੈ?**

ਗੋਰਖੀ:ਪੰਜਾਬੀ ਵਿੱਚ ਆਲੋਚਕ ਇਸ ਸਮੇਂ ਹਨ ਹੀ ਬੜੇ ਘੱਟ। ਜਿਨ੍ਹਾਂ-ਜਿਨ੍ਹਾਂ ਨੇ ਥੋੜ੍ਹਾ-ਬਹੁਤਾ ਕੰਮ ਕੀਤਾ ਹੈ, ਉਹ ਬਹੁਤੇ ਸਰਗਰਮ ਨਹੀਂ ਹਨ। ਸਾਡੀ ਅਕਾਦਮਿਕ ਦੁਨੀਆ ਦੀ ਬਹੁਗਿਣਤੀ ਬੌਣੀ ਹੈ। ਕਈ ਵਾਰ ਕਹਿੰਦੇ-ਕਹਾਉਂਦਿਆਂ ਦੀਆਂ ਗੱਲਾਂ ਉਤੇ ਹਾਸਾ ਆਉਂਦਾ ਹੈ। ਮੈਨੂੰ ਬੜੀ ਦੇਰ ਦਾ ਅਹਿਸਾਸ ਹੈ ਕਿ ਇਹ ਬੀੜਾ ਸਾਨੂੰ ਆਪ ਹੀ ਚੁੱਕਣਾ ਪੈਣਾ ਹੈ। ਇਸ ਸੰਬੰਧੀ ਮੈਂ ਆਪਣੇ ਸਮਕਾਲੀ ਕਹਾਣੀਕਾਰਾਂ ਦੇ ਰੇਖਾ-ਚਿੱਤਰ ਵੀ ਲਿਖੇ ਹਨ ਤੇ ਉਹਨਾਂ ਦੀਆਂ ਕਹਾਣੀਆਂ ਬਾਰੇ ਵੀ ਲਿਖਿਆ ਹੈ। ਪਰ ਇਹਨਾਂ ਕੱਲੇ-ਕਾਰੇ ਯਤਨਾਂ ਦਾ ਸੀਮਤ ਲਾਭ ਹੈ। ਪਹਿਲੀ ਪੀੜ੍ਹੀ ਦੀ ਖ਼ੁਸ਼ਨਸੀਬੀ ਸੀ ਕਿ ਉਹਨਾਂ ਕੋਲ ਨਾਮਵਰ ਆਲੋਚਕ ਸਨ। 'ਨਵਾਂ ਜ਼ਮਾਨਾ' ਵਿਚ 'ਮੇਰੇ ਸਮਕਾਲੀ' ਸਿਰਲੇਖ ਹੇਠ ਕਹਾਣੀਕਾਰਾਂ ਬਾਰੇ ਸਕੈੱਚ ਲਿਖੇ। ਪਰ ਜਾਪਦਾ ਹੈ, ਕਿਤੇ ਕੋਈ ਗੈਪ ਹੈ। ਮੈਂ ਵੀ ਸੋਚਦਾ ਹਾਂ ਕਿ ਮੈਂ ਹੀ ਦੂਜਿਆਂ ਬਾਰੇ ਲਿਖਦਾ ਹਾਂ, ਮੇਰੇ ਬਾਰੇ ਕੋਈ ਨਹੀਂ ਲਿਖਦਾ। ਮੇਰੇ ਕਿਸੇ ਵੀ ਸਮਕਾਲੀ ਨੇ ਇਹ ਕੋਸ਼ਿਸ਼ ਨਹੀਂ ਕੀਤੀ। ਇਹ ਸ਼ਿਕਾਇਤ ਨਹੀਂ, ਪਰ ਗਿਲਾ ਤਾਂ ਹੁੰਦਾ ਹੈ। ਆਪਣੀ ਹਰ ਕਹਾਣੀ ਬਾਰੇ ਰਾਇ ਲਿਖਣ ਲਈ ਕਹੇਗਾ, ਪਰ ਆਪ ਦੂਜੇ ਬਾਰੇ ਕਦੇ ਵੀ ਇਕ ਸ਼ਬਦ ਨਹੀਂ ਲਿਖੇਗਾ। ਹੁਣ ਸੋਚਦਾ ਹਾਂ ਕਿਤੇ ਨਾ ਕਿਤੇ ਤੰਦ ਜ਼ਰੂਰ ਢਿੱਲੀ ਹੈ ਪ੍ਰਗਟ ਸਿੰਘ ਸਿੱਧੂ ਜਦੋਂ ਭਾਵਨਾਤਮਕ ਆਲੋਚਨਾ ਦੀ ਗੱਲ ਕਰਦਾ ਹੈ ਤਾਂ ਠੀਕ ਰਹਿੰਦਾ ਹੈ ਕਿ ਲੋਕ ਕਿਸੇ ਨੂੰ ਵੀ ਸੂਰਜ, ਚੰਦ ਜਾਂ ਆਕਾਸ਼ ਬਣਾ ਦਿੰਦੇ ਹਨ ਪਰ ਤਾਰਿਆਂ ਦਾ ਕੋਈ ਜ਼ਿਕਰ ਤੱਕ ਨਹੀਂ। ਬਈ ਤਾਰਿਆਂ ਦੀ ਹੋਂਦ ਹੈ, ਉਹਨਾਂ ਦਾ ਵਜੂਦ ਹੈ। ਇਹ ਉਲਾਰਪੁਣਾ ਹੈ।

**ਭੁੱਲਰ: ਤੁਸੀਂ ਖਾਸੇ ਉੱਦਮੀ ਅਤੇ ਉਤਸ਼ਾਹੀ ਸਾਹਿਤ-ਸਭੀਏ ਹੋ। ਸਾਹਿਤ ਸਭਾਵਾਂ ਦਾ ਸਾਹਿਤਕਾਰ ਦੀ ਸਾਹਿਤਕਾਰੀ ਲਈ ਕੀ ਮਹੱਤਵ ਹੈ?**

ਗੋਰਖੀ: ਸਾਹਿਤ ਸਭਾਵਾਂ ਲੇਖਕ ਨੂੰ ਬਹੁਤ ਉਤਸਾਹਿਤ ਕਰ ਸਕਦੀਆਂ ਹਨ ਅਤੇ ਲੇਖਕ ਦੇ ਵਿਕਾਸ ਵਿਚ ਬਹੁਤ ਸਹਿਯੋਗੀ ਬਣ ਸਕਦੀਆਂ ਹਨ। ਉਹਨਾਂ ਵੱਲੋਂ ਲੇਖਕ ਦੀਆਂ ਰਚਨਾਵਾਂ ਬਾਰੇ

ਗੋਸ਼ਟੀਆਂ ਕਰਾਉਣੀਆਂ, ਰੂਬਰੂ ਕਰਾਉਣੇ ਜਾਂ ਰਚਨਾਵਾਂ ਨਿੱਠ ਕੇ ਸੁਣਨੀਆਂ ਅਤੇ ਉਹਨਾਂ ਉਤੇ ਵਿਚਾਰ-ਚਰਚਾ ਕਰਨੀ, ਅਜਿਹੇ ਕਾਰਜ ਬਿਨਾ-ਸ਼ੱਕ ਲੇਖਕ ਦੇ ਵਿਕਾਸ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਕੇਂਦਰੀ ਲੇਖਕ ਸਭਾ (ਰਜਿ.) ਇਸ ਸੰਬੰਧ ਵਿਚ ਲੰਮੇ ਅਰਸੇ ਤੋਂ ਕੰਮ ਕਰਦੀ ਆ ਰਹੀ ਹੈ। ਸ਼ਹਿਰਾਂ-ਕਸਬਿਆਂ ਵਿਚ ਸਥਾਪਤ ਕਈ ਸਾਹਿਤਕ ਸੰਸਥਾਵਾਂ ਵੀ ਇਸ ਸੰਬੰਧ ਵਿਚ ਚੰਗਾ ਕੰਮ ਕਰ ਰਹੀਆਂ ਹਨ। ਜਿਹੜੀ ਰਾਤ ਦੀ ਕਹਾਣੀ ਗੋਸ਼ਟੀ ਅਸੀਂ ਕਰਾਉਂਦੇ ਹਾਂ ਉਸ ਦਾ ਮਕਸਦ ਨਿਰੋਲ ਕਹਾਣੀ ਦੀ ਬਿਹਤਰੀ ਲਈ ਕੰਮ ਕਰਨਾ ਹੈ। ਇਹਨਾਂ ਗੋਸ਼ਟੀਆਂ ਵਿਚ ਸ਼ਾਮਲ ਹੁੰਦੇ ਰਹੇ ਲੇਖਕ ਮੰਨਦੇ ਹਨ ਕਿ ਉਹਨਾਂ ਨੇ ਗੋਸ਼ਟੀ ਵਿਚ ਪੜ੍ਹੀ ਕਹਾਣੀ ਵਿਚ ਕਿਥੇ ਸੁਧਾਈ ਕੀਤੀ। ਇਕ ਪੱਖ ਤੋਂ ਸਾਹਿਤ ਸਭਾਵਾਂ ਇਸ ਕੰਮ ਤੋਂ ਲਾਂਭੇ ਵੀ ਗਈਆਂ ਹਨ। ਉਹ ਅਹੁਦੇਦਾਰੀਆਂ ਲਈ ਵਾਦ-ਵਿਵਾਦ ਦਾ ਵਿਸ਼ਾ ਬਣੀਆਂ ਹੋਈਆਂ ਹਨ।

**ਭੁੱਲਰ: ਤੁਸੀਂ ਜਿਨ੍ਹਾਂ ਗੋਸ਼ਟੀਆਂ ਦਾ ਪ੍ਰਬੰਧ ਕਰਦੇ ਹੋ, ਉਹਨਾਂ ਦਾ ਚੌਖਟਾ ਕੀ ਰੱਖਿਆ ਹੋਇਆ ਹੈ?**

ਗੋਰਖੀ: 'ਦੀਵਾ ਬਲੇ ਸਾਰੀ ਰਾਤ' ਨਾਂ ਦੀਆਂ ਇਹ ਗੋਸ਼ਟੀਆਂ ਰਾਤ ਭਰ ਨਿਰੰਤਰ ਚਲਦੀਆਂ ਹਨ।ਪੜ੍ਹੀਆਂ ਕਹਾਣੀਆਂ ਉਪਰ ਬਹਿਸਾਂ ਹੁੰਦੀਆਂ ਹਨ। ਗੋਸ਼ਟੀ ਵਿਚ ਕੋਈ ਵੀ ਲੇਖਕ ਨਾ ਦਾਰੂ ਪੀ ਕੇ ਆ ਸਕਦਾ ਹੈ, ਨਾ ਹੀ ਕਿਸੇ ਨੂੰ ਪੀਣ ਦੀ ਇਜਾਜ਼ਤ ਹੁੰਦੀ ਹੈ। ਇਹਨਾਂ ਗੋਸ਼ਟੀਆਂ ਦਾ ਇਕੋ-ਇਕ ਮੁੱਖ ਮੰਤਵ ਹੈ ਨਵੀਂ ਲਿਖੀ ਜਾ ਰਹੀ ਕਹਾਣੀ ਨੂੰ ਵਿਚਾਰਨਾ, ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਲਿਖੀ ਜਾ ਰਹੀ ਕਹਾਣੀ ਦੇ ਸੰਦਰਭ ਵਿਚ ਵਿਚਾਰਨਾ, ਚਰਚਾ ਕਰਨੀ ਤੇ ਲੇਖਕ ਨੂੰ ਈਮਾਨਦਾਰੀ ਨਾਲ ਰਾਇ ਦੇਣਾ। ਗੋਸ਼ਟੀ ਵਿਚ ਸ਼ਾਮਲ ਲੇਖਕ ਇਕ ਦੂਜੇ ਨਾਲ ਕੋਈ ਲਿਹਾਜ਼ਦਾਰੀ ਜਾਂ ਰਿਆਇਤ ਨਹੀਂ ਵਰਤਦੇ ਤੇ ਖੁੱਲ੍ਹ ਕੇ ਵਿਚਾਰ ਕਰਦੇ ਹਨ। ਅਜਿਹੀ ਖੁੱਲ੍ਹੀ ਵਿਚਾਰ-ਚਰਚਾ ਕਰਕੇ ਕਈ ਲੇਖਕ ਮੁੜ ਕੇ ਆਉਂਦੇ ਵੀ ਨਹੀਂ ਜਾਂ ਜਿਹੜੇ ਸਾਡੇ ਨਾਲ ਕੋਈ ਹੋਰ ਮੰਤਵ ਲੈ ਕੇ ਤੁਰੇ, ਉਹ ਨਿਰਾਸ਼ ਹੋ ਕੇ ਚੁੱਪ ਕਰ ਗਏ। ਤਾਂ ਵੀ ਅਸੀਂ ਇਹ ਗੋਸ਼ਟੀਆਂ ਬੜੀ ਸਫਲਤਾ ਨਾਲ ਕਰਦੇ ਰਹੇ।

**ਭੁੱਲਰ: ਕਹਾਣੀ ਦਾ ਬੀ ਲੱਭਣ ਦੀ ਸਮੱਸਿਆ ਨੂੰ ਤੁਸੀਂ ਕਿਵੇਂ ਲੈਂਦੇ ਹੋ? ਕਦੀ ਇਸ ਸਬੰਧੀ ਥੁੜ੍ਹ ਮਹਿਸੂਸ ਕੀਤੀ ਹੈ?**

ਗੋਰਖੀ: ਕਹਾਣੀ ਕੋਈ ਗੁਆਚੀ ਹੋਈ ਚੀਜ਼ ਨਹੀਂ ਹੈ। ਇਸ ਲਈ ਕੋਈ ਉਚੇਚ ਵੀ ਨਹੀਂ ਕਰਨੀ ਪੈਂਦੀ। ਘਟਨਾਵਾਂ ਵਾਪਰਦੀਆਂ ਹਨ ਤੇ ਲੇਖਕ ਸਰਸਰੀ ਉਹਨਾਂ ਨੂੰ ਵਾਚਦਾ ਜਾਂਦਾ ਹੈ। ਉਹਨਾਂ ਵਿਚੋਂ ਕੋਈ ਉਹਦੇ ਜ਼ਿਹਨ ਵਿਚ ਬੈਠੀ ਰਹਿ ਜਾਂਦੀ ਹੈ ਤੇ ਉਹਦੀ ਕਲਪਨਾ ਵਿਚ ਚੱਕਰ ਕਟਣ ਲੱਗਦੀ ਹੈ। ਤੇ ਜਦੋਂ ਜ਼ਿਹਨ ਵਿਚ ਵਿਚਾਰਾਂ ਦਾ ਟਕਰਾਅ ਹੁੰਦਾ ਹੈ ਤਾਂ ਕਹਾਣੀ ਦਾ ਢਾਂਚਾ ਬਣਨ ਲਗਦਾ ਹੈ। ਪਰ ਇਹ ਵੀ ਕੋਈ ਜ਼ਰੂਰੀ ਨਹੀਂ ਕਿ ਹਰ ਘਟਨਾ ਨੇ ਕਹਾਣੀ ਦਾ ਹੀ ਰੂਪ ਲੈਣਾ ਹੁੰਦਾ ਹੈ। ਲੇਖਕ ਦੇ ਸਾਹਮਣੇ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਪਰ ਕੋਈ ਘਟਨਾ ਜਦੋਂ ਲੇਖਕ ਦੇ ਅੰਦਰਲੇ ਸੰਵੇਦਨਸ਼ੀਲ ਪੱਖ ਨੂੰ ਛੇੜ ਜਾਵੇ, ਉਹਨੂੰ ਝੰਜੋੜ ਜਾਵੇ ਤਾਂ ਲੇਖਕ ਉਹਦੇ ਬਾਰੇ ਸੁਚੇਤ ਹੋ ਕੇ ਸੋਚਣ ਲਗ ਜਾਂਦਾ ਹੈ ਤੇ ਵਾਪਰੀ ਘਟਨਾ ਹੌਲੀ-ਹੌਲੀ ਕਹਾਣੀ ਦਾ ਰੂਪ ਲੈਣ ਲਗਦੀ ਹੈ। ਕਈ ਵਾਰ ਇਉਂ ਵੀ ਹੁੰਦਾ ਹੈ ਕਿ ਵਰ੍ਹਿਆਂ ਪਹਿਲਾਂ ਵਾਪਰੀ ਘਟਨਾ ਹੋਰ ਨਵੀਂ ਵਾਪਰੀ ਘਟਨਾ ਨਾਲ ਆ ਟਕਰਾਉਂਦੀ ਹੈ, ਉਹ ਵੀ ਲੇਖਕ ਲਈ ਕਹਾਣੀ ਦਾ ਮਸਾਲਾ ਮੁਹੱਈਆ ਕਰਨ ਵਾਲੀ ਸਿੱਧ ਹੁੰਦੀ ਹੈ।

**ਭੁੱਲਰ: ਘਟਨਾਵਾਂ ਦਾ ਬੀ ਮਿਲਣ ਤੋਂ ਮਗਰੋਂ ਪਰ ਕਹਾਣੀ ਲਿਖਣੀ ਸ਼ੁਰੂ ਕਰਨ ਤੋਂ ਪਹਿਲਾਂ ਕੀ ਕਹਾਣੀ ਦਾ ਪੂਰਾ ਖਾਕਾ ਤੁਹਾਡੇ ਜ਼ਿਹਨ ਵਿਚ ਹੁੰਦਾ ਹੈ ਜਾਂ ਤੁਸੀਂ ਅਸਪਸ਼ਟ ਜਿਹੀ ਹਾਲਤ ਵਿਚ ਲਿਖਣਾ ਸ਼ੁਰੂ ਕਰ ਦਿੰਦੇ ਹੋ ਅਤੇ ਕਹਾਣੀ ਆਪਣੇ ਆਪ ਨਿਖਰਦੀ ਜਾਂਦੀ ਹੈ?**

ਗੋਰਖੀ: ਪੂਰਾ ਖਾਕਾ ਜ਼ਿਹਨ ਵਿਚ ਹੋਣਾ ਬਹੁਤ ਜ਼ਰੂਰੀ ਹੈ। ਜਿਹੜਾ ਲੇਖਕ ਕਹਿੰਦਾ ਹੈ ਕਿ ਬੱਸ ਜੀ, ਉਹ ਤਾਂ ਕਿਤਿਉਂ ਵੀ ਸ਼ੁਰੂ ਕਰ ਲੈਂਦਾ ਹੈ ਤੇ ਲਿਖੀ ਤੁਰਿਆ ਜਾਂਦਾ ਹੈ ਤੇ ਕਹਾਣੀ ਆਪਣੇ ਆਪ ਬਣ ਜਾਂਦੀ ਹੈ, ਉਹ ਝੂਠ ਬੋਲਦਾ ਹੈ। ਜਾਂ ਫਿਰ ਅਜਿਹੇ ਲੇਖਕ ਲਿਖੀ ਹੀ ਤੁਰੇ ਜਾਂਦੇ ਹਨ, ਉਹਨਾਂ ਨੂੰ




**ਕੈਨੇਡਾ ਵਿਖੇ ਸਾਊਥ ਏਸ਼ੀਆ ਰੀਵਿਊ ਵਲੋਂ ਕਰਵਾਈ ਵਿਸ਼ਵ ਪੰਜਾਬੀ ਕਾਨਫਰੰਸ਼ ਮੌਕੇ ਪ੍ਰੇਮ ਗੋਰਖੀ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਸੁੱਚਾ ਦੀਪਕ ਤੇ ਭੁਪਿਦਰ**

ਰੁਕਣ ਦੀ ਲੋੜ ਨਹੀਂ ਪੈਂਦੀ, ਕਿਉਂਕਿ ਉਹਨਾਂ ਨੂੰ ਆਪਣੀ ਕਹਾਣੀ ਲਈ ਕਿਸੇ ਦੇ ਹੁੰਗਾਰੇ ਦੀ ਲੋੜ ਨਹੀਂ ਹੁੰਦੀ। ਮੈਂ ਜ਼ਿਹਨ ਵਿਚ ਹੀ ਨਹੀਂ, ਬਹੁਤੀ ਵਾਰੀ ਕਾਗਜ਼ ਉਪਰ ਵੀ ਖਾਕਾ ਬਣਾ ਲੈਂਦਾ ਹਾਂ। ਪਾਤਰਾਂ ਦੇ ਨਾਂ, ਸਮਾਂ, ਸਥਾਨ ਅਤੇ ਵਿਸ਼ੇ ਦਾ ਸਾਰ। ਇਹ ਖਾਕਾ ਮੈਂ ਡਾਇਰੀ ਵਿਚ ਚਾੜ੍ਹ ਲੈਂਦਾ ਹਾਂ ਤੇ ਫਿਰ ਕਦੇ ਵੀ ਕਹਾਣੀ ਲਿਖੀ ਜਾ ਸਕਦੀ ਹੈ। ਕਹਾਣੀ ਲਿਖਣ ਸਮੇਂ ਮੇਰੇ ਜ਼ਿਹਨ ਵਿਚ ਮੇਰੇ ਪਾਤਰ ਵਸੇ ਹੋਏ ਹੁੰਦੇ ਹਨ। ਉਹਨਾਂ ਦੀਆਂ ਸ਼ਕਲਾਂ, ਉਹਨਾਂ ਦੀਆਂ ਗੱਲਾਂ, ਬਸ ਮੇਰੇ ਦਿਮਾਗ਼ ਉਪਰ ਭਾਰੂ ਹੁੰਦੇ ਹਨ। ਬਹੁਤੀ ਵਾਰੀ ਇਉਂ ਵੀ ਹੁੰਦਾ ਹੈ ਕਿ ਮੈਂ ਪਾਤਰਾਂ ਨਾਲ ਬਹੁਤ ਇਕਮਿਕ ਹੋ ਜਾਂਦਾ ਹਾਂ। ਲੇਖਕ ਨੂੰ ਰਚਨਾ ਦੇ ਪੱਖੋਂ ਕਈ ਨੁਕਤੇ ਧਿਆਨ ਵਿਚ ਰੱਖਣੇ ਪੈਂਦੇ ਹਨ। ਆਪਣੀਆਂ ਪਹਿਲੀਆਂ ਕਹਾਣੀਆਂ ਨਾਲੋਂ ਹੋਰ ਵਧੀਆ ਲਿਖਣ, ਦੂਜੇ ਲੇਖਕਾਂ ਨਾਲੋਂ ਕਹਾਣੀ ਵੱਖਰੀ ਹੋਣ ਵਾਲੀ ਗੱਲ ਵੀ ਤਾਂ ਹੈ।

**ਭੁੱਲਰ: ਕਹਾਣੀ ਦਾ ਨਾਂ ਆਮ ਕਰਕੇ ਕਹਾਣੀ ਲਿਖਣ ਤੋਂ ਪਹਿਲਾਂ ਹੀ ਰੱਖ ਲੈਂਦੇ ਹੋ ਜਾਂ ਬਾਅਦ ਵਿਚ?**

ਗੋਰਖੀ: ਅਕਸਰ ਬਾਅਦ ਵਿਚ। ਕਈ ਵਾਰੀ ਪਹਿਲਾਂ ਵੀ ਰੱਖ ਕੇ ਦੇਖਿਆ ਹੈ, ਪਰ ਗੱਲ ਬਣੀ ਨਹੀਂ।

**ਭੁੱਲਰ: ਪਾਤਰਾਂ ਦੇ ਨਾਂਵਾਂ ਨੂੰ ਕਿੰਨਾ ਕੁ ਮਹੱਤਵ ਦਿੰਦੇ ਹੋ?**

ਗੋਰਖੀ: ਪਾਤਰਾਂ ਦੇ ਨਾਂ ਰੱਖਣ ਲੱਗਿਆ ਮੈਂ ਕਈ ਪੱਖਾਂ ਤੋਂ ਸੋਚ-ਵਿਚਾਰ ਕਰਦਾ ਹਾਂ। ਮੈਂ ਕਾਹਲੀ ਵਿਚ ਨਾਂ ਨਹੀਂ ਰਖਦਾ। ਮੈਂ ਦੇਖਦਾ ਹਾਂ, ਮੇਰੀ ਕਹਾਣੀ ਦਾ ਵਿਸ਼ਾ ਕੀ ਹੈ ਅਤੇ ਇਹ ਕਿਨ੍ਹਾਂ ਲੋਕਾਂ ਦੀ ਕਹਾਣੀ ਹੈ। ਜੇ ਮੈਂ ਕਹਾਣੀ ਵਿਚ ਕੋਈ ਜਗੀਰਦਾਰ ਜਾਂ ਵੱਡਾ ਸਰਦਾਰ ਦਿਖਾਉਣਾ ਹੈ ਤਾਂ ਉਹਦਾ ਨਾਂ ਸੁੱਚਾ ਸਿੰਘ, ਮੋਹਨ ਸਿੰਘ ਜਾਂ ਗੁਰਮੇਲ, ਹਰਨਾਮ ਨਹੀਂ ਰਖਾਂਗਾ। ਉਥੇ ਮੈਂ ਜੰਗਬਹਾਦਰ ਸਿੰਘ, ਬੀਰ ਬਲਕਰਨ ਸਿੰਘ, ਹਰਦਲਜੀਤ ਸਿੰਘ ਜਿਹੇ ਨਾਂਵਾਂ ਦੀ ਚੋਣ ਕਰਾਂਗਾ। ਜਦੋਂ ਕੋਈ ਗਰੀਬ ਹਿੰਦੂ ਪਰਿਵਾਰ ਦਿਖਾਉਣਾ ਹੈ, ਉਥੇ ਕੀਮਤੀ, ਰੋਸ਼ਨ, ਬਰਿਜ, ਬੰਸੀ, ਆਦਿ ਨਾਂ ਰਖਾਂਗਾ। ਸ਼ਹਿਰੀ ਪਾਤਰਾਂ ਦੇ ਨਾਂਵਾਂ ਦਾ ਵੀ ਧਿਆਨ ਰਖਿਆ ਜਾਂਦਾ ਹੈ।

**ਭੁੱਲਰ: ਕਹਾਣੀ ਪੂਰੀ ਹੋ ਜਾਣ ਮਗਰੋਂ ਤੁਸੀਂ ਪਰਿਵਾਰ ਜਾਂ ਦੋਸਤਾਂ ਜਾਂ ਲੇਖਕਾਂ ਨੂੰ ਸੁਣਾਉਣ ਵਿਚ ਵਿਸ਼ਵਾਸ ਰੱਖਦੇ ਹੋ? ਇਉਂ ਤਰੁਟੀਆਂ ਨਿੱਕਲ ਜਾਣ ਦੀ ਅਤੇ ਬਿਹਤਰੀਆਂ ਹੋ ਜਾਣ ਦੀ ਵਧੀਆ ਸੰਭਾਵਨਾ ਬਣ ਸਕਦੀ ਹੈ?**

ਗੋਰਖੀ: ਸੁਣਾਉਂਦਾ ਮੈਂ ਕਿਸੇ ਨੂੰ ਨਹੀਂ, ਆਪਣੀ ਪਤਨੀ ਤੋਂ ਬਿਨਾਂ। ਬਸ ਇਕ-ਦੋ ਦੋਸਤਾਂ ਨੂੰ ਪੜ੍ਹਾਉਂਦਾ ਹਾਂ, ਬਹੁਤ ਨਜ਼ਦੀਕੀ ਵਿਦਵਾਨ ਦੋਸਤਾਂ ਨੂੰ। ਉਹ ਰਾਇ ਵੀ ਵਧੀਆ ਦਿੰਦੇ ਹਨ। ਮੇਰਾ ਮੱਤ ਹੈ ਕਿ ਛਪਣ ਤੋਂ ਪਹਿਲਾਂ ਰਚਨਾ ਬਹੁਤੇ ਹੱਥੀਂ ਨਹੀਂ ਦੇਣੀ ਚਾਹੀਦੀ। ਬਹੁਤੇ ਲੋਕ ਤੁਹਾਡੀ ਰਚਨਾ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਮੈਂ ਕਈ ਲੇਖਕ ਸੱਜਨਾਂ ਨੂੰ ਨਵੀਂ ਕਹਾਣੀ ਰਾਇ ਲੈਣ ਲਈ ਦੇ ਕੇ ਦੇਖਿਆ ਹੈ। 'ਬਹੁਤ ਵਧੀਆ' ਕਹਿ ਕੇ ਸਾਰ ਦਿੰਦੇ ਰਹੇ ਨੇ। ਮੈਂ ਤਾਂ ਸੁਝਾਅ ਦਿਆਂਗਾ ਕਿ ਕਹਾਣੀ ਲਿਖ ਕੇ ਇਕ-ਅੱਧੇ ਦੋਸਤ ਨੂੰ ਸੁਣਾ ਜਾਂ ਪੜ੍ਹਾ ਦਿਓ, ਬਸ । ਰਚਨਾ ਦੇ ਵਿਸ਼ੇ ਬਾਰੇ ਨਾ ਬਹੁਤੇ ਲੇਖਕ ਦੋਸਤਾਂ ਕੋਲ ਗੱਲ ਕਰੋ, ਨਾ ਹੀ ਅਣਛਪੀ ਰਚਨਾ ਬਹੁਤੇ ਹੱਥੀਂ ਦਿਓ। ਪਤਾ ਨਹੀਂ ਤੁਹਾਡੀ ਕਿਹੜੀ ਚੀਜ਼ ਮੁੜ ਕੇ ਤੁਹਾਨੂੰ ਨਾ ਮਿਲੇ, ਤੁਹਾਡਾ ਪਾਤਰ, ਵਿਚਾਰ, ਤਕਨੀਕ ਤੇ ਥੀਮ। ਕਈ ਤਰ੍ਹਾਂ ਦੀਆਂ ਗਲਤੀਆਂ ਤੋਂ ਬਾਅਦ ਮੈਂ ਫੈਸਲਾ ਕੀਤਾ ਕਿ ਆਪਣੀ ਰਚਨਾ ਦਾ ਵਿਸ਼ਾ ਕਿਸੇ ਦੂਜੇ ਲੇਖਕ-ਮਿੱਤਰ ਨਾਲ ਕਦੇ ਵੀ ਸਾਂਝਾ ਨਹੀਂ ਕਰਨਾ ਚਾਹੀਦਾ।

**ਭੁੱਲਰ: ਕਹਾਣੀ ਦਾ ਵਿਸ਼ਾ ਸਾਕਾਰ ਹੋਣ ਲਈ ਰੂਪ ਦੀ ਕਾਇਆ ਲੋੜਦਾ ਹੈ ਅਤੇ ਸ਼ੈਲੀ ਉਸ ਵਿਚ ਖ਼ੁਸ਼ਬੋ ਵਾਂਗ ਰਚ-ਵਸ ਜਾਂਦੀ ਹੈ। ਕਹਾਣੀ ਦੀ ਸਫਲਤਾ ਲਈ ਤੁਸੀਂ ਇਹਨਾਂ ਤਿੰਨਾਂ ਦਾ ਆਪਣੀ-ਆਪਣੀ ਥਾਂ ਕੀ ਮਹੱਤਵ ਸਮਝਦੇ ਹੋ?**

ਗੋਰਖੀ: ਮੈਂ ਕਹਾਣੀ ਲਿਖਣ ਤੋਂ ਪਹਿਲਾਂ ਇਹਨਾਂ ਤਿੰਨ ਅਹਿਮ ਨੁਕਤਿਆਂ ਬਾਰੇ ਹੀ ਮੁੱਖ ਤੌਰ ਉੱਤੇ ਵਿਚਾਰਿਆ ਹੁੰਦਾ ਹੈ। ਮੇਰੇ ਖਿਆਲ ਵਿਚ ਇਹਨਾਂ ਤਿੰਨਾਂ ਵਿਚੋਂ ਕਿਸੇ ਸੰਬੰਧੀ ਵੀ ਕੋਈ ਢਿੱਲ ਨਹੀਂ ਦਿੱਤੀ ਜਾਣੀ ਚਾਹੀਦੀ। ਤਿੰਨੋਂ ਪੱਖ ਬਰਾਬਰ ਚੱਲਣੇ ਚਾਹੀਦੇ ਹਨ। ਜਿਨ੍ਹਾਂ ਵੀ ਲੇਖਕਾਂ ਨੇ ਇਹਨਾਂ ਤਿੰਨਾਂ ਪੱਖਾਂ ਨੂੰ ਬਹੁਤ ਗੰਭੀਰਤਾ ਨਾਲ ਲੈ ਕੇ ਰਚਨਾ ਕੀਤੀ ਹੈ, ਉਹੋ ਸਫ਼ਲ ਲੇਖਕ ਬਣੇ ਹਨ। ਮੇਰੇ ਜ਼ਿਹਨ ਵਿਚ ਕਈ ਅਜਿਹੇ ਲੇਖਕ ਹਨ ਜਿਹੜੇ ਵਿਸ਼ੇ ਨੂੰ ਬਹੁਤੀ ਮਹੱਤਤਾ ਨਹੀਂ ਦਿੰਦੇ, ਸਿਰਫ਼ ਸ਼ੈਲੀ ਉੱਪਰ ਹੀ ਜ਼ੋਰ ਦਿੰਦੇ ਹਨ। ਉਸ ਸ਼ੈਲੀ ਦੀ ਕੁਝ ਚਿਰ ਵਾਹਵਾ ਜ਼ਰੂਰ ਹੁੰਦੀ ਹੈ। ਕਈਆਂ ਕੋਲ ਵਿਸ਼ਾ ਕਮਾਲ ਦਾ ਹੁੰਦਾ ਹੈ ਪਰ ਨਾ ਉਹ ਰੂਪ ਉਤੇ ਜ਼ੋਰ ਦਿੰਦੇ ਹਨ, ਨਾ ਹੀ ਸ਼ੈਲੀ ਦਾ ਸਹੀ ਉਪਯੋਗ ਕਰਦੇ ਹਨ। ਨਿਰਸੰਦੇਹ ਉਹਨਾਂ ਦੀ ਰਚਨਾ ਇਕ ਸੀਮਾ ਤੱਕ ਮਹਿਦੂਦ ਰਹੇਗੀ, ਚਿਰੰਜੀਵੀ ਨਹੀਂ ਹੋਵੇਗੀ।

**ਭੁੱਲਰ: ਤੁਹਾਡੇ ਪਾਤਰਾਂ ਦੀ ਵਾਰਤਾਲਾਪੀ ਭਾਸ਼ਾ ਪੜ੍ਹਨ-ਲਿਖਣ ਵਾਲੀ ਭਾਸ਼ਾ ਤੋਂ ਬਹੁਤ ਦੂਰ ਹੈ। ਇਹ ਠੀਕ ਹੈ ਕਿ ਅਜਿਹੇ ਪਾਤਰ ਇਉਂ ਹੀ ਬੋਲਦੇ ਹਨ। ਪਰ ਹਰ ਵਿਅਕਤੀ, ਉਹਦਾ ਭਾਸ਼ਾਈ ਪੱਧਰ ਕੁਝ ਵੀ ਹੋਵੇ, ਇਕੋ ਗੱਲ ਕਈ ਢੰਗਾਂ ਨਾਲ ਆਖ ਸਕਦਾ ਹੁੰਦਾ ਹੈ। ਮੇਰਾ ਮੱਤ ਹੈ ਕਿ ਪਾਤਰਾਂ ਦੀ ਭਾਸ਼ਾ ਅਜਿਹੀ ਹੋਣੀ ਚਾਹੀਦੀ ਹੈ ਜੋ ਉਹਨਾਂ ਦੇ ਮੂੰਹੋਂ ਓਪਰੀ ਵੀ ਨਾ ਲੱਗੇ ਅਤੇ ਸਮਝਣ ਵਿਚ ਪਾਠਕਾਂ ਨੂੰ ਵੀ ਔਖ ਨਾ ਹੋਵੇ। ਤੁਹਾਡੀ ਦਾਲ ਵਿਚੋਂ ਇਕ ਦਾਣਾ ਦੇਖੋ। ਕਹਾਣੀ 'ਲਿਸ਼ਕੋਰ' ਵਿਚ ਬੀਰ ਸਿਹੁੰ ਕਿਸੇ ਦੀ ਆਵਾਜ਼ ਦੇ ਉੱਤਰ ਵਿਚ ਪੁੱਛਦਾ ਹੈ, "ਕਿਹੜਾ ਬਈ ਐਸ ਲਾਂ?" ਇਹ 'ਲਾਂ' ਜੋ 'ਵੇਲੇ' ਦਾ ਬਿਲਕੁਲ ਵਿਗੜਿਆ ਰੂਪ ਹੈ, ਬਹੁਤੇ ਪੰਜਾਬੀ ਪਾਠਕਾਂ ਦੇ ਵੀ ਸਮਝ ਨਹੀਂ ਆਵੇਗਾ। ਕਿਤਾਬੀ ਪੰਜਾਬੀ ਜਾਣਨ ਵਾਲਾ ਤਾਂ ਬਿਲਕੁਲ ਬੇਵੱਸ ਹੋ ਜਾਵੇਗਾ। ਇਸ ਭਾਸ਼ਾਈ ਸਮੱਸਿਆ ਬਾਰੇ ਤੁਹਾਡਾ ਕੀ ਵਿਚਾਰ ਹੈ?**

ਗੋਰਖੀ: ਇਹ ਜੋ ਵਾਰਤਾਲਾਪੀ ਭਾਸ਼ਾ ਦੀ ਗੱਲ ਕੀਤੀ ਹੈ ਕਿ ਮੇਰੇ ਪਾਤਰਾਂ ਦੀ ਇਹ ਭਾਸ਼ਾ ਪੜ੍ਹਨ-ਲਿਖਣ ਵਾਲੀ ਭਾਸ਼ਾ ਤੋਂ ਬਹੁਤ ਦੂਰ ਹੈ, ਮੈਂ ਇਸ ਗੱਲ ਨਾਲ ਤਾਂ ਸਹਿਮਤ ਹਾਂ ਕਿ ਪਾਤਰਾਂ ਦੀ ਭਾਸ਼ਾ ਅਜਿਹੀ ਹੋਣੀ ਚਾਹੀਦੀ ਹੈ ਕਿ ਆਮ ਪਾਠਕ ਦੀ ਸਮਝ ਆ ਸਕੇ, ਪਰ ਜਦੋਂ ਪਾਤਰ ਸਥਾਨਕ ਰੰਗ ਵਿਚ ਰੰਗੇ ਸ਼ਬਦ ਬੋਲਣਗੇ, ਜੋ ਉਹਨਾਂ ਦੀ ਆਮ ਬੋਲ-ਚਾਲ ਦਾ ਹਿੱਸਾ ਹਨ ਤਾਂ ਓਪਰੇ ਕਿਵੇਂ ਲਗਣਗੇ?ਮੈਂ ਇਸ ਵਾਕ ਨੂੰ ਇਉਂ ਵੀ ਲਿਖ ਸਕਦਾ ਸੀ, "ਕਿਹੜਾ ਬਈ ਐਸ ਵੇਲੇ?" ਪਰ ਸਾਡਾ ਉਪਰੋਕਤ ਸ਼ਬਦ




**ਜਿਲ੍ਹਾ ਲਿਖਾਰੀ ਸਭਾ ਰੂਪ ਨਗਰ ਦੇ ਸਮਾਗਮ ਵਿਚ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਪ੍ਰੇਮ ਗੋਰਖੀ**

ਇਉਂ ਹੀ ਬੋਲਿਆ ਜਾਂਦਾ ਹੈ ਜਿਵੇਂ ਮਾਲਵੇ ਵਿਚ ਊਠ ਨੂੰ ਉੱਠ, ਸਾਫੇ ਜਾਂ ਪਰਨੇ ਨੂੰ ਮੂਕਾ ਜਾਂ ਸਮੋਸਾ ਕਹਿੰਦੇ ਹਨ। ਮੇਰਾ ਖਿਆਲ ਹੈ, ਆਪੋ-ਆਪਣੇ ਖੇਤਰ ਦੀ ਸਥਾਨਕ ਰੰਗਤ ਭਾਸ਼ਾ ਉੱਤੇ ਜ਼ਰੂਰ ਅਸਰ-ਅੰਦਾਜ਼ ਹੁੰਦੀ ਹੈ। ਬਾਕੀ ਬਹੁਤੀ ਵਾਰੀ ਅਜਿਹੇ ਸ਼ਬਦ ਸਹਿਜ-ਸੁਭਾਅ ਵੀ ਸਾਡੀਆਂ ਲਿਖਤਾਂ ਦਾ ਅੰਗ ਬਣ ਜਾਂਦੇ ਹਨ। ਮੁਕਦੀ ਗੱਲ, ਭੁੱਲਰ ਸਾਹਿਬ ਇਹ ਆ ਕਿ ਮੈਂ ਕਿਹੜਾ ਕਾਲਜਾਂ-ਯੂਨੀਵਰਸਿਟੀਆਂ ਵਿਚੋਂ ਵਿੱਦਿਆ ਲਈ ਹੈ। ਮੈਂ ਤਾਂ ਆਪਣੇ ਤੋਂ ਵੱਡਿਆਂ ਨੂੰ ਪੜ੍ਹ-ਪੜ੍ਹ ਕੇ ਹੀ ਲਿਖਣਾ ਸ਼ੁਰੂ ਕੀਤਾ ਸੀ ਤੇ ਲਿਖ ਰਿਹਾ ਹਾਂ। ਇਹ ਗੁਣ-ਔਗੁਣ ਸਾਰਾ ਕੁਝ ਹੀ ਤੁਹਾਡਾ ਵੱਡਿਆਂ ਦਾ ਦਿੱਤਾ ਹੋਇਆ ਹੈ। ਤੁਸੀਂ ਕਹਿੰਦੇ ਹੋ ਤਾਂ ਅੱਗੋਂ ਲਈ ਸੁਧਾਰ ਕਰਾਂਗਾ।

**ਭੁੱਲਰ: ਤੁਹਾਡੀ ਕਹਾਣੀ 'ਬਚਨਾ ਬੱਕਰਵੱਢ' ਪੰਜਾਬ ਸਮੱਸਿਆ ਦੇ ਪ੍ਰਸੰਗ ਵਿਚ ਇਕ ਉੱਤਮ ਕਿਰਤ ਹੈ। ਜਿੱਥੇ ਤਖਤ ਸਿੰਘ ਧਾਰਮਿਕ-ਰਾਜਨੀਤਕ ਜਨੂੰਨ ਵੱਲੋਂ ਵਿਅਕਤੀ ਨੂੰ ਵਿਅਕਤਿਤਵ ਬਣਾਏ ਜਾਣ ਦਾ ਪ੍ਰਤੀਕ ਹੈ, ਉਥੇ ਥਾਣੇਦਾਰ ਬਚਨ ਸਿੰਘ ਸਿਸਟਮ ਵਲੋਂ ਮਾਨਵ ਦੇ ਅਮਾਨਵੀਕਰਨ ਵੀ ਵਧੀਆ ਮਿਸਾਲ ਹੈ। ਤੁਸੀਂ ਦੋਵਾਂ ਪਾਤਰਾਂ ਦਾ ਅੰਤਰੀਵ ਬੜੀ ਸਫ਼ਲਤਾ ਨਾਲ ਚਿਤਰਿਆ ਹੈ। ਜਿਉਂ-ਜਿਉਂ ਕਹਾਣੀ ਅੱਗੇ ਵਧਦੀ ਹੈ, ਕਮਾਂਡਰ ਅਤੇ ਤਖਤ ਸਿੰਘ ਸਗੋਂ ਬੱਕਰਵੱਢ ਲੱਗਣ ਲਗਦੇ ਹਨ। ਇਹਨਾਂ ਪਾਤਰਾਂ ਨਾਲ ਤੁਹਾਡਾ ਯਥਾਰਥਕ ਵਾਹ ਕਿੰਨਾ ਕੁ ਪਿਆ ਸੀ ਅਤੇ ਕਲਪਨਾ ਦੀ ਮਿੱਸ ਕਿੰਨੀ ਕੁ ਪਾਈ ਗਈ ਹੈ?**

ਗੋਰਖੀ: ਕਹਾਣੀ 'ਬਚਨਾ ਬੱਕਰਵੱਢ' ਬਾਰੇ ਤੁਹਾਡਾ ਸਵਾਲ ਬੜਾ ਰੌਚਕ ਹੈ। ਇਸ ਕਹਾਣੀ ਦਾ ਪੌਣੇ ਨਾਲੋਂ ਵੱਧ ਹਿੱਸਾ ਯਥਾਰਥਕ ਹੈ। ਇਹ ਮੇਰੇ ਆਪਣੇ ਨਾਲ ਹੀ ਵਾਪਰੀ ਘਟਨਾ ਹੈ। 1989-90 ਵਿਚ ਮੈਂ ਇਕ ਦਿਨ ਸਹੁਰਿਆਂ ਨੂੰ ਤੁਰ ਪਿਆ, ਬਰਸਾਤ ਦੇ ਦਿਨ ਸਨ। ਬਲਾਚੌਰ ਕੋਲ ਕਾਠਗੜ੍ਹ ਵਾਲਾ ਪੁੱਲ ਟੁੱਟਣ ਕਰਕੇ ਸੜਕ ਵਿਚ ਪਾੜ ਪਿਆ ਹੋਇਆ ਸੀ। ਸਾਰੇ ਯਾਤਰੀ ਜੁੱਤੀਆਂ ਲਾਹ ਕੇ ਗਾਰੇ ਨੂੰ ਪਾਰ ਕਰ ਰਹੇ ਸਨ। ਇਥੇ ਹੀ ਦੂਜੀ ਬੱਸ ਲੈਣੀ ਪਈ। ਹੁਸ਼ਿਆਰਪੁਰ ਪਹੁੰਚਦਿਆਂ ਹੀ ਸਾਢੇ ਛੇ ਵੱਜ ਗਏ। ਉਹਨੀਂ ਦਿਨੀਂ ਪੰਜਾਬ ਦੇ ਸਾਰੇ ਬੱਸ ਅੱਡੇ ਛੇ ਵਜੇ ਤੱਕ ਸੁੰਨੇ ਹੋ ਜਾਇਆ ਕਰਦੇ ਸਨ। ਮੈਂ ਪੁੱਛ-ਪੁੱਛਾ ਕੇ ਸ਼ਹਿਰੋਂ ਬਾਹਰ ਦੋ ਮੀਲ ਤੁਰ ਕੇ ਟਾਂਡੇ ਵਾਲੇ ਚੁਰਾਹੇ ਉੱਤੇ ਅੱਪੜਿਆ। ਉਥੋਂ ਰਾਤ ਨੂੰ ਟਰੱਕ ਮਿਲਿਆ,

ਬੁਲੋਵਾਲ ਤੱਕ ਜਾਣ ਵਾਲਾ। ਸੁੰਨਾ ਕਸਬਾ ਦੇਖ ਕੇ ਭੈ ਆਵੇ। ਸਹੁਰਿਆਂ ਦਾ ਪਿੰਡ ਅਜੇ ਹੋਰ ਚਾਰ ਮੀਲ ਦੂਰ ਸੀ। ਇਥੇ ਹੀ ਮੈਂ ਇਕ ਸਰਾਂ ਵਿਚ ਗਿਆ ਤੇ ਅੱਗੇ ਉਸ ਥਾਣੇਦਾਰ ਨਾਲ ਮੇਲ ਹੋਇਆ। ਉਹਦੀ ਸਾਰੇ ਇਲਾਕੇ ਵਿਚ ਦਹਿਸ਼ਤ ਸੀ। ਪਰ ਮੇਰੇ ਨਾਲ ਗੱਲਬਾਤ ਖੁੱਲ੍ਹਦੀ-ਖੁੱਲ੍ਹਦੀ ਦੂਰ ਚਲੀ ਗਈ ਤੇ ਮੈਂ ਉਸ ਬੰਦੇ ਨੂੰ ਅੰਦਰੋਂ ਦੇਖ ਲਿਆ। ਇਸ ਤੋਂ ਬਾਅਦ ਮੈਂ ਇਹ ਕਹਾਣੀ ਉਸਾਰੀ। ਅਤਿਵਾਦੀ ਮੁੰਡਾ ਵੀ ਮੇਰਾ ਰਿਸ਼ਤੇਦਾਰ ਸੀ ਜੋ ਖਾੜਕੂਆਂ ਨਾਲ ਜਾ ਰਲਿਆ ਸੀ ਤੇ ਦਸੂਹੇ ਲਾਗੇ ਮਾਰਿਆ ਗਿਆ ਸੀ। ਸੋ ਇਉਂ ਇਹ ਕਹਾਣੀ ਲਿਖੀ ਗਈ ਜੀਹਨੂੰ ਸਾਡੇ ਇਕ ਨੌਜਵਾਨ ਆਲੋਚਕ ਡਾਕਟਰ ਨੇ ਇਸ ਕਰਕੇ ਨਿੰਦਿਆ ਕਿ ਇਹ ਖੂੰਖਾਰ ਪੁਲਸੀਏ ਨੂੰ ਇਕ ਚੰਗਾ ਪੁਲਸੀਆ ਅਤੇ ਮਨੁੱਖ ਬਣਾ ਕੇ ਪੇਸ਼ ਕਰਦੀ ਹੈ।

**ਭੁੱਲਰ: ਲੇਖਕ ਦੇ ਪ੍ਰਤੀਬੱਧ ਹੋਣ ਜਾਂ ਨਾ ਹੋਣ ਦੀ ਬਹਿਸ ਵਿਚ ਤੁਸੀਂ ਕਿਥੇ ਖਲੋਤੇ ਹੋਏ ਹੋ?**

ਗੋਰਖੀ: ਹਰ ਲੇਖਕ ਪ੍ਰਤੀਬੱਧ ਹੁੰਦਾ ਹੈ। ਇਹ ਕੋਈ ਜ਼ਰੂਰੀ ਨਹੀਂ ਕਿ ਉਹ ਕਿਸੇ ਖਾਸ ਵਿਚਾਰਧਾਰਾ ਦਾ ਪ੍ਰਚਾਰ ਹੀ ਕਰੇ ਜਾਂ ਕਿਸੇ ਫਲਸਫੇ ਨੂੰ ਆਪਣੀਆਂ ਲਿਖਤਾਂ ਰਾਹੀਂ ਰੂਪਮਾਨ ਕਰੇ। ਪ੍ਰਤੀਬੱਧਤਾ ਹੁੰਦੀ ਹੈ ਸਿੱਧੇ ਸ਼ਬਦਾਂ ਵਿਚ ਤੁਸੀਂ ਲੋਟੂ ਧਿਰ ਨਾਲ ਖੜ੍ਹੇ ਹੋ ਜਾਂ ਲੁੱਟੀ ਜਾ ਰਹੀ ਧਿਰ ਨਾਲ। ਇਸੇ ਨੁਕਤੇ ਦੀਆਂ ਅੱਗੇ ਵੱਖ-ਵੱਖ ਦਿਸ਼ਾਵਾਂ ਹਨ ਤੇ ਲੇਖਕ ਉਹਨਾਂ ਦਿਸ਼ਾਵਾਂ ਨੂੰ ਅਪਨਾਈ ਚਲਦਾ ਜਾਂਦਾ ਹੈ। ਇਸ ਵਿਚ ਰੂਪ ਕਈ ਹੋ ਸਕਦੇ ਹਨ, ਧਰਤੀ ਵੱਖਰੀ ਹੋ ਸਕਦੀ ਹੈ ਪਰ ਸਮੁੱਚੇ ਤੌਰ ਉੱਤੇ ਲੇਖਕ ਦੇ ਸਾਹਮਣੇ ਨਿਸ਼ਾਨੇ ਉਹੀ ਰਹਿੰਦੇ ਹਨ। ਮੈਂ ਆਪਣੀ ਨੀਤੀ ਕਿਸੇ ਉੱਪਰ ਠੋਸਦਾ ਨਹੀਂ ਹਾਂ ਕਿ ਲੇਖਕ ਨੂੰ ਲਾਜ਼ਮੀ ਤੌਰ ਉੱਤੇ ਪ੍ਰਤੀਬੱਧ ਹੋਣਾ ਹੀ ਚਾਹੀਦਾ ਹੈ। ਪਰ ਸਵਾਲ ਪੈਦਾ ਹੁੰਦਾ ਹੈ, ਜੇ ਤੁਸੀਂ ਜ਼ਮੀਨ ਉੱਤੇ ਖਲੋ ਕੇ ਕੋਈ ਗੱਲ ਕਰਨੀ ਹੈ ਤਾਂ ਇਹ ਲਾਜ਼ਮੀ ਨਿਰਣਾ ਕਰਨਾ ਪਏਗਾ ਕਿ ਤੁਹਾਡੇ ਪੈਰਾਂ ਹੇਠਲੀ ਜ਼ਮੀਨ ਕਿਹੜੀ ਹੈ।

**ਭੁੱਲਰ: ਪ੍ਰਤੀਬੱਧਤਾ ਦੇ ਨਾਲ ਜੁੜਵਾਂ ਹੀ ਸਵਾਲ ਵਿਚਾਰਧਾਰਾ ਦਾ ਆ ਜਾਂਦਾ ਹੈ। ਲੇਖਕ ਲਈ ਵਿਚਾਰਧਾਰਾ ਕਿੰਨੀ ਜ਼ਰੂਰੀ ਹੈ ਅਤੇ ਉਹਦੀ ਰਚਨਾ ਨਾਲ ਇਸ ਵਿਚਾਰਧਾਰਾ ਦਾ ਕਿਹੋ ਜਿਹਾ ਨਾਤਾ ਹੋਵੇ?**

ਗੋਰਖੀ: ਸਾਡੇ ਪੰਜਾਬੀ ਵਿਚ ਇਹ ਰਿਵਾਜ ਹੈ ਕਿ ਜੇ ਕੋਈ ਬੰਦਾ ਸਿੱਧਾ ਕਿਸੇ ਪਾਰਟੀ ਨਾਲ ਜੁੜਿਆ ਹੋਇਆ ਹੈ, ਜਾਂ ਉਹ ਕਿਸੇ ਇਕ ਸਿਆਸੀ ਪਾਰਟੀ ਨੂੰ ਮਹੀਨਾਵਾਰ ਚੰਦਾ ਜਾਂ ਮਾਇਕ ਪੱਖੋਂ ਮਦਦ ਦਿੰਦਾ ਹੈ ਤਾਂ ਉਸ ਨੂੰ ਵਿਚਾਰਧਾਰਕ ਪੱਖੋਂ ਉਸ ਪਾਰਟੀ ਦਾ ਹੀ ਕਾਰਕੁੰਨ ਸਮਝ ਲਿਆ ਜਾਂਦਾ ਹੈ। ਜੇ ਉਹ ਲੇਖਕ ਹੋਵੇ, ਭਾਵੇਂ ਉਸ ਦੀਆਂ ਰਚਨਾਵਾਂ ਵਿਚਾਰਧਾਰਕ ਪੱਖੋਂ ਉਸ ਪਾਰਟੀ ਦੀਆਂ ਨੀਤੀਆਂ ਨਾਲ ਮੇਲ ਖਾਂਦੀਆਂ ਹੋਣ ਜਾਂ ਨਾ। ਮੈਂ ਕਿਸੇ ਸਿਆਸੀ ਪਾਰਟੀ ਨਾਲ ਸਿੱਧੇ ਤੌਰ ਉੱਤੇ ਕਦੇ ਵੀ ਨਹੀਂ ਜੁੜਿਆ। ਬਹੁਤੇ ਲੇਖਕ ਇਉਂ ਜੁੜਿਆ ਵੀ ਨਹੀਂ ਕਰਦੇ। ਪਰ ਇਸ ਦੇ ਬਾਵਜੂਦ ਲੇਖਕ ਦੇ ਅੰਦਰ ਇਕ ਨਿਰਣਾਇਕ ਸ਼ਕਤੀ ਹੁੰਦੀ ਹੈ ਜੋ ਉਸ ਲਈ ਪਥ-ਪਰਦਰਸ਼ਕ ਦਾ ਕੰਮ ਕਰਦੀ ਹੈ ਕਿ ਉਸ ਨੇ ਕਿਹੜਾ ਠੀਕ ਰਾਹ ਅਪਨਾਉਣਾ ਹੈ ਤੇ ਉਸ ਨੇ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਦਾ ਕਿਹੜੇ ਨਜ਼ਰੀਏ ਨਾਲ ਵਿਸ਼ਲੇਸ਼ਣ ਕਰਕੇ, ਕਿਸ ਪ੍ਰਕਾਰ ਆਪਣੀ ਰਚਨਾ ਪ੍ਰਕਿਰਿਆ ਦਾ ਹਿੱਸਾ ਬਣਾਉਣਾ ਹੈ। ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ, ਉਸ ਸਮੇਂ ਨਕਸਲਵਾਦੀ ਲਹਿਰ ਦਾ ਜ਼ੋਰ ਸੀ ਜਿਹੜੀ ਸਾਹਿਤ ਨਾਲ ਜੁੜੇ ਨੌਜਵਾਨਾਂ ਉੱਤੇ ਸਿੱਧਾ ਅਸਰ ਕਰਦੀ ਸੀ। ਮੈਂ ਮੁਹੱਲੇ ਵਿਚਲੀ ਭਾਰਤ ਨੌਜਵਾਨ ਸਭਾ ਵਿਚ ਆਉਂਦਾ-ਜਾਂਦਾ ਸੀ। ਰਾਜਿੰਦਰ ਸਿੰਘ ਚੀਮਾ ਸਾਨੂੰ ਮੁੰਡਿਆਂ ਨੂੰ ਸ਼ਹੀਦ ਭਗਤ ਸਿੰਘ ਤੇ ਹੋਰ ਦੇਸ-ਭਗਤਾਂ ਬਾਰੇ ਭਾਸ਼ਨ ਦਿਆ ਕਰਦੇ ਸਨ, ਬਾਅਦ ਵਿਚ ਉਹਨੇ ਸਾਨੂੰ ਬਾਸਕਟ ਬਾਲ ਖੇਲ੍ਹਣਾ ਸਿਖਾਉਣਾ। ਇਹ ਜਲੰਧਰ ਲਾਡੋਵਾਲੀ ਦੇ ਲਾਇਲਪੁਰ ਖਾਲਸਾ ਕਾਲਜ ਦੀ ਗੱਲ ਹੈ। ਉਸ ਸਭਾ ਦਾ ਮੇਰੇ ਉਤੇ ਏਨਾ ਅਸਰ ਸੀ ਕਿ ਮੈਂ ਪਿੰਡ ਦੇ ਸਫੈਦਪੋਸ਼ਾਂ ਦਾ ਸਿੱਧਾ ਵਿਰੋਧ ਕਰਨ ਲੱਗਾ, ਪੁਲੀਸ-ਟਾਊਟ ਨਾਲ ਆਢਾ ਲਾ ਲਿਆ ਤੇ ਆਪਣੀ ਪੜ੍ਹਾਈ ਪੂਰੀ ਕਰਨ ਦੇ ਦਿਨਾਂ ਵਿਚ ਪੁਲੀਸ ਥਾਣਿਆਂ ਤੇ ਪੁਲੀਸ ਰਿਮਾਂਡਾਂ ਵਿਚ ਤਿੰਨ ਸਾਲ ਉਲਝਿਆ ਰਿਹਾ। ਇਹੋ ਵਜ੍ਹਾ ਹੈ ਕਿ ਮੇਰੀਆਂ ਉਸ ਵੇਲੇ ਦੀਆਂ ਆਰੰਭਲੀਆਂ ਕਹਾਣੀਆਂ ਵਿਚ ਤੁਹਾਨੂੰ ਵਿਚਾਰਧਾਰਕ ਪੱਖੋਂ ਸਪਸ਼ਟ ਤੌਰ ਉਤੇ ਨਾਹਰਾ ਨਜ਼ਰ ਆਏਗਾ। ਮੇਰੀਆਂ ਉਹ ਕਹਾਣੀਆਂ ਇਕ ਲਹਿਰ ਦਾ ਸਿੱਧਾ ਪ੍ਰਚਾਰ ਕਰਦੀਆਂ ਨਜ਼ਰ ਆਉਣਗੀਆਂ। ਮੇਰੀਆਂ ਉਹਨਾਂ ਵਿਚੋਂ ਕਈ ਕਹਾਣੀਆਂ

'ਮਿੱਟੀ ਰੰਗੇ ਲੋਕ' ਕਹਾਣੀ-ਸੰਗ੍ਰਹਿ ਵਿਚ ਸ਼ਾਮਲ ਹਨ। ਇਕ ਗੱਲ ਤਾਂ ਸਪਸ਼ਟ ਹੈ ਕਿ ਲੇਖਕ ਕਦੇ ਵੀ ਢਹਿੰਦੇ ਵਿਚਾਰਾਂ ਵਾਲਾ ਨਹੀਂ ਹੁੰਦਾ। ਉਹਨੇ ਜ਼ਿੰਦਗੀ ਦੀ ਖ਼ੂਬਸੂਰਤੀ ਤੇ ਬਿਹਤਰੀ ਲਈ ਆਪਣੀ ਰਚਨਾ ਨੂੰ ਹਥਿਆਰ ਵਜੋਂ ਵਰਤਣਾ ਹੁੰਦਾ ਹੈ। ਤੁਸੀਂ ਦੇਖਿਆ ਹੋਵੇਗਾ, ਮੇਰੀਆਂ ਕਹਾਣੀਆਂ ਨਿਮਨ ਵਰਗ ਦੀਆਂ ਕਹਾਣੀਆਂ ਹਨ ਜੀਹਨੂੰ ਅੱਜ 'ਦਲਿਤ' ਸ਼ਬਦ ਨਾਲ ਸੰਬੋਧਨ ਕੀਤਾ ਜਾਣ ਲੱਗਾ ਹੈ। ਸੱਚੀ ਗੱਲ ਇਹ ਹੈ ਕਿ ਮੈਂ ਜਦੋਂ ਵੀ ਲਿਖਦਾ ਹਾਂ ਤਾਂ ਵਿਚਾਰਧਾਰਕ ਪੱਖ ਮੇਰੇ ਸਾਹਮਣੇ ਕਦੇ ਵੀ ਨਹੀਂ ਹੋਇਆ। ਘਟਨਾਵਾਂ, ਖਿਆਲ, ਸ਼ੈਲੀ ਤੇ ਪਾਤਰ ਹੀ ਮੇਰੇ ਸਾਹਮਣੇ ਹੁੰਦੇ ਹਨ।

**ਭੁੱਲਰ: ਕੀ ਤੁਸੀਂ ਆਪਣੀ ਸਾਹਿਤਕਾਰੀ ਦਾ ਕੋਈ ਸਮਾਜਿਕ ਜਾਂ ਕਿੱਤੇ ਸਬੰਧੀ ਲਾਭ ਹੋਇਆ ਸਮਝਦੇ ਹੋ?**


**ਪ੍ਰੇਮ ਗੋਰਖੀ ਦੇ ਮਾਤਾ ਰੱਖੀ ਦੇਵੀ**

ਗੋਰਖੀ: ਹਾਂ! ਮੇਰੇ ਕਿੱਤੇ ਵਿਚ ਮੇਰੀ ਸਾਹਿਤਕਾਰੀ ਨੇ ਮੈਨੂੰ ਹਮੇਸ਼ਾ ਲਾਭ ਪਹੁੰਚਾਇਆ ਹੈ। 'ਨਵਾਂ ਜ਼ਮਾਨਾ' ਵਿਚ ਮੈਨੂੰ ਬਾਬਾ ਬੰਨੋਆਣਾ ਨੇ ਨੌਕਰੀ ਉੱਤੇ ਇਸੇ ਕਰਕੇ ਰੱਖਿਆ ਸੀ ਕਿਉਂਕਿ ਉਹਨਾਂ ਨੇ ਮੇਰੀਆਂ ਕਹਾਣੀਆਂ ਪੜ੍ਹੀਆਂ ਹੋਈਆਂ ਸਨ। 'ਅਜੀਤ' ਵਿਚ ਨੌਕਰੀ 'ਤੇ ਰਖਣ ਸਮੇਂ ਵੀ ਬਰਜਿੰਦਰ ਸਿੰਘ ਨੇ ਮੈਨੂੰ ਲੇਖਕ ਹੋਣ ਕਰਕੇ ਤੇ ਜਾਣੂ ਹੋਣ ਕਰਕੇ ਰੱਖਿਆ ਸੀ। ਇਉਂ ਹੀ ਸਮਾਜਿਕ ਪੱਧਰ ਉੱਤੇ ਇਕ ਲੇਖਕ ਵਜੋਂ ਮੇਰੀ ਛਵੀ ਚੰਗੀ ਬਣੀ। ਹੁਣ ਤਾਂ ਹਾਲਤ ਇਹ ਹੈ ਕਿ ਮੇਰੀ ਕਿੱਤੇ ਕਰਕੇ ਘੱਟ, ਸਾਹਿਤਕਾਰ ਵਜੋਂ ਪਛਾਣ ਬਹੁਤੀ ਬਣ ਗਈ ਹੈ।

**ਭੁੱਲਰ: ਕਈ ਲੇਖਕ ਕਹਿੰਦੇ ਹਨ ਕਿ ਉਹਨਾਂ ਦੀ ਰਚਨਾ ਦਾ ਮੁੱਲ ਸੌ ਸਾਲ ਮਗਰੋਂ ਪਵੇਗਾ। ਕੀ ਤੁਹਾਡੀ ਵੀ ਅਜਿਹੀ ਕੋਈ ਧਾਰਨਾ ਹੈ?**

ਗੋਰਖੀ: ਮੈਂ ਅਜਿਹੀ ਖੁਸ਼ਫ਼ਹਿਮੀ ਕਦੀ ਨਹੀਂ ਪਾਲੀ। ਚੰਗੀ ਰਚਨਾ ਦਾ ਮੁੱਲ ਅੱਜ ਹੀ ਪੈਣਾ ਹੈ। ਅਜਿਹੇ ਲੇਖਕ ਬਿਮਾਰ ਸੋਚ ਦੇ ਸ਼ਿਕਾਰ ਹਨ। ਪੈਰ-ਪੈਰ ਉੱਤੇ ਸੰਸਾਰ ਅੰਦਰ ਪ੍ਰੀਵਰਤਨ ਹੋ ਰਹੇ ਹਨ, ਹਰ ਪੱਖ ਤੋਂ। ਇਲੈਕਟ੍ਰੌਨਿਕ ਪੱਧਰ ਉਤੇ, ਮੀਡੀਆ ਪੱਧਰ ਉਤੇ, ਵਿਗਿਆਨ ਮਾਰੋ-ਮਾਰ ਕਰਦਾ ਅੰਬਰ ਵਿਚ ਪੈਰ ਪਸਾਰ ਰਿਹਾ ਹੈ। ਸੌ ਸਾਲ ਬਾਅਦ ਕੀ ਹੋਵੇਗਾ, ਅੱਜ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ।

**ਭੁੱਲਰ: ਲੇਖਕਾਂ ਦਾ ਵਾਹ ਪਾਠਕਾਂ, ਆਲੋਚਕਾਂ ਅਤੇ ਪ੍ਰਕਾਸ਼ਕਾਂ ਨਾਲ ਪੈਂਦਾ ਹੈ। ਇਹਨਾਂ ਸਭਨਾਂ ਬਾਰੇ ਆਪਣੇ ਅਨੁਭਵ ਸਾਂਝੇ ਕਰੋ।**

ਗੋਰਖੀ: ਪਾਠਕਾਂ ਨੇ ਹਮੇਸ਼ਾ ਮੈਨੂੰ ਬਹੁਤ ਮਾਣ ਦਿੱਤਾ ਹੈ। ਪਿਆਰ ਤੇ ਸਤਿਕਾਰ ਦਿੱਤਾ ਹੈ। ਆਲੋਚਕ ਮੇਰੇ ਬਹੁਤੇ ਨਹੀਂ ਹਨ। ਉਹ ਆਪਣੀ ਸਮਰੱਥਾ ਅਨੁਸਾਰ ਗੱਲ ਜ਼ਰੂਰ ਕਰਦੇ ਹਨ। ਮੇਰੇ ਵਿਚ ਸ਼ੁਰੂ ਤੋਂ ਹੀ ਇਹ ਘਾਟ ਰਹੀ ਹੈ ਕਿ ਮੈਂ ਕੋਲੋਂ ਪੈਸੇ ਖਰਚ ਕਰਕੇ ਆਪਣੀਆਂ ਕਿਤਾਬਾਂ ਬਹੁਤੇ ਲੋਕਾਂ (ਵਿਦਵਾਨਾਂ/ ਆਲੋਚਕਾਂ) ਨੂੰ ਪੜ੍ਹਵਾ ਨਹੀਂ ਸਕਿਆ। ਮੈਂ ਕਿਵੇਂ ਕੋਲੋਂ ਕਿਤਾਬਾਂ ਦੇ ਕੇ ਪੜ੍ਹਵਾਵਾਂ? ਉਹਨਾਂ ਨੂੰ ਮਿਲਾਂ-ਗਿਲਾਂ, ਉਹਨਾਂ ਦੇ ਨਾਲ ਬੈਠਾਂ। ਮੇਰੇ ਕੋਲੋਂ ਇਹ ਕੰਮ ਸ਼ੁਰੂ ਤੋਂ ਹੀ ਨਹੀਂ ਕੀਤਾ ਗਿਆ। ਰਹੀ ਗੱਲ

*ਪ੍ਰੇਮ ਗੋਰਖੀ ਦੇ ਤੁਰ ਜਾਣ ਦੀ ਖ਼ਬਰ ਨੇ ਬਹੁਤ ਹੀ ਉਦਾਸ ਕਰ ਦਿੱਤਾ। ਸਾਡਾ ਆਪਸੀ ਪਿਆਰ ਤੇ ਮਿਲਵਰਤ 1969-70 ਵਿਚ ਸ਼ੁਰੂ ਹੋਇਆ। ਉਹ, ਮੁਖ਼ਤਾਰ ਗਿੱਲ ਕੋਲ ਪ੍ਰੀਤ ਨਗਰ ਆਉਂਦਾ ਰਹਿੰਦਾ, ਕਦੀ ਕਦੀ ਮੈਂ ਵੀ ਓਥੇ ਚਲਾ ਜਾਂਦਾ। ਕਦੀ ਉਹ ਮੇਰੇ ਪਿੰਡ ਵੀ ਆ ਜਾਂਦਾ। ਬਹੁਤਾ ਅਸੀਂ ਅੰਬਰਸਰ ਮਿਲਦੇ। ਅਵਾਰਾ ਗਰਦੀ ਕਰਦੇ। ਲੋਕੀ (ਲੋਕ ਨਾਥ) ਵੀ ਨਾਲ ਹੋ ਜਾਂਦਾ। ਅਸੀਂ ਲਿਖਣ ਦਾ ਸਫ਼ਰ ਇਕੱਠਿਆ ਸ਼ੁਰੂ ਕੀਤਾ। ਇਕ ਦੂਜੇ ਨੂੰ ਪੜ੍ਹਦੇ ਤੇ ਇਕ ਦੂਜੇ ਤੋਂ ਚੰਗਾ ਲਿਖਣ ਦੀ ਜ਼ਿਦ ਵਿਚ ਲੱਗੇ ਰਹਿੰਦੇ।*

*1979 ਵਿਚ ਪਲਾਹੀ ਲੇਖਕ ਸਭਾ ਵਾਲਿਆਂ ਨੇ ਪੰਜ ਕਹਾਣੀਕਾਰਾਂ ਨੂੰ (ਪ੍ਰੇਮ ਗੋਰਖੀ, ਅਤਰਜੀਤ, ਸੁਖਵੰਤ ਮਾਨ, ਕਿਰਪਾਲ ਕਜ਼ਾਕ ਤੇ ਮੈਂ) ਪੰਜ-ਪੰਜ ਸੌ ਰੁਪਈਆਂ ਦਾ ਇਨਾਮ ਇਹ ਆਖ ਕੇ ਦਿੱਤਾ ਕਿ ਇਹ ਕਹਾਣੀਕਾਰ ਨੇ ਜਿਨ੍ਹਾਂ ਤੋਂ ਪੰਜਾਬੀ ਕਹਾਣੀ ਨੂੰ ਵੱਡੀਆਂ ਆਸਾਂ ਨੇ। ਸਨਮਾਨ ਦੇਣ ਵਾਲਿਆਂ ਵਿਚ ਸੋਹਣ ਸਿੰਘ ਜੋਸ਼, ਸਾਧੂ ਸਿੰਘ ਹਮਦਰਦ ਤੇ ਪਿਆਰਾ ਸਿੰਘ ਭੋਗਲ ਵਰਗੇ ਨਾਮ ਸਨ। ਮੇਰਾ ਖ਼ਿਆਲ ਏ ਕਿ ਉਹਨਾਂ ਦੀ ਭਵਿੱਖਬਾਣੀ ਸਹੀ ਸਾਬਤ ਹੋਈ। ਸਭਨਾਂ ਨੇ ਪੰਜਾਬੀ ਕਥਾ-ਸਾਹਿਤ ਵਿਚ ਆਪਣਾ ਸੱਬਰਕੱਤਾ ਹਿੱਸਾ ਪਾਇਆ। ਗੋਰਖੀ ਦਾ ਇਸ ਵਿਚ ਨੁਮਾਇਆ ਹਿੱਸਾ ਏ।*

*ਪ੍ਰੇਮ ਗੋਰਖੀ ਨੇ ਕਿਰਪਾਲ ਕਜ਼ਾਕ ਤੇ ਦਲਬੀਰ ਚੇਤਨ ਆਦਿ ਹੋਰ ਦੋਸਤਾਂ ਨਾਲ ਮਿਲ ਕੇ 'ਦੀਵਾ ਬਲੇ ਸਾਰੀ ਰਾਤ' ਦੀਆਂ ਕਹਾਣੀ-ਗੋਸ਼ਟੀਆਂ ਸ਼ੁਰੂ ਕੀਤੀਆਂ। ਕਹਾਣੀਕਾਰ ਪਹਿਲਾਂ ਕਹਾਣੀ ਪੜ੍ਹਦਾ ਤੇ ਫਿਰ ਹਰੇਕ ਜਣਾ ਬੇਦਰੇਗ ਹੋ ਕੇ ਆਪਣੀ ਰਾਇ ਦਿੰਦਾ। ਸਹੀ ਸੇਧ ਦੇਣ ਤੇ ਸੱਚੀ ਰਾਇ ਦੇਣ ਵਿਚ ਹੁੰਦੀ ਸੀ। ਮੈਨੂੰ ਗੋਰਖੀ ਦਾ ਪੋਸਟ ਕਾਰਡ ਪਹੁੰਚਦਾ, ਹੁਕਮ ਹੁੰਦਾ ਕਿ ਮੈਂ ਜ਼ਰੂਰ-ਬਰ-ਜ਼ਰੂਰ ਹਾਜ਼ਰ ਹੋਣਾ ਏਂ। ਮੈਂ ਉਹਦੇ 'ਹੁਕਮ' ਨੂੰ ਮੰਨਦਿਆਂ ਹੀ 'ਦੀਵਾ ਬਲੇ ਸਾਰੀ ਰਾਤ' ਦੀਆਂ ਗੋਸ਼ਟੀਆਂ ਵਿਚ ਸ਼ਾਮਲ ਹੁੰਦਾ ਰਿਹਾਂ। ਦਲਬੀਰ ਚੇਤਨ ਦੇ ਪਿੰਡ, ਬਿਆਸ ਨਛੱਤਰ ਦੇ ਘਰ, ਫਗਵਾੜੇ ਲਾਗੇ ਰਘਬੀਰ ਮਾਨ ਦੇ ਘਰ, ਬਰਨਾਲੇ ਸੁਖਜੀਤ ਭੱਠਲ ਦੇ ਘਰ, ਪਟਿਆਲੇ ਕਜ਼ਾਕ ਦੇ ਪਿੰਡ, ਸੁਰਿੰਦਰ ਰਾਮਪੁਰੀ ਦੇ ਪਿੰਡ ਤੇ ਹੋਰ ਕਈ ਥਾਂਈਂ।*

---

ਪ੍ਰਕਾਸ਼ਕਾਂ ਦੀ, ਸ਼ਾਇਦ ਹੀ ਕੋਈ ਲੇਖਕ ਆਪਣੇ ਪ੍ਰਕਾਸ਼ਕ ਤੋਂ ਖੁਸ਼ ਹੋਵੇ। ਪ੍ਰਕਾਸ਼ਕ ਹੈ ਵਪਾਰੀ ਵਰਗ। ਉਹ ਕਦੇ ਅਜਿਹਾ ਕੰਮ ਨਹੀਂ ਕਰੇਗਾ ਜਿਸ ਨਾਲ ਉਹਦੇ ਵਪਾਰ ਨੂੰ ਕੋਈ ਜਰਕ ਲਗਦੀ ਹੋਵੇ। ਮੇਰੇ ਦੋ-ਤਿੰਨ ਹੀ ਪ੍ਰਕਾਸ਼ਕ ਹਨ। ਇਕ ਪ੍ਰਕਾਸ਼ਕ ਨੇ ਮੇਰੀ ਸਵੈ-ਜੀਵਨੀ ਦਾ ਪਹਿਲਾ ਭਾਗ ਛਾਪਿਆ। ਉਸ ਨੇ ਮੈਨੂੰ ਪੈਸੇ ਵੀ ਦਿੱਤੇ ਤੇ ਕਿਤਾਬ ਦੀਆਂ ਕੁਝ ਕਾਪੀਆਂ ਵੀ ਦਿੱਤੀਆਂ। ਉਸ ਕਿਤਾਬ ਦਾ ਦੂਜਾ ਐਡੀਸ਼ਨ ਲੋਕਗੀਤ ਵਾਲਿਆਂ ਛਾਪ ਦਿੱਤਾ। ਉਹਨਾਂ ਨੇ ਮੈਨੂੰ ਪੰਜ ਕਾਪੀਆਂ ਜ਼ਰੂਰ ਦਿੱਤੀਆਂ, ਪੈਸਾ ਕੋਈ ਨਹੀਂ। ਕਿਉਂਕਿ ਮੈਂ ਉਹਨਾਂ ਕੋਲ ਨੌਕਰੀ ਕਰਦਾ ਸੀ, ਰੋਹਿਤ ਨੇ ਇਸੇ ਲਿਹਾਜ਼ਦਾਰੀ ਵਿਚ ਕੰਮ ਸਿਰੇ ਲਾ ਦਿੱਤਾ। ਹਾਂ, ਇਹਨਾਂ ਨੇ ਓਸ ਕਿਤਾਬ ਦੇ ਕਈ ਐਡੀਸ਼ਨ ਛਾਪੇ ਤੇ ਵੇਚੇ। ਮੇਰਾ ਆਰੰਭਲਾ ਪ੍ਰਕਾਸ਼ਕ ਜਲੰਧਰ ਵਾਲਾ ਬਹੁਤ ਮਸ਼ਹੂਰ, ਮਾਈ ਹੀਰਾਂ ਗੇਟ ਵਾਲਾ ਦੀਪਕ ਪਬਲਿਸ਼ਰ ਹੈ। ਉਹਨਾਂ ਨੇ ਮੇਰੀਆਂ ਦੋ (ਉਂਜ ਚਾਰ) ਕਿਤਾਬਾਂ ਛਾਪੀਆਂ।

**ਭੁੱਲਰ: ਆਲੋਚਕਾਂ ਬਾਰੇ ਤੁਹਾਡੀ ਉਪਰੋਕਤ ਟਿੱਪਣੀ ਤੋਂ ਇਹ ਗੱਲ ਨਿਕਲਦੀ ਹੈ ਕਿ ਪ੍ਰਸਿੱਧੀ ਅਤੇ ਜੁਗਾੜ ਦਾ ਸੰਘਣਾ ਨਾਤਾ ਹੈ।**

ਗੋਰਖੀ: ਮੈਨੂੰ ਇਹਦਾ ਬਹੁਤਾ ਤਜਰਬਾ ਨਹੀਂ। ਜਦ ਲੇਖਕ ਕੋਲ ਉਹਦੀ ਚੰਗੀ ਰਚਨਾ ਹੈ ਤਾਂ ਉਹ ਹੌਲੀ-ਹੌਲੀ ਆਪਣੀ ਥਾਂ ਬਣਾ ਲਵੇਗਾ, ਸਾਹਿਤ ਪ੍ਰੇਮੀ ਉਹਨੂੰ ਜਾਣਨ ਲਗਣਗੇ। ਕਈ ਵੀਰ ਬਹੁਤੇ ਕਾਹਲੇ ਹੁੰਦੇ ਹਨ। ਕਿਤਾਬ ਛਪਵਾਉਂਦੇ ਹਨ, ਇਕ-ਦੋ ਮਿੱਤਰ-ਬੇਲੀਆਂ ਨੂੰ ਫੜ ਕੇ ਪਰਚੇ

*'ਦੀਵਾ ਬਲੇ ਸਾਰੀ ਰਾਤ' ਗੋਸ਼ਟੀਆਂ ਨੇ ਸਾਨੂੰ ਬਹੁਤ ਕੁਝ ਸਿਖਾਇਆ। ਸੁਣਨ, ਸਮਝਣ ਤੇ ਸਿੱਖਣ ਦੀ ਜਾਚ ਸਿਖਾਈ। ਕਜ਼ਾਕ ਤੇ ਗੋਰਖੀ ਦੀ ਦੇਣ ਇਸ ਪੱਖੋਂ ਵੀ ਇਤਿਹਾਸਕ ਹੈ।*

*ਯਾਦਾਂ ਦੇ ਅੰਬਾਰ ਲੱਗੇ ਪਏ ਨੇ। ਵੀਹ ਕੁ ਸਾਲ ਪਹਿਲਾਂ ਐਵੇਂ ਕਿਸੇ ਗਲਤ-ਫ਼ਹਿਮੀ ਕਰ ਕੇ ਨਰਾਜ਼ ਹੋ ਗਿਆ। ਮੇਰੇ ਬਾਰੇ ਗ਼ਲਤ-ਮਲਤ ਲਿਖਿਆ ਵੀ। ਚੁੱਪ-ਵੱਟ ਲਈ। ਪਰ ਪਤਾ ਨਹੀਂ ਮੈਨੂੰ ਉਹਦੇ 'ਤੇ ਗੁੱਸਾ ਕਿਉਂ ਨਹੀਂ ਸੀ ਆਉਂਦਾ!*

*ਇਕ ਵਾਰ ਪੰਜਾਬੀ ਸਾਹਿਤ ਅਕਾਦਮੀ ਦੀ ਚੋਣ ਵੇਲੇ ਦੋਸਤਾਂ ਦੀ ਭੀੜ ਵਿਚ ਖਲੋਤਾ, ਮੈਨੂੰ ਆਉਂਦਾ ਵੇਖ ਕੇ ਅੱਖ ਚੁਰਾ ਕੇ ਪਿੱਠ ਕਰ ਕੇ ਖਲੋ ਗਿਆ, ਇਹ ਪ੍ਰਭਾਵ ਦੇਣ ਲਈ ਕਿ ਜਿਵੇਂ ਮੈਨੂੰ ਵੇਖ ਕੇ ਨਹੀਂ, ਉਹਨੇ ਤਾਂ ਸਹਿਵਨ ਹੀ ਪਾਸਾ ਬਦਲਿਆ ਏ। ਮਨ-ਮੁਟਾਵ ਤੋਂ ਬਾਅਦ ਅਸੀਂ ਪਹਿਲੀ ਵਾਰ ਇੱਕ ਦੂਜੇ ਨੂੰ ਵੀ ਵੇਖਿਆ ਸੀ। ਮੇਰੇ ਅੰਦਰੋਂ ਮੁਹੱਬਤ ਦਾ ਉਛਾਲ ਉੱਠਿਆ। ਮੈਂ ਉਹਦੇ ਮੌਰਾਂ 'ਚ ਮੁੱਕੀ ਮਾਰ ਕੇ ਕਿਹਾ, "ਐਧਰ ਬੂਥਾ ਸਿੱਧਾ ਕਰ। ਤੇਰਾ ਕੀ ਖ਼ਿਆਲ ਏ ਕਿ ਮੈਂ ਤੈਨੂੰ ਵੇਖ ਕੇ, ਜੱਫ਼ੀ ਪਾਏ ਬਿਨਾਂ ਅੱਗੇ ਲੰਘ ਜਾਊਂਗਾ!"*

*ਉਹ ਮੇਰੇ ਵੱਲ ਮੂੰਹ ਕਰ ਕੇ ਖਿੜਖਿੜਾ ਕੇ ਹੱਸ ਪਿਆ। ਅਸੀਂ ਦੋਵੇਂ ਜੱਫੀ ਵਿਚ ਘੁੱਟੇ ਗਏ। ਅਗਲੇ ਹਫ਼ਤੇ ਉਚੇਚਾ ਚੰਡੀਗੜ੍ਹੋਂ ਚੱਲ ਕੇ ਜਲੰਧਰ ਘਰ ਪਹੁੰਚ ਗਿਆ। ਪਿਛਲੇ ਸਾਰੇ ਧੋਣੇ ਧੋਤੇ ਗਏ।*

*ਮੈਂ ਪਿਛਲੇ ਕਈ ਸਾਲਾਂ ਤੋਂ ਰੌਲਾ ਪਾ ਰਿਹਾ ਸਾਂ ਕਿ ਕੁਝ ਹੋਰ ਲੇਖਕਾਂ ਵਾਂਗ ਉਹਨੂੰ ਵੀ ਸਾਹਿਤ ਅਕਾਦਮੀ ਤੇ ਹੋਰ ਵੱਡੀਆਂ ਵੱਡੀਆਂ ਸਾਹਿਤਕ ਸੰਸਥਾਵਾਂ ਨੇ ਅਣਗੌਲਿਆਂ ਕਿਉਂ ਕੀਤਾ ਹੋਇਆ ਹੈ! ਉਹਨਾਂ ਦਾ ਬਣਦਾ ਹੱਕ ਦਿਓ। ਉਹਨਾਂ ਵਿਚ ਮੋਹਨਜੀਤ, ਕਿਰਪਾਲ ਕਜ਼ਾਕ, ਦੀ ਤਾਂ ਸੁਣੀ ਗਈ ਪਰ ਗੋਰਖੀ ਅਣਗੌਲਿਆ ਤੇ ਬਿਨ-ਸਨਮਾਨਿਆਂ ਹੀ ਚਲਿਆ ਗਿਆ।*

*ਉਹ ਚਲਾ ਗਿਆ ਤਾਂ ਸੋਚਦਾ ਹਾਂ, ਹੁਣ ਕੀਹਦੀ ਪਿੱਠ 'ਤੇ ਮੁੱਕੀ ਮਾਰ ਕੇ ਆਖਾਂ, "ਕਿਧਰ ਬੂਥਾ ਚੁੱਕ ਕੇ ਤੁਰ ਚੱਲਿਆ ਏਂ। ਐਧਰ ਮੂੰਹ ਕਰ। ਜੱਫੀ ਨਹੀਂ ਪਾਉਣੀ!!!"*

***- ਵਰਿਆਮ ਸਿੰਘ ਸੰਧੂ***

---

ਲਿਖਵਾਉਂਦੇ ਹਨ, ਸਮਾਗਮ ਕਰਾਇਆ ਤੇ ਫੇਰ ਇਕ-ਦੋ ਪਰਚਿਆਂ ਵਿਚ ਰੌਲਾ ਪਾਇਆ ਜਾਂਦਾ ਹੈ। ਇਸ ਤੋਂ ਬਾਅਦ ਫਿਰ ਸ਼ਾਂਤੀ।

**ਭੁੱਲਰ: ਸ਼ਬਦ 'ਜੁਗਾੜ' ਇਨਾਮਾਂ, ਸਨਮਾਨਾਂ ਨਾਲ ਵੀ ਜੁੜਿਆ ਹੋਇਆ ਹੈ। ਇਸ ਦ੍ਰਿਸ਼ਟੀ ਤੋਂ ਤੁਸੀਂ ਇਹਨਾਂ ਦਾ ਕੀ ਮਹੱਤਵ ਮੰਨਦੇ ਹੋ?**

ਗੋਰਖੀ: ਲੇਖਕ ਨੂੰ ਇਨਾਮਾਂ-ਸਨਮਾਨਾਂ ਦੀ ਦੌੜ ਵਿਚ ਨਹੀਂ ਪੈਣਾ ਚਾਹੀਦਾ। ਜੇ ਕੋਈ ਸੰਸਥਾ ਉਹਦਾ ਸਨਮਾਨ ਕਰਦੀ ਹੈ ਤੇ ਇਹ ਉਹਦੀ ਲੇਖਣੀ ਦਾ ਸਨਮਾਨ ਹੈ, ਇਸ ਨਾਲ ਉਹਦਾ ਖ਼ੁਸ਼ ਹੋਣਾ ਕੁਦਰਤੀ ਹੈ। ਪਰ ਇਹ ਨਹੀਂ ਹੋਣਾ ਚਾਹੀਦਾ ਕਿ ਇਸ ਤਰ੍ਹਾਂ ਦੀ ਵਕਤੀ ਖ਼ੁਸ਼ੀ ਨੂੰ ਪ੍ਰਾਪਤ ਕਰਨ ਲਈ ਉਹ ਦੂਜਿਆਂ ਤੱਕ ਪਹੁੰਚ ਕਰਦਾ ਫਿਰੇ। ਨਵੇਂ ਲੇਖਕਾਂ ਨੂੰ ਇਸ ਗੱਲ ਬਾਰੇ ਬਹੁਤ ਸੁਚੇਤ ਰਹਿਣਾ ਚਾਹੀਦਾ ਹੈ। ਬਾਕੀ ਰਹੀ ਗੱਲ ਮਹੱਤਵ ਦੀ, ਕਈ ਇਨਾਮਾਂ ਦਾ ਸਮਾਜਿਕ ਰੁਤਬਾ ਬਹੁਤ ਵੱਡਾ ਹੈ। ਉਹ ਇਨਾਮ ਜਦੋਂ ਕਿਸੇ ਲੇਖਕ ਨੂੰ ਮਿਲਦੇ ਹਨ ਤਾਂ ਨਿਰਸੰਦੇਹ ਉਹਦਾ ਕੱਦ ਹੋਰ ਉੱਚਾ ਹੁੰਦਾ ਹੈ। ਪਰ ਅਜਿਹੇ ਇਨਾਮਾਂ-ਸਨਮਾਨਾਂ ਦਾ ਉਹਦੀ ਲੇਖਣੀ ਉੱਤੇ ਪ੍ਰਭਾਵ ਨਾ ਪਵੇ, ਇਸ ਗੱਲ ਤੋਂ ਬਚਣ ਦੀ ਜ਼ਰੂਰਤ ਹੁੰਦੀ ਹੈ।

**ਭੁੱਲਰ: ਕੀ ਮਨ ਵਿਚ ਕਦੀ ਕੋਈ ਸਾਹਿਤਕ ਗਿਲਾ-ਰੋਸਾ ਜਾਗਿਆ ਹੈ?**

ਗੋਰਖੀ: ਬਹੁਤ ਵਾਰ ਜਾਗਿਆ ਹੈ। ਉਹਦੇ ਬਾਰੇ ਆਵਾਜ਼ ਵੀ ਬੁਲੰਦ ਕੀਤੀ ਹੈ। ਸਾਡੇ ਇਥੇ

ਸਾਹਿਤ ਦੇ ਮਹਾਂਰਥੀ ਬਹੁਤ ਹੇਠਾਂ ਜਾ ਡਿੱਗੇ ਹਨ, ਨੀਚਤਾ ਦੀ ਹੱਦ ਤੱਕ। ਅੱਜ ਇਕ ਲੇਖਕ ਦੀ ਕਿਤਾਬ ਛਪਣ ਤੋਂ ਪਹਿਲਾਂ ਯੂਨੀਵਰਸਿਟੀ ਦੇ ਕੋਰਸ ਵਿਚ ਲੱਗ ਜਾਂਦੀ ਹੈ। ਅਜਿਹੀਆਂ ਗੱਲਾਂ ਵਿਰੁੱਧ ਰੋਸ ਜਾਗਦਾ ਹੈ। ਅੱਜ ਸਾਹਿਤ ਵਿਚ ਇਕ ਐਸਾ ਮਾਫ਼ੀਆ ਪਨਪ ਚੁੱਕਿਆ ਹੈ ਜਿਹੜਾ ਆਪਣੇ ਸਵਾਰਥ ਲਈ ਪੰਜਾਬੀ ਸਾਹਿਤ ਅਤੇ ਲੇਖਕਾਂ ਨੂੰ ਨਿਘਾਰ ਵੱਲ ਲਿਜਾ ਰਿਹਾ ਹੈ।

**ਭੁੱਲਰ: ਤੁਹਾਡੇ ਪਰਿਵਾਰ ਨੇ ਤੁਹਾਡੇ ਲੇਖਕ ਹੋਣ ਨੂੰ ਕਿੰਨੇ ਕੁ ਮਾਣ ਨਾਲ ਲਿਆ ਹੈ? ਕੀ ਤੁਹਾਡਾ ਕੋਈ ਬੱਚਾ ਵੀ ਤੁਹਾਡੇ ਪੈਰ-ਚਿੰਨ੍ਹਾਂ ਉੱਤੇ ਤੁਰਿਆ ਹੈ?**

ਗੋਰਖੀ: ਕਈ ਸਾਲ ਤਾਂ ਮੇਰੇ ਪਰਿਵਾਰ ਨੂੰ ਮੇਰਾ ਲਿਖਣ-ਪੜ੍ਹਨ ਦਾ ਕੰਮ ਚੰਗਾ ਨਹੀਂ ਸੀ ਲਗਦਾ ਹੁੰਦਾ। ਲੇਖਕਾਂ ਨਾਲ ਇਧਰ-ਉਧਰ ਘੁੰਮਦਾ ਫਿਰਦਾ ਤੇ ਪੈਸੇ ਬਰਬਾਦ ਕਰਦਾ। ਮੇਰੀ ਭਾਈਆ (ਪਿਤਾ) ਇਹ ਕੰਮ ਪਸੰਦ ਨਹੀਂ ਸੀ ਕਰਦਾ। ਨਾਲ ਹੀ ਮੇਰਾ ਛੋਟਾ ਭਰਾ ਵਿਦੇਸ਼ ਨੂੰ ਚਲਾ ਗਿਆ ਤੇ ਪੈਸੇ ਭੇਜਣ ਲੱਗਾ। ਮਾਂ-ਪਿਓ ਉਹਦਾ ਜਸ ਗਾਉਣ ਲੱਗੇ। ਫਿਰ ਜਦੋਂ ਮੈਂ ਚੰਡੀਗੜ੍ਹ ਆ ਬੈਠਾ ਤਾਂ ਘਰ ਪੈਸੇ ਵੀ ਭੇਜਣ ਲੱਗਾ। ਫਿਰ ਪਰਿਵਾਰ ਨੂੰ ਮੇਰਾ ਲਿਖਣਾ-ਪੜ੍ਹਨਾ ਚੰਗਾ ਲਗਣ ਲੱਗਾ। ਫਿਰ ਮੈਂ ਬੱਚਿਆਂ ਨੂੰ ਚੰਗੀ ਪੜ੍ਹਾਈ ਕਰਾਈ ਤੇ ਉਹ ਨੌਕਰੀ ਕਰਨ ਲੱਗੇ। ਹਾਂ ਮੇਰੀ ਛੋਟੀ ਧੀ ਨੂੰ ਕਵਿਤਾ ਲਿਖਣ ਦਾ ਸ਼ੌਕ ਹੈ। ਉਹ ਇਕ ਮਿਆਰੀ ਸਕੂਲ ਵਿਚ ਪੰਜਾਬੀ ਦੀ ਅਧਿਆਪਕ ਹੈ। ਉਹ ਸਾਹਿਤ ਪੜ੍ਹਨ ਵਲ ਲੱਗੀ ਰਹਿੰਦੀ ਹੈ।

**ਭੁੱਲਰ: ਲੇਖਕ ਦਾ ਹੌਸਲਾ ਬੁਲੰਦ ਜਾਂ ਪਸਤ ਕਰਨ ਵਿਚ ਸਭ ਤੋਂ ਵੱਡੀ, ਸਗੋਂ ਨਿਰਣਾਇਕ ਭੂਮਿਕਾ ਪਤਨੀ ਦੀ ਹੁੰਦੀ ਹੈ। ਉਹਦਾ ਤੁਸੀਂ ਜ਼ਿਕਰ ਹੀ ਨਹੀਂ ਕੀਤਾ?**

ਗੋਰਖੀ:ਲਓ ਜੀ, ਜਾਪਦਾ ਹੈ, ਅੱਜ ਉਹ ਸਵਾਲ ਵੀ ਪੁੱਛਿਆ ਜਾਣਾ ਹੈ ਜੋ ਬਹੁਤ ਘੱਟ ਜਾਣਦੇ ਹਨ। ਮੇਰੇ ਦੋ ਵਿਆਹ ਹੋਏ। ਪਹਿਲਾ ਨੌਂ-ਦਸ ਸਾਲ ਦੀ ਉਮਰ ਵਿਚ ਹੋਇਆ। ਮੈਂ ਚੌਥੀ ਵਿਚ ਪੜ੍ਹਦਾ ਸੀ। ਹੋਸ਼ ਆਈ ਤਾਂ ਕਹਿ ਦਿੱਤਾ ਕਿ ਜਿਸ ਵਿਆਹ ਦਾ ਮੈਨੂੰ ਪਤਾ ਹੀ ਨਹੀਂ, ਉਹ ਵਿਆਹ ਕਾਹਦਾ? ਮੁਕਲਾਵਾ ਨਾ ਲਿਆਂਦਾ। ਪੰਚਾਇਤੀ ਫੈਸਲਾ ਮੇਰੇ ਹੱਕ ਵਿਚ ਹੋ ਗਿਆ। ਏਥੇ ਉਹ ਮੁਕੱਦਮਾ ਵੀ ਵਰਦਾਨ ਵਾਂਗ ਸਹਾਈ ਹੋਇਆ ਜਿਸ ਝੂਠੇ ਮੁਕਦਮੇ ਦੀ ਮੈਂ ਪਹਿਲਾਂ ਗੱਲ ਕੀਤੀ ਹੈ। ਕੁੜੀ ਵਾਲਿਆਂ ਨੇ ਸੋਚਿਆ ਕਿ ਏਸ ਜਲੰਧਰੀ ਮੁੰਡੇ ਨਾਲ, ਜੀਹਨੂੰ ਪੁਲਿਸ ਚੁੱਕੀ ਫਿਰਦੀ ਆ, ਕੁੜੀ ਨਾ ਹੀ ਤੋਰੀਏ ਤਾਂ ਠੀਕ ਹੈ। ਵਿਆਹ ਤੋੜਨ ਦਾ ਕਾਰਨ ਵੀ ਮਾਨਸਿਕ-ਭਾਵਨਾਤਮਕ ਸੀ। ਜ਼ਿੰਦਗੀ ਵਿਚ ਕੁਝ ਫੈਸਲੇ ਮੈਂ ਆਪਣੇ ਮਨ ਦੀ ਆਵਾਜ਼ ਨਾਲ ਕੀਤੇ ਹਨ। ਮੇਰੇ ਮਨ ਵਿਚ ਇਕ ਗੱਲ ਸਮਾਈ ਹੋਈ ਸੀ ਕਿ ਉਸ ਕੁੜੀ ਨਾਲ ਵਿਆਹ ਨਹੀਂ ਕਰਾਉਣਾ ਜੋ ਕਿਸੇ ਦੇ ਘਰ ਕੰਮ ਕਰਦੀ ਹੋਵੇ। ਮੈਂ ਵੇਖਿਆ ਸੀ ਕਿ ਅਜਿਹੀਆਂ ਕਾਮੀਆਂ ਨਾਲ ਮਾਲਕ ਲੋਕ ਕਿਵੇਂ ਜ਼ਿਆਦਤੀਆਂ ਕਰਦੇ ਹਨ। ਰੇਪ! ਨਾਜਾਇਜ਼ ਗਰਭਪਾਤ। ਪਰ ਪਾਪੀ ਢਿੱਡ ਉਹਨਾਂ ਨੂੰ ਬੋਲਣ ਨਹੀਂ ਸੀ ਦਿੰਦਾ। ਉਹ ਕੁੜੀ ਵੀ ਕਿਸੇ ਦੇ ਘਰ ਕੰਮ ਕਰਦੀ ਸੀ ਤੇ ਇਸ ਗੱਲ ਨਾਲ ਮੈਨੂੰ ਸ਼ੁਰੂ ਤੋਂ ਹੀ ਨਫ਼ਰਤ ਸੀ। ਦੂਜੇ, ਅਜਿਹਾ ਕੰਮ ਕਰਨ ਨਾਲ ਘਟੀਆਪਨ ਦਾ ਅਹਿਸਾਸ ਪੈਦਾ ਹੁੰਦਾ ਸੀ। ਸੋ, ਪਹਿਲਾ ਵਿਆਹ ਖਤਮ। ਦੂਜਾ ਵਿਆਹ 1974 ਵਿਚ ਹੋਇਆ। ਇਹ ਕੁੜੀ ਪੜ੍ਹੀ ਨਹੀਂ ਸੀ ਪਰ ਇਹਦੇ ਘਰ ਦਾ ਮਾਹੌਲ ਚੰਗਾ ਸੀ। ਇਹ ਲੋਕ ਆਪਣਾ ਕੰਮ ਕਰਦੇ ਸੀ, ਭੱਠੇ ਦਾ। ਪੜ੍ਹਾਈ ਇਹਨੂੰ ਮੈਂ ਆਪ ਕਰਾਈ, ਚੰਡੀਗੜ੍ਹ ਪਹੁੰਚ ਕੇ, ਹੁਣ ਪੰਜਾਬੀ ਤੇ ਹਿੰਦੀ ਦਾ ਸਾਹਿਤ ਪੜ੍ਹ ਲੈਂਦੀ ਹੈ। ਮਾੜੀ-ਮੋਟੀ ਅੰਗਰੇਜ਼ੀ ਦਾ ਵੀ ਜੁਗਾੜ ਕਰ ਲੈਂਦੀ ਹੈ। ਇਹਨੇ ਮੇਰੀ ਮਾਨਸਿਕ ਤਸੱਲੀ ਵਾਲੀ ਗੱਲ ਨੂੰ ਸਮਝ ਲਿਆ ਤੇ ਲੋੜਾਂ ਇੱਛਾਵਾਂ ਨੂੰ ਵੀ।

**ਭੁੱਲਰ: ਭਵਿੱਖ ਦੀਆਂ ਤੁਹਾਡੀਆਂ ਸਾਹਿਤਕ ਵਿਉਂਤਾਂ ਕੀ ਹਨ?**

ਗੋਰਖੀ: ਮੇਰਾ ਵਿਦੇਸ਼ ਵਿਚ ਜਾ ਕੇ ਵਸਣ ਨੂੰ ਦਿਲ ਕਰਦਾ ਹੁੰਦਾ ਸੀ। ਪਰ ਉਥੇ ਸਖਤ ਮਿਹਨਤ ਕਰਨੀ ਪਵੇਗੀ। ਉਸ ਹਾਲਤ ਵਿਚ ਲਿਖਣਾ ਕੁਝ ਮੁਸ਼ਕਲ ਹੋਵੇਗਾ। ਮੈਂ ਇਹ ਤਾਂ ਪੱਕਾ ਫੈਸਲਾ ਕੀਤਾ ਹੋਇਆ ਹੈ ਕਿ ਭਾਵੇਂ ਦੋ ਹੀ ਲਿਖਾਂ, ਮੈਂ ਵੱਡੇ ਨਾਵਲ ਲਿਖਣਾ ਚਾਹੁੰਦਾ ਹਾਂ।

# ਆਲੋਚਨਾ ਤਾਂ ਹੈ ਹੀ ਨਹੀਂ- ਪ੍ਰੇਮ ਗੋਰਖੀ
## (ਪ੍ਰੇਮ ਗੋਰਖੀ ਦੀ ਜਿੰਦਰ ਨਾਲ ਗੱਲਬਾਤ)


**ਪ੍ਰੇਮ ਗੋਰਖੀ** (15-6-1947 ਤੋਂ 25-4-2021)

**? ਗੋਰਖੀ ਜਦੋਂ ਪੰਜਾਬੀ ਕਹਾਣੀ 'ਚ ਵਰਗ-ਵੰਡ ਦੀ ਗੱਲ ਹੁੰਦੀ ਹੈ ਤਾਂ ਤੈਨੂੰ ਦਲਿਤ ਵਰਗ ਦਾ ਕਹਾਣੀਕਾਰ ਕਿਹਾ ਜਾਂਦਾ ਹੈ। ਤੂੰ ਇਸ ਬਾਰੇ ਕੀ ਕਹਿਣਾ ਚਾਹਵੇਗਾ। ਕੀ ਇਸ ਪਿੱਛੇ ਕੋਈ ਸਾਜ਼ਿਸ਼ ਹੈ।**

-ਮੈਂ ਇਸ ਨੂੰ ਸਾਜ਼ਿਸ਼ ਤਾਂ ਨਹੀਂ ਕਹਿੰਦਾ। ਜਿਹੜੇ ਆਲੋਚਕ ਹਨ, ਉਨ੍ਹਾਂ ਨੇ ਸੀਮਤ ਜਿਹਾ ਆਪਣਾ ਦ੍ਰਿਸ਼ਟੀਕੋਣ ਬਣਾ ਲਿਆ ਹੈ ਜਿਵੇਂ ਉਨ੍ਹਾਂ ਲੇਖਕਾਂ ਦੀ ਵਰਗ-ਵੰਡ ਬਣਾ ਲਈ ਉਸ ਹਿਸਾਬ ਦੇ ਨਾਲ। ਮੈਂ ਸਮਝਦਾ ਕਿ ਇਨ੍ਹਾਂ ਐਵੇਂ ਇੱਕ ਗੱਲ ਜਿਹੀ ਬਣਾ ਲਈ ਹੈ। ਇਹ ਦਲਿਤ ਵਰਗ ਲਈ ਜਾਂ ਨਿਮਨ ਵਰਗ ਲਈ ਜਾਂ ਦੱਬੇ-ਕੁਚਲੇ ਲੋਕਾਂ ਲਈ ਲਿਖਣਾ ਜਾਂ ਉਨ੍ਹਾਂ ਲਈ ਲਿਖਣ ਵਾਲੇ ਅਸੀਂ ਲੋਕ ਰਹਿ ਗਏ ਹਾਂ। ਮੈਂ ਇਹ ਗੱਲ ਤਾਂ ਸਵੀਕਾਰ ਕਰਦਾਂ। ਕਿਉਂਕਿ ਅਸੀਂ ਨਿਮਨ ਵਰਗ ਵਿਚੋਂ ਹਾਂ, ਅਤੇ ਨਿਮਨ ਵਰਗ ਵਿੱਚੋਂ ਉੱਠ ਕੇ ਅਸੀਂ ਇਸ ਪਾਸੇ ਜੁੜੇ ਹਾਂ, ਅਸੀਂ ਲਿਖ ਰਹੇ ਹਾਂ ਪਰ ਇਉਂ ਵੀ ਨਹੀਂ ਕਿ ਅਸੀਂ ਸਿਰਫ ਉਨ੍ਹਾਂ ਲੋਕਾਂ ਬਾਰੇ ਲਿਖਿਆ। ਮੈਂ ਹੋਰ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਜਿਹੜੀਆਂ ਕਿ ਦੂਜੇ ਮਨੁੱਖਾਂ ਬਾਰੇ, ਸਮਾਜਿਕ ਸਮੱਸਿਆਵਾਂ ਬਾਰੇ ਜਾਂ ਆਰਥਿਕ ਸਮੱਸਿਆਵਾਂ ਬਾਰੇ ਹੈਗੀਆਂ. ਪਰ ਇਹ ਜਿਵੇਂ ਕਹਿ ਲਓ, ਸਾਜ਼ਿਸ਼ ਵਾਲੀ ਗੱਲ ਤਾਂ ਨਹੀਂ ਪਰ ਇਨ੍ਹਾਂ ਲੋਕਾਂ ਨੇ ਜਾਣ-ਬੁੱਝ ਕੇ ਇੱਕ ਵਰਗ-ਵੰਡ ਜਿਹੀ ਬਣਾ ਲਈ।

**? ਅਕਸਰ ਇਹ ਕਿਹਾ ਜਾਂਦਾ ਹੈ ਕਿ ਤੇਰੀ ਕਹਾਣੀ 'ਇੱਕ ਟਿਕਟ ਰਾਮਪੁਰਾ ਫੂਲ' ਤੋਂ ਬਾਅਦ ਇੱਕ ਖੜੋਤ ਆ ਗਈ ਹੈ ਤੇ ਤੇਰੀਆਂ ਕਹਾਣੀਆਂ ਇੱਕੋ ਜਿਹੀਆਂ ਟਾਈਪਿਡ ਹੁੰਦੀਆਂ ਜਾ ਰਹੀਆਂ ਹਨ।**

-ਇਸ ਤਰ੍ਹਾਂ ਤਾਂ ਮੈਨੂੰ ਨਹੀਂ ਲਗਦਾ। ਜਦੋਂ ਮੈਂ 'ਇੱਕ ਟਿਕਟ ਰਾਮਪੁਰਾ ਫੂਲ, ਕਹਾਣੀ ਲਿਖੀ ਸੀ ਤਾਂ ਮੈਨੂੰ ਆਪ ਨੂੰ ਇਸ ਤਰ੍ਹਾਂ ਨਹੀਂ ਪਤਾ ਸੀ ਜਾਂ ਕੋਈ ਇਹੋ ਜਿਹਾ ਅਹਿਸਾਸ ਨਹੀਂ ਸੀ ਕਿ ਜੋ ਮੈਂ ਇਹ ਲਵ ਸਟੋਰੀ ਲਿਖੀ ਸੀ, ਇਸ ਨੂੰ ਐਨੀ ਮਾਨਤਾ ਮਿਲੇਗੀ। ਮੈਂ ਉਸ ਨੂੰ ਆਪਣੀ ਐਨੀ ਕੋਈ ਬਹੁਤ ਵਧੀਆ ਕਹਾਣੀ ਵੀ ਨਹੀਂ ਮੰਨਦਾ। ਪਰ ਦੂਜੇ ਲੋਕਾਂ ਨੇ ਇਹ ਕਿਹਾ ਕਿ ਇਹ ਬਹੁਤ ਅੱਛੀ ਕਹਾਣੀ ਹੈ। ਚਲੋ ਉਨ੍ਹਾਂ ਨੂੰ ਅੱਛੀ ਲੱਗੀ ਹੈ। ਹੋਰ ਭਾਰਤੀ ਭਾਸ਼ਾਵਾਂ ਵਿੱਚ ਵੀ ਅਨੁਵਾਦ ਹੋ ਗਈ। ਪਰ ਮੈਂ ਤਾਂ ਬਹੁਤ ਸਾਰੀਆਂ ਅਜਿਹੀਆਂ ਕਹਾਣੀਆਂ ਲਿਖੀਆਂ ਹਨ ਜਿਨ੍ਹਾਂ ਦੀ ਜ਼ਿਆਦਾ ਪ੍ਰਸੰਸਾ ਵੀ ਹੋਈ ਅਤੇ ਮੈਨੂੰ ਆਪ ਨੂੰ ਵੀ ਲਗਦਾ ਹੈ ਕਿ ਮੈਂ ਉਸ ਨਾਲੋਂ ਵਧੀਆ ਕਹਾਣੀਆਂ ਲਿਖੀਆਂ ਹਨ।

**? ਬਹੁਤ ਚਿਰ ਤੈਨੂੰ 'ਨਾਗਮਣੀ' ਗਰੁੱਪ (ਕਜ਼ਾਕ, ਗੋਰਖੀ, ਚੇਤਨ ਤੇ ਭੁੱਲਰ) ਨਾਲ ਜੋੜ ਕੇ ਦੇਖਿਆ ਜਾਂਦਾ ਰਿਹਾ। ਪਰ ਹੁਣ ਕੁੱਝ ਚਿਰ ਤੋਂ ਤੇਰੀ ਕੋਈ ਵੀ ਕਹਾਣੀ 'ਨਾਗਮਣੀ' 'ਚ ਨਹੀਂ ਛਪੀ। ਕੀ ਇਹ ਫੈਸਲਾ ਤੇਰਾ ਆਪਣਾ ਹੈ ਜਾਂ ਸਮੇਂ ਦੀ ਲੋੜ?**

– ਸ਼ਾਇਦ ਇਹੋ ਹੀ ਕਾਰਨ ਹੋਵੇ ਕਿ ਮੈਂ 'ਨਾਗਮਣੀ' ਵਿੱਚ ਬਹੁਤ ਜ਼ਿਆਦਾ ਛਪਿਆ, ਜਿਵੇਂ ਕਿ ਮੇਰੀ ਸ੍ਵੈ-ਜੀਵਨੀ ਦਾ ਕੁਝ ਹਿੱਸਾ ਸੀ- ਗੈਰ ਹਾਜ਼ਰ ਆਦਮੀ। ਲਗਾਤਾਰ ਮੈਂ ਪੰਜ ਸਾਲ ਉਸ ਵਿੱਚ ਛਪਦਾ ਰਿਹਾ। ਉਸ ਤੋਂ ਪਹਿਲਾਂ ਵੀ ਬਹੁਤੀਆਂ ਮੇਰੀਆਂ ਕਹਾਣੀਆਂ 'ਨਾਗਮਣੀ' ਵਿੱਚ ਛਪੀਆਂ ਤੇ ਨਾਲ ਨਾਲ ਹੋਰ ਪਰਚਿਆਂ ਵਿੱਚ ਵੀ ਛਪੀਆਂ ਪਰ ਇੱਕ ਤਰ੍ਹਾਂ ਨਾਲ ਸਾਡੇ ਪੰਜਾਬੀ ਸਾਹਿਤ ਵਿੱਚ ਸਾਡੇ ਲੋਕਾਂ ਨੂੰ ਕੁਝ ਇਸ ਤਰ੍ਹਾਂ ਦੀਆਂ ਸ਼੍ਰੇਣੀਆਂ ਬਣਾਈਆਂ ਹਨ ਅਤੇ ਇਹ ਵੱਖਰੇ-ਵੱਖਰੇ ਗਰੁੱਪ ਵੀ ਇਨ੍ਹਾਂ ਬਣਾਏ ਹੋਏ ਹਨ ਕਿ ਫਲਾਨੇ ਗਰੁੱਪ ਦਾ। ਮੈਂ ਤਾਂ 'ਨਾਗਮਣੀ' ਨੂੰ ਇੱਕ ਚੰਗਾ ਮੈਗਜ਼ੀਨ ਸਮਝ ਕੇ ਕਹਾਣੀ ਭੇਜਦਾ ਸੀ। ਨਾਲ ਦੂਜੇ ਪਾਸੇ ਇਹ ਸੀ ਕਿ ਹੋਰ ਸੰਪਾਦਕਾਂ ਨੂੰ ਕਹਾਣੀ ਭੇਜਦੇ ਸੀ ਤਾਂ ਉਹ ਜੁਆਬ ਹੀ ਨਹੀਂ ਦਿੰਦੇ ਸੀ ਪਰ ਛਾਪ ਦਿੰਦੇ ਸਨ ਪਰ ਅੰਮ੍ਰਿਤਾ ਪ੍ਰੀਤਮ ਦੀ ਇਹ ਇੱਕ ਖਾਸੀਅਤ ਸੀ ਕਿ ਜੇ ਰਚਨਾ ਉਨ੍ਹਾਂ ਨੂੰ ਚੰਗੀ ਲੱਗੀ ਹੈ, ਤਾਂ ਉਨ੍ਹਾਂ ਉਸ ਦੀ ਪ੍ਰਸੰਸਾ ਵੀ ਕਰਨੀ ਹੈ ਤੇ ਛਾਪਣੀ ਵੀ ਹੈ ਪਰ ਇਸ ਦੇ ਨਾਲ ਹੀ ਉਹ ਉਸ ਰਚਨਾ ਨੂੰ ਦੂਜੀਆਂ ਭਾਸ਼ਾਵਾਂ ਵਿੱਚ ਸਰਕੂਲੇਟ ਕਰਦੇ ਸਨ। ਬਾਕੀ ਸਾਰੇ ਸੰਪਾਦਕਾਂ ਦੀ ਨਾ ਤਾਂ ਐਨੀ ਸਮਰਥਾ ਹੈ ਤੇ ਨਾ ਹੀ ਐਨਾ ਕਰ ਸਕਦੇ ਸਨ ਤੇ ਦੂਜੇ ਪਾਸੇ ਇਹ ਸੀ ਕਿ ਮੈਨੂੰ ਜਿਵੇਂ ਕਿ ਤੂੰ ਕਿਹਾ ਕਿ ਬਹੁਤ ਚਿਰ ਤੇਰੀ ਕਹਾਣੀ 'ਨਾਗਮਣੀ' ਵਿੱਚ ਨਹੀਂ ਛਪੀ ਤੇ ਇਸ ਗੱਲ ਦਾ ਅਹਿਸਾਸ ਤਾਂ ਹੁੰਦਾ ਹੀ ਹੈ ਕਿ ਤੁਸੀਂ ਇੱਕ ਪਰਚੇ ਨਾਲ ਨਾ ਜੁੜੇ ਤੇ ਮੈਂ ਸਮਝਦਾ ਕਿ ਇੱਕ ਪਰਚੇ ਨਾਲ ਜੁੜਣਾ ਵੀ ਨਹੀਂ ਚਾਹੀਦਾ। ਜਿਵੇਂ ਵਰਿਆਮ ਸੰਧੂ ਹੈ, ਉਸ ਦੀਆਂ ਤਕਰੀਬਨ ਸਾਰੀਆਂ ਕਹਾਣੀਆਂ 'ਸਿਰਜਣਾ' ਵਿੱਚ ਹੀ ਛਪੀਆਂ ਅਤੇ ਕਈ ਲੇਖਕ ਉਸ ਨੂੰ ਇਹ ਵੀ ਕਹਿੰਦੇ-ਲਓ ਜੀ ਉਹ ਤਾਂ 'ਸਿਰਜਣਾ' ਦਾ ਲੇਖਕ ਆ। ਇਹ ਮੈਂ ਸਮਝਦਾ ਕਿਸੇ ਇਕ ਪਰਚੇ 'ਚ ਛਪਣਾ ਕੋਈ ਮਾੜੀ ਗੱਲ ਨਹੀਂ ਹੁੰਦੀ ਪਰ ਇਸ ਦੇ ਨਾਲ ਮੇਰੀਆਂ ਕਹਾਣੀਆਂ 'ਆਰਸੀ' ਅਤੇ 'ਅਕਸ' ਵਿੱਚ ਵੀ ਛਪੀਆਂ ਹਨ।

**? ਇਸ ਦੇ ਨਾਲ ਹੀ ਇੱਕ ਗੱਲ ਆ ਜੁੜਦੀ ਹੈ ਕਿ ਜੇ ਕੋਈ ਲੇਖਕ ਨਾਗਮਣੀ ਜਾਂ ਆਰਸੀ ਜਾਂ ਸਿਰਜਣਾ, ਲਕੀਰ, ਸਿਰਨਾਵਾਂ ਜਾਂ ਇਸ ਦੇ ਪੱਧਰ ਦੇ ਪਰਚੇ ਵਿੱਚ ਛਪਦਾ ਰਹਿੰਦਾ ਹੈ ਤਾਂ ਕੀ ਇਹ ਸਥਾਪਤ ਲੇਖਕ ਹੋ ਜਾਂਦਾ ਹੈ।**

-ਮੇਰੇ ਖ਼ਿਆਲ ਵਿੱਚ ਨਵਿਆਂ ਜਾਂ ਪੁਰਾਣੇ ਪਰਚਿਆਂ ਵਿੱਚ ਛੱਪਣ ਨਾਲ ਕੋਈ ਸਥਾਪਤ ਤਾਂ ਨਹੀਂ ਹੋ ਜਾਂਦਾ ਪਰ ਇਹ ਤਾਂ ਅਸਲ ਵਿੱਚ ਤੁਹਾਡੀ ਰਚਨਾ ਪ੍ਰਕਿਰਿਆ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੰਨਾ ਕੁ ਚੰਗਾ ਲਿਖਿਆ। ਜਿਵੇਂ ਕਹਾਣੀ ਉਤਸਵ (6-6-11-93) ਵਿੱਚ ਹਰਪ੍ਰੀਤ ਦੀਆਂ ਕਹਾਣੀਆਂ ਦੀ ਗੱਲ ਹੋ ਰਹੀ ਸੀ ਕਿ ਉਸ ਦੀਆਂ ਤਿੰਨ ਚਾਰ ਕਹਾਣੀਆਂ ਛਪੀਆਂ ਸਨ ਪਰ ਇਨ੍ਹਾਂ ਤਿੰਨ-ਚਾਰ ਕਹਾਣੀਆਂ ਨੇ ਸਾਡੇ ਦਿਲ ਵਿੱਚ ਥਾਂ ਬਣਾ ਲਈ ਹੈ ਤੇ ਉਸ ਕਹਾਣੀ ਵਿੱਚ ਇੱਕ ਨਵਾਂ ਪੱਖ ਪੇਸ਼ ਕੀਤਾ ਹੈ ਤੇ ਇਸ ਦੀ ਕਹਾਣੀ ਦਾ ਇੱਕ ਨਵਾਂ ਰੂਪ ਸੀ। ਇਸ ਤਰ੍ਹਾਂ ਦਾ ਕੁਝ ਨਹੀਂ ਹੁੰਦਾ। ਇਹ ਤਾਂ ਤੁਹਾਡੀ ਰਚਨਾ ਤੋਂ ਬਾਅਦ ਮੁਲਾਂਕਣ ਹੁੰਦਾ ਹੈ ਤੇ ਫੇਰ ਤੁਸੀਂ ਸਥਾਪਤੀ ਵੱਲ ਵਧਦੇ ਹੋ। ਇਹ ਪਰਚਾ ਭਾਵੇਂ ਨਵਾਂ ਹੀ ਕਿਉਂ ਨਾ ਹੋਵੇ।

**? ਬਹੁਤ ਸਾਰੇ ਲੇਖਕਾਂ ਦਾ ਇਹ ਵਿਚਾਰ ਹੁੰਦਾ ਕਿ ਲਿਖਣ ਲਈ ਇੱਕ ਖਾਸ ਤਰ੍ਹਾਂ ਦਾ ਮਾਹੌਲ ਹੋਣਾ ਚਾਹੀਦਾ ਹੈ। ਕੁੱਝ ਆਪਣੀ ਬੀਵੀ ਦੇ ਕਿਤੇ ਜਾਣ ਦੇ ਮਗਰੋਂ ਇਹੋ ਜਿਹੇ ਮਾਹੌਲ 'ਚ ਲਿਖਣ ਦੀ ਖੁੱਲ੍ਹ ਪ੍ਰਾਪਤ ਕਰਦੇ ਹਨ ਤੇ ਕੁਝ ਲਈ ਇੱਕ ਖਾਸ ਤਰ੍ਹਾਂ ਦੀ ਟੈਨਸ਼ਨ ਜ਼ਰੂਰੀ ਹੈ। ਕੁਝ ਚੰਗੇ ਕਾਗਜ਼ਾਂ ਤੇ ਚੰਗੇ ਪੈੱਨ ਨੂੰ ਤਰਜੀਹ ਦਿੰਦੇ ਹਨ। ਤੈਨੂੰ ਲਿਖਣ ਲਈ ਕਿਹੋ ਜਿਹਾ ਮਾਹੌਲ ਲੋੜੀਦਾ ਹੈ।**

– ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਸਾਨੂੰ ਲਿਖਣ ਲਈ ਇੱਕ ਚੰਗੇ ਮਾਹੌਲ ਦੀ ਲੋੜ ਹੈ ਜਾਂ ਤੁਹਾਨੂੰ ਵਧੀਆ ਕਾਗਜ਼ ਚਾਹੀਦੇ ਹਨ ਜਾਂ ਤੁਹਾਡੇ ਕੋਲ ਵਧੀਆ ਘਰ ਹੋਵੇ। ਪਰ ਮੇਰੇ ਕੋਲ



**ਸਾਹਿਤ ਅਕੈਡਮੀ ਦਿੱਲੀ ਵਲੋਂ ਮਿਲਿਆ ਅਨੁਵਾਦ ਪੁਰਸਕਾਰ ਪ੍ਰਾਪਤ ਕਰਦੇ ਹੋਏ ਪ੍ਰੇਮ ਗੋਰਖੀ**

ਅਜਿਹਾ ਕੁਝ ਵੀ ਨਹੀਂ ਸੀ। ਨਾ ਤਾਂ ਮੈਨੂੰ ਐਦਾਂ ਦੀ ਲੋੜ ਸੀਗੀ ਨਾ ਹੀ ਕੋਈ ਤਮਨਾ ਹੀ ਪੈਦਾ ਹੋਈ। ਮੈਂ ਜਦੋਂ ਜਲੰਧਰ ਰਹਿੰਦਾ ਹੁੰਦਾ ਸੀਗਾ ਤਾਂ ਮੈਂ ਇੱਕ ਬਹੁਤ ਹੀ ਗਰੀਬ ਘਰ ਵਿੱਚ ਜੰਮਿਆ ਪਲਿਆ। ਸਾਡੀ ਆਰਥਿਕ ਹਾਲਤ ਬਹੁਤ ਹੀ ਮਾੜੀ ਸੀ। ਮੇਜ਼ ਕੁਰਸੀ ਦੀ ਤਾਂ ਗੱਲ ਹੀ ਛੱਡੋ ਕਈ ਵਾਰ ਤਾਂ ਮੰਜਾ ਵੀ ਟੁੱਟਿਆ ਹੁੰਦਾ ਸੀ ਤੇ ਬਾਣ ਵੀ ਢਿੱਲਾ ਹੁੰਦਾ ਸੀ। ਇਸ ਸਮੇਂ ਦੌਰਾਨ ਮੈਂ ਜਿੰਨੀਆਂ ਵੀ ਕਹਾਣੀਆਂ ਲਿਖੀਆਂ ਅਜਿਹੇ ਹੀ ਮਾਹੌਲ ਵਿਚ ਲਿਖੀਆਂ। ਜਿੱਥੇ ਅਸੀਂ ਰਹਿੰਦੇ ਸੀ ਉਥੋਂ ਨਾਲ ਦੀ ਗੰਦੀ ਨਾਲੀ ਵਗਦੀ ਸੀ ਜਿਸ ਵਿੱਚ ਮੱਖੀਆਂ ਭੀਂਅ-ਭੀਂਅ ਕਰਦੀਆਂ ਰਹਿੰਦੀਆਂ ਸਨ ਤੇ ਆਉਂਦੇ ਜਾਂਦੇ ਲੋਕਾਂ ਦਾ ਰੌਲਾ-ਰੱਪਾ ਪੈਂਦਾ ਰਹਿੰਦਾ ਸੀ। ਉਨ੍ਹਾਂ ਵਿਚਕਾਰ ਰਾਤ ਨੂੰ ਲੜਾਈਆਂ ਝਗੜੇ ਹੁੰਦੇ ਰਹਿੰਦੇ ਸਨ। ਕਈ ਵਾਰ ਤਾਂ ਦੋ ਵਜੇ ਤਾਈ ਵੀ ਸ਼ਾਂਤੀ ਨਸੀਬ ਨਹੀਂ ਹੁੰਦੀ ਸੀ। ਇਸ ਕਰਕੇ ਮੈਨੂੰ ਕਦੇ ਵੀ ਅਜਿਹੇ ਮਾਹੌਲ ਦੀ ਲੋੜ ਮਹਿਸੂਸ ਨਹੀਂ ਹੋਈ। ਨਾ ਹੀ ਵਧੀਆ ਕਾਗਜ਼ ਤੇ ਪੈੱਨ ਦੀ। ਕਈ ਵਾਰ ਪੈੱਨ ਵੀ ਨਹੀਂ ਹੁੰਦਾ ਸੀ ਤੇ ਮੈਂ ਕੱਚੀ ਪੈਨਸਿਲ ਨਾਲ ਹੀ ਲਿਖ ਲੈਂਦਾ ਸੀ ਜਾਂ ਮੈਂ ਕਈ ਕਹਾਣੀਆਂ ਰਾਤ ਨੂੰ 'ਅਜੀਤ' 'ਚ ਕੰਮ ਕਰਦਿਆਂ ਉਦੋਂ ਲਿਖੀਆਂ ਜਦੋਂ ਇੱਕ ਪਾਸਿਉਂ ਟੈਲੀਪ੍ਰਿੰਟਰ ਦੀ ਆਵਾਜ਼ ਆਉਂਦੀ ਸੀ ਤੇ ਦੂਜੇ ਪਾਸੇ ਕੰਪੋਸਟਰ ਆ ਰਹੇ ਹੁੰਦੇ ਸਨ। ਪਰ ਉਸੇ ਦੌਰਾਨ ਜਦੋਂ ਮੈਨੂੰ ਵਿਹਲ ਮਿਲਦੀ ਸੀ ਤਾਂ ਮੈਂ ਆਪਣੀ ਕਹਾਣੀ ਲਿਖਦਾ ਰਹਿੰਦਾ ਸੀ।

**? ਇਨ੍ਹਾਂ ਦਿਨਾਂ ਵਿੱਚ ਜਦੋਂ ਪੰਜਾਬੀ ਕਹਾਣੀ ਦੀ ਗੱਲ ਹੁੰਦੀ ਹੈ ਤਾਂ ਕਿਹਾ ਜਾਂਦਾ ਹੈ ਕਿ ਅੱਧਾ ਅਕਾਸ਼ ਪ੍ਰੇਮ ਪ੍ਰਕਾਸ਼ ਦਾ ਹੈ ਅਤੇ ਅੱਧਾ ਵਰਿਆਮ ਸੰਧੂ ਦਾ। ਤੂੰ ਇਸ ਬਾਰੇ ਕੀ ਕਹਿਣਾ ਚਾਹਵੇਂਗਾ।**

-ਮੈਂ ਕਿੱਥੇ ਹਾਂ ਇਸ ਸੰਬੰਧੀ ਤਾਂ ਮੈਂ ਕੁੱਝ ਨਹੀਂ ਜਾਣਦਾ। ਪਰ ਇਹ ਜਿਹੜਾ ਵਾਕ ਨਿਕਲਿਆ ਇਹ ਭੂਸ਼ਨ ਦੀ ਕਾਢ ਸੀਗੀ। ਕਈ ਵਾਰ ਭੂਸ਼ਨ ਜਿਹੜੀਆਂ ਮਹਿਜ ਗੱਲਾਂ ਕਰਦਾ। ਕਈ ਗੱਲਾਂ ਉਸ ਦੀਆਂ ਬੜੀਆਂ ਸੱਚੀਆਂ ਵੀ ਸਾਬਤ ਹੁੰਦੀਆਂ। ਕਈ ਵਾਰ ਸ਼ਰਾਰਤ ਵਿੱਚ ਹੀ ਗੱਲਾਂ ਕਰ ਜਾਂਦਾ। ਇੱਥੇ ਤਾਂ ਮੈਨੂੰ ਇਉਂ ਲੱਗਦਾ ਬਈ ਉਸ ਸ਼ਰਾਰਤ ਵਿੱਚ ਗੱਲ ਕੀਤੀ ਸੀ। ਪਰ ਸਾਡੇ ਲਈ ਇੱਕ ਗੱਲ ਜ਼ਰੂਰ ਹੈ ਕਿ ਪ੍ਰੇਮ ਪ੍ਰਕਾਸ਼ ਆਪਣੇ ਫੀਲਡ ਵਿੱਚ ਤੇ ਆਪਣੀ ਵਿਧਾ ਵਿੱਚ ਮਾਸਟਰ ਹੈ। ਇਹ ਗੱਲ ਵੈਸੇ ਸ਼ਰਾਰਤ ਵਾਲੀ ਹੈ। ਮੈਂ ਤਾਂ ਇਉਂ ਸਮਝਦਾ ਕਿ ਇਹ ਗੱਲ ਕੋਈ ਬਹੁਤੀ ਸਾਰਥਕ ਨਹੀਂ ਗਿਣੀ ਜਾਂਦੀ

ਕਿਉਂਕਿ ਇਹ ਕਹਾਣੀਕਾਰ ਹੈਗੇ ਅੱਛੇ ਆ। ਇਹ ਸਾਡੇ ਬਹੁਤ ਵਧੀਆ ਕਹਾਣੀਕਾਰ ਹੈਗੇ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਅਸੀਂ ਉਨ੍ਹਾਂ ਦੇ ਨਾਲ-ਨਾਲ ਲਿਖ ਰਹੇ ਹਾਂ ਤੇ ਬਾਕੀ ਜਿਹੜਾ ਸੁਆਲ ਦੂਜੇ ਲੋਕਾਂ ਦੇ ਲਿਖਣ ਦਾ ਹੈ। ਇਸ ਸਮੇਂ ਅਸੀਂ ਦੂਜੇ ਲੇਖਕਾਂ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੇ। ਕ੍ਰਿਪਾਲ ਕਜ਼ਾਕ, ਜਸਵੀਰ ਭੁੱਲਰ, ਦਲਬੀਰ ਚੇਤਨ ਹੈ ਤੇ ਨਵਿਆਂ ਮੁੰਡਿਆਂ ਵਿੱਚੋਂ ਜਿੰਦਰ, ਦਵਿੰਦਰ ਮੰਡ, ਗੁਰਮੀਤ ਕੜਿਆਲਵੀ ਜਾਂ ਸੁਖਜੀਤ ਹੈ। ਇਸ ਵੇਲੇ ਸਾਡੇ ਕੋਲ ਕਈ ਸਮਰੱਥ ਕਹਾਣੀਕਾਰ ਹਨ। ਸਾਰੇ ਇੱਕੋ ਜਿਹਾ ਵਧੀਆ ਲਿਖ ਰਹੇ ਹਨ। ਸਾਡੇ ਕੋਲ ਕੁਲਵੰਤ ਸਿੰਘ ਵਿਰਕ ਹੈ ਤੇ ਅਸੀਂ ਕਹਿੰਦੇ ਹਾਂ ਕਿ ਉਹ ਵਧੀਆ ਕਹਾਣੀਕਾਰ ਹੈ ਪਰ ਅਸੀਂ ਉਸ ਦੇ ਨਾਲ-ਨਾਲ ਮਹਿੰਦਰ ਸਿੰਘ ਸਰਨਾ ਜਾਂ ਲੋਚਨ ਬਖਸ਼ੀ ਨੂੰ ਜਾਂ ਸੰਤੋਖ ਸਿੰਘ ਧੀਰ ਨੂੰ ਜਾਂ ਹੋਰ ਜਿਵੇਂ ਸੁਜਾਨ ਸਿੰਘ ਸੀ, ਉਨ੍ਹਾਂ ਲੇਖਕਾਂ ਨੂੰ ਅਸੀਂ ਇਗਨੋਰ ਨਹੀਂ ਕਰ ਸਕਦੇ।

**? 'ਸਿਰਜਣਾ' ਦੇ ਜੁਲਾਈ-ਸਤੰਬਰ 1993 ਦੇ ਅੰਕ ਵਿੱਚ ਬਲਦੇਵ ਸਿੰਘ ਧਾਲੀਵਾਲ ਨੇ ਪਿਛਲੇ ਦਹਾਕੇ ਦੀ ਕਹਾਣੀ ਦਾ ਲੇਖਾ ਜੋਖਾ ਕਰਦਿਆਂ ਤੇਰਾ ਜ਼ਿਕਰ ਨਹੀਂ ਕੀਤਾ। ਕੀ ਅਜਿਹਾ ਉਸ ਜਾਣ ਬੁਝ ਕੇ ਕੀਤਾ ਹੈ।**

-ਮੈਂ ਇਹ ਸਮਝਦਾ ਕਿ ਇਹ ਜਾਣ ਬੁੱਝ ਕੇ ਕਰਨ ਵਾਲੀ ਗੱਲ ਨਹੀਂ ਹੁੰਦੀ। ਹੋ ਸਕਦਾ ਕਿ ਇਸ ਨੂੰ ਮੇਰੀਆਂ ਕਹਾਣੀਆਂ ਚੰਗੀਆਂ ਨਾ ਲਗਦੀਆਂ ਹੋਣ। ਮੇਰੀ 1982 ਵਿੱਚ ਕਹਾਣੀਆਂ ਦੀ ਕਿਤਾਬ ਛਪੀ ਸੀ ਹੋ ਸਕਦਾ ਕਿ ਉਸ ਮੇਰੀ ਕਿਤਾਬ ਨਾ ਪੜ੍ਹੀ ਹੋਵੇ ਜਾਂ ਇਹ ਵੀ ਹੋ ਸਕਦਾ ਕਿ ਉਸ ਮੇਰੀਆਂ ਕਹਾਣੀਆਂ ਪੜ੍ਹੀਆਂ ਹੋਣ ਤੇ ਮੈਂ ਉਸਨੂੰ ਨਾ ਪਸੰਦ ਹੋਵਾਂ ਜਾਂ ਮੈਂ ਜਿਹੜੀਆਂ ਕਹਾਣੀਆਂ ਲਿਖੀਆਂ ਹਨ ਇਹ ਉਸ ਹਿਸਾਬ ਵਿੱਚ ਨਾ ਆਉਂਦੀਆਂ ਹੋਣ ਜਾਂ 'ਜੀਣ ਮਰਨ' ਕਿਤਾਬ ਤੋਂ ਬਾਅਦ ਜਿਹੜੀਆਂ ਮੇਰੀਆਂ ਕਹਾਣੀਆਂ ਛਪੀਆਂ ਹਨ ਤੇ ਜਿਹੜੀਆਂ ਮੈਂ ਆਪਣੀ ਨਵੀਂ ਕਿਤਾਬ 'ਅਰਜਨ ਸਫੈਦੀ ਵਾਲਾ' ਵਿੱਚ ਸ਼ਾਮਲ ਕੀਤੀਆਂ ਹਨ, ਸੋਲ੍ਹਾਂ-ਸਤਾਰਾਂ ਕਹਾਣੀਆਂ ਇਸ ਪੀਰੀਅਡ ਵਿੱਚ ਹੀ ਛਪੀਆਂ ਤੇ ਅਸੀਂ ਇਹ ਨਹੀਂ ਕਹਿ ਸਕਦੇ। ਇਹ ਤਾਂ ਉਸ ਦੀ ਸਮਰਥਾ ਹੈਗੀ ਜਾਂ ਉਸ ਦਾ ਆਪਣਾ ਦ੍ਰਿਸ਼ਟੀਕੋਣ ਹੈ ਕਿ ਉਸ ਨੂੰ ਮੇਰੀਆਂ ਕਹਾਣੀਆਂ ਚੰਗੀਆਂ ਨਹੀਂ ਲੱਗਦੀਆਂ ਪਰ ਮੈਂ ਕਦੇ ਇਸ ਗੱਲ ਦਾ ਗਿਲਾ ਨਹੀਂ ਕਰਦਾ ਕਿ ਫਲਾਨਾ ਹੈ ਤੇ ਉਸ ਮੇਰਾ ਨਾਂ ਨਹੀਂ ਲਿਆ।

**? ਇਸ ਦੇ ਨਾਲ ਹੀ ਇਹ ਪ੍ਰਸ਼ਨ ਆ ਜੁੜਦਾ ਹੈ ਕਿ ਜਿਵੇਂ ਪ੍ਰੇਮ ਪ੍ਰਕਾਸ਼ ਦਾ ਕਹਿਣਾ ਹੈ ਕਿ ਆਲੋਚਕ ਨੂੰ ਆਪਣੇ ਮੋਢਿਆਂ 'ਤੇ ਨਹੀਂ ਬੈਠਣ ਦੇਣਾ ਚਾਹੀਦਾ। ਤੇਰਾ ਇਸ ਬਾਰੇ ਕੀ ਵਿਚਾਰ ਹੈ।**

- ਮੈਂ ਇਸ ਸੰਬੰਧੀ ਬੜਾ ਸਪੱਸ਼ਟ ਹਾਂ ਤੇ ਹੋਰ ਨਵੇਂ ਲੇਖਕਾਂ ਨੂੰ ਸੁਝਾਅ ਦਿੰਦਾ ਹਾਂ ਕਿ ਕਦੇ ਕਿਸੇ ਆਲੋਚਕ ਬਾਰੇ ਇਸ ਤਰ੍ਹਾਂ ਸੋਚਿਆ ਹੀ ਨਹੀਂ ਤੇ ਤੈਨੂੰ ਇਹ ਗੱਲ ਸੁਣ ਕੇ ਹੈਰਾਨੀ ਹੋਵੇਗੀ ਕਿ 'ਸਿਰਜਣਾ' ਵਿੱਚ ਜਿਹੜਾ ਧਾਲੀਵਾਲ ਦਾ ਲੇਖ ਛਪਿਆ ਮੈਂ ਉਸ ਦਾ ਹੈਡਿੰਗ ਜ਼ਰੂਰ ਪੜ੍ਹਿਆ ਪਰ ਆਰਟੀਕਲ ਅਜੇ ਤਾਈਂ ਨਹੀਂ ਪੜ੍ਹਿਆ। ਮੈਨੂੰ ਇਸ ਤਰ੍ਹਾਂ ਲੱਗਦਾ ਕਿ ਸਾਡੇ ਆਲੋਚਕਾਂ ਦੀ ਵੰਡ ਹੋਈ ਹੈ। ਮੈਂ ਆਲੋਚਨਾ ਬਾਰੇ ਕਈ ਵਾਰੀ ਸੋਚਦਾ ਕਿ ਸਾਡੇ ਆਲੋਚਕ ਲੇਖਕਾਂ ਵਾਂਗ ਗੰਭੀਰ ਕਿਉਂ ਨਹੀਂ ਹਨ। ਜਦੋਂ ਕਿਸੇ ਲੇਖਕ ਦੀ ਵਧੀਆ ਕਹਾਣੀ ਛਪਦੀ ਹੈ ਤਾਂ ਮੇਰੀ ਇਹ ਸੋਚ ਹੁੰਦੀ ਹੈ ਕਿ ਮੈਂ ਵੀ ਇਸ ਤੋਂ ਵਧੀਆ ਕਹਾਣੀ ਲਿਖਾਂ।

**? ਨੋਬਲ ਪ੍ਰਾਈਜ਼ ਜੇਤੂ ਇੰਗਲਿਸ਼ ਕਵੀ ਟੀ ਐੱਸ. ਇਲੀਅਟ ਨੇ ਕਿਹਾ ਸੀ ਕਿ ਜੋ ਕੁੱਝ ਲੇਖਕ ਲਿਖਦਾ ਹੈ, ਆਲੋਚਕ ਉਸ ਬਾਰੇ ਸੋਚ ਵੀ ਨਹੀਂ ਸਕਦਾ।**

- ਮੇਰਾ ਵੀ ਇਹੋ ਵਿਚਾਰ ਹੈ ਕਿ ਸਾਡੇ ਆਲੋਚਕ ਸਾਡੇ ਲੇਖਕ ਦੀ ਕਹੀ ਹੋਈ ਕੋਈ ਗੱਲ ਨੂੰ ਉਨੀ ਸਮਰੱਥਾ ਨਾਲ ਨਹੀਂ ਫੜਦੇ। ਮੈਂ ਬਲਦੇਵ ਸਿੰਘ ਧਾਲੀਵਾਲ ਦੇ ਪੇਪਰ 'ਨਵੇਂ ਪੋਚ ਦੇ ਕਹਾਣੀਕਾਰ' ਵਿਚੋਂ ਇਕ ਗੱਲ ਫੜੀ ਸੀ ਕਿ ਉਸ ਨੇ ਨਸਰਾਲੀ ਦੀ ਕਹਾਣੀ 'ਹੱਡਾ ਰੋੜੀ' ਬਾਰੇ ਗੱਲ ਕੀਤੀ ਸੀ ਕਿ ਜ਼ਿੰਦਗੀ ਦੇ ਪ੍ਰਤੀਕ ਨੂੰ ਲੈ ਕੇ ਗਿਰਝਾਂ ਤੇ ਕੁੱਤਿਆਂ ਦੀ ਗੱਲ ਕੀਤੀ ਹੈ ਪਰ ਜੇ ਤੁਸੀਂ ਲੇਖਕ ਨਾਲ ਗੱਲ




**ਸਿਰਜਣਧਾਰਾ ਵਲੋਂ ਸਨਮਾਨ ਪ੍ਰਾਪਤ ਕਰਦੇ ਹੋਏ ਪ੍ਰੇਮ ਗੋਰਖੀ**

ਕਰਦੇ ਹੋ ਤਾਂ ਉਸ ਦਾ ਕਹਿਣਾ ਹੋਵੇਗਾ ਕਿ ਉਹ ਹੋਰ ਨਜ਼ਰੀਏ ਨਾਲ ਕਹਾਣੀ ਲਿਖਦਾ ਹੈ ਪਰ ਆਲੋਚਕ ਉਸਨੂੰ ਹੋਰ ਹੀ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਜਿਵੇਂ ਮੈਂ ਆਪਣੀਆਂ ਕਹਾਣੀਆਂ ਕਿਸੇ ਹੋਰ ਨਜ਼ਰੀਏ ਤੋਂ ਲਿਖੀਆਂ ਸਨ ਪਰ ਆਲੋਚਕਾਂ ਨੇ ਉਨ੍ਹਾਂ ਨੂੰ ਕਈ ਹੋਰ ਢੰਗਾਂ ਨਾਲ ਪੇਸ਼ ਕੀਤਾ। ਇੱਕ ਵਾਰੀ ਜੋਗਿੰਦਰ ਪੁਆਰ ਹੋਰਾਂ ਨੇ ਗੋਸ਼ਟੀ ਵਿੱਚ ਕਿਹਾ ਸੀ ਕਿ ਸਾਡੇ ਆਲੋਚਕਾਂ ਨੇ ਕਲਾਸੀਕਲ ਸਾਹਿਤ ਨਹੀਂ ਪੜ੍ਹਿਆ। ਜਾਂ ਆਲੋਚਨਾ ਬਾਰੇ ਨਵੀਆਂ ਵਿਧੀਆਂ ਜਾਂ ਆਲੋਚਨਾ ਨੂੰ ਅੱਗੋਂ ਅਸੀਂ ਕਿਵੇਂ ਲੈਣਾ ਹੈ ਇਸ ਬਾਰੇ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਹੈ। ਮਿਸਾਲ ਦੇ ਤੌਰ 'ਤੇ ਮੈਂ ਤੈਨੂੰ ਦੱਸਾਂ ਸੰਤ ਸਿੰਘ ਸੇਖੋਂ ਜਾਂ ਜੀਤ ਸਿੰਘ ਸ਼ੀਤਲ ਹੋਰੀਂ ਸੀਗੇ ਜਾਂ ਇੱਥੇ ਡਾ. ਅਤਰ ਸਿੰਘ ਹੋਰੀਂ ਨੇ, ਡਾ. ਕੇਸਰ ਸਿੰਘ ਹੈ ਇਹ ਲੋਕ ਕਿਸੇ ਇੱਕ ਵਿਸ਼ੇ 'ਤੇ ਨਿੱਠ ਕੇ ਕੰਮ ਕਰਦੇ ਹਨ ਤੇ ਇਸੇ ਲਈ ਆਲੋਚਨਾ ਦੇ ਖੇਤਰ ਵਿੱਚ ਉਨ੍ਹਾਂ ਨੇ ਧਾਂਕ ਜਮਾਈ। ਡਾ. ਅਤਰ ਸਿੰਘ ਨੂੰ ਅਸੀਂ ਸਾਰੇ ਸਮਰੱਥ ਆਲੋਚਕ ਮੰਨਦੇ ਹਾਂ। ਇਸੇ ਤਰ੍ਹਾਂ ਡਾ. ਹਰਭਜਨ ਸਿੰਘ ਨੇ। ਪਰ ਇਨ੍ਹਾਂ ਤੋਂ ਬਾਅਦ ਜਿਹੜੇ ਆਲੋਚਕ ਬਹੁਤੇ ਆ ਰਹੇ ਹਨ ਜਿਵੇਂ ਰਘਬੀਰ ਸਿੰਘ ਹਨ, ਇਹ 'ਸਿਰਜਣਾ' ਪਰਚਾ ਕੱਢਦੇ ਹਨ, ਇਸ ਲਈ ਕਹਾਣੀਆਂ ਪੜ੍ਹਦੇ ਹਨ ਤੇ ਇਨ੍ਹਾਂ ਕੋਲ ਕਹਾਣੀ ਦੀ ਕਮਾਂਡ ਵੀ ਹੈ। ਇੱਕ ਵਾਰੀ ਅੰਮ੍ਰਿਤਾ ਪ੍ਰੀਤਮ ਨਾਲ ਗੱਲ ਹੋਈ ਤਾਂ ਮੈਂ ਵਰਿਆਮ ਸੰਧੂ ਦੀਆਂ ਕਹਾਣੀਆਂ ਦਾ ਜ਼ਿਕਰ ਕੀਤਾ... ਕਹਾਣੀ ਚੌਥੀ ਕੂੰਟ... ਤਾਂ ਉਹ ਕਹਿੰਦੀ ਵਰਿਆਮ ਸੰਧੂ ਕੌਣ ਹੈ? ਇਸ ਤਰ੍ਹਾਂ 'ਨਾਗਮਣੀ' ਵਿੱਚ ਜਿਹੜਾ ਲੇਖਕ ਛਪਦਾ ਹੈ ਉਸ ਲਈ ਇਹ ਇੱਕ ਕਹਾਣੀਕਾਰ ਹੈਗਾ ਪਰ ਇਸ ਤੋਂ ਉਲਟ ਜਿਹੜਾ 'ਸਿਰਜਣਾ' ਜਾਂ ਹੋਰ ਪਰਚੇ 'ਚ ਛਪਦਾ ਹੈ ਭਾਵੇਂ ਇਹ ਸਮਰੱਥ ਕਹਾਣੀਕਾਰ ਹੈ, ਉਸ ਨੂੰ ਉਹ ਪੜ੍ਹਦੇ ਹੀ ਨਹੀਂ। ਇਸੇ ਤਰ੍ਹਾਂ ਰਘਬੀਰ ਸਿੰਘ ਹੋਰਾਂ ਨੇ 'ਨਾਗਮਣੀ' ਵਿੱਚ ਛਪੀਆਂ ਬਹੁਤ ਸਾਰੀਆਂ ਕਹਾਣੀਆਂ ਪੜ੍ਹੀਆਂ ਹੀ ਨਹੀਂ ਜਿਵੇਂ ਇਹ ਜਸਬੀਰ ਭੁੱਲਰ ਦੀਆਂ ਕਹਾਣੀਆਂ ਦੀ ਕਦੇ ਗੱਲ ਹੀ ਨਹੀਂ ਕਰਦੇ ਹੁੰਦੇ ਸਨ ਤੇ ਹੁਣ ਹੌਲੀ ਹੌਲੀ ਉਨ੍ਹਾਂ ਨੂੰ ਪਤਾ ਲੱਗਿਆ ਤਾਂ ਭੁੱਲਰ ਦੀ ਗੱਲ ਕਰਨੀ ਸ਼ੁਰੂ ਕੀਤੀ ਸੀ। ਇਸੇ ਤਰ੍ਹਾਂ ਤੁਸੀਂ ਦੂਜੇ ਕਹਾਣੀਕਾਰ ਦੇਖੋਗੇ ਜਿਹੜੇ 'ਨਾਗਮਣੀ' ਵਿੱਚ ਛਪਦੇ ਹਨ, ਇਨ੍ਹਾਂ ਨੂੰ ਦੂਜੇ ਆਲੋਚਕ ਨਹੀਂ ਪੜ੍ਹਦੇ ਤੇ ਪਰਚੇ ਨੂੰ ਹੀ ਕਡੈਮ ਕਰਦੇ ਹਨ ਕਿ ਪਰਚਾ ਹੀ ਨਹੀਂ ਚੰਗਾ। ਸਾਡੀ ਇਹ

ਧਾਰਨਾ ਹੀ ਅਜਿਹੀ ਬਣੀ ਹੈ ਜਾਂ ਪਾਰਟੀ ਬਣੀ ਹੈ ਕਿ ਅਸੀਂ ਕਹਿੰਦੇ ਹਾਂ ਲਓ ਜੀ ਫਲਾਨੇ ਪਰਚੇ ਤਾਂ ਫਲਾਨੀ ਵਿਚਾਰਧਾਰਾ ਦੇ ਨੇ...।

**? (ਵਿਚੋਂ ਹੀ ਟੋਕ ਕੇ) ਤੇਰੇ ਕਹਿਣ ਦਾ ਭਾਵ ਹੈ ਕਿ ਪੰਜਾਬੀ ਆਲੋਚਕ ਇੱਕ ਪੱਖੀ ਹਨ।**

-ਇੱਕ ਪੱਖੀ ਦੀ ਤਾਂ ਇੱਕ ਪਾਸੇ ਰਹੀ ਮੈਂ ਤਾਂ ਕਹਿਨਾ ਉਨ੍ਹਾਂ ਦਾ ਪੱਖ ਹੀ ਕੋਈ ਨਹੀਂ ਹੈ। ਹੁਣ ਜਿਹੜੀ ਸਾਡੀ ਨਵੀਂ ਆਲੋਚਨਾ ਆ ਰਹੀ ਹੈ ਉਨ੍ਹਾਂ ਦਾ ਪੱਖ ਹੀ ਬੜਾ ਘੱਟ ਹੈ। ਰਘਬੀਰ ਸਿੰਘ ਤੋਂ ਬਾਅਦ ਮੈਨੂੰ ਇਉਂ ਲੱਗਦਾ... ਚੱਲੋ ਰਘਬੀਰ ਸਿੰਘ ਸਾਡਾ ਇੱਕ ਸਮਰੱਥ ਆਲੋਚਕ ਹੈ ਪਰ ਅਤਰ ਸਿੰਘ ਹੈ ਇਹ ਹਰੇਕ ਵਿਸ਼ੇ 'ਤੇ ਬੋਲ ਸਕਦਾ ਨਾਵਲ ਹੋਵੇ ਜਾਂ ਕਹਾਣੀ। ਐਦਾਂ ਹੀ ਸਤਿੰਦਰ ਸਿੰਘ ਨੂਰ ਹੈਗਾ। ਉਂਝ ਮੈਂ ਉਸ ਨੂੰ ਬਹੁਤ ਵੱਡਾ ਆਲੋਚਕ ਨਹੀਂ ਮੰਨਦਾ ਕਿਉਂਕਿ ਉਸ ਦੀ ਆਲੋਚਨਾ ਨਿਸ਼ਟਾ ਨਾਲ ਕਿਸੇ ਪੱਖ ਨੂੰ ਪੇਸ਼ ਕਰਦੀ ਨਹੀਂ ਲੱਗਦੀ ਪਰ ਕਿਉਂਕਿ ਉਹ ਆਪ ਕਵਿਤਾ ਲਿਖਦਾ ਹੈ ਤੇ ਜਦੋਂ ਕਵਿਤਾ ਸੰਬੰਧੀ ਗੱਲ ਕਰਦਾ ਹੈ ਤਾਂ ਨਿੱਗਰ ਕਰਦਾ ਹੈ। ਇਸ ਤਰ੍ਹਾਂ ਡਾ. ਜਗਬੀਰ ਸਿੰਘ ਹੈ। ਉਹ ਕਹਾਣੀ ਦੇ ਖੇਤਰ ਵਿੱਚ ਤੱਕੜੇ ਆਲੋਚਕ ਬਣ ਸਕਦੇ ਹਨ ਪਰ ਉਹ ਕਹਾਣੀ ਨਾਲ ਪੂਰੀ ਤਰ੍ਹਾਂ ਜੁੜਦੇ ਹੀ ਨਹੀਂ।

**? ਇੱਕ ਵਾਰ ਬਲਦੇਵ ਸਿੰਘ ਦੀ ਕਿਤਾਬ 'ਸਵੇਰੇ ਦੀ ਲੋਅ' ਤੇ ਗੋਸ਼ਟੀ ਹੋਈ। ਦੋ ਪੇਪਰ ਪੜ੍ਹੇ ਗਏ। ਜਦੋਂ ਬਹਿਸ ਸ਼ੁਰੂ ਕਰਨ ਦਾ ਸਮਾਂ ਆਇਆ ਤਾਂ ਬਹੁਤੇ ਵਕਤਿਆਂ ਦਾ ਕਹਿਣਾ ਸੀ ਕਿ ਸਾਡੇ ਕੋਲ ਬਲਦੇਵ ਸਿੰਘ ਦੀ ਕਿਤਾਬ ਹੀ ਹੈ ਨਹੀਂ ਸੀ ਜਦੋਂਕਿ ਉਸ ਦੀਆਂ ਸਾਰੀਆਂ ਹੀ ਕਹਾਣੀਆਂ ਚੰਗੇ ਪਰਚਿਆਂ ਵਿੱਚ ਪਹਿਲਾਂ ਹੀ ਛਪ ਚੁੱਕੀਆਂ ਸਨ। ਕੀ ਸਾਡੇ ਸ਼ੋ ਕਾਲਡ ਆਲੋਚਕ ਸਮਕਾਲੀ ਕਹਾਣੀਆਂ ਜੋ ਪਰਚਿਆਂ ਵਿੱਚ ਛਪ ਰਹੀਆਂ ਹਨ, ਉਨ੍ਹਾਂ ਨੂੰ ਪੜ੍ਹਦੇ ਹੀ ਨਹੀਂ।**

-ਮੈਂ ਤਾਂ ਇਹੋ ਕਹਾਂਗਾ ਕਿ ਇਹ ਕਹਾਣੀਆਂ ਨੂੰ ਨਹੀਂ ਪੜ੍ਹਦੇ। ਇਹ ਰਾਇ ਲੈਂਦੇ ਹਨ। ਪੁੱਛਦੇ ਹਨ। ਇਨ੍ਹਾਂ ਕੋਲ ਤਾਂ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਸਮਾਂ ਹੀ ਪੂਰਾ ਨਹੀਂ ਹੈਗਾ। ਮਿਸਾਲ ਵਜੋਂ 6 ਨਵੰਬਰ, 1993 ਨੂੰ 'ਪੰਜਾਬੀ ਕਹਾਣੀ ਉਤਸਵ' ਵਿੱਚ ਜਿਹੜਾ ਪੇਪਰ ਟੀ. ਆਰ. ਵਿਨੋਦ ਨੇ ਪੜ੍ਹਿਆ ਉਸ ਵਿੱਚ ਜਿਹੜੀਆਂ ਕਹਾਣੀਆਂ ਦਾ ਜ਼ਿਕਰ ਕੀਤਾ ਉਹ ਤਾਂ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਛਪ ਚੁੱਕੀਆਂ ਹਨ। ਹੁਣ ਦੀਆਂ ਕਹਾਣੀਆਂ ਦਾ ਕੋਈ ਜ਼ਿਕਰ ਨਹੀਂ ਕੀਤਾ। ਜਿਹੜੇ ਸਾਡੇ ਆਲੋਚਕ ਹੈਗੇ ਨਾ ਇਹ ਇੱਕ ਦੂਜੇ ਕੋਲੋਂ ਪੁੱਛ ਕੇ ਪੜ੍ਹਦੇ ਹਨ ਜਾਂ ਕਿਸੇ ਦੇ ਕਹਿਣ ਤੇ ਕਿ ਫਲਾਣੇ ਲੇਖਕ ਦੀ ਕਿਤਾਬ ਤੇਰੇ ਕੋਲ ਆ ਗਈ ਹੈ ਜਾਂ ਦੂਜੇ ਤੋਂ ਪੁੱਛਣਗੇ ਕਿ ਪ੍ਰੇਮ ਗੋਰਖੀ ਕਿਤਾਬ ਦੇ ਗਿਆ, ਜੇ ਉਸ ਨੂੰ ਕੋਈ ਕਹਿ ਦੇਵੇ ਕਿ ਇਸ ਨੂੰ ਪੜ੍ਹ ਲੈਣਾ ਚਾਹੀਦਾ, ਨਵਿਆਂ ਬਾਰੇ ਗੱਲ ਕਰਨੀ ਚਾਹੀਦੀ ਹੈ ਫੇਰ ਉਹ ਉਸ ਨੂੰ ਵਾਚ ਸਕਦਾ। ਫੇਰ ਉਨ੍ਹਾਂ ਨੂੰ ਕੀ ਲੋੜ ਹੈ ਕਿ ਇਹ ਬਲਦੇਵ ਸਿੰਘ ਦੀਆਂ ਕਹਾਣੀਆਂ ਪੜ੍ਹਨ। ਉਹ ਅਸੀਂ ਪੜ੍ਹਦੇ ਹਾਂ ਕਿਉਂਕਿ ਸਾਨੂੰ ਪੜ੍ਹਨ ਦੀ ਲੋੜ ਹੈ। ਅਸੀਂ ਜੋ ਕਹਾਣੀ ਲੇਖਕ ਹਾਂ ਅਸੀਂ ਇੱਕ ਦੂਜੇ ਦੀ ਰਚਨਾ ਪੜ੍ਹਦੇ ਹਾਂ ਤੇ ਉਨ੍ਹਾਂ ਤੇ ਗੱਲ ਵੀ ਕਰਦੇ ਹਾਂ ਤੇ ਗੱਲ ਵੀ ਪੂਰੀ ਸਮਰੱਥਾ ਨਾਲ ਕਰਦੇ ਹਾਂ ਕਿਉਂਕਿ ਸਾਨੂੰ ਸਭ ਤੋਂ ਵੱਡੀ ਤਾਂਘ ਇਹ ਹੁੰਦੀ ਹੈ ਕਿ ਅਸੀਂ ਇਨ੍ਹਾਂ ਤੋਂ ਕੁੱਝ ਸਿੱਖ ਵੀ ਸਕੀਏ ਜਾਂ ਉਸ ਲੇਖਕ ਨਾਲੋਂ ਵਧੀਆ ਕਹਾਣੀ ਲਿਖ ਸਕਾਂ। ਅਸੀਂ ਇਸ ਕਰਕੇ ਗੌਰ ਨਾਲ ਉਸ ਨੂੰ ਲੈਂਦੇ ਹਾਂ।

ਗੋਸ਼ਟੀਆਂ ਤਾਂ ਇੱਕ ਦੂਜੇ ਦੀ ਜਾਣ-ਪਹਿਚਾਣ ਦਾ ਇੱਕ ਸਾਧਨ ਹੁੰਦੀਆਂ ਹਨ। ਇੱਕ ਦੂਜੇ ਨੂੰ ਮੇਲ ਮਿਲਾਪ ਦਾ ਮੌਕਾ ਪ੍ਰਦਾਨ ਕਰਦੀਆਂ। ਇਸ ਸੰਬੰਧੀ ਮੈਂ ਨਿੱਜੀ ਗੱਲ ਕਰਨਾ ਚਾਹਵਾਂਗਾ ਕਿ ਕੁੱਝ ਚਿਰ ਪਹਿਲਾਂ ਮੈਂ ਰਾਤ ਦੀਆਂ ਕਹਾਣੀਆਂ ਗੋਸ਼ਟੀਆਂ ਕਰਵਾਈਆਂ ਸਨ ਮੈਂ ਸਮਝਦਾ ਉਸ ਤਰ੍ਹਾਂ ਦੀਆਂ ਗੋਸ਼ਟੀਆਂ ਚਾਹੇ ਉਹ ਨਾਵਲ ਸੰਬੰਧੀ ਹੋਣ ਜਾਂ ਕਵਿਤਾ ਸੰਬੰਧੀ। ਉਸ ਤਰ੍ਹਾਂ ਦੀਆਂ ਗੋਸ਼ਟੀਆਂ ਵਿੱਚ ਸਾਰਥਕ ਗੱਲ ਹੋ ਸਕਦੀ ਹੈ। ਪਰ ਐਦਾਂ ਦੀਆਂ ਗੋਸ਼ਟੀਆਂ ਜਿਵੇਂ ਕਿ ਜਲੰਧਰ 'ਚ ਹੁਣੇ-ਹੁਣੇ (6-7-11-1993) ਹੋਈ ਹੈ, ਵਿੱਚ ਫੇਰ ਪੱਖਪਾਤ ਦੀ ਗੱਲ ਵੀ ਆ ਜਾਂਦੀ ਹੈ ਤੇ ਪਾਰਟੀਬਾਜ਼ੀ ਦੀ ਗੱਲ ਵੀ ਆ ਜਾਂਦੀ ਹੈ ਫੇਰ ਰੌਲਾ-ਰੱਪਾ ਜਿਆਦਾ।

**? ਜਿੰਨਾ ਤੂੰ ਹੁਣ ਤਾਈਂ ਲਿਖਿਆ। ਕੀ ਉਸ ਤੋਂ ਤੂੰ ਸੰਤੁਸ਼ਟ ਹੈ।**



**ਪ੍ਰੇਮ ਗੋਰਖੀ, ਸਿਆਮ ਸੁੰਦਰ ਦੀਪਤੀ, ਵਰਗਸ ਸਲਾਮਤ ਤੇ ਹੋਰਨਾ ਨਾਲ**

–ਸੰਤੁਸ਼ਟੀ ਦੀ ਤਾਂ ਇਹੋ ਜਿਹੀ ਕੋਈ ਗੱਲ ਨਹੀਂ ਹੈਗੀ। ਮੈਂ ਜਦੋਂ ਵੀ ਆਪਣੀਆਂ ਪ੍ਰਾਪਤੀਆਂ ਵੱਲ ਦੇਖਦਾ ਹਾਂ ਤਾਂ ਇਸ ਗੱਲ ਦਾ ਧਿਆਨ ਜ਼ਰੂਰ ਕਰਦਾ ਕਿ ਮੈਂ ਕਿਸ ਸਮਾਜ ਵਿਚੋਂ ਆਇਆ ਜਾਂ ਮੈਂ ਕਿੱਥੋਂ ਰਿੜ੍ਹਿਆ ਤੇ ਮੈਂ ਜਿਹੜੇ ਦੋ ਚਾਰ ਕਦਮ ਪੁੱਟੇ ਸਨ। ਕਿਤੇ ਸੱਚੀ ਇਹ ਪੁੱਟ ਵੀ ਹੋ ਗਏ ਜਾਂ ਮੈਨੂੰ ਕੋਈ ਭੁਲੇਖਾ ਤਾਂ ਨਹੀਂ। ਕਈ ਵਾਰ ਤਾਂ ਮੈਨੂੰ ਸੰਤੁਸ਼ਟੀ ਹੁੰਦੀ ਹੈ ਪਰ ਮੈਂ ਨਾਲ ਨਾਲ ਆਪਣੇ ਸਮਕਾਲੀ ਸਾਹਿਤ ਵੱਲ ਵੀ ਦੇਖਦਾ ਹਾਂ ਤਾਂ ਮੈਨੂੰ ਇਉਂ ਲੱਗਦਾ ਹੈ ਕਿ ਮੈਂ ਜੋ ਕੁੱਝ ਵੀ ਕਰ ਰਿਹਾ ਹਾਂ। ਇਹ ਸ਼ੁਰੂਆਤ ਹੈ। ਫੇਰ ਪਤਾ ਨਹੀਂ ਕਿ ਕਦੋਂ ਚੰਗੀ ਰਚਨਾ ਲਿਖੀ ਜਾਵੇ। ਇਹ ਤਾਂ ਕੋਸ਼ਿਸ਼ ਹੈ ਹੀ। ਅੱਗੇ ਤੋਂ ਆਉਣ ਵਾਲੇ ਸਮੇਂ ਵਿੱਚ ਕੁੱਝ ਚੰਗਾ ਲਿਖਾਂ ਪਰ ਇੰਨਾ ਵੀ ਨਹੀਂ ਕਿ ਜੋ ਹੁਣ ਤਾਈ ਮੈਂ ਲਿਖਿਆ ਹੈ। ਉਸ ਤੋਂ ਨਿਰਾਸ਼ ਹਾਂ।

**? ਇਹਦੇ ਨਾਲ ਹੀ ਗੱਲ ਆ ਜੁੜਦੀ ਹੈ ਕਿ ਜੋ ਤੂੰ ਹੁਣ ਤਾਈਂ ਲਿਖਿਆ, ਕੀ ਉਸ ਦਾ ਠੀਕ ਮੁਲਾਂਕਣ ਹੋ ਗਿਆ।**

–ਜਿਵੇਂ ਕਿ ਮੈਂ ਪਹਿਲਾਂ ਗੱਲ ਕੀਤੀ ਸੀ ਕਿ ਇਹ ਜਿਹੜੇ ਆਲੋਚਕ ਹਨ, ਉਨ੍ਹਾਂ ਦਾ ਧਿਆਨ ਬਹੁਤਾ ਪੜ੍ਹਨ ਵੱਲ ਨਹੀਂ ਹੈ। ਮੈਂ ਹੁਣ ਤੱਕ ਜਿੰਨੀਆਂ ਕਹਾਣੀਆਂ ਲਿਖੀਆਂ ਉਨ੍ਹਾਂ 'ਤੇ ਕੁਝ ਵਿਦਿਆਰਥੀਆਂ ਨੇ ਕੰਮ ਕੀਤਾ ਹੈ। ਪੰਜਾਬ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਰੀਜ਼ੀਨਲ ਸੈਂਟਰ ਬਠਿੰਡਾ ਵਿੱਚ ਐੱਮ. ਫਿੱਲ ਹੋਈ। ਇਨ੍ਹਾਂ ਨੇ ਆਪਣੇ ਥੀਸਿਸ ਦੀ ਇੱਕ ਕਾਪੀ ਮੈਨੂੰ ਭੇਜੀ। ਉਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਮੈਨੂੰ ਐਦਾਂ ਲਗਦਾ ਇੱਕ ਵਿਦਿਆਰਥੀ ਹੋਣ ਦੇ ਨਾਤੇ ਨਾ ਕਿ ਆਲੋਚਕ, ਜੇ ਉਹ ਆਲੋਚਕ ਹੁੰਦੇ ਤਾਂ ਸ਼ਾਇਦ ਇੰਨੀ ਗੰਭੀਰਤਾ ਤੇ ਡੂੰਘਿਆਈ ਨਾਲ ਨਾ ਕੰਮ ਕਰਦੇ ਤੇ ਉਨ੍ਹਾਂ ਮੈਨੂੰ ਇਸ ਗੱਲ ਤੇ ਕਾਫੀ ਸੰਤੁਸ਼ਟੀ ਪਹੁੰਚਾਈ ਹੈ ਕਿ ਜਿਹੜੀ ਗੱਲ ਮੈਂ ਕਹਿਣ ਨੂੰ ਤੁਰਿਆ ਹਾਂ ਉਨ੍ਹਾਂ ਨੇ ਉਹ ਗੱਲ ਫੜਨ ਦੀ ਕੋਸ਼ਿਸ਼ ਕੀਤੀ ਹੈ। (**ਸੰਪਰਕ-98148-03254**)

# “ਮਾਰਕਸਵਾਦੀਆਂ ਨੂੰ ਦਲਿਤ ਸ਼ਬਦ ‘ਦਾਲ ਵਿਚ ਕੋਕੜੂ’ ਵਾਂਗ ਰੜਕਦਾ ਹੈ”- ਪ੍ਰੇਮ ਗੋਰਖੀ

## (ਪ੍ਰੇਮ ਗੋਰਖੀ ਦੀ ਦਵਾਰਕਾ ਭਾਰਤੀ ਨਾਲ ਗੱਲਬਾਤ)

ਪ੍ਰੇਮ ਗੋਰਖੀ ਉਨ੍ਹਾਂ ਕਹਾਣੀਕਾਰਾਂ ’ਚ ਸ਼ਾਮਿਲ ਹਨ ਜਿਨ੍ਹਾਂ ਦੀਆਂ ਕਹਾਣੀਆਂ ਨੂੰ ਪੜ੍ਹਿਆ ਤੇ ਵਿਚਾਰਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਕਹਾਣੀਆਂ ’ਚੋਂ ‘ਬੋਅ’ ਆਉਂਦੀ ਮਹਿਸੂਸ ਹੁੰਦੀ ਹੈ। ਇਹ ‘ਬੋਅ’ ਕਾਹਦੀ ਹੈ ? ਇਸ ਨੂੰ ਸਪੱਸ਼ਟ ਕਰਦੀ ਇਕ ਮੁਲਾਕਾਤ ਦਲਿਤ-ਸਾਹਿਤ ਤੇ ਦਲਿਤ-ਚਿੰਤਨ ਦੇ ਮੁੱਦਿਆਂ ’ਤੇ ਅਧਾਰਿਤ।

**? ਤੁਹਾਡਾ ਨਾਂ ਪੰਜਾਬੀ ਦੇ ਉਨ੍ਹਾਂ ਸਿਰਮੌਰ ਸਾਹਿਤਕਾਰਾਂ ’ਚ ਸ਼ਾਮਿਲ ਮੰਨਿਆਂ ਜਾਂਦਾ ਹੈ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਪੜ੍ਹਿਆ ਤੇ ਵਿਚਾਰਿਆਂ ਜਾਂਦਾ ਹੈ। ਸਾਹਿਤ-ਜਗਤ ਵਿਚ ਇਹ ਮੁਕਾਮ ਹਾਸਿਲ ਕਰਨ ਦੇ ਸੰਘਰਸ਼ ਨੂੰ ਤੁਸੀਂ ਕਿਵੇਂ ਵੇਖਦੇ ਹੋ ?**

– ਮੈਂ ਲੇਖਨ ਕਾਰਜ ਨੂੰ ਇਕ ਸੰਘਰਸ਼ ਤਾਂ ਮੰਨਦਾ ਹਾਂ ਪਰ ਇਸ ਨੂੰ ਮੈਂ ਕੋਈ-ਮੁਕਾਮ ਹਾਸਲ ਕਰਨ ਲਈ ਨਹੀਂ ਲੜਿਆ। ਜ਼ਿੰਦਗੀ ਵਿਚ ਕਈ ਸੰਘਰਸ਼ ਅਜਿਹੇ ਲੜੇ ਜਾਂਦੇ ਹਨ ਜੋ ‘ਕੁਝ ਹਾਸਲ’ ਕਰਨ ਲਈ ਨਹੀਂ, ਹਾਸਲ ਬਣੇ ਰਹਿਣ ਲਈ ਲੜੇ ਜਾਂਦੇ ਹਨ। ਪੰਜਾਬੀ ਸਾਹਿਤ ਉਪਰ ਵੀ ਜਾਤੀ ਅਭਿਮਾਨ ਦਾ ਠੱਪਾ ਲੰਮੇ ਸਮੇਂ ਤੋਂ ਲੱਗਾ ਹੋਇਆ ਹੈ। ਇਥੇ ਇਕ ਜਾਤੀ ਵਿਸ਼ੇਸ਼ ਨੂੰ ਹੀ ਪ੍ਰਮਾਣਿਕਤਾ ਹਾਸਲ ਰਹੀ ਹੈ ਅਤੇ ਉਨ੍ਹਾਂ ਦੇ ਰਚੇ ਸਾਹਿਤ ਨੂੰ ਹੀ ਸਰਕਾਰੇ ਦਰਬਾਰੇ ਸਨਮਾਨ ਪ੍ਰਾਪਤ ਰਿਹਾ ਹੈ। ਮੇਰੀ ਉਸ ਰੁਝਾਨ ਖਿਲਾਫ਼ ਵੀ ਕੋਈ ਲੜਾਈ ਨਹੀਂ ਹੈ। ਮੈਂ ਕੋਈ ਇਨਾਮ ਜਾਂ ਪ੍ਰਾਪਤੀ ਲਈ ਨਹੀਂ ਲਿਖਿਆ। ਮੈਂ ਤਾਂ ਆਪਣੇ ਸਵੈ ਦੇ ਪ੍ਰਗਟਾਵੇ ਲਈ ਹੀ ਯਤਨਸ਼ੀਲ ਰਿਹਾ।

**? ਜੇ ਅਸੀਂ ਪੰਜਾਬੀ ਦੇ ਜ਼ਿਆਦਾਤਰ ਸਾਹਿਤ ’ਤੇ ਨਜ਼ਰ ਮਾਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਦਲਿਤ ਤੇ ਨਾਰੀ ਅਧਾਰਿਤ ਸਾਹਿਤ ਰਚਣ ਦੀ ਇਕ ਪਰਪੰਰਾ ਬਣੀ ਰਹੀ ਹੈ। ਅੱਜ ਦੇ ਸਾਹਿਤਕ ਸੰਦਰਭ ’ਚ ਦਲਿਤ ਤੇ ਨਾਰੀ-ਅਧਾਰਿਤ ਰਚੇ ਸਾਹਿਤ ਦੀ ਕੀ ਸਥਿਤੀ ਮੰਨੀ ਜਾ ਸਕਦੀ ਹੈ।**

– ਪੰਜਾਬੀ ਵਿਚ ਦਹਾਕਾ ਪਹਿਲਾਂ ਦਲਿਤ ਸਾਹਿਤ ਦੀ ਕੋਈ ਪ੍ਰੀਭਾਸ਼ਾ ਜਾਂ ਜ਼ਿਕਰ ਨਹੀਂ ਸੀ। ਦਲਿਤਾਂ ਨਾਲ ਸੰਬੰਧਤ ਸਾਹਿਤ ਰਚਿਆ ਜ਼ਰੂਰ ਜਾ ਰਿਹਾ ਸੀ। ਕਿਉਂਕਿ ਪੰਜਾਬ ਵਿਚ ਵੀ ਕਮਿਊਨਿਸਟ ਵਿਚਾਰਧਾਰਾ ਖਾਸ ਕਰਕੇ ਪੜ੍ਹੇ ਲਿਖੇ ਵਰਗ ਵਿਚ, ਦਾ ਵੱਡੀ ਪੱਧਰ ’ਤੇ ਅਸਰ ਰਿਹਾ ਹੈ ਜਿਸ ਕਰਕੇ ਪ੍ਰਗਤੀਵਾਦ ਦਾ ਪ੍ਰਛਾਵਾਂ ਹਰ ਜਿਹਨ ’ਤੇ ਮੰਡਰਾਉਂਦਾ ਰਿਹਾ ਹੈ, ਇਸ ਲਈ ਨਿਮਨ ਵਰਗ ’ਤੇ ਕੇਂਦਰਤ ਰਚੇ ਗਏ ਸਾਹਿਤ ਨੂੰ ਉਸੇ ਕੋਟੀ ਵਿਚ ਰਖ ਕੇ ਵਿਚਾਰਿਆ ਜਾਂਦਾ ਰਿਹਾ ਹੈ ਜਿਵੇਂ ਕਿ ਮੇਰੀਆਂ ਕਹਾਣੀਆਂ ਨੂੰ ਬੇਜ਼ਮੀਨੇ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਮਜ਼ਦੂਰਾਂ ਦੀ ਗੱਲ ਕਰਦੀਆਂ ਕਰਕੇ ਪਛਾਣ ਬਣਾ ਦਿੱਤੀ ਗਈ। ਇਸਤਰੀ ਵਰਗ ਦਾ ਵੱਖਰਾ ਮਸਲਾ ਹੈ। ਨਾਰੀ ਨਾਲ ਸੰਬੰਧਤ ਸਮੱਸਿਆਵਾਂ ਪੰਜਾਬੀ ਸਾਹਿਤ ਵਿਚ ਉਸੇ ਭਾਂਤ ਦੀਆਂ ਰਹੀਆਂ ਜਿਸ ਭਾਂਤ ਦੀਆਂ ਹੋਰ ਭਾਰਤੀ ਭਾਸ਼ਾਵਾਂ ਵਿਚ। ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਦਲੀਪ ਕੌਰ ਟਿਵਾਣਾ ਦੀਆਂ ਲਿਖਤਾਂ ਵਿਚ ਨਾਰੀ ਨਾਲ ਸੰਬੰਧਤ ਸਮੱਸਿਆਵਾਂ ਦਾ ਵਿਸ਼ਾਲ ਪੱਧਰ ’ਤੇ ਉਲੇਖ ਹੋਇਆ ਜਿਨ੍ਹਾਂ ਦੀ ਆਵਾਜ਼ ਨੂੰ ਗੰਭੀਰਤਾ ਨਾਲ ਲਿਆ ਵੀ ਗਿਆ। ਪਰ ਆਪਾਂ ਦਲਿਤ ਤੇ ਨਾਰੀ ਸਾਹਿਤ ਨੂੰ ਇਕੱਠਾ ਰਖ ਕੇ ਨਹੀਂ ਵਿਚਾਰ ਸਕਦੇ। ਦਲਿਤ ਤੇ ਨਾਰੀ ਨੂੰ ਆਪਾਂ ਸਿਰਫ ਮਨੂੰ ਸਿਮਤਰੀ ਕਰਕੇ ਹੀ ਇੱਕਠਾ ਨਾ ਕਰੀਏ। ਦਲਿਤ ਦੀ ਤਰਾਸਦੀ ਤੇ ਇਹਦੇ ਉਪਰ ਹੋਏ ਜ਼ੁਲਮ ਤੇ ਤਸ਼ੱਦਤ ਦਾ ਕਿੱਸਾ ਹੀ ਅੱਲਗ ਹੈ। ਔਰਤ ਸਿਰਫ ਮਰਦ ਦੇ ਤਸ਼ੱਦਦ ਦੀ, ਜ਼ਿਆਦਤੀਆਂ ਦੇ ਵੱਖ-ਵੱਖ ਰੂਪਾਂ ਦਾ ਸ਼ਿਕਾਰ ਹੁੰਦੀ ਹੈ। ਫਿਰ ਵੀ ਆਖਰ ਮਰਦ ਔਰਤ ਨੂੰ ਪਰਨਾਉਂਦਾ ਵੀ ਹੈ, ਸਵੀਕਾਰਦਾ ਵੀ ਹੈ। ਪਰ




**ਲਿਖਾਰੀ ਸਭਾ ਰੂਪਨਗਰ ਦੇ ਸਮਾਗਮ ਵਿਚ ਕਹਾਣੀ ਪੜ੍ਹਦੇ ਹੋਏ ਪ੍ਰੇਮ ਗੋਰਖੀ**

ਦਲਿਤ ਨੂੰ ਉੱਚ ਤੇ ਨੀਮ ਉੱਚ-ਜਾਤੀਆਂ ਦਾ ਸ਼ਿਕਾਰ ਹੀ ਹੋਣਾ ਪੈਂਦਾ ਹੈ, ਉਸ ਨੂੰ ਸਵੀਕਾਰ ਜਾਂ ਪਰਵਾਨ ਕਰਨ ਦੀ ਗੱਲ ਅੱਜੇ ਵੀ ਬਹੁਤ ਦੂਰ ਖੜ੍ਹੀ ਹੈ। ਕਾਨੂੰਨ, ਬੇਬੱਸ ਸਿਰਫ ਆਰਜ਼ੀ ਬੈਸਾਖੀਆਂ ਹਨ।

**? ਦਲਿਤ-ਸਾਹਿਤ ਨੂੰ ਲੈ ਕੇ ਅੱਜ ਵੀ ਪੰਜਾਬ ਦੇ ਕੁਝ ਮਾਰਕਸਵਾਦੀ ਤੇ ਪ੍ਰਗਤੀਵਾਦੀ ਲੇਖਕਾਂ ਦੀ ਧਾਰਨਾ ਕੋਈ ਬਹੁਤੀ ਚੰਗੀ ਨਹੀਂ ਰਹੀ ਹੈ। ਇਸ ਕੜੀ 'ਚ ਪੰਜਾਬੀ ਦੇ ਇਕ ਲੇਖਕ ਵਰਿਆਮ ਸਿੰਘ ਸੰਧੂ ਦਾ ਦਲਿਤ ਤੇ ਨਾਰੀ ਅਧਾਰਤ ਚਿੰਤਨ ਤੇ ਸਾਹਿਤ ਦੇ ਸੰਦਰਭ 'ਚ ਕਹਿਣਾ ਹੈ ਕਿ ਇਹ ਇਕ ਨਵੇਂ ਪ੍ਰਕਾਰ ਦਾ ਬ੍ਰਾਹਮਣਵਾਦ ਹੈ। ਇਸ ਤਰ੍ਹਾਂ ਪੂਰੇ ਦਾ ਪੂਰਾ ਸਾਹਿਤ ਸੰਕਟ 'ਚ ਪੈ ਜਾਵੇਗਾ। ਉਨ੍ਹਾਂ ਦੀ ਇਸ ਟਿਪਣੀ ਬਾਰੇ ਕੀ ਕਹਿਣਾ ਚਾਹੋਗੇ ?**

– ਇਹ ਸਿਰਫ ਪੰਜਾਬ ਦੀ ਤਰਾਸਦੀ ਰਹੀ ਹੈ ਕਿ ਇਥੇ ਪ੍ਰਗਤੀਵਾਦੀ ਜਾਂ ਮਾਰਕਸਵਾਦੀਆਂ ਨੂੰ ਦਲਿਤ ਸ਼ਬਦ 'ਦਾਲ ਵਿਚ ਕੋਕੜੂ' ਵਾਂਗ ਰੜਕਦਾ ਹੈ। ਮਾਰਕਸ ਨੇ ਆਪਣੇ ਸਿਧਾਂਤ ਵਿਚ ਅਜਿਹੀ ਵਰਗ ਵੰਡ ਨੂੰ ਥਾਂ ਨਹੀਂ ਦਿੱਤੀ। ਉਹਨੇ ਸ਼੍ਰੇਣੀ ਵੰਡ ਨੂੰ ਪਹਿਲ ਦਿੱਤੀ ਹੈ। ਮਾਰਕਸ ਭਾਰਤ ਵਿਚ ਜੇ ਜੰਮਿਆ ਹੁੰਦਾ ਤਾਂ ਉਹ ਛੂਤ-ਛਾਤ, ਨੀਵੀਂ ਉੱਚੀ ਜਾਤ ਦੇ ਵਿਤਕਰੇ ਨੂੰ ਅਨੁਭਵ ਕਰ ਸਕਦਾ। ਭਾਰਤੀ ਸਮਾਜ ਤੇ ਮਿਥਿਹਾਸ ਦਾ ਤਾਂ ਧਰਾਤਲ ਹੀ ਅਲੱਗ ਹੈ। ਇਥੇ ਘਿਨਾਉਣੀਆਂ ਗੱਲਾਂ ਨੂੰ ਲਾਗੂ ਕਰਨ ਲਈ ਦੇਵੀ ਦੇਵਤਿਆਂ ਦਾ ਸਹਾਰਾ ਲਿਆ ਜਾਂਦਾ ਹੈ।

ਮੈਂ ਵਰਿਆਮ ਸਿੰਘ ਸੰਧੂ ਦੀ ਗੱਲ ਨਾਲ ਕਿਸੇ ਹਦ ਤਕ ਸਹਿਮਤ ਨਹੀਂ ਹਾਂ। ਜਿਸ ਸੰਕਟ ਵਲ ਵਰਿਆਮ ਇਸ਼ਾਰਾ ਕਰ ਰਿਹਾ ਹੈ ਇਹ ਦਲਿਤ ਬੁੱਧੀਜੀਵੀਆਂ ਵਲੋਂ ਪੈਦਾ ਕੀਤੇ ਜਾਣ ਦਾ ਸ਼ੰਕਾ ਹੈ। ਇਹ ਗੱਲ ਤਾਂ ਮੈਂ ਹੁਣੇ ਹੀ ਮਹਿਸੂਸ ਕਰ ਰਿਹਾ ਹਾਂ ਕਿ ਦਲਿਤ ਲੇਖਕਾਂ ਵਿਚ ਅਜਿਹੀ ਮਨੋਬਿਰਤੀ ਘੱਟ ਕੰਮ ਕਰ ਰਹੀ ਹੈ ਕਿ ਜੋ ਉਹ ਲਿਖ ਰਹੇ ਹਨ, ਉਸ ਨੂੰ ਪ੍ਰਵਾਨਗੀ ਮਿਲ ਰਹੀ ਹੈ ਜਾਂ ਨਹੀਂ ਪਰ ਦਲਿਤ ਬੁੱਧੀ ਜੀਵੀ ਇਸ ਰੁਝਾਣ ਪ੍ਰਤੀ ਬਹੁਤੇ ਫਿਕਰਮੰਦ ਹਨ। ਦਲਿਤ ਲੇਖਕਾਂ ਦੀ ਪਛਾਣ ਕਰਨੀ, ਦਲਿਤਾਂ ਲਈ ਫਰੰਟ ਬਨਾਉਣੇ ਤੇ ਫਿਰ ਇਨ੍ਹਾਂ ਫਰੰਟਾਂ ਵਲੋਂ ਕੀਤੇ ਜਾਂਦੇ ਵਿਸ਼ੇਸ਼ ਸਮਾਗਮਾਂ 'ਚ ਹੋਰ ਲੋਕਾਂ ਨੂੰ ਸੁਚੇਤ ਤੌਰ ਤੇ ਦੂਰ ਰਖਣਾ, ਇਹ ਵੀ ਉਸੇ ਤਰ੍ਹਾਂ ਦਾ ਰੁਝਾਨ ਹੈ ਜਿਸ ਤਰ੍ਹਾਂ ਬ੍ਰਾਹਮਣਵਾਦ ਨੇ ਆਰੰਭ ਤੋਂ ਹੀ ਅਜਿਹੇ

ਪ੍ਰਯਤਨ ਜਾਰੀ ਰਖੇ ਕਿ ਹੋਰ ਜਾਤੀ ਵਿਸ਼ੇਸ਼ ਦੇ ਲੋਕਾਂ ਨੂੰ ਆਪਣੇ ਤੋਂ ਦੂਰ ਰੱਖਿਆ। ਲੇਖਕ ਵਰਗ ਨੂੰ ਖਾਸ ਕਰਕੇ ਅਜਿਹੀ ਪ੍ਰਵਿਰਤੀ ਤੋਂ ਦੂਰ ਰਹਿਣਾ ਚਾਹੀਦਾ ਹੈ। ਸਾਹਿਤ ਨੂੰ ਵੰਡ ਕੇ ਨਹੀਂ ਦੇਖਣਾ ਚਾਹੀਦਾ ਹੈ ਉਸ ਦੀ ਕਲਾਤਮਕਤਾ, ਸੁਹਿਰਦਤਾ ਤੇ ਸਮਾਜ ਪ੍ਰਤੀ, ਮਨੁੱਖਤਾ ਪ੍ਰਤੀ ਪਹੁੰਚ ਨੂੰ ਮੁੱਖ ਰਖਣਾ ਚਾਹੀਦਾ ਹੈ। ਜਿਹੜਾਂ ਜੱਟਾਂ ਵਿਚ ਅੱਜ ਬ੍ਰਹਾਮਣ ਵਾਦ ਡੂੰਘਾਈ ਵਿਚ ਫੈਲ ਰਿਹਾ ਹੈ ਇਹ ਕੋਈ ਇਕ ਦਮ ਹੋਂਦ ਵਿਚ ਨਹੀਂ ਆਇਆ। ਡੇਢ ਸਦੀ ਤੋਂ ਪਹਿਲਾਂ ਜੱਟ ਵੀ ਸ਼ੂਦਰਾਂ ਵਿਚ ਹੀ ਸ਼ਾਮਲ ਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਮਿਸਲਾਂ ਬਣੀਆਂ ਤੇ ਫਿਰ ਸਿੱਖ ਰਾਜ ਸਥਾਪਤ ਹੋਣ ਬਾਅਦ ਪੰਜਾਬ ਵਿਚ ਸਿੱਖ ਜਾਗੀਰਦਾਰ ਬਣੇ ਤੇ ਸਿੱਖਾਂ ਖਾਸ ਕਰਕੇ ਜੱਟਾਂ ਨੂੰ ਸੂਦਰ ਪੁਣੇ ਤੋਂ ਸੁਚੇਤ ਤੌਰ ਤੇ ਕਢ ਲਿਆ ਗਿਆ। ਜਿਸ ਤਰ੍ਹਾਂ ਜੱਟਾਂ ਵਿਚ ਹੌਲੀ-ਹੌਲੀ ਜਾਤ ਅਭਿਮਾਨ ਵਧਿਆ ਅਤੇ ਇਕ ਤਰ੍ਹਾਂ ਅੱਜ ਇਹ ਬ੍ਰਾਹਮਣਵਾਦ ਦਾ ਰੂਪ ਧਾਰ ਗਿਆ ਹੈ, ਅਜਿਹੀ ਹੀ ਸਥਿਤੀ ਦਲਿਤਾਂ ਵਿਚ ਵੀ ਸੌ ਸਾਲ ਤਕ ਫੈਲ ਸਕਦੀ ਹੈ, ਜਿਸ ਵਲ ਵਰਿਆਮ ਸੰਧੂ ਨੇ ਇਸ਼ਾਰਾ ਕੀਤਾ ਹੈ।

**? ਸਾਹਿਤ ਜਗਤ 'ਚ ਉਭਰੇ ਦਲਿਤ ਸਾਹਿਤਕਾਰਾਂ ਦੇ ਅਨੁਭਵ ਕਥਿਤ ਉੱਚੀ ਜਾਤ ਦੇ ਲੇਖਕਾਂ ਦੇ ਪ੍ਰਤੀ ਬਹੁਤ ਚੰਗੇ ਨਹੀਂ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸਾਹਿਤਕਾਰ ਦਲਿਤ ਸਾਹਿਤਕਾਰਾਂ ਦੇ ਉਤਸਾਹ ਨੂੰ ਇਕ ਤਰ੍ਹਾਂ ਨਾਲ ਭੰਨਦੇ ਰਹੇ ਹਨ। ਇਸ ਸੰਦਰਭ 'ਚ ਤੁਹਾਡੇ ਵੀ ਕੁਝ ਅਨੁਭਵ ਰਹੇ ਹਨ ?**

- ਇਹ ਗੱਲ ਬਿਲਕੁਲ ਠੀਕ ਹੈ। ਇਹ ਰੁਝਾਨ ਤਾਂ ਹੁਣ ਸਗੋਂ ਹੋਰ ਵਧ ਗਿਆ ਹੈ। ਸਾਡੇ ਮੋਢੀ ਸਾਹਿਤਕਾਰ ਤੇ ਵੱਡੇ ਮਾਰਕਸਵਾਦੀ ਲੇਖਕ ਪ੍ਰਿੰ. ਸੰਤ ਸਿੰਘ ਸੇਖੋਂ ਵਿਚ ਜੱਟਵਾਦ ਘਰ ਕਰ ਚੁੱਕਾ ਸੀ। ਉਹ ਲੇਖਕ ਦੀ ਰਚਨਾ ਪੜ੍ਹਨ ਤੋਂ ਪਹਿਲਾਂ ਪੁੱਛਦੇ ਸੀ ਇਹ ਕਿਹੜੀ ਜਾਤ ਦਾ ਹੈ। ਮੈਂ ਨਿੱਜੀ ਤੌਰ ਤੇ ਉਨ੍ਹਾਂ ਦੇ ਮੂੰਹੋਂ ਇਹ ਤਰ੍ਹਾਂ ਦੇ ਸ਼ਬਦ ਆਪਣੇ ਬਾਰੇ ਸੁਣੇ ਸਨ। ਗੁਰਦਿਆਲ ਸਿੰਘ ਨਾਵਲਕਾਰ ਬਾਰੇ ਵੀ ਉਨ੍ਹਾਂ ਦੀ ਧਾਰਨਾ ਇਸੇ ਤਰ੍ਹਾਂ ਦੀ ਸੀ। ਅੱਜ ਵੀ ਇਹ ਉੱਚ ਜਾਤ ਦੇ ਲੋਕ ਜਾਣ ਬੁਝ ਕੇ ਦਲਿਤ ਲੋਕਾਂ ਦੀਆਂ ਕਿਤਾਬਾਂ ਬਾਰੇ ਗੌਰ ਨਹੀਂ ਕਰਦੇ। ਪ੍ਰਿੰ. ਸੁਜਾਨ ਸਿੰਘ ਤੋਂ ਬਿਨਾਂ ਕਿਸੇ ਦਲਿਤ ਲੇਖਕ ਦੀ ਕਿਤਾਬ ਨੂੰ ਸਾਹਿਤ ਅਕਾਦਮੀ ਦਾ ਇਨਾਮ ਨਹੀਂ ਮਿਲਿਆ ਹੈ, ਭਾਸ਼ਾ ਵਿਭਾਗ ਦੇ ਇਨਾਮਾਂ ਤੋਂ ਵੀ ਦੂਰ ਰੱਖਿਆ ਜਾਂਦਾ ਹੈ। ਅੱਜ ਦਲਿਤ ਲੇਖਕ ਹੀ ਮਿਲ ਕੇ ਤਾਂ ਕਿਸੇ ਦਲਿਤ ਲੇਖਕ ਦੀ ਕਿਤਾਬ ਬਾਰੇ ਗੋਸ਼ਟੀ ਕਰਵਾ ਸਕਦੇ ਹਨ ਪਰ ਇਹ ਉੱਚ ਜਾਤ ਦੇ ਲੇਖਕ ਹਮੇਸ਼ਾ ਇਸ ਗੱਲ ਤੋਂ ਦੂਰ ਦੌੜਦੇ ਹਨ। ਮੈਨੂੰ ਇਕ ਸਾਹਿਤਕਾਰ, ਜੋ ਮਾਰਕਸਵਾਦ ਦਾ ਤਗੜਾ ਮੁਦਈ ਹੈ ਇਸ ਗੱਲ ਤੋਂ ਹਮੇਸ਼ਾ ਟੋਕਦਾ ਰਿਹਾ ਕਿ ਕੀ ਯਾਰ ਤੂੰ ਐਵੇਂ ਗਰੀਬੀ, ਰੋਣ-ਪਿਟਣ ਨੂੰ ਹੀ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਂਦਾ ਰਹਿੰਦਾ। ਉਹ ਕਿਹਾ ਕਰਦਾ ਸੀ ਮੈਨੂੰ ਤੇਰੀਆਂ ਕਹਾਣੀਆਂ ਵਿਚੋਂ ' ਬੋਅ ' ਆਉਂਦੀ ਹੈ।

**? ਦਲਿਤ-ਸਾਹਿਤ ਤੇ ਦਲਿਤ ਚਿੰਤਨ ਨੂੰ ਲੈ ਕੇ ਜੇ ਅਸੀਂ ਪੰਜਾਬੀ ਦਲਿਤ-ਸਾਹਿਤ ਨੂੰ ਮਰਾਠੀ ਜਾਂ ਹਿੰਦੀ ਦੇ ਦਲਿਤ-ਸਾਹਿਤ ਦੀ ਸਥਿਤੀ ਦੇ ਮੁਕਾਬਲੇ ਵੇਖੀਏ ਤਾਂ ਅਸੀਂ ਪੰਜਾਬੀ ਦਲਿਤ-ਸਾਹਿਤ ਨੂੰ ਕਿੱਥੇ ਵੇਖਦੇ ਹਾਂ। ਇਸ ਦਿਸ਼ਾ ਵਲ ਅਜੇ ਕਿੰਨਾ ਕੰਮ ਕਰਨਾ ਬਾਕੀ ਸਮਝਦੇ ਹੈ।**

- ਮੈਨੂੰ ਮਰਾਠੀ ਭਾਸਾ ਦਾ ਬਹੁਤਾ ਦਲਿਤ ਸਾਹਿਤ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਮੈਂ ਕੁਝ ਨਾਵਲ ਤੇ ਕਹਾਣੀਆਂ ਹੀ ਪੜ੍ਹ ਸਕਿਆ ਹਾਂ। ਕੁਝ ਪਰਚਿਆਂ ਦੇ ਨਿਕਲੇ ਵਿਸ਼ੇਸ਼ ਅੰਕ ਪੜ੍ਹੇ ਹਨ। ਮੈਨੂੰ ਬਹੁਤੀ ਵਾਰੀ ਲਗਦਾ ਹੈ ਸਾਡੇ ਪੰਜਾਬੀ ਲੇਖਕਾਂ ਨੇ ਵੀ ਮਰਾਠੀ ਵਿਚ ਛੱਪਿਆ ਉਹੀ ਸਾਹਿਤ ਹੀ ਪੜ੍ਹਿਆ ਹੈ ਜਿਹਦੀ ਮੈਂ ਗੱਲ ਕਰ ਰਿਹਾ ਹਾਂ। ਇਹ ਗੱਲ ਠੀਕ ਹੈ ਕਿ ਮਰਾਠੀ ਵਿਚ ਦਲਿਤ ਸਾਹਿਤ ਲੰਮਾ ਸਮਾਂ ਪਹਿਲਾਂ ਪਛਾਣ ਵਿਚ ਆਇਆ ਤੇ ਪੰਜਾਬੀ ਵਿਚ ਦੇਰ ਬਾਅਦ। ਸੁਜਾਨ ਸਿੰਘ ਦੀਆਂ ਕਹਾਣੀਆਂ 1932 ਤੋਂ ਛਪਣੀਆਂ ਸ਼ੁਰੂ ਹੋਈਆਂ ਤੇ ਲਗਾਤਾਰ ਪੰਜਾਹ ਸਾਲ ਤਕ ਛਪੀਆਂ, ਉਨ੍ਹਾਂ ਵਿਚ ਬਹੁਤੀਆਂ ਦਲਿਤ ਲੋਕਾਂ ਬਾਰੇ ਕਹਾਣੀਆਂ ਹਨ। ਮੇਰੀ ਪਹਿਲੀ ਕਹਾਣੀ 'ਇਕ ਭੁੱਲ' 1970 ਵਿਚ 'ਨਾਗਮਣੀ' ਵਿਚ ਛਪੀ, 1974 ਵਿਚ ਮੇਰਾ ਕਹਾਣੀ ਸੰਗ੍ਰਹਿ 'ਮਿੱਟੀ ਰੰਗੇ ਲੋਕ' ਛਪਿਆ। ਫਿਰ ' ਜੀਣ ਮਰਨ ' , ' ਅਰਜਨ ਸਫੈਦੀ ਵਾਲਾ ' ਤੇ ਫਿਰ ' ਧਰਤੀ ਪੁੱਤਰ '... ਮੁਖਤਾਰ ਗਿੱਲ, ਕਿਰਪਾਲ ਕਜ਼ਾਕ, ਅਤਰਜੀਤ,




**ਮੁਕੇਰੀਆਂ ਵਿਖੇ ਪੰਜ ਕਹਾਣੀਕਾਰਾਂ ਦੇ ਸਨਮਾਨ ਦੌਰਾਨ ਪ੍ਰੇਮ ਗੋਰਖੀ, ਸਾਧੂ ਸਿੰਘ ਹਮਦਰਦ ਕੋਲੋਂ ਸਨਮਾਨ ਪ੍ਰਾਪਤ ਕਰਦੇ ਹੋਏ, ਵਿਚਕਾਰ ਸਟੇਜ ਤੇ ਪਿਆਰਾ ਸਿੰਘ ਭੋਗਲ ਤੇ ਪਿੱਛੇ ਵਰਿਆਮ ਸਿੰਘ ਸੰਧੂ**

ਨਛੱਤਰ ਮੇਰੇ ਸਮਕਾਲੀ ਕਹਾਣੀਕਾਰ ਹਨ, ਇਨ੍ਹਾਂ ਦੀਆਂ ਰਚਨਾਵਾਂ ਦਲਿਤਾਂ 'ਤੇ ਕੇਂਦਰਤ ਰਹੀਆਂ, 'ਮਿਸ਼ਾਲਚੀ' ਨਾਵਲ ਡਾ. ਗੁਰਚਰਨ ਸਿੰਘ ਰਾਓ ਦਾ 80 ਵਿਆਂ ਵਿਚ ਛਪਿਆ ਜਿਸ ਨੂੰ ਪ੍ਰਿੰ. ਸੰਤ ਸਿੰਘ ਸੇਖੋਂ ਨੇ ਵੀ ਵਧੀਆ ਰਚਨਾ ਮੰਨਿਆ ਸੀ। ਉਹ ਦਲਿਤ ਲੇਖਕ ਦਾ ਦਲਿਤ ਧਰਾਤਲ ਤੇ ਲਿਖਿਆ ਗਿਆ ਵੱਡਾ ਨਾਵਲ ਹੈ। ਇਹ ਕੁਝ ਲਿਖਣ ਦਾ ਮੇਰਾ ਭਾਵ ਇਹ ਦੱਸਣਾ ਹੀ ਹੈ ਕਿ ਪੰਜਾਬੀ ਸਾਹਿਤ ਵਿਚ ਦਲਿਤ ਸਾਹਿਤ ਕੋਈ ਅੱਜ ਭਲਕ ਹੀ ਨਹੀਂ ਲਿਖਿਆ ਜਾਣ ਲੱਗਾ। ਮਰਾਠੀ ਸਾਹਿਤ ਦਾ ਪਿਛੋਕੜ ਕੁਝ ਵਸੀਹ ਹੈ। ਉਥੇ ਦਲਿਤ ਲੋਕ ਵੀ ਬਹੁਤ ਸਮਾਂ ਪਹਿਲਾਂ ਸਿਖਿਅਤ ਤੌਰ ਤੇ, ਵਿਦਿਅਕ ਤੌਰ ਤੇ, ਰਾਜਨੀਤਕ ਤੌਰ ਸੁਚੇਤ ਹੋਏ। ਪੰਜਾਬੀ ਦਲਿਤ ਇਸ ਮਾਮਲੇ ਵਿਚ ਪਛੜਿਆ ਰਿਹਾ। ਸਿਰਫ ਦੋ ਪ੍ਰਤੀਸ਼ਤ ਲੋਕ ਹੀ ਉਪਰੋਕਤ ਸੰਦਰਭ ਵਿਚ ਸੁਚੇਤ ਸਨ। ਅੱਜ ਜ਼ਿਆਦਾ ਤਾਦਾਦ ਵਿਚ ਦਲਿਤ ਲੇਖਕ ਸਪਸ਼ਟ ਤੌਰ ਤੇ ਲਿਖਣ ਲੱਗੇ ਹਨ।

**? ਪੰਜਾਬ 'ਚ ਸਿੱਖ ਪਰਪੰਰਾ ਨੂੰ ਪੰਜਾਬੀਅਤ ਦੀ ਜੀਵਨ ਸ਼ੈਲੀ ਵਜੋਂ ਮੰਨਿਆਂ ਜਾਂਦਾ ਰਿਹਾ ਹੈ—ਜੇ ਅਸੀਂ ਇਸ ਧਾਰਨਾ ਨੂੰ ਮੰਨ ਕੇ ਚਲੀਏ ਤਾਂ ਪੰਜਾਬ ਦੇ ਦਲਿਤਾਂ ਦੀ ਸਥਿਤੀ ਇਸ ਸਿੱਖ ਪਰੰਪਰਾ 'ਚ ਤੁਸੀਂ ਕੀ ਸਮਝਦੇ ਹੋ ? ਅਰਥਾਤ ਦਲਿਤ ਵਰਗ ਦੀ ਇਸ ਪਰੰਪਰਾ 'ਚ ਸਮਾਜਿਕ, ਆਰਥਿਕ ਤੇ ਧਾਰਮਿਕ ਸਥਿਤੀ ਦਾ ਰੂਪ ਕੀ ਹੈ ?**


– ਤੁਹਾਡਾ ਸਵਾਲ ਬਹੁਤ ਗੰਭੀਰ ਹੈ। ਇਹ ਸਵਾਲ ਵੱਡੇ ਜਵਾਬ ਵਿਚ ਹੀ ਸਿਮੇਟਿਆ ਜਾ ਸਕਦਾ ਹੈ ਪਰ ਮੈਂ ਕੋਸ਼ਿਸ਼ ਕਰਾਂਗਾ ਇਸ ਨੂੰ ਬਹੁਤਾ ਵਿਸਥਾਰ ਵਿਚ ਨਾ ਲੈ ਕੇ ਜਾਵਾ। ਇਹ ਗੱਲ ਠੀਕ ਹੈ ਕਿ ਪੰਜਾਬ ਵਿਚ ਸਿੱਖ ਪਰੰਪਰਾ ਨੂੰ ਪੰਜਾਬੀਅਤ ਦਾ ਯਥਾਰਥ ਮੰਨਿਆ ਜਾਂਦਾ ਹੈ। ਇਸ ਸੰਦਰਭ ਵਿਚ ਦਲਿਤਾਂ ਦੀ ਸਥਿਤੀ ਕੁਦਰਤੀ ਤੌਰ 'ਤੇ ਸਿੱਖਾਂ ਨਾਲ ਹੀ ਵਰ ਮੇਚ ਕੇ ਚਲਦੀ ਦੇਖੀ ਜਾ ਸਕਦੀ ਹੈ। ਇਹ ਤਾਂ ਇਕ ਕੌੜੀ ਸਚਾਈ ਹੈ ਕਿ ਕੋਈ ਵੀ ਵਰਗ ਕਿਸੇ ਦੂਸਰੇ ਵੱਡੇ ਵਰਗ ਨਾਲ ਰਹੇਗਾ ਤਾਂ ਸਮਾਂ ਪਾ ਕੇ ਉਸੇ ਦਾ ਹੀ ਰੂਪ ਹੋ ਜਾਵੇਗਾ। ਉਹ ਵੱਡੇ ਵਰਗ ਦੇ ਸਭਿਆਚਾਰ, ਰਹਿਣ ਸਹਿਣ ਆਦਿ ਨੂੰ ਅਪਨਾਉਂਦਾ

ਚਲੇ ਜਾਂਦਾ ਹੈ। ਧਾਰਮਿਕ ਤੌਰ ਤੇ ਵੀ ਉਹ ਇਸ ਸਥਿਤੀ ਵਿਚ ਰੰਗਿਆ ਜਾਂਦਾ ਹੈ। ਜਦੋਂ ਅਸੀਂ ਪੰਜਾਬ ਦੇ ਦਲਿਤ ਨੂੰ ਧਾਰਮਿਕ ਤੌਰ 'ਤੇ ਹੀ ਦੇਖੀਏ ਤਾਂ ਉਹ ਬਹੁ ਗਿਣਤੀ ਵਿਚ ਸਿੱਖ ਧਰਮ ਦਾ ਅਨੁਿਆਈ ਬਣਿਆ ਹੈ। ਇਹ ਦਾ ਵੱਡਾ ਕਾਰਨ ਸਿੱਖ ਗੁਰੂਆਂ ਦਾ ਜਾਤੀ ਪ੍ਰਥਾ ਤੋਂ ਉਪਰ ਉਠ ਕੇ ਸੋਚਣਾ ਹੀ ਨਹੀਂ ਆਪਣੀ ਬਾਣੀ ਰਾਹੀਂ ਪ੍ਰਚਾਰ ਕਰਨਾ ਵੀ ਸੀ। ਇਸ ਵਿਚ ਮੁੱਖ ਭੂਮਿਕਾ ਰਹੀ ਪੰਜਵੇਂ ਗੁਰੂ ਅਰਜਨ ਦੇਵ ਦੀ ਜਿਨ੍ਹਾਂ ਗੁਰੂ ਗ੍ਰੰਥ ਸਾਹਿਬ ਨੂੰ ਸੰਕਲਨ ਦਾ ਰੂਪ ਦਿੰਦਿਆਂ ਨਾ ਸਿਰਫ ਸਿੱਖ ਗੁਰੂਆਂ ਦੀ ਬਾਣੀ ਨੂੰ ਹੀ ਚੁਣਿਆ ਸਗੋਂ ਉਸ ਸਮੇਂ ਦੇ ਸੰਤਾਂ ਦੀ ਬਾਣੀ ਨੂੰ ਵੀ ਇਸ ਵਿਚ ਸ਼ਾਮਲ ਕਰਕੇ ਇਕ ਤਰ੍ਹਾਂ 'ਏਕ ਨੂਰ 'ਤੇ ਸਭ ਜਗ ਉਪਜਿਆ' ਨੂੰ ਹਕੀਕੀ ਰੂਪ ਵਿਚ ਸਥਾਪਤ ਵੀ ਕੀਤਾ। ਇਸੇ ਸੰਦਰਭ ਵਿਚ ਗੁਰੂ ਗੋਬਿੰਦ ਸਿੰਘ ਵਲੋਂ ਖਾਲਸਾ ਸਾਜਣ ਦੀ ਘਟਨਾ ਨੂੰ ਲਿਆ ਜਾ ਸਕਦਾ ਹੈ ਜਿਸ ਨੇ ਉਸ ਸਮੇਂ (1699) ਪੰਜਾਬ ਵਿਚ ਪਨਪ ਚੁੱਕੇ ਛੂਆ-ਛਾਤ ਦੇ ਰੋਗ ਨੂੰ ਫੈਲਣ ਅਤੇ ਆਪਣੇ ਮਿਸ਼ਨ ਦੀ ਪੂਰਤੀ ਹਿਤ ਜਾਤ-ਪਾਤ ਨੂੰ ਮੂਲੋਂ ਹੀ ਨਖੇਧ ਕੇ ਖਾਲਸੇ ਦੀ ਸਾਜਨਾ ਕੀਤੀ। ਇਸ ਖਾਲਸੇ ਦੀ ਸਾਜਨਾ ਨੇ ਨਿਮਨ ਸ਼੍ਰੇਣੀਆਂ ਨੂੰ ਨਾ ਸਿਰਫ ਆਪਸ ਵਿਚ ਜੋੜਿਆ ਹੀ ਸਗੋਂ ਸੰਗਠਨ ਰੂਪ ਵਿਚ ਇਕ ਹੋ ਕੇ ਜ਼ੁਲਮ ਦੇ ਖਿਲਾਫ਼ ਲੜਨ ਲਈ ਵੀ ਪ੍ਰੇਰਿਆ। ਅਜਿਹੀਆਂ ਘਟਨਾਵਾਂ ਨੇ ਭਾਰਤ ਦੇ ਬਾਕੀ ਸਮਾਜਿਕ ਸੰਦਰਭ ਵਿਚ ਵੱਖਰੀ ਤਰ੍ਹਾਂ ਦਾ ਸੰਕਲਪ ਉਸਾਰਨ ਦਾ ਭਰਪੂਰ ਯਤਨ ਕੀਤਾ।

ਜਦੋਂ ਅਸੀਂ ਇਸ ਸੰਦਰਭ ਵਿਚ ਪੰਜਾਬ ਦੇ ਦਲਿਤ ਨਾਲ ਹੀ ਸਿੱਖ ਪੰਰਪਰਾ ਦੇ ਅਸਰ ਬਾਰੇ ਵਿਚਾਰ ਕਰਦੇ ਹਾਂ ਨਿਰਸੰਦੇਹ ਦਲਿਤ ਤੇ ਸਿੱਖ ਅੱਜ ਦੇ ਹਾਲਾਤ ਵਿਚ ਇਕ ਹੀ ਰੂਪ ਨਜ਼ਰ ਜ਼ਰੂਰ ਆਉਂਦੇ ਹਨ ਪਰ ਪੰਜਾਹ ਕੁ ਸਾਲ ਤੋਂ ਮਾਰਡਨ ਸਿੱਖ ਦਿਮਾਗ਼ ਵਿਚ ਬ੍ਰਾਹਮਣਵਾਦੀ ਰੁਚੀਆਂ ਦੇ ਪਰਵੇਸ਼ ਕਰਨ ਨਾਲ ਇਸ ਕੜੀ ਨੂੰ ਬੜੀ ਮਹੀਨ ਤੇ ਗਹਿਰੀ ਸੱਟ ਵਜਣੀ ਸ਼ੁਰੂ ਹੋਈ। ਉਲਟਾ ਦੂਸਰੇ ਪਾਸੇ ਦਲਿਤ ਮਾਡਰਨ ਯੂਥ ਨੇ ਵੀ ਪੱਚੀ ਕੁ ਸਾਲ ਤੋਂ ਸਮਾਜਿਕ ਸਥਿਤੀਆਂ ਵਿਚ ਬਦਲਾਵ ਪੈਦਾ ਕਰਨਾ ਸ਼ੁਰੂ ਕੀਤਾ। ਦੋਹਾਂ ਦੇ ਸੰਦਰਭ ਨੂੰ 'ਤੱਲ੍ਹਣ' ਵਾਲੀ ਘਟਨਾ ਨਾਲ ਜੋੜ ਕੇ ਜੇ ਵਿਚਾਰੀਏ ਤਾਂ ਸਥਿਤੀ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ।

**? ਸਵੈਜੀਵਨੀ ਲੇਖਕ 'ਚ ਪੰਜਾਬੀ ਦਲਿਤ-ਸਾਹਿਤ ਬਹੁਤ ਪਿਛੜਿਆਂ ਮੰਨਿਆਂ ਜਾਂਦਾ ਹੈ। ਤੁਹਾਡੀ ਆਤਮਕਥਾ 'ਗ਼ੈਰ ਹਾਜ਼ਿਰ ਆਦਮੀ' ਲਾਲ ਸਿੰਘ ਦਿਲ ਦੀ ਆਤਮਕਥਾ 'ਦਾਸਤਾਨ' ਤੇ ਹੁਣੇ ਚਰਚਾ 'ਚ ਆਈ ਬਲਬੀਰ ਮਾਧੋਪੁਰੀ ਦੀ ਆਤਮਕਥਾ ' ਛਾਂਗਿਆ ਰੁੱਖ ' ਦੇ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ। ਇਹ ਸਵੈਜੀਵਨੀਆਂ ਦਲਿਤ-ਸਾਹਿਤ ਦੀ ਕਮੀ ਨੂੰ ਪੂਰਿਆਂ ਕਰਨ 'ਚ ਕਿਥੋਂ ਤਕ ਸਮਰਥ ਹਨ। ਕੀ ਆਤਮ ਕਥਾਵਾਂ ਵੱਧ ਤੋਂ ਵੱਧ ਲਿਖੀਆਂ ਜਾਣੀਆਂ ਚਾਹੀਦੀਆਂ ਹਨ ?**

– ਜੋ ਵੀ ਦਲਿਤ ਚਿੰਤਕ ਹਨ, ਉਨ੍ਹਾਂ ਨੇ ਚਾਹੇ ਕਿਸੇ ਵੀ ਫੀਲਡ ਵਿਚ ਮਹਤੱਵਪੂਰਨ ਸਥਾਨ ਪ੍ਰਾਪਤ ਕੀਤਾ ਹੈ ਉਨ੍ਹਾਂ ਨੂੰ ਆਪਣੇ ਜੀਵਨ ਵਿਚ (ਦਲਿਤ ਹੋਣ ਕਰਕੇ) ਜਿਨ੍ਹਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ, ਉਨ੍ਹਾਂ ਨੂੰ ਇੰਨ-ਬਿੰਨ ਸਵੈ-ਜੀਵਨੀ ਮੂਲਕ ਰਚਨਾਵਾਂ ਵਿਚ ਅੰਕਤ ਕਰਨਾ ਚਾਹੀਦਾ ਹੈ। ਜਦੋਂ ਮੈਂ 'ਗ਼ੈਰ ਹਾਜ਼ਰ ਆਦਮੀ' ਦਾ ਮੈਟਰ ਲਿਖਣਾ ਸ਼ੁਰੂ ਕੀਤਾ ਸੀ ਤੇ ਇਸ ਪਾਸੇ ਮੈਨੂੰ ਪ੍ਰੇਰਨ ਲਈ ਅੰਮ੍ਰਿਤਾ ਪ੍ਰੀਤਮ ਨੇ ਅਗਵਾਈ ਕੀਤੀ। ਇਸ ਲਿਖਤ ਦੇ ਪਹਿਲਾਂ ਅਤੇ ਨਾ ਬਾਅਦ ਵਿਚ ਦਲਿਤ ਸ਼ਬਦ ਮੇਰੇ ਜ਼ਿਹਨ ਵਿਚ ਸੀ। ਮੇਰੇ ਸਾਹਮਣੇ ਤਾਂ ਗੱਲ ਹੀ ਇਕੋ ਸੀ ਕਿ ਕਾਲਜਾਂ, ਯੂਨੀਵਰਸਿਟੀਆਂ ਕਿਸੇ ਨੂੰ ਲੇਖਕ ਨਹੀਂ ਬਣਾਉਂਦੇ, ਇਕ ਸਾਧਾਰਨ, ਅਤਿ ਗਰੀਬ ਪਰਿਵਾਰ ਵਿਚ ਪੈਦਾ ਹੋਇਆ ਆਦਮੀ ਵੀ ਲੇਖਕ ਬਣ ਸਕਦਾ ਹੈ। ਜਦੋਂ ਕਦੇ ਮੈਂ ਸਵੈ-ਜੀਵਨੀ (ਅਗਲਾ ਪੱਖ) ਲਿਖਾਂਗਾ ਤਾਂ ਮੈਂ ਹੋਰ ਬਹੁਤ ਸਾਰੀਆਂ ਘਟਨਾਵਾਂ ਨੂੰ ਲੈ ਕੇ ਗੱਲ ਕਰਾਂਗਾ, ਜਿਵੇਂ ਬਲਬੀਰ ਮਾਧੋਪੁਰੀ ਨੇ ਕੀਤੀ ਹੈ। ਕਈ ਸਾਲ ਪਹਿਲਾਂ ਜਦੋਂ ਮੈਂ ਓਮ ਪ੍ਰਕਾਸ਼ ਵਾਲਮੀਕੀ ਦੀ ਸਵੈ-ਜੀਵਨੀ 'ਜੂਠ' ਪੜ੍ਹੀ ਤਾਂ ਮੈਂ ਹਿਲ ਗਿਆ ਸੀ। ਉਹਦੀ ਲਿਖਤ ਪੜ੍ਹਦਾ ਮੈਂ ਕਈ ਵਾਰੀ ਰੋਇਆ। ਉਹਨੂੰ ਤੇ ਉਹਦੇ ਪਰਿਵਾਰ ਨੂੰ ਵਾਲਮੀਕ ਹੋਣ ਕਰਕੇ ਕਿਤੇ ਵਧ ਦੁਸ਼ਵਾਰੀਆਂ ਝੱਲਣੀਆਂ ਪਈਆਂ। ਮੈਨੂੰ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਨਹੀਂ ਕਰਨਾ ਪਿਆ।



**'ਦੀਵਾ ਬਲੇ ਸਾਰੀ ਰਾਤ' ਦੇ ਸਮਾਗਮ ਮੌਕੇ ਦਲਬੀਰ ਚੇਤਨ, ਪ੍ਰੇਮ ਗੋਰਖੀ, ਭੀਖੀ, ਨਛੱਤਰ ਤੇ ਸੁਰਿੰਦਰ ਸਰਮਾ ਚੇਤਨ ਦੇ ਪਿੰਡ**

ਕਾਰਨ ਮੈਂ ਪਿੰਡ ਵਿਚ ਆਪਣੇ ਨਾਨੇ ਕੋਲ ਰਿਹਾ ਜਿਹੜਾ ਜੁਲਾਹਾ ਕੰਮ ਕਰਦਾ ਸੀ। ਪੈਸੇ ਵਲੋਂ ਕੁਝ ਸੁਖਾਲਾ ਹੋਣ ਕਰਕੇ ਉਹ ਪਿੰਡ ਵਿਚ ਜ਼ਿਮੀਦਾਰਾਂ ਨੂੰ ਹਥ-ਉਧਾਰ ਦੇ ਲੈ ਦਿੰਦਾ ਸੀ ਜਿਹਦੇ ਕਰਕੇ ਸਾਡੇ ਘਰੇਲੂ ਸੰਬੰਧ ਵੀ ਜ਼ਿਮੀਦਾਰਾਂ ਨਾਲ ਠੀਕ ਸਨ। ਮੇਰੇ ਬਾਬਾ, ਪਿਤਾ ਤੇ ਚਾਚਾ ਜਲੰਧਰ ਸ਼ਹਿਰ ਦੇ ਨਾਲ ਲਗਦੇ ਲਾਡੋਵਾਲੀ ਪਿੰਡ ਵਿਚ ਸਹਿਗਲਾਂ ਦੇ ਮੁਜ਼ਾਰੇ ਸੀ, ਸੋ ਇਥੇ ਸਿੱਧਾ ਸੰਬੰਧ ਖੇਤੀਬਾੜੀ ਨਾਲ ਸੀ, ਇਸ ਲਈ ਮੈਂ ਉਹ ਹਾਲਾਤ ਨਹੀਂ ਦੇਖੇ ਜੋ ਬਲਬੀਰ ਮਾਧੋਪੁਰੀ ਨੇ ਦੇਖੇ।

? ਪੰਜਾਬੀ 'ਚ ਦਲਿਤ ਸਾਹਿਤਕਾਰਾਂ ਦੀ ਇਕ ਨਵੀਂ ਪੀੜ੍ਹੀ ਉਭਰ ਕੇ ਸਾਹਮਣੇ ਆ ਰਹੀ ਹੈ। ਦਲਿਤ ਸਾਹਿਤ ਨੂੰ ਲੈ ਕੇ ਉਨ੍ਹਾਂ ਦੀ ਲਿਖੀਆਂ ਕਹਾਣੀਆਂ 'ਚ ਤੁਸੀਂ ਕੀ ਸੰਭਾਵਨਾਵਾਂ ਦੇਖਦੇ ਹੋ ?


– ਦਲਿਤ ਕਹਾਣੀਕਾਰਾਂ ਦੀ ਜਿਸ ਨਵੀਂ ਪੀੜ੍ਹੀ ਦੀ ਤੁਸੀਂ ਗੱਲ ਕਰ ਰਹੇ ਹੋ ਇਹ ਪੀੜ੍ਹੀ ਕੋਈ ਬਹੁਤਾ ਚਿਰ ਲਿਖਦੀ ਰਹਿਣ ਵਾਲੀ ਨਹੀਂ ਦਿਸਦੀ। ਸਾਡੀ ਪੀੜ੍ਹੀ ਦੇ ਲੇਖਕਾਂ ਵਾਂਗ ਇਨ੍ਹਾਂ ਵਿਚ ਦਮ ਨਹੀਂ ਹੈ। ਜਦੋਂ ਮੈਂ ਇਨ੍ਹਾਂ ਦੀ ਉਮਰ ਵਿਚ ਲਿਖ ਰਿਹਾ ਸੀ ਤਾਂ ਹਰ ਮਹੀਨੇ ਇਕ ਕਹਾਣੀ ਛਪਦੀ ਸੀ, ਪਰ ਇਹ ਤਾਂ ਹੁਣੇ ਹੰਭੇ ਹੋਏ ਲਗਦੇ ਹਨ...ਦੇਸ ਰਾਜ ਕਾਲੀ ਹੈ ਜਾਂ ਭਗਵੰਤ ਰਸੂਲਪੁਰੀ, ਬਿੰਦਰ ਬਸਰਾ ਹੈ ਜਾਂ ਮੱਖਣ ਮਾਨ ਇਹ ਲੋਕ ਲੇਖਕ ਪੁਣਾ ਛਡ ਕੇ ਹੋਰ ਹੀ ਪਾਸੇ ਹੋ ਤੁਰੇ ਹਨ। ਇਕ ਲੇਖਕ ਹੈ ਗੁਰਮੀਤ ਕੜਿਆਲਵੀ, ਦੂਸਰਾ ਹੈ ਮੋਹਨ ਲਾਲ ਫਿਲੌਰੀਆ ਤੇ ਤੀਸਰਾ ਹੈ ਸਰੂਪ ਸਿਆਲਵੀ ਜਿਨ੍ਹਾਂ ਤੋਂ ਮੈਨੂੰ ਚੰਗੀਆਂ ਕਹਾਣੀਆਂ ਦੀ ਆਸ ਹੈ। ਆਸ ਤਾਂ ਮੈਨੂੰ ਕਾਲੀ, ਭਗਵੰਤ ਤੇ ਮਾਨ ਕੋਲੋਂ ਵੀ ਅਜੇ ਹੈ, ਪਰ ਦੇਖੋ। ਹਰ ਭਾਸ਼ਾ ਦੇ ਸਾਹਿਤ ਵਿਚ ਹਮੇਸ਼ਾ ਸੰਭਾਵਨਾਵਾਂ ਹੁੰਦੀਆਂ ਹਨ, ਪੈਦਾ ਵੀ ਹੁੰਦੀਆਂ ਰਹਿੰਦੀਆਂ, ਫਿਰ ਪੰਜਾਬੀ, ਕਿਉਂ ਪਿੱਛੇ ਰਹੇ। ਪੰਜਾਬੀ ਵਿਚ ਗੰਭੀਰਤਾ ਨਾਲ ਸੋਚਣ ਤੇ ਲਿਖਣ ਵਾਲੇ ਇਸ ਪਾਸੇ ਯਤਨ ਕਰਨਗੇ।

**? ਦਲਿਤ-ਸਾਹਿਤ ਨਾਲ ਸੰਬੰਧਿਤ ਆਲੋਚਨਾ ਦੇ ਖੇਤਰ 'ਚ ਕੁਝ ਲੇਖਕਾਂ ਦੇ ਨਾਂ ਸਾਡੇ ਸਾਹਮਣੇ ਆਏ ਹਨ। ਇਨ੍ਹਾਂ ਦੇ ਇਸ ਕੰਮ ਦਾ ਮੁਲਅੰਕਣ ਕਿਵੇਂ ਕੀਤਾ ਜਾ ਸਕਦਾ ਹੈ ?**

– ਦਲਿਤ ਸਾਹਿਤ ਦੇ ਆਲੋਚਕਾਂ ਦੀ ਘਾਟ ਹੈ। ਕੁਝ ਇਕ ਲੋਕ ਗੰਭੀਰਤਾ ਨਾਲ ਇਸ ਸੰਦਰਭ ਵਿਚ ਕੰਮ ਕਰ ਰਹੇ ਹਨ। ਜਿਹੜੇ ਵੱਡੇ ਆਲੋਚਕ ਹਨ (ਅਫਸੋਸ ! ਉਹ ਵੀ ਨਿਮਨ ਜਾਤੀਆਂ ਵਿਚੋਂ ਹੀ) ਉਹ ਬ੍ਰਾਹਮਣੀ ਸਰੋਕਾਰਾਂ ਦੇ ਸ਼ਿਕਾਰ ਹੋਣ ਕਾਰਨ ਦਲਿਤ ਸਾਹਿਤਕਾਰਾਂ ਨੂੰ ਅਜੇ ਵੀ 'ਚਿਮਟੇ' ਨਾਲ ਚੁੱਕ ਕੇ ਹੀ ਗੱਲ ਕਰਦੇ ਹਨ।

**? ਇਕ ਪ੍ਰੋੜ ਸਾਹਿਤਕਾਰ ਹੋਣ ਦੇ ਨਾਤੇ ਤੁਸੀਂ ਦਲਿਤ ਸਾਹਿਤ ਦੇ ਖੇਤਰ 'ਚ ਉਭਰਦੇ ਸਾਹਿਤ ਕਾਰਾਂ ਨੂੰ ਤੁਸੀਂ ਕੀ ਸੁਨੇਹਾ ਦੇਣਾ ਚਾਹੋਗੇ ?**

– ਮੈਂ ਕੋਈ ਵੱਡਾ ਲੇਖਕ ਨਹੀਂ ਹਾਂ। ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਜਦੋਂ ਕੋਈ ਨਿਮਨ ਜਾਤੀ ਦਾ ਲੇਖਕ ਚੰਗਾ ਲਿਖ ਕੇ ਅੱਗੇ ਆਉਂਦਾ ਹੈ। ਦਲਿਤ ਸ਼੍ਰੇਣੀ ਨਾਲ ਸੰਬੰਧਿਤ ਨਵੇਂ ਲੇਖਕਾਂ ਨੂੰ ਪਹਿਲੀ ਗੱਲ ਤਾਂ ਮੈਂ ਇਹੋ ਕਹਿਣਾ ਚਹਾਂਗਾ ਕਿ ਉਹ ਵਧ ਤੋਂ ਵੱਧ ਸਮਾਂ ਭਾਰਤ ਦੀਆਂ ਦੂਸਰੀਆਂ ਭਾਸ਼ਾਵਾਂ ਦਾ ਸਾਹਿਤ ਪੜ੍ਹਨ ਵਲ ਲਾਉਣ, ਖਾਸ ਕਰਕੇ ਮਰਾਠੀ, ਗੁਜਰਾਤੀ, ਕੰਨੜ ਤੇ ਹਿੰਦੀ। ਫਿਰ ਰੂਸੀ ਸਾਹਿਤ ਵਿਚ ਮੈਕਸਿਮ ਗੋਰਕੀ, ਦੋਸਤੋ ਵਸਕੀ, ਸ਼ੋਲੋਖੋਵ, ਪਾਸਤਰਨਾਕ, ਤੁਰਗਨੇਵ, ਚੈਖ਼ਵ, ਦੀਆਂ ਅਨੁਵਾਦ ਰਚਨਾਵਾਂ ਪੜ੍ਹਨ। ਪੰਜਾਬੀ ਵਿਚ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਨੂੰ ਤਾਂ ਜ਼ਰੂਰ ਹੀ ਪੜ੍ਹਨ, ਫਿਰ ਗਾਰਗੀ ਨੂੰ ਪੜ੍ਹਨ ਪੰਜਾਬੀ ਬੋਲੀ ਸ਼ੈਲੀ ਦੇ ਚਮਤਕਾਰ ਦੇਖਣ ਲਈ, ਗੁਰਦਿਆਲ ਸਿੰਘ ਤੇ ਸੰਤੋਖ ਸਿੰਘ ਧੀਰ ਨੂੰ ਪੜ੍ਹਨ, ਦੁੱਗਲ ਦੀਆਂ ਕਹਾਣੀਆਂ, ਵਿਰਕ, ਪ੍ਰਿੰ. ਸੇਖੋਂ ਤੇ ਸੁਜਾਨ ਸਿੰਘ, ਗੁਰਚਰਨ ਸਿੰਘ ਰਾਓ ਦਾ ਮਸ਼ਾਲਚੀ, ਗੁਰਬਚਨ ਭੁੱਲਰ, ਪ੍ਰੇਮ ਪ੍ਰਕਾਸ਼, ਸੁਖਬੀਰ, ਅਜੀਤ ਕੌਰ, ਜੇ ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਗੁਰਦਾਸ ਰਾਮ ਆਲਮ, ਪਾਸ਼ ਤੇ ਮੀਸ਼ੇ ਨੂੰ ਕਾਵਿ ਖੇਤਰ ਵਿਚ ਪੜ੍ਹ ਸਕਣ ਤਾਂ ਕਿਆ ਕਹਿਣੇ। ਹਿੰਦੀ ਵਿਚ ਪ੍ਰੇਮ ਚੰਦ, ਕਮਲੇਸ਼ਵਰ, ਵਿਜੇ ਨਾਥ ਦੇਥਾ, ਕਾਸ਼ੀ ਨਾਥ ਸਿੰਘ, ਰਾਹੀ ਮਾਸੂਮ ਰਜ਼ਾ ਜਿਹੇ ਧੁਨੰਤਰ ਕਦੇ ਨਹੀਂ ਪੜ੍ਹਨੋ ਛੱਡਣੇ ਚਾਹੀਦੇ। ਫਿਰ ਫਰਨੇਸ਼ਵਰ ਨਾਥ ਰੇਣੂ, ਬਲਦੇਵ ਕ੍ਰਿਸ਼ਨ ਵੈਦ, ਦੂਜੇ ਪਾਸੇ ਮੰਟੋ, ਬੇਦੀ, ਇਸਮਤ, ਕ੍ਰਿਸ਼ਨ ਚੰਦਰ...ਕੋਈ ਅੰਤ ਨਹੀਂ ਜੀ ਚੰਗੇ ਸਾਹਿਤ ਦਾ। (**ਸੰਪਰਕ-98146-10479**)



**ਪ੍ਰੇਮ ਗੋਰਖੀ**

# ਜਾਤੀ ਲੜਾਈ ਜਮਾਤੀ ਬਣਨੀ ਚਾਹੀਦੀ ਹੈ-ਪ੍ਰੇਮ ਗੋਰਖੀ
## (ਪ੍ਰੇਮ ਗੋਰਖੀ ਦੀ ਲਕਸ਼ਮੀ ਨਾਰਾਇਣ ਭੀਖੀ ਨਾਲ ਗੱਲਬਾਤ)

**? ਤੁਹਾਡਾ ਸਾਹਿਤਕ ਖੇਤਰ ਵਿਚ ਪ੍ਰਵੇਸ਼ ਕਿਵੇਂ ਹੋਇਆ?**

–ਮੈਂ ਹੁਣ ਆ ਕੇ ਕਈ ਵਾਰ ਸੋਚਦਾ ਹਾਂ ਕਿ ਹਰ ਇਨਸਾਨ ਦੇ ਅੰਦਰ ਇਕ ਕਲਾਕਾਰ ਬੈਠਾ ਹੁੰਦਾ ਹੈ। ਇਸ ਦੀਆਂ ਨਿਸ਼ਾਨੀਆਂ ਤੁਸੀਂ ਹਰ ਬੱਚੇ ਵਿਚ ਦੇਖ ਸਕਦੇ ਹੋ। ਮੈਂ ਬਚਪਨ ਤੋਂ ਲੈ ਕੇ ਹਾਈ ਸਕੂਲ ਤਕ ਕੋਈ ਨਾ ਕੋਈ ਕਲਾਕਾਰੀ ਕਰਦਾ ਰਿਹਾ, ਕਦੀ ਚਿੱਤਰਕਾਰੀ ਕਰਦਾ, ਕਦੇ ਢਾਬ ਤੋਂ ਚੀਕਣੀ ਮਿੱਟੀ ਲਿਆ ਕੇ ਖਿਡਾਉਣੇ ਬਣਾਉਣਾ, ਫਿਰ ਤੂੰਬੀ ਨਾਲ ਗਾਉਣਾ ਦਾ ਭੂਤ ਸਵਾਰ ਹੋ ਗਿਆ। ਦਸਵੀਂ–ਨੌਵੀਂ ਵਿਚ, ਦੁਆਬਾ ਖਾਲਸਾ ਸਕੂਲ, ਜਲੰਧਰ ਦੀ ਲਾਈਬ੍ਰੇਰੀ ਵਿਚੋਂ ਜਦੋਂ ਕਿਤਾਬਾਂ ਪੜ੍ਹੀਆਂ ਤਾਂ ਕਵਿਤਾ ਜੋੜਨ ਲੱਗਾ। ਤਿੰਨ ਕੁ ਸਾਲ ਮੈਂ ਕਵਿਤਾ ਜੋੜਦਾ ਰਿਹਾ। ਉਦੋਂ ਮੇਰੀ ਇਕ ਗ਼ਜ਼ਲ ਖਾਲਸਾ ਕਾਲਜ ਜਲੰਧਰ ਦੇ ਮੈਗਜ਼ੀਨ 'ਬਿਆਸ' ਵਿਚ ਵੀ ਛਪੀ। ਮੈਂ ਲਾਇਬ੍ਰੇਰੀ ਵਿਚ ਕੰਮ ਕਰਦਾ ਸੀ, ਇਥੇ ਹੀ ਅਮਰਜੀਤ ਚੰਦਨ ਨਾਲ ਮੁਲਾਕਾਤ ਹੋਈ ਤੇ ਉਹਨੇ ਮੈਨੂੰ ਮੇਰੀਆਂ ਕੱਚੀਆਂ–ਪਿੱਲੀਆਂ ਲਿਖਤਾਂ ਦੇਖ ਕੇ ਕਈ ਗੁਰ ਦੱਸੇ। ਇਹੋ ਸਮਾਂ ਸੀ ਜਦੋਂ ਮੈਂ ਸਾਹਿਤਕ ਖੇਤਰ ਵਿਚ ਪਹਿਲੇ ਕਦਮ ਰੱਖੇ।

**? ਪ੍ਰਵੇਸ਼ ਉਪਰੰਤ ਤੁਹਾਨੂੰ ਪ੍ਰੇਰਨਾ ਕਿਥੋਂ ਮਿਲੀ ਅਤੇ ਆਲੋਚਨਾ ਕਿਹੜੇ ਕਿਹੜੇ ਲੋਕ ਕਰਦੇ ਰਹੇ?**

–ਖਾਲਸਾ ਕਾਲਜ ਦੀ ਲਾਇਬ੍ਰੇਰੀ 'ਚ ਰਹਿੰਦਿਆਂ ਮੈਂ ਜੋ ਪੜ੍ਹਿਆ ਸੀ ਉਹ ਮੇਰਾ ਪ੍ਰੇਰਨਾ ਸਰੋਤ ਬਣਿਆ। ਮੈਨੂੰ ਲੰਮੇ ਸਮੇਂ ਲਈ ਕੋਈ ਅਜਿਹਾ ਸ਼ਖ਼ਸ ਨਹੀਂ ਮਿਲਿਆ ਜੋ ਕਿਸੇ ਤਰ੍ਹਾਂ ਦੀ ਅਗਵਾਈ ਕਰ ਸਕਦਾ। ਮੇਰੇ ਘਰੇਲੂ ਹਾਲਾਤ ਵੀ ਕੁਝ ਇਸ ਤਰ੍ਹਾਂ ਦੇ ਸਨ। ਉਸ ਸਮੇਂ ਮੇਰੀ ਕਿਸੇ ਲਿਖਤ ਦੀ ਆਲੋਚਨਾ ਬਾਰੇ ਕੋਈ ਗੱਲ ਨਹੀਂ ਸੀ।

**? ਤੁਸੀਂ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਮਿੱਟੀ ਰੰਗੇ ਲੋਕ' 'ਚ ਕਿਰਤੀਆਂ ਦੇ ਬਹੁ ਪ੍ਰਕਾਰੀ ਦਰਦ ਨੂੰ ਪੇਸ਼ ਕੀਤਾ ਸੀ। ਅੱਜ ਦਲਿਤ ਲੋਕਾਂ ਬਾਰੇ ਲਿਖਿਆ ਜਾ ਰਿਹਾ ਹੈ। ਕੀ ਦਲਿਤ ਲੋਕਾਂ ਸੰਬੰਧੀ ਪੇਸ਼ਕਾਰੀ 'ਚ ਕੋਈ ਨਵੀਂ ਤਬਦੀਲੀ ਆਈ ਹੈ?**

–ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ ਉਦੋਂ ਦਲਿਤ ਸ਼ਬਦ ਦੀ ਵਰਤੋਂ ਨਹੀਂ ਸੀ ਹੁੰਦੀ। ਮੈਨੂੰ ਨਿਮਨ ਵਰਗ ਕਿਰਤੀਆਂ ਜਾਂ ਥੁੜ੍ਹੇ–ਟੁੱਟੇ ਲੋਕਾਂ ਦਾ ਲੇਖਕ ਮੰਨਿਆ ਗਿਆ। ਮੈਂ ਕਹਾਣੀਆਂ ਵੀ ਇਨ੍ਹਾਂ ਲੋਕਾਂ ਬਾਰੇ ਹੀ ਲਿਖੀਆਂ। ਮੇਰੇ ਤੋਂ ਬਾਅਦ ਜਿਹੜੇ ਲੋਕਾਂ ਨੇ ਨਿਮਨ ਵਰਗ ਦੇ ਲੋਕਾਂ ਬਾਰੇ ਕਹਾਣੀ ਲਿਖੀ ਉਨ੍ਹਾਂ ਕਈ ਨਵੇਂ ਪੱਖ ਛੋਹੇ। ਜਿਹੜੇ ਮੈਂ ਨਹੀਂ ਸੀ ਛੋਹੇ–ਜਿਵੇਂ ਸਰੂਪ ਸਿਆਲਵੀ ਨੇ।

**? ਤੁਸੀਂ ਆਪਣੇ ਅਗਲੇ ਕਹਾਣੀ ਸੰਗ੍ਰਹਿ 'ਜੀਣ ਮਰਨ' ਅਤੇ 'ਅਰਜਨ ਸਫੈਦੀ ਵਾਲਾ' 'ਚ ਆਰਥਕ ਪੱਖੋਂ ਦੱਬੇ ਅਤੇ ਸਮਾਜਕ ਤੌਰ ਤੇ ਹੀਣੇ ਪਾਤਰਾਂ ਨੂੰ ਕੀ ਜਾਤੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ ਜਾਂ ਜਮਾਤੀ ਵਿਚਾਰਧਾਰਕ ਪੱਖ ਤੋਂ?**

–ਮੈਂ ਕਹਾਣੀ ਵਿਚ ਦੋਹਾਂ ਪੱਖਾਂ ਨੂੰ ਲੈ ਕੇ ਲਿਖਿਆ। ਸਾਡਾ ਸਮਾਜਕ ਢਾਂਚਾ ਇੰਨਾ ਨਿਘਰਿਆ ਹੋਇਆ ਹੈ ਕਿ ਇਥੇ ਅੱਜ ਵੀ ਜਾਤੀ ਵਿਸ਼ੇਸ਼ ਵੱਲ ਹੀ ਤਵਜੋਂ ਦਿੱਤੀ ਜਾਂਦੀ ਹੈ। ਉਦਾਹਰਣ ਵਜੋਂ ਤੁਸੀਂ ਸਾਰੀਆਂ ਕਮਿਊਨਿਸਟ ਪਾਰਟੀਆਂ ਵੱਲ ਨਜ਼ਰ ਮਾਰ ਸਕਦੇ ਹੋ। ਵਿਚਾਰਧਾਰਕ ਲੜਾਈ ਤਾਂ ਤਦੇ ਲੜੀ ਜਾਵੇ ਜੇ ਇਹ ਕੋਹੜ ਬੰਦਿਆਂ ਦੇ ਮਨਾ ਵਿਚ ਨਾ ਹੋਵੇ, ਇਹੋ ਵਜ੍ਹਾਂ ਹੈ ਕਿ ਜਨਰਲ ਕੈਟਾਗਰੀ ਤੇ ਰਿਜ਼ਰਵ ਕੈਟਾਗਰੀ ਆਹਮਣੇ ਸਾਹਮਣੇ ਹਨ। ਮੈਂ ਨਾਵਲਿਟ 'ਤਿੱਤਰ ਖੰਭੀ ਜੂਹ' ਨੂੰ ਵਿਚਾਰਧਾਰਕ ਪੱਧਰ 'ਤੇ ਲਿਖਿਆ ਸੀ, ਉਦੋਂ ਮੇਰੇ 'ਤੇ ਨਕਸਲਬਾੜੀ ਲਹਿਰ ਦਾ ਪ੍ਰਭਾਵ ਸੀ।

**? ਤਿੱਤਰ ਖੰਭੀ ਜੂਹ' ਨਾਵਲੈੱਟ 'ਚ ਤੁਸੀਂ ਕਿਹੜੀ ਨਵੀਂ ਗੱਲ ਪੇਸ਼ ਕੀਤੀ ਜੋ ਕਹਾਣੀ ਜਾਂ**

**ਕਹਾਣੀਆਂ ਰਾਹੀਂ ਸੰਚਾਰ ਹੋਣੀ ਅਸੰਭਵ ਸੀ?**

–ਨਾਵਲੈੱਟ ਵਿਚਲਾ ਮਸਲਾ ਵੱਡਾ ਸੀ। ਖੇਤ ਮਜ਼ਦੂਰ, ਕਿਸਾਨ ਤੇ ਆੜ੍ਹਤੀ ਦਾ ਮਸਲਾ। ਤਿੰਨੋ ਵੱਖੋ-ਵੱਖ ਤਰਾਸਦੀਆਂ ਦੇ ਸ਼ਿਕਾਰ ਹਨ, ਤਿੰਨੋਂ ਪੰਜਾਬ ਦੀ ਆਰਥਕਤਾ ਦਾ ਅਧਾਰ ਹਨ ਪਰ ਤਿੰਨੋਂ ਆਪਣੇ ਆਪਣੇ ਹੱਕਾਂ ਲਈ ਜੂਝ ਰਹੇ ਹਨ। ਦੋ ਧਿਰਾਂ ਮਾੜੀ ਧਿਰ ਦਾ ਹਰ ਪੱਖੋਂ ਸ਼ੋਸ਼ਣ ਕਰ ਰਹੀਆਂ ਹਨ-ਆਰਥਿਕ ਪਖੋਂ ਵੀ, ਜਿਸਮਾਨੀ ਤੌਰ 'ਤੇ ਵੀ। ਕਿਸਾਨ ਦੀ ਆੜ੍ਹਤੀਆ ਧਿਰ ਸ਼ੋਸ਼ਣ ਕਰਦੀ ਹੈ, ਲੁਟ ਕਰਦੀ ਹੈ। ਇਉਂ ਕਈ ਪੱਖ ਸਨ ਵਿਅਕਤੀਗਤ ਪੱਧਰ 'ਤੇ ਵੀ। ਇਹ ਸਾਰਾ ਕੁਝ ਕਹਾਣੀਆਂ ਵਿਚ ਨਹੀਂ ਸੀ ਆ ਸਕਦਾ ਜਿਸ ਕਰਕੇ ਨਾਵਲੈੱਟ ਲਿਖਣ ਦੀ ਲੋੜ ਪਈ।

**? ਤੁਹਾਡੀ ਸਵੈ ਜੀਵਨੀ 'ਗੈਰ ਹਾਜ਼ਰ ਆਦਮੀ' ਦਾ ਉਹ ਪੱਖ ਦੱਸੋ ਜਿਹੜੇ ਤੁਸੀਂ ਉਸ ਵਿਚ ਲਿਖ ਨਾ ਸਕੇ ਹੋਵੇ?**

–ਗ਼ੈਰ ਹਾਜ਼ਰ ਆਦਮੀ' ਮੇਰੀ ਸਵੈ ਜੀਵਨੀ ਦਾ ਇਕ ਛੋਟਾ ਜਿਹਾ ਚੈਪਟਰ ਹੈ 1968 ਤੋਂ ਲੈ ਕੇ 1978 ਤੱਕ, ਸਿਰਫ ਜਲੰਧਰ ਵਿਚ ਬੀਤਿਆ ਸਮਾਂ। ਉਸ ਵਿਚ ਚੰਡੀਗੜ੍ਹ ਦਾ ਸਮਾਂ ਬਿਲਕੁਲ ਨਹੀਂ। ਬਹੁਤ ਕੁਝ ਇਸ ਸਮੇਂ ਦੌਰਾਨ ਵਾਪਰਿਆ ਜੋ ਲਿਖਣ ਵਾਲਾ ਹੈ।

**? ਤੁਹਾਡੇ ਪਹਿਲੇ ਕਹਾਣੀ ਸੰਗ੍ਰਹਿ 'ਮਿੱਟੀ ਰੰਗੇ ਲੋਕ' ਤੇ ਪਾਤਰ 'ਧਰਤੀ ਪੁੱਤਰ' ਦੇ ਪਾਤਰਾਂ ਤੋਂ ਬਿਲਕੁਰ ਵੱਖਰੀ ਸੋਚ ਦੇ ਤੇ ਰਹਿਤਲ ਦੇ ਮਾਲਕ ਹਨ। 'ਧਰਤੀ ਪੁੱਤਰ' ਸੰਗ੍ਰਹਿ ਦੇ ਪਾਤਰਾਂ ਦੇ ਮਸਲੇ ਮੁਹੱਬਤ ਅਤੇ ਪ੍ਰੇਮ ਵਿਆਹ ਨਾਲ ਸੰਬੰਧਤ ਹਨ। ਇਸ ਬਦਲਾਅ ਸਬੰਧੀ ਚਾਨਣਾ ਪਾਓ।**

–'ਮਿੱਟੀ ਰੰਗੇ ਲੋਕ' ਦੀਆਂ ਕਹਾਣੀ ਮੈਂ 1970 ਤੋਂ 74 ਤਕ ਦੇ ਸਮੇਂ ਦੌਰਾਨ ਲਿਖੀਆਂ। 'ਧਰਤੀ ਪੁੱਤਰ' ਦੀਆਂ ਕਹਾਣੀਆਂ 1997 ਤੋਂ 2002 ਤਕ ਦੀਆਂ ਲਿਖੀਆਂ ਹੋਈਆਂ ਹਨ। ਲੇਖਕ ਨੂੰ ਬਹੁਤਾ ਕੁਝ ਸਮਾਜ ਹੀ ਦਿੰਦਾ ਹੈ। ਸਮਾਜ ਵਿਚ ਨਵੇਂ ਮਸਲੇ ਪੈਦਾ ਹੋ ਰਹੇ ਹਨ। ਇਸ ਸਮੇਂ ਦੌਰਾਨ ਮੇਰਾ ਅਨੁਭਵ ਕੁਝ ਇਸ ਤਰ੍ਹਾਂ ਹੀ ਰਿਹਾ।

**? 'ਧਰਤੀ ਪੁੱਤਰ' ਸੰਗ੍ਰਹਿ ਦੀਆਂ ਕੁਝ ਕਹਾਣੀਆਂ ਨੂੰ ਫਾਰਮੂਲਾ ਟਾਈਪ ਕਹਾਣੀਆਂ ਸਮਝਿਆ ਜਾ ਰਿਹਾ ਹੈ। ਇਕ ਕਥਾਕਾਰ ਦੇ ਅੰਦਰ ਇਕੋ ਕਿਸਮ ਦਾ ਰਚਨਾਤਮਕ ਅਮਲ ਕਿਹੜੀਆਂ ਸਥਿਤੀਆਂ ਕਾਰਨ ਭਾਰੂ ਰਹਿੰਦਾ ਹੈ?**

–ਜਿਵੇਂ ਮੈਂ ਪਹਿਲਾਂ ਦਸਿਆ ਹੈ ਕਿ ਇਸ ਤਰ੍ਹਾਂ ਦੀਆਂ ਕਹਾਣੀਆਂ ਦਾ ਪੈਦਾ ਹੋਣਾ ਮੇਰੇ ਅਨੁਭਵ ਦਾ ਹਿੱਸਾ ਰਿਹਾ। ਮੈਂ ਤੁਹਾਡੇ ਤੋਂ ਹੀ ਸ਼ੁਰੂ ਕਰਦਾ ਹਾਂ। ਤੁਹਾਡੀ ਇੰਟਰ ਕਾਸਟ ਸ਼ਾਦੀ ਹੈ, ਮੇਰੇ ਦੋਸਤ ਨਰਿੰਦਰ ਸੱਤੀ ਦੀ, ਫਿਰ ਦੇਸ ਰਾਜ ਕਾਲੀ ਦੀ, ਪ੍ਰੋਫੈਸਰ ਅਜੀਤ ਲੰਗੇਰੀ, ਮੇਰੇ ਚਾਚੇ ਦੇ ਲੜਕੇ ਦੀ... ਇਹ ਸਾਰੀਆਂ ਘਟਨਾਵਾਂ ਮੇਰੇ ਜ਼ਿਹਨ ਉਪਰ ਉਦੋਂ ਹਾਵੀ ਹੋਈਆਂ ਜਦੋਂ ਪੰਜਾਬ ਦੇ ਬੁੱਧੀਜੀਵੀਆਂ ਨੇ ਦਲਿਤ ਮਸਲਾ ਉਭਾਰਿਆ। ਇਸ ਮਸਲੇ ਨੂੰ ਕਮਿਊਨਿਸਟ ਪਾਰਟੀਆਂ ਨੇ ਵੀ ਹਵਾ ਦਿੱਤੀ ਅਤੇ ਸਾਨੂੰ (ਕਈ ਹੋਰਾਂ ਲੇਖਕਾਂ ਨੂੰ) ਸਾਡੀ ਜਾਤ ਕਰਕੇ ਗੱਲ ਕੀਤੀ ਜਾਣ ਲੱਗੀ। ਸਾਡਾ ਲੇਖਕ ਪੁਣਾ ਭੁੱਲ ਕੇ ਸਾਡੇ ਚੋਂ ਚਮਾਰ, ਵਾਲਮੀਕਿ ਦੀ ਪਛਾਣ ਕੀਤੀ ਜਾਣ ਲੱਗੀ।

**? ਤੁਹਾਡੀ ਕਹਾਣੀ 'ਬਚਨਾ ਬੱਕਰ ਵੱਢ' ਸਮਾਜਿਕ ਪ੍ਰਸਥਿਤੀਆਂ ਦੀ ਸਿਰਜਣਾ ਹੈ। ਸਮਾਜਿਕ ਪ੍ਰਸਥਿਤੀਆਂ ਇਕ ਲੇਖਕ 'ਤੇ ਕਦੋਂ ਅਤੇ ਕਿਵੇਂ ਅਸਰ ਪਾਉਂਦੀਆਂ ਨੇ। ਇਸ ਬਾਰੇ ਦੱਸੋ?**

–ਜ਼ਰੂਰੀ ਨਹੀਂ ਹਰ ਲੇਖਕ ਉਪਰ ਹੀ ਇਹ ਸਮਾਜਿਕ ਪ੍ਰਸਥਿਤੀਆਂ ਇਕੋ ਜਿਹੀਆਂ ਹੀ ਅਸਰ ਅੰਦਾਜ਼ ਹੁੰਦੀਆਂ ਹੋਣ। ਬੜੇ ਘੱਟ ਲੇਖਕ ਹੋਏ ਹਨ ਜਿਨ੍ਹਾਂ ਨੇ ਉਦੋਂ (1984 ਤੋਂ 1090 ਤੱਕ) ਪੰਜਾਬ ਦੇ ਹਾਲਾਤ ਖਰਾਬ ਕਰਨ ਵਾਲੀਆਂ ਤਾਕਤਾਂ ਦੇ ਖਿਲਾਫ਼ ਅਵਾਜ਼ ਉਠਾਈ। ਉਨ੍ਹਾਂ ਹਾਲਾਤਾਂ ਨੇ ਹਰ ਪੰਜਾਬ ਵਾਸੀ ਨੂੰ ਹਲੂਨਿਆ ਸੀ। ਮੇਰੀ ਸੋਚ ਅਨੁਸਾਰ ਅਜਿਹੀ ਲੜਾਈ ਵਿਚ ਸ਼ਾਮਲ ਦੋਹਾਂ ਧਿਰਾਂ ਦੇ ਹਿੱਤ ਜਦੋਂ ਕਿਸੇ ਟਰਨਿੰਗ ਪੁਆਇੰਟ ਆ ਕੇ ਟਕਰਾਉਣ ਦੀ ਬਜਾਏ ਆਪਸੀ ਪਛਾਣ 'ਚ ਉਲਝਦੇ ਹਨ ਤਾਂ 'ਬਚਨਾ ਬਕਰਵੱਢ' ਕਹਾਣੀ ਜਨਮ ਲੈਂਦੀ ਹੈ।



**ਦਰਬਾਰ-ਏ-ਅਦਬ, ਜਲੰਧਰ ਦੀ ਸੰਚਾਲਕ ਸੁਰਜੀਤ ਕੌਰ ਪ੍ਰੇਮ ਗੋਰਖੀ ਅਤੇ ਕਹਾਣੀਕਾਰ ਰਮਿੰਦਰ ਬਰਾੜ ਨੂੰ ਸਨਮਾਨਤ ਕਰਦੀ ਹੋਈ।**

**? ਆਰਥਿਕ ਸੰਘਰਸ਼ 'ਚ ਕਾਮਯਾਬ ਹੋਣ ਪਿੱਛੋਂ ਇਕ ਲੇਖਕ ਦੀ ਮਾਨਸਿਕਤਾ 'ਚ ਕਿਹੜੇ ਕਿਹੜੇ ਬਦਲਾਅ ਆ ਜਾਂਦੇ ਨੇ?**

–ਆਰਥਿਕ ਸੰਘਰਸ਼ ਦੀ ਕਾਮਯਾਬੀ ਜ਼ਰੂਰੀ ਨਹੀਂ ਲੇਖਕ ਦੀ ਸਫ਼ਲਤਾ ਦੀ ਨਿਸ਼ਾਨੀ ਹੋ ਨਿਬੜਦੀ ਹੈ। ਹਾਲਾਤ ਦੇ ਬਦਲਣ ਨਾਲ ਜਾਂ ਤਾਂ ਉਹ ਬਹੁਤਾ ਹੀ ਨਿਘਾਰ ਵੱਲ ਜਾਵੇਗਾ ਜਾਂ ਆਪਣੀ ਰਚਨਾ ਨੂੰ ਹੋਰ ਵੀ ਬਿਹਤਰ ਢੰਗ ਨਾਲ ਪੇਸ਼ ਕਰਨ ਲਗੇਗਾ। ਲੇਖਕ ਦਾ ਮਨੁੱਖਤਾ ਪ੍ਰਤੀ ਨਜ਼ਰੀਆ ਨਹੀਂ ਬਦਲਣਾ ਚਾਹੀਦਾ। ਜਾਂ ਇਉਂ ਨਹੀਂ ਹੋਣਾ ਚਾਹੀਦਾ ਕਿ ਲੇਖਕ ਲਿਖਣਾ ਹੀ ਛੱਡ ਜਾਵੇ।

**? ਗੁਰਚਰਨ ਚਾਹਲ ਭੀਖੀ ਦੀ ਕਹਾਣੀ 'ਫਾਸਲੇ' ਦਾ ਸੰਦੇਸ਼ ਹੈ ਕਿ ਲੜਾਈ ਜਾਤੀ ਨਹੀਂ ਜਮਾਤੀ ਹੈ ਜਦੋਂ ਕਿ ਗੁਰਮੇਲ ਮਡਾਹੜ ਦੀ ਕਹਾਣੀ 'ਤੁਸੀਂ ਨਹੀਂ ਸਮਝ ਸਕਦੇ' ਦਾ ਸਾਰ ਤੱਤ ਇਹ ਹੈ ਕਿ ਦਲਿਤ ਪਾਤਰ ਦੇ ਅਫਸਰ ਬਣ ਜਾਣ ਤੇ ਜਾਤੀ ਵਿਰੋਧ ਕਰਨ ਵਾਲੇ ਲੋਕਾਂ ਨੇ ਤਾਂ ਉਸ ਨੂੰ (ਦਲਿਤਾਂ ਨੂੰ) ਮਾਨਤਾ ਦੇ ਦਿੱਤੀ ਹੈ ਜਦੋਂ ਕਿ ਪਾਤਰ ਦੀ ਅਮੀਰ ਪਤਨੀ, ਮਾਂ ਨਾਲ ਹੀ ਦਲਿਤਾਂ ਵਰਗਾ ਵਿਵਹਾਰ ਕਰਦੀ ਹੈ, ਅਜਿਹਾ ਕਿਉਂ?**

–ਜਾਤੀ ਲੜਾਈ ਹਰ ਵਰਗ ਵਿਚ ਹੈ, ਦਲਿਤ ਦੀ ਮਾਨਸਿਕਤਾ ਸਿਰਫ ਇਸ ਕਰਕੇ ਬਦਲ ਜਾਵੇ ਕਿ ਉਹ ਦਲਿਤ ਜਾਤੀ ਦਾ ਹੈ? ਜਿਹੜਾ ਅਮੀਰ ਜੱਟ ਹੈ ਉਹ ਗਰੀਬ ਜੱਟ ਤੇ ਪ੍ਰਭਾਵੀ ਰਹਿਣ ਵਿਚ ਫਖਰ ਮਹਿਸੂਸ ਕਰਦਾ ਹੈ, ਅਮੀਰ ਬ੍ਰਾਹਮਣ ਦੀ ਮਾਨਸਿਕਤਾ ਗ਼ਰੀਬ ਬ੍ਰਾਹਮਣ ਕਰਕੇ ਬਦਲ ਨਹੀਂ ਜਾਂਦੀ, ਇਸੇ ਤਰ੍ਹਾਂ ਦਲਿਤ ਜਦੋਂ ਅਮੀਰ ਹੋ ਜਾਂਦਾ ਹੈ ਜਾਂ ਅਫਸਰ ਬਣ ਜਾਂਦਾ ਹੈ ਤਾਂ ਜ਼ਰੂਰੀ ਨਹੀਂ ਉਸ ਦੇ ਨਾਲ ਹੀ ਉਸ ਦੇ ਪਰਿਵਾਰ ਦੀ ਮਾਨਸਿਕਤਾ ਬਦਲ ਜਾਵੇ। ਮੈਂ ਤਾਂ ਇਥੋਂ ਤੱਕ ਵੀ ਦੇਖਿਆ ਹੈ ਗਰੀਬ ਦਲਿਤਾਂ ਦੀ ਮਾਨਸਿਕਤਾ ਵਿਚ ਮੂਲੋਂ ਬਦਲਾਅ ਨਹੀਂ ਆਉਂਦਾ। ਜਿਵੇਂ ਆਦਿ ਧਰਮੀ ਤੇ ਬਾਲਮੀਕਿ ਜਾਤੀ ਪੱਧਰ ਵਖੋ ਵੱਖ ਦੀ ਵਿਚਰਦੇ ਹਨ ਜਦ ਕਿ ਦੂਜੀ ਜਾਤ ਵਾਲਿਆਂ ਲਈ ਉਹ ਦਲਿਤ ਹਨ, ਇਹ ਜਾਤੀ ਲੜਾਈ ਹੈ ਜਦ ਕਿ ਇਹ ਜਮਾਤੀ ਬਣਨੀ ਚਾਹੀਦੀ ਸੀ।

**? ਕੀ ਤੁਸੀਂ ਹੁਣ ਤੀਕ ਦਲਿਤਾਂ ਬਾਰੇ ਲਿਖੀ ਕਹਾਣੀ ਤੋਂ ਸੰਤੁਸ਼ਟ ਹੋ, ਉਹ ਪੱਖ ਦੱਸੋ ਜਿੰਨ੍ਹਾਂ 'ਤੇ ਅਜੇ**



ਪ੍ਰੇਮ ਗੋਰਖੀ

**ਤੀਕ ਲਿਖਿਆ ਨਾ ਗਿਆ ਹੋਵੇ।**

–ਦਲਿਤਾਂ ਬਾਰੇ ਕਈ ਬਹੁਤ ਵਧੀਆ ਕਹਾਣੀਆਂ ਲਿਖੀਆਂ ਗਈਆਂ।ਅਤਰਜੀਤ ਨੇ ਕਾਮਰੇਡ ਦੇ ਝੰਡੇ ਨੂੰ ਬੁਲੰਦ ਰੱਖਣ ਦੇ ਮੋਹ ਵਿਚ ਭਾਵੇਂ ਦਲਿਤ ਪਾਤਰ ਦੀ ਅਮੀਰੀ ਤੇ ਕਮੀਨਗੀ ਬਾਰੇ 'ਠੂਹਾਂ' ਕਹਾਣੀ ਲਿਖੀ ਪਰ ਬੜੀ ਵਧੀਆ ਕਹਾਣੀ ਹੈ। ਮੋਹਨ ਲਾਲ ਫਿਲੌਰੀਆ, ਸਰੂਪ ਸਿਆਲਵੀ, ਗੁਰਮੀਤ ਕੜਿਆਲਵੀ, ਭਗਵੰਤ ਰਸੂਲਪੁਰੀ, ਦੇਸ ਰਾਜ ਕਾਲੀ ਸਾਡੇ ਤੋਂ ਬਾਅਦ ਅਜਿਹੇ ਲੇਖਕ ਹਨ ਜਿਨ੍ਹਾਂ ਨੇ ਨਵੇਂ ਜ਼ਾਵੀਏ ਤੋਂ ਵਧੀਆ ਕਹਾਣੀਆਂ ਲਿਖੀਆਂ ਹਨ।

**? ਦਲਿਤ ਔਰਤਾਂ ਦਾ ਅੱਜ ਵੀ ਤਰ੍ਹਾਂ ਤਰ੍ਹਾਂ ਨਾਲ ਸ਼ੋਸ਼ਣ ਹੋ ਰਿਹਾ ਹੈ। ਅਜੋਕੀ ਪੰਜਾਬੀ ਕਹਾਣੀ ਇਸ ਨੂੰ ਕਿਸ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ?**

–ਮੇਰਾ ਖਿਆਲ ਹੈ ਔਰਤ ਦੇ ਸ਼ੋਸ਼ਣ ਬਾਰੇ ਘੱਟ ਕਹਾਣੀਆਂ ਲਿਖੀਆਂ ਗਈਆਂ ਹਨ। ਸ਼ਾਇਦ ਇਸ ਦਾ ਕਾਰਨ ਦਲਿਤਾਂ ਬਾਰੇ ਲਿਖਣ ਵਾਲੇ ਬਹੁਤੇ ਲੇਖਕ ਸ਼ਹਿਰਾਂ ਨਾਲ ਸਬੰਧਤ ਹਨ।

**? ਤੁਹਾਡੀ 'ਕੋਲਾਜ' ਕਹਾਣੀ ਦੂਜੀਆਂ ਕਹਾਣੀਆਂ ਤੋਂ ਕਾਫ਼ੀ ਹੱਟ ਕੇ ਹੈ। ਭਵਿੱਖ ਵਿਚ ਤੁਹਾਡੀ ਕਹਾਣੀ ਦੇ ਸਰੋਕਾਰ ਕੀ-ਕੀ ਹੋਣਗੇ?**

–ਮੈਂ ਵਿਦਵਾਨ ਆਲੋਚਕਾਂ ਦੀ ਆਪਣੇ ਬਾਰੇ ਫਾਰਮੂਲਾ ਟਾਈਪ ਬਣਾਈ ਰਾਏ ਨੂੰ ਤੋੜਨਾ ਚਾਹੁੰਦਾ ਹਾਂ।ਮੇਰੀ ਭਵਿੱਖ ਵਿਚ ਵੀ ਕੋਸ਼ਿਸ਼ ਰਹੇਗੀ ਕਿ 'ਕੋਲਾਜ' ਦੀ ਤਰਜ਼ 'ਤੇ ਹੀ ਹੋਰ ਕਹਾਣੀਆਂ ਲਿਖੀਆਂ ਜਾਣ।ਮੈਂ ਲੰਮੇ ਸਮੇਂ ਤੋਂ ਚੰਡੀਗੜ੍ਹ ਵਿਚ ਰਹਿ ਰਿਹਾ ਹਾਂ। ਇਸ ਸਮੇਂ ਦੌਰਾਨ ਬੜੇ ਅਜਿਹੇ ਭੱਦਰਪੁਰਸ਼ਾਂ ਨਾਲ ਵਾਹ ਪਿਆ ਹੈ ਜਿਹੜੇ ਕਈ ਕਈ ਮਖੌਟੇ ਚਿਹਰੇ 'ਤੇ ਪਾਈ ਤੁਹਾਡੇ ਨਾਲ ਵਿਚਰਦੇ ਹਨ। ਮੈਂ ਅਜਿਹੇ ਲੋਕਾਂ ਦੀ ਮਾਨਸਿਕਤਾ ਨੂੰ ਉਲੀਕਣ ਦੀ ਕੋਸ਼ਿਸ਼ ਕਰ ਰਿਹਾ ਹਾਂ।

**? ਡਾ. ਰਘਬੀਰ ਸਿੰਘ ਸਿਰਜਣਾ ਨੇ ਇਕ ਦਹਾਕਾ ਪਹਿਲਾਂ ਸਿਰਜਣਾ ਵਿਚ ਲਿਖਿਆ ਸੀ ਕਿ ਤੁਸੀਂ ਦਲਿਤ ਅਨੁਭਵ ਤੇ ਦਲਿਤ ਚੇਤਨਾ ਦੇ ਮੁਢਲੇ ਕਥਾਕਾਰ ਹੋ। ਕੀ ਦਲਿਤ ਮੁਹਿੰਮ ਦੇ ਸੰਚਾਲਕਾਂ ਨੇ ਤੁਹਾਨੂੰ ਮੋਢੀਆਂ ਵਜੋਂ ਕਬੂਲਿਆ?**

–ਡਾ. ਰਘਬੀਰ ਸਿੰਘ ਬਹੁਤ ਬੁੱਧੀ ਵਾਲਾ ਆਲੋਚਕ ਹੈ। ਉਹ ਕਿਸੇ ਲੇਖਕ ਦੀ ਰਚਨਾ ਪੜ੍ਹ ਕੇ ਨਿਰਣਾ ਕਰਦਾ ਹੈ।ਉਸ ਨੇ ਮੈਨੂੰ 'ਦਲਿਤ ਅਨੁਭਵ ਤੇ ਦਲਿਤ ਚੇਤਨਾ' ਦਾ ਮੁਢਲਾ ਕਥਾਕਾਰ ਕਿਹਾ ਹੈ। ਉਸ ਨੇ ਇਹ ਨਹੀਂ ਕਿਹਾ ਕਿ ਮੈਂ ਦਲਿਤ ਅਨੁਭਵ ਤੇ ਦਲਿਤ ਚੇਤਨਾ ਦਾ 'ਮੁਢਲਾ ਦਲਿਤ ਲੇਖਕ ਹਾਂ' ਪਰ ਨਵੇਂ ਆਲੋਚਕਾਂ ਨੇ ਮੇਰੀ ਕਹਾਣੀ ਦੀ ਨਹੀਂ ਮੇਰੇ ਦਲਿਤ ਹੋਣ ਦੀ ਹੀ ਗੱਲ ਕੀਤੀ ਹੈ। ਜਿਵੇਂ ਅਤਰਜੀਤ ਦੀ ਸਾਰੀ ਕਹਾਣੀ ਕਲਾ ਨੂੰ ਭੁੱਲ ਕੇ 'ਬਠਲੂ ਚਮਿਆਰ' ਉੱਤੇ ਹੀ ਇਨ੍ਹਾਂ ਦੀ ਸੋਚ ਅਟਕ ਜਾਂਦੀ ਹੈ। ਬਾਕੀ ਮੈਂ ਕੋਈ ਦਲਿਤ ਮੁਹਿੰਮ ਸ਼ੁਰੂ ਨਹੀਂ ਕੀਤੀ ਤੇ ਨਾ ਹੀ ਅਜਿਹੀ ਕਿਸੇ ਮੁਹਿੰਮ ਦੇ ਚੰਗੇ ਨਤੀਜੇ ਨਿਕਲਣ ਦੀ ਆਸ ਹੁੰਦੀ ਹੈ। ਮੇਰੇ ਤੋਂ ਪਹਿਲਾਂ ਤਾਂ ਪ੍ਰਿੰਸੀਪਲ ਸੁਜਾਨ ਸਿੰਘ ਦੀਆਂ ਦਲਿਤ ਪਾਤਰਾਂ ਉੱਤੇ ਬਹੁਤ ਕਹਾਣੀਆਂ ਹਨ।

**? ਕਿਰਪਾਲ ਕਜ਼ਾਕ ਨਾਲ ਤੁਸੀਂ ਗੁਰਬਤ ਦੇ ਪਲ ਵੀ ਹੰਢਾਏ ਹਨ। ਤੁਹਾਡੀ ਕਿੱਤਿਆਂ ਪੱਖੋਂ ਤੇ ਸਾਹਿਤਕ ਪੱਖੋਂ ਲੰਮੀ ਸਾਂਝ ਹੈ। ਕੋਈ ਖਾਸ ਘਟਨਾ ਤੇ ਵਿਸ਼ੇਸ਼ ਪਲਾਂ ਬਾਰੇ ਦਸੋ?**

–ਕਜ਼ਾਕ ਬਹੁਤ ਮਿਹਨਤੀ ਇਨਸਾਨ ਹੈ।ਉਹਨੇ ਲੰਮਾ ਸਮਾਂ , ਸਾਰੀ ਜ਼ਿੰਦਗੀ ਹੀ ਸੰਘਰਸ਼ ਕੀਤਾ। ਕਈ ਵਾਰੀ ਮੈਂ ਜਲੰਧਰੋਂ ਉਹਦੇ ਪਿੰਡ ਰਹਿਣ ਲਈ ਆ ਜਾਇਆ ਕਰਦਾ ਸੀ। ਇਕ ਵਾਰੀ ਮੈਂ ਆਇਆ ਤਾਂ ਉਹ ਕਹਿੰਦਾ ਤੂੰ ਵੀ ਮੇਰੇ ਨਾਲ ਹੀ ਦਿਹਾੜੀ ਚੱਲ।ਮੈਂ ਕਿਹਾ ਠੀਕ ਹੈ।ਅਸੀਂ ਦੋਨੋਂ ਪਟਿਆਲੇ ਕੰਮ ਉੱਤੇ ਆਏ ਤੇ ਦੋਹਾਂ ਨੇ ਦਿਹਾੜੀ ਲਾਈ। ਕਜ਼ਾਕ ਵਰਗਾ ਛੋਹਲਾ ਮਿਸਤਰੀ ਚਿਣਾਈ ਕਰਨ ਵਾਲਾ ਮੈਂ



**ਦੋ ਡਾਕਟਰਾ ਵਿਚਕਾਰ ਕਥਾਕਾਰ... ਡਾ. ਮੋਹਨ ਤਿਆਗੀ, ਪ੍ਰੇਮ ਗੋਰਖੀ ਅਤੇ ਡਾ. ਸੰਤੋਖ ਸਿੰਘ ਸੁੱਖੀ (ਖੋਜ ਅਫ਼ਸਰ ਭਾਸ਼ਾ ਵਿਭਾਗ ਪੰਜਾਬ)**

ਨਹੀਂ ਦੇਖਿਆ। ਉਹ ਇੱਟਾਂ ਢੋਣ ਵਾਲੇ ਤਿੰਨ ਤਿੰਨ ਮਜ਼ਦੂਰਾਂ ਦੀਆਂ ਪੂਛਾਂ ਚੁਕਾਈ ਰਖਦਾ। ਇਹ ਤਾਂ ਸੱਤੀ ਜਹਾਨੀ ਰੱਬ ਅੰਮ੍ਰਿਤਾ ਪ੍ਰੀਤਮ ਦੀ ਰੂਹ ਨੂੰ ਸ਼ਾਂਤੀ ਬਖਸ਼ੇ ਜਿਹਦੀ ਮਿਹਰਬਾਨੀ ਨਾਲ ਡਾ. ਹਰਬੰਸ ਸਿੰਘ ਨੇ ਪੰਜਾਬੀ ਯੂਨੀਵਰਸਿਟੀ 'ਚ ਕਜ਼ਾਕ ਨੂੰ ਪੈਰ ਰੱਖਣ ਲਈ ਥਾਂ ਦੁਆ ਦਿੱਤੀ ਅਤੇ ਇਹ ਕਜ਼ਾਕ ਦੀ ਖਾਸੀਅਤ ਹੈ ਕਿ ਤੁਸੀਂ ਉਹਨੂੰ ਪੈਰ ਰੱਖਣ ਲਈ ਥਾਂ ਦਿਓ, ਫਿਰ ਮੰਜਾ ਡਾਹੁਣਾ ਉਹਦਾ ਕੰਮ ਹੈ। ਇਕ ਵਾਰ ਮੈਂ ਕਜ਼ਾਕ ਦੇ ਪਿੰਡ ਹੀ ਸੀ। ਕਜ਼ਾਕ ਤੜਕੇ ਪਾਣੀ ਲਾਉਣ ਲਈ ਉੱਠਿਆ। ਖੇਤਾਂ ਨੂੰ ਗਿਆ ਤੇ ਛੇਤੀ ਮੁੜ ਆਇਆ। ਮੂੰਹ ਉਤਰਿਆ ਤੇ ਚੁਪ ਗੜੁੱਪ। ਮੈਂ ਵਜ੍ਹਾ ਪੁੱਛੀ, ਤਾਂ ਗਾਲ਼ੀ ਕਢ ਕੇ ਕਹਿੰਦਾ, ਕੋਈ ਪਟਾ ਲਾਹ ਕੇ ਲੈ ਗਿਆ। ਉਹਨੇ ਚਾਰ ਦਿਨ ਪਹਿਲਾਂ ਹੀ ਨਵਾਂ ਪਟਾ ਲਿਆ ਕੇ ਚੜ੍ਹਾਇਆ ਸੀ। ਬੜ੍ਹਾ ਮਾੜਾ ਹੋਇਆ ਰਾਤ ਨੂੰ ਆਪਾਂ ਵੀ ਕਿਸੇ ਦੀ ਬੰਬੀ ਤੋਂ ਪਟਾ ਲਾਹ ਲਿਆਉਂਦੇ ਹਾਂ। ਮੈਂ ਤੇ ਕਜ਼ਾਕ ਅੱਧੀ ਰਾਤ ਨੂੰ ਸਾਇਕਲ 'ਤੇ ਨਾਲ ਦੇ ਪਿੰਡ ਵੱਲ ਨੂੰ ਪਟਾ ਲਾਹੁਣ ਤੁਰ ਪਏ। ਇਕ ਬੰਬੀ 'ਤੇ ਗਏ। ਪਟਾ ਦੇਖਿਆ, ਨਵਾਂ ਸੀ। ਮੈਂ ਦਾਤੀ ਹੱਥ ਫੜ ਲਈ, "ਓਏ ਪ੍ਰੇਮ, ਓਏ ਛੱਡ ਯਾਰ... ਇਹ ਤਾਂ ਕੋਈ ਆਪਣੇ ਅਰਗਾ ਈ ਗਰੀਬ ਹੋਊ... ਚਲ ਓਹ ਜਾਣੇ...।" ਤੇ ਅਸੀਂ ਸਾਇਕਲ ਚੁੱਕੀ ਪਿੰਡ ਮੁੜ ਆਏ।

**? ਕੀ ਤੁਸੀਂ ਵਰਤਮਾਨ ਪੰਜਾਬੀ ਆਲੋਚਨਾ ਤੋਂ ਸੰਤੁਸ਼ਟ ਹੋ? ਅਜੋਕੀ ਆਲੋਚਨਾ ਦਾ ਸਮਾਜ 'ਚ ਕੀ ਰੋਲ ਹੋਵੇ?**

-ਨਵੇਂ ਆਲੋਚਕਾਂ ਨੂੰ ਵਿਦੇਸ਼ੀ ਲੇਖਕ ਵਿਹਲੇ ਹੀ ਨਹੀਂ ਹੋਣ ਦਿੰਦੇ। ਕਿਸੇ ਨਾ ਕਿਸੇ ਕੋਲੋਂ ਪ੍ਰਾਜੈਕਟ ਮਿਲ ਜਾਂਦਾ ਹੈ, ਇਹ ਵਿਚਾਰੇ ਉਧਰ ਬਹੁਤਾ ਬਿਜ਼ੀ ਰਹਿੰਦੇ ਹਨ। ਜਿਹੜੇ ਵਿਹਲੇ ਹਨ ਉਹ ਲੇਖਕਾਂ ਕੋਲੋਂ ਬੱਝੇ ਪੈਸੇ ਲੈ ਕੇ ਪਰਚੇ ਲਿਖਣ ਵਿਚ ਮਸ਼ਰੂਫ ਰਹਿੰਦੇ ਹਨ। ਪਹਿਲੇ ਆਲੋਚਕਾਂ ਵਾਲੀ ਗੱਲ ਹੁਣ ਨਹੀਂ। ਉਹ ਬਿਨਾਂ ਕਿਸੇ ਲਾਲਚ ਦੇ ਕੰਮ ਕਰਦੇ ਸਨ। ਹੁਣ ਜੇ ਤਾਂ ਤੁਸੀਂ ਆਲੋਚਕ ਦੀ ਅਦਾਲਤ ਵਿਚ ਹਾਜ਼ਰੀ ਭਰਦੇ ਹੋ, ਉਹਦੀ ਮੁੱਠਾ-ਚਾਪੀ ਕਰਦੇ ਹੋ ਫਿਰ ਤੇ ਤੁਹਾਡੇ ਉੱਤੇ ਅਨਾਇਤ ਦੀ ਨਜ਼ਰ ਹੈ ਨਹੀਂ ਤੁਸੀਂ ਕੌਣ ਹੋ, ਇਹ ਉਹ ਨਹੀਂ ਜਾਣਦਾ। ਮੈਂ ਆਪਣੀ ਪੁਸਤਕ 'ਧਰਤੀ ਪੁੱਤਰ' ਲਕੀਰ ਨੂੰ ਦਿੱਤੀ। ਪ੍ਰੇਮ ਪ੍ਰਕਾਸ਼



**ਪ੍ਰੇਮ ਗੋਰਖੀ ਅਤੇ ਨਛੱਤਰ ਨਾਲ ਦੋ ਨਵੇਂ ਕਥਾਕਾਰ 'ਦੀਵਾ ਬਲੇ ਸਾਰੀ ਰਾਤ' ਸਮੇਂ**

ਕਹਿੰਦਾ ਇਹ ਆਲੋਚਕ ਨੂੰ ਦਿੱਤੀ ਹੈ ਤੇ ਲਿਖਣ ਲਈ ਕਿਹਾ ਹੈ ਪਰ ਉਸ ਆਲੋਚਕ ਨੇ ਅੱਜ ਤਕ ਨਹੀਂ ਲਿਖਿਆ। ਜਿੰਦਰ ਮੈਨੂੰ ਕਹਿੰਦਾ ਮੈਂ ਕਈਆਂ ਨੂੰ 'ਸ਼ਬਦ' ਲਈ ਲਿਖਣ ਲਈ ਕਿਹਾ ਹੈ, ਪਰ ਕਿਸੇ ਵਿਦਵਾਨ ਨੇ ਜੁਰਅੱਤ ਨਹੀਂ ਕੀਤੀ। ਸੁਖਵਿੰਦਰ ਸਿੰਘ ਰੰਧਾਵਾ ਨੇ ਨਵਾਂ ਜ਼ਮਾਨਾ ਲਈ ਲਿਖਿਆ ਤਾਂ ਮੈਂ ਹੈਰਾਨ ਹੋ ਗਿਆ। ਪੰਜਾਬ ਵਿਚ ਗਰੁੱਪ ਬਣੇ ਹੋਏ ਹਨ ਆਲੋਚਕਾਂ ਦੇ ਵੀ ਤੇ ਲੇਖਕਾਂ ਦੇ ਵੀ। ਇਵੇਂ ਹੀ ਇਹੋ ਗਰੁੱਪ ਅੱਗੇ ਅਦਾਰਿਆਂ ਉਪਰ ਭਾਰੂ ਹਨ। ਮੈਨੂੰ ਇਕ ਸੱਜਣ ਕਹਿੰਦਾ ਲੁਧਿਆਣਾ ਦੀ ਸਾਹਿਤ ਅਕਾਡਮੀ ਦਾ ਮੈਂਬਰ ਬਣੇਂ ਤਾਂ ਕਿ ਤੇਰੀ ਕਿਤਾਬ ਤੇ ਗੋਸ਼ਟੀ ਕਰਾਈਏ। ਮੈਂ ਪੰਜ ਸੌ ਰੁਪਈਆ ਵੀ ਕਾਠ ਮਾਰਿਆ, ਗੋਸ਼ਟੀ ਫਿਰ ਵੀ ਨਹੀਂ ਹੋਈ। ਰਹੀ ਸਮਾਜ 'ਚ ਆਲੋਚਨਾ ਦੇ ਰੋਲ ਦੀ ਗੱਲ। ਪਹਿਲਾਂ ਚੰਗੀ ਕਿਤਾਬ ਦੀ ਹੀ ਗੱਲ ਹੁੰਦੀ ਸੀ, ਪਾਠਕ ਆਲੋਚਕ ਦੀ ਰਾਏ ਮੁਤਾਬਿਕ ਹੀ ਕਿਤਾਬ ਖਰੀਦ ਕੇ ਪੜ੍ਹਦਾ ਸੀ ਕਿ ਇਹ ਮਹਾਨ ਕਿਤਾਬ ਹੈ, ਦੁਰਲੱਭ ਹੈ, ਇਹੋ ਜਿਹੀ ਕਿਤਾਬ ਪਹਿਲੀ ਵਾਰ ਆਈ ਹੈ। ਲੇਖਕਾਂ ਦਾ ਕਈ ਆਲੋਚਕਾਂ ਨੇ ਬੁਰੀ ਤਰ੍ਹਾਂ ਬੇੜਾ ਗਰਕ ਕਰਕੇ ਰੱਖ ਦਿੱਤਾ।

**? ਗੋਰਖੀ ਜੀ, ਇਕ ਲੇਖਕ ਦੀ ਸਮਾਜ 'ਚ ਕਿਹੋ ਜਿਹੀ ਭੂਮਿਕਾ ਹੋਣੀ ਚਾਹੀਦੀ ਹੈ?**


-ਲੇਖਕ ਦੀ ਭੂਮਿਕਾ ਸਮਾਜ ਨੂੰ ਬਹੁ ਦਿਸ਼ਾਵੀ ਨਜ਼ਰ ਪ੍ਰਦਾਨ ਕਰਨ ਵਾਲੀ ਹੋਣੀ ਚਾਹੀਦੀ ਹੈ। ਆਲੇ-ਦੁਆਲੇ ਦੀ ਤਸਵੀਰਕਸ਼ੀ ਕਰਨਾ ਹੀ ਸਾਹਿਤ ਨਹੀਂ ਹੁੰਦਾ, ਸਾਹਿਤ ਤੁਹਾਨੂੰ ਤਸਵੀਰ ਦੇ ਅੰਦਰ ਜੋ ਪਨਪ ਰਿਹਾ ਹੈ ਉਸ ਪ੍ਰਤੀ ਸੁਚੇਤ ਵੀ ਕਰੇ, ਜੋ ਸਮੱਸਿਆ ਹੈ ਉਹਦੇ ਹੱਲ ਲਈ ਹੋ ਸਕੇ ਤਾਂ ਰਾਹ ਦਸੇਰਾ ਵੀ ਬਣੇ।

**? ਪਾਠਕਾਂ ਨਾਲ ਕੋਈ ਗੱਲ ਜ਼ਰੂਰ ਕਰੋ।**

-ਪਾਠਕਾਂ ਨਾਲ ਖਾਸ ਗੱਲ ਕਿਹੜੀ ਕਰਾਂ, ਬਸ ਚੰਗਾ ਸਾਹਿਤ ਹੀ ਪੜ੍ਹਨਾ ਚਾਹੀਦਾ ਹੈ। ਸੰਸਾਰ ਪੱਧਰ 'ਤੇ ਇਕ ਚੰਗੇ ਪਾਠਕ ਵਾਂਗ ਵਿਚਰਨਾ ਚਾਹੀਦਾ ਹੈ। ਕੋਈ ਅੰਤ ਨਹੀਂ ਹੈ ਚੰਗੀਆਂ ਕਿਤਾਬਾਂ ਦਾ। ਕਿਸੇ ਵੀ ਭਾਸ਼ਾ ਵਿਚ ਚੰਗੀ ਕਿਤਾਬ ਮਿਲਦੀ ਹੈ ਤਾਂ ਬਿਨਾਂ ਪੜ੍ਹਿਆ ਨਹੀਂ ਛਡਣੀ ਚਾਹੀਦੀ। ਕਿਤਾਬਾਂ ਪਿੱਤਲ ਨੂੰ ਸੋਨਾ ਬਣਾ ਦਿੰਦੀਆਂ ਹਨ ਤੇ ਮਨਾਂ ਦੇ ਹਨੇਰੇ ਨੂੰ ਚਾਨਣ ਵਿਚ ਬਦਲ ਦਿੰਦੀਆਂ ਹਨ।

# ਮੇਰਾ ਪਿਤਾ ਅਣਖ-ਖੋਰਾ, ਬੜੇ ਠਰ੍ਹੰਮੇ ਵਾਲਾ, ਗੱਲਕਾਰ, ਮਿਹਨਤੀ, ਹਾਰ ਨਾ ਮੰਨਣ ਵਾਲਾ ਤੇ ਸਿਰੜੀ ਆਦਮੀ ਸੀ- ਗੋਰਖੀ

## (ਪ੍ਰੇਮ ਗੋਰਖੀ ਦੀ ਜਸਬੀਰ ਕਲਸੀ ਨਾਲ ਗੱਤਬਾਤ)



ਪ੍ਰੇਮ ਗੋਰਖੀ ਨੂੰ ਜਸਵੀਰ ਕਲਸੀ ਆਪਣਾ ਕਹਾਣੀ ਸੰਗ੍ਰਹਿ ਭੇਟ ਕਰਦਾ ਹੋਇਆ

ਜਦੋਂ ਮੈਂ ਪੁੱਛਿਆ ਕਿ 'ਮਿੱਟੀ ਰੰਗੇ ਲੋਕ ਕੌਣ ਹਨ ? ਪ੍ਰੇਮ ਗੋਰਖੀ ਕੌਣ ਹੈ ?' ਤਾਂ ਗੋਰਖੀ ਹੁਰਾਂ ਕਿਹਾ,'ਮਾਨਵਵਾਦੀ ਵਿਚਾਰਧਾਰਾ ਜਰੀਏ ਅਖੌਤੀ ਚੌਥੇ ਵਰਣ ਵਾਲੇ ਲੋਕ ਮਿੱਟੀ ਰੰਗ ਦੇ ਹਨ।' ਇਹਨਾਂ ਮਿੱਟੀ ਰੰਗੇ ਲੋਕਾਂ ਵਿਚੋਂ ਅਰਜਨ ਦਾਸ ਦਾ ਸਪੁੱਤਰ ਪ੍ਰੇਮ ਗੋਰਖੀ ਹੈ। ਇਸ ਪ੍ਰੇਮ ਗੋਰਖੀ ਦੀ ਲਿਖਤ ਵਿੱਚੋਂ ਪ੍ਰਾਪਤ ਉਸਦੇ ਵਿਅਕਤੀਤਵ ਦੀਆਂ ਵਿਸ਼ੇਸ਼ਤਾਵਾਂ ਅਤੇ ਮੇਰੀਆਂ ਟਿੱਪਣੀਆਂ :

**? ਮੁੱਢਲੀ ਸਿੱਖਿਆ ਵਾਲਾ ਬਚਪਨ ਅਤੇ ਘਰ-ਪਰਿਵਾਰ ਦਾ ਵਾਤਾਵਰਨ ਕਿਸ ਤਰ੍ਹਾਂ ਦਾ ਸੀ?**

-ਬਚਪਨ ਦੇ ਮੁੱਢਲੇ ਸੱਤ-ਅੱਠ ਸਾਲਾਂ ਬਾਰੇ ਮੈਨੂੰ ਯਾਦ ਹੈ, ਇਹ ਟੁੱਟ-ਭੱਜ ਵਿੱਚ ਹੀ ਬੀਤੇ । ਨਾਨਕੀ ਰਹਿੰਦਾ ਸੀ, ਇਸ ਲਈ ਉੱਥੇ ਦੋ ਸਾਲ ਸਕੂਲ ਗਿਆ ।ਫਿਰ ਪਿਤਾ ਉੱਥੋਂ ਲੈ ਆਇਆ ਤਾਂ ਦਾਦਕੇ ਪਿੰਡ ( ਲਾਡੋਵਾਲੀ, ਨੇੜੇ ਜਲੰਧਰ) ਦੇ ਸਰਕਾਰੀ ਸਕੂਲ ਪੜ੍ਹਨੇ ਲੱਗ ਗਿਆ ।ਦੋ ਸਾਲ ਬਾਅਦ ਫਿਰ, ਨਾਨਾ ਆ ਕੇ ਲੈ ਗਿਆ ।ਨਾਨਕੇ ਘਰ ਮੈਨੂੰ ਪੂਰਾ ਪਿੰਡ ਹੀ ਲਾਡ ਕਰਦਾ ਸੀ। ਕਿਉਂ ਕਿ ਨਾਨਾ ਕਈ ਜਿਮੀਂਦਾਰਾਂ ਦੀਆਂ ਗਰਜਾਂ ਸਾਰਦਾ ਸੀ ਤੇ ਉਨ੍ਹਾਂ ਜਿਮੀਂਦਾਰਾਂ ਦੇ ਘਰੀਂ ਮੈਂ ਬਹੁਤਾ ਰਹਿੰਦਾ ਸੀ। ਦੂਸਰਾ ਕਾਰਨ ਸੀ ਮੇਰੇ ਨਾਨੇ ਦੀ ਮੇਰੀ ਮਾਂ ਬਿਨਾਂ ਕੋਈ ਹੋਰ ਔਲਾਦ ਨਹੀਂ ਸੀ, ਜਿਸ ਕਰਕੇ ਗਲੀ ਗੁਆਂਢ ਲਈ ਮੈਂ ਇਕ ਖਿਡੌਣਾ ਹੀ ਸੀ। ਪਰ ਮੇਰਾ ਪਿਤਾ ਬੜਾ ਸੂਝ-ਬੂਝ ਵਾਲਾ ਤੇ ਸੱਚ ਦੇ ਨੇੜੇ ਦੀ ਜਿੰਦਗੀ ਨੂੰ ਸਮਝਦਾ ਸੀ। ਇਸ ਲਈ ਉਹ ਭਾਵਕ ਰਿਸ਼ਤਿਆਂ ਤੋਂ ਉਪਰ ਉੱਠ ਕੇ ਜਿੰਦਗੀ ਜੀਆ। ਸੋ, ਉਹ ਮੇਰੇ ਨਾਨੇ ਦੇ ਲੱਖ ਵਰਜਣ ਦੇ ਬਾਵਜੂਦ ਮੈਨੂੰ ਲਾਡੋਵਾਲੀ ਲੈ ਆਇਆ। ਤੇ ਮੈਨੂੰ ਸਕੂਲ ਦਾਖਲ ਕਰਾ ਦਿੱਤਾ। ਇਸ ਦੇ ਨਾਲ ਹੀ ਉਹਨੇ ਮੈਨੂੰ ਘੂਰ ਵੀ ਦਿੱਤਾ ਕਿ 'ਜੇ ਹੁਣ ਸਕੂਲੋਂ ਹਟ ਕੇ ਨਾਨਕੀਂ ਜਾਣ ਦਾ ਨਾਂ ਵੀ ਲਿਆ ਤਾਂ

ਪਰੈਣੀਆਂ ਮਾਰ-ਮਾਰ ਖਲ ਉਧੇੜ ਦਿਉ"

ਉਸ ਸਮੇਂ ਮੈਂ ਹਮੇਸ਼ਾ ਚਾਹੁੰਦਾ ਕਿ ਨਾਨੇ ਨਾਨੀ ਕੋਲ ਹੀ ਰਹਾਂ ਤੇ ਮੇਰੀ ਇਸ ਇੱਛਾ ਨੂੰ ਫਲ ਨਹੀਂ ਲੱਗਾ ਪਰ, ਮੈਂ ਨਾਨਕੇ ਪਿੰਡ ਦੀ ਮਿੱਟੀ ਵਿੱਚ ਬਹੁਤਾ ਨਾਤਾ-ਧੋਤਾ ਘੱਟੋ ਘੱਟ ਉਮਰ ਦੇ ਬਾਈਵੇਂ ਸਾਲ ਤਕ ਨਾਨਕਾ ਪਿੰਡ ਢਾਈ ਕੁ ਸੌ ਘਰਾਂ ਦਾ ਪਿੰਡ ਸੀ। ਮੈਨੂੰ ਹਰ ਵੱਡੇ ਛੋਟੇ ਜੀਅ ਦਾ ਨਾਂ ਪਤਾ ਸੀ। ਮੈਂ ਮਿਸਤਰੀ ਬਾਵਾ ਸਿੰਘ ਦੇ ਕਰਖਾਨੇ ਬਹਿ ਕੇ ਰੰਬੇ ਚੰਡਾਉਂਦਿਆ ਜਾਂ ਦਾਤੀਆਂ ਨੂੰ ਦੰਦੇ ਕਢਵਾਉਂਦਿਆਂ, ਉੱਥੇ ਬਹਿੰਦੇ ਵਿਹਲੜਾਂ ਦੇ ਗਪੌੜ ਵੀ ਸੁਣੇ ਸੀ ਤੇ ਪਿੰਡ ਵਿਚ ਹੁੰਦੀ ਹਬੀ ਨਬੀ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਵਾਲੇ ਕਿੱਸੇ ਵੀ। ਇਹ ਜਮਾਂਦਰੂ ਕੰਨ-ਰਸ ਅਤੇ ਯਾਦ ਸ਼ਕਤੀ ਦਾ ਗੁਣ ਹੈ। ਇਸ ਕਰਕੇ ਆਪਣਾ ਤੇ ਆਪਣੇ ਲੋਕਾਂ ਦਾ ਜੀਵਨ ਜਿਊਣ ਢੰਗ ਲਾਇਲਪੁਰ ਖ਼ਾਲਸਾ ਕਾਲਜ ਦੀ ਲਾਇਬ੍ਰੇਰੀ ਵਿੱਚ ਨੌਕਰੀ ਉਤੇ ਕੰਮ ਕਰਦਿਆਂ ਅਤੇ ਲਾਇਬ੍ਰੇਰੀ ਦੀਆਂ ਕਿਤਾਬਾਂ ਪੜ੍ਹਦਿਆਂ ਪ੍ਰੇਮ ਗੋਰਖੀ ਨੂੰ ਮਹਿਸੂਸ ਹੋਇਆ ਕਿ ਲਿਖਿਆ ਜਾ ਸਕਦਾ ਹੈ। ਉਹਨਾਂ ਆਪਣੀ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਦੇਰ ਨਹੀਂ ਕੀਤੀ ਸੀ। ਉਹਨਾਂ ਆਪਣੀਆਂ ਆਰੰਭਲੀਆਂ ਕਹਾਣੀਆਂ ਦੇ ਵਿੱਚ ਆਪਣੇ ਘਰ-ਪਰਿਵਾਰ ਤੇ ਆਲੇ ਦੁਆਲੇ ਦਾ ਦ੍ਰਿਸ਼ ਵਰਨਣ ਫੋਟੋਗ੍ਰਾਫੀ ਯਥਾਰਥ ਰਾਹੀਂ ਪੇਸ਼ ਕੀਤਾ ਹੈ। ਉਹਨਾਂ ਆਪਣੀ ਤੇ ਆਪਣੇ ਲੋਕਾਂ ਦੀ ਬੋਲੀ ਵੀ ਜਿਵੇਂ ਉਹ ਬੋਲਦੇ ਸਨ ਦੁਆਬੀ ਪਰ ਵਿਹੜੇ ਵਾਲੇ ਲੋਕਾਂ ਦੇ ਮੁਹਾਵਰੇ ਵਾਲੀ ਪੇਸ਼ ਕੀਤੀ ਸੀ।

**? ਲੇਖਕ ਬਣਨ ਬਾਰੇ ਕਿਵੇਂ ਸੋਚਿਆ ਗਿਆ ਸੀ ?**

-ਹਾਈ ਸਕੂਲ ਦਾਖਲ ਹੋਣ ਤੋਂ ਬਾਅਦ ਪਹਿਲੇ ਸਾਲ ਹੀ ਮੇਰੇ ਅੰਦਰ ਇੱਕ ਵੱਖਰਾ ਜਿਹਾ, ਵਿਸ਼ੇਸ਼ ਜਿਹਾ ਬਣਨ ਦਾ ਸੁਪਨਾ ਮੰਡਰਾਉਣ ਲੱਗਾ ਕਿਉਂਕਿ ਮੈਂ ਆਪਣੀ ਜਮਾਤ ਵਿੱਚ, ਫਿਰ ਸਵੇਰ ਦੀ ਪ੍ਰਾਰਥਨਾ ਵੇਲੇ ਮਿਰਜਾ ਤੇ ਕਈ ਸ਼ਬਦ ਤਰਨੱਮ (ਗਾ ਕੇ) ਵਿੱਚ ਉੱਚੀ ਆਵਾਜ਼ ਵਿਚ ਸੁਣਾਉਂਦਾ ਤਾਂ ਪੂਰੇ ਸਕੂਲ ਦੀਆਂ ਹਜਾਰਾਂ ਅੱਖਾਂ ਮੇਰੇ ਵੱਲ ਵੇਖ ਰਹੀਆਂ ਹੁੰਦੀਆਂ। ਫਿਰ ਕੁਝ ਸਾਲਾਂ ਬਾਅਦ ਫੁਟਬਾਲ ਦਾ ਖਿਡਾਰੀ ਬਣਨ ਬਾਰੇ ਸੋਚਿਆ। ਫਿਰ ਜਦੋਂ ਕਬੱਡੀ ਵਿੱਚ ਧੁੰਮਾਂ ਪਾਈਆਂ ਤਾਂ ਇਉਂ ਸੋਚਣ ਲੱਗਾ ਕਿ ਬਸ ਪੂਰੀ ਦੁਨੀਆਂ ਵਿੱਚ ਮੈਂ ਹੀ ਖੇਡ ਰਿਹਾ ਹੋਵਾਂ, ਲੋਕ ਮੈਨੂੰ ਹੀ ਦੇਖ ਰਹੇ ਹੋਣ।

**? ਇਹ ਵੀ ਜਮਾਂਦਰੂ ਚੇਤਨਾ ਸ਼ਕਤੀ ਹੈ।**

-ਕਿਤਾਬਾਂ ਪੜ੍ਹਨ ਦਾ ਸ਼ੌਂਕ ਮੈਨੂੰ ਚੌਥੀ ਵਿੱਚ ਪੜ੍ਹਦਿਆਂ ਹੀ ਲਗ ਗਿਆ ਸੀ। ਘਰ ਮੈਂ ਬਾਬੇ ਦੇ ਲਿਆਂਦੇ ਕਿੱਸੇ ਪੜ੍ਹਦਾ, ਪੜ੍ਹਦਾ ਹੀ ਨਾ, ਰਾਤੀਂ ਪਿਤਾ ਹੁਣੀ ਆਪ ਕੰਮ ਕਰਦੇ ਤੇ ਮੈਨੂੰ ਦੀਵੇ ਦੀ ਲੋਏ ਕਿੱਸੇ ਸੁਣਾਉਣ ਬਿਠਾ ਲੈਂਦੇ। ਮੇਰਾ ਪਿਤਾ ਬਹੁਤ ਅਣਖ-ਖੋਰਾ, ਬੜੇ ਠਰ੍ਹੰਮੇ ਵਾਲਾ, ਬੜਾ ਗੱਲਕਾਰ, ਮਿਹਨਤੀ, ਹਾਰ ਨਾ ਮੰਨਣ ਵਾਲਾ, ਸੱਚ ਉੱਤੇ ਅੜ ਜਾਣ ਵਾਲਾ ਤੇ ਬੜਾ ਸਿਰੜੀ ਆਦਮੀ ਸੀ। ਉਹ ਕੋਰਾ ਅਨਪੜ੍ਹ ਸੀ ਪਰ ਫਿਰ ਵੀ ਉਸਨੂੰ ਗੁਰਬਾਣੀ ਦੇ ਬਹੁਤ ਸਾਰੇ ਸ਼ਬਦ, ਜਪੁਜੀ ਸਾਹਿਬ ਤੇ ਅਰਦਾਸ ਜਬਾਨੀ ਯਾਦ ਸੀ। ਕਿੱਸਿਆਂ ਵਿਚੋਂ ਕਈ ਕਈ ਬੰਦ ਯਾਦ ਸਨ। ਬੇਅੰਤ ਮੁਹਾਵਰੇ, ਕਹਾਵਤਾਂ ਤੇ ਕਬੀਰ, ਰਵਿਦਾਸ ਦੇ ਦੋਹੇ, ਸ਼ਬਦ ਉਸਨੂੰ ਚੇਤੇ ਸਨ। ਇਸ ਗਿਆਨ ਕਾਰਨ ਹੀ ਬੜਾ ਤਰਕਸ਼ੀਲ ਤੇ ਯਥਾਰਥਵਾਦੀ ਸੀ। ਕਦੇ ਕਦੇ ਮੇਰੀ ਮਾਂ ਦੂਜੇ ਭਰਾਵਾਂ ਨੂੰ ਕਹੇਗੀ, '... ਪ੍ਰੇਮ ਐਨ ਆਪਣੇ ਭਾਈਏ (ਪਿਤਾ) ਤੇ ਗਿਆ...' ਖਾਲਸਾ ਸਕੂਲ ਵਿਚ ਪੜ੍ਹਦਿਆਂ ਸਾਡਾ ਸਾਇੰਸ ਮਾਸਟਰ ਜਿਹੜਾ ਲਾਇਬ੍ਰੇਰੀ ਦਾ ਇੰਚਾਰਜ ਵੀ ਸੀ ਕਹਿੰਦਾ ਸੀ। ਵੇਹਲੇ ਸਮੇਂ ਕਿਤਾਬਾਂ ਪੜ੍ਹਨੀਆਂ ਸਾਰੀ ਕਲਾਸ ਨੇ। ਨਾਟਕਕਾਰ ਆਤਮਜੀਤ ਮੇਰੀ ਕਲਾਸ ਵਿੱਚ ਸੀ, ਉਹ ਕਿਤਾਬਾਂ ਪੜ੍ਹਨ ਦਾ ਸ਼ੌਂਕੀਨ ਸੀ, ਮੈਨੂੰ ਵੀ ਕਿਤਾਬਾਂ ਪੜ੍ਹਨ ਲਾ ਦਿੱਤਾ। ਦਸ ਪਾਸ ਕਰ ਲਈਆਂ ਤਾਂ ਵੇਹਲੇ ਨੂੰ ਮੇਰੇ ਬਾਬੇ ਨੇ ਲਾਇਲਪੁਰ ਖਾਲਸਾ ਕਾਲਜ ਦੀ ਲਾਇਬ੍ਰੇਰੀ ਵਿੱਚ ਨੌਕਰੀ ਉਤੇ ਲਵਾ ਦਿੱਤਾ। ਲਾਇਬ੍ਰੇਰੀ ਵਿੱਚ ਬੈਠੇ ਹੋਏ ਨੇ ਬਹੁਤ ਕਿਤਾਬਾਂ ਪੜ੍ਹੀਆਂ। ਲਾਇਬ੍ਰੇਰੀ ਵਿੱਚ ਲੇਖਕ ਵੀ ਆਉਂਦੇ ਸੀ। ਐਸ.ਐਸ.ਅਮੋਲ, ਅਮਰਜੀਤ ਚੰਦਨ, ਹਰਨਾਮ ਦਾਸ ਸਹਿਰਾਈ, ਅਮਰਜੀਤ ਚੰਦਨ ਨਾਲ ਮੇਰੀ ਦੋਸਤੀ ਹੋ ਗਈ ਸੀ।

**? ਇਹ ਇਕ ਮਾਹੌਲ ਮਿਲਿਆ ਸੀ। ਜਿਸ ਦੀ ਲਗਾਤਾਰਤਾ ਨੇ ਪਕਿਆਈ ਦਿੱਤੀ। ਕੁਝ ਬਣਨ**



**ਪ੍ਰੇਮ ਗੋਰਖੀ ਸਨਮਾਨ ਪ੍ਰਾਪਤ ਕਰਦੇ ਹੋਏ**

**ਵਾਸਤੇ ਮਾਹੌਲ ਬਹੁਤ ਜ਼ਰੂਰੀ ਹੁੰਦਾ ਹੈ?**

–ਲਾਇਬ੍ਰੇਰੀ ਦੀ ਨੌਕਰੀ ਅਤੇ ਕਿਤਾਬਾਂ ਜਰੀਏ ਪ੍ਰਾਪਤ ਹੋਈ ਸੋਝੀ ਨਾਲ ਮੈਂ ਪਿੰਡ ਦੇ ਵਿੱਚ ਰਹਿੰਦੇ ਕਰਤਾਰ ਸਿੰਘ ਦੇ ਕੰਮਾਂ ਦੀ ਵੰਗਾਰ ਨਾ ਕੀਤੀ। ਮੇਰੇ ਮਾਪੇ ਉਸਦੀ ਵੰਗਾਰ ਕਰਦੇ ਸਨ। ਕਰਤਾਰ ਸਿੰਘ ਹੈਂਕੜ ਵਾਲਾ ਬੰਦਾ ਸੀ। ਉਹ ਪੁਲਿਸ ਦਾ ਟਾਊਟ ਵੀ ਸੀ। ਉਸ ਨੇ ਬਦਲਾ ਲੈਣ ਲਈ ਇਕ ਦਿਨ ਆਪਣਾ ਸਾਈਕਲ ਮੈਨੂੰ ਫੜਾਉਂਦਿਆਂ ਕਿਹਾ, 'ਪ੍ਰੇਮ ਆ ਸਾਈਕਲ ਗਿੰਦੂ ਦੇ ਖੜਾ ਕੇ ਉਹਨੂੰ ਕਹੀਂ ਅਗਲਾ ਪਿਛਲਾ ਟਾਇਰ ਬਦਲਾ ਦੇ।' ਮੈਂ ਸਾਈਕਲ ਗਿੰਦੂ ਦੇ ਖੜਾ ਦਿੱਤਾ। ਮੈਂ ਲਾਇਬ੍ਰੇਰੀ ਚਲਾ ਗਿਆ। ਉਥੇ ਮਗਰ ਮੈਨੂੰ ਸੁਨੇਹਾ ਮਿਲਿਆ ਕੇ ਤੇਰੇ ਪਿਉ ਨੂੰ ਪੁਲਿਸ ਫੜ ਕੇ ਲੈ ਗਈ ਹੈ। ਕਰਤਾਰ ਸਿੰਘ ਨੇ ਮੇਰੇ ਉੱਤੇ ਸਾਈਕਲ ਚੋਰੀ ਕਰਨ ਦੀ ਰਿਪੋਰਟ ਦਰਜ ਕਰਵਾਈ ਹੈ। ਫਿਰ ਕਈ ਸਾਲ ਮੈਂ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਇਆ। ਪੁਲਿਸ ਟਾਊਟ ਦੀ ਬਦਲਾ ਲਊ ਭਾਵਨਾ ਤੇ ਫਿਰ ਪੁਲਿਸ ਤਸ਼ੱਦਦ ਦੌਰਾਨ ਮੇਰੇ ਅੰਦਰ ਆਪਣੇ ਨਾਲ ਹੋਏ ਅਨਿਆਂ ਨੂੰ ਸ਼ਬਦਾਂ ਦੇ ਰੂਪ ਵਿੱਚ ਪ੍ਰਗਟ ਕਰਨ ਦਾ ਕਿਤੇ ਵਿਚਾਰ ਪੈਦਾ ਹੋਇਆ। ਉਸ ਸਮੇਂ ਮੈਂ ਜੋ ਵੀ ਲਿਖਿਆ ਉਸਨੂੰ ਤਰਤੀਬ ਵਿੱਚ ਤੇ ਕੁਝ ਸੁਆਰ ਕੇ ਲਿਖਣ ਲਈ ਅਮਰਜੀਤ ਚੰਦਨ ਨੇ ਆਖਿਆ। ਫਿਰ ਜੋ ਸੁਆਰ ਕੇ ਲਿਖਿਆ ਉਹ ਕਹਾਣੀ ਸੀ। ਹੌਲੀ ਹੌਲੀ ਮੈਂ ਨਿੱਠ ਕੇ ਲਿਖਣ ਲਗ ਗਿਆ। 1970 ਤੋਂ 1974 ਵਿੱਚ ਜੋ ਲਿਖਿਆ 'ਨਾਗਮਣੀ' ਨੇ ਬਹੁਤ ਛਾਪਿਆ 'ਮਿੱਟੀ ਰੰਗੇ ਲੋਕ' ਨਾਂ ਦਾ ਮੇਰਾ ਪਹਿਲਾ ਕਹਾਣੀ ਸੰਗ੍ਰਹਿ ਭਾਅ ਜੀ ਗੁਰਸ਼ਰਨ ਨੇ ਕਿਤਾਬ ਰੂਪ ਵਿਚ ਛਾਪ ਦਿੱਤਾ ਸੀ।

**? ਪਹਿਲੀਆਂ-ਪਹਿਲੀਆਂ ਰਚਨਾਵਾਂ ਦੇ ਪ੍ਰਾਪਤ ਅਨੁਭਵ ਅਤੇ ਉਹਨਾਂ ਦੀ ਸਿਰਜਣ-ਪ੍ਰਕਿਰਿਆ ਬਾਰੇ ਦੱਸੋ ?**

–ਨਾਨਕਾ ਪਿੰਡ ਢਾਈ ਕੁ ਸੌ ਘਰਾਂ ਦਾ ਪਿੰਡ ਸੀ। ਮੈਨੂੰ ਹਰ ਵੱਡੇ ਛੋਟੇ ਜੀਅ ਦਾ ਨਾਂ ਪਤਾ ਸੀ। ਮੈਂ ਮਿਸਤਰੀ ਬਾਵਾ ਸਿੰਘ ਦੇ ਕਰਖਾਨੇ ਬਹਿ ਕੇ ਰੰਬੇ ਚੰਡਾਉਂਦਿਆ ਜਾਂ ਦਾਤੀਆਂ ਨੂੰ ਦੰਦੇ ਕਢਵਾਉਂਦਿਆਂ, ਉੱਥੇ ਬਹਿੰਦੇ ਵਿਹਲੜਾਂ ਦੇ ਗਪੌੜ ਵੀ ਸੁਣੇ ਸੀ ਤੇ ਪਿੰਡ ਵਿਚ ਹੁੰਦੀ ਹਬੀ ਨਬੀ ਨੂੰ ਵਧਾ ਚੜ੍ਹਾ ਕੇ ਪੇਸ਼

ਕਰਨ ਵਾਲੇ ਕਿੱਸੇ ਵੀ। ਆਰੰਭਲੀਆਂ ਕਹਾਣੀਆਂ ਮੇਰਾ ਇਹੋ ਅਨੁਭਵ ਹੀ ਕਾਗਜਾਂ ਉਪਰ ਉਕਰੇ ਹੋਏ ਕਹਾਣੀਆਂ ਕਹਿਲਾਏ 'ਇਕ ਭੁੱਲ' , 'ਹੱਡ ਬੀਤੀ ਜੱਗ ਬੀਤੀ' , 'ਮਾਂ, ਮਾਂ ਹੈ; ਪਿਉ, ਪਿਉ ਨਈਂ' , 'ਅਫਸਰ' , 'ਤੀਜੀ ਧਿਰ' , 'ਬੁੱਢੀ ਰਾਤ ਤੇ ਸੂਰਜ' , 'ਰੱਬ ਦਾ ਭਾਈ' , 'ਯਾਰ ਬਲੋਚ ' , 'ਤਬੇਲਾ' ਆਦਿ ਕਹਾਣੀਆਂ ਦੇ ਅਨੁਭਵ ਜਿਵੇਂ ਗੁਆਂਢ ਰਹਿੰਦੇ ਕਰਮੇ ਚਾਚੇ ਦੇ ਘਰ ਵਿਚੋਂ ਫੜਿਆ, ਕੋਈ ਮਿਸਤਰੀ ਤਾਏ ਕਰਮ ਸਿੰਘ ਦੇ ਘਰੋਂ, ਕੋਈ ਮਾਮੇ ਜੀਤ ਤੇ ਨੰਜੂ ( ਦੋਹਾਂ ਭਰਾਵਾਂ) ਦੀ ਲੜਾਈ ਵਿਚੋਂ ਹੱਥ ਆਇਆ। ਉਹ ਸਮਾਂ ਮੇਰੀ ਸਿਰਜਣ ਪ੍ਰਕਿਰਿਆ ਦਾ ਅਜਿਹਾ ਸਮਾਂ ਸੀ ਕਿ ਲਿਖਿਆ ਜਾਣਾ ਮੇਰਾ ਖਤਮ ਹੀ ਨਹੀਂ ਸੀ ਹੁੰਦਾ। ਇਕੋ ਵੇਲੇ ਮੈਂ ਚਾਰ ਚਾਰ ਕਹਾਣੀਆਂ ਲਿਖ ਰਿਹਾ ਹੁੰਦਾ। ਕਿਸੇ ਕਿਸੇ ਮਹੀਨੇ ਤਾਂ ਮੈਂ ਤਿੰਨ ਤਿੰਨ ਕਹਾਣੀਆਂ ਲਿਖੀਆਂ। ਉਹ ਕਹਾਣੀਆਂ ਕਲਾਤਮਿਕ ਪੱਖੋਂ ਬੜੇ ਉੱਚ ਪੱਧਰ ਦੇ ਪਰਚਿਆਂ ਵਿਚ ਛਪੀਆਂ। ਸਭ ਤੋਂ ਵੱਧ 'ਨਾਗਮਣੀ' ਵਿੱਚ, ਫਿਰ 'ਸਿਰਜਣਾ' ਤੇ 'ਲਕੀਰ' ਵਿਚ। ਜਿਨ੍ਹਾਂ ਨੇ ਲੋਕਾਂ ਦਾ ਧਿਆਨ ਖਿੱਚਿਆ।

**? ਸਾਹਿਤ ਦੀ ਸਾਰਥਿਕਤਾ ਨੇ ਤੁਹਾਡੀ ਸ਼ਖ਼ਸੀਅਤ ਨੂੰ ਚੰਗਾ ਬਣਾਉਣ ਲਈ ਕਿਸ ਤਰ੍ਹਾਂ ਦਾ ਰੋਲ ਨਿਭਾਇਆ ਹੈ ?**

-ਇਨਸਾਨ ਦੀ ਜ਼ਿੰਦਗੀ ਨੂੰ ਖੂਬਸੂਰਤ, ਬਹੁਤ ਨਿਯਮਬੱਧ, ਚੰਗੇਰੀ ਤੇ ਲੰਮੇਰੀ ਬਣਾਉਣ ਲਈ ਸਾਹਿਤ ਬਹੁਤ ਵੱਡਾ ਰੋਲ ਅਦਾ ਕਰਦਾ ਹੈ। ਮੈਂ ਜਿਹਨੇ ਜ਼ਿੰਦਗੀ ਵਿੱਚ ਹੋਰ ਕੁਝ ਬਣਨ ਦੇ ਸੁਪਨੇ ਲਏ, ਮੈਂ ਮਜ਼ਾਕ ਵਿੱਚ ਕਿਹਾ ਕਰਦਾ ਕਿ ਸਾਹਿਤ ਦੀਆਂ ਪੜ੍ਹੀਆਂ ਕਿਤਾਬਾਂ ਨੇ ਮੇਰੀ ਜ਼ਿੰਦਗੀ ਹੀ ਬਰਬਾਦ ਕਰਕੇ ਰੱਖ ਦਿੱਤੀ। ਜਦੋਂ ਪੁਲਿਸ ਦੇ ਟਾਊਟ ਦੇ ਜੁਲਮਾਂ ਦਾ ਸਤਾਇਆ ਮੈਂ ਹਥਿਆਰ ਚੁੱਕਣ ਲਈ ਮਜ਼ਬੂਰ ਹੋ ਗਿਆ, ਮੈਂ ਬਦਲੇ ਵਿੱਚ ਕਤਲ ਕਰਕੇ ਪੰਜਾਬ ਹੀ ਛੱਡ ਜਾਣ ਬਾਰੇ ਵਿਉਂਤਾਂ ਬਣਾਈਆਂ। ਮੈਂ ਚਾਹਿਆ ਮੇਰੇ ਹੇਠਾਂ ਘੋੜਾ ਹੋਵੇਗਾ ਤੇ ਮੈਂ ਕਈ ਕਤਲ ਕਰਕੇ ਦੂਰ ਜੰਗਲਾਂ ਨੂੰ ਪਾਰ ਕਰਦਾ ਚੰਬਲ ਘਾਟੀ ਵਲ ਨਿਕਲ ਜਾਵਾਂਗਾ ..... ਇਹ ਮੇਰੇ ' ਸੁਨਹਿਰੇ ਸੁਪਨੇ' ਤੇ ਵਿਉਂਤਾਂ ਦਾ ਬੇੜਾ ਗਰਕ ਕਰ ਦਿੱਤਾ ਮੇਰੇ ਵਲੋਂ ਪੜ੍ਹੇ ਸਾਹਿਤ ਨੇ। ਉਦੋਂ ਨਾਨਕ ਸਿੰਘ ਨੂੰ ਨਿੱਠ ਕੇ ਪੜ੍ਹ ਰਿਹਾ ਸੀ। ਉਦੋਂ ਮੈਂ, ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਸਿਰ ਉੱਤੇ ਚੁੱਕੀ ਫਿਰ ਰਿਹਾ ਸੀ। ਜਸਵੰਤ ਸਿੰਘ ਕੰਵਲ ਮੇਰੇ ਨਾਲ ਨਾਲ ਸੀ। ਕੁਲਵੰਤ ਸਿੰਘ ਵਿਰਕ, ਅੰਮ੍ਰਿਤ ਪ੍ਰੀਤਮ, ਅਜੀਤ ਕੌਰ, ਸੁਜਾਨ ਸਿੰਘ, ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਬੁੱਲ੍ਹੇ ਸ਼ਾਹ , ਵਾਰਿਸ, ਸ਼ਿਵ ਕੁਮਾਰ ਬਟਾਲਵੀ ... ਇਹ ਸਾਰੇ ਮੇਰੀ ਰੋਟੀ ਸਨ। ਸਾਰੇ ਮੇਰੇ ਲਈ ਪਾਣੀ ਤੇ ਸਾਹ ਸਨ... ਇਹੋ ਮੇਰੇ ਦਿਨ ਸਨ ਤੇ ਰਾਤ ਸਨ। ਮੇਰਾ ਪਿਛੋਕੜ ਬੜਾ ਹਨ੍ਹੇਰਾ ਸੀ। ਨਾ ਕੋਈ ਪੜ੍ਹਿਆ ਲਿਖਿਆ। ਨਾ ਕੋਈ ਗੁਣੀ ਗਿਆਨੀ। ਸਿਰਫ ਮੇਰਾ ਅਨਪੜ੍ਹ ਪਿਤਾ ਸੀ ਜਿਸ ਦੇ ਅੰਦਰ ਜਿਵੇਂ ਕੋਈ ਚਿਰਾਗ ਜਗ ਰਹੇ ਹੋਣ, ਰੌਸ਼ਨੀ ਨਾਲ ਭਰਿਆ ਹੋਇਆ ਸੀ। ਅਜਿਹੇ ਮਾਹੌਲ ਵਿੱਚ ਕਿਤਾਬਾਂ (ਸਾਹਿਤ ) ਦਾ ਮਹੱਤਵ ਬਹੁਤ ਸਹਿਜੇ ਸਹਿਜੇ ਪਤਾ ਲੱਗਦਾ ਹੈ ਤੇ ਜਦੋਂ ਤਕ ਮੈਨੂੰ ਇਸ ਮਹੱਤਵ ਬਾਰੇ ਮੇਰੇ ਅੰਦਰ ਅਹਿਸਾਸ ਜਾਗ ਪਿਆ ਤੇ ਮੈਂ ਨਿਹੱਥਾ ਹੋ ਗਿਆ। ਕੀ ਕਰਦਾ ਮੈਂ, ਮੇਰੀ ਪੇਸ਼ ਨਹੀਂ ਚੱਲੀ ਤੇ ਮੈਨੂੰ ਸਾਰੇ ਕੁਝ ਦੀਆਂ ਚੂਲੀਆਂ ਸੁੱਟਣੀਆਂ ਪਈਆਂ। ਜ਼ਰੂਰੀ ਗੱਲ ਤੇ ਵਿਸ਼ੇਸ਼ ਇਹ ਵੀ ਹੈ ਕਿ ਇਸ ਸਮੇਂ ਹੀ ਪੈਰ ਜਮਾਉਣ ਲਈ ਮੈਂ ਸਖਤ ਮਿਹਨਤ ਵੀ ਕਰ ਰਿਹਾ ਸੀ ਤੇ 'ਅਜੀਤ ' ਅਖਬਾਰ ਵਿੱਚ ਮੈਨੂੰ ਨੌਕਰੀ ਮਿਲ ਗਈ ਸੀ। ਲੰਮੇ ਮੁਕੱਦਮੇ ਨੇ ਤਿੰਨ ਸਾਲਾਂ ਵਿੱਚ ਮੇਰੇ ਮਾਂ ਪਿਉ ਦਾ ਲੱਕ ਤੋੜ ਦਿੱਤਾ ਸੀ ਤੇ ਮੈਂ ਇਕ ਤਰ੍ਹਾਂ ਹਾਰ ਗਿਆ ਸੀ। ਮੈਂ ਮਸੀਂ ਗਿਆਨੀ ਪਾਸ ਕਰ ਸਕਿਆ।

**? ਆਪਣੇ ਪ੍ਰੇਰਨਾ ਸਰੋਤ ਅਤੇ ਨਿੱਜੀ ਅਨੁਭਵ ਦੱਸੋ ਜਿਨ੍ਹਾਂ ਦੀ ਬਦੌਲਤ ਆਪਣੀ ਜ਼ਿੰਦਗੀ ਨੂੰ ਚੰਗਾ ਬਣਾ ਸਕੇ ?**

- ਜਿਵੇਂ ਮੈਂ ਪਹਿਲਾਂ ਵੀ ਦੱਸਿਆ ਕਿ ਮੈਂ ਜਿਨ੍ਹਾਂ ਲੋਕਾਂ ਵਿੱਚ ਜੰਮਿਆ ਪਲਿਆ ਉਹ ਮਜਦੂਰ, ਮਿਹਨਤੀ ਤੇ ਸਿੱਧੇ ਸਾਦੇ ਲੋਕ ਸਨ। ਸਕੂਲ ਪੜ੍ਹਦਿਆਂ ਵੀ ਸਧਾਰਨ ਲੋਕ ਹੀ ਮਿਲੇ। ਕਿਤੇ ਹੋਇਆ ਕਿ ਰਾਹ ਚੱਲਦਿਆਂ ਕੋਈ ਨਿਵੇਕਲਾ ਤੇ ਹਰਾ ਕਚੂਰ ਦਰੱਖਤ ਦੇਖ ਕੇ ਰਤਾ ਅਚੰਭਾ ਹੋਇਆ। ਪਰ ਸਮੁੱਚੇ ਤੌਰ

ਉੱਤੇ ਮੈਨੂੰ ਜੇ ਕੋਈ ਮੇਰੇ ਲਈ ਪ੍ਰੇਰਨਾ ਸਰੋਤ ਬਣਿਆ ਤਾਂ ਉਹ ਮੇਰਾ ਮਾਮਾ, ਮੇਰੀ ਮਾਂ ਦੇ ਤਾਏ ਦਾ ਪੁੱਤ ਭਰਾ ਅੰਨ੍ਹਾ ਅਮਰੂ ਬੀਬੀ ਦੱਸਦੀ ਸੀ, 'ਅਮਰੂ ਜਮਾਂਦਰੂ ਹੀ ਅੰਨ੍ਹਾ ਸੀ। ਇਸੇ ਕਰਕੇ ਉਹਦਾ ਬਾਪ ਉਹਨੂੰ ਹੁਸ਼ਿਆਰਪੁਰ ਵੱਲ ਕਿਸੇ ਰੋਜੇ ਉੱਤੇ ਫਕੀਰਾਂ ਕੋਲ ਛੱਡ ਆਇਆ ਸੀ। ਵੀਹ ਵਰ੍ਹੇ ਅਮਰੂ ਨੇ ਰੋਜੇ ਉੱਤੇ ਰਹਿ ਕੇ ਤਪ ਕੀਤਾ। ਸਾਧਨਾ ਕੀਤੀ। ਚਾਹੇ ਉਹ ਅਧਿਆਤਮਿਕ ਸੀ ਜਾਂ ਸੰਗੀਤ ਵਿਦਿਆ, ਗੁਰਬਾਣੀ ਸੀ ਜਾਂ ਇਸਲਾਮ ਧਰਮ ਦਾ ਗਿਆਨ। ਵੀਹ ਵਰ੍ਹਿਆਂ ਬਾਅਦ ਅਮਰੂ ਆਪਣੇ ਮਾਂ ਪਿਉ ਨੂੰ ਮਿਲਣ ਆਇਆ ਤੇ ਉਦੋਂ ਹੀ ਮੈਂ ਉਹਨੂੰ ਮਿਲਿਆ ... ਕਈ ਦਿਨ ਨਾਨਕੀਂ ਰਹਿ ਕੇ ਮੈਂ ਮਾਮੇ ਅਮਰੂ ਦਾ ਸਾਥ ਮਾਣਿਆ। ਸਾਰੇ ਲੋਕ ਉਸਨੂੰ ਬਾਬਾ ਜੀ ਕਹਿ ਕੇ ਬੁਲਾਉਂਦੇ ਪਰ ਮੈਂ ਮਾਮਾ ਕਹਿੰਦਾ। ਉਸ ਦੀ ਬੋਲ ਬਾਣੀ, ਉਸਦਾ ਗਿਆਨ, ਅੰਨ੍ਹਾ



ਹੋਣ ਦੇ ਬਾਵਜੂਦ ਗਲੀਆਂ ਵਿੱਚ ਤੁਰੇ ਫਿਰਨਾ, ਇਕੱਲਿਆਂ ਹੀ ਢਾਬ ਤੋਂ ਪਾਰ ਜਾ ਕੇ ਨਿਆਈਆਂ ਵੱਲ ਨਿਕਲ ਜਾਣਾ, ਰਾਤੀਂ ਗਾਹੜੇ ਹਨ੍ਹੇਰੇ ਵਿੱਚ ਵੀ ਬਾਹਰ ਨਿਕਲ ਜਾਣਾ। ਨਾਨੀ ਕਹਿੰਦੀ ਸੀ, ਅਮਰੂ ਦੇ ਅੰਦਰ ਰੱਬੀ ਜੋਤ ਜਗਦੀ ਹੈ। ਉਹ ਸਮਾਂ ਸੀ ਜਦੋਂ ਮੈਂ ਝੰਜੋੜਿਆ ਗਿਆ ਤੇ ਫਿਰ ਬਹੁਤ ਵਾਰੀ ਅਜਿਹੇ ਪਲ ਆਏ ਜਦੋਂ ਮਾਮੇ ਅਮਰੂ ਦੀ ਸ਼ਖ਼ਸੀਅਤ ਮੇਰੇ ਲਈ ਪ੍ਰੇਰਨਾ ਸਰੋਤ ਬਣੀ। ਅਜਿਹਾ ਹੀ ਦੂਜਾ ਸਖਸ਼ ਸੀ ਮੇਰਾ ਪਿਤਾ। ਮੇਰਾ ਪਿਤਾ ਬਹੁਤ ਅਣਖਖੋਰਾ, ਬੜੇ ਠਰ੍ਹੰਮੇ ਵਾਲਾ, ਬੜਾ ਗੱਲਕਰ, ਮਿਹਨਤੀ, ਹਾਰ ਨਾ ਮੰਨਣ ਵਾਲਾ, ਸੱਚ ਉੱਤੇ ਅੜ ਜਾਣ ਵਾਲਾ ਤੇ ਬੜਾ ਸਿਰੜੀ ਆਦਮੀ ਸੀ। ਉਹ ਕੋਰਾ ਅਨਪੜ੍ਹ ਸੀ। ਪਰ ਫਿਰ ਵੀ ਉਸਨੂੰ ਗੁਰਬਾਣੀ ਦੇ ਬਹੁਤ ਸਾਰੇ ਸ਼ਬਦ, ਜਪੁਜੀ ਸਾਹਿਬ ਤੇ ਅਰਦਾਸ ਜਬਾਨੀ ਯਾਦ ਸੀ। ਕਿੱਸਿਆਂ ਵਿਚੋਂ ਕਈ ਕਈ ਬੰਦ ਯਾਦ ਸਨ। ਬੇਅੰਤ ਮੁਹਾਵਰੇ, ਕਹਾਵਤਾਂ ਤੇ ਕਬੀਰ, ਰਵਿਦਾਸ ਦੇ ਦੋਹੇ, ਸ਼ਬਦ ਉਸਨੂੰ ਚੇਤੇ ਸਨ ਇਸ ਗਿਆਨ ਕਾਰਨ ਹੀ ਬੜਾ ਤਰਕਸ਼ੀਲ ਤੇ ਯਥਾਰਥਵਾਦੀ ਸੀ। ਕਦੇ ਕਦੇ ਮੇਰੀ ਮਾਂ ਦੂਜੇ ਭਰਾਵਾਂ ਨੂੰ ਕਹੇਗੀ, '... ਪ੍ਰੇਮ ਐਨ ਆਪਣੇ ਭਾਈਏ (ਪਿਤਾ) ਤੇ ਗਿਆ...' ਮੇਰੇ ਪਿਤਾ ਨੇ ਹਮੇਸ਼ਾ ਮੇਰੇ ਲਈ ਪ੍ਰੇਰਨਾ ਸਰੋਤ ਦਾ ਕੰਮ ਕੀਤਾ ਹੈ। ਲੋਕਾਂ ਪ੍ਰਤੀ, ਚੰਗੇ ਮਾੜੇ ਪ੍ਰਤੀ, ਸੱਚ ਤੇ ਝੂਠ ਪ੍ਰਤੀ ਮੈਂ ਆਪਣੇ ਪਿਤਾ ਵਾਂਗ ਹੀ ਵਿਚਰਦਾ ਹਾਂ।

ਬਚਪਨ ਵਿੱਚ ਮੇਰੀ ਭੂਆ ਤੇ ਮੇਰੀ ਮਾਂ ਨੇ ਮੈਨੂੰ ਬਹੁਤ ਪਿਆਰ ਦਿੱਤਾ। ਮੇਰਾ ਚਾਚਾ ਵੀ ਮੈਨੂੰ ਬਹੁਤ ਪਿਆਰ ਕਰਦਾ ਸੀ। ਉਹਦੀ ਸੋਹਬਤ ਤੇ ਅਸਰ ਕਾਰਨ ਹੀ ਮੈਂ ਬਚਪਨ ਤੋਂ ਹੀ ਅਖਾੜੇ ਜਾਣ ਲੱਗ ਪਿਆ ਸੀ। ਜ਼ਿੰਦਗੀ ਵਿੱਚ ਸਮੇਂ ਸਮੇਂ ਬਹੁਤ ਸਾਰੇ ਲੋਕ ਮਿਲਦੇ ਰਹੇ ਹਨ। ਜਿਵੇਂ 'ਨਵਾਂ ਜ਼ਮਾਨਾ' ਵਿੱਚ ਕੰਮ ਕਰਦਿਆਂ ਬਲਜੀਤ ਪੰਨੂੰ ਤੇ ਗੁਰਬਖਸ਼ ਸਿੰਘ ਬੰਨੋਆਣਾ ਨੇ ਪ੍ਰਭਾਵਿਤ ਕੀਤਾ। ਚੰਡੀਗੜ੍ਹ ਆਇਆ ਤਾਂ ਬਹੁਤ ਸਾਰੇ ਲੋਕ ਮਿਲੇ , ਚਾਹੇ ਉਹ ਹਰਭਜਨ ਹਲਵਾਰਵੀ ਹੈ ਜਾਂ ਗੁਰਬਚਨ ਸਿੰਘ ਭੁੱਲਰ, ਸੁਰਿੰਦਰ ਸ਼ਰਮਾ ਜਾਂ ਨਿਰਮਲ ਜਸਵਾਲ।

ਮੈਂ, ਗਾਇਕ ਹੰਸ ਰਾਜ ਹੰਸ ਤੋਂ ਬਹੁਤ ਪ੍ਰਭਾਵਿਤ ਹੋਇਆ, ਜਿਸ ਨੇ ਜ਼ਿੰਦਗੀ ਵਿੱਚ ਸਿਰੜ ਦਾ ਪੱਲਾ ਨਹੀਂ ਛੱਡਿਆ। ਉਹ ਵੀ ਸਮਾਂ ਹੁੰਦਾ ਸੀ ਜਦੋਂ ਹੰਸ ਰਾਜ ਹੰਸ ਮਲੇਸ਼ੀਏ ਦਾ ਕੁੜਤਾ ਪਜਾਮਾ ਪਾਈ, ਪੁਰਾਣੇ ਜਿਹੇ ਸਾਈਕਲ ਉੱਤੇ ਜਲੰਧਰ ਆਪਣੇ ਮੁਰਸ਼ਦ ਨੂੰ ਲੱਭਦਾ ਫਿਰਦਾ। ਸਫੀਪੁਰ ਦੇ ਕੱਚੇ ਘਰ ਵਿਚ ਮਜਦੂਰ ਪਿਤਾ ਨਾਲ ਮਜਦੂਰੀ ਕਰਦਾ ਤੇ ਫਿਰ ਸ਼ਾਹਕੋਟ ਨੂੰ ਦੌੜਦਾ। ਇਹ ਮੇਰਾ ਵੀ ਹੰਢਾਇਆ ਹੋਇਆ ਅਨੁਭਵ ਹੈ ਕਿ ਜਦੋਂ ਆਦਮੀ ਇਉਂ ਆਪਣੇ ਅੰਦਰਲੇ ਆਸ਼ੇ ਨਾਲ ਜੁੜ ਕੇ, ਇਕਮਿਕ ਹੋ ਕੇ ਨਿਸ਼ਾਨੇ ਵੱਲ ਵੱਧਦਾ ਹੈ ਤਾਂ ਮੰਜ਼ਿਲਾਂ ਸਰ ਹੁੰਦੀਆਂ ਚਲੇ ਜਾਂਦੀਆਂ ਹਨ। (**ਸੰਪਰਕ** 8146813291)



# ਪ੍ਰੇਮ ਗੋਰਖੀ ਸ਼ਬਦ ਚਿੱਤਰ

# ਗ਼ੈਰ ਹਾਜ਼ਿਰ ਨਹੀਂ, ਹਾਜ਼ਿਰ ਹੈ ਪ੍ਰੇਮ ਗੋਰਖੀ / - ਜਿੰਦਰ

ਪੰਜ ਕੁ ਵਜੇ ਦਾ ਸਮਾਂ। ਮੈਂ ਆਪਣੇ ਸਟੱਡੀ ਟੇਬਲ 'ਤੇ ਲੱਤਾਂ ਪਸਾਰੀ ਜਗਜੀਤ ਸਿੰਘ ਸੁਣ ਰਿਹਾ ਸੀ। ਮੇਰੇ ਕੋਲੋਂ ਸਤ ਕੁ ਫੁੱਟ ਦੂਰ ਚਾਰਿਜ 'ਤੇ ਲਾਏ ਮੋਬਾਇਲ 'ਤੇ ਰਿੰਗ ਹੋਈ। ਮੈਂ ਫ਼ੋਨ ਅਟੈਂਡ ਨਾ ਕੀਤਾ। ਪਿਛਲੇ ਮਹੀਨਿਆਂ ਤੋਂ ਮੈਂ ਲਗਾਤਾਰ ਜਗਜੀਤ ਸਿੰਘ ਨੂੰ ਸੁਣ ਰਿਹਾ ਹਾਂ। ਸਮਾਂ ਸ਼ਾਮ ਦੇ ਚਾਰ ਤੋਂ ਸਵਾ ਪੰਜ ਵਜੇ ਦਾ ਹੁੰਦਾ। ਇਸ ਵੇਲੇ ਜਗਜੀਤ ਸਿੰਘ ਦੀ ਆਵਾਜ਼ ਤੇ ਮੈਂ ਤੇ ਸਿਰਫ਼ ਮੈਂ ਹਾਜ਼ਿਰ ਹੁੰਦਾ ਹਾਂ। ਕਿਸੇ ਤੀਜੇ ਦੀ ਹੋਂਦ ਮੇਰੇ ਲਈ ਅਸਹਿ ਹੋ ਜਾਂਦੀ ਹੈ। ਅੱਜ ਵੀ ਮੈਂ, ਜਗਜੀਤ ਸਿੰਘ ਦੀ ਗਾਈ ਗ਼ਜ਼ਲ–

ਕੌਨ ਆਯਾ ਹੈ ਜਹਾਂ, ਕੋਈ ਨਹੀਂ ਆਯਾ ਹੋਗਾ,
ਮੇਰਾ ਦਰਵਾਜ਼ਾ, ਹਵਾਯੋਂ ਨੇ ਹਲਾਯਾ ਹੋਗਾ।

ਸੁਣ ਰਿਹਾ ਸੀ। ਅੱਜ ਦੀ ਹੀ ਗੱਲ ਨਹੀਂ, ਪਿਛਲੇ ਇਕ ਮਹੀਨੇ ਤੋਂ ਇਹ ਗ਼ਜ਼ਲ ਤੇ ਜਾਵੇਦ ਅਖ਼ਤਰ ਦੀ ਨਜ਼ਮ 'ਕਭੀ ਯੂੰ ਭੀ ਤੋ ਹੋ' ਸੁਣ ਰਿਹਾ ਹਾਂ। ਗ਼ਜ਼ਲ ਤੇ ਨਜ਼ਮ ਖਤਮ ਹੋਈ ਤਾਂ ਮੈਂ ਘੜੀ 'ਤੇ ਸਮਾਂ ਦੇਖਿਆ, ਫ਼ੋਨ ਚੁੱਕਿਆ ਤਾਂ ਭਗਵੰਤ ਰਸੂਲਪੁਰੀ ਦੀ ਮਿਸ–ਕਾਲ ਸੀ। ਮੈਂ ਫ਼ੋਨ ਮਿਲਾ ਕੇ ਪੁੱਛਿਆ, "ਤੇਰੀ ਕਾਲ ਆਈ ਸੀ।" ਉਸ ਅੱਗੋਂ ਦੱਸਿਆ, "ਭਾਜੀ, ਪ੍ਰੇਮ ਗੋਰਖੀ ਵੀ ਚਲਾ ਗਿਆ।" ਮੈਥੋਂ ਮਸਾਂ ਇੰਨਾ ਕੁ ਹੀ ਕਿਹਾ ਗਿਆ, "ਤੂੰ ਪਰਸੋਂ ਨੂੰ ਮੇਰੇ ਕੋਲ ਆਈਂ। ਉਸ ਬਾਰੇ ਕੁਸ਼ ਵਿਸ਼ੇਸ਼ ਕਰਨ ਦੀ ਪਲੈਨਿਗ ਕਰਦੇ ਹਾਂ।" ਤਿੰਨ ਕੁ ਹਫ਼ਤੇ ਪਹਿਲਾਂ ਰਸੂਲਪੁਰੀ ਮਿਲਣ ਆਇਆ ਤਾਂ ਮੈਂ ਉਸ ਨੂੰ ਜ਼ੋਰ ਦੇ ਕੇ ਕਿਹਾ ਸੀ, "ਪ੍ਰੇਮ ਗੋਰਖੀ ਬਾਰੇ ਕੁਸ਼ ਸੋਚ। ਉਸ ਦੀ ਲੰਬੀ ਇੰਟਰਵੀਊ ਕਰਕੇ ਆਪਣੇ ਮੈਗਜ਼ੀਨ ਵਿੱਚ ਛਾਪ।" ਉਸ ਆਪਣੀ ਆਦਤ ਮੂਜਬ ਕਿਹਾ ਸੀ, "ਕੋਈ ਨਾ ਸੋਚਦੇ ਆਂ।" ਮੈਂ ਇੰਨੀ ਖਿੱਝ ਨਾਲ ਭਾਸ਼ਾ ਵਿਭਾਗ ਦੇ ਐਵਾਰਡ ਦੇਣ ਵਾਲਿਆਂ ਨੂੰ ਗਾਲ੍ਹਾਂ ਕੱਢੀਆਂ ਕਿ ਰਸੂਲਪੁਰੀ ਨੂੰ ਹੈਰਾਨੀ ਹੋਈ। ਸ਼ਾਇਦ ਉਸ ਮਨ ਵਿੱਚ ਸੋਚਿਆ ਹੋਵੇ 'ਜਿੰਦਰ ਨੂੰ ਕੀ ਹੋ ਗਿਆ?" ਮੈਨੂੰ ਵਾਰ–ਵਾਰ ਇਸ ਗੱਲ ਦਾ ਅਹਿਸਾਸ ਹੁੰਦਾ ਸੀ ਕਿ ਉਸ



**ਅਮਰਜੀਤ ਚੰਦਨ, ਮੁਖਤਾਰ ਗਿੱਲ, ਵਰਿਆਮ ਸਿੰਘ ਸੰਧੂ ਅਤੇ ਪ੍ਰੇਮ ਗੋਰਖੀ**

ਨੂੰ ਆਲੋਚਕਾਂ ਨੇ ਨਜ਼ਰ-ਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ ਸੀ। ਐਵਾਰਡ ਵਾਲੀ ਜਿਊਰੀ ਲਈ ਉਸ ਦਾ ਨਾਂ ਮਹੱਤਵਪੂਰਨ ਨਹੀਂ ਰਿਹਾ ਸੀ। ਇਕ ਵਾਰ ਸਾਹਿਤ ਅਕੈਡਮੀ ਐਵਾਰਡ ਦੇ ਐਕਸਪਰਟ ਵਿੱਚ ਡਾ. ਗੁਰਪਾਲ ਸੰਧੂ ਵੀ ਸ਼ਾਮਿਲ ਸੀ। ਉਸ ਨੇ ਮੈਥੋਂ ਪੁੱਛਿਆ ਸੀ ਕਿ ਦੱਸ ਕਿਸ ਦਾ ਨਾਂ ਪਾਵਾਂ। ਜਿਹੜੀ ਉਸ ਕੋਲ ਲਿਸਟ ਆਈ ਸੀ, ਉਸ ਵਿੱਚ ਗੋਰਖੀ ਦੀ ਪੁਸਤਕ ਸ਼ਾਮਿਲ ਨਹੀਂ ਸੀ। ਮੇਰੇ ਕਹਿਣ ਤੇ ਜ਼ੋਰ ਪਾਉਣ ’ਤੇ ਉਸ ਗੋਰਖੀ ਦਾ ਨਾਂ ਪਾਇਆ ਸੀ ਤੇ ਨਾਲ ਹੀ ਕਿਹਾ ਸੀ ਕਿ ਅੰਬਾਲੇ ਵੱਲ ਦੇ ਇਕ ਲੇਖਕ ਨੂੰ ਵੀ ਅਪਰੋਚ ਕਰ ਲੈ।

ਦੋ ਕੁ ਮਹੀਨੇ ਪਹਿਲਾਂ ਗੋਰਖੀ ਦਾ ਫ਼ੋਨ ਆਇਆ ਸੀ, “ਜਿੰਦਰ, ਤੂੰ ਮੈਨੂੰ ਮੈਗਜ਼ੀਨ ਕਿਉਂ ਨ੍ਹੀਂ ਭੇਜਦਾ?”

“ਭਾਜੀ, ਮੈਂ ਭੇਜ ਰਿਹਾਂ, ਜਦੋਂ ਤੁਹਾਨੂੰ ਨਾ ਮਿਲੇ ਤਾਂ ਮੈਨੂੰ ਫ਼ੋਨ ਕਰ ਦਿਆ ਕਰੋ। ਮੈਂ ਦੋਬਾਰ ਭੇਜ ਦਵਾਂਗਾ।” ਸਾਡੇ ਮਾੜੇ ਪੋਸਟਲ ਸਿਸਟਮ ਕਰਕੇ ਮੈਨੂੰ ਆਏ ਦਿਨ ਉਲਾਂਭੇ ਮਿਲਦੇ ਰਹਿੰਦੇ ਸਨ।

ਜਦੋਂ ਵੀ ਫ਼ੋਨ ’ਤੇ ਗੱਲ ਹੁੰਦੀ, ਮੈਂ ਉਸ ਨੂੰ ਕਹਾਣੀ ਭੇਜਣ ਲਈ ਜ਼ੋਰ ਪਾਉਂਦਾ। ਉਹ ਬਹੁਤ ਧੀਮੀ ਆਵਾਜ਼ ਵਿੱਚ ਦੱਸਦਾ, “ਯਾਰ, ਕਹਾਣੀ ਤਾਂ ਲਿਖੀ ਪਈ ਆ। ਬੇਟੀ ਨੂੰ ਕੰਪੋਜ਼ ਕਰਨ ਲਈ ਦਿੱਤੀ ਹੋਈ ਆ। ਤੈਨੂੰ ਜਲਦੀ ਭੇਜਾਂਗਾ।”

ਉਸ ਨੇ ਆਪਣੀ ਨਵੀਂ ਕਹਾਣੀ ਪੰਚਕੂਲੇ ਤੋਂ ਨਿਕਲਦੇ ਸਰਕਾਰੀ ਮੈਗਜ਼ੀਨ ‘ਸ਼ਬਦ ਬੂੰਦ’ ਵਿੱਚ ਛਪਵਾਈ ਤਾਂ ਮੈਂ ਫ਼ੋਨ ਕੀਤਾ, “ਭਾਜੀ, ਆਹ ਤੁਸੀਂ ਕੀ ਕੀਤਾ? ਮੈਂ ਤੁਹਾਡੇ ਕੋਲੋਂ ਕਹਾਣੀ ਮੰਗੀ, ਤੁਸੀਂ ‘ਸ਼ਬਦ ਬੂੰਦ’ ’ਚ ਛਪਵਾ ਲਈ।”

“ਉਹ ਮੈਥੋਂ ਮੈਗਜ਼ੀਨ ਦੇ ਪਰੂਫ਼ ਪੜ੍ਹਾਉਂਦੇ ਨੇ। ਡੇਢ ਦੋ ਹਜ਼ਾਰ ਇਕ ਇਸ਼ੂ ਦਾ ਦਿੰਦੇ। ਉਨ੍ਹਾਂ ਕਹਾਣੀ ਮੰਗੀ, ਮੈਨੂੰ ਦੇਣੀ ਪਈ।”

“ਤੁਸੀਂ ਇੰਨੇ ਪੈਸੇ ਮੈਥੋਂ ਲੈ ਲਿਆ ਕਰੋ। ਕਹਾਣੀ ਚੰਗੇ ਮੈਗਜ਼ਾਨ ’ਚ ਤਾਂ ਛਪਵਾਇਆ ਕਰੋ।”

“ਲੈ ਚੰਗੇ ਦੀ ਗੱਲ ਸੁਣ ਲੈ। ਮੈਂ ਤੇ ਮਿਮਿਜ਼ ਨਵੀਂ ਕਹਾਣੀ ਲੈ ਕੇ ਸੁਸ਼ੀਲ ਦੁਸਾਂਝ ਦੇ ਘਰੇ ਗਏ। ਦੋ ਕੁ ਮਹੀਨਿਆਂ ਬਾਅਦ ਸੁਸ਼ੀਲ ਇਕ ਫ਼ਕੰਸਨ ’ਤੇ ਮਿਲਿਆ। ਮੈਂ ਕਹਾਣੀ ਬਾਰੇ ਪੁੱਛਿਆ ਤਾਂ ਬੋਲੇ, “ਸਾਡੇ ਸੰਪਾਦਕੀ ਮੰਡਲ ਨੂੰ ਕਹਾਣੀ ਪਸੰਦ ਨ੍ਹੀਂ ਆਈ।”

****

ਤੀਜੇ ਦਿਨ ਅਮਰਜੀਤ ਚੰਦਨ ਦਾ ਫ਼ੋਨ ਆਇਆ, “ਜਿੰਦਰ ਸਿੰਹਾਂ, ਗੋਰਖੀ ਦੀ ਸਭ ਤੋਂ ਵਧੀਆ ਕਹਾਣੀ ਕਿਹੜੀ ਆ?”

“ਜ਼ਿੰਦਗੀ।” ਇਹ ਕਹਾਣੀ ਮੇਰੇ ਚੇਤਿਆਂ ਵਿੱਚ ਵਸੀ ਹੋਈ ਹੈ।

“ਇਸ ਦਾ ਥੀਮ ਕੀ ਆ?”

“ਪਿੰਡ ’ਚ ਨਕਲਾਂ ਜਾਂ ਰਾਸ ਲੀਲਾ ਹੋ ਰਹੀ ਆ। ਜ਼ਿੰਦਗੀ ਤੋਂ ਉਪਰਾਮ ਹੋਇਆ ਇਕ ਬੰਦਾ...।”

ਚੰਦਨ ਨੇ ਮੈਨੂੰ ਵਿਚਕਾਰੋਂ ਹੀ ਟੋਕ ਕੇ ਕਿਹਾ, “ਹਾਂ-ਹਾਂ-ਯਾਦ ਆ ਗਿਆ। ਇਹ ਗੋਰਖੀ ਦੀ ਵਧੀਆ ਕਹਾਣੀ ਆ। ‘ਆਰਸੀ’ ’ਚ ਛਪੀ ਸੀ। ਮੈਨੂੰ ਇਹਦੀ ਕਾਪੀ ਤੇ ਗੋਰਖੀ ਦੀ ਸਾਫ਼ ਜਿਹੀ ਫੋਟੋ ਭੇਜ। ਜੇ ਕਹਾਣੀ ਕੰਪੋਜ ਕੀਤੀ ਮਿਲ ਜਾਵੇ ਤਾਂ ਹੋਰ ਵੀ ਠੀਕ ਰਹੇਗਾ।”

ਮੈਂ ਆਪਣੀ ਲਾਇਬਰੇਰੀ ਵਿਚੋਂ ਇਸ ਕਹਾਣੀ ਦੀ ਭਾਲ ਕੀਤੀ ਪਰ ਮੈਨੂੰ ਇਹ ਕਹਾਣੀ ਨਾ ਮਿਲੀ। ਰਘਬੀਰ ਸਿੰਘ ਦੀ ਸੰਪਾਦਤ ਕੀਤੀ ਪੁਸਤਕ ‘ਵੀਹਵੀਂ ਸਦੀ ਦੀ ਪੰਜਾਬੀ ਕਹਾਣੀ’ ਵਿੱਚ ਪ੍ਰੇਮ ਗੋਰਖੀ ਦੀ ਕਹਾਣੀ ‘ਜੀਣ-ਮਰਨ’ ਸ਼ਾਮਿਲ ਕੀਤੀ ਹੋਈ ਹੈ। ਇਸੇ ਤਰ੍ਹਾਂ ਗੁਰਬਚਨ ਭੁੱਲਰ ਦੀ ਸੰਪਾਦਤ ਪੁਸਤਕ ‘ਪੰਜਾਬੀ ਕਹਾਣੀ ਕੋਸ਼’ ਅਤੇ ਡਾ. ਹਰਿਭਜਨ ਸਿੰਘ ਦੀ ਸੰਪਾਦਤ ਪੁਸਤਕ ‘ਕਥਾ ਪੰਜਾਬ -2’ ਵਿੱਚ ਵੀ ਇਹੋ ਕਹਾਣੀ ਸ਼ਾਮਿਲ ਹੈ। ਵਰਿਆਮ ਸਿੰਘ ਸੰਧੂ ਨੇ ‘ਆਜ਼ਾਦੀ ਤੋਂ ਬਾਅਦ ਦੀ ਪੰਜਾਬੀ ਕਹਾਣੀ’ ਪੁਸਤਕ ਵਿੱਚ ‘ਦੁੱਧ ਧਾਰ’ ਕਹਾਣੀ ਸ਼ਾਮਿਲ ਕੀਤੀ ਹੈ। ਮੈਂ ਗੋਰਖੀ ਦੇ ਨੇੜਲੇ ਦੋਸਤ ਦਵਿੰਦਰ

ਬਿਮਰੇ ਨੂੰ ਇਹ ਕਹਾਣੀ ਭੇਜਣ ਲਈ ਕਿਹਾ ਤਾਂ ਉਸ ਦੱਸਿਆ ,"ਮੇਰੇ ਕੋਲ ਇਹ ਕਹਾਣੀ ਹੈ ਨ੍ਹੀਂ।ਮੈਂ ਸੁਰਿੰਦਰ ਸ਼ਰਮੇ ਨੂੰ ਫ਼ੋਨ ਕਰਦਾਂ।ਉਸ ਕੋਲ ਅਵੱਸ਼ ਹੋਵੇਗੀ।ਮੇਰੇ ਕੋਲੋਂ ਫੋਟੋ ਨੇ।ਉਹ ਭੇਜ ਦਿੰਨਾ।" ਹਰਮੀਤ ਅਟਵਾਲ ਦਾ ਵੀ ਗੋਰਖੀ ਕੋਲ ਬਹੁਤਾ ਜਾਣਾ-ਆਉਣਾ ਸੀ। ਉਸ ਨੇ ਦੱਸਿਆ, "ਕਾਹਨੂੰ ਜੀ, ਮੇਰੇ ਕੋਲ ਗੋਰਖੀ ਦੀ ਕੋਈ ਕਿਤਾਬ ਨ੍ਹੀਂ। ਦੇਖਦਾਂ ਫੇਰ ਵੀ ਜੇ ਕਹਾਣੀ ਮਿਲ ਗਈ ਤਾਂ ਤੁਹਾਨੂੰ ਵਟਸਅੱਪ 'ਤੇ ਭੇਜ ਦਵਾਂਗਾ।" ਹਫ਼ਤਾ ਬੀਤ ਗਿਆ। ਦੋਹਾਂ ਵੱਲੋਂ ਕੋਈ ਜੁਆਬ ਨਾ ਆਇਆ।

******

ਪ੍ਰੇਮ ਗੋਰਖੀ ਦੇ ਤਿੰਨ ਸ਼ੌਂਕ ਸਨ। ਚੰਗੇ ਕੱਪੜੇ ਪਾਉਣੇ। ਭਲਵਾਨਾਂ ਵਰਗਾ ਖਾਣਾ। ਨਵੇਂ ਰਿਸ਼ਤੇ/ਸਾਂਝਾਂ ਬਣਾਉਣੀਆਂ।ਸ਼ੁਰੂਆਤ ਘਰ ਦੇ ਵਡੇਰਿਆਂ ਤੋਂ ਕਰਦਾ।ਪਹੁੰਚ ਜਾਂਦਾ ਜੁਆਨਾਂ ਤੱਕ।



**'ਜੀਣ ਮਰਨ' ਵਾਲੇ ਕਥਾਕਾਰ ਗੋਰਖੀ ਦਾ ਸਨਮਾਨ**

ਉਸ ਦੀ ਦਿਖ ਤੇ ਪਹਿਰਾਵੇ ਨੂੰ ਦੇਖ ਕੇ ਲੱਗਦਾ ਜਿੱਦਾਂ ਉਹ ਕੋਈ ਆਈ.ਏ.ਐਸ. ਅਫਸਰ ਹੋਵੇ ਜਾਂ ਫ਼ੌਜ ਦਾ ਕੋਈ ਉੱਚ ਰਿਟਾਇਰਡ ਅਫਸਰ। ਉਹ ਆਪਣੇ ਦਫਤਰ ਜਾਂਦਾ ਜਾਂ ਕਿਸੇ ਸਾਹਿਤਕ ਫੰਕਸ਼ਨ 'ਤੇ ਜਾਂ ਪਰਿਵਾਰਕ ਜ਼ੁੰਮੇਵਾਰੀਆਂ ਨਿਭਾਉਣ, ਉਹ ਔਰਤਾਂ ਵਾਂਗ ਘੰਟਾ ਕੁ ਤਿਆਰ ਹੋਣ ਨੂੰ ਲਾਉਂਦਾ।ਇੱਕ ਵਾਰ ਉਹ ਜਲੰਧਰ ਕਿਸੇ ਸਾਹਿਤਕ ਪ੍ਰੋਗਰਾਮ ਵਿੱਚ ਐਵਾਰਡ ਲੈਣ ਆਇਆ।ਪ੍ਰੋਗਰਾਮ ਖਤਮ ਹੋਇਆ ਤਾਂ ਉਹਨੇ ਦਵਿੰਦਰ ਬਿਮਰੇ ਨੂੰ ਕਿਹਾ, "ਡਾਕਟਰ ਆਪਾਂ ਰੈਣਕ ਬਾਜ਼ਾਰ ਚਲਣਾ।ਮੈਂ ਇਨ੍ਹਾਂ ਪੈਸਿਆਂ ਦੀਆਂ ਜੀਨ ਦੀਆਂ ਪੈਂਟਾਂ ਖਰੀਦਣੀਆਂ।"

ਬੱਚਾ ਆਪਣੇ ਆਲੇ ਦੁਆਲੇ ਦੇ ਮਾਹੌਲ ਵਿੱਚੋਂ ਬਹੁਤ ਕੁਝ ਗ੍ਰਹਿਣ ਕਰਦਾ ਹੈ।ਨਕਲ ਕਰਦਾ ਹੈ। ਉਸ ਦੇ ਬਾਬਾ ਖੁਸ਼ੀਆ ਦੁਆਬੇ ਦਾ ਮੰਨਿਆ ਪ੍ਰਮੰਨਿਆ ਭਲਵਾਨ ਸੀ।ਉਸ ਦੇ ਚਾਚੇ ਤਾਏ ਸਾਰੇ ਜਣੇ ਘੁਲਦੇ ਸਨ।ਉਸ ਦੇ ਨਾਨਕਿਆਂ ਵਿੱਚ ਮਾਮਾ ਜੀਤ ਘੁਲਦਾ ਸੀ।ਉਸ ਦੀ ਬੀਬੀ ਦੇ ਨਾਨਕਿਆਂ ਵਿੱਚ ਵੀ ਕਈ ਜਣੇ ਭਲਵਾਨੀ ਕਰਦੇ ਸਨ।ਪ੍ਰੇਮ ਵੀ ਘੁਲਦਾ ਰਿਹਾ।ਉਸ ਨੂੰ ਆਪਣਾ ਜਿਸਮ ਬਣਾਉਣ ਦਾ ਬਹੁਤ ਸ਼ੌਂਕ ਸੀ। ਪਰਿਵਾਰ ਵੱਲੋਂ ਉਤਸ਼ਾਹ ਵੀ ਮਿਲਦਾ ਰਿਹਾ। ਭਾਵੇਂ ਘਰ ਵਿੱਚ ਗਰੀਬੀ ਸੀ। ਜੋ ਕਮਾਉਂਦੇ ਸਨ, ਉਹ ਹੀ ਨਾਲੋਂ ਨਾਲ ਖਾਂਦੇ ਸਨ ਪਰ ਸ਼ੌਂਕ ਅੱਗੇ ਸਾਰੀਆਂ ਕਮੀਆਂ/ਘਾਟਾਂ ਕੁਝ ਨਹੀਂ ਰਹਿੰਦੀਆਂ। ਇਥੋਂ ਹੀ ਉਹਨੂੰ ਖਾਣ-ਪੀਣ ਦਾ ਚਸਕਾ ਲੱਗਾ। ਉਸ ਸੋਚਿਆ ਕਿ ਜਦੋਂ ਖਾਣਾ ਹੈ ਤਾਂ ਭਲਵਾਨਾਂ ਵਾਂਗੂ ਹੀ ਖਾਣਾ ਹੈ। ਇੱਕ ਵਾਰ ਉਹ ਨਕੋਦਰ ਕਹਾਣੀ ਦਰਬਾਰ ਵਿੱਚ ਕਹਾਣੀ ਪੜ੍ਹਣ ਆਇਆ ਤਾਂ ਅਸੀਂ ਤਿੰਨ ਜਣੇ ਹਾਲ ਦੇ ਇੱਕ ਨੁਕਰੇ ਬੈਠੇ ਸੀ।ਉਹ ਪਾਸ਼ ਵੱਲੋਂ ਵਿਹਲਾ ਹੋਇਆ ਤਾਂ ਮੈਂ ਉਹਨੂੰ ਪੁੱਛਿਆ, "ਆਹ ਖਾਣ ਦਾ ਸ਼ੌਂਕ ਭਲਵਾਨੀ ਦੇ ਨਾਲ-ਨਾਲ ਘਰ ਦੀਆਂ ਤੰਗੀਆਂ-ਤੁਰਸ਼ੀਆਂ ਨਾਲ ਤਾਂ ਨ੍ਹੀਂ ਜੁੜਿਆ ਹੋਇਆ?" ਉਸ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ।ਬੁੱਲ੍ਹਾਂ ਵਿੱਚ ਮੁਸਕਰਾਇਆ। ਬੋਲਿਆ, "ਜਦੋਂ ਮੇਰਾ ਵਿਆਹ ਹੋਇਆ ਤਾਂ ਉਦੋਂ ਮੈਨੂੰ ਤੰਗੀਆਂ ਵਾਲੀ ਗੱਲ ਦਾ ਸਾਹਮਣਾ ਕਰਨਾ ਪਿਆ। 'ਅਜੀਤ 'ਚ ਮੈਂ ਨੌਕਰੀ ਕਰਦਾ ਸੀ।ਹੋਰ ਕੋਈ ਕਮਾਈ ਦਾ ਸਾਧਨ ਨ੍ਹੀਂ ਸੀ।ਮੈਂ ਸ਼ੁਰੂ ਤੋਂ ਹੀ

ਸਰਕਾਰੀ ਪਰਚਿਆਂ ਵੱਲ ਤਵਜੋਂ ਹੀ ਨ੍ਹੀਂ ਦਿੱਤੀ– ਭਾਵੇਂ ਮੈਂ ਅਨੇਕਾਂ ਤੰਗੀਆਂ ਕੱਟੀਆਂ। ਇਸੇ ਸਮੇਂ ਦੌਰਾਨ ਮੇਰਾ ਭਾਈਆ ਬੀਮਾਰ ਪੈ ਗਿਆ। ਉਸ ਦੀ ਸੱਜੀ ਬਾਂਹ ਖੜ ਗਈ। ਅਸੀਂ ਬਾਹਰੋਂ ਹਕੀਮਾਂ ਕੋਲੋਂ ਦਵਾਈਆਂ ਲਈਆਂ, ਉਨ੍ਹਾਂ ਨੂੰ ਦਿਖਾਉਂਦੇ ਰਹੇ– ਪਰ ਉਹ ਠੀਕ ਨਾ ਹੋਈ। ਮੈਂ ਸਾਰੇ ਇਲਾਜ ਦਵਾ ਦਾਰੂ ਛੱਡ ਕੇ ਭਲਵਾਨਾਂ ਵਾਲੇ ਦਾਅ 'ਤੇ ਆ ਗਿਆ। ਮੈਂ ਖੁਦ ਉਨ੍ਹਾਂ ਦੇ ਮਾਲਿਸ਼ ਕਰਦਾ। ਦੋ ਮਹੀਨੇ ਮਾਲਿਸ਼ ਕਰਨ ਮਗਰੋਂ ਮੈਂ ਉਸ ਆਸ 'ਤੇ ਪਹੁੰਚ ਗਿਆ ਜਿਹਦੀ ਮੈਂ ਆਸ ਰੱਖ ਕੇ ਇਹ ਕੰਮ ਸ਼ੁਰੂ ਕੀਤਾ ਸੀ। ਦਿਨਾਂ 'ਚ ਹੀ ਬਾਂਹ ਚਲਣ ਲੱਗ ਪਈ। ਮੈਨੂੰ ਭਾਈਏ ਦੀ ਖ਼ੁਰਾਕ ਵੱਲ ਵਿਸ਼ੇਸ਼ ਧਿਆਨ ਦੇਣਾ ਪਿਆ ਤੇ ਆਪਣੀ ਖ਼ੁਰਾਕ ਘਟਾਉਣੀ ਪਈ। ਇਹ ਗੁਰ ਵੀ ਮੈਨੂੰ ਮਸ਼ਹੂਰ ਪਹਿਲਵਾਨ ਮੇਹਰਦੀਨ ਨੇ ਜਲੰਧਰ ਰਹਿੰਦਿਆਂ ਦੱਸਿਆ ਸੀ।....ਮੈਨੂੰ ਮਾਮੇ ਜੀਤ ਨੇ ਹੀ ਪਹਿਲਵਾਨਾਂ ਵਰਗੇ ਖਾਣੇ ਵੱਲ ਲਾਇਆ ਕਿਉਂਕਿ ਉਹ ਚਾਹੁੰਦਾ ਸੀ ਕਿ ਮੈਂ ਪਹਿਲਵਾਨਾਂ ਵਰਗਾ ਦਿੱਸਣ ਨੂੰ ਲੱਗਾ। ਸਮਝ ਲਉ– ਇਹ ਆਦਤ ਮਾਮੇ ਨੇ ਹੀ ਦਿੱਤੀ। ਮੈਂ ਅੱਜ ਵੀ ਪਹਿਲਵਾਨਾਂ ਵਾਂਗ ਖਾਂਦਾ ਆਂ। ਜਦੋਂ ਖਾਣਾ ਹੀ ਆ ਤਾਂ ਫੇਰ ਚੰਗਾ ਕਿਉਂ ਨਾ ਖਾਧਾ ਜਾਵੇ। ਨਾਲੇ ਹੁਣ ਤਾਂ ਮੈਂ ਆਰਥਿਕ ਪੱਖੋਂ ਵੀ ਠੀਕ ਆਂ। ਅਜੇ ਕੁਸ਼ ਦਿਨ ਪਹਿਲਾਂ ਮਾਰੂਤੀ ਲਈ ਆ...।"

ਉਹ ਦਾ ਪਰਿਵਾਰ ਬਹੁਤ ਹੀ ਗਰੀਬ ਸੀ। ਪਿਉ ਦਿਹਾੜੀਆਂ ਕਰਦਾ। ਸਾਂਝਾ ਪਰਿਵਾਰ ਸੀ। ਘਰ ਤਾਂ ਵੱਡਾ ਸੀ ਪਰ ਬਿਜਲੀ ਤੱਕ ਦੀ ਘਾਟ ਸੀ। ਉਹ ਦੀਵੇ ਜਾਂ ਲੈਂਪ ਦੀ ਰੌਸ਼ਨੀ ਵਿੱਚ ਪੜ੍ਹਦਾ। ਨਾਨਕਿਆਂ ਤੇ ਦਾਦਕਿਆਂ ਵਿੱਚ ਉਹ ਪਲੇਠੀ ਦੀ ਔਲਾਦ ਸੀ–ਸੋ ਦੋਹਾਂ ਪਰਿਵਾਰਾਂ ਵੱਲੋਂ ਬਹੁਤ ਹੀ ਪਿਆਰ ਮਿਲਿਆ। ਉਸ ਦਾ ਮਨ ਵਿਦਰੋਹੀ ਸੀ। ਸਮਝੌਤੇ ਨਹੀਂ ਕਰ ਸਕਦਾ ਸੀ। ਆਲੇ ਦੁਆਲੇ ਹੁੰਦੀ ਬੇਇਨਸਾਫੀ ਦੇਖ ਨਹੀਂ ਸਕਦਾ ਸੀ। ਫੇਰ ਉਸ ਆਡੇ ਲੈਣੇ ਸ਼ੁਰੂ ਕਰ ਦਿੱਤੇ ਸਨ।

1970 ਵਿੱਚ ਉਹਨੇ ਪਹਿਲੀ ਕਹਾਣੀ ਲਿਖੀ– 'ਇੱਕ ਭੁੱਲ'। ਉਹਨੇ ਇਹ ਕਹਾਣੀ ਅੰਮ੍ਰਿਤਾ ਪ੍ਰੀਤਮ ਨੂੰ 'ਨਾਗਮਣੀ' ਵਿੱਚ ਛਪਣ ਲਈ ਭੇਜ ਦਿੱਤੀ। ਅੰਮ੍ਰਿਤਾ ਦੀ ਚਿੱਠੀ ਆਈ, "ਤੇਰੇ ਅੰਦਰ ਐਸਾ ਕਲਾਕਾਰ ਛੁਪਿਆ ਬੈਠਾ ਹੈ ਜਿਸਤੋਂ ਮੈਨੂੰ ਬਹੁਤ ਉਮੀਦਾਂ ਨੇ ਕਿ ਤੂੰ ਆਉਣ ਵਾਲੇ ਸਮੇਂ ਵਿੱਚ ਬੜਾ ਵਧੀਆ ਲਿਖ ਸਕਦਾ ਏਂ।" ਉਹ ਉਨ੍ਹਾਂ ਕਹਾਣੀਕਾਰਾਂ ਵਿੱਚ ਸ਼ਾਮਲ ਹੋ ਗਿਆ ਜਿਨ੍ਹਾਂ ਦੀਆਂ ਪਹਿਲੀਆਂ ਕਹਾਣੀਆਂ ਨੂੰ ਲੇਖਕਾਂ/ਆਲੋਚਕਾਂ/ਪਾਠਕਾਂ ਵੱਲੋਂ ਭਰਪੂਰ ਪ੍ਰਸੰਸਾ ਮਿਲੀ। ਇਹ ਸਮਾਂ ਅਸੰਤੋਸ਼ ਦਾ ਸੀ। ਇਹ ਅਸੰਤੋਸ਼ ਕ੍ਰਾਂਤੀਕਾਰੀ ਰੁਝਾਨ ਵਿੱਚੋਂ ਪੈਦਾ ਹੋਇਆ ਸੀ। ਖਾਲਸਾ ਕਾਲਜ ਦੀ ਲਾਇਬ੍ਰੇਰੀ ਵਿੱਚ ਕੰਮ ਕਰਦਿਆਂ ਹੀ ਉਸ ਦੀ ਮੁਲਾਕਾਤ ਸੋਹਨ ਸਿੰਘ ਮੁਸਤਫਾਪੁਰ ਨਾਲ ਹੋਈ। ਉਹਨੇ ਉਸ ਨੂੰ ਗੁਰਦੇਵ ਸਿੰਘ ਸਿੱਧੂ ਨਾਲ ਮਿਲਾਇਆ। ਸਿੱਧੂ ਰਾਹੀਂ ਉਹ ਅਮਰਜੀਤ ਚੰਦਨ ਨੂੰ ਮਿਲਿਆ ਜਿਸ ਉਸ ਨੂੰ ਕਹਾਣੀ ਲਿਖਣ ਦੇ ਕਈ ਅਹਿਮ ਨੁਕਤੇ ਸਮਝਾਏ। 'ਨਾਗਮਣੀ' ਤੇ ਅੰਮ੍ਰਿਤਾ ਪ੍ਰੀਤਮ ਨੇ ਉਸ ਦਾ ਸਾਹਿਤਕ ਕੱਦ ਵਧਾਉਣ ਵਿੱਚ ਬਹੁਤ ਯੋਗਦਾਨ ਦਿੱਤਾ।

ਫੇਰ ਉਹ 'ਨਾਗਮਣੀ ਗਰੁੱਪ' ਨਾਲ ਜੁੜ ਗਿਆ। ਇਸ ਗਰੁੱਪ ਵਿੱਚ ਉਹ ਹੀ ਇਕੋ ਇਕ ਗਰੀਬ ਲੇਖਕ ਸੀ। ਦਲਬੀਰ ਚੇਤਨ ਲੈਂਡਲਾਰਡ, ਜਸਬੀਰ ਭੁੱਲਰ ਫ਼ੌਜੀ ਅਫ਼ਸਰ, ਰਸ਼ਿਮ ਬੈਂਕ ਅਧਿਕਾਰੀ ਤੇ ਸੁਰਿੰਦਰ ਸ਼ਰਮਾ ਸਰਕਾਰੀ ਅਫ਼ਸਰ ਸੀ। ਪਰ ਇਨ੍ਹਾਂ ਦੇ ਗਰੁੱਪ ਵਿੱਚ ਸ਼ਾਮਿਲ ਹੋ ਕੇ ਉਸ ਨੇ ਬਹੁਤ ਕੁਝ ਸਿਖਿਆ। ਉਹ ਇਕ ਦੂਜੇ ਦੇ ਘਰ ਇਕੱਠੇ ਹੁੰਦੇ। ਇਕ ਜਣਾ ਕਹਾਣੀ ਪੜ੍ਹਦਾ, ਬਾਕੀ ਸਾਰੇ ਕਹਾਣੀਆਂ ਦੀਆਂ ਖੂਬੀਆਂ/ਕਮਜ਼ੋਰੀਆਂ 'ਤੇ ਉਂਗਲ ਧਰਦੇ। ਇੱਥੋਂ ਹੀ ਉਸ ਨੇ 'ਦੀਵਾ ਬਲੇ ਸਾਰੀ ਰਾਤ' ਕਹਾਣੀ ਗੋਸ਼ਟੀ ਦੀ ਸ਼ੁਰੂਆਤ ਕੀਤੀ। ਕਿਸੇ ਇਕ ਘਰ/ਥਾਂ 'ਤੇ ਪੰਦਰਾਂ ਵੀਹ ਕਹਾਣੀਕਾਰ ਇਕੱਠੇ ਹੁੰਦੇ। ਸਾਰੀ ਰਾਤ ਕਹਾਣੀ ਪਾਠ ਹੁੰਦਾ। ਬਹਿਸ ਹੁੰਦੀ। ਉਸ ਨੇ ਅਸੂਲ ਬਣਾ ਰੱਖਿਆ ਸੀ, "ਇਸ ਗੋਸ਼ਟੀ 'ਚ ਕੋਈ ਦਾਰੂ ਨਹੀਂ ਪੀ ਸਕਦਾ। ਸਿਰਫ਼ ਕਹਾਣੀਕਾਰਾਂ ਨੂੰ ਹੀ ਬੁਲਾਇਆ ਜਾਂਦਾ ਤਾਂ ਕਿ ਕਥਾ ਸਾਹਿਤ ਦੀ ਗੱਲ ਹੋ ਸਕੇ। ਇਨ੍ਹਾਂ ਗੋਸ਼ਟੀਆਂ ਦਾ ਇਕੋ ਇਕ ਤੇ ਮੁੱਖ ਉਦੇਸ਼ ਨਵੀਂ ਲਿਖੀ ਜਾ ਰਹੀ ਕਹਾਣੀ ਨੂੰ ਵਿਚਾਰਨਾ, ਭਾਰਤ ਦੀਆਂ ਹੋਰ ਜ਼ਬਾਨਾਂ 'ਚ ਲਿਖੀ ਜਾ ਰਹੀ ਕਹਾਣੀ ਦੇ ਸੰਦਰਭ 'ਚ ਵਿਚਾਰ ਚਰਚਾ ਕਰਨਾ ਤੇ

ਲੇਖਕ ਨੂੰ ਇਮਾਨਦਾਰੀ ਨਾਲ ਰਾਏ ਦੇਣਾ। ਗੋਸ਼ਟੀ 'ਚ ਮੌਜੂਦ ਕਹਾਣੀਕਾਰ ਇੱਕ ਦੂਜੇ ਨਾਲ ਲਿਹਾਜਦਾਰੀ ਜਾਂ ਰਿਆਇਤ ਨ੍ਹੀਂ ਵਰਤਦੇ ਤੇ ਖੁੱਲ੍ਹ ਕੇ ਆਪਣੇ ਵਿਚਾਰ ਰੱਖਦੇ।"



ਪ੍ਰੇਮ ਗੋਰਖੀ ਦਾ ਇਕ ਹੋਰ ਸਭਾ ਵਲੋਂ ਸਨਮਾਨ

ਜਦੋਂ ਉਹਨੇ ਲਿਖਣਾ ਸ਼ੁਰੂ ਕੀਤਾ ਤਾਂ ਉਸ ਫੈਸਲਾ ਕਰ ਲਿਆ ਸੀ ਕਿ ਆਪਣੇ ਵਰਗੇ ਲੋਕਾਂ ਦੀ ਗੱਲ ਕਰਨੀ ਹੈ। ਉਹੀ ਕੁਝ ਲਿਖਣਾ ਹੈ ਜਿਸ ਦਾ ਉਸ ਕੋਲ ਤਜ਼ਰਬਾ ਹੈ। "ਮੇਰਾ ਤਾਂ ਸ਼ੁਰੂ ਤੋਂ ਹੀ ਇਹ ਨਿਰਣੈ ਸੀ ਕਿ ਮੈਂ ਆਪਣੇ ਅਨੁਭਵ ਦੀ ਗੱਲ ਕਰਨੀ ਆ ਨਿਮਨ ਲੋਕਾਂ, ਗਰੀਬ ਲੋਕਾਂ ਦੀ ਗੱਲ ਕਰਨੀ ਆ, ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਲਿਖਣਾ ਆ। ਮੈਂ ਉਦੋਂ ਜਿੰਨਾ ਪੰਜਾਬੀ ਸਾਹਿਤ ਪੜ੍ਹਿਆ ਸੀ, ਉਸ 'ਚ ਇਹ ਗੱਲ ਕਿਧਰੇ ਨ੍ਹੀਂ ਸੀ। ਇਹ ਸਿਰਫ ਉੱਚ ਤੇ ਮੱਧ ਵਰਗ ਦੇ ਲੋਕਾਂ ਦੇ ਹੀ ਗੁਣਗਾਣ ਕਰਨ ਵਾਲਾ ਸੀ।" ਉਹਨੂੰ ਨਿਮਨ ਵਰਗ ਜਾਂ ਦੱਬੇ ਕੁਚਲੇ ਲੋਕਾਂ ਦਾ ਕਹਾਣੀਕਾਰ ਕਿਹਾ ਜਾਣ ਲੱਗਾ। ਉਸ ਦੇ ਪਹਿਲੇ ਕਹਾਣੀ ਸੰਗ੍ਰਹਿ 'ਮਿੱਟੀ ਰੰਗੇ ਲੋਕ' ਬਾਰੇ ਡਾ. ਅਤਰ ਸਿੰਘ ਨੇ ਲਿਖਿਆ, "ਪ੍ਰੇਮ ਗੋਰਖੀ ਪੇਂਡੂ ਨਿਮਨ ਵਰਗ, ਖੇਤ ਮਜ਼ਦੂਰ, ਸੀਰੀ ਆਦਿ ਦੀ ਜ਼ਿੰਦਗੀ ਦੀਆਂ ਹੁਣ ਤੱਕ ਅੱਖੋਂ ਉਹਲੇ ਰਹੀਆਂ ਅਜਿਹੀਆਂ ਪਰਤਾਂ ਨੂੰ ਖੋਲ੍ਹਦਾ ਹੈ ਜਿਨ੍ਹਾਂ ਨੂੰ ਜਾਣ ਕੇ ਪਾਠਕ ਅੰਦਰ ਵਿਦਰੋਹ ਪੈਦਾ ਹੁੰਦਾ ਹੈ।" ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ' ਵਿੱਚ ਲਿਖਿਆ, "ਉਹ ਪੰਜਾਬ ਦੇ ਪਿੰਡਾਂ ਵਿੱਚ ਵਸਦੇ ਉਨ੍ਹਾਂ ਲੋਕਾਂ ਦਾ ਕਹਾਣੀ ਲੇਖਕ ਹੈ ਜਿਨ੍ਹਾਂ ਉਪਰ ਆਰਥਿਕ ਤਸ਼ੱਦਦ ਵੀ ਹੁੰਦਾ ਹੈ ਤੇ ਜਿਨਸੀ ਵੀ। ਕਈ ਮਾਰਾਂ ਸਹਿੰਦੇ ਉਹਦੇ ਪਾਤਰ ਫਿਰ ਵੀ ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਉਂ ਰਹੇ ਹਨ।"

ਜਦੋਂ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਮਿੱਟੀ ਰੰਗੇ ਲੋਕ' ਛਪਿਆ ਤਾਂ ਉਸ ਇਸ ਸੰਗ੍ਰਹਿ ਦੀ ਇੱਕ ਕਾਪੀ ਆਪਣੇ ਪਿਤਾ ਨੂੰ ਚਾਈਂ-ਚਾਈਂ ਦਿੱਤੀ। ਉਹਨੇ ਪੁਸਤਕ ਦੇ ਪੰਨਿਆਂ ਨੂੰ ਫਰੋਲ ਕੇ ਕਿਹਾ, "ਇਹ ਕੋਈ ਖਰੀ ਗੱਲ ਨ੍ਹੀਂ.... ਕਿੱਸੇ ਕਿਤਾਬਾਂ ਲਿਖਣ ਵਾਲਿਆਂ ਨੂੰ ਮੈਂ ਜਾਣਦਾਂ, ਨਾਲੇ ਤੈਨੂੰ ਵੀ। ਆਖਰ ਤੂੰ ਖੁਦ ਹੀ ਸੋਚ ਨਾ ਕਿ ਤੂੰ ਵਿੱਚੋਂ ਚੀਜ਼ ਕੀ ਆਂ। ਤੂੰ ਪਹਿਲਾਂ ਇੱਕ ਚੰਗਾ ਆਦਮੀ ਬਣ। ਫਿਰ ਏਸ ਪਾਸੇ ਪਵੀਂ। ਤੂੰ ਜੋ ਹੈਂ ਉਹ ਸਿਰਫ ਮੈਂ ਜਾਣਦਾਂ, ਅਜੇ ਤੂੰ ਇੱਕ ਧੇਲੇ ਦਾ ਬੰਦਾ ਨ੍ਹੀਂ, ਤੇਰੇ 'ਚ ਕੌਤਰ ਸੌ ਖੋਟ ਨੇ ਵੱਡਿਆ ਲਿਖਾਰੀਆ। ਮਿਹਰਬਾਨੀ ਕਰ ਤੇ ਏਸ ਕੁੱਤਖਾਨੇ ਨੂੰ ਇੱਥੇ ਹੀ ਛੱਡ ਦੇ...ਦੋਨਾਂ ਛੋਟਿਆਂ ਵੱਲ ਦੇਖ ਇੱਕ ਚਾਰ ਸੌ ਕਮਾਉਂਦਾਂ ਤੇ ਦੂਆ ਢਾਈ ਸੌ...ਤੇ ਤੂੰ...ਤੇਰੇ ਤਾਂ ਯਾਰ ਵੇਲੀਆਂ ਦੀ ਈ ਚਾਹ ਮਸਾਂ ਪੂਰੀ ਹੁੰਦੀ ਆ।....ਨ੍ਹੀਂ ਇਹ ਘਰ-ਬਾਰ ਛੱਡ ਤੇ ਸਾਧ ਬਣ ਜਾ...ਪਰ ਤੂੰ ਸਾਧ ਕਿੱਥੇ ਬਣ ਸਕੇਂਗਾ...ਪੁੱਤਰਾਂ ਇਨ੍ਹਾਂ ਕੰਮਾਂ 'ਚ ਤਪੱਸਿਆ ਕਰਨੀ ਪੈਣੀ ਆਂ...ਤੇਰੇ ਵਾਂਗੂੰ ਨ੍ਹੀਂ ਪਈ ਦਿਨੇ ਤਾਂ ਸੁਆਹ ਢੋਣੀ, ਰਾਤਾਂ ਨੂੰ ਦੀਵੇ ਦੀ ਲੋਏ ਕਾਗਜ਼ ਕਾਲੇ ਕਰਨ ਬਹਿ ਜਾਉ....ਅੱਛਾ ਜਿੱਦਾਂ ਤੇਰੀ ਇੱਛਾ ਖੈਰ ਕੋਈ ਮਾੜੀ ਗੱਲ ਨ੍ਹੀਂ....।"

ਉਸ ਦਾ ਪਿਉ ਉਸ ਲਈ ਇੱਕ ਆਦਰਸ਼ ਸੀ। ਉਹ ਚੰਗਾ ਕਾਮਾ ਸੀ। ਸਮਾਜ ਦੀ ਰਮਜ ਸਮਝਦਾ ਸੀ। ਉਸ ਦੇ ਲਈ ਪਥਪ੍ਰਦਰਸ਼ਕ ਬਣਿਆ। ਉਹਦੀ ਆਪਣੀ ਪਛਾਣ ਬਣ ਚੁੱਕੀ ਸੀ। ਉਹਨੂੰ ਲੋਕ

'ਅਰਜਨ ਸਫੈਦੀ ਵਾਲਾ' ਦੇ ਨਾਂ ਨਾਲ ਜਾਣਦੇ ਸਨ। ਗੋਰਖੀ ਨੂੰ ਇਹ ਗੱਲ ਸਮਝ ਆ ਗਈ ਸੀ ਕਿ ਸਾਹਿਤ ਵਿੱਚ ਵੀ ਨਾਂ ਕਮਾਉਣਾ ਹੈ ਤਾਂ ਉਹਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਬਹੁਤ ਕੁਝ ਦਾ ਤਿਆਗ ਕਰਨਾ ਪੈਂਦਾ ਹੈ। ਉਸ ਨੇ ਆਪਣੇ ਕਹਾਣੀ ਸੰਗ੍ਰਹਿ 'ਅਰਜਨ ਸਫੈਦੀ ਵਾਲਾ' ਦੀ ਭੂਮਿਕਾ ਵਿੱਚ ਵੀ ਆਪਣੇ ਪਿਉ ਦਾ ਜ਼ਿਕਰ ਕੀਤਾ, "ਇੱਕ ਦਿਹਾੜੇ ਦੋ ਤਿੰਨ ਭੁੱਲੇ ਭਟਕੇ ਸੱਜਣ ਪਹਿਲੀ ਵਾਰ ਲੱਭਦੇ-ਲੁਭਾਉਂਦੇ ਮੇਰੇ ਦਰਾਂ 'ਤੇ ਆ ਉਤਰੇ। ਵਿਸ਼ਰਾਮ ਕੀਤਾ। ਟਹਿਲ ਸੇਵਾ ਲਈ ਮੈਂ ਭੋਏਂ 'ਤੇ ਪੈਰ ਨਾ ਲਾਵਾਂ। ਮੈਨੂੰ ਚਾਅ ਚੜ੍ਹਿਆ ਲੱਥ ਨ੍ਹੀਂ ਸੀ ਰਿਹਾ। ਆਏ ਸੱਜਣਾਂ 'ਚ ਇੱਕ ਕਹਿਣ ਲੱਗਾ, 'ਗੋਰਖੀ ਯਾਰ, ਤੇਰਾ ਘਰ ਬੜਾ ਔਖਾ ਲੱਭਾ। ਪਹਿਲਾਂ ਅਸੀਂ ਰੇਲਵੇ ਫਾਟਕ ਕੋਲੋਂ ਪੁੱਛਿਆ। ਕੋਈ ਦੱਸੇ ਈ ਨਾ। ਪੁੱਛ-ਪੁੱਛ ਕੇ ਅਸੀਂ ਉਧਰ ਈ ਗਏ...ਬੱਸ ਅੱਡੇ ਨੂੰ ਮੁੜਨ ਈ ਲੱਗੇ ਸੀ ਕਿ ਇੱਕ ਰੇਹੜੀ ਆਲਾ ਮਿਲ ਗਿਆ....ਉਹ ਕਹਿੰਦਾ ਭਰਾਵੋ ਨਾ ਤਾਂ ਤੁਹਾਨੂੰ ਨੰਬਰ ਈ ਲੱਭਣਾ ਤੇ ਨਾ ਕੋਈ ਗੋਰਖੀ ਗੁਰਖੀ ਨੂੰ ਈ ਜਾਣਦਾ...ਤੁਸੀਂ ਚੁਬਾਰੇ ਕੋਲ ਜਾ ਕੇ ਭਾਈਏ ਅਰਜਨ ਦਾ ਘਰ ਪੁੱਛ ਲਿਉ, ਅਰਜਨ ਸਫੈਦੀ ਵਾਲੇ ਦਾ...ਅਸੀਂ ਉੱਦਾਂ ਈ ਕੀਤਾ ਤਾਂ ਘਰ ਲੱਭਾ...ਸਾਡਾ ਸਾਹ 'ਚ ਸਾਹ ਆਇਆ ਤੈਨੂੰ ਦੇਖ ਕੇ...।' ਬੋਲਣ ਵਾਲਾ ਸੱਜਣ ਮੇਰੇ ਨੇੜੇ ਹੋ ਕੇ ਧੀਮਾ ਪੈ ਕੇ ਬੋਲਿਆ, 'ਭਲਾ ਇਹ ਅਰਜਨ ਕੌਣ ਆ ਸਫੈਦੀ ਵਾਲਾ? ਮੈਂ ਸੱਜਣਾਂ ਵੱਲ ਗਹੁ ਨਾਲ ਦੇਖਦਾ ਬੋਲਿਆ, 'ਉਹ ਬੈਠਾ, ਮੇਰਾ ਭਾਈਆ।' ਜਦੋਂ ਉਹ ਤੁਰ ਗਏ ਤਾਂ ਪਿਤਾ ਨੇ ਮੈਨੂੰ ਕੋਲ ਮੰਜੇ 'ਤੇ ਬਿਠਾ ਲਿਆ। ਮੇਰੇ ਮੋਢੇ 'ਤੇ ਹੱਥ ਰੱਖਦਾ ਬੋਲਿਆ, "ਕਿਉਂ ਸੁਣੀ ਗੱਲ?...ਪੁੱਤ ਇਹਨੂੰ ਕਮਾਈ ਕਹਿੰਦੇ ਆ-ਇਹ ਪੰਜਾਹ ਵਰ੍ਹਿਆਂ ਦੀ ਕਮਾਈ ਆ....ਹੱਡ ਭੰਨਾਉਣੇ ਪੈਂਦੇ ਆ...ਉਮਰ ਗਾਲਣੀ ਪੈਂਦੀ ਆ....ਨ੍ਹੇਰੀਆਂ ਝੱਖੜ ਝੱਲਣੇ ਪੈਂਦੇ ਆ....ਪੁੱਤ ਫੇ ਕਿਤੇ ਜਾ ਕੇ ਇਹ ਨੈਣ-ਨਕਸ਼ ਬਣਦੇ ਆ...ਤੇ ਬਣਦਾ ਆ ਨਾਂ। ਕੀ ਸਮਝਿਆ? ਤੂੰ ਤਾਂ ਅਜੇ ਢਾਈ ਕਹਾਣੀਆਂ ਲਿਖੀਆਂ ਹੋਈਆਂ ਤੇ ਸੋਚਦਾਂ ਪੰਜ ਪੀਰ ਚੌਕ 'ਚ ਖੜਾ ਰਿਕਸ਼ੇ ਵਾਲਾ ਤੇਰਾ ਨਾਂ ਸੁਣ ਕੇ ਸਿੱਧਾ ਦੋਂਹ ਮੀਲਾਂ ਤੋਂ ਏਥੇ ਪਹੁੰਚੇ....ਨੀਂ ਸੂਰਮਿਆਂ ਏਦਾਂ ਨ੍ਹੀਂ...ਆਪਣੀ ਪਛਾਣ ਲਈ ਕਮਾਈ ਕਰੋ...ਮਿਹਨਤ ਕਰੋ।"

ਜਦੋਂ ਦੀ ਉਸ ਸੁਰਤ ਸੰਭਾਲੀ, ਉਸ ਨੇ ਮਿਹਨਤ ਕੀਤੀ। ਕਿਰਤ ਕੀਤੀ। ਉਸ ਲਈ ਕੋਈ ਵੀ ਕੰਮ ਮਾੜਾ ਨਾ ਹੁੰਦਾ। ਨਿੰਦਾ ਯੋਗ ਨਾ ਹੁੰਦਾ। ਉਸ ਹਰ ਤਰ੍ਹਾਂ ਦੇ ਕੰਮ ਕੀਤੇ। ਬਿਨਾਂ ਕਿਸੇ ਸੰਗ-ਸ਼ਰਮ ਦੇ। ਬਿਨਾਂ ਕਿਸੇ ਝਿਜਕ ਦੇ। ਇਹ ਉਸ ਦੀ ਲੋੜ ਸੀ। ਇਸ ਬਿਨਾਂ ਉਸ ਦੀ ਜ਼ਿੰਦਗੀ ਦੀ ਗੱਡੀ ਚੱਲਣੀ ਨਹੀਂ ਸੀ। ਉਹ ਇਸ ਪੱਖੋਂ ਸੁਚੇਤ ਸੀ। ਉਹ 1997 ਵਿੱਚ ਅਮਰੀਕਾ ਮਿਲਵਾਕੀ ਕਾਨਫਰੰਸ 'ਤੇ ਗਿਆ। ਜੇਬ 'ਚੋਂ ਪੈਸੇ ਖਰਚੇ। ਉਸ ਦੀ ਪੂਰਤੀ ਵੀ ਜ਼ਰੂਰੀ ਸੀ। ਇੱਥੇ ਉਸ ਆਪਣੇ ਭਾਈਏ ਵਾਲਾ ਕੰਮ ਕੀਤਾ। ਇਹਨਾਂ ਪਲਾਂ ਵਿੱਚ ਉਸ ਨੂੰ ਆਪਣਾ ਭਾਈਆ ਵਾਰ-ਵਾਰ ਯਾਦ ਆਇਆ। ਵਾਪਸ ਆਇਆ ਤਾਂ ਜਲੰਧਰ ਦੇ ਇੱਕ ਕਹਾਣੀਕਾਰ ਨੇ ਕਿਹਾ, "ਮਾਰਨੀ ਪਈ ਨਾ ਫੇਰ ਕੂਚੀ। ਕਰਨਾ ਪਿਆ ਨਾ ਜੱਦੀ ਪੁਸ਼ਤੀ ਕੰਮ।" ਪਰ ਉਸ ਕਿਸੇ ਵੀ ਗੱਲ ਨੂੰ ਮਨ 'ਤੇ ਨਾ ਲਾਇਆ। ਉਸ ਦੇ ਸਾਹਮਣੇ ਅਮਰੀਕਾ ਦੇ ਰਾਸ਼ਟਰਪਤੀ ਇਬਰਾਹਮ ਲਿੰਕਨ ਦੀ ਸ਼ਖ਼ਸੀਅਤ ਆ ਗਈ। ਜਦੋਂ ਲਿੰਕਨ ਰਾਸ਼ਟਰਪਤੀ ਚੁਣਿਆ ਗਿਆ ਤਾਂ ਉਥੋਂ ਦੀ ਉੱਚ ਸ਼੍ਰੇਣੀ ਲਈ ਉਸ ਦੀ ਹੋਂਦ ਨੂੰ ਸਵੀਕਾਰਨਾਂ ਔਖਾ ਸੀ। ਇਸ ਉੱਚ ਸ਼੍ਰੇਣੀ ਨੇ ਇੱਥੋਂ ਤੱਕ ਸੋਚ ਲਿਆ ਸੀ ਕਿ ਲਿੰਕਨ ਦੀ ਬੇਇੱਜਤੀ ਕਰਨੀ ਹੀ ਕਰਨੀ ਹੈ। ਪਹਿਲੇ ਹੀ ਦਿਨ ਜਦੋਂ ਲਿੰਕਨ ਬੋਲਣ ਲਈ ਆਪਣੀ ਸੀਟ ਤੋਂ ਖੜ੍ਹਾ ਹੋਇਆ ਤਾਂ ਉੱਚ ਵਰਗ ਦਾ ਇਕ ਆਦਮੀ ਆਪਣੀ ਥਾਂ 'ਤੇ ਖੜ੍ਹਾ ਹੋ ਗਿਆ ਤੇ ਜ਼ੋਰ ਪੂਰੇ ਜੋਸ਼ ਨਾਲ ਬੋਲਿਆ, "ਮਿਸਟਰ ਰਾਸ਼ਟਰਪਤੀ ਇਸ ਤੋਂ ਪਹਿਲਾਂ ਕਿ ਤੁਸੀਂ ਆਪਣਾ ਭਾਸ਼ਣ ਸ਼ੁਰੂ ਕਰੋ ਮੈਂ ਤੁਹਾਨੂੰ ਤੁਹਾਡੇ ਬਾਰੇ ਇਕ ਗੱਲ ਯਾਦ ਕਰਾਉਣਾ ਚਾਹੁੰਦਾ ਆਂ। ਤੁਹਾਡਾ ਪਿਉ ਸਾਡੇ ਪਰਿਵਾਰ ਦੀਆਂ ਜੁੱਤੀਆਂ ਬਣਾਉਂਦਾ ਹੁੰਦਾ ਸੀ। ਹੁਣ ਵੀ ਮੈਂ ਤੁਹਾਡੇ ਪਿਉ ਦੇ ਹੱਥ ਦੀ ਬਣੀ ਜੁੱਤੀ ਪਾਈ ਹੋਈ ਆ। ਤੁਸੀਂ ਇਹ ਗੱਲ ਨਾ ਭੁੱਲਣਾ ਕਿ ਤੁਸੀਂ ਇੱਕ ਮੋਚੀ ਦੀ ਔਲਾਦ ਹੋ ਭਾਵੇਂ ਰਾਸ਼ਟਰਪਤੀ ਕਿਉਂ ਨਾ ਬਣ ਗਏ ਹੋ।" ਅਮਰੀਕਨ ਪਾਰਲੀਮੈਂਟ ਵਿੱਚ ਚੁੱਪ, ਸ਼ਾਂਤੀ ਪਸਰ ਗਈ। ਸਾਰਿਆਂ ਨੂੰ ਲੱਗਿਆ ਕਿ ਹੁਣ ਲਿੰਕਨ ਨੂੰ ਬਹੁਤ ਸ਼ਰਮਿੰਦਾ ਹੋਣਾ ਪਵੇਗਾ। ਪਰ ਅੱਗੋਂ ਲਿੰਕਨ ਨੇ ਅਜਿਹਾ ਜਵਾਬ ਦਿੱਤਾ ਕਿ

ਸਾਰੀ ਪਾਰਲੀਮੈਂਟ ਨੂੰ ਚੁੱਪ ਕਰਵਾ ਦਿੱਤਾ। ਉਹਨੇ ਸਹਿਜੇ-ਸਹਿਜੇ ਕਿਹਾ, "ਮੈਂ ਤੁਹਾਡਾ ਬਹੁਤ ਹੀ ਜ਼ਿਆਦਾ ਧੰਨਵਾਦੀ ਹਾਂ ਜੋ ਤੁਸੀਂ ਇਸ ਮੌਕੇ 'ਤੇ ਮੈਨੂੰ ਮੇਰੇ ਪਿਤਾ ਜੀ ਦੀ ਯਾਦ ਦਿਵਾ ਦਿੱਤੀ। ਮੈਂ ਕਿੱਦਾਂ ਆਪਣੇ ਪਿਤਾ ਜੀ ਨੂੰ ਭੁੱਲ ਸਕਦਾਂ। ਮੈਨੂੰ ਪਤਾ ਕਿ ਉਹ ਹਰ ਤਰ੍ਹਾਂ ਮਾਹਰ ਮੋਚੀ ਸਨ। ਮੈਂ ਉਨ੍ਹਾਂ ਜਿੰਨਾ ਮਾਹਰ ਰਾਸ਼ਟਰਪਤੀ ਨ੍ਹੀਂ ਹੋ ਸਕਦਾ। ਮੈਂ ਉਸ ਬਜ਼ੁਰਗ ਨੂੰ ਕਦੇ ਨ੍ਹੀਂ ਹਰਾ ਸਕਦਾ। ਤੁਹਾਡੇ ਵਾਂਗ ਇੱਥੇ ਹੋਰ ਵੀ ਕਈ ਜਣਿਆ ਨੇ ਉਨ੍ਹਾਂ ਦੀਆਂ ਬਣਾਈਆਂ ਜੁੱਤੀਆਂ ਪਾਈਆਂ ਹੋਣਗੀਆਂ। ਜੇ ਕਦੇ ਉਨ੍ਹਾਂ ਦੀਆਂ ਬਣਾਈਆ ਜੁੱਤੀਆਂ 'ਚ ਨੁਕਸ ਪੈ ਜਾਵੇ ਤਾਂ ਫਿਕਰ ਨਾ ਕਰਨਾ। ਭਾਵੇਂ ਕਿ ਮੇਰੇ ਪਿਤਾ ਜੀ ਹੁਣ ਜਿਉਂਦੇ ਨ੍ਹੀਂ। ਪਰ ਫੇਰ ਵੀ ਉਨ੍ਹਾਂ ਨੇ ਆਪਣੀ ਥੋੜ੍ਹੀ ਬਹੁਤੀ ਕਲਾ ਮੈਨੂੰ ਵੀ ਸਿਖਾ ਦਿੱਤੀ ਸੀ। ਛੋਟਾ-ਮੋਟਾ ਨੁਕਸ ਮੈਂ ਵੀ ਠੀਕ ਕਰ ਸਕਦਾਂ। ਮੈਂ ਉਨ੍ਹਾਂ ਵਰਗਾ ਮਾਹਰ ਨ੍ਹੀਂ ਹੋ ਸਕਦਾ। ਪਰ ਮੈਂ ਹਮੇਸ਼ਾ ਯਤਨ ਕਰਾਂਗਾ ਮੈਂ ਵੀ ਉਨਾ ਹੀ ਮਾਹਰ ਰਾਸ਼ਟਰਪਤੀ ਬਣ ਸਕਾਂ। ਜਿੰਨੇ ਮਾਹਰ ਮੋਚੀ ਮੇਰੇ ਪਿਤਾ ਜੀ ਸਨ।"

ਇਹੀ ਭਾਵਨਾ ਉਸ ਸਾਹਿਤ ਵਿੱਚ ਰੱਖੀ ਸੀ। ਉਸ ਨੂੰ ਵਾਰ-ਵਾਰ ਯਾਦ ਆਉਂਦਾ ਕਿ ਉਸ ਦੇ ਭਾਈਏ ਨੇ ਕਿਹਾ ਸੀ ਕਿ 'ਆਪਣੀ ਪਛਾਣ ਲਈ ਮਿਹਨਤ ਕਰੋ।' ਉਸ ਇਕ ਨੇਮ ਬਣਾ ਲਿਆ ਕਿ ਸਵੇਰੇ ਚਾਰ ਵਜੇ ਉੱਠਣਾ ਹੀ ਉੱਠਣਾ ਹੈ। ਭਾਵੇਂ ਉਹ ਆਪਣੇ ਘਰ ਵਿੱਚ ਹੋਵੇ, ਭਾਵੇਂ ਬਾਹਰ। ਇਹੀ ਵੇਲਾ ਉਸ ਦੇ ਪੜ੍ਹਨ ਤੇ ਲਿਖਣ ਦਾ ਹੁੰਦਾ। ਉਹ ਸਵੇਰ ਨੂੰ ਚਾਰ ਵਜੇ ਉੱਠਦਾ। ਮੂੰਹ ਹੱਥ ਧੋਂਦਾ ਤੇ ਆਪਣਾ ਕੰਮ ਸ਼ੁਰੂ ਕਰ ਦਿੰਦਾ। ਉਸ ਨੂੰ ਬੈੱਡ ਟੀ ਜਾਂ ਉਂਝ ਵੀ ਚਾਹ ਦੀ ਲੋੜ ਮਹਿਸੂਸ ਨਾ ਹੁੰਦੀ। ਇਸੇ ਰੁਟੀਨ ਵਿੱਚ ਉਸ 'ਇਕ ਟਿਕਟ ਰਾਮਪੁਰਾ ਫੂਲ' ਤੇ 'ਆਪਣੀ ਧਿਰ' ਜਿਹੀਆਂ ਸ਼ਾਹਕਾਰ ਕਹਾਣੀਆਂ ਲਿਖੀਆਂ। 'ਇਕ ਟਿਕਟ ਰਾਮਪੁਰਾ ਫੂਲ' ਤਾਂ ਉਸ ਨੇ ਸੱਤ ਵਾਰ ਲਿਖੀ। ਉਨ੍ਹੀਂ ਦਿਨੀਂ ਉਹ ਸੁਰਿੰਦਰ ਸ਼ਰਮੇ ਕੋਲ ਬਨਾਰਸ ਗਿਆ ਹੋਇਆ ਸੀ। ਉਸ ਕਹਾਣੀ ਲਿਖੀ ਤੇ ਸੁਰਿੰਦਰ ਨੂੰ ਪੜ੍ਹਾਈ। ਸੁਰਿੰਦਰ ਨੇ ਕਿਹਾ, "ਅਜੇ ਗੱਲ ਨ੍ਹੀਂ ਬਣੀ।" ਉਸ ਇਸ ਬਾਰੇ ਵਾਰ-ਵਾਰ ਸੋਚਦਾ ਰਿਹਾ। ਸੱਤਵੀਂ ਵਾਰੀ ਵਿੱਚ ਉਹ ਸਫ਼ਲ ਹੋ ਗਿਆ। ਉਹਨੇ ਕਹਾਣੀ ਪੂਰੀ ਕਰ ਲਈ। ਉਹਨੇ ਕਹਾਣੀ ਦੇ ਆਖਰੀ ਪੈਰੇ ਨੂੰ ਪੜ੍ਹਿਆ : ਤੇ ਹੁਣ ਦੀ ਘੜੀ ਜਦੋਂ ਉਹਨੇ ਰੱਜ ਕੇ ਰੋ ਲਿਆ ਸੀ ਉਹ ਰਤਾ ਕੁ ਸੰਭਲ ਕੇ ਉੱਠੀ। ਆਪਣੇ ਆਪ ਉਹਦੇ ਕਦਮ ਅਗਾਂਹ ਵੱਲ ਸਰਕੇ, ਅਲਮਾਰੀ ਵਿੱਚ ਪਈ ਘੜੀ ਗੁੱਟ ਤੇ ਬੰਨ੍ਹੀ ਤੇ ਦਰ੍ਹਾਂ ਵੱਲ ਵਧੀ। ਤਦੇ ਉਹਨੇ ਰੁਕ ਕੇ ਪਿਛਾਂਹ ਕੰਧ 'ਤੇ ਲਟਕਦੀ ਘੜੀ ਵੱਲ ਦੇਖਿਆ। ਪਿਛਲੇ ਪੈਰੀਂ ਮੁੜ ਆਈ। ਕੁਰਸੀ ਤੇ ਚੜ੍ਹ ਕੇ ਜਦੋਂ ਉਹਨੇ ਅਟਕੀਆਂ ਸੂਈਆਂ ਨੂੰ ਅਗਾਂਹ-ਪਿਛਾਂਹ ਕੀਤਾ ਤਾਂ ਉਹਨੂੰ ਇੰਜ ਲੱਗਾ ਜਿਵੇਂ ਆਪਣੇ ਅੰਦਰਲੇ ਵਕਤ ਨੂੰ ਵੀ ਘੜੀ ਪਲ ਲਈ ਅਗਾਂਹ-ਪਿਛਾਂਹ ਸਰਕਾ ਰਹੀ ਹੋਵੇ। ਫਿਰ ਉਹ ਇਕ ਬਿੰਦ ਨਾ ਖਲੋਤੀ। ਸਹਿਜ ਨਾਲ ਵਿਹੜੇ ਵਿਚ ਆ ਗਈ। ਚੁਲ੍ਹੇ ਲਾਗ ਬੈਠੇ ਪਤੀ ਨੂੰ ਉਸ ਟੇਢੀ ਨਜ਼ਰੇ ਦੇਖਿਆ। ਤੇਜ਼ੀ ਬਾਹਰ ਮੱਝ ਦੀ ਧਾਰ ਚੋਂਦਾ ਪਿਆ ਸੀ। ਉਹਨੇ ਬਾਹਰਲੇ ਦਰਾਂ 'ਚ ਰੁਕ ਪਿਛਾਂਹ ਪਰਤ ਕੇ ਰੋਹ ਨਾਲ ਸਾਰੇ ਘਰ ਨੂੰ ਨਿਹਾਰਿਆ, ਫਿਰ ਗੁੱਸੇ ਵਿੱਚ ਥੁਕਿਆ ਤੇ ਕਾਹਲੀ 'ਚ ਪੈਰ ਪੁੱਟੇ।.......ਤੇ ਫਿਰ ਮਹਿਕਾਂ ਭਰੀ ਛੋਟੇ ਜਿਹੇ ਰੇਲਵੇ-ਸਟੇਸ਼ਨ ਦੀ ਫਿਜ਼ਾ ਨੇ ਹੀ ਉਹਨੇ ਬੋਲ ਬੋਚੇ, "ਵੀਰਾ ਦੇਈਂ ਵੇ ਇਕ ਟਿਕਟ ਰਾਮਪੁਰਾ......।"

ਉਸ ਦੇ ਸੁਭਾਅ ਵਿੱਚ ਕਾਹਲੀ ਨਹੀਂ ਸੀ। ਠਰਮਾ ਸੀ। ਇਹ ਸਾਹਿਤ ਲਈ ਜ਼ਰੂਰੀ ਹੈ। ਕਾਹਲਾਪਨ ਨੁਕਸਾਨ ਕਰਦਾ ਹੈ। ਉਹ ਲਿਖਣ ਤੇ ਛਪਵਾਉਣ ਵਿੱਚ ਕਾਹਲੀ ਨਾ ਕਰਦਾ। ਉਸ ਕੋਲ ਨਛੱਤਰ, ਸੁਰਿੰਦਰ ਸ਼ਰਮਾ, ਕਿਰਪਾਲ ਕਜ਼ਾਕ ਤੇ ਦਲਬੀਰ ਚੇਤਨ ਵਰਗੇ ਦੋਸਤ ਸਨ। ਇਹ ਭਰਾਵਾਂ ਵਰਗੇ ਦੋਸਤ ਸਨ। ਇਨ੍ਹਾਂ ਨਾਲ ਉਸ ਦੀ ਪਰਿਵਾਰਿਕ ਸਾਂਝ ਸੀ। ਇਸ ਸਾਂਝ ਵਿੱਚ ਕਦੇ ਗਲਤ ਫਹਿਮੀ ਨਾ ਆਈ। ਉਹ ਗੋਰਖੀ ਨੂੰ ਨੇਕ ਸਲਾਹ ਦੇਣ ਤੋਂ ਨਾ ਝਿਜਕਦੇ। ਗੋਰਖੀ ਉਹਨਾਂ ਦੀ ਨੇਕ ਸਲਾਹ ਨੂੰ ਖਿੜੇ ਮੱਥੇ ਪ੍ਰਵਾਨ ਕਰਦਾ। ਇਹੀ ਉਸ ਦੀ ਕਾਮਯਾਬੀ ਦਾ ਰਾਜ਼ ਸੀ।

ਉਹਨੂੰ ਇਸ ਗੱਲ ਦਾ ਫ਼ਖ਼ਰ ਸੀ ਕਿ ਉਹ ਆਪਣੇ ਵਰਗ ਦੀ ਪ੍ਰਤੀਨਿਧਤਾ ਕਰ ਰਿਹਾ ਸੀ। ਇਹ ਉਹ ਸਮਾਂ ਸੀ ਜਦੋਂ ਅਜੇ 'ਦਲਿਤ' ਸ਼ਬਦ ਪੰਜਾਬੀ ਸਾਹਿਤ ਵਿੱਚ ਹੋਂਦ ਵਿੱਚ ਨਹੀਂ ਆਇਆ ਸੀ। ਜਦੋਂ

ਇਹ ਸ਼ਬਦ ਹੋਂਦ ਵਿੱਚ ਆਇਆ ਤਾਂ ਉਹ ਵੀ ਇਸ ਸ਼ਬਦ ਦੀ ਲਪੇਟ ਵਿੱਚ ਆ ਗਿਆ। ਉਸ ਨੂੰ ਦਲਿਤ ਲੇਖਕ ਕਿਹਾ ਜਾਣ ਲੱਗਾ। ਪੰਜਾਬੀ ਸਾਹਿਤ ਵਿੱਚ ਉਹ ਹੀ ਇਕੋ ਇੱਕ ਅਜਿਹਾ ਕਹਾਣੀਕਾਰ ਸੀ ਜਿਹੜਾ ਇਸ ਸ਼ਬਦ ਦਾ ਵਿਰੋਧ ਕਰਦਾ ਸੀ। ਉਸ ਨੇ ਇਸ ਪ੍ਰਤੀ 'ਸਾਹਿਤਕ ਸੰਖ' ਦੇ ਸਤੰਬਰ-ਅਕਤੂਬਰ 2003 ਅੰਕ ਵਿੱਚ 'ਅਸੀਂ ਸਾਹਿਤ ਦੇ ਦਲਿਤ ਨਹੀਂ' ਸਿਰਲੇਖ ਹੇਠ ਲਿਖਿਆ, "ਸਾਹਿਤ ਵਿੱਚ ਇਸ ਤਰ੍ਹਾਂ ਦੀ ਸਿਆਸਤ ਵੱਲ ਦੇਖ ਕੇ ਮੈਨੂੰ ਪਿਛਲੇ ਦੋ ਦਹਾਕਿਆਂ ਵਿੱਚ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਕਈ ਪਿੰਡਾਂ ਦੇ ਬਾਹਰ ਦਲਿਤ ਪਰਿਵਾਰਾਂ ਲਈ ਬਣਾ ਕੇ ਦਿੱਤੀਆਂ ਬਸਤੀਆਂ ਦੀ ਯਾਦ ਆਉਂਦੀ ਹੈ, ਅਜਿਹੀਆਂ ਬਸਤੀਆਂ ਉਸਾਰ ਕੇ ਦੇਣਾ ਸਿੱਧੇ ਤੌਰ 'ਤੇ ਇਹ ਦਰਸਾਉਂਦਾ ਕਿਹਾ ਹੈ, 'ਤੁਸੀਂ ਤਾਂ ਭਾਈ ਨੀਵੀਂ ਜਾਤ ਦੇ ਲੋਕ ਹੋ, ਤੁਹਾਡਾ ਉੱਚੀ ਜਾਤ ਵਾਲਿਆਂ ਵਿੱਚ ਰਹਿਣ ਦਾ ਕੋਈ ਹੱਕ ਨਹੀਂ। ਕੀ ਪੰਜਾਬੀ ਸਾਹਿਤ ਦੇ ਨਵੇਂ ਵਿਦਵਾਨਾਂ ਦੀ ਵੀ ਸਾਡੇ ਪ੍ਰਤੀ ਕਿਤੇ ਇਹੋ ਜਿਹੀ ਭਾਵਨਾ ਨਹੀਂ।" ਉਹ ਅੱਗੇ ਜਾ ਕੇ ਸਪੱਸ਼ਟ ਕਰਦਾ ਹੈ, "ਅੱਜ ਜਦੋਂ ਨੰਗੇ ਚਿੱਟੇ ਰੂਪ ਵਿੱਚ ਸਾਹਿਤ ਵਿੱਚ ਵੀ ਵਰਗ-ਵੰਡ ਕੀਤੀ ਜਾਣ ਲੱਗੀ ਹੈ ਤਾਂ ਅੰਦਰੋਂ ਕਿਤੇ ਅਕ੍ਰੋਸ਼ ਪੈਦਾ ਹੁੰਦਾ ਹੈ। ਫਿਰ ਇਹ ਵੀ ਸੋਚ ਆਉਂਦੀ ਹੈ ਕਿ ਸਾਹਿਤ ਨਾਲ ਜੁੜੇ ਲੋਕ ਤੁਰੇ ਤਾਂ ਇਹ ਅਹਿਦ ਲੈ ਕੇ ਸਨ ਕਿ ਸਮਾਜ ਵਿਚਲੀਆਂ ਕਮਜ਼ੋਰੀਆਂ, ਘਾਟਾਂ, ਦੁਸ਼ਵਾਰੀਆਂ, ਅਨਿਆਂ, ਜੁਲਮ ਤੇ ਜਬਰ ਤੇ ਦੂਰੀਆਂ ਨੂੰ ਖਤਮ ਕਰਨਾ ਹੈ ਪਰ ਅਕਸਮਾਤ ਹੀ ਇਹ ਖੁਦ ਉਸ ਜਬਰ ਦਾ ਹਿੱਸਾ ਬਣ ਗਏ ਹਨ।" ਉਸ ਦਾ ਗਿਲਾ ਵਾਜਿਬ ਸੀ, ਨਵੇਂ ਆਲੋਚਕਾਂ ਨੇ ਉਸਦੀ ਕਹਾਣੀ ਦੀ ਨਹੀਂ ਉਸਦੇ ਦਲਿਤ ਹੋਣ ਦੀ ਹੀ ਗੱਲ ਕੀਤੀ ਸੀ। ਉਹਨੇ ਇੱਕ ਇੰਟਰਵਿਊ ਵਿੱਚ ਲਕਸ਼ਮੀ ਨਰਾਇਣ ਭੀਖੀ ਨੂੰ ਦੱਸਿਆ, "ਸਾਡਾ ਸਮਾਜਿਕ ਢਾਂਚਾ ਇੰਨਾ ਨਿਘਰਿਆ ਹੋਇਆ ਹੈ ਕਿ ਇਥੇ ਅੱਜ ਵੀ ਜਾਤੀ ਵਿਸ਼ੇਸ਼ ਵੱਲ ਹੀ ਤਵਜੋਂ ਦਿੱਤੀ ਜਾਂਦੀ ਹੈ। ਉਦਾਹਰਨ ਵਜੋਂ ਤੁਸੀਂ ਸਾਰੀਆਂ ਕਮਿਊਨਿਸਟ ਪਾਰਟੀਆਂ ਵੱਲ ਨਜ਼ਰ ਮਾਰ ਸਕਦੇ ਹੋ। ਵਿਚਾਰਧਾਰਕ ਲੜਾਈ ਤਾਂ ਤਦੇ ਲੜੀ ਜਾਵੇ ਜੇ ਇਹ ਕੋਹੜ ਬੰਦਿਆਂ ਦੇ ਮਨਾਂ ਵਿੱਚ ਨਾ ਹੋਵੇ। ਇਹੋ ਵਜ੍ਹਾ ਹੈ ਕਿ ਜਨਰਲ ਕੈਟਾਗਿਰੀ ਤੇ ਰਿਜ਼ਰਵ ਕੈਟਾਗਰੀ ਆਹਮੋ-ਸਾਹਮਣੇ ਹਨ...ਇਹ ਸਾਰੀਆਂ ਘਟਨਾਵਾਂ ਮੇਰੇ ਜਹਿਨ 'ਤੇ ਉਦੋਂ ਹਾਵੀ ਹੋਈਆਂ ਜਦੋਂ ਪੰਜਾਬ ਦੇ ਬੁੱਧੀਜੀਵੀਆਂ ਨੇ ਦਲਿਤ ਮਸਲਾ ਉਭਾਰਿਆ। ਇਸ ਮਸਲੇ ਨੂੰ ਕਮਿਊਨਿਸਟ ਪਾਰਟੀਆਂ ਨੇ ਵੀ ਬੜੀ ਹਵਾ ਦਿੱਤੀ ਅਤੇ ਸਾਨੂੰ ਸਾਡੀ ਜਾਤ ਕਰਕੇ ਗੱਲ ਕੀਤੀ ਜਾਣ ਲੱਗੀ। ਸਾਡਾ ਲੇਖਕਪੁਣਾ ਭੁੱਲ ਕੇ ਸਾਡੇ 'ਚੋਂ ਚਮਾਰ, ਵਾਲਮੀਕਿ ਦੀ ਪਛਾਣ ਕੀਤੀ ਜਾਣ ਲੱਗੀ।" ਦਲਿਤ ਚੇਤਨਾ ਬਾਰੇ ਉਸ ਆਪਣੇ ਵਿਚਾਰ ਦੱਸੇ, "ਇੱਕ ਪੱਖ ਚੰਗਾ ਹੈ ਕਿ ਦੱਬੇ-ਕੁਚਲੇ, ਦਲਿਤ ਲੋਕਾਂ ਬਾਰੇ ਲਿਖੇ ਸਾਹਿਤ ਨੂੰ ਸਾਹਿਤ ਮੰਨਿਆ ਜਾਣ ਲੱਗਾ। ਉੱਚ ਸ਼੍ਰੇਣੀਆਂ ਨਾਲ ਸੰਬੰਧਤ ਲੇਖਕ ਵੀ ਦਲਿਤਾਂ ਬਾਰੇ ਲਿਖਣ ਲੱਗੇ ਨੇ। ਦੂਜਾ ਮਾੜਾ ਪੱਖ ਵੀ ਐ। ਮੈਂ ਸਮਝਦਾ ਜਿਹੜੀ ਦਲਿਤ ਸਾਹਿਤ ਵਾਲੀ ਗੱਲ ਐ ਉਹ ਸਾਰਥਿਕ ਨਹੀਂ। ਫੇਰ ਤਾਂ ਅੱਡੋ-ਅੱਡੀ ਜਾਤਾਂ ਦਾ ਸਾਹਿਤ ਚਲ ਪਊ, ਜਿਵੇਂ ਇਹ ਰਾਮਗੜ੍ਹੀਆਂ ਲੇਖਕਾਂ ਨੇ ਲਿਖਿਆ, ਇਹ ਰਾਮਗੜ੍ਹੀਆ ਸਾਹਿਤ ਐ। ਇਸ ਘੁਮਿਆਰ ਲੇਖਕਾਂ ਨੇ ਲਿਖਿਆ ਇਸ ਲਈ ਘੁਮਿਆਰ ਸਾਹਿਤ ਐ। ਇਹ ਜੱਟ ਸਾਹਿਤ ਹੈ, ਇਹ ਹੋਰ ਸਾਹਿਤ ਹੈ। ਇਸ ਤੋਂ ਵੀ ਅੱਗੇ ਇਹ ਸੇਖੋਂ ਸਾਹਿਤ, ਗਰੇਵਾਲ ਸਾਹਿਤ ਤੇ ਗਿੱਲ ਸਾਹਿਤ ਦੀਆਂ ਗੱਲਾਂ ਹੋਣ ਲੱਗਣੀਆਂ।"

ਉਸ ਨੇ 'ਦਲਿਤ' ਸ਼ਬਦ ਦਾ ਵਿਰੋਧ ਕੀਤਾ ਜਦੋਂ ਕਿ ਦੂਜੇ ਪਾਸੇ ਦਲਿਤ ਲੇਖਕ ਇਸ ਤੋਂ ਫਾਇਦਾ ਲੈਣ ਲਈ ਤਰਲੋ ਮੱਛੀ ਹੋ ਰਹੇ ਸਨ। ਦੂਜੇ ਦਲਿਤ ਕਹਾਣੀਕਾਰਾਂ ਵਾਂਗੂ ਉਸ 'ਤੇ ਇਹ ਦੂਸ਼ਣ ਲੱਗਣ ਲਗਾ ਕਿ ਉਹ ਫਾਰਮੂਲਾ ਟਾਈਪ ਕਹਾਣੀਆਂ ਲਿਖ ਰਿਹਾ। ਉਸ ਇਕ ਦਲਿਤ ਪਾਤਰ ਲੈਣਾ ਹੁੰਦਾ ਤੇ ਉਸ ਨੂੰ ਜੱਟਾਂ ਜਾਂ ਖਤਰੀਆਂ/ਬ੍ਰਾਹਮਣਾਂ/ ਜਾਂ ਉੱਚ ਜਾਤੀ ਦੀ ਕੁੜੀ ਨਾਲ ਫਸਾਉਣਾ ਹੁੰਦਾ। ਉਸ ਦੀ ਕਹਾਣੀ 'ਧਰਤੀ ਪੁੱਤਰ' ਬਾਰੇ ਪਿਆਰਾ ਸਿੰਘ ਭੋਗਲ ਨੇ ਟਿੱਪਣੀ ਕੀਤੀ, "ਇਹ ਕਹਾਣੀ ਜੱਟਾਂ ਵਿਰੁੱਧ ਨਫਰਤ ਪ੍ਰਗਟ ਕਰਨ ਲਈ ਲਿਖੀ ਗਈ ਹੈ।" ਲੇਖਕਾਂ ਤੇ ਪਾਠਕਾਂ ਦੇ ਸਾਹਮਣੇ ਉਸ ਦੀਆਂ ਕਹਾਣੀਆਂ ਅਫਸਰ, ਪ੍ਰਭ ਜੀ, ਇੱਕ ਟਿਕਟ ਰਾਮਪੁਰਾ ਫੂਲ, ਛੋਟੀਆਂ ਛੋਟੀਆਂ ਗੰਢਾਂ, ਜ਼ਿੰਦਗੀ ਸਨ। ਉਹ ਗੋਰਖੀ

ਦਾ ਇਹੀ ਰੂਪ ਦੇਖਣਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਗੋਰਖੀ ਉਹੋ ਜਿਹੀਆਂ ਕਹਾਣੀਆਂ ਲਿਖੇ। ਐਦਾਂ ਦੀਆਂ ਨਹੀਂ। ਲੇਖਕ ਦੀ ਜ਼ਿੰਦਗੀ ਵਿੱਚ ਕਈ ਉਤਰਾਅ-ਚੜ੍ਹਾਅ ਆਉਂਦੇ ਹਨ। ਉਹ ਆਪਣੇ ਵਿਸ਼ੇ ਬਦਲ ਲੈਂਦਾ ਹੈ। ਪਰ ਪਾਠਕਾਂ ਨੂੰ ਕੁੱਝ ਹੋਰ ਹੀ ਚਾਹੀਦਾ ਹੁੰਦਾ। ਉਸ ਦਾ ਵਿਰੋਧ ਹੋਣ ਲੱਗਾ। ਉਸ ਨੂੰ ਲੱਗਾ ਕਿ ਲਿਖਣਾ ਫਜ਼ੂਲ ਹੈ। ਲਿਖਣ ਨਾਲੋਂ ਪੜ੍ਹਨਾ ਚੰਗਾ। ਸਭ ਤੋਂ ਜ਼ਿਆਦਾ ਦੁੱਖੀ ਉਸ ਨੂੰ ਇਹ ਗੱਲ ਕਰਦੀ ਕਿ ਉਨ੍ਹਾਂ ਨੂੰ ਪ੍ਰੇਮ ਗੋਰਖੀ ਦਲਿਤ ਪਹਿਲਾਂ, ਕਹਾਣੀਕਾਰ ਬਾਅਦ ਵਿੱਚ ਦਿੱਸਦਾ ਹੈ ਜਦੋਂ ਕਿ ਉਸ ਹਮੇਸ਼ਾਂ ਇਸ ਗੱਲ ਦਾ ਵਿਰੋਧ ਕੀਤਾ ਸੀ। ਫੇਰ ਉਹਨੇ 'ਕੋਲਾਜ' ਕਹਾਣੀ ਲਿਖੀ। ਕਮਾਲ ਦੀ ਕਹਾਣੀ। ਇਹ ਉਸ ਦਾ ਕਹਾਣੀਕਾਰ ਵਜੋਂ ਰੀਬਰਥ ਸੀ। ਇਸ ਕਹਾਣੀ ਸੰਬੰਧੀ ਮੈਂ 'ਸ਼ਬਦ' ਦੀ ਸੰਪਾਦਕੀ ਵਿੱਚ ਵੀ ਲਿਖਿਆ: ਪ੍ਰੇਮ ਗੋਰਖੀ ਸਮਰੱਥ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਜ਼ਿੰਦਗੀ, ਜੀਣ-ਮਰਨ, ਆਪਣੇ ਹੱਥ, ਭਲਾ ਇਉਂ ਵੀ ਕੋਈ ਜਿਉਂਦੈ, ਇਕ ਟਿਕਟ ਰਾਮਪੁਰਾ ਫੂਲ ਅਤੇ ਦੁੱਧ ਧਾਰ ਪੰਜਾਬੀ ਕਹਾਣੀ ਦਾ ਹਾਸਿਲ ਹਨ। ਪਰ ਉਸ ਨੂੰ ਆਲੋਚਕਾਂ ਦੇ ਇੱਕ ਵਿਸ਼ੇਸ਼ ਗਰੁੱਪ ਨੇ ਹਮੇਸ਼ਾ ਹੀ ਇਗਨੋਰ ਕਰੀਂ ਰੱਖਿਆ ਹੈ। ਉਸ ਦੀਆਂ ਕਹਾਣੀਆਂ ਦੇ ਚੰਗੇ ਪੱਖਾਂ ਨੂੰ ਭੁੱਲ ਕੇ ਪਿਛਲੇ ਕੁਝ ਸਾਲਾਂ ਤੋਂ ਉਸ ਦੀ ਆਲੋਚਨਾ ਇਸ ਪੱਖੋਂ ਹੋਣ ਲੱਗੀ ਸੀ ਕਿ ਉਹ ਇਕ ਧਾਰਨਾ ਬਣਾ ਕੇ ਕਹਾਣੀ ਲਿਖਦਾ ਹੈ। ਭਾਵ ਉਸ ਨੇ ਦਲਿਤ ਮੁੰਡਾ ਪੈਦਾ ਕਰਨਾ ਹੁੰਦਾ ਸੀ ਤੇ ਉਪਰਲੀ ਜਾਤ ਦੀ ਕੁੜੀ ਨਾਲ ਉਸ ਦਾ ਟਾਂਕਾ ਫਿੱਟ ਕਰਵਾਉਣਾ ਹੁੰਦਾ ਸੀ। ਪ੍ਰੇਮ ਗੋਰਖੀ ਦੀ ਨਵੀਂ ਕਹਾਣੀ 'ਕੋਲਾਜ' ਆਲੋਚਕਾਂ ਤੇ ਪਾਠਕਾਂ ਲਈ ਨਵੇਂ ਸਿਰੇ ਤੋਂ ਬਹਿਸ ਦੀ ਮੰਗ ਕਰਦੀ ਹੈ। ਇਸ ਕਹਾਣੀ ਨੂੰ ਪੜ੍ਹ ਕੇ ਗੋਰਖੀ ਦੇ ਕਥਾ ਸੰਸਾਰ ਦਾ ਪੁਨਰ-ਮੁਲਾਂਕਣ ਹੋਣਾ ਚਾਹੀਦਾ ਹੈ। ਉਹਨੇ 'ਕੋਲਾਜ' ਕਹਾਣੀ ਛਪਣ ਉਪਰੰਤ ਮੈਨੂੰ ਇੱਕ ਚਿੱਠੀ (9 ਦਸੰਬਰ, 2005) ਲਿਖੀ, "ਮੈਂ ਕਹਾਣੀ ਲਿਖਣੀ ਕਈ ਸਾਲਾਂ ਤੋਂ ਬੰਦ ਕੀਤੀ ਹੋਈ ਸੀ ਜਿਹਦੇ ਬਾਰੇ ਤੇਰੇ ਕੋਲ, ਬਲਬੀਰ ਪਰਵਾਨਾ ਕੋਲ ਤੇ ਵੇਲੇ ਕੁਵੇਲੇ ਹੋਰ ਕਈ ਲੇਖਕਾਂ ਕੋਲ ਜ਼ਿਕਰ ਕਰਦਾ ਰਹਿੰਦਾ ਸੀ। ਜਦੋਂ ਸਾਹਿਤ ਵਿੱਚ ਵੀ ਬੇਈਮਾਨੀ, ਭ੍ਰਿਸ਼ਟਾਚਾਰ, ਹੇਰਾਫੇਰੀਆਂ ਆ ਵੜਨ ਤਾਂ ਸਮਝੋ ਉਸ ਭਾਸ਼ਾ ਦਾ ਬੇੜਾ ਗਰਕ ਹੋ ਰਿਹਾ ਹੈ। ਹੁਣ ਜਦੋਂ ਇਹ ਕਹਾਣੀ 'ਸ਼ਬਦ' ਵਿੱਚ ਛਪੀ ਹੈ, ਬਹੁਤ ਸਾਰੇ ਵਿਦਵਾਨ ਦੋਸਤਾਂ ਦੇ ਫੋਨ ਆਏ, ਮੇਰੇ ਵੱਲੋਂ ਨਵੀਂ ਤਰ੍ਹਾਂ ਦੀ ਲਿਖੀ ਗਈ ਕਹਾਣੀ ਦੀ ਪ੍ਰਸੰਸਾ ਕੀਤੀ। ਪਰ ਤਸਵੀਰ ਦਾ ਦੂਜਾ ਰੁੱਖ ਦੇਖੋ, ਜਲੰਧਰ ਦੇ ਇੱਕ ਮਹਾਨ ਕਹਾਣੀਕਾਰ ਨੂੰ ਮੇਰੀ ਕਹਾਣੀ ਪੜ੍ਹ ਕੇ ਇੰਨੀ ਤਕਲੀਫ ਪਹੁੰਚੀ ਕਿ ਉਹਨੇ ਪਹਿਲਾਂ ਤਾਂ ਚੰਡੀਗੜ੍ਹ ਦੀ ਇੱਕ ਔਰਤ ਨੂੰ ਫੋਨ ਉੱਤੇ ਕਹਾਣੀ ਦੀਆਂ ਕੁਝ ਸਤਰਾਂ ਸੁਣਾ ਕੇ ਉਹਨੂੰ ਭੜਕਾਇਆ ਕਿ ਇਸ ਕਹਾਣੀ ਦੀ ਮੁੱਖ ਪਾਤਰ ਤਾਂ ਤੂੰ ਹੈਂ। ਫਿਰ ਕਹਾਣੀ ਦੀ ਫੋਟੋ ਸਟੇਟ ਭੇਜੀ ਤੇ ਅਖੀਰ 'ਸ਼ਬਦ' ਲਿਆ ਕੇ ਦਿੱਤਾ। ਨਾਲ ਹੀ ਇਹ ਪਰਚਾਰ ਕਰਨ ਲੱਗ ਪਿਆ ਕਿ ਏਸ ਕਹਾਣੀ 'ਚ ਹੈ ਕੀ। ਦਰਅਸਲ ਕਿਸੇ ਵਿਦਵਾਨ ਨੇ ਉਸ ਕਥਾਕਾਰ ਨੂੰ ਇਹ ਗੱਲ ਆਖ ਦਿੱਤੀ ਕਿ ਜਨਾਬ ਗੋਰਖੀ ਦੀ ਕਹਾਣੀ ਪੜ੍ਹੋ ਤੇ ਅਗਲੀ ਕਹਾਣੀ ਫਿਰ ਲਿਖਣੀ। ਹੁਣ ਉਹ ਕਥਾਕਾਰ ਕਹਿੰਦਾ ਫਿਰਦਾ ਹੈ-ਗੋਰਖੀ ਨੇ ਕਿਸੇ ਔਰਤ ਦੀਆਂ ਗੱਲਾਂ/ਨੋਟਸ ਪਹਿਲਾਂ ਲਿਖ ਲਏ, ਫਿਰ ਕਹਾਣੀ ਬਣਾ ਦਿੱਤੀ। ਚੰਡੀਗੜ੍ਹ ਦੇ ਇੱਕ ਮਹਾਨ ਕਹਾਣੀਕਾਰ ਨੂੰ ਪਹਿਲਾਂ ਤਾਂ ਮੇਰੇ ਬਾਰੇ ਤੇਰੀ ਟਿੱਪਣੀ ਨੇ ਬਹੁਤ ਦੁੱਖ ਪਹੁੰਚਾਇਆ ਤੇ ਫਿਰ ਕਹਾਣੀ ਦੇ 'ਬਕਵਾਸ' ਤੇ 'ਕੂੜਾ' ਹੋਣ ਬਾਰੇ ਦਾਰੂ ਪੀ ਕੇ ਬੜਾ ਰੌਲਾ ਪਾਇਆ। ਪਿਆਰੇ ਜਿੰਦਰ ਇਹ ਹੈ ਬੇਈਮਾਨੀ। ਜਦੋਂ ਕੋਈ ਰਚਨਾ (ਉਹ ਵੀ ਆਪਣੇ ਤੋਂ ਬਾਅਦ ਦੀ ਪੀੜ੍ਹੀ ਦੇ ਲੇਖਕ ਦੀ) ਪੜ੍ਹ ਕੇ ਤੁਸੀਂ ਈਮਾਨਦਾਰੀ ਨਾਲ ਪ੍ਰਸੰਸਾ ਕਰਨ ਦੀ ਥਾਂ ਉਸ ਦੀ ਅੰਨ੍ਹੇ ਹੋ ਕੇ ਨਿੰਦਾ ਕਰਦੇ ਹੋ, ਉਸ ਖਿਲਾਫ ਸਾਜ਼ਿਸ਼ਾਂ ਘੜਦੇ ਹੋ ਤਾਂ ਆਪਣੇ ਨਾਲ ਨਹੀਂ ਆਪਣੀ ਭਾਸ਼ਾ ਨਾਲ ਵੀ ਧਰੋਹ ਕਰ ਰਹੇ ਹੁੰਦੇ ਹੋ। ਅਜਿਹੀਆਂ ਕੋਸ਼ਿਸ਼ਾਂ ਕਿਸੇ ਲੇਖਕ ਨੂੰ ਉਤਸ਼ਾਹਤ ਨਹੀਂ ਕਰਦੀਆਂ, ਨਿਰਾਸ਼ਾ ਵੱਲ ਧੱਕਦੀਆਂ ਹਨ। ਫਿਰ ਨਹੀਂ ਜੀ ਕਰਦਾ ਅੱਗੇ ਕਹਾਣੀ ਲਿਖੀ ਜਾਵੇ।"

******

ਉਹਨੂੰ ਅਮਰੀਕਾ ਵਿੱਚ ਇਕ ਕੁੜੀ ਮਿਲੀ ਸੀ। ਉਹਦਾ ਨਾਂ ਅਨੀਤਾ ਸੀ। ਬਹੁਤ ਹੀ ਸੋਹਣੀ।




**ਡਾ. ਗੁਰਮੇਲ ਸਿੰਘ, ਸਰੂਪ ਸਿਆਲਵੀ, ਕਰਨਲ ਤਿਲਕ ਰਾਜ ਤੇ ਪ੍ਰੇਮ ਗੋਰਖੀ ਮਾਨਵਵਾਦੀ ਰਚਨਾ ਮੰਚ ਪੰਜਾਬ ਦੇ ਇਕ ਸਮਾਗਮ ਦੌਰਾਨ**

ਹੱਥ ਲਾਇਆਂ ਮੈਲੀ ਹੋਣ ਵਾਲੀ। ਉਹ ਆਪਣੇ ਮਾਮੇ ਦੇ ਜੁਆਈ ਦੇ ਘਰ ਠਹਿਰਿਆ ਹੋਇਆ ਸੀ। ਅਨੀਤਾ ਉਸ ਸ਼ਹਿਰ ਦੀ ਸੀ। ਲੇਖਕਾਂ/ਕਲਾਕਾਰਾਂ ਦੀ ਇੱਜ਼ਤ ਕਰਨ ਵਾਲੀ। ਗੋਰਖੀ ਨੇ ਉਸ ਵੱਲ ਦੇਖਿਆ ਤਾਂ ਉਸ ਨੂੰ ਆਪਣੀ ਧੀ ਯਾਦ ਆ ਗਈ। ਉਹ ਉਸ ਨੂੰ ਉਸ ਦੀਆਂ ਕਹਾਣੀਆਂ ਬਾਰੇ ਪੁੱਛਣ ਲੱਗੀ। ਫੇਰ ਉਹਨੇ ਉਸ ਨੂੰ ਆਪਣੇ ਘਰ ਡਿਨਰ 'ਤੇ ਸੱਦਿਆ। ਉਹ ਗਿਆ। ਉਹ ਵੱਡੇ ਤੜਕੇ ਤੱਕ ਗੱਲਾਂ ਕਰਦੇ ਰਹੇ। ਕੁੜੀ ਦਾ ਡੈਡੀ ਵੀ ਬੈਠਾ ਰਿਹਾ। ਉਹ ਹੈਰਾਨ ਸੀ ਕਿ ਇਨ੍ਹਾਂ ਦੋਹਾਂ ਦੀਆਂ ਗੱਲਾਂ ਕਿਉਂ ਨਹੀਂ ਮੁੱਕ ਰਹੀਆਂ। ਕਦੇ ਉਸ ਨੂੰ ਇਨ੍ਹਾਂ ਦੋਹਾਂ ਦੀਆਂ ਗੱਲਾਂ ਚੰਗੀਆਂ ਲੱਗਦੀਆਂ। ਕਦੇ ਬੋਰ ਕਰਦੀਆਂ। ਫੇਰ ਉਸ ਦਾ ਸਬਰ ਜਵਾਬ ਦੇ ਗਿਆ। ਉਹ ਬੋਲਿਆ, "ਛੋਟੇ ਵੀਰ, ਮਾਫ਼ ਕਰਨਾ। ਹੁਣ ਆਪਾਂ ਦੋ ਘੜੀਆਂ ਸੌਂ ਨਾ ਜਾਈਏ। ਅਨੀਤਾ ਨੇ ਸਵੇਰੇ ਕੰਮ 'ਤੇ ਵੀ ਜਾਣਾ।" ਗੋਰਖੀ ਦੀਆਂ ਅੱਖਾਂ ਵਿੱਚ ਵੀ ਨੀਂਦ ਭਾਰੂ ਸੀ। ਪਰ ਅਨੀਤਾ ਬੋਲੀ, "ਡੈਡ, ਇਨ੍ਹਾਂ ਕਿਹੜਾ ਰੋਜ਼-ਰੋਜ਼ ਆਉਣਾ। ਸੌਣਾ ਕਿਤੇ ਜ਼ਰੂਰੀ ਹੁੰਦਾ।" ਉਨ੍ਹਾਂ ਦੀ ਮਹਿਫਲ ਸਵੇਰੇ ਛੇ ਵਜੇ ਖਤਮ ਹੋਈ। ਹੁਣ ਅਨੀਤਾ ਦੇ ਡੈਡੀ ਦੀ ਜ਼ੁੰਮੇਵਾਰੀ ਸੀ ਕਿ ਉਹ ਗੋਰਖੀ ਨੂੰ ਉਸ ਦੇ ਮਾਮੇ ਦੇ ਜੁਆਈ ਦੇ ਘਰ ਛੱਡ ਕੇ ਆਵੇ। ਆਉਣ ਲੱਗਿਆ ਗੋਰਖੀ ਨੇ ਅਨੀਤਾ ਨੂੰ ਪਿਆਰ ਵੱਜੋਂ ਸੌ ਡਾਲਰ ਦਿੱਤੇ। ਉਸ ਦੇ ਸਿਰ 'ਤੇ ਹੱਥ ਫੇਰਿਆ ਤੇ ਭਰੇ ਮਨ ਨਾਲ ਕਿਹਾ, "ਭਾਈ ਸਾਹਿਬ-ਸਮਝ ਲਉ-ਇਹ ਮੇਰੀ ਚੌਥੀ ਧੀ ਆ। ਧੀ ਨੂੰ ਪਿਆਰ ਦੇਣਾ ਬਾਪ ਦਾ ਪਹਿਲਾ ਫਰਜ਼ ਹੁੰਦਾ।" ਤਿੰਨਾ ਦੀਆਂ ਅੱਖਾਂ ਭਰ ਆਈਆਂ। ਬਾਅਦ ਵਿੱਚ ਵੀ ਉਹ ਅਨੀਤਾ ਨੂੰ ਚੌਥੀ ਧੀ ਵਾਂਗੂ ਮੰਨਦਾ ਰਿਹਾ ਉਸ ਨੂੰ ਅਨੀਤਾ ਦੀ ਦਿੱਤੀ ਨਸੀਹਤ ਕਦੇ ਨਹੀਂ ਭੁੱਲੀ, "ਪਾਪਾ ਜੀ-ਤੁਸੀਂ ਕਿਸੇ ਵੀ ਬਾਹਰਲੇ ਬੰਦੇ 'ਤੇ ਕਦੇ ਵਿਸ਼ਵਾਸ ਨਾ ਕਰਨਾ। ਇਹ ਤੁਹਾਨੂੰ ਪੈਂਤੀ ਸੌ ਸਬਜ਼-ਬਾਗ ਦਿਖਾਉਣਗੇ-ਅਸੀਂ ਆ ਕਰਾਂਗੇ-ਅਸੀਂ ਉਹ ਕਰਾਂਗੇ-ਪਰ ਇੱਥੇ ਆ ਕੇ ਤੁਸੀਂ ਆਪ ਹੀ ਦੇਖ ਲਿਆ ਕਿ ਕੋਈ ਕਿਸੇ ਦਾ ਸਕਾ ਨ੍ਹੀਂ।" ਉਹਨੂੰ ਇਹ ਵੀ ਯਾਦ ਸੀ ਕਿ ਉਸ ਅਨੀਤਾ ਨੂੰ ਕਿਹਾ ਸੀ, "ਪੁੱਤ-ਤੂੰ ਤਾਂ ਹੈਂ ਨਾ?" ਉਸ ਦੀ ਜ਼ਿੰਦਗੀ ਵਿੱਚ ਅਨੇਕਾਂ ਹੀ ਐਦਾਂ ਦੀਆਂ ਔਰਤਾਂ ਆਈਆਂ। ਉਸ ਦੇ ਅਚੇਤ ਮਨ ਵਿੱਚ 'ਧੀ' ਦਾ ਸੰਕਲਪ' ਬੈਠਾ ਸੀ। ਸੁਚੇਤ ਮਨ

ਇਹ ਜਾਹਿਰ ਨਾ ਕਰਦਾ। ਲੋਕ ਇਸ ਨੂੰ ਗਲਤ ਅਰਥਾਂ ਵਿੱਚ ਲੈਂਦੇ। ਪਰ ਉਹ ਗਲਤ ਨਾ ਹੁੰਦਾ। ਉਸ ਨੂੰ ਆਪਣੀ ਸੀਮਾ, ਆਪਣੇ ਪਰਿਵਾਰ ਤੇ ਆਪਣੇ ਘੇਰੇ ਦਾ ਪਤਾ ਹੁੰਦਾ।

*****

ਸਾਹਿਤਕ ਖੇਤਰ ਵਿੱਚ ਦੋ ਧੜੇ ਸਮਾਂਨਤਰ ਚਲਦੇ ਹਨ। ਇੱਕ ਉਤਸ਼ਾਹਤ ਕਰਨ ਵਾਲਾ ਹੁੰਦਾ ਹੁੰਦਾ ਹੈ। ਦੂਜਾ ਲੱਤਾਂ ਖਿੱਚਣ ਵਾਲਾ। ਜ਼ਿਆਦਾ ਵਿਰੋਧ ਆਪਣਿਆਂ ਵੱਲੋਂ ਹੀ ਹੁੰਦਾ ਹੈ। ਆਪਣੇ ਹੀ ਸ਼ਹਿਰ ਵਿੱਚ ਹੁੰਦਾ ਹੈ। ਉਸ ਕੋਲ ਵੀ ਦੋ ਧੜੇ ਸਨ। ਫੇਰ ਉਸ ਨੂੰ ਉਤਸਾਹਤ ਕਰਨ ਵਾਲਾ ਧੜਾ, ਲੱਤਾਂ ਖਿੱਚਣ ਵਾਲੇ ਧੜੇ 'ਤੇ ਭਾਰੂ ਹੋ ਗਿਆ। ਉਹਨੇ ਸ਼ਹਿਰੀ ਜੀਵਨ ਨੂੰ ਲੈ ਕੇ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਉਹਨੂੰ ਚੰਡੀਗੜ੍ਹ ਆਇਆਂ ਕਿੰਨੇ ਸਾਲ ਹੋ ਚਲੇ ਸਨ। ਉਹਨੇ ਸ਼ਹਿਰੀ ਜੀਵਨ ਨੂੰ ਬਹੁਤ ਹੀ ਨੇੜਿਉਂ ਦੇਖਿਆ ਸੀ। ਇਨ੍ਹਾਂ ਵਿੱਚ ਵਿਚਰਿਆ ਸੀ। ਔਰਤਾਂ ਦੀ ਸਾਇਕੀ ਨੂੰ ਸਮਝਿਆ ਸੀ ਤੇ ਫੇਰ ਇਨ੍ਹਾਂ ਸੰਬੰਧਾਂ, ਮਾਹੌਲ ਨੂੰ ਫੜਨ/ਸਮਝਣ ਦੀ ਕੋਸ਼ਿਸ਼ ਵਿੱਚ ਲਿਖਣਾ ਸ਼ੁਰੂ ਕੀਤਾ ਸੀ।

ਉਸ ਨੂੰ ਇਸ ਗੱਲ ਦਾ ਦੁੱਖ ਸੀ ਕਿ ਉਸ ਦੀ ਲਿਖੀ ਹਰੇਕ ਕਹਾਣੀ ਨੂੰ ਪੜ੍ਹਨ ਤੋਂ ਪਹਿਲਾਂ ਲੇਖਕਾਂ/ਆਲੋਚਕਾਂ ਸਾਹਮਣੇ ਉਸ ਦੀ ਜਾਤ ਆ ਜਾਂਦੀ ਸੀ। ਉਸ ਅਨੁਸਾਰ, ਲੇਖਕ ਦੀ ਕੋਈ ਜਾਤ ਨਹੀਂ ਹੁੰਦੀ। ਕੋਈ ਧਰਮ ਨਹੀਂ ਹੁੰਦਾ।

"ਦਲਿਤ ਹੋਣਾ ਕਿਹੋ ਜਿਹਾ ਲੱਗਦਾ?" ਆਪਣੀ ਕਨੇਡਾ ਫੇਰੀ ਮਗਰੋਂ ਉਸ ਨੇ ਮੈਨੂੰ ਮੇਰੇ ਚੰਡੀਗੜ੍ਹ ਵਾਲੇ ਦਫ਼ਤਰ ਵਿੱਚ ਮਿਲਣ ਆਏ ਨੇ ਦੱਸਿਆ ਸੀ, "ਮੈਨੂੰ ਕਨੇਡਾ ਦੇ ਵੱਖਰੇ ਤਜ਼ਰਬੇ ਹੋਏ। ਉੱਥੇ ਮੇਰੀ ਬਰਾਦਰੀ ਦੇ ਲੇਖਕਾਂ ਤੇ ਲੋਕਾਂ ਨੇ ਮੈਨੂੰ ਸੰਭਾਲਿਆ। ਉਨ੍ਹਾਂ ਨੇ ਹੀ ਮੈਨੂੰ ਡਾਲਰ ਦਿੱਤੇ। ਰਵਿਦਾਸ ਗੁਰਦੁਆਰਿਆਂ 'ਚ ਬੁਲਾਇਆ।" ਮੇਰਾ ਇਹ ਦਫ਼ਤਰ 'ਟ੍ਰਿਬਿਊਨ' ਦੇ ਦਫ਼ਤਰ ਤੋਂ ਫਰਲਾਂਗ ਕੁ ਦੂਰ ਸੀ। ਦੋ ਤਿੰਨ ਫਰਲਾਂਗਾ ਦੂਰ ਟ੍ਰਿਬਿਊਨ ਕਲੋਨੀ ਵਿੱਚ ਉਸ ਨੂੰ ਮਕਾਨ ਮਿਲਿਆ ਹੋਇਆ ਸੀ।

"ਦਲਿਤ ਹੋਣ ਬਾਰੇ ਮੈਂ ਸਿਰਫ ਨਾਨਕੀਂ ਰਹਿ ਕੇ ਜਾਣ ਸਕਿਆ-ਮੈਂ ਘੁਲਦਾ ਹੋਇਆ ਕਈ ਜ਼ਿਮੀਦਾਰਾਂ ਦੇ ਮੁੰਡਿਆਂ ਨੂੰ ਢਾਹ ਲੈਂਦਾ। ਕੌਡੀ 'ਚ ਉਨ੍ਹਾਂ ਨੂੰ ਫੜਦਾ। ਫਿਰ ਮੈਨੂੰ ਸ਼ਾਇਦ ਐਸੇ ਗੱਲ ਕਰਕੇ ਨਾਨਕਾ ਪਿੰਡ ਮਾੜਾ ਲੱਗਣ ਲੱਗਾ ਤੇ ਮੈਂ ਉਸ ਪਿੰਡ ਨਾਲ ਮੋਹ ਨੂੰ ਤੋੜ ਲਿਆ। ਮੇਰਾ ਬਾਬਾ ਤੇ ਬਾਪ ਜਲੰਧਰ ਦੇ ਨੇੜੇ ਪਿੰਡ ਲਾਡੋਵਾਲੀ 'ਚ ਬਾਹਵਾ ਵੱਡੀ ਜ਼ਮੀਨ 'ਚ ਮੁਜ਼ਾਰੇ ਸਨ, ਇੱਕ ਪਰਿਵਾਰ ਹੋਰ ਸੀ ਸਾਡੇ ਨਾਲ ਕਿਰਪੇ ਕਾ। ਅਸੀਂ ਸਾਰੇ ਕੰਮ ਜ਼ਿਮੀਂਦਾਰਾਂ ਵਾਲੇ ਕਰਦੇ ਸੀ, ਮਿਲਣਾ ਵਰਤਣਾ ਵੀ ਚੁਗਿੱਟੀ, ਲਾਲੇ ਵਾਲੀ ਤੱਕ ਜ਼ਿਮੀਦਾਰਾਂ ਨਾਲ ਸੀ-ਮੇਰਾ ਬਚਪਨ ਦਲਿਤਾਂ ਵਾਂਗ ਨ੍ਹੀਂ ਸੀ ਗੁਜ਼ਰਿਆ-ਜ਼ਿਮੀਂਦਾਰਾਂ ਦੇ ਪਰਿਵਾਰ ਦੇ ਬੱਚੇ ਵਾਂਗ ਗੁਜ਼ਰਿਆ। ਆਦਤਾਂ ਵੀ ਉਹੀ ਤੇ ਖਾਣ ਪੀਣ ਵੀ ਉਹੋ ਜਿਹਾ ਹੀ ਰੱਖਿਆ।"

ਲੇਖਕਾਂ ਸਾਹਮਣੇ ਉਸ ਦੀ ਜਾਤ ਆ ਹੀ ਜਾਂਦੀ। ਜਿਨ੍ਹਾਂ ਲੇਖਕਾਂ/ਪਾਠਕਾਂ ਨੇ ਉਸ ਦੀ ਸ੍ਵੈ-ਜੀਵਨੀ 'ਗੈਰ-ਹਾਜ਼ਿਰ ਆਦਮੀ' ਪੜ੍ਹੀ ਸੀ, ਉਨ੍ਹਾਂ ਨੇ ਕਿਹਾ ਸੀ ਕਿ ਉਸ ਦੀ ਜੀਵਨੀ ਪੜ੍ਹ ਕੇ ਇਹ ਪਤਾ ਨਹੀਂ ਲੱਗਾ ਕਿ ਉਹਦੀ ਕਿਹੜੀ ਜਾਤ ਹੈ।

ਮੈਂ ਉਹਨੂੰ ਪੁੱਛਿਆ, "ਹਾਂ-ਵੱਡੇ ਭਾਈ ਤੇਰੀ ਜਾਤ ਕੀ ਆ?"

ਉਹਨੇ ਤ੍ਰਬਕ ਕੇ ਮੇਰੇ ਵੱਲ ਦੇਖਿਆ, "ਤੂੰ ਵੀ ਜਾਤਾਂ-ਪਾਤਾਂ 'ਚ ਵਿਸ਼ਵਾਸ ਰੱਖਦਾਂ?"

"ਨ੍ਹੀਂ।"

"ਫੇਰ ਤੂੰ ਪੁੱਛਿਆ ਕਿੱਦਾਂ?"

"ਮੈਂ ਤਾਂ ਦੂਜੇ ਲੋਕਾਂ ਲਈ ਪੁੱਛ ਰਿਹਾਂ।" ਕੁਝ ਦਿਨ ਪਹਿਲਾਂ ਪ੍ਰੇਮ ਪ੍ਰਕਾਸ਼ ਨੇ ਮਦਨ ਵੀਰੇ ਦੀ 'ਸਮਦਰਸ਼ੀ' ਵਿੱਚ ਛਪੀ ਇੰਟਰਵਿਊ ਪੜ੍ਹੀ ਸੀ। ਉਹ ਮੈਨੂੰ ਦੱਸਣ ਲੱਗਾ, "ਅੱਠ ਦੱਸ ਪੰਨਿਆਂ 'ਚ ਉਹਨੇ ਕਿਤੇ ਵੀ ਨ੍ਹੀਂ ਦੱਸਿਆ ਕਿ ਉਸ ਦੀ ਕਿਹੜੀ ਜਾਤ ਆ। ਜਾਤ ਦੱਸਦਿਆਂ ..ਕਿਉਂ ਪਾਟਦੀ ਆ? ਤੇਰਾ ਪ੍ਰੇਮ ਗੋਰਖੀ ਵੀ ਇਉਂ ਕਰਦਾ।" ਉਹ ਅਕਸਰ ਮੈਨੂੰ ਦਲਿਤ ਕਹਾਣੀਕਾਰਾਂ ਨਾਲ ਜੋੜ ਕੇ ਦੇਖਦਾ। ਇਸ

ਗੱਲੋਂ ਔਖਾ ਹੁੰਦਾ ਕਿ ਮੈਂ ਦਲਿਤਾਂ ਬਾਰੇ ਕਹਾਣੀਆਂ ਕਿਉਂ ਲਿਖਦਾਂ ਹਾਂ। ਮੇਰਾ ਉਹਨਾਂ ਨਾਲ ਜ਼ਿਆਦਾ ਉਠਣ ਬੈਠਣ ਕਿਉਂ ਹੈ। ਮੇਰੀ ਉਨ੍ਹਾਂ ਪ੍ਰਤੀ ਹਮਦਰਦੀ ਕਿਉਂ ਹੈ।

"ਮੈਂ ਪ੍ਰੇਮ ਦਾਸ ਚਮਾਰ ਆਂ। ਮੇਰੇ ਪਿਉ ਦਾ ਨਾਂ ਅਰਜਨ ਦਾਸ ਆ। ਸਾਡਾ ਗੋਤ ਹੀਰ ਆ।"

ਉਸ ਵੇਲੇ ਮੈਂ ਦੇਖਿਆ ਕਿ ਉਸ ਦੇ ਚਿਹਰੇ 'ਤੇ ਪੀਲੋ ਜਿਹੀ ਦੀ ਤਾਰ ਫਿਰ ਗਈ ਸੀ। ਜਿੱਦਾਂ ਮੇਰੀਆਂ ਗੱਲਾਂ ਨੇ ਉਹਨੂੰ ਮਾਨਸਿਕ ਕਸ਼ਟ ਪਹੁੰਚਾਇਆ ਹੋਵੇ। ਸ਼ਾਇਦ ਉਹ ਮੈਥੋਂ ਇਹ ਆਸ ਨਹੀਂ ਰੱਖਦਾ ਸੀ। ਆਪਣੇ ਘੇਰੇ ਦੇ ਦੋਸਤਾਂ ਤੋਂ ਉਸ ਨੂੰ ਇਹ ਉਮੀਦ ਨਹੀਂ ਸੀ। ਉਂਝ ਉਸ ਬਹੁਤ ਸਾਲ ਪਹਿਲਾਂ ਹੀ ਇਹ ਮੰਨ ਲਿਆ ਸੀ ਕਿ ਬੰਦੇ ਦੀ ਜਾਤ ਨਾਲ ਹੀ ਉਸ ਦੀ ਪਛਾਣ ਬਣਦੀ ਹੈ। ਸ਼ਾਇਦ ਇਸੇ ਲਈ ਉਸ ਆਪਣੇ ਕਹਾਣੀ ਸੰਗ੍ਰਹਿ ਦਾ ਨਾਂ 'ਅਰਜੁਨ ਸਫ਼ੈਦੀ ਵਾਲਾ' ਰੱਖਿਆ ਸੀ।

ਉਹ ਚਾਹੁੰਦਾ ਸੀ ਕਿ ਲੋਕ ਉਸਨੂੰ ਸਿਰਫ ਤੇ ਸਿਰਫ ਪ੍ਰੇਮ ਗੋਰਖੀ ਕਹਾਣੀਕਾਰ ਵਜੋਂ ਹੀ ਜਾਣਨ। ਉਸਨੂੰ ਸਿਰਫ ਇਕੋ ਇੱਕ ਗੱਲ ਸਤੁੰਸ਼ਟੀ ਦਿੰਦੀ ਸੀ ਕਿ ਉਸ ਦਾ ਆਪਣਾ ਪਾਠਕ ਵਰਗ ਸੀ। ਇਹੀ ਕਿਸੇ ਲੇਖਕ ਦੀ ਪ੍ਰਾਪਤੀ ਹੁੰਦੀ ਹੈ। ਇਸ ਦੀ ਇਕ ਉਦਾਹਰਣ ਹੈ–ਮਿਲਵਾਕੀ ਵਿੱਚ ਮਿਲਿਆ ਸੁਨੀਲ ਜੌੜਾ। ਸੁਨੀਲ ਨੇ ਗੋਰਖੀ ਨੂੰ ਖਾਲਸਾ ਕਾਲਜ, ਜਲੰਧਰ ਵਿੱਚ ਕਹਾਣੀ ਪੜ੍ਹਦਿਆਂ ਸੁਣਿਆ ਸੀ। ਫੇਰ ਉਹ ਪੜ੍ਹਾਈ ਦੇ ਬੇਸ 'ਤੇ ਅਮਰੀਕਾ ਆ ਗਿਆ। ਉਹਨੇ ਸੁਰਜੀਤ ਸੰਧੂ ਨਾਲ ਪ੍ਰੇਮ ਵਿਆਹ ਕਰਵਾਇਆ। ਉਹ ਗੋਰਖੀ ਦਾ ਛੁਪਿਆ ਹੋਇਆ ਪਾਠਕ ਸੀ। ਸੁਰਿੰਦਰ ਸੋਹਲ ਨੂੰ ਉਸ ਕਿਹਾ ਹੋਇਆ ਸੀ ਕਿ ਜਦੋਂ ਵੀ ਗੋਰਖੀ ਦੀ ਕੋਈ ਕਹਾਣੀ ਛਪੇ ਉਸ ਨੂੰ ਅਵੱਸ਼ ਪੜ੍ਹਾਇਆ ਕਰੇ। ਉਹ ਲਗਾਤਾਰ ਗੋਰਖੀ ਦੀਆਂ ਕਹਾਣੀਆਂ ਪੜ੍ਹਦਾ ਰਿਹਾ। ਜਦੋਂ ਉਸ ਦੀ ਮੁਲਾਕਾਤ ਗੋਰਖੀ ਨਾਲ ਹੋਈ ਤਾਂ ਉਹ ਬਹੁਤ ਹੀ ਭਾਵੁਕ ਹੋਇਆ। ਗੋਡੀ ਹੱਥ ਲਾ ਕੇ ਮਿਲਿਆ। ਆਪਣੇ ਘਰ ਲੈ ਗਿਆ। ਉਨ੍ਹਾਂ ਮੀਆਂ ਬੀਵੀ ਕੋਲ ਦੋ ਹੀ ਕਮਰੇ ਸਨ। ਉਸ ਨੇ ਗੋਰਖੀ ਨੂੰ ਦੱਸਿਆ ਕਿ ਉਹ ਸੁਨਿਆਰਿਆਂ ਦਾ ਮੁੰਡਾ ਹੈ ਤੇ ਸੁਰਜੀਤ ਜੱਟਾਂ ਦੀ ਕੁੜੀ ਹੈ। ਉਨ੍ਹਾਂ ਵਿੱਚ ਜਾਤ ਪਾਤ ਦਾ ਕੋਈ ਵਖਰੇਵਾਂ ਨਹੀਂ। ਇਕ ਆਤਮਿਕ ਸਾਂਝ ਹੈ। ਉਹਨੇ ਗੋਰਖੀ ਨੂੰ ਬਹੁਤ ਸਾਰੀਆਂ ਗੱਲਾਂ ਦੱਸੀਆਂ। ਗੋਰਖੀ ਕੋਲੋਂ ਪੁੱਛੀਆਂ। ਆਉਣ ਲੱਗਿਆ ਗੋਰਖੀ ਨੂੰ ਬਹੁਤ ਸਾਰੇ ਗਿਫ਼ਟ ਤੇ ਪੰਜ ਸੌ ਡਾਲਰ ਦਿੱਤੇ। ਇਸਦੇ ਗਿਫ਼ਟ ਵਿੱਚ ਇਕ ਤੋਤੇ ਰੰਗੀ ਕਮੀਜ਼ ਵੀ। ਜਿਸ ਨੂੰ ਗੋਰਖੀ ਕਿਸੇ ਖਾਸ ਮੌਕੇ 'ਤੇ ਹੀ ਪਾਉਂਦਾ। ਇਹ ਮੌਕਾ ਹੁੰਦਾ–ਭਾਈਏ ਅਰਜੁਨ ਦਾਸ ਦੀ ਬਰਸੀ ਦਾ। ਤੇ ਉਹ ਆਪਣੇ ਭਾਈਏ ਨਾਲ ਗੱਲਾਂ ਕਰਦਾ –ਭਾਈਆ–ਇਹ ਸਾਰਾ ਪ੍ਰਤਾਪ ਤੇਰੀਆਂ ਦਿੱਤੀਆਂ ਨਸੀਹਤਾਂ ਦਾ ਆ......। ਮੈਂ ਤੇਰੇ ਜਿਹਾ ਕਾਰੀਗਰ ਤਾਂ ਨਹੀਂ ਬਣਿਆ–ਬਸ ਨੇੜੇ ਤੇੜੇ ਹੀ ਘੁੰਮ ਰਿਹਾਂ। ਮੈਨੂੰ ਮਾਣ ਆ ਕਿ ਮੈਂ ਅਰਜੁਨ ਦਾਸ ਸਫੈਦੀ ਵਾਲੇ ਦਾ ਕਾਕਾ ਆਂ।


**********

ਇਕ ਹੋਰ ਸ਼ਾਮ।

ਅੱਜ ਮੈਂ ਜਗਜੀਤ ਸਿੰਘ ਦੀਆਂ ਗਾਈਆਂ ਗ਼ਜ਼ਲਾਂ ਆਈ ਪੈਡ 'ਤੇ ਨਾ ਲਾਈਆਂ। ਇਕਾਗਰ ਚਿੱਤ ਹੋ ਕੇ ਪ੍ਰੇਮ ਗੋਰਖੀ ਬਾਰੇ ਸੋਚਣ ਲੱਗਾ...

ਉਸ ਦਾ ਸੁਭਾਅ ਬੜਾ ਮਿਲਣਸਾਰ ਸੀ। ਕੋਈ ਕਿਸੇ ਕੰਮ ਲਈ ਕਹਿ ਦੇਵੇ, ਜੇ ਉਸ ਦੇ ਕਰਨ ਵਾਲਾ ਹੁੰਦਾ ਤਾਂ ਉਹ ਨਾਂਹ ਨਾ ਕਰਦਾ। ਐੱਨ. ਐੱਸ. ਰਤਨ ਟ੍ਰਾਂਸਪੋਰਟ ਡਿਪਾਰਟਮੈਂਟ ਦੇ ਸੈਕਟਰੀ ਬਣੇ। ਦਫ਼ਤਰ ਵਿੱਚ ਮੇਰੀ ਪੁੱਛਗਿੱਛ ਵੱਧ ਗਈ। ਕੁਝ ਦਿਨ ਪਹਿਲਾਂ ਮੈਂ ਹਰਬੰਸ ਸਿੰਘ ਦੀ ਨਵਾਂ ਸ਼ਹਿਰ ਤੋਂ ਜਲੰਧਰ ਦੀ ਬਦਲੀ ਕਰਵਾਈ ਸੀ। ਇਕ ਦੁਪਹਿਰ ਨੂੰ ਸੁਖਦੇਵ ਸਿੰਘ, ਅਕਾਊਂਟ ਅਫ਼ਸਰ, ਜਿਸ ਨੂੰ ਦਫ਼ਤਰ ਵਾਲੇ 'ਦੁੱਧ ਪੀਣਾ ਮਜਨੂੰ' ਕਹਿੰਦੇ ਸਨ, ਕਿਉਂਜੁ ਜਦੋਂ ਵੀ ਕੋਈ ਚਾਹ ਦੀ ਸੁਲਾਹ ਮਾਰਦਾ, ਉਹ ਦੁੱਧ ਦਾ ਗਲਾਸ ਮੰਗਵਾਉਣ ਲਈ ਕਹਿ ਦਿੰਦਾ, ਭਾਵੇਂ ਦਸ ਮਿੰਟ ਪਹਿਲਾਂ ਉਸ ਦੁੱਧ ਪੀਤਾ ਹੋਵੇ, ਨੇ ਮੈਨੂੰ ਬੁਲਾ ਕੇ ਕਿਹਾ, "ਆਪਣੇ ਦਾਰਾ ਸਿੰਘ ਦੀ ਫਿਰੋਜ਼ਪੁਰ ਦੀ ਬਦਲੀ ਹੋ ਗਈ। ਸੁਣਿਆ ਰਤਨ ਸਾਹਿਬ ਤੇਰੇ ਦੋਸਤ ਨੇ। ਇਹ ਬਦਲੀ ਰੁਕਵਾ।" ਮੈਂ ਆਪਣੀ ਮਜਬੂਰੀ ਦੱਸੀ ਤਾਂ ਉਹ ਬੋਲਿਆ, "ਸਾਨੂੰ ਪਤਾ ਕਿ

ਤੂੰ ਇਹ ਕੰਮ ਕਰਵਾ ਸਕਦਾਂ। ਦਾਰੇ ਦਾ ਨਵਾਂ-ਨਵਾਂ ਵਿਆਹ ਹੋਇਆ।" ਮੈਂ ਫਸ ਗਿਆ। ਭਾਲ ਕਰਨ ਲੱਗਾ ਕਿ ਹੁਣ ਕਿਸ ਦੀ ਸਿਫ਼ਾਰਸ ਲਈ ਜਾਵੇ ਜਾਂ ਕੌਣ ਇਹ ਕੰਮ ਕਰਵਾ ਸਕਦਾ। ਮੈਨੂੰ ਪ੍ਰੇਮ ਗੋਰਖੀ ਯਾਦ ਆ ਗਿਆ। ਉਸ ਨੂੰ ਫ਼ੋਨ ਕੀਤਾ ਤਾਂ ਉਸ ਕਿਹਾ ਕਿ ਕੋਈ ਨਾ ਆ ਜਾਉ। ਮੈਂ ਨਾਲ ਚਲਿਆਂ ਜਾਵਾਂਗਾ। ਤੀਜੇ ਦਿਨ ਮੈਂ ਤੇ ਦਾਰਾ ਸਿੰਘ ਚੰਡੀਗੜ੍ਹ ਗਏ। ਮੈਂ ਦਾਰਾ ਸਿੰਘ, ਪ੍ਰਚੇਜ਼ ਅਫ਼ਸਰ ਦੇ ਨਾਲ ਪ੍ਰੇਮ ਗੋਰਖੀ ਨੂੰ ਭੇਜਿਆ। ਆਪ ਨਾ ਗਿਆ। ਦਾਰਾ ਸਿੰਘ ਦੇ ਆਰਡਰ ਕੈਂਸਲ ਹੋ ਗਏ। ਚਾਰ ਕੁ ਸਾਲ ਮਗਰੋਂ ਉਹ ਮੈਨੂੰ ਚੰਡੀਗੜ੍ਹ ਵਾਲੇ ਦਫ਼ਤਰ ਮਿਲਣ ਆਇਆ ਤਾਂ ਮੈਂ ਉਸ ਨੂੰ ਦਾਰਾ ਸਿੰਘ ਕੋਲ ਲੈ ਗਿਆ। ਦਾਰਾ ਸਿੰਘ ਉਪਰਿਆਂ ਵਾਂਗੂ ਮਿਲਿਆ। ਉਹ ਮੇਰਾ ਤਤਕਾਲੀ ਹੈੱਡ ਸੀ। ਮੈਂ ਉਸ ਨੂੰ ਕੁੱਝ ਨਹੀਂ ਕਹਿ ਸਕਦਾ ਸੀ। ਪਰ ਮੈਨੂੰ ਉਸਦਾ ਵਰਤਾਓ ਚੰਗਾ ਨਾ ਲੱਗਾ। ਪ੍ਰੇਮ ਗੋਰਖੀ ਨੇ ਐਦਾਂ ਦਿਖਾਇਆ ਜਿੱਦਾਂ ਕੁਝ ਹੋਇਆ ਹੀ ਨਾ ਹੋਵੇ।


ਪ੍ਰੇਮ ਗੋਰਖੀ

ਉਸ ਦਾ ਨਾਂ ਦਲਿਤ ਕਹਾਣੀਕਾਰਾਂ ਦੀ ਲਿਸਟ ਵਿੱਚ ਸ਼ਾਮਿਲ ਹੋ ਗਿਆ। ਲੇਖਕ ਤੇ ਆਲੋਚਕ ਭੁੱਲ ਗਏ ਕਿ ਉਸ ਨੇ 'ਇਕ ਟਿੱਕਟ ਰਾਮਪੁਰਾ ਫੂਲ', 'ਦੁੱਧ ਧਾਰ' ਅਤੇ 'ਜੀਣ-ਮਰਨ' ਵਰਗੀਆਂ ਕਹਾਣੀਆਂ ਲਿਖੀਆਂ ਹਨ ਜਿਹੜੀਆਂ ਕਿ ਔਰਤ-ਮਰਦ ਸੰਬੰਧਾਂ / ਕਾਮ-ਪ੍ਰਵਿਰਤੀ ਨਾਲ ਸੰਬੰਧਤ ਹਨ। 'ਜੀਣ-ਮਰਨ' ਦਾ ਵਿਸ਼ਾ ਤਾਂ ਹੈ ਹੀ ਕਾਮ ਸੰਬੰਧ। ਇਸ ਦੇ ਪਾਤਰ ਬਿਸ਼ਨਾ, ਲੰਬੜ ਤੇ ਬਿਸ਼ਨੇ ਦੀ ਘਰਵਾਲੀ ਕਰਮੀ ਦੀ ਤ੍ਰਿਕੋਣ ਬਣਦੀ ਹੈ। ਉਸ ਦੇ ਘੋੜੇ ਤੇ ਬਲੈਕੀਆਂ ਦੀ ਘੋੜੀ ਦੇ ਕਾਮ-ਵੇਗ ਨੇ ਤੂਫ਼ਾਨ ਹੀ ਲਿਆ ਦਿੱਤਾ। ਡਾ. ਹਰਿਭਜਨ ਸਿੰਘ ਕਹਿੰਦਾ ਹੈ, "ਕਾਮ ਨੇ ਮਨੁੱਖ ਜਾਤੀ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਇਸ ਵਿੱਚ ਵਿਚਾਲੇ ਨਰ ਹਮੇਸ਼ਾ ਰੱਤੀ ਦਰਸ਼ਕ ਹਨ ਅਤੇ ਮਾਦਾ ਰਤੀ ਦ੍ਰਿਸ਼। ਲੰਬੜ ਦੀ ਕਰਮੀ ਪ੍ਰਤੀ ਕਾਮੁਕਤਾ ਦਾ ਪਿੰਡ ਦੇ ਸਭਨਾਂ ਮਰਦਾਂ ਨੂੰ ਬਿੜਕ ਹੈ, ਸਿਰਫ ਕਾਮ-ਦ੍ਰਿਸ਼ ਕਰਮੀ ਇਸ ਤੋਂ ਅਣਜਾਣ ਹੈ। ਪ੍ਰੇਮ ਗੋਰਖੀ ਨੇ ਕਾਮੀ ਮਨੁੱਖ ਦੇ ਆਦਿਮ ਵੇਗ ਦੀ ਪ੍ਰਮਾਣਿਕ ਝਲਕ ਪੇਸ਼ ਕਰਨ ਲਈ ਕਾਮੀ ਮਨੁੱਖ ਦੇ ਸਮਾਨੰਤਰ ਵੇਗ ਵਿੱਚ ਆਏ ਘੋੜੇ ਦਾ ਚਿੱਤਰ ਪੇਸ਼ ਕੀਤਾ ਹੈ। ਘੋੜਾ ਵੀ ਅਸੀਲਿਆ ਹੋਇਆ ਹੈ ਪਰ ਬਲੈਕੀਆਂ ਦੀ ਘੋੜੀ ਨੂੰ ਵੇਖ ਕੇ ਉਤੇਜਿਤ ਅਵਸਥਾ ਵਿੱਚ ਉਹ ਆਪਣੇ ਮਾਲਕ ਦੀ ਵੀ ਅਵੱਗਿਆ ਕਰਦਾ ਹੈ।" ਐਦਾਂ ਹੀ ਉਸ ਦੀ ਕਹਾਣੀ 'ਦੁੱਧ-ਧਾਰ' ਵਿੱਚ ਗੁਲਾਬ ਦਾ ਜੁਗਨੂੰ ਪ੍ਰਤੀ ਉਲਾਰ ਹੋਣਾ ਸੁਭਾਵਿਕ ਹੈ। ਗੁਲਾਬ ਆਪਣੇ ਨਾਲੋਂ ਵੀਹ ਸਾਲ ਵੱਡੇ ਜੀਜੇ ਨਾਲ ਵਿਆਹ ਨਹੀਂ ਕਰਵਾਉਣਾ ਚਾਹੁੰਦੀ ਤੇ ਨਾ ਹੀ ਉਸ ਦੇ ਮੁੰਡੇ ਦੀ ਮਾਂ ਬਣਨਾ ਚਾਹੁੰਦੀ ਹੈ। ਸੋਚਾਂ ਉਸ ਨੂੰ ਨੀਮ-ਪਾਗਲ ਕਰ ਦਿੰਦੀਆਂ ਹਨ। ਡੇਰੇ ਵਿੱਚ ਜਾ ਕੇ ਉਹ ਵਾਲ ਖਿਲਾਰ ਕੇ ਖੇਡਦੀ ਹੈ। ਥੱਕ ਜਾਂਦੀ ਹੈ। ਜੁਗਨੂੰ ਦੇ ਹੱਥਾਂ ਦੀ ਮਾਲਸ਼ ਨਾਲ ਉਹ ਠੀਕ ਹੋ ਜਾਂਦੀ ਹੈ। ਇਸੇ ਨੂੰ ਕਹਿੰਦੇ ਨੇ ਹਾਣ ਨੂੰ ਹਾਣ ਪਿਆਰਾ। ਸਾਡੇ ਆਲੋਚਕਾਂ ਦਾ ਇਹ ਤੇ ਉਸ ਦੀਆਂ ਹੋਰ ਕਹਾਣੀਆਂ ਵੱਲ ਧਿਆਨ ਹੀ ਨਹੀਂ ਜਾਂਦਾ।

(**ਸੰਪਰਕ-98148-03254**)

# ਪੰਜਾਬ ਕਥਾ ਵਿਚ ਸਦਾ ਹਾਜ਼ਰ ਰਹਿਣ ਵਾਲਾ ਕਥਾਕਾਰ ਪ੍ਰੇਮ ਗੋਰਖੀ

## - ਮੋਹਨ ਲਾਲ ਫਿਲੌਰੀਆ

ਪ੍ਰੇਮ ਜੰਮਿਆਂ ਤਾਂ ਗੁੜ ਵੰਡਿਆ ਗਿਆ। ਉਸ ਨੂੰ ਨਹੀਂ ਪਤਾ ਸੀ ਕਿ ਉਹ ਪ੍ਰੇਮ ਗੋਰਖੀ ਬਣ ਕੇ ਜਾਵੇਗਾ। ਉਹ ਤਾਂ ਨਿਮਾਣਾ ਸੀ। ਪ੍ਰੇਮ ਨਿਮਾਣਾ ! ਜਿਸ ਘਰ ਵਿਚ ਉਹ ਜੰਮਿਆ। ਉਹ ਮਿੱਟੀ ਗਾਰੇ ਦਾ ਬਣਿਆ ਹੋਇਆ ਸੀ। ਮਾਂ ਬਾਪ ਮਿੱਟੀ ਨਾਲ ਲਿਬੜੇ ਰਹਿੰਦੇ। ਗੋਰਖੀ ਵੱਡਾ ਹੋਇਆ ਤਾਂ ਉਸ ਨੇ ਮਹਿਸੂਸ ਕੀਤਾ ਕਿ ਲਾਡੋਵਾਲੀ ਦੇ ਸਾਰੇ ਲੋਕ, ਕੋਈ ਸ਼ਹਿਰ ਦਿਹਾੜੀ ਕਰਨ ਜਾਂਦਾ... ਰਾਜ ਮਿਸਤਰੀਆਂ ਨਾਲ ਮਜਦੂਰੀ ਕਰਦਾ। ਕੋਈ ਸੜਕਾਂ ਤੇ ਮਿੱਟੀ ਪਾਉਂਦਾ। ਕੋਈ ਭੱਠਿਆ ਤੇ ਇੱਟਾਂ ਪੱਥਣ ਜਾਂਦਾ। ਭੱਠਿਆ ਤੇ ਕੰਮ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਨਾ ਹੀ ਭੱਠੇ ਤੇ ਇੱਟਾਂ ਪੱਥਣੀਆਂ। ਕੱਚੀਆਂ ਇੱਟਾਂ ਨੂੰ ਚੁੱਕ ਕੇ ਭੱਠੇ ਵਿਚ ਚਿਣਨਾ। ਇਹ ਬਰੀਕੀ ਦਾ ਕੰਮ ਸੀ। ਕੱਚੀ ਇੱਟ ਟੁੱਟ ਨਾ ਜਾਵੇ। ਭੱਠੇ ਵਿਚ ਚਿਣੀਆਂ ਇੱਟਾਂ ਨੂੰ ਅੱਗ ਦੇਣੀ। ਅੱਗ ਦੇਣ ਵਾਲੇ ਹੋਰ ਹੁੰਦੇ। ਭੱਠੇ ਦੀ ਚਿਮਨੀ ਧੂੰਆਂ ਕੱਢਦੀ ਰਹਿੰਦੀ। ਇੱਟਾਂ ਪੱਕਦੀਆਂ ਰਹਿੰਦੀਆਂ। ਅੱਗ ਬਲ਼ਦੀ ਰਹਿੰਦੀ। ਸੇਕ ਦੂਰ ਤੱਕ ਆਉਂਦਾ। ਇੱਟਾਂ ਪੱਕਦੀਆਂ। ਅੱਗ ਬੰਦ ਹੁੰਦੀ। ਸੇਕ ਮੱਠਾ ਪੈਂਦਾ। ਹੌਲੀ ਹੌਲੀ ਅੱਗ ਬੁਝਦੀ ਅੱਗ ਠੰਢੀ ਹੋ ਜਾਂਦੀ। ਫਿਰ ਪੱਕੀਆਂ ਇੱਟਾਂ ਨੂੰ ਪੱਕਣ ਉਪਰੰਤ ਭੱਠੇ ਚੋਂ ਬਾਹਰ ਕੱਢਿਆ ਜਾਂਦਾ। ਇਸ ਕੰਮ ਨੂੰ ਨਿਕਾਸੀ ਕਿਹਾ ਜਾਂਦਾ। ਪੱਕੀਆਂ ਇੱਟਾਂ ਬਾਹਰ ਨਿਕਲਦੀਆਂ। ਕੁਝ 'ਅੱਵਲ' ਬਣਦੀਆਂ ਕੁਝ ਦੋਮ...ਪਰ ਗੋਰਖੀ ਆਪਣੇ ਨਿਮਨ ਸਮਾਜ 'ਚੋਂ ਨਿਕਲਿਆ 'ਅੱਵਲ' ਦਰਜੇ ਦਾ ਕਹਾਣੀਕਾਰ ਬਣਿਆ। ਕੁਝ ਜਿਆਦਾ ਰੜ ਜਾਂਦੀਆਂ ਤਾਂ ਉਹਨਾਂ ਨੂੰ 'ਮਨੂਰ' ਕਿਹਾ ਜਾਂਦਾ। ਇੱਟਾਂ ਨੂੰ ਛਾਂਟਿਆ ਜਾਂਦਾ। ਇੱਟ ਉੱਤੇ ਮਾਲਕ ਦਾ ਨਾਂ ਲਿਖਿਆ ਜਾਂਦਾ। ਪਥੇਰੇ ਦਾ ਨਹੀਂ। ਅੱਗ ਕੋਲ ਖੜਕੇ ਅੱਗ ਦੇਣ ਵਾਲੇ ਦਾ ਨਹੀਂ। 'ਨਿਕਾਸੀ' ਕਰਨ ਵਾਲੇ ਦਾ ਵੀ ਨਹੀਂ। ਮਾਲਕ ਜਾਂ ਠੇਕੇਦਾਰ ਕਦੀ ਕਦੀ ਆਉਂਦਾ। ਗੇੜਾ ਮਾਰਦਾ। ਕੋਈ ਪਥੇਰਾ ਮਜਦੂਰੀ ਮੰਗਦਾ ਤਾਂ ਕੱਲ੍ਹ ਦਾ ਲਾਰਾ ਲਾ ਕੇ ਚਲੇ ਜਾਂਦਾ। ਪਥੇਰੇ ਨੂੰ ਗੁੱਸਾ ਆਉਂਦਾ। ਉਹ ਦੋ ਇੱਟਾਂ ਚੁੱਕਦਾ ਇਕ ਨੂੰ ਦੂਜੀ ਨਾਲ ਖੜਕਾਉਂਦਾ। ਇੱਟ ਨਾ ਟੁੱਟਦੀ। ਟੰਨ-ਨ ਕਰਕੇ ਆਵਾਜ਼ ਆਉਂਦੀ। 'ਪਥੇਰੇ' ਨੂੰ ਸੰਗੀਤ ਜਿਹਾ ਮਹਿਸੂਸ ਹੁੰਦਾ। ਉਹ ਇੱਟ ਨਾਲ ਇੱਟ ਖੜਕਾਉਂਦਾ। ਕਚੀਚੀ ਵੱਟਦਾ। ਰਾਸ਼ਨ ਵਾਲੀ ਦੁਕਾਨ ਤੇ ਜਾ ਕੇ ਲਾਲੇ ਦੀਆਂ ਉਧਾਰ ਰਾਸ਼ਨ ਲਈ ਲੇਲ੍ਹੜੀਆਂ ਕੱਢਦਾ। ਉਹ ਤੁਰਿਆ ਤੁਰਿਆ ਜਾਂਦਾ ਸੋਚਦਾ। ਮਜਦੂਰ ਨੂੰ ਮਜਦੂਰੀ ਵੀ ਨਹੀਂ ਮਿਲਦੀ। ਜਦ ਕਿ ਇੱਟਾਂ ਵੇਚ ਕੇ ਮਾਲਕ 'ਮੁਨਾਫਾ' ਹੜਪ ਕਰਦਾ ਹੈ। ਪਥੇਰਾ ਦੰਦ ਕਰੀਚਦਾ। ਉਸ ਦਾ ਖੂਨ ਖੌਲਦਾ। ਭੱਠਾ ਮਜਦੂਰ ਜੁਨੀਅਨ ਵਾਲਿਆਂ ਦੀਆਂ ਗੱਲਾਂ ਯਾਦ ਆਉਂਦੀਆਂ। ਪ੍ਰੇਮ ਗੋਰਖੀ ਦੇ ਦਿਮਾਗ ਵਿਚ 'ਪਥੇਰੇ' ਪਸਰੇ ਹੋਏ ਸਨ। ਜਿਹੜੇ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ। ਮਿੱਟੀ ਨਾਲ ਲਿਬੜੇ ਰਹਿੰਦੇ। ਅਸਲ ਵਿਚ ਉਹ ਮਿੱਟੀ ਦੇ ਰੰਗ ਨਾਲ ਰੰਗੇ ਰਹਿੰਦੇ। ਇਹਨਾਂ ਮਿੱਟੀ ਰੰਗੇ ਲੋਕਾਂ ਦੀ ਗੱਲ ਪ੍ਰੇਮ ਗੋਰਖੀ ਨੇ ਆਪਣੀ ਪੁਸਤਕ 'ਮਿੱਟੀ ਰੰਗੇ ਲੋਕ' ਵਿਚ ਕੀਤੀ। ਪ੍ਰੇਮ ਨੇ ਕਹਾਣੀਆਂ ਲਿਖੀਆਂ ਤੇ ਇਹਨਾਂ ਪਥੇਰਿਆਂ ਬਾਰੇ ਗੁਰਦਾਸ ਰਾਮ ਆਲਮ ਨੇ ਕਵਿਤਾ ਲਿਖੀ। ਗੱਲ ਰੁੱਕੀ ਨਹੀਂ। ਗੋਰਖੀ ਦੇ ਵਿਰਸੇ ਵਿਚ ਆਲੂ ਬੀਜਣੇ, ਆਲੂ ਗੁੱਡਣੇ, ਆਲੂ ਪੁੱਟਣੇ, ਸਟੋਰਾਂ ਵਿਚ ਜਮਾਂ ਕਰਨੇ, ਗੰਨਿਆਂ ਦੀਆਂ ਟਰਾਲੀਆਂ ਭਰਨੀਆਂ, ਲਾਹੁਣੀਆਂ ਵੀ ਲਿਖਿਆ ਸੀ। ਉਸ ਦਾ ਬਾਪ... ਅੱਗੋਂ ਉਸ ਦਾ ਬਾਪ ਸਭ ਬੇ-ਜ਼ਮੀਨੇ।

25 ਅਪ੍ਰੈਲ, 2021 ਨੂੰ 'ਅਰਜਨ ਸਫ਼ੈਦੀ ਵਾਲੇ' ਦਾ 'ਮਿੱਟੀ ਰੰਗਾ ਧਰਤੀ ਪੁੱਤਰ' ਲਿਖਣਾ ਛੱਡ ਗਿਆ। ਅਰਜਨ 'ਤਿੱਤਰ ਖੰਭੀ ਜੂਹ' 'ਚ ਨੰਗੇ ਪੈਰੀਂ ਮਿੱਟੀ ਨਾਲ ਮਿੱਟੀ ਹੁੰਦਾ, ਭੱਠੇ ਤੇ ਇੱਟਾਂ ਪੱਥਦਾ। ਕਣਕਾ ਵੱਢਦਾ। ਦਾਣੇ ਕਢਦਾ। 'ਜੀਣ ਮਰਨ' ਦਾ ਮਸਲਾ ਰੁੱਝੇ, ਜਿਉਂਦੇ ਜੀਆਂ ਨੂੰ ਦੇਖਦਾ 'ਅਰਜਨ ਸਫੈਦੀ ਵਾਲਾ' ਕੰਧਾਂ ਤੇ ਸਫ਼ੈਦੀ ਕਰਦਾ। ਸਫ਼ੈਦੀ ਦੀ ਇਕ ਬੂੰਦ ਵੀ ਧਰਤੀ 'ਤੇ ਨਾ ਡਿੱਗਣ ਦਿੰਦਾ।




**ਪ੍ਰੇਮ ਗੋਰਖੀ ਅਤੇ ਮੋਹਨ ਲਾਲ ਫਿਲੌਰੀਆ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ**

ਅਰਜਨ ਜੁੱਤੀਆਂ ਗੰਢਦਾ। ਟਾਂਗਾ ਚਲਾਉਂਦਾ। ਗਿਆਨ ਵੰਡਦਾ। ਮੱਤਾਂ ਦਿੰਦਾ ਘੋੜੇ ਦਾ ਢਿੱਡ ਭਰਦਾ ਨਿਆਣਿਆਂ ਨੂੰ ਪਾਲਦਾ। ਪਾਰਖੂ ਅੱਖਾਂ ਨਾਲ ਆਏ ਗਏ ਨੂੰ ਪਰਖਦਾ। ਉਹ ਹਾਜ਼ਰ ਰਹਿ ਕੇ ਆਪਣੀ ਹੋਂਦ ਦਾ ਗਵਾਹ ਆਪ ਸੀ। ਅਰਜਨ ਦੇ ਘਰ ਜਿਸ ਪੁੱਤਰ ਦਾ ਜਨਮ ਰੌਲਿਆਂ ਤੋਂ ਕੁਝ ਦਿਨ ਪਹਿਲਾਂ ਹੋਇਆ। ਉਸ ਦਾ ਨਾਂ ਪ੍ਰੇਮ ਰੱਖਿਆ ਗਿਆ।

ਅਰਜਨ ਦਾ ਵਿਚਾਰ ਸੀ। ਢਾਈ ਅੱਖਰ ਪ੍ਰੇਮ ਦੇ ਪੜ੍ਹੇ ਸੋ ਪੰਡਤ ਹੋਏ। ਪੰਡਤ ਹੋਣ ਦੀ ਲਗਨ ਵਿਚ ਗੋਰਖੀ ਦੀ ਪਾਰਖੂ ਅੱਖ ਵੀ ਵਧੀਕਿਆਂ ਵਾਲੀਆਂ ਵਾਰਦਾਤਾਂ ਵਿਚਲੀਆਂ ਅਣਪਚਵੀਆਂ ਘਟਨਾਵਾਂ ਨੂੰ ਫੜਨ ਲੱਗੀ। ਸੰਤਾਲੀ ਤੋਂ ਬਾਅਦ ਪਿੰਡਾਂ 'ਚ ਸਕੂਲ ਖੁੱਲ੍ਹੇ ਤਾਂ ਸਕੂਲਾਂ ਦੇ ਦਰਵਾਜ਼ੇ ਦੱਬਿਆ ਕੁਚਲਿਆ ਲਈ ਵੀ ਖੁੱਲ੍ਹੇ। ਦੱਬਿਆਂ ਕੁਚਲਿਆ ਕੋਲ ਜ਼ਮੀਨਾਂ ਨਹੀਂ ਸਨ ਨਾ ਕਾਰਖਾਨੇ ਸਨ ਨਾ ਖੁੱਲ੍ਹਾ ਧੰਨ। ਉਹੀ ਦਿਹਾੜੀ ਦੱਪਾ। ਗੋਰਖੀ ਦਾ ਜਿਥੇ ਜਨਮ ਹੋਇਆ ਉਥੇ ਲਾਡੋਵਾਲੀ ਦੇ ਲੋਕ ਭੂਨੇ ਬਣਾਉਣ ਦਾ ਕੰਮ ਕਰਦੇ। ਇਹ ਵੀ ਇਕ ਕਿਸਬ ਸੀ। ਕਰਮ ਸੀ।

ਗੋਰਖੀ ਦਸਵੀਂ ਤਕ ਪੜ੍ਹਿਆ। ਗਿਆਨੀ ਕੀਤੀ। ਉਸ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪ੍ਰਵੇਸ਼ ਤਾਂ ਕੀਤਾ ਪਰ ਪੜ੍ਹਨ ਲਈ ਡਿਗਰੀ ਲੈਣ ਵਾਸਤੇ ਨਹੀਂ। ਪੇਟ ਭਰਨ ਲਈ। ਨੌਕਰੀ ਲਈ। ਉਸ ਨੂੰ ਲਾਇਬਰੇਰੀ ਵਿਚ ਚਪੜਾਸੀ ਲੱਗਣਾ ਪਿਆ। ਉਸ ਨੂੰ ਪੜ੍ਹਨ ਦੀ ਚੇਸ਼ਟਾ ਸੀ ਉਸ ਨੇ ਲਾਇਬਰੇਰੀ ਦੀਆਂ ਪੁਸਤਕਾਂ ਪੜ੍ਹਨੀਆਂ ਸ਼ੁਰੂ ਕੀਤੀਆਂ। ਉਹ ਪੁਸਤਕ ਪੜ੍ਹਦਾ ਤਾਂ ਉਸ ਨੂੰ ਉਸ ਪੁਸਤਕ ਵਿਚੋਂ 'ਮਿੱਟੀ ਰੰਗੇ ਲੋਕ' ਹੀ ਨਜ਼ਰ ਆਉਂਦੇ। ਕੋਈ ਟਾਂਗਾ ਚਲਾ ਰਿਹਾ ਤੇ ਕੋਈ ਰਿਕਸ਼ਾ। ਕੋਈ ਨਾਲੀਆਂ ਸਾਫ਼ ਕਰ ਰਿਹਾ ਤੇ ਕੋਈ ਸੜਕਾਂ 'ਤੇ ਬੱਜਰੀ ਵਿਛਾ ਰਿਹਾ। ਸਾਰੇ 'ਮਿਹਨਤੀ' ਤੇ 'ਵਿਹਲੜ' ਕਿਸਮ ਦੇ ਲੋਕ ਇਹਨਾਂ ਨੂੰ ਨਫ਼ਰਤ ਤੇ ਵਿਤਕਰੇ ਭਰੀਆਂ ਨਿਗਾਹਾਂ ਨਾਲ ਦੇਖਦੇ। ਗੋਰਖੀ ਦਾ ਬਾਲ ਮਨ ਖਿਝਦਾ। ਇਨਕਲਾਬ ਦਾ ਨਾਹਰਾ ਮਾਰਨ ਵਾਲੇ ਲੋਕ ਚੰਗੇ ਲਗਦੇ। ਜਿਸ ਵਿਚ 'ਨਵਾਂ ਜ਼ਮਾਨਾਂ' ਅਖ਼ਬਾਰ ਵੀ ਸੀ। ਜਿਵੇਂ ਕਿਵੇਂ ਗੋਰਖੀ ਦਿਹਾੜੀ ਦੱਪਾ ਛੱਡ ਕੇ 'ਨਵਾਂ ਜ਼ਮਾਨਾ' ਵਿਚ ਪ੍ਰਵੇਸ਼ ਕਰ ਗਿਆ। ਪਰੂਫ਼ ਪੜ੍ਹਨ ਦਾ ਕੰਮ ਵੀ ਕਰਨ ਲੱਗਾ। ਦੱਬਿਆ ਕੁੱਚਲਿਆ ਦੀਆਂ ਖ਼ਬਰਾਂ। ਦੱਬਿਆਂ ਕੁੱਚਲਿਆਂ ਬਾਰੇ ਸਾਹਿਤ।

ਇਹ ਸਾਰਾ ਕੁਝ ਉਸ ਨੂੰ ਆਪਣੀਆਂ ਹੱਡ ਬੀਤੀਆਂ ਲਗਦੀਆਂ। ਉਸ ਨੂੰ ਪ੍ਰੇਰਨਾ ਮਿਲੀ। ਉਸ ਕਲਮ ਚੁੱਕ ਲਈ ਉਸ ਲਿਖਣਾ ਸ਼ੁਰੂ ਕੀਤਾ। ਉਸ ਦੀਆਂ ਲਿਖਤਾਂ ਨੂੰ ਸਵੀਕਾਰ ਕੀਤਾ ਗਿਆ। ਉਹ ਲੇਖਕ ਬਣ ਗਿਆ। ਉਹ 'ਅਜੀਤ' ਅਖਬਾਰ ਵਿਚ ਚਲਾ ਗਿਆ।

********

ਮੇਰੀ ਸੋਚ ਬਹੁਤ ਪਿੱਛੇ ਪਰਤਦੀ ਹੈ।

ਇਕ ਦਿਨ ਗੁਰਦੀਪ ਦਾ ਫੋਨ ਆਇਆ, "ਭਾਅ ਜੀ ਮੈਂ ਮਿਸਜ ਗੋਰਖੀ ਬੋਲ ਰਹੀ ਹਾਂ।"

"ਹਾਂ ਜੀ... ਹਾਂ ਜੀ।" ਕਿੱਦਾ ਸਭ ਠੀਕ ਹੈ।

"ਹਾਂ ਭਲਾ ਗੋਰਖੀ ਸਾਹਿਬ ਪਹੁੰਚ ਗਏ ਤੁਹਾਡੇ ਕੋਲ?" ਗੋਰਖੀ ਦੇ ਤੁਰ ਜਾਣ ਤੋਂ ਮਹੀਨਾ ਕੁ ਪਹਿਲਾਂ ਦੀ ਗੱਲ ਹੈ।

'ਨਹੀਂ ਮੇਰੇ ਕੋਲ ਤਾਂ ਨਹੀਂ ਪਹੁੰਚੇ।"

"ਤੁਸੀਂ ਭਲਾ ਕਚਹਿਰੀ ਹੋ ਨਾ... ਵਕੀਲ ਭਾਅ ਜੀ ਮੋਹਨ ਲਾਲ ਬੋਲ ਰਹੇ ਹੋ?"

"ਹਾਂ ਹਾਂ... ਸਭ ਠੀਕ ਹੈ ਨਾ।"

"ਭਾਅ ਜੀ ਮੈਂ ਕੀ ਕਰਾਂ ਇਸ ਬੰਦੇ ਦਾ... ਕਹਿ ਕੇ ਕਿਤੇ ਜਾਂਦੇ ... ਜਾਂਦੇ ਕਿਤੇ ਆ...।" ਫੋਨ ਬੰਦ ਹੋ ਗਿਆ।

ਫਿਰ ਉਸ ਨੇ ਗੋਰਖੀ ਨੂੰ ਫੋਨ ਕੀਤਾ। ਗੋਰਖੀ ਨੇ ਕੀ ਕਿਹਾ ਪਤਾ ਨਹੀਂ। ਗੋਰਖੀ ਦਾ ਮੈਨੂੰ ਫੋਨ ਆਇਆ, "ਪਿਆਰਿਓ ! ਕੀ ਹਾਲ ਹੈ?"

"ਹਾਲ ਤਾਂ ਹੋਇਆ, ਘਰੋਂ ਵਾਰੰਟ ਨਿਕਲੇ ਫਿਰਦੇ, ਗੁਰਦੀਪ ਦਾ ਫੋਨ ਸੀ।"

"ਉਹ ਯਾਰ ! ਜਦੋਂ ਦੀ ਮੇਰੇ ਸੱਟ ਲੱਗੀ ਏ... ਮੇਰਾ ਕੁਝ ਜਿਆਦਾ ਈ ਫਿਕਰ ਕਰਨ ਲੱਗ ਪਈ ਏ। ਹੁਣ ਭਲਾ ਦੱਸੋ... ਮੈਂ ਤੁਹਾਡਾ ਹੀ ਕਹਿ ਕੇ ਆਇਆ ਸੀ। ਤੁਹਾਡੇ 'ਤੇ ਯਕੀਨ ਕਰਦੀ ਆ। ਤੁਹਾਨੂੰ ਉਹ ਬਹੁਤ ਸਿਆਣਿਆ 'ਚ ਗਿਣਦੀ... ਹੁਣ ਫੋਨ ਆਇਆ ਤਾਂ ਕਹਿ ਦੇਣਾ। ਪਹੁੰਚ ਗਿਆ। ਬਾਹਰ ਕੋਈ ਮਿਲ ਪਿਆ।" ਅਸੀਂ ਬੈਠੇ ਰੇਹੜੀ ਤੇ ਚਾਹ ਪੀਂਦੇ ਪਏ ਸੀ। ਗੁਰਦੀਪ ਦਾ ਫਿਰ ਫੋਨ ਆਇਆ। ਮੈਂ ਕਿਹਾ, "ਹਾਂ ਪਹੁੰਚ ਗਏ। ਬਾਹਰ ਕੋਈ ਮਿਲ ਗਿਆ। ਮੈਂ ਇਕ ਕੇਸ ਸਬੰਧੀ ਕੋਰਟ ਵਿਚ ਆਇਆ ਹੋਇਆ ਹਾਂ।" ਮੁੜ ਗੁਰਦੀਪ ਦਾ ਫੋਨ ਨਹੀਂ ਆਇਆ। ਸ਼ਾਮ ਪੈ ਗਈ। ਮੈਂ ਘਰ ਆ ਗਿਆ। ਫੋਨ ਦੀ ਘੰਟੀ ਵੱਜੇ ਤਾਂ ਲੱਗੇ ਇਹ ਫੋਨ ਗੋਰਖੀ ਦਾ ਹੋਵੇਗਾ ਜਾਂ ਗੁਰਦੀਪ ਦਾ?

ਅਗਲੇ ਦਿਨ 10 ਵਜੇ ਮੈਂ ਕਚਹਿਰੀ ਗਿਆ ਤਾਂ ਗੋਰਖੀ ਮੇਰੇ ਜਾਣ ਤੋਂ ਪਹਿਲਾਂ ਹੀ ਸਾਡੇ ਦਫ਼ਤਰ ਬੈਠਾ ਸੀ। "ਉਹ ਪਿਆਰਿਓ ! ਕਲ੍ਹ ਮੈਂ ਤੁਹਾਡੇ ਕੋਲ ਈ ਆਇਆ ਸੀ ਮੈਨੂੰ ਪਤਾ ਹੀ ਨਹੀਂ ਲੱਗਾ ਮੈਂ ਕਿਹੜੇ ਵੇਲੇ ਗੜ੍ਹੇ ਜਾ ਵੜਿਆ। ਮੈਂ ਉਥੇ ਗੰਨਾ ਫਾਰਮ ਲੱਭੀ ਜਾਵਾਂ। ਬੜੀਆਂ ਦਿਹਾੜੀਆਂ ਕਰਨ ਆਉਂਦੇ ਰਹੇ ਉਥੇ। ਸਾਡੇ ਬੀਬੀ ਹੋਣੀ ਕੱਖਾਂ ਨੂੰ ਦੋ ਟਾਇਮ ਆਉਂਦੀਆਂ ਸੀ। ਸਾਰੇ ਖੇਤ ਸੀ। ਹੁਣ ਨਹੀਂ ਪਤਾ ਲਗਦਾ। ਅੱਛਾ ! ਅੱਜ ਮੈਂ ਸ਼ਾਮ ਤੱਕ ਵੇਹਲਾ ਹੀ ਆਂ। ਆਪਾਂ ਬਸ ਅੱਜ ਗੱਲਾਂ ਹੀ ਕਰਨੀਆਂ।" ਗੋਰਖੀ ਬੋਲ ਰਿਹਾ ਸੀ। ਸਾਡੇ ਸੀਨੀਅਰ ਵਕੀਲ ਹੁਕਮ ਚੰਦ ਰਿਟਾਇਰਡ ਜੱਜ ਵੀ ਆ ਗਏ ਮੈਂ ਉਹਨਾਂ ਨੂੰ ਗੋਰਖੀ ਬਾਰੇ ਦੱਸਿਆ। ਉਹ ਬੜੇ ਖੁਸ਼ ਹੋਏ। "ਤੁਹਾਡਾ ਨਾਂ ਬਹੁਤ ਸੁਣਿਆ।" ਹੁਕਮ ਚੰਦ ਜੱਜ ਦੀ ਜੋਗਿੰਦਰ ਕੈਰੋਂ ਨਾਲ ਨੇੜਤਾ ਸੀ। ਹੁਕਮ ਚੰਦ ਪੰਜਾਬ ਵਿਚ ਜੱਜ ਰਹੇ। ਉਮਰ 80 ਸਾਲ ਸੀ। ਉਹ ਸਾਹਿਤਕਾਰਾਂ ਨੂੰ ਮਿਲਦੇ ਤਾਂ ਬਹੁਤ ਉੱਚਾ ਮਹਿਸੂਸ ਕਰਦੇ। ਉਨ੍ਹਾਂ ਦੇ ਟਾਇਮ ਦੇ ਬਹੁਤ ਜੱਜ ਅਜੇ ਨੌਕਰੀ ਵਿਚ ਸਨ। ਹੁਕਮ ਚੰਦ ਜੱਜ ਸਾਹਿਤਕਾਰਾਂ ਨੂੰ ਮਿਲ ਕੇ ਖੁਸ਼ ਹੁੰਦੇ। ਖੁਦ ਉਹਨਾਂ ਪ੍ਰਭਾਕਰ ਕਰਕੇ ਬੀ. ਏ. ਕੀਤੀ ਸੀ। ਫਿਰ ਐਲ. ਐਲ. ਬੀ.। ਹੁਣ ਉਹ ਵੀ ਅਲਵਿਦਾ ਕਹਿ ਗਏ ਹਨ। ਖ਼ੈਰ ਦੁਪਹਿਰ ਹੋ ਹੋਈ ਮੈਂ ਪੁੱਛਿਆ, "ਖਾਣਾ ਕੀ ਹੈ?" ਉਹ ਕਹਿਣ ਲੱਗਾ, "ਮੈਂ ਤਾਂ ਰੇਹੜੀ ਤੋਂ ਛੋਲੇ ਭਟੂਰੇ ਖਾਣੇ।" ਛੋਲੇ ਭਟੂਰੇ ਖਾਂਦਿਆਂ ਬੜੀਆਂ ਗੱਲਾਂ ਕੀਤੀਆਂ। ਸਾਹਿਤਕ ਵੀ ਤੇ ਗੈਰ ਸਾਹਿਤਕ ਵੀ।



**ਲਿਖਾਰੀ ਸਭਾ ਰੂਪਨਗਰ ਦੇ ਸਮਾਗਮ ਵਿਚ ਕਹਾਣੀ ਪੜ੍ਹਦੇ ਹੋਏ ਪ੍ਰੇਮ ਗੋਰਖੀ**

ਕਹਾਣੀਆਂ ਬਾਰੇ ਵੀ ਅਤੇ ਜਲੰਧਰ ਦੇ ਪੁਰਾਣੇ ਜਾਣੂਆਂ ਬਾਰੇ ਵੀ। ਮੈਂ ਅੱਧਾ ਕਿਲੋ ਬੇਸਣ ਮੰਗਵਾਇਆ। ਚਾਹ ਵੀ। ਬੇਸਣ ਦੇਖ ਕੇ ਗੋਰਖੀ ਬੜਾ ਖੁਸ਼ ਹੋਇਆ। ਬੇਸਣ ਉਸ ਦੀ ਪਸੰਦ ਦੀ ਵਸਤੂ। ਪੰਜਾਬੀ ਟ੍ਰਿਬਿਊਨ ਦੇ ਦਫ਼ਤਰ ਜਾਣਾ ਤਾਂ ਉਸ ਨੇ ਕੰਟੀਨ 'ਚੋਂ ਚਾਹ ਦੇ ਨਾਲ ਦੋ ਪੀਸ ਬੇਸਣ ਦੇ ਜ਼ਰੂਰ ਲੈਣੇ। ਗੋਰਖੀ ਉਸ ਦਿਨ ਸਾਰਾ ਦਿਨ ਕਚਹਿਰੀ 'ਚ ਮੇਰੇ ਕੋਲ ਬੈਠਾ ਰਿਹਾ। ਉਹਨੇ ਤਿੰਨ ਚਾਰ ਵਾਰ ਗੁਰਦੀਪ ਨੂੰ ਫੋਨ ਕੀਤਾ। "ਮੈਂ ਅੱਜ ਪੂਰਾ ਦਿਨ ਫਿਲੌਰੀਆ ਸਾਹਿਬ ਕੋਲ ਬੈਠਾ। ਲੈ ਆਹ ਲੈ ਗੱਲ ਕਰ ਲੈ।" ਗੋਰਖੀ ਬੜਾ ਬੀਬਾ ਪੁੱਤ ਬਣਿਆ ਬੈਠਾ ਸੀ। ਸਿਰ ਦੀ ਸੱਟ ਕਾਰਨ ਉਹਨੂੰ ਕਈ ਗੱਲਾਂ ਭੁੱਲ ਵੀ ਜਾਂਦੀਆਂ ਸਨ।

ਫਿਰ ਉਸ ਨੇ ਆਪਣੇ ਭਤੀਜੇ ਨੂੰ ਫ਼ੋਨ ਕੀਤਾ ਕਿ ਮੈਨੂੰ ਆ ਕੇ ਲੈ ਜਾ ਉਹ ਆ ਕੇ ਲੈ ਗਿਆ। ਉਹ ਜਾਣ ਲੱਗਾ ਫਿਰ ਮਿਲਿਆ, "ਇਹ ਕਰੋਨਾ... ਕਰੂਨਾ... ਕੁਝ ਨਹੀਂ... ਮਿਲਿਆ ਗਿਲਿਆ ਕਰੋ... ਮੇਲ ਜੋਲ ਬਣਿਆ ਰਹੇ ਤਾਂ ਬਣਿਆ ਰਹੇ... ਟੁੱਟ ਗਿਆ ਤਾਂ ਟੁੱਟ ਗਿਆ।" ਗੋਰਖੀ ਨਾਲ ਇਹ ਮੁਲਾਕਾਤ ਆਖਰੀ ਹੋ ਨਿਬੜੀ। ਗੋਰਖੀ ਚਲੇ ਗਿਆ ਤੇ ਚਲੇ ਗਿਆ। ਉਸ ਦੇ ਭਤੀਜੇ ਨੇ ਮੇਰੇ ਪੈਰੀਂ ਹੱਥ ਲਾਇਆ। ਉਹ ਝੁਕਿਆ। ਇਹ ਉਹੀ ਭਤੀਜਾ ਜਿਸ ਲਈ ਗੋਰਖੀ ਦੋ ਕੁ ਮਹੀਨੇ ਪਹਿਲਾ ਇਸ ਉੱਤੇ ਪਏ ਕੇਸ ਨੂੰ ਹੱਲ ਕਰਨ ਲਈ ਮੇਰੇ ਕੋਲ ਲੈ ਕੇ ਆਇਆ ਸੀ। ਫ਼ਿਕਰ ਸੀ ਮੁੰਡਾ ਦਾਗੀ ਨਾ ਹੋ ਜਾਵੇ।

******

ਮੇਰੀ ਸੋਚ ਕਈ ਮਹੀਨੇ ਪਿੱਛੇ ਨੂੰ ਪਰਤਦੀ ਹੈ। ਗੋਰਖੀ ਦਾ ਭਤੀਜਾ ਕੇਸ ਵਿਚੋਂ ਬਰੀ ਹੋ ਗਿਆ। ਜੱਜ ਨੇ ਆਖਿਆ, "ਜਾਓ ਕਾਕਾ ਤੁਹਾਨੂੰ ਡਿਸਚਾਰਜ ਕੀਤਾ।" ਗੋਰਖੀ ਨੂੰ ਗੱਲ ਸਮਝ ਨਾ ਪਈ। ਜੱਜ ਦੇ ਹੁਕਮ ਸੁਣ ਕੇ ਅਸੀਂ ਬਾਹਰ ਆ ਗਏ। ਬਾਹਰ ਆਉਣ ਤੋਂ ਪਹਿਲਾਂ ਅਸੀਂ ਰੀਡਰ ਵੱਲ ਦੇਖਿਆ। "ਜਾਓ ਜੱਜ ਸਾਹਿਬ ਨੇ ਤੁਹਾਨੂੰ ਬਰੀ ਕਰ ਦਿੱਤਾ।" ਰੀਡਰ ਨੇ ਮੁਸਕਰਾਉਂਦੇ ਹੋਏ ਕਿਹਾ।

"ਕਾਕਾ ਅੱਗੇ ਤੋਂ ਏਦਾਂ ਦੀ ਸ਼ਿਕਾਇਤ ਨਾ ਆਵੇ।"

ਤਿੰਨ ਮੁੰਡਿਆ ਨੇ ਹੱਥ ਜੋੜੇ ਮੈਂ ਇਹਨਾਂ ਤਿੰਨ ਮੁੰਡਿਆ ਦਾ ਵਕੀਲ ਸੀ। ਇਕ ਕੁੜੀ ਦੀ ਸ਼ਿਕਾਇਤ ਸੀ ਕਿ ਇਹ ਤਿੰਨੋਂ ਮੁੰਡੇ ਉਹਨਾਂ ਦੇ ਮੁਹੱਲੇ ਦੇ ਸਨ। ਕੁੜੀ ਜਦੋਂ ਸਵੇਰੇ ਤਿਆਰ ਹੋ ਕੇ ਕੰਮ ਤੇ ਜਾਂਦੀ ਤਾਂ ਇਹ ਤਿੰਨੋਂ ਉਸ ਦਾ ਪਿੱਛਾ ਕਰਦੇ ਸਨ। ਉਲਟੇ ਸਿੱਧੇ ਕੁਮੈਂਟਸ ਕਰਦੇ ਸਨ। ਉਨ੍ਹਾਂ ਤਿੰਨਾਂ ਮੁੰਡਿਆ 'ਚ ਉਸ ਕੁੜੀ ਦੇ ਇਕ ਤਾਏ ਦਾ ਪੁੱਤ (ਭਰਾ) ਅਤੇ ਇਕ ਪ੍ਰੇਮ ਗੋਰਖੀ ਦਾ ਭਤੀਜਾ ਅਤੇ ਇਕ ਤੀਜਾ ਉਹਨਾਂ ਦਾ ਦੋਸਤ। ਅਸਲ ਵਿਚ ਕੁੜੀ ਕਿਸੇ ਚੌਥੇ ਮੁੰਡੇ ਨਾਲ ਆਉਂਦੀ ਜਾਂਦੀ ਸੀ। ਕੁੜੀ ਜੁਆਨ... ਬਣ ਠਣ ਕੇ ਨਿਕਲਦੀ। ਫਿਰ ਕਿਸੇ ਰਸਤੇ ਵਿਚ ਬਿਊਟੀ ਪਾਰਲਰ ਤੇ ਰੁਕ ਕੇ ਹੇਅਰ ਸਟਾਈਲ ਬਦਲ ਕੇ ਕੰਮ ਵਾਲੀ ਜਗ੍ਹਾ ਤੇ ਪਹੁੰਚਦੀ।

ਜਿਵੇਂ ਸਮਝਾਇਆ ਕੁੜੀ ਨੇ ਸਮਝਿਆ ਤੇ ਸ਼ਕਾਇਤ ਕਰ ਦਿੱਤੀ। ਕੋਈ ਭਲਾ ਪੁਲਸੀਆਂ ਆਇਆ ਤੇ ਸਚਾਈ ਸਮਝ ਕੇ ਮੁੰਡਿਆ ਤੇ 107-151 ਦਾ ਪਰਚਾ ਦਰਜ ਕਰ ਲਿਆ। ਰਾਤ ਮੁੰਡਿਆ ਨੂੰ ਥਾਣੇ ਰੱਖਿਆ 'ਪਰ ਹੱਥ ਨਾ ਲਾਇਆ, ਮੁਹੱਲੇ ਦੇ ਸ਼ਿਕਾਇਤ ਕਰਨ ਕਰਾਉਣ ਵਾਲੇ ਬੜੇ ਖੁਸ਼। ਗੋਰਖੀ ਦੇ ਭਰਾ ਭਤੀਜੇ ਉਦਾਸ ਹੋ ਗਏ, "ਸਾਡੇ ਨਿਆਣਿਆਂ ਨੇ ਕਦੀ ਕਿਸੇ ਕੁੜੀ ਵੱਲ ਅੱਖ ਭਰਕੇ ਨਹੀਂ ਦੇਖਿਆ। ਇਹ ਕੁੜੀ ਨੇ ਝੂਠੀ ਸ਼ਕਾਇਤ ਕੀਤੀ ਹੈ। ਅੱਛਾ ਕੋਈ ਗੱਲ ਨਹੀਂ। ਸਾਡਾ ਪ੍ਰੇਮ ਹੈ ਨਾ। ਆਪੇ ਕੁਝ ਕਰੇਗਾ। ਉਹਦੇ ਵੱਡੇ ਪੁਲਿਸ ਅਫ਼ਸਰ ਜਾਣੂ ਹਨ।" ਭਰਾ ਨੇ ਚੰਡੀਗੜ੍ਹ ਪ੍ਰੇਮ ਗੋਰਖੀ ਨੂੰ ਫੋਨ ਕੀਤਾ। ਗੋਰਖੀ ਦਾ ਮੈਨੂੰ ਫੋਨ ਆਇਆ। ਖ਼ੈਰ ਤਿੰਨਾਂ ਮੁੰਡਿਆਂ ਦੀ ਜ਼ਮਾਨਤਾ ਹੋ ਗਈਆਂ। ਕੇਸ ਚੱਲਿਆ। ਪ੍ਰੇਮ ਗੋਰਖੀ ਫ਼ਿਕਰ ਮੰਦ ਹੋਇਆ। ਹਰ ਪੇਸ਼ੀ ਤੇ ਆਉਣ ਲੱਗਾ। ਮੈਂ ਬਥੇਰਾ ਕਿਹਾ ਤੂੰ ਨਾ ਆਇਆ ਕਰ ਪਰ ਉਸਦੇ ਭਰਾਵਾਂ ਨੂੰ ਤਸੱਲੀ ਨਹੀਂ। ਉਹ ਕਹਿੰਦੇ, "ਤੇਰੇ ਆਉਣ ਨਾਲ ਗੱਲ ਬਣਨੀ। ਭਲਾ ਮੈਂ ਕੀ ਕਰਨਾ ਵਕੀਲ ਨੇ ਪੇਸ਼ ਹੋ ਕੇ ਜੱਜ ਨਾਲ ਗੱਲ ਕਰਨੀ ਏ। ਉਨ੍ਹਾਂ ਲਈ ਡੀ. ਸੀ. ਪੀ. ਤੇ ਡੀ ਐੱਸ ਪੀ ਸਾਰੇ ਜੱਜ ਸਨ।" ਤਰੀਕਾਂ ਪੈਂਦੀਆਂ ਰਹੀਆਂ। ਕੁੜੀ ਦੇ ਭਰਾ ਦੀ ਗਵਾਹੀ ਹੋਈ। ਪੁਲਸੀਏ ਦੀ ਗਵਾਹੀ ਹੋਈ। ਪਰ ਕੁੜੀ ਗਵਾਹੀ ਦੇਣ ਨਹੀਂ ਆਈ। ਮੈਂ ਮੁੰਡਿਆਂ ਦਾ ਵਕੀਲ ਸੀ ਮੈਂ ਕਿਹਾ, "ਜੀ ਕੁੜੀ ਨੂੰ ਬੁਲਾਓ ਸ਼ਿਕਾਇਤ ਕੁੜੀ ਦੀ ਹੈ। ਸ਼ਿਕਾਇਤ ਝੂਠੀ ਹੈ। ਕੁੜੀ ਨੂੰ ਪੁਛਣਾ ਇਹ ਮੁੰਡੇ ਤੇਰੇ ਕੀ ਲਗਦੇ। ਜਿਹੜਾ ਮੁੰਡਾ ਤੈਨੂੰ ਰਾਤ ਨੂੰ ਘਰ ਛੱਡ ਕੇ ਜਾਂਦਾ ਉਹ ਕੌਣ ਹੈ? ਵਗੈਰਾ ਵਗੈਰਾ...।" ਡੀ. ਸੀ. ਪੀ. ਸਾਹਿਬ ਮੁੱਦਾ ਸਮਝ ਗਏ। ਜਿਹੜਾ ਪੁਲਸੀਆ, ਗਵਾਹੀਆਂ ਦੇਣ ਆਇਆ ਸੀ। ਮੈਂ ਉਸ ਦੇ ਕੰਨ ਵਿਚ ਕਿਹਾ, "ਆਹ ਸਰਦਾਰ ਜੀ ਨੂੰ ਜਾਣਦੇ ਹੋ।" ਮੈਂ ਗੋਰਖੀ ਵੱਲ ਇਸ਼ਾਰਾ ਕੀਤਾ।

"ਹਾਂ... ਨਹੀਂ.... ਬਸ ਏਨਾ ਜਾਣਦਾ ਹਾਂ ਇਹ ਮੁਲਾਜ਼ਮ ਹੈ। ਕਿਹੜੇ ਥਾਣੇ ਵਿਚ, ਇਹ ਨਹੀਂ ਪਤਾ।" ਗੋਰਖੀ ਦੀ ਪੱਗ-ਸ਼ਰਟ ਪੈਂਟ ਅਤੇ ਬੂਟ ਦੇਖ ਕੇ ਉਹ ਪੁਲਿਸ ਦਾ ਮੁਲਾਜ਼ਮ ਲਗਦਾ ਸੀ। ਸਰੀਰ ਦੀ ਬਣਤਰ ਵੀ ਪੁਲਸ ਅਫ਼ਸਰਾਂ ਵਰਗੀ ਸੀ।

"ਨਹੀਂ ਇਹ ਪੁਲਸੀਆ ਨਹੀਂ। ਇਸ ਦਾ ਨਾਂ ਪ੍ਰੇਮ ਗੋਰਖੀ ਹੈ। ਲੇਖਕ ਹੈ ਪੱਤਰਕਾਰ ਹੈ। ਪੰਜਾਬੀ ਟ੍ਰਿਬਿਊਨ ਵਿਚ ਨੌਕਰੀ ਕੀਤੀ ਪਰ ਦੇਖਣ ਨੂੰ ਤਾਂ ਨਿਰਾ ਪੁਲਸੀਆ।" ਖ਼ੈਰ ਭਤੀਜੇ ਦੇ ਬਰੀ ਹੋਣ ਤੋਂ ਬਾਅਦ ਅਸੀਂ ਬਾਹਰ ਆਏ। ਬੈਂਚ 'ਤੇ ਬੈਠ ਗਏ। ਗੋਰਖੀ ਦੀ ਮੇਰੇ ਵੱਲ ਮੁੱਠੀ ਬੰਦ ਕੀਤੀ ਵਧੀ ਸੀ। ਉਸ ਮੇਰਾ ਹੱਥ ਫੜਿਆ। ਮੁੱਠੀ ਵਿਚ ਨੋਟ ਸਨ, "ਆਹ ਮੁੰਡਿਆ ਨੇ ਤੁਹਾਡੀ ਫੀਸ ਦਿੱਤੀ ਆ। ਥੋੜ੍ਹੇ ਹੀ ਨੇ। ਚੁੱਪ ਕਰਕੇ ਰੱਖ ਲਓ।"

"ਆਹ ਕੀ ਗੋਰਖੀ ਸਾਹਿਬ?" ਮੈਂ ਉਸ ਦੀ ਮੁੱਠੀ ਪਿਛੇ ਵੱਲ ਧੱਕੀ।

"ਨਹੀਂ ਨਹੀਂ ਥੋੜ੍ਹੇ ਹੀ ਤਾਂ ਨੇ ਤੁਹਾਡੀ ਫੀਸ ਹੈ ਤੁਸੀਂ ਏਡਾ ਵੱਡਾ ਕੰਮ ਕਰਵਾ ਦਿੱਤਾ।" ਉਹ ਆਪਣੀ ਮੁੱਠੀ ਮੇਰੇ ਵੱਲ ਧੱਕੇ ਤੇ ਮੈਂ ਉਹਦੇ ਵੱਲ।

ਫਿਰ ਮੈਂ ਪੁੱਛਿਆ, "ਗੋਰਖੀ ਸਾਹਿਬ ਮੈਨੂੰ ਕਦ ਤੋਂ ਜਾਣਦੇ ਹੋ?" ਉਹ ਸੋਚੀ ਪੈ ਗਿਆ। ਫਿਰ ਬੋਲਿਆ, "ਮੈਨੂੰ ਯਾਦ ਹੈ ਆਪਾਂ, ਚੰਡੀਗੜ੍ਹ ਹੀ ਮਿਲੇ ਸੀ। ਜਦ ਮੈਂ ਟ੍ਰਿਬਿਊਨ ਜੁਆਇਨ ਕੀਤੀ ਸੀ। 42 ਸਾਲ ਹੋ ਗਏ।"

"ਫਿਰ ਪੈਸੇ ਦੇਣ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ। ਏਨੀ ਪੁਰਾਣੀ ਸਾਂਝ।" ਮੇਰੇ ਏਨਾ ਕਹਿਣ ਦੀ ਦੇਰ ਸੀ। ਪ੍ਰੇਮ ਗੋਰਖੀ ਦੇ ਅੱਥਰੂ ਛਲਕ ਪਏ। ਉਹ ਕੁਝ ਬੋਲ ਨਾ ਸਕਿਆ। ਫਿਰ ਕਿੰਨੀ ਦੇਰ ਆਪਣੀਆਂ ਅੱਖਾਂ ਸਾਫ਼ ਕਰਦਾ ਰਿਹਾ।

*********

ਪ੍ਰੇਮ ਗੋਰਖੀ ਨੂੰ ਮੈਂ 1978 ਵਿਚ ਪਹਿਲੀ ਵਾਰ ਮਿਲਿਆ ਸੀ। 'ਪੰਜਾਬੀ ਟ੍ਰਿਬਿਊਨ' 15 ਅਗਸਤ, 1978 ਨੂੰ ਚਾਲੂ ਹੋਇਆ। ਬਰਜਿੰਦਰ ਸਿੰਘ ਪਹਿਲੇ ਸੰਪਾਦਕ ਬਣੇ। ਬਰਜਿੰਦਰ ਸਿੰਘ ਵਾਸਤੇ ਚੈਲੰਜ ਸੀ ਤੇ ਉਹ ਆਪਣੀ ਟੀਮ ਜਲੰਧਰ ਤੋਂ ਹੀ ਲੈ ਕੇ ਗਏ। ਗੋਰਖੀ ਭਾਵੇਂ ਵਿਦਿਅਕ ਯੋਗਤਾ ਪੂਰੀਆਂ ਨਹੀਂ ਸੀ



**ਭਾਰਤੀ ਦਲਿਤ ਸਾਹਿਤ ਅਕੈਡਮੀ, ਦਿੱਲੀ ਦੇ ਪੁਰਸਕਾਰ ਸਮਾਗਮ 'ਚ ਪ੍ਰੇਮ ਗੋਰਖੀ ਪੁਰਸਕਾਰ ਪ੍ਰਾਪਤ ਕਰਦੇ ਹੋਏ। ਨਾਲ ਹਨ ਉਨ੍ਹਾਂ ਦੀ ਪਤਨੀ ਗੁਰਦੀਪ ਕੌਰ ਨਾਲ**

ਕਰਦਾ। ਪਰ ਉਸ ਕੋਲ ਤਜਰਬਾ ਸੀ। ਉਹ ਕਹਾਣੀਕਾਰ ਦੇ ਤੌਰ ਤੇ ਸਥਾਪਤ ਹੋ ਚੁੱਕਾ ਸੀ। ਉਸ ਦਾ ਨਾਂ ਸੀ ਪਰ ਉਸ ਕੋਲ ਡਿੱਗਰੀ ਨਹੀਂ ਸੀ। ਪੰਜਾਬ ਯੂਨੀਵਰਸਿਟੀ ਵਿਚ ਕਿਸੇ ਕਿਤਾਬ 'ਤੇ ਕੋਈ ਗੋਸ਼ਟੀ ਸੀ ਉਥੇ ਪਹਿਲੀ ਵਾਰ ਗੋਰਖੀ ਨੂੰ ਦੇਖਿਆ। ਖਾਕੀ ਜਿਹਾ ਕੁੜਤਾ ਪਜਾਮਾ। ਫਬਦੀ ਪੈਂਟ। ਗੋਰਖੀ ਨਾਲ ਕੋਈ ਗੱਲ ਨਾ ਹੋਈ। ਉਹ ਕਿਸੇ ਨਾਲ ਚਲੇ ਗਿਆ ਜਾਂ ਮੇਰੀ ਹਿੰਮਤ ਨਾ ਪਈ। ਗੋਸ਼ਟੀ ਖਤਮ ਹੋਈ ਮੈਂ 35 ਸੈਕਟਰ ਵਾਲੇ ਆਪਣੇ ਘਰ ਆ ਰਿਹਾ ਸੀ। ਮੇਰੇ ਕੋਲ ਸਾਈਕਲ ਸੀ। ਮੇਰਾ ਬਸੇਰਾ ਉਦੋਂ 35 ਸੈਕਟਰ ਵਿਚ ਸੀ। ਇਕ ਕਮਰੇ ਵਿਚ ਮੈਂ ਤੇ ਮੇਰੀ ਪਤਨੀ ਰਹਿੰਦੇ ਸੀ। ਦਿਨੇ 17 ਸੈਕਟਰ ਪਸ਼ੂ ਪਾਲਣ ਵਿਭਾਗ ਵਿਚ ਬਤੌਰ ਕਲਰਕ ਤੇ ਰਾਤ ਨੂੰ ਈਵਨਿੰਗ ਕਲਾਜ ਵਿਚ ਪਹਿਲਾ ਲਾਅ ਦੀ ਡਿਗਰੀ ਤੇ ਫਿਰ ਐਮ. ਏ. ਕਰ ਰਿਹਾ ਸੀ।

ਇਕ ਦਿਨ ਯੂਨੀਵਰਸਿਟੀ ਤੋਂ 35 ਸੈਕਟਰ ਇਕ ਮਾਰਕੀਟ ਵਿਚ ਆਏ ਤਾਂ ਇਕ ਲੋਕਲ ਬਸ ਦੀ ਉਡੀਕ ਵਿਚ ਗੋਰਖੀ ਖੜਾ ਸੀ। ਮੈਂ ਤੇ ਮੇਰਾ ਦੋਸਤ ਅਸੀਂ ਰੁਕੇ... "ਔਹ ਖੜਾ ਗੋਰਖੀ, ਉਸ ਨੂੰ ਮਿਲਿਆ ਜਾਵੇ।" ਮੈਂ ਗੋਰਖੀ ਵੱਲ ਹੋਇਆ, "ਤੁਸੀਂ ਪ੍ਰੇਮ ਗੋਰਖੀ ਹੋ?"

"ਹਾਂ!" ਉਹ ਬੋਲਿਆ।

"ਮੈਂ ਤੁਹਾਡਾ ਪਾਠਕ ਹਾਂ... ਤੁਹਾਡੇ ਬਾਰੇ ਪੜ੍ਹਦੇ ਸੁਣਦੇ ਰਹੀਦਾ। ਮੈਂ 'ਦ੍ਰਿਸ਼ਟੀ' ਮੈਗਜ਼ੀਨ ਵਿਚ ਤੁਹਾਡਾ ਨਾਵਲੈੱਟ 'ਤਿੱਤਰ ਖੰਭੀ ਜੂਹ' ਪੜ੍ਹਿਆ। ਉਹਦੇ ਚਿਹਰੇ ਦੇ ਹਾਵ ਭਾਵ ਬਦਲੇ। ਉਹ ਬੜਾ ਖੁਸ਼ ਹੋਇਆ। ਮੈਂ ਕਿਹਾ, "ਆਓ ਮੇਰਾ ਘਰ ਨੇੜੇ ਹੀ ਹੈ। ਚਾਹ ਪੀਨੇ।" ਉਹ ਮੇਰੇ ਨਾਲ ਮੇਰੇ ਟਿਕਾਣੇ ਤੇ ਆਇਆ। ਉਸ ਨੇ ਟ੍ਰਿਬਿਊਨ ਦੇ ਨੇੜੇ ਸੰਤਾਲੀ ਸੈਕਟਰ ਵਿਚ ਇਕ ਕਮਰਾ ਤੇ ਇਕ ਰਸੋਈ ਦਾ ਘਰ ਕਿਰਾਏ ਤੇ ਲਿਆ ਸੀ। ਅਸੀਂ ਸਧਾਰਨ ਜਿਹੀਆਂ ਗੱਲਾਂ ਕੀਤੀਆਂ। ਉਹ ਚੰਡੀਗੜ੍ਹ ਵਿਚ ਨਵਾਂ ਸੀ। ਉਸ ਨੂੰ ਚੰਡੀਗੜ੍ਹ ਰਹਿੰਦੇ ਬੇਲੀਆਂ ਤੋਂ ਬੜੀ ਝਿਜਕ ਸੀ।

'ਤਿੱਤਰ ਖੰਭੀ ਜੂਹ' ਨਾਵਲ 'ਦ੍ਰਿਸ਼ਟੀ' ਵਿਚ ਛਪਿਆ ਸੀ। 'ਦ੍ਰਿਸ਼ਟੀ' ਦੇ ਸੰਪਾਦਕ ਬਰਜਿੰਦਰ

ਸਿੰਘ। ਇਕ ਵਾਰ ਉਹਨਾਂ ਨੇ ਮੈਗਜ਼ੀਨ ਦਾ ਇਕ ਸਾਲ ਦਾ ਲੇਖਾ ਜੋਖਾ ਕਰਾਇਆ। ਪਾਠਕਾਂ ਦੀ ਰਾਏ ਮੰਗੀ। (ਕੁਝ ਸਵਾਲ ਸਨ ਬਸ ਜਵਾਬ ਦੇਣੇ ਸਨ। 'ਦ੍ਰਿਸ਼ਟੀ' ਹਰ ਮਹੀਨੇ ਇਕ ਨਾਵਲ/ਨਾਵਲੈੱਟ ਛਾਪਦਾ ਸੀ। ਜਵਾਬ ਪਸੰਦੀਦੇ ਨਾਵਲ ਬਾਰੇ ਮੰਗਿਆ ਸੀ। ਮੈਂ 'ਤਿੱਤਰ ਖੰਭੀ ਜੂਹ' ਨੂੰ ਸਲਾਇਆ ਸੀ। ਜਿਹਨਾਂ ਪਾਠਕਾਂ ਦੀ ਰਾਏ ਪਸੰਦ ਆਉਣੀ ਸੀ ਉਹਨਾਂ ਨੂੰ ਇਕ ਸਾਲ ਵਾਸਤੇ 'ਦ੍ਰਿਸ਼ਟੀ' ਮੁਫ਼ਤ ਭੇਜਿਆ ਜਾਇਆ ਕਰਨਾ ਸੀ। ਫਿਰ ਇਕ ਸਾਲ 'ਦ੍ਰਿਸ਼ਟੀ' ਮੈਨੂੰ ਡਾਕ ਰਾਹੀਂ ਮੁਫ਼ਤ ਆਉਂਦਾ ਰਿਹਾ। 'ਦ੍ਰਿਸ਼ਟੀ' ਵਿਚ ਛਪੀਆਂ ਰਚਨਾਵਾਂ ਪੜ੍ਹਦੇ, ਪੰਜਾਬੀ ਸਾਹਿਤ ਦੇ ਪਾਠਕ ਬਣ ਗਏ। ਗੋਰਖੀ ਨਾਲ ਜਾਣ ਪਛਾਣ ਹੋਈ ਤਾਂ ਉਸ ਦੀ ਹਰ ਰਚਨਾ ਫਿਰ ਪੜ੍ਹ ਹੋ ਜਾਂਦੀ। ਉਹ ਥੁੜ੍ਹਾ ਮਾਰੇ ਲੋਕਾਂ ਦੀ ਗੱਲ ਕਰਦਾ। ਗਰੀਬ ਦਿਹਾੜੀਦਾਰ-ਖੇਤ ਮਜਦੂਰ-ਮੱਝਾਂ ਗਾਵਾਂ ਲਵੇਰੀਆਂ ਤੋਕੜਾ ਫੰਡਰਾਂ ਬਾਰੇ ਗੱਲਾਂ ਕਰਦਾ, ਜਿਵੇਂ ਇਹ ਸਾਡੇ ਆਲੇ ਦੁਆਲੇ ਹੀ ਵਾਪਰ ਰਿਹਾ ਹੋਵੇ। ਇੰਜ ਗੋਰਖੀ ਸਾਨੂੰ ਸਾਡਾ ਆਪਣਾ ਲਗਦਾ। ਦਿਹੜੀਦਾਰ ਤੇ ਕਲਮਕਾਰ ਵੀ। ਘੱਟ ਡਿਗਰੀਆਂ ਵਾਲਾ ਬੰਦਾ ਜ਼ਿੰਦਗੀ ਦੀ ਕਥਾ ਕਹਿਣ ਲੱਗਾ। ਸੱਚ ਬੋਲਣ ਲੱਗਾ। ਫਿਰ ਕੁਝ ਲੋਕ ਉਸ ਨੂੰ ਜਿਆਦਾ ਡਿਗਰੀਆਂ ਵਾਲੇ ਕਹਾਣੀਕਾਰਾਂ ਨਾਲ ਤੱਕੜੀ ਦੇ ਦੂਜੇ ਛਾਬੇ 'ਚ ਪਾ ਕੇ ਤੋਲਣ ਲੱਗੇ।

********

ਮਈ 1983 ਵਿਚ ਮੈਂ ਬੰਗਲੌਰ ਛੱਡ ਕੇ ਖਰੜ ਆ ਗਿਆ। ਮਈ 1985 ਤੱਕ ਪਾਣੀਪਤ ਵੂਲਨ ਮਿੱਲ ਲਾਂਡਰਾ ਰੋਡ ਵਿਚ ਬਤੌਰ ਲਾਅ ਅਫ਼ਸਰ ਦਾ ਕੰਮ ਕੀਤਾ। ਮਿੱਲ ਦੇ ਗੇਟ ਤੋਂ ਸਾਹਮਣੇ ਰੰਧਾਵਾ ਰੋਡ ਸੀ। ਅੱਗੇ ਜਾ ਕੇ ਮਹਿੰਦਰ ਸਿੰਘ ਰੰਧਾਵਾ ਦਾ ਫਾਰਮ ਨੁਮਾ ਘਰ ਸੀ। ਰੰਧਾਵਾ ਸਾਹਿਬ ਖਰੜ ਰਹਿੰਦੇ। ਉਹ ਚਾਹੁੰਦੇ ਤਾਂ ਚੰਡੀਗੜ੍ਹ ਰਹਿ ਸਕਦੇ ਸੀ। ਮੁਹਾਲੀ ਰਹਿ ਸਕਦੇ ਸੀ। ਉਥੇ ਘਰ ਬਣਾ ਸਕਦੇ ਸੀ ਪਰ ਉਹਨਾਂ ਨੂੰ ਪਿੰਡ ਵਰਗਾ ਵਾਤਾਵਰਨ ਚਾਹੀਦਾ ਸੀ। ਰੰਧਾਵਾ ਸਾਹਿਬ ਉਨ੍ਹਾਂ ਦਿਨਾਂ ਵਿਚ ਟ੍ਰਿਬਿਊਨ ਅਖ਼ਬਾਰ ਦੇ ਟਰੱਸਟੀ ਸਨ। ਜਦ ਵੀ ਉਹ ਟ੍ਰਿਬਿਊਨ ਵਿਚ ਜਾਂਦੇ ਤਾਂ ਦਹਿਸ਼ਤ ਵਰਗਾ ਮਹੌਲ ਬਣ ਜਾਂਦਾ। ਸਭ ਰਸਤਾ ਛੱਡ ਜਾਂਦੇ।

ਫਿਰ ਇਕ ਦਿਨ ਗੋਰਖੀ ਨੇ ਰੰਧਾਵਾ ਸਾਹਿਬ ਨੂੰ ਮਿਲਣ ਲਈ ਇੱਛਾ ਪਰਗਟ ਕੀਤੀ। ਕੰਮ ਵੀ ਕੋਈ ਖਾਸ ਨਹੀਂ ਸੀ ਪਰ ਉਹ ਅੰਦਰੋਂ ਡਰਦਾ ਸੀ ਕਿ ਜੇਕਰ ਕੋਈ ਕੰਮ ਪੁੱਛ ਲਿਆ ਤਾਂ? ਮੈਂ ਕਿਹਾ "ਕਹਿ ਦੇਣਾ COURTESY CALL (ਸ਼੍ਰਿਸ਼ਟਾਚਾਰ ਵਜੋਂ -ਮੂੰਹ ਮੁਲਾਹਜਾ) ਮਿਲਣ ਆਇਆ।" ਗੋਰਖੀ ਫਿਰ ਬੋਲਿਆ... "ਯਾਰ ਜੇਕਰ ਬਰਜਿੰਦਰ ਸਿੰਘ ਨੂੰ ਪਤਾ ਲੱਗ ਗਿਆ। ਉਹ ਨਾ ਗੁੱਸੇ ਹੋ ਜਾਵੇ... ਪਰ ਮੈਂ ਮਿਲਣਾ ਜ਼ਰੂਰ..।" ਫਿਰ ਉਸ ਨੇ ਕਿਹਾ ਕਿ ਮੇਰੇ ਨਾਲ ਚੱਲ।

"ਮੈਂ ਤੇਰੇ ਨਾਲ ਤਾਂ ਚੱਲੇ ਜਾਂਦਾ ਹਾਂ... ਪਰ ਤੂੰ ਉਹਨਾਂ ਦੇ ਕੋਲ ਅੰਦਰ ਇਕੱਲਾ ਜਾਣਾ। ਆਪਾਂ ਦੋਵੇਂ ਗਏ ਤਾਂ ਉਹ ਪੁੱਛੇਗਾ... ਤੁਹਾਡੇ ਵਿਚੋਂ ਪ੍ਰੇਮ ਗੋਰਖੀ ਕੌਣ ਹੈ?"

ਰੰਧਾਵਾ ਸਾਹਿਬ ਦੇ ਘਰ ਪਹੁੰਚ ਗੇਟ ਤੋਂ ਅੰਦਰ ਗਏ ਤਾਂ ਅੱਗੇ ਲਾਅਨ ਸੀ। ਫੁੱਲ ਬੂਟੇ-ਦਰੱਖਤ ਸਨ। ਮਾਲੀ ਪੌਦਿਆਂ ਨੂੰ ਪਾਣੀ ਲਾ ਰਿਹਾ ਸੀ। ਮਾਲੀ ਨੇ ਦੇਖਿਆ। ਉਹਨੇ ਸਾਨੂੰ ਇਸ਼ਾਰਾ ਕੀਤਾ, "ਰੰਧਾਵਾ ਸਾਹਿਬ ਨੂੰ ਮਿਲਣਾ?" ਫਿਰ ਕਹਿਣ ਲੱਗਾ, "ਵੋਹ ਕਾਗਜ਼ ਪੇ ਨਾਮ ਲਿਖੋ।"

ਗੋਰਖੀ ਨੇ ਕਾਗਜ ਤੇ ਪ੍ਰੇਮ ਗੋਰਖੀ ਪੰਜਾਬੀ ਟ੍ਰਿਬਿਊਨ ਲਿਖਿਆ। ਮਾਲੀ ਅੰਦਰ ਚਲਾ ਗਿਆ। ਗੋਰਖੀ ਨੇ ਮੈਨੂੰ ਕਿਹਾ, "ਜੇ ਭਲਾ ਰੰਧਾਵਾ ਸਾਹਿਬ ਨੇ ਮੇਰੇ ਕੋਲੋਂ COURTESY CALL ਦੇ Spelling ਪੁੱਛ ਲਏ।" ਮੈਂ ਕਿਹਾ , "ਨਹੀਂ ਪੁੱਛਦੇ ਨੋਟ ਕਰ ਲੈ COURTESY CALL."

ਬੜੀ ਹੈਰਾਨੀ ਹੋਈ। ਰੰਧਾਵਾ ਸਾਹਿਬ ਤੁਰੰਤ ਬਾਹਰ ਖੁਦ ਆਏ। ਉੱਚੀ ਦੇਣੀ ਬੋਲੇ "Who is Prem Gorkhy."

ਗੋਰਖੀ ਅੱਗੇ ਵੱਲ ਵਧਿਆ। ਹੱਥ ਜੋੜੇ। ਰੰਧਾਵਾ ਸਾਹਿਬ ਦੇ ਗੋਡੇ ਫੜਨ ਦਾ ਯਤਨ ਕੀਤਾ ਨੀਵਾਂ ਹੋ ਕੇ। ਰੰਧਾਵਾ ਸਾਹਿਬ ਦੇ ਚੇਹਰੇ ਦੀ ਚਮਕ ਤੇ ਚਸ਼ਮੇ ਦਾ ਪ੍ਰਭਾਵ ਦੋਵੇਂ ਚਮਕਾ ਮਾਰਦੇ ਸਨ।




**ਕਹਾਣੀਕਾਰ ਸਰੂਪ ਸਿਆਲਵੀ ਨੂੰ ਲੋਕ ਕਵੀ ਗੁਰਦਾਸ ਰਾਮ ਆਲਮ ਐਵਾਰਡ ਦਿੰਦੇ ਹੋਏ ਡਾ. ਗੁਰਮੇਲ ਸਿੰਘ, ਮੱਖਣ ਮਾਨ, ਸਰੂਪ ਸਿਆਲਵੀ, ਕਰਨਲ ਤਿਲਕ ਰਾਜ, ਪ੍ਰੇਮ ਗੋਰਖੀ, ਡਾ. ਕੇਵਲ ਸਿੰਘ ਪਰਵਾਨਾ ਤੇ ਦਵਾਰਕਾ ਭਾਰਤੀ ਮਾਨਵਵਾਦੀ ਰਚਨਾ ਮੰਚ ਦੇ ਸਮਾਗਮ 'ਚ**

"ਆਓ ਬਾਹਰ ਲਾਅਨ ਵਿਚ ਲਗਾਈਆਂ ਕੁਰਸੀਆਂ 'ਤੇ ਬੈਠਦੇ ਹਾਂ।" ਗੋਰਖੀ ਨੇ ਮੇਰੇ ਬਾਰੇ ਵੀ ਦੱਸਿਆ। "ਇਹਨਾਂ ਦੇ ਆਰਟੀਕਲ ਪੰਜਾਬੀ ਟ੍ਰਿਬਿਊਨ 'ਚ ਛਪਦੇ ਨੇ।" ਮੈਨੂੰ ਰੰਧਾਵਾ ਸਾਹਿਬ ਕਹਿਣ ਲੱਗੇ, "ਆਓ ਆਪ ਵੀ ਆਓ।" ਮੈਂ ਵੀ ਨਾਲ ਬੈਠ ਗਿਆ।

"ਆਪ ਨੂੰ ਤਾਂ ਅੰਮ੍ਰਿਤਾ ਬਹੁਤ ਪਸੰਦ ਕਰਦੀ ਹੈ। ਕੀ ਜਾਦੂ ਹੈ। 'ਨਾਗਮਣੀ' ਮੈਂ ਸਾਰਾ ਪੜ੍ਹਦਾ।" ਰੰਧਾਵਾ ਸਾਹਿਬ ਕਹਿਣ ਲੱਗੇ। ਉਨ੍ਹਾਂ ਸਾਨੂੰ ਪਾਣੀ ਤੋਂ ਬਾਅਦ ਚਾਹ ਵੀ ਪਿਆਈ।

"ਕਿੱਦਾਂ ਆਏ ਹੋ?" ਰੰਧਾਵਾ ਸਾਹਿਬ ਬੋਲੇ।

"ਬਸ ਜੀ COURTESY CALL ... ਮੈਂ ਤਾਂ ਅਸ਼ੀਰਵਾਦ ਲੈਣ ਆਇਆ।" ਗੋਰਖੀ ਨਿਮਰਤਾ ਨਾਲ ਬੋਲਿਆ। ਉਸ ਨੇ ਆਪਣੀ ਇਕ ਕਿਤਾਬ ਵੀ ਭੇਂਟ ਕੀਤੀ।

"is it tim." ਰੰਧਾਵਾ ਸਾਹਿਬ ਬੋਲੇ। ਉਹ ਫਿਰ ਬੋਲੇ "ਏਧਰ ਆਓ...।" ਰੰਧਾਵਾ ਸਾਹਿਬ ਨੇ ਗੋਰਖੀ ਦੀ ਪਿੱਠ ਥਾਪੜੀ "you are doing good job. keep it up... ਲੋਕਾਂ 'ਚ ਜਾਇਆ ਕਰੋ... ਲੋਕਾਂ ਨੂੰ ਸੁਣਿਆ ਕਰੋ... ਲੋਕਾਂ ਨੂੰ ਦੇਖਿਆ ਕਰੋ ਕਿਵੇਂ ਜਿਉਂਦੇ ਹਨ। ਕਿਵੇਂ ਗੁਜ਼ਾਰਾ ਕਰਦੇ ਹਨ all the best. good luck Mr. Gorkhy. " ਹੁਣ ਸਾਡਾ ਹੋਰ ਬੈਠਣਾ ਬਣਦਾ ਨਹੀਂ ਸੀ। ਉਹ ਫਿਰ ਬੋਲੇ "come with any problem."

ਅਸੀਂ ਹੱਥ ਜੋੜੇ ਅੰਦਰ ਬੈਠੇ ਫੋਟੋ ਗਰਾਫਰ ਨੂੰ ਬੁਲਾਇਆ ਗਿਆ। ਗੋਰਖੀ ਨਾਲ ਫੋਟੋ ਹੋਈ ਅਸੀਂ ਗੇਟ ਤੋਂ ਬਾਹਰ ਆ ਗਏ। ਰੰਧਾਵਾ ਸਾਹਿਬ ਆਪਣੇ ਦਫ਼ਤਰ ਅੰਦਰ ਚਲੇ ਗਏ।

ਗੋਰਖੀ ਨੂੰ ਯਕੀਨ ਨਹੀਂ ਹੋ ਰਿਹਾ ਸੀ ਕਿ ਉਹ ਰੰਧਾਵਾ ਸਾਹਿਬ ਨੂੰ ਮਿਲ ਕੇ ਆ ਰਿਹਾ ਹੈ। ਥੋੜ੍ਹੀ ਦੇਰ ਵਾਸਤੇ ਗੋਰਖੀ ਦਾ ਚਿਹਰਾ ਵੀ ਏਵੇਂ ਹੀ ਚਮਕ ਰਿਹਾ ਸੀ ਦਗ ਦਗ ਕਰ ਰਿਹਾ ਸੀ ਜਿਵੇਂ ਰੰਧਾਵਾ ਸਾਹਿਬ ਦਾ ਚਿਹਰਾ ਚਮਕਾ ਮਾਰ ਰਿਹਾ ਸੀ।

"ਪਿਆਰਿਓ ਤੁਹਾਡੀ ਬੜੀ ਮੇਹਰਬਾਨੀ। ਤੁਸੀਂ ਮੈਨੂੰ ਏਡੀ ਵੱਡੀ ਸ਼ਖ਼ਸੀਅਤ ਨਾਲ ਮਿਲਾ ਦਿੱਤਾ... ਨਹੀਂ ਤਾਂ ਮੈਂ ਸੁਪਨਾ ਵੀ ਨਹੀਂ ਸੀ ਲੈ ਸਕਦਾ।"

*******

ਸਤਾਰਾਂ ਸੈਕਟਰ ਵਿਚ ਬੈਂਕ ਦਾ ਦਫ਼ਤਰ। ਮੈਂ 2005 ਤੋਂ ਨਵੰਬਰ, 2009 ਤੱਕ ਚੰਡੀਗੜ੍ਹ ਸੀ। ਨਵਪਰੀਤ ਨਾਂ ਦੀ ਇਕ ਦਿਨ ਲੜਕੀ ਬੈਂਕ ਮੇਰੇ ਦਫ਼ਤਰ ਆਈ। ਨਿਆਣੀ ਜਿਹੀ ਬਣ ਕੇ ਉਹ ਕਹਿਣ ਲੱਗੀ, "ਜੀ ਮੈਂ ਤੁਹਾਨੂੰ ਮਿਲਣਾ।"

"ਦੱਸੋ...?"

ਐਕਚੂਅਲੀ ਆਈ ਐਮ ਪੀਐੱਚ. ਡੀ ਸਕੌਲਰ। ਮੈਂ ਪੀਐੱਚ ਡੀ ਕਰ ਰਹੀ ਹਾਂ। ਦਿੱਲੀ ਯੂਨੀਵਰਸਿਟੀ ਤੋਂ। ਪੁਲੀਟੀਕਲ ਸਾਇੰਸ ਵਿਚ।" ਮੈਂ ਕਿਹਾ, "ਟੋਪਿਕ....?"

... ਮੇਰਾ ਟੋਪਿਕ ਹੈ 'ਦਲਿਤ ਐਂਡ ਦ ਪੋਲਿਟਿਕਸ ਔਫ ਐਕਸਕਲਿਊਜ਼ਨ...।" ਿ

"ਚੰਡੀਗੜ੍ਹ ਵਿਚ ਦਲਿਤ ਹਾਸ਼ੀਏ ਤੇ ਕਿਓਂ ਹੈ। ਇਸ ਗੱਲ ਦਾ ਜਵਾਬ ਲੱਭਣਾ ਹੈ।"

"ਹਾਂ ।" ਉਹ ਬੋਲੀ।

"ਬੀਬਾ ਤੂੰ ਆਪ ਦਲਿਤ ਹੈ?"

"ਨਹੀਂ ਮੈਂ ਸੈਣੀ ਬਰਾਦਰੀ ਚੋਂ ਹਾਂ।"

"ਫਿਰ ਤੂੰ ਕਿਹੜੇ ਰਾਹ ਪੈ ਗਈ?"

"ਬਸ ਜੀ ਮੈਂ ਐਮ ਏ ਕੀਤੀ। ਐਮ ਫਿੱਲ ਕੀਤੀ ਫਿਰ ਮੇਰਾ ਪੀਐਚ. ਡੀ. ਦਾ ਟਾਪਕ ਵੀ ਇਹੀ ਬਣਿਆ।"

" ਤੈਨੂੰ ਮੇਰੇ ਕੋਲ ਕੀਹਨੇ ਭੇਜਿਆ...?"

"ਅਸਲ ਵਿਚ ਜੀ ਮੈਂ ਘਰੋਂ ਖੋਜ ਕਰਨ ਲਈ ਤੁਰੀ ਸੀ। ਤੁਸੀਂ ਉਸ ਲੜੀ ਵਿਚ ਸਤਵੇਂ ਵਿਅਕਤੀ ਹੋ। ਜਿਹਨਾਂ ਕੋਲ ਮੈਂ ਆਈ ਹਾਂ। ਛੇਵੇਂ ਪ੍ਰੇਮ ਗੋਰਖੀ ਸਨ। ਮੈਨੂੰ ਤੁਹਾਡੇ ਕੋਲ ਤਾਂ ਪ੍ਰੇਮ ਗੋਰਖੀ ਨੇ ਭੇਜਿਆ। ਉਹ ਕਹਿੰਦੇ ਇਹ ਮੇਰੇ ਬਸ ਦੀ ਗੱਲ ਨਹੀਂ।"

ਅਸਲ ਵਿਚ ਗੋਰਖੀ ਨੂੰ ਹਾਸ਼ੀਏ ਵਾਲੀ ਗੱਲ ਤਾਂ ਸਮਝ ਆਉਂਦੀ ਸੀ ਪਰ 'ਐਕਸਕਲੂਜਿਨ' ਸਮਝ ਨਾ ਆਇਆ। ਗੋਰਖੀ ਲਈ ਕਹਾਣੀ ਵਿਚ ਦਲਿਤਾਂ ਦਾ ਦਰਦ ਬਿਆਨ ਕਰਨਾ ਸੌਖਾ ਸੀ। ਪਰ ਉਹ ਪੀਐੱਚ. ਡੀ. ਕਰਨ ਵਾਲਿਆਂ ਤੋਂ ਕੰਨੀ ਕਤਰਾ ਜਾਂਦਾ ਸੀ। ਮੈਂ ਕਿਹਾ, "ਜਦ ਮੈਂ 1969 ਵਿਚ ਚੰਡੀਗੜ੍ਹ ਗਿਆ ਤਾਂ ਸਾਡੇ ਦਫ਼ਤਰ ਦਾ ਸਫ਼ਾਈ ਸੇਵਕ ਸੈਕਟਰ 24 ਵਿਚ ਰਹਿੰਦਾ ਸੀ। ਜਿੱਥੇ ਉਹ ਰਹਿੰਦਾ ਸੀ ਉਥੇ ਸਾਰੇ ਸ਼ਹਿਰ ਵਿਚ ਹੋਰ ਮਹਿਕਮਿਆਂ ਦੇ ਸਵੀਪਰ ਵੀ ਰਹਿੰਦੇ ਸਨ। ਉਥੇ ਸੈਕ. 24 ਵਿਚ ਹੀ ਉਹਨਾਂ ਦਾ ਭਾਈਚਾਰਾ ਸਵੀਪਰਾਂ ਦਾ ਹੀ ਹੈ। ਇਹੀ ਸਭਿਆਚਾਰਕ ਐਕਸਕਲੂਜਿਨ ਤੇ ਹਾਸ਼ੀਆ ਹੈ।" ਮੈਂ ਅੱਗੇ ਕਿਹਾ "ਕਰ ਲਓ ਖੋਜ ਜਿੰਨੀ ਕਰਨੀ ਹੈ। ਸੈਕਟਰ 24 ਦੀ ਉਸ ਬਸਤੀ ਵਿਚ ਅਮਰਨਾਥ ਨਾਂ ਦਾ ਬੰਦਾ ਉਹਨਾਂ ਦਾ ਲੀਡਰ ਬਣਿਆ। ਬਾਲਮੀਕਿ ਮੰਦਰ। ਬਾਕੀ ਸੈਕਟਰਾਂ ਵਿਚ ਮੁਹਾਲੀ ਪੰਚਕੂਲੇ ਵਿਚ ਰਵਿਦਾਸ ਮੰਦਰ ਬਣੇ ਹੋਏ ਹਨ। ਪੀ ਜੀ ਆਈ, ਪੰਜਾਬੀ ਯੂਨੀਵਰਸਿਟੀ ਵਿਚ ਦਲਿਤਾਂ ਦੀਆਂ ਬਸਤੀਆਂ ਵਿਚ...।" ਉਸ ਬੀਬੀ ਨੂੰ ਮੈਂ ਦੱਸ ਪਾਈ। ਉਹ ਗਈ ਉਸ ਖੋਜ ਕੀਤੀ। ਉਸ ਦਾ ਕਾਰਜ ਪੂਰਾ ਹੋਇਆ ਉਹ ਡਾਕਟਰ ਬਣ ਗਈ। ਕਮਾਲ ਦਾ ਬੰਦਾ ਪ੍ਰੇਮ ਗੋਰਖੀ। "ਮੇਰੀ ਬੜੀ ਮਦਦ ਹੋ ਗਈ ਗੋਰਖੀ ਕਰਕੇ।" ਉਹ ਕਹਿ ਰਹੀ ਸੀ।

ਮਈ 1987 ਵਿਚ ਮੇਰੀ ਬਦਲੀ ਬਨਾਰਸ ਤੋਂ ਜਲੰਧਰ ਹੋਈ। ਸ਼ਾਸਤਰੀ ਚੌਂਕ ਵਿਚ ਸਥਿਤ 'ਵੀਰ ਪ੍ਰਤਾਪ' ਵਾਲੀ ਬਿਲਡਿੰਗ ਵਿਚ ਬੈਂਕ ਦਾ ਦਫ਼ਤਰ। ਅਖ਼ਬਾਰ ਵਾਲੇ ਉਗਰਵਾਦੀਆਂ ਦੀ ਹਿੱਟ ਲਿਸਟ ਤੇ ਸਨ। ਬੰਬ ਪਾਰਸਲ ਹੋ ਕੇ ਆਏ ਖੁੱਲ੍ਹੇ ਤਾਂ ਫਟ ਗਏ ਦੋ ਬੰਦੇ ਮਰ ਗਏ। ਖਤਰਾ ਬਣਿਆ ਰਹਿੰਦਾ। ਪੁਲਸ ਖੜੀ ਰਹਿੰਦੀ। ਗੋਰਖੀ ਨੂੰ ਮੇਰੀ ਬਦਲੀ ਬਾਰੇ ਪਤਾ ਸੀ। ਕੁਝ ਦਿਨਾਂ ਬਾਅਦ ਗੋਰਖੀ ਤੇ ਉਸ ਦੀ ਪਤਨੀ

ਗੁਰਦੀਪ ਮੇਰੇ ਸਾਹਮਣੇ ਖੜ੍ਹੇ ਸਨ।

ਗੁਰਦੀਪ ਮੇਰੇ ਸਾਹਮਣੇ ਬੈਠੀ ਮੇਰੀ ਸਟੈਨੋ ਰਾਣੀ ਵੱਲ ਦੇਖ ਰਹੀ ਸੀ, "ਆਹ ਕੁੱਕੀ ਬੈਠੀ?" ਉਹ ਬੋਲੀ। ਗੋਰਖੀ ਨੇ ਵੀ ਉਸ ਕੁੜੀ ਵੱਲ ਦੇਖਿਆ। 'ਲਗਦੀ ਉਹੀ ਆ।" ਜਿਵੇਂ ਗੋਰਖੀ ਨੂੰ ਯਕੀਨ ਨਾ ਆਇਆ, "ਓਹੋ ਈ ਆ।" ..."ਲਗਦੀ ਓਹੋ ਈ ਆ।" ਉਹ ਦੋਵੇਂ ਉਹੋ ਉਹੋ ਕਰੀ ਜਾਣ। ਮੈਨੂੰ ਗੱਲ ਸਮਝ ਨਾ ਆਵੇ। ਰਾਣੀ ਆਪਣੇ ਟਾਈਪ ਦੇ ਕੰਮ ਵਿਚ ਲੱਗੀ ਸੀ। ਜਿਵੇਂ ਉਸ ਨੇ ਮੇਰੇ ਸਾਹਮਣੇ ਬੈਠੇ ਮਹਿਮਾਨਾ ਵੱਲ ਧਿਆਨ ਹੀ ਨਾ ਦਿੱਤਾ ਹੋਵੇ।

ਉਹ ਦੋਵੇਂ ਮੇਰੇ ਸਾਹਮਣੇ ਬੈਠੇ 'ਓਹੋ-ਓਹੋ' ਕਰੀ ਜਾਣ। ਅਖੀਰ ਮੈਂ ਪੁੱਛ ਹੀ ਲਿਆ। "ਇਹ 'ਓਹੋ ਓਹੋ' ਦੀ ਕੀ ਕਹਾਣੀ ਹੈ।" ਗੋਰਖੀ ਮੇਰੇ ਵੱਲ ਹੋਇਆ, "ਆਹ ਕੁੜੀ ਤੁਹਾਡੇ ਏਥੇ ਕੰਮ ਕਰਦੀ?" ਉਹ ਹੌਲੀ ਜਿਹੇ ਬੋਲਿਆ। " ਇਹ ਓਹ ਨਿੰਮੀ ਦੀ ਭੈਣ ਹੈ ਰਾਣੀ।"

"ਨਿੰਮੀ?"

"ਨਿੰਮੀ... ਚੁਬਾਰੇ ਵਾਲੇ ਗਿਆਨ ਦੀ ਕੁੜੀ।" ਗੋਰਖੀ ਬੋਲਿਆ ਸੀ।

"ਲੈ ਏਨ੍ਹਾਂ ਤਾਂ ਲਿਖਿਆ 'ਨਾਗਮਣੀ' ਵਿਚ। ਉਹਦੇ ਬਾਰੇ। ਨਿੰਮੀ ਨਿੰਮੀ ਸੀ... ਨਿਰਮਲ।" ਗੁਰਦੀਪ ਬੋਲੀ ਸੀ।

ਇਹਨੂੰ ਪਤਾ ਸਭ ਗੁਰਦੀਪ ਨੂੰ।" ਗੋਰਖੀ ਵਿਚੋਂ ਕੱਟ ਕੇ ਬੋਲਿਆ।

"ਓਹ ਰਹਿਣ ਦਿਓ ਗੋਰਖੀ ਸਾਹਿਬ, ਢਕੀ ਰਹਿਣ ਦਿਓ।" ਮੈਂ ਇਸ ਗੱਲ 'ਤੇ ਏਥੇ ਹੀ ਮਿੱਟੀ ਪਾਉਣੀ ਠੀਕ ਸਮਝੀ। ਗੋਰਖੀ ਨੇ ਆਪਣੀ ਸਵੈ ਜੀਵਨੀ 'ਗ਼ੈਰ ਹਾਜ਼ਿਰ ਆਦਮੀ' ਵਿਚ ਨਿੰਮੀ ਦਾ ਪ੍ਰਸੰਗ ਲਿਖਿਆ ਸੀ। ਨਿੰਮੀ ਦਾ ਘਰ ਗੋਰਖੀ ਦੇ ਘਰ ਦੇ ਨੇੜੇ ਸੀ। ਉਹ ਗੋਰਖੀ ਦੀਆਂ ਲਿਖਤਾਂ ਦੀ ਦਿਵਾਨੀ ਹੋ ਗਈ। ਗੋਰਖੀ ਦੀ ਦੀਵਾਨੀ ਅਖੇ ਗੋਰਖੀ ਨਾਲ ਵਿਆਹ ਕਰਾਉਣਾ। ਆਮ ਜਿਵੇਂ ਪਿੰਡਾਂ 'ਚ ਗਲੀ ਗੁਆਂਢ ਵਿਚ ਅਜਿਹਾ ਹੋ ਜਾਂਦਾ। ਮਰਨ ਮਰਾਉਣ ਦੀਆਂ ਧਮਕੀਆਂ। ਪੁਲਸ ਕੇਸ ਵਗੈਰਾ। ਨਿੰਮੀ ਦਾ ਵਿਆਹ ਕਿਤੇ ਹੋਰ ਹੋ ਗਿਆ। ਸਾਰਾ ਝੰਜਟ ਖਤਮ ਹੋ ਗਿਆ। ਨਿੰਮੀ ਦੀ ਇਕ ਹੋਰ ਭੈਣ ਨੇ ਵੀ ਕਿਧਰੇ ਮਰਜ਼ੀ ਨਾਲ ਵਿਆਹ ਕਰਵਾ ਲਿਆ ਸੀ। ਉਹ ਅੰਤਰਜਾਤੀ ਸੀ।

ਗੋਰਖੀ ਜਦ ਵੀ ਚੰਡੀਗੜ੍ਹ ਤੋਂ ਜਲੰਧਰ ਆਉਂਦਾ ਉਹ ਮੇਰੇ ਦਫ਼ਤਰ ਜ਼ਰੂਰ ਆਉਂਦਾ। ਉਹ ਮੇਰੇ ਸਾਹਮਣੇ ਬੈਠਦਾ ਪਰ ਉਸ ਦੀ ਨਿਗਾਹ ਵਾਰ ਵਾਰ ਮੇਰੀ ਸਟੈਨੋ ਰਾਣੀ ਨੂੰ ਖੋਜ ਰਹੀ ਹੁੰਦੀ। ਉਹ ਇਹ ਸਵਾਲ ਨਾ ਕਰ ਦੇਵੇ ਕਿ ਇਹ ਬੰਦਾ ਏਥੇ ਕੀ ਕਰਨ ਆਉਂਦਾ? ਪਰ ਆਪਣੇ ਧਿਆਨ ਉਹ ਕੰਮ ਕਰਦੀ ਰਹਿੰਦੀ। ਉਸ ਨੇ ਕਦੇ ਵੀ ਗੋਰਖੀ ਬਾਰੇ ਜਾਨਣ ਦੀ ਉਤਸੁਕਤਾ ਨਹੀਂ ਦਿਖਾਈ। ਮੈਂ ਵੀ ਉਸ ਨਾਲ ਕਦੇ ਗੋਰਖੀ ਦਾ ਜ਼ਿਕਰ ਨਾ ਕਰਦਾ। ਜਦ ਗੋਰਖੀ ਵਾਰ ਵਾਰ ਪਿਛੇ ਧੌਣ ਕਰਦਾ ਤਾਂ ਮੈਂ ਉੱਠ ਖੜ੍ਹਦਾ। ਉਸ ਨੂੰ ਕਹਿੰਦਾ ਆਓ ਓਥੇ ਰੀਸੈਪਸ਼ਨ 'ਤੇ ਬੈਠਦੇ ਹਾਂ। ਖੁੱਲ੍ਹ ਕੇ ਗੱਲਾਂ ਕਰਦੇ ਹਾਂ। ਗੋਰਖੀ ਉੱਠ ਕੇ ਮੇਰੇ ਨਾਲ ਰੀਸੈਪਸ਼ਨ ਵੱਲ ਆ ਜਾਂਦਾ ਪਰ ਉਸ ਦਾ ਧਿਆਨ ਪਿਛੇ ਉਸ ਸਟੈਨੋ ਵੱਲ ਰਹਿੰਦਾ। ਅਸੀਂ ਚਾਹ ਪੀਣ ਲੱਗਦੇ। ਗੋਰਖੀ ਨਿੰਮੀ ਦੀਆਂ ਗੱਲਾਂ ਕਰਦਾ ਰਹਿੰਦਾ, "ਇਹ ਕੁੱਕੀ ਆਪਣੀਆਂ ਸਾਰੀਆਂ ਭੈਣਾਂ 'ਚੋਂ ਸਿਆਣੀ ਆ। ਬਾਕੀ ਤਾਂ...।"

********

...ਗੋਰਖੀ ਸੰਤਾਲੀ ਸੈਕਟਰ ਤੋਂ 35 ਸੈਕਟਰ ਦੀ ਮਾਰਕੀਟ ਆਉਂਦਾ ਮੇਰੇ ਵੱਲ ਆ ਜਾਂਦਾ। ਅਸੀਂ ਵੀ ਉਸ ਦੇ ਘਰ ਚਲੇ ਜਾਂਦੇ। ਥੋੜ੍ਹੇ ਘਰ ਛੱਡ ਕੇ ਪਾਲ ਕੌਰ ਦਾ ਪਰਿਵਾਰ ਰਹਿੰਦਾ ਸੀ। ਪਾਲ ਕੌਰ ਅਜੇ ਪਾਲ ਕੌਰ 'ਪਵਾਰ' ਉਰਫ਼ ਘਰ ਵਿਚ ਪਾਲੀ ਸੀ। ਪਾਲ ਦਾ ਭਰਾ ਰਜਿੰਦਰ ਸਿੰਘ ਰਾਜ ਪੱਤਰਕਾਰ - ਕਵੀ-ਲੇਖਕ ਯੂਨੀਅਨਇਸਟ, ਨਕਸਲਵਾਦੀ ਤੇ ਹੋਰ ਪਤਾ ਨਹੀਂ ਕੀ ਕੀ? ਮੇਰਾ ਦੋਸਤ ਰਜਿੰਦਰ ਸਿੰਘ ਰਾਜ। ਅਸੀਂ ਇਕੱਠਿਆ ਪੰਜਾਬ ਯੂਨੀਵਰਸਿਟੀ ਦੇ ਈਵਨਿੰਗ ਕਾਲਜ ਤੋਂ ਬੀ. ਏ. ਕੀਤੀ। ਉਹ ਕਵਿਤਾ ਲਿਖਦਾ। ਪਾਲ ਉਹ ਕਵਿਤਾ ਪੜ੍ਹਦੀ। ਕਾਲਜਾਂ ਵਿਚ ਕਵਿਤਾ ਪਾਠ ਦੇ ਮੁਕਾਬਲਿਆ 'ਚ

ਜਾਂਦੀ। ਇਨਾਮ ਜਿੱਤ ਕੇ ਲਿਆਉਂਦੀ। ਪਾਲ ਦੇ ਪਿਤਾ ਜੀ ਸੁਰੈਣ ਸਿੰਘ 'ਪ੍ਰੇਮੀ' ਪਾਠੀ ਸਨ। ਪਾਠ ਕਰਦੇ, ਕੀਰਤਨ ਕਰਦੇ। ਧਾਰਮਿਕ ਕਵਿਤਾ ਲਿਖਦੇ। ਪੁੱਤਰ ਪਿਓ ਦੇ ਉਲਟ। ਮਾਰਕਸ ਪੜ੍ਹੇ, ਲੈਨਨ ਪੜ੍ਹੇ। ਬਹਿਸਾ ਕਰਦੇ। ਜਿਸ ਦਿਨ ਸਾਡਾ ਬੀ ਏ ਦਾ ਆਖਰੀ ਪੇਪਰ ਸੀ। ਉਸ ਦਿਨ ਪੁਲਸ ਰਜਿੰਦਰ ਨੂੰ ਫੜ ਕੇ ਲੈ ਗਈ। ਬਨੂੜ ਟੱਪ ਕੇ ਰਾਜ ਪੁਰੇ ਤੋਂ ਪਹਿਲਾਂ ਰਾਲੋਮਾਜਰਾ ਹੈ ਉਸ ਦਾ ਪਿੰਡ। ਰਾਤੋ ਰਾਤ ਸੁਨੇਹਾ। ਰਜਿੰਦਰ ਦੇ ਪਿਤਾ ਨੂੰ ਦੱਸਿਆ ਕਿ ਪੁਲਸ ਰਜਿੰਦਰ ਨੂੰ ਫੜ ਕੇ ਲੈ ਗਈ ਹੈ। ਦੌੜ ਭੱਜ ਕਰਕੇ ਰਜਿੰਦਰ ਨੂੰ ਛੁਡਾ ਲਿਆ ਗਿਆ। ਉਸ ਕੇਸ ਵਿਚ ਪੁਲਸ ਨੇ ਜਿੰਨੇ ਵੀ ਫੜੇ ਸਨ ਕੁਝ ਮਾਰ ਦਿੱਤੇ ਗਏ ਤੇ ਕੁਝ ਜੇਲ੍ਹਾਂ ਵਿਚ ਰੱਖੇ ਗਏ। ਰਜਿੰਦਰ ਬਚ ਗਿਆ। ਉਹ ਬਚਣ ਲਈ ਮੇਰਾ ਅਹਿਸਾਨ ਸਮਝਦਾ ਰਿਹਾ।

ਪਾਲ ਕੌਰ ਦੀਆਂ ਇਕ ਦਿਨ ਕੁਝ ਕਵਿਤਾਵਾਂ 'ਜਗ ਬਾਣੀ' ਵਿਚ ਛਪੀਆਂ। ਜਿਸ ਦੀ ਜਾਣ ਪਛਾਣ ਦਰਸ਼ਨ ਮਿੱਤਵਾ (ਸਵਰਗੀ) ਨੇ ਲਿਖੀ ਸੀ। ਪਾਲ ਦੇ ਘਰ ਮੋਹਰ ਦੀ ਲੰਘਣ ਲੱਗੇ ਤਾਂ ਮੈਂ ਗੋਰਖੀ ਨੂੰ ਦੱਸ ਬੈਠਾ ਕਿ ਏਥੇ 'ਪਾਲ ਕੌਰ 'ਪਵਾਰ' ਰਹਿੰਦੀ ਹੈ। ਕਵਿਤਾ ਲਿਖਦੀ ਹੈ। ਉਸ ਦਾ ਭਰਾ ਮੇਰਾ ਦੋਸਤ ਹੈ। ਰਜਿੰਦਰ ਸਿੰਘ 'ਰਾਜ' ਪਾਲ ਕੌਰ ਦਾ ਜ਼ਿਕਰ ਦਰਸ਼ਨ ਮਿਤਵਾ ਨੇ ਗੋਰਖੀ ਨਾਲ ਕੀਤਾ ਸੀ। ਦਰਸ਼ਨ ਮਿੱਤਵਾ ਤੇ ਗੋਰਖੀ ਦੀ ਉਹਨਾਂ ਦਿਨਾਂ 'ਚ ਚੰਗੀ ਸਾਂਝ ਸੀ।

ਪਾਲ ਕੌਰ ਦੇ ਘਰ ਬਾਹਰ ਰਜਿੰਦਰ ਸਿੰਘ ਰਾਜ ਦੀ ਨੇਮ ਪਲੇਟ ਸੀ। ਉਹ ਉਨ੍ਹਾਂ ਦਿਨ੍ਹਾਂ ਵਿਚ Arrested Voice ਨਾਂ ਦੀ ਵੀਕਲੀ ਅਖ਼ਬਾਰ ਕਢਦਾ ਸੀ। ਗੋਰਖੀ ਘਰ ਮੋਹਰੇ ਰੁਕ ਗਿਆ। 'ਪਾਲ ਕੌਰ ਨੂੰ ਮਿਲੀਏ।' ਮੈਂ ਟਾਲ ਦਿੱਤਾ। "ਠੀਕ ਨਹੀਂ ਰਹੇਗਾ।" ਗੋਰਖੀ ਚਲੇ ਗਿਆ। ਕਈ ਦਿਨ ਬੀਤ ਗਏ। ਪਾਲ ਕੌਰ ਦੀਆਂ ਕਵਿਤਾਵਾਂ ਵੀ 'ਨਾਗਮਣੀ' 'ਚ ਛਪਣ ਲੱਗੀਆਂ। ਦੋਵੇਂ ਇਕ ਦਿਨ ਸਤਾਰਾਂ ਸੈਕਟਰ ਦੀ ਮਾਰਕੀਟ ਵਿਚ ਘੁੰਮ ਰਹੇ ਸਨ। ਅਸੀਂ ਮਿਲੇ। ਕੁਝ ਪਲ ਰੁਕੇ। ਪਾਲ ਕੌਰ ਨੇ ਮੇਰੀ ਜਾਂ ਗੋਰਖੀ ਦੀ ਮੇਰੇ ਨਾਲ ਜਾਣ ਪਛਾਣ ਕਰਵਾਈ, "ਵੀਰ ਜੀ ! ਇਹ ਪ੍ਰੇਮ ਗੋਰਖੀ !... ਕਹਾਣੀ ਲਿਖਦੇ ਨੇ... ਅੰਮ੍ਰਿਤਾ ਦੇ ਚਹੇਤੇ ਨੇ... ਨਾਗਮਣੀ 'ਚ ਅਕਸਰ ਛਪਦੇ ਨੇ...।" ਮੈਂ ਹੈਲੋ ਕਿਹਾ... ਗੋਰਖੀ ਨੇ ਵੀ ਹੈਲੋ ਕਿਹਾ। ਉਹ ਮੁਸਕਰਾਉਂਦਾ ਰਿਹਾ। ਮੈਂ ਰੁਕਣਾ ਮੁਨਾਸਬ ਨਾ ਸਮਝਿਆ।

'ਪੰਜਾਬੀ ਟ੍ਰਿਬਿਊਨ' ਚੋਂ ਰਿਟਾਇਰ ਹੋ ਕੇ ਗੋਰਖੀ ਵਿਹਲਾ ਹੋ ਕੇ ਘਰ ਬੈਠ ਗਿਆ। ਨਾ ਪੈਨਸਨ ਨਾ ਆਮਦਨ ਦਾ ਸਾਧਨ। ਆਰਥਿਕ ਤੰਗੀਆਂ –ਫ਼ਿਕਰਾਂ 'ਚ ਜ਼ਿੰਦਗੀ ਬੀਤਣ ਲੱਗੀ। ਪਰੂਫ਼ ਰੀਡਿੰਗ ਤੋਂ ਬਿਨਾ ਕੋਈ ਕੰਮ ਵੀ ਤਾਂ ਨਾ ਆਵੇ। ਕਹਾਣੀਆਂ ਲਿਖ ਕੇ ਪੇਟ ਵੀ ਨਾ ਭਰੇ। 'ਦੇਸ਼ ਸੇਵਕ' ਵਿਚ ਨੌਕਰੀ ਕਰ ਲਈ। ਤਨਖਾਹ ਨਾ ਮਾਤਰ। ਟ੍ਰਿਬਿਊਨ ਵਾਲਾ ਘਰ ਛਡਣਾ ਪਿਆ। 'ਦੇਸ਼ ਦੇਵਕ' ਵਿਚ ਕੰਮ ਹੀ ਕੰਮ। ਕਈ ਬੰਦਿਆਂ ਦਾ ਕੰਮ ਇਕ ਦੋ ਬੰਦੇ ਕਰਨ ਵਾਲੇ। ਕੀ ਕੀਤਾ ਜਾਵੇ। ਲਿਖਣਾ ਪੜ੍ਹਨਾ ਰੁਕਣ ਲੱਗਾ। 'ਦੇਸ਼ ਸੇਵਕ' ਛੱਡਿਆ। 'ਲੋਕ ਗੀਤ' ਵਾਲਿਆਂ ਦੇ ਚਲੇ ਗਿਆ। ਗੋਰਖੀ ਦਾ ਰੁਤਬਾ ਬਦਲ ਗਿਆ। ਉਹ 'ਲੋਕ ਗੀਤ' ਵਾਲਿਆਂ ਕੋਲ ਪਹਿਲਾਂ ਬਤੌਰ ਸਤਿਕਾਰਤ ਲੇਖਕ ਜਾਇਆ ਕਰਦਾ ਸੀ। ਮਾਲਕ ਉਸ ਦੀ ਇੱਜ਼ਤ ਕਰਦੇ ਚਾਹ ਪਲਾਉਂਦੇ। "ਕੋਈ ਕਿਤਾਬ ਸਾਡੇ ਕੋਲੋਂ ਵੀ ਛਪਾਓ... ਤਰਲੇ ਕੱਢਦੇ। ਪਰ ਜਦੋਂ ਗੋਰਖੀ 'ਲੋਕ ਗੀਤ' ਵਿਚ ਕਮ ਕਰਨ ਲੱਗਿਆ ਤਾਂ ਗੋਰਖੀ ਲੇਖਕ ਤੋਂ ਕਾਮਾ ਬਣ ਕੇ ਉਹਨਾਂ ਦੇ ਅਧੀਨ ਕੰਮ ਕਰਨ ਲੱਗਾ। ਮੁਲਾਜ਼ਮ–ਵਰਕਰ ਸਮੇਂ ਸਿਰ ਆਉਣਾ, ਸਮੇਂ ਤੋਂ ਪਹਿਲਾਂ ਨਹੀਂ ਜਾਣਾ। ਜਾਂਦਿਆਂ ਹੀ ਮਾਲਕ ਨੇ ਖਰੜਾ ਫੜਾ ਦੇਣਾ। ਇਹ ਜਾਣ ਤੋਂ ਪਹਿਲਾਂ ਫਾਈਨਲ ਕਰਨਾ। ਪਹਿਲਾਂ ਹੀ ਬੜਾ ਲੇਟ ਹੋ ਗਿਆ। ਕਿਤਾਬਾਂ 'ਚ ਹੈ ਕੁਛ ਨਹੀਂ, ਉਹ ਪਿੱਛੇ ਪਿਆ। ਛੇਤੀ ਕਰੋ... ਛੇਤੀ ਕਰੋ।.... ਨਾਲੇ ਸੁਣੋ ਗੋਰਖੀ... ਐਹ ਜਿਹੜੇ ਮਹਿਮਾਨ ਆਉਂਦੇ ਇਹਨਾਂ ਤੇ ਕੱਟ ਲਾਓ। ਇਹ ਲੇਖਕ ਤਾਂ ਵਿਹਲੇ ਨੇ ਆ ਜਾਂਦੇ ਗੱਪਾਂ ਮਾਰਨ। ਮੇਰੇ ਵੱਲ ਭੇਜ ਦਿਆ ਕਰੋ।" ਮੈਂ ਇਕ ਦਿਨ ਗੋਰਖੀ ਨੂੰ ਮਿਲਣ ਗਿਆ ਤਾਂ ਗੋਰਖੀ ਦੇ ਚਿਹਰੇ ਦਾ ਰੰਗ ਉੱਡਿਆ ਹੋਇਆ ਸੀ। ਮੈਂ ਸਾਹਮਣੇ ਖੜ੍ਹਾ ਸੀ। ਉਸ ਮਾੜਾ ਜਿਹਾ ਮੇਰੇ ਵੱਲ ਦੇਖਿਆ, ਨਜ਼ਰ ਚੁਰਾ ਕੇ ਮਾਲਕ ਦੀ ਕੁਰਸੀ ਵੱਲ ਦੇਖਿਆ, "ਚਾਹ ਪੀਣੀ।" ਮੈਂ ਕਿਹਾ "ਨਹੀ।" "ਕੋਈ ਜ਼ਰੂਰੀ ਕੰਮ?" ਮੈਂ ਕਿਹਾ "ਨਹੀਂ।" ਉਹ ਕਹਿਣ ਲੱਗਾ, "ਔਹ ਸੋਫੇ ਤੇ ਬੈਠੋ ਮੈਂ

ਆਉਨਾ।" ਉਹ ਕੰਮ 'ਚ ਲੱਗਾ ਰਿਹਾ। ਮੈਂ ਸੋਫੇ 'ਤੇ ਬੈਠਾ ਰਿਹਾ। ਉਹ ਦੋ ਚਾਰ ਮਿੰਟ ਬਾਅਦ ਬਾਥਰੂਮ ਦੇ ਬਹਾਨੇ ਸੀਟ ਤੋਂ ਉੱਠਿਆ। ਜਾਂਦਾ ਜਾਂਦਾ ਉਹ ਮੇਰੇ ਕੋਲ ਰੁਕਿਆ। ਉਹ ਮਾਲਕ ਦੀ ਕੁਰਸੀ ਵੱਲ ਦੇਖਦਾ ਰਿਹਾ, "ਓਹ ਯਾਰ! ਕੀ ਦੱਸਾਂ। ਸਾਹਮਣੇ ਕੋਈ ਐਨ ਆਰ ਆਈ ਮੁਰਗੀ ਬੈਠੀ ਹੈ। ਕਿਤਾਬ 'ਚ ਕੁਝ ਨਹੀਂ, ਓਧਰ ਕੰਮ ਤੋਂ ਵਿਹਲੇ ਹੋ ਕੇ ਲੇਖਕ ਬਣ ਗਏ ... "ਅਖੇ ਜੀ ਸੰਡੇ ਦੀ ਟਿਕਟ ਹੈ। ਕਿਤਾਬ ਨਾਲ ਲੈ ਕੇ ਜਾਣੀ ਹੈ। ਪੈਸੇ ਫੜੋ ਜਿੰਨੇ ਮਰਜ਼ੀ।" ਗੋਰਖੀ ਨੇ ਖੜੇ ਖੜ੍ਹੇ ਏਨੀ ਕੁ ਹੀ ਗੱਲ ਕੀਤੀ ਸੀ। ਇਕ ਕਰਿੰਦਾ ਆਇਆ। ਗੋਰਖੀ ਨੂੰ ਕਹਿਣ ਲੱਗਾ, 'ਸਰ ਕਹਿੰਦੇ ਹਾਅ ਜੇ ਹੱਥ ਵਾਲਾ ਕੰਮ ਮੁੱਕ ਗਿਆ ਤਾਂ ਦੂਜੀ ਕਿਤਾਬ ਸ਼ੁਰੂ ਕਰ ਦਿਓ। ਪਾਰਟੀ ਇੰਤਜ਼ਾਰ ਕਰਦੀ ਐ।" ਗੋਰਖੀ ਬਾਥਰੂਮ ਵੱਲ ਗਿਆ। ਜਾਂਦੇ ਜਾਂਦੇ ਆਖਿਆ। "ਮੈਂ ਸ਼ਾਮ ਨੂੰ ਮਿਲਦਾਂ ਜਾਂ ਐਤਵਾਰ ਮਿਲਾਂਗੇ।" ਫਿਰ ਇਕ ਦਿਨ ਖ਼ਬਰ ਮਿਲੀ ਕਿ ਗੋਰਖੀ 'ਲੋਕ ਗੀਤ' ਵਾਲਿਆਂ ਨੂੰ ਛੱਡ ਗਿਆ।

ਲੁਧਿਆਣੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਸੀ। ਚੰਡੀਗੜ੍ਹ ਤੋਂ ਮੈਂ, ਗਵਰਧਨ ਗੱਬੀ, ਪ੍ਰੋ. ਕੁਲਵੰਤ ਸਿੰਘ। ਕਈ ਹੋਰ ਲੇਖਕ ਵੋਟ ਪਾਉਣ ਲਈ ਆਏ। ਲੁਧਿਆਣੇ ਪੁੱਜੇ ਤਾਂ ਕਈ ਨਵੇਂ ਲੇਖਕ ਸਨ ਗੋਰਖੀ ਦੇ ਚਾਹਵਾਨ। ਉਹਨਾਂ ਗੋਰਖੀ ਦਾ ਹਾਲ ਚਾਲ ਪੁੱਛਿਆ। ਉਦੋਂ ਕੁ ਗੋਰਖੀ ਦਾ ਐਕਸੀਡੈਂਟ ਹੋ ਗਿਆ ਸੀ। ਉਹ 32 ਸੈਕਟਰ ਦੇ ਹਸਪਤਾਲ 'ਚ ਭਰਤੀ ਰਿਹਾ ਸੀ। ਘਰ ਤਾਂ ਆ ਗਿਆ। ਬਚ ਗਿਆ ਪਰ ਯਾਦ ਸ਼ਕਤੀ ਜਾਂਦੀ ਰਹੀ। ਬਹੁਤ ਦਿਨਾਂ ਤੱਕ ਉਹ ਕਿਸੇ ਨੂੰ ਪਛਾਣ ਨਾ ਸਕਿਆ। ਇਲਾਜ਼ ਮਹਿੰਗਾ। ਪੱਲੇ ਪੈਸਾ ਨਾ। ਉਨ੍ਹਾਂ ਦਿਨ੍ਹਾਂ ਵਿਚ ਪੁੱਤਰ ਪੜ੍ਹ ਲਿਖ ਕੇ ਵੀ ਬੇਰੋਜਗਾਰ ਸੀ। ਪਤਾ ਨਹੀਂ ਕਿਵੇਂ ਗੋਰਖੀ ਐਕਸੀਡੈਂਟ 'ਚੋਂ ਬਚ ਗਿਆ ਪਰ ਲਾਈਨ ਤੋਂ ਉਖੜ ਗਿਆ।

ਉਸ ਦਿਨ ਵੋਟ ਪਾਉਣ ਤੋਂ ਬਾਅਦ ਪ੍ਰੋ. ਕੁਲਵੰਤ –ਗੱਬੀ ਤੇ ਮੈਂ ਅਸੀਂ ਵਾਪਸ ਮੋਹਾਲੀ ਲਈ ਚਲ ਪਏ। ਗੱਬੀ ਗੱਡੀ ਚਲਾ ਰਿਹਾ ਸੀ। ਪੰਜਾਬੀ ਭਵਨ 'ਚੋਂ ਨਿਕਲੇ ਤਾਂ ਇਕ ਮੈਡਮ ਨੇ ਗੱਡੀ ਰੋਕਣ ਲਈ ਹੱਥ ਦਿੱਤਾ। ਗੱਡੀ ਰੁਕੀ। ਗੱਬੀ ਬੋਲਿਆ, "ਅਸੀਂ ਵਾਪਸ ਚੱਲੇ ਆ। ਜੇ ਜਾਣਾ ਤਾਂ ਬੈਠੋ।" ਉਸ ਮੈਡਮ ਨੇ ਮਿੰਟ ਨਾ ਲਾਇਆ। ਅਸੀਂ ਮੁਹਾਲੀ ਪਹੁੰਚ ਕੇ ਪ੍ਰੋ. ਕੁਲਵੰਤ ਦੇ ਘਰ ਰੁਕੇ। ਉਹ ਤਿੰਨੋਂ ਜਿਆਦਾ ਬੋਲਣ ਵਾਲੇ ਸਨ। ਮੈਂ ਸਰੋਤਾ ਸੀ। ਪਤਾ ਨਹੀਂ ਕੁਲਵੰਤ ਨੂੰ ਜਾਂ ਗੱਬੀ ਨੂੰ ਯਾਦ ਆਇਆ। ਮੈਡਮ ਨੂੰ ਮੇਰੇ ਬਾਰੇ ਦੱਸਿਆ ਗਿਆ। "ਇਹਨਾਂ ਨੂੰ ਜਾਣਦੇ ਨਹੀਂ ਮੈਡਮ!.. ਇਹ ਮੋਹਨ ਲਾਲ ਫਿਲੌਰੀਆ... ਬਹੁਤ ਵਧੀਆ ਕਹਾਣੀ ਲਿਖਦੇ ਨੇ... ਇਹ ਵੀ ਗੋਰਖੀ ਸਕੂਲ ਦੇ ਵਿਦਿਆਰਥੀ ਨੇ।"

'ਗੋਰਖੀ ਸਕੂਲ ਦੇ ਵਿਦਿਆਰਥੀ' ਹੋਣਾ ਮੇਰੇ ਲਈ ਨਵੀਂ ਖੋਜ ਸੀ। ਮੈਂ ਇਸ ਬਾਰੇ ਸੋਚਣ ਲੱਗਾ। ਇਹ ਕਿਹੜਾ ਸਕੂਲ ਹੋਇਆ। ਲੰਡਨ ਸਕੂਲ ਆਫ ਇਕਨਾਮਿਕਸ ਤਾਂ ਸੁਣਿਆ ਸੀ। ਇਹ ਗੋਰਖੀ ਸਕੂਲ ਕੀ ਹੋਇਆ? ... ਗੋਰਖੀ ਸਕੂਲ ਆਫ ਪੰਜਾਬੀ ਕਹਾਣੀ!? ਪ੍ਰੋ. ਕੁਲਵੰਤ ਨੇ ਪਾਣੀ ਦਾ ਇੰਤਜ਼ਾਮ ਕੀਤਾ। ਤਿੰਨ ਚਾਰ ਕਿਸਮ ਦੀਆਂ ਬੋਤਲਾਂ। ਇਕ ਬੀਅਰ ਵੀ ਸੀ। "ਮੱਲ ਕੀ ਲਏਂਗੀ?... ਬੀਅਰ... ਵਿਸਕੀ... ਜਾਂ ...।" ਪ੍ਰੋ. ਸਾਹਿਬ ਨੇ ਉਸ ਮੈਡਮ ਨੂੰ ਪੁੱਛਿਆ।

ਮੈਡਮ ਨੇ ਨਜ਼ਰ ਮਾਰੀ। ਮੈਂ ਤਾਂ ਰੰਮ ਲਉਗੀ। ਉਸ ਗਲਾਸ ਚੁੱਕਿਆ ਤੇ ਰੰਮ ਦਾ ਪੈੱਗ ਬਣਾਇਆ। ਉਹ ਪੀਣ ਲੱਗੀ। ਉਸ ਨੂੰ ਸਰੂਰ ਨਹੀਂ ਸੀ ਆ ਰਿਹਾ। ਫਿਰ ਉਸ ਨੇ ਮੇਰੇ ਵੱਲ ਮੂੰਹ ਘੁੰਮਾਇਆ, "ਫਿਲੌਰੀਆ ਸਾਬ੍ਹ ਕਦ ਤੋਂ ਜਾਣਦੇ ਹੋ ਪ੍ਰੇਮ ਗੋਰਖੀ ਨੂੰ...?"

"ਬਚਪਨ ਤੋਂ... ਫਿਰ ਖਾਸ ਕਰਕੇ... ਜਦ ਤੋਂ ਉਹ ਚੰਡੀਗੜ੍ਹ ਆਇਆ।"

"ਅੱਛਾ!!, ...ਉਹਦਾ ਤਾਂ ਬੜਾ ਭਿਆਨਕ ਐਕਸੀਡੈਂਟ ਹੋਇਆ ਸੀ। ਪਤਾ ਨ੍ਹੀਂ ਕਿਵੇਂ ਬਚ ਗਿਆ।" ਉਦੋਂ ਤੱਕ ਉਸ ਨੂੰ ਦਾਰੂ ਚੜ੍ਹ ਗਈ ਸੀ। ਪ੍ਰੋਫੈਸਰ ਕੁਲਵੰਤ ਨੇ ਉਸ ਨੂੰ ਸ਼ਾਂਤ ਕੀਤਾ। ਗੋਰਖੀ ਨੇ ਮੈਨੂੰ ਇਸ ਮੈਡਮ ਬਾਰੇ ਸਭ ਕੁਝ ਦੱਸਿਆ ਹੋਇਆ ਸੀ। ਸ਼ਾਂਤ ਚਿੱਤ ਮੈਂ ਸੁਣਦਾ ਰਿਹਾ। ਉਹ ਬੋਲਦੀ ਗਈ। "ਫਿਲੌਰੀਆ ਸਾਹਿਬ ਗੋਰਖੀ ਤੁਹਾਡੀ ਬਹੁਤ ਸਿਫ਼ਤ ਕਰਦਾ ਹੁੰਦਾ ਸੀ। ਉਹਨੂੰ ਆਖੋ ਉਹ ਵੀ ਤੁਹਾਡੇ ਵਰਗਾ ਬਣੇ...।" ਮੈਡਮ ਨੇ ਪਹਿਲੀ ਵਾਰ ਮੇਰੇ ਵੱਲ ਧਿਆਨ ਦਿੱਤਾ।

ਮੈਂ ਸੁਣਿਆ ਤਾਂ ਹੋਇਆ ਸੀ ਔਰਤਾਂ, ਖਾਸ ਕਰਕੇ ਲੇਖਕ ਔਰਤਾਂ ਦਾਰੂ ਪੀਂਦੀਆਂ ਹਨ। ਪਰ ਮੇਰੀ ਇਹ ਪਹਿਲੀ ਗੋਸ਼ਟੀ ਸੀ ਕਿ ਇਕ ਔਰਤ ਲੇਖਕ ਖੁੱਲ੍ਹ ਕੇ ਦਾਰੂ ਪੀ ਰਹੀ ਸੀ। ਤੇ ਦੂਸਰੇ ਲੇਖਕ ਨੂੰ ਦੁਰਬਚਨ ਬੋਲ ਰਹੀ ਸੀ। ਉਹ ਫਿਰ ਬੋਲਣਲੱਗੀ,

"ਸੁਣ ਲਓ, ਮੈਂ ਜਦ ਦੀ ਸਾਹਿਤ ਵਿਚ ਹੋਸ਼ ਸੰਭਾਲੀ, ਮੇਰੇ ਦਿਮਾਗ਼ ਵਿਚ ਇਹੀ ਰਹਿੰਦਾ ਸੀ ਕਿ ਅੰਮ੍ਰਿਤਾ ਪ੍ਰੀਤਮ ਇਸ ਬੰਦੇ ਤੇ ਏਨੀ ਮੇਹਰਬਾਨ ਕਿਓਂ ਹੈ? ਕੁਝ ਵੀ ਲਿਖਦਾ ਹੈ 'ਨਾਗਮਣੀ' ਚ। ਕੁਝ ਵੀ ਲਿਖਦਾ ਨਾਗਮਣੀ 'ਚ ... ਫਿਰ ਇਕ ਦਿਨ ਸਾਡੀ ਮੁਲਾਕਾਤ ਹੋ ਗਈ।" ਉਹ ਉਧੜ ਗਈ ਸੀ।

ਮੈਂ ਜਦੋਂ ਇਹ ਪ੍ਰਸੰਗ ਗੋਰਖੀ ਨਾਲ ਸਾਂਝਾ ਕੀਤਾ ਤਾਂ ਉਹ ਬੋਲਿਆ, "ਓਹ ਯਾਰ ਕੀ ਕਰੀਏ... ਇਹਨਾਂ ਬੀਬੀਆਂ ਦੀਆਂ ਕਹਾਣੀਆਂ ਸੋਧੀਏ ਜਾਂ ਘਰ ਵੱਲ ਵੇਖੀਏ... ਅੱਧੀਆਂ ਬੀਬੀਆਂ ਨੂੰ ਤਾਂ ਤਕਲੀਫ਼ ਹੈ ਕਿ ਅੰਮ੍ਰਿਤਾ ਨੇ ਇਸ ਬੰਦੇ ਨੂੰ ਏਨਾ ਭੂਹੇ ਕਿਓਂ ਚੜਾਇਆ... ਅੱਧੀਆਂ ਏਸ ਕਰਕੇ ਔਖੀਆਂ ਕਿ ਕੋਈ ਤਾਂ ਗੋਰਖੀ ਦੀ ਲਿਖਤ 'ਚ ਗੱਲ ਹੈ ਕਿ ਅੰਮ੍ਰਿਤਾ ਇਸ ਬੰਦੇ ਨੂੰ ਚਾਹੁੰਦੀ ਹੈ।"

ਅਸਲ ਵਿਚ ਪ੍ਰੇਮ ਗੋਰਖੀ ਕਹਾਣੀ ਕਹਿੰਦਾ ਸੀ। ਲਿਖਦਾ ਸੀ। ਮੈਂ ਕਹਾਣੀ ਸੁਣਦਾ ਸੀ। ਪੜ੍ਹਦਾ ਸੀ। ਮੈਂ ਆਪਣੇ ਆਪ ਨੂੰ ਗੋਰਖੀ ਦਾ ਸਰੋਤਾ ਸਮਝਿਆ ਤੇ ਪਾਠਕ ਵੀ। ਬਾਅਦ ਵਿਚ 'ਗੋਰਖੀ ਸਕੂਲ ਦੇ ਵਿਦਿਆਰਥੀ ਹੋਣ' ਦਾ ਮਾਣ ਪ੍ਰਾਪਤ ਹੋਇਆ। 'ਗੋਰਖੀ ਸਕੂਲ ਆਫ਼ ਪੰਜਾਬੀ ਕਹਾਣੀ' ਦੀ ਸਥਾਪਤੀ ਪ੍ਰੇਮ ਗੋਰਖੀ ਨੇ ਕੀਤੀ ਜਿਸ ਨੂੰ ਦਲਿਤ ਸਾਹਿਤ ਦਾ ਮੁੱਢ ਮੰਨਿਆ ਗਿਆ। ਸਾਹਿਤ ਦੇ ਖੇਤਰ ਵਿਚ ਵੀ ਗੋਰਖੀ ਜ਼ਲੀਲ ਹੁੰਦਾ ਰਿਹਾ। ਇਕ ਵਾਰ ਉਹ ਸੰਤ ਸਿੰਘ ਸੇਖੋਂ ਨੂੰ ਮਿਲਿਆ, ਤਾਂ ਸੇਖੋਂ ਸਾਹਿਬ ਕਹਿਣ ਲੱਗੇ, "ਉਹ ਤੂੰ ਜੱਟ ਹੁੰਨਾ?... ਕੀ ਗੋਤ...?" ਗੋਰਖੀ ਨੇ ਮੂੰਹ ਨੀਵਾਂ ਕਰ ਲਿਆ। ਸੇਖੋਂ ਨੇ ਫਿਰ ਪੁੱਛਿਆ, "ਉਹ ਤੂੰ ਬੋਲਿਆ ਨਹੀਂ ਤੂੰ ਜੱਟ ਹੁੰਨਾ?"

"ਨਹੀਂ ਜੀ ਮੈਂ ਚਮਾਰ ਹੁੰਨਾ...।" ਗੋਰਖੀ ਬੋਲਿਆ।

"ਅੱਛਾ! ਮੈਂ ਤਾਂ ਤੈਨੂੰ ਜੱਟ ਹੀ ਸਮਝਦਾ ਰਿਹਾ।" ਸੇਖੋਂ ਨੇ ਮੂੰਹ ਘੁੰਮਾ ਲਿਆ।

ਭੂਸ਼ਨ ਧਿਆਨਪੁਰੀ ਦੀ ਦਿਆਨਤਦਾਰੀ ਹੋਰ ਤਰ੍ਹਾਂ ਦੀ ਸੀ। ਬਤੌਰ ਕਹਾਣੀਕਾਰ ਉਹ ਗੋਰਖੀ ਦੀ ਤਾਰੀਫ਼ ਕਰਦਾ ਪਰ ਹਰ ਸਾਲ ਉਹ ਮਜ਼ਾਕ ਕਰਦਾ, "ਇਸ ਵਾਰ ਦਾ ਭਾਸ਼ਾ ਵਿਭਾਗ ਦਾ ਇਨਾਮ ਪ੍ਰੇਮ ਗੋਰਖੀ ਨੂੰ ਮਿਲੇਗਾ...!" ਭੂਸ਼ਣ ਹਰ ਸਾਲ ਇਹ ਮੁੱਦਾ ਉਛਾਲਦਾ।

"ਉਹ ਕਿਵੇਂ...?" ਕਿਉਂਕਿ ਭਾਸ਼ਾ ਵਿਭਾਗ ਦੇ ਇਨਾਮ ਵਿਚ ਵੀ ਪੰਜਾਬ ਸਰਕਾਰ ਨੇ ਰਾਖਵਾਂਕਰਨ ਲਾਗੂ ਕਰ ਦਿੱਤਾ ਹੈ। ਜਿਵੇਂ ਨੌਕਰੀਆਂ ਵਿਚ ਪੱਚੀ ਪਰਸੈਂਟ ਰਾਖਵਾਂਕਰਨ ਮਿਲਦਾ ਹੈ। ਅਨੁਸੂਚਿਤ ਜਾਤੀਆਂ ਨੂੰ ਏਵੇਂ ਹੀ ਇਨਾਮਾਂ ਵਿਚ ਸਡਿਊਲਡਕਾਸਟ ਨੂੰ ਰੇਜ਼ਰਵੇਸ਼ਨ ਮਿਲੇਗਾ। ਇਸ ਪੈਰਾਮੀਟਰ ਵਿਚ ਪ੍ਰੇਮ ਗੋਰਖੀ ਸੂਟੇਬਲ ਹੈ। ਬਸ ਇਕ ਸਰਟੀਫਿਕੇਟ ਦੀ ਜ਼ਰੂਰਤ ਹੈ। ਉਹ ਗੋਰਖੀ ਕੋਲ ਹੈ।" ਕਹਿ ਕੇ ਉਹ ਜ਼ੋਰ ਦੀ ਤਾੜੀ ਮਾਰਦਾ ਹੈ। ਸਾਨੂੰ ਤਾਂ ਖੁਸ਼ੀ ਹੋਵੇਗੀ ਜੇ ਏਦਾਂ ਵੀ ਗੋਰਖੀ ਦਾ ਨਾਂ ਵਿਚਾਰਿਆ ਜਾਵੇ। ਮੈਂ ਸੋਚਦਾ ਸੀ।

ਜਦੋਂ ਗੋਰਖੀ ਦੀ ਕਹਾਣੀ 'ਬਚਨਾ ਬੱਕਰਵੱਢ' ਛਪੀ ਤਾਂ ਉਹ ਸਮਾਂ ਪੰਜਾਬ ਸੰਕਟ ਦਾ ਸੀ। ਇਹ ਇਕ ਪੁਲਸੀਏ ਠਾਣੇਦਾਰ ਦੀ ਕਹਾਣੀ ਸੀ। ਕਹਾਣੀ ਛਪਣ ਤੋਂ ਬਾਅਦ ਉਸ ਨੂੰ ਉਸ ਸਮੇਂ ਦੇ ਡੀ ਜੀ ਪੀ ਕੇ. ਪੀ. ਐੱਸ. ਗਿੱਲ ਨੇ ਬੁਲਾਇਆ ਸੀ। ਦੋ ਸਿਪਾਹੀ ਉਸ ਨੂੰ ਲੈ ਕੇ ਗਏ ਸਨ। ਇਕ ਕਿਲਾ ਪਾਰ ਕਰਕੇ ਜਾਣ ਵਾਲੀ ਗੱਲ ਸੀ। ਡਰ ਲਗਦਾ ਸੀ। ਭਲਾ ਇਹ ਗਿੱਲ ਨੇ ਕਿਓਂ ਬੁਲਾਇਆ? ਗੋਰਖੀ ਸੋਚਦਾ ਸੀ। ਸਾਹਮਣੇ ਹੋਏ ਤਾਂ ਗਿੱਲ ਨੇ ਆਪ ਪਾਣੀ ਪਲਾਇਆ। ਚਾਹ ਆਪ ਪਲਾਈ। ਸਾਹਿਤ ਬਾਰੇ ਗੱਲਾਂ ਕੀਤੀਆਂ। ਫਿਰ ਉਹ ਕਹਿਣ ਲੱਗਾ, "ਇਹ ਕਹਾਣੀ ਕਿੱਦਾਂ ਫੜੀ... ਡਰ ਨਾ... ਦੱਸਣਾ ਪਊ।" ਗਿੱਲ ਨੇ ਪੁੱਛਿਆ। ਗੋਰਖੀ ਨੇ ਸਾਰੀ ਕਹਾਣੀ ਦਾ ਬਿਰਤਾਂਤ ਸੁਣਾ ਦਿੱਤਾ। ਗਿੱਲ ਸਾਹਿਬ ਖੁਦ ਪੜ੍ਹਦੇ ਵੀ ਤੇ ਲਿਖਦੇ ਵੀ ਸਨ। ਇਸ ਤਰ੍ਹਾਂ ਦੇ ਕਹਾਣੀਆਂ ਦੇ ਪ੍ਰਸੰਗ ਪ੍ਰੇਮ ਗੋਰਖੀ ਦੱਸਦੇ ਰਹਿੰਦੇ ਸਨ।

(**ਸੰਪਰਕ-98884-05888**)

# ਵਿਹੜੇ ਦੇ ਲੋਕਾਂ ਦਾ ਧਰਤੀ ਪੁੱਤਰ : ਪ੍ਰੇਮ ਗੋਰਖੀ
## - ਭਗਵੰਤ ਰਸੂਲਪੁਰੀ



**1992, ਭਗਵੰਤ ਰਸੂਲਪੁਰੀ ਅਤੇ ਦੇਸ ਰਾਜ ਕਾਲੀ ਦਾ ਸਾਂਝਾ ਕਹਾਣੀ ਸੰਗ੍ਰਹਿ 'ਚਾਨਣ ਦੀ ਲੀਕ' ਰਿਲੀਜ਼ ਕਰਦੇ ਹੋਏ ਪ੍ਰੇਮ ਗੋਰਖੀ, ਨਾਲ ਹਨ ਦਵਿੰਦਰ ਮੰਡ ਬੈਠੇ ਹੋਏ ਵੈਦ ਕੇਹਰ ਸਿੰਘ ਮੋਤੀ ਅਤੇ ਅਮਰਜੀਤ ਸੰਧੂ। ਕਿਰਤੀ ਪ੍ਰਿੰਟਿੰਗ ਪ੍ਰੈਸ ਦਾ ਵਿਹੜਾ**

ਪ੍ਰੇਮ ਗੋਰਖੀ ਓਸ ਧਰਤੀ ਦਾ ਪੁੱਤਰ ਹੈ ਜਿਹੜਾ ਧਰਤੀ ਨਾਲ ਜੁੜੇ ਲੋਕਾਂ ਨਾਲ ਐਨਾ ਘਸਰ ਕੇ ਲੰਘਿਆ ਹੈ ਕਿ ਜਦੋਂ ਉਸ ਨੇ ਨਿਮਨ ਵਰਗ ਦੇ ਲੋਕਾਂ ਬਾਰੇ ਲਿਖਿਆ ਤਾਂ ਐਨਾ ਮਾਰਮਿਕ ਤੇ ਅਛੂਤਾ ਸੀ ਕਿ ਪਾਠਕਾਂ ਨੇ ਉਹਨੂੰ ਹੱਥਾਂ 'ਤੇ ਚੁੱਕ ਲਿਆ। ਆਪਣੇ ਨਾਨਕੇ ਪਿੰਡ ਤੋਂ ਆਪਣੇ ਦਾਦਕੇ ਪਿੰਡ ਜਦੋਂ ਜਲੰਧਰ ਦੇ ਲਾਡੋਵਾਲੀ ਪਿੰਡ ਆਇਆ ਤਾਂ ਪ੍ਰੇਮ ਦਾ ਵਾਹ ਕੱਚੀਆਂ ਬੀਹੀਆਂ, ਵਾਢੂ ਕੁੱਤੇ, ਪਾਣੀ ਦੇ ਫੋਸੜ ਸੱਪ, ਮੋਟੇ ਕੱਛੂ ਕੁੰਮੇ, ਚਿੱਟੀ ਰੇਤਾ 'ਤੇ ਚਮਕਦੇ ਸਿੱਪ, ਘੋਗੇ ਤੇ ਕੋਡਾ ਨਾਲ ਪਿਆ। ਉਹ ਕਹਿੰਦਾ, ਫੋਸੜ ਸੱਪ ਤਾਂ ਮੈਂ ਹੱਥੀਂ ਫੜ ਫੜ ਕੇ ਮਧੋਲ ਸੁੱਟਦਾ ਸਾਂ। ਇਹ ਉਹ ਸਮਾਂ ਸੀ ਜਦੋਂ ਲਾਡੋਵਾਲੀ ਵੰਡ ਤੋਂ ਬਾਅਦ ਨਵੇਂ ਰੂਪ ਵਿਚ ਬੱਝਣ ਲੱਗਾ ਸੀ। ਜਿਸ ਵਿਚ 'ਵਿਹੜੇ ਦੇ ਘਰ' ਸਨ, ਜਿਨ੍ਹਾਂ ਘਰਾਂ ਵਿਚ ਉਹਦਾ ਪਿਤਾ ਅਰਜਨ ਜਿਹੜਾ ਕਿ ਅਰਜਨ ਸਫ਼ੈਦੀ ਵਾਲਾ ਕਰਕੇ ਮਸ਼ਹੂਰ ਸੀ ਤੇ ਮਾਂ ਰੱਖੀ ਜੋ ਉਹਦੀ ਰਚਨਾ ਦਾ ਸੋਮਾ ਸੀ।

ਪ੍ਰੇਮ ਗੋਰਖੀ ਜਦੋਂ 1992 ਵਿਚ ਮੇਰੇ ਤੇ ਦੇਸ ਰਾਜ ਕਾਲੀ ਦੇ ਸਾਂਝੇ ਕਹਾਣੀ ਸੰਗ੍ਰਹਿ 'ਚਾਨਣ ਦੀ ਲੀਕ' ਨੂੰ ਰਲੀਜ਼ ਕਰਨ ਜਲੰਧਰ ਆਇਆ ਤਾਂ ਕਿਰਤੀ ਪ੍ਰਿੰਟਿੰਗ ਪ੍ਰੈਸ ਦੇ ਵਿਹੜੇ ਵਿਚ (ਜਿੱਥੇ ਸਮਾਗਰ ਹੋ ਰਿਹਾ ਸੀ) ਕੇਹਰ ਸਿੰਘ ਮੋਤੀ ਦੇ ਸਾਹਮਣੇ ਚਾਹ ਪੀਂਦਿਆਂ ਕਹਿਣ ਲੱਗਾ, ਰਸੂਲਪੁਰੀ ਜਦੋਂ ਮੇਰੀਆਂ ਕਹਾਣੀਆਂ ਪੰਜਾਬੀ ਦੇ ਵੱਡੇ ਪਰਚਿਆਂ ਵਿਚ ਛਪਣ ਲੱਗ ਪਈਆਂ ਤਾਂ ਲਾਡੋਵਾਲੀ ਘਰ ਮੈਨੂੰ ਬਹੁਤ ਸਾਰੀਆਂ ਚਿੱਠੀਆਂ ਪਾਠਕਾਂ ਦੀਆਂ ਆਉਣ ਲੱਗ ਪਈਆਂ ਸਨ। ਉਨ੍ਹਾਂ ਵਿਚ ਕਿਸੇ ਦਾ ਅਧੂਰਾ ਸਿਰਨਾਵਾਂ ਵੀ ਹੁੰਦਾ, ਕਦੇ ਯਾਰ ਦੋਸਤ ਵੀ ਮਿਲਣ ਆ ਜਾਂਦੇ। ਇਕ ਦਿਨ ਮੇਰੀਆਂ ਕਹਾਣੀਆਂ ਪੜ੍

ਕੇ ਤਿੰਨ ਸੱਜਣ ਮੇਰਾ ਘਰ ਲੱਭਦੇ ਲੱਭਦੇ ਮੇਰੇ ਘਰ ਆ ਪਹੁੰਚੇ। ਇਕ ਕਹਿਣ ਲੱਗਾ 'ਗੋਰਖੀ ਯਾਰ ਤੇਰਾ ਘਰ ਬੜਾ ਔਖਾ ਲੱਭਾ। ਪਹਿਲਾਂ ਅਸੀਂ ਰੇਲਵੇ ਫਾਟਕ ਪੁੱਛਿਆ, ਕੋਈ ਦੱਸੇ ਈ ਨਾ। ਪੁੱਛ-ਪੱਛ ਕੇ ਅਸੀਂ ਉਦਾਸ ਹੋ ਗਏ... ਬੱਸ ਅੱਡੇ ਨੂੰ ਮੁੜਨ ਈ ਲੱਗੇ ਸੀ ਕਿ ਇਕ ਰੇਹੜੀ ਆਲਾ ਮਿਲ ਗਿਆ, ਕਹਿਣ ਲੱਗਾ, ਭਰਾਵੋ ਨਾ ਤਾਂ ਤੁਹਾਨੂੰ ਘਰ ਦਾ ਕੋਈ ਨੰਬਰ ਈ ਲੱਭਣਾ ਤੇ ਨਾ ਈ ਗੋਰਖੀ-ਗੁਰਖੀ ਨੂੰ ਈ ਕੋਈ ਜਾਣਦੈ... ਤੁਸੀਂ ਔਹ ਚੁਬਾਰੇ ਕੋਲ ਜਾ ਕੇ ਭਾਈਏ ਅਰਜਨ ਦਾ ਘਰ ਪੁੱਛ ਲਿਓ, ਅਰਜਨ ਸਫ਼ੈਦੀ ਵਾਲੇ ਦਾ... ਅਸੀਂ ਓਦਾਂ ਈ ਕੀਤਾ ਤਾਂ ਘਰ ਲੱਭਾ... ਤਾਂ ਕਿਤੇ ਜਾ ਕੇ ਸਾਡਾ ਸਾਹ 'ਚ ਸਾਹ ਆਇਆ... ਤੈਨੂੰ ਦੇਖ ਕੇ...।" ਭਲਾ ਇਹ ਅਰਜਨ ਕੌਣ ਆ ਸਫ਼ੈਦੀ ਵਾਲਾ?" ਮੈਂ ਉਹਨਾਂ ਵੱਲ ਗੁਹ ਨਾਲ ਵੇਖਿਆ ਤੇ ਬੋਲਿਆ, "ਔਹ ਬੈਠਾ, ਮੇਰਾ ਭਾਈਆ।" ਜਦੋਂ ਉਹ ਚਲੇ ਗਏ ਤਾਂ ਪਿਤਾ ਨੇ ਮੈਨੂੰ ਮੰਜੇ 'ਤੇ ਬਿਠਾ ਲਿਆ ਤੇ ਮੇਰੇ ਮੋਢੇ 'ਤੇ ਹੱਥ ਰੱਖਦਾ ਕਹਿਣ ਲੱਗਾ, "ਕਿਉਂ ਸੁਣੀ ਉਨ੍ਹਾਂ ਦੀ ਗੱਲ?... ਪੁੱਤ ਇਹਨੂੰ ਕਮਾਈ ਕਹਿੰਦੇ ਆ। ਇਹ ਪੰਜਾਹ ਵਰ੍ਹਿਆਂ ਦੀ ਕਮਾਈ ਆ... ਹੱਡ ਭੰਨਾਉਣੇ ਪੈਂਦੇ ਆ ... ਉਮਰ ਗਾਲਣੀ ਪੈਂਦੀ ਆ... ਨੇਰ੍ਹੀਆਂ ਝੱਖੜ ਝੱਲਣੇ ਪੈਂਦੇ ਆ... ਪੁੱਤ ਤਾਂ ਕਿਤੇ ਜਾ ਕੇ ਇਹ ਨੈਣ-ਨਕਸ਼ ਬਣਦੇ ਆ... ਤੇ ਫੇ ਬਣਦਾ ਆ ਨਾਂ ਕੀ ਸਮਝਿਆ!" ਗੋਰਖੀ ਨੇ ਬੋਲਦਿਆਂ ਮੇਰੇ ਮੋਢੇ ਤੇ ਹੱਥ ਰੱਖ ਦਿੱਤਾ। ਪਿਤਾ ਨੇ ਇਵੇਂ ਹੀ ਮੇਰੇ ਮੋਢੇ 'ਤੇ ਹੱਥ ਰੱਖਦਿਆਂ ਮੈਨੂੰ ਅੱਗੇ ਕਿਹਾ ਸੀ, "ਪੁੱਤ ਤੂੰ ਤਾਂ ਅਜੇ ਢਾਈ ਕਹਾਣੀਆਂ ਲਿਖੀਆਂ ਹੋਣੀਆਂ ਤੇ ਸੋਚਦੈਂ ਪੰਜ ਪੀਰ ਚੌਂਕ 'ਚ ਖੜਾ ਰਿਕਸ਼ੇ ਵਾਲਾ ਤੇਰਾ ਨਾਂ ਸੁਣ ਕੇ ਸਿੱਧਾ ਦੋਂਹ ਮੀਲਾਂ ਤੋਂ ਏਥੇ ਸਿੱਧਾ ਪਹੁੰਚ ਜਾਊ... ਨਈਂ ਸੂਰਮਿਆਂ... ਏਦਾਂ ਨਹੀਂ... ਆਪਣੀ ਪਛਾਣ ਲਈ ਕਮਾਈ ਕਰੋ... ਮਿਹਨਤ ਕਰੋ...।" ਗੋਰਖੀ ਨੇ ਮੈਨੂੰ ਸਾਰੀ ਗੱਲ ਸਮਝਾ ਦਿੱਤੀ ਸੀ। ਮੈਂ ਹੁਣ ਵੀ ਜਦੋਂ ਕਦੇ ਨਵੀਂ ਕਹਾਣੀ ਕਿਸੇ ਪਰਚੇ ਨੂੰ ਭੇਜਦਾ ਹਾਂ ਤਾਂ ਗੋਰਖੀ ਦਾ ਇਹ ਪ੍ਰਸੰਗ ਮੇਰੇ ਜ਼ਿਹਨ ਵਿਚ ਹੁੰਦਾ ਹੈ। ਉਹਦਾ ਹੱਥ ਆਪਣੇ ਮੋਢੇ 'ਤੇ ਮਹਿਸੂਸ ਕਰਦਾ ਹਾਂ।

ਗੋਰਖੀ ਇਸੇ ਕਰਕੇ ਹੀ ਵੱਡੇ ਕੱਦ ਦਾ ਸਿਖਰ ਦਾ ਕਹਾਣੀਕਾਰ ਬਣ ਸਕਿਆ ਕਿਉਂਕਿ ਉਹ ਉਨ੍ਹਾਂ ਲੋਕਾਂ ਬਾਰੇ ਲਿਖਦਾ ਸੀ ਜਿਨ੍ਹਾਂ ਨਾਲ ਉਹ ਐਨ ਘਸਰ ਕੇ ਲੰਘਿਆ ਸੀ। ਜਿਹੜੀਆਂ 'ਘਸਰਾ' ਉਸਦੇ ਤਨ ਮਨ ਤੇ ਝਰੀਟਾਂ ਪਾ ਦਿੰਦੀਆਂ ਸਨ। ਉਹਦੇ ਅਨੁਭਵ ਉਸ ਧਰਤੀ ਨਾਲ ਜੁੜੇ ਹੋਏ ਸਨ ਜਿਸ ਧਰਤੀ 'ਤੇ ਉਹ ਕਿਰਤ ਕਰਦੇ ਹੋਏ ਆਪਣੇ ਜੀਵਨ ਦਾ ਸੰਘਰਸ ਕਰਦੇ ਆ ਰਹੇ ਸਨ। ਉਸ ਦੀ ਕਹਾਣੀ ਵਿਚ ਪਾਤਰਾਂ ਦੀ ਐਨੀ ਸਹਿਜ ਗਤੀ ਹੈ ਕਿ ਪਾਤਰਾਂ ਦੀ ਖ਼ਾਮੋਸ਼ੀ ਵੀ ਤੁਹਾਨੂੰ ਸੁਣਾਈ ਦੇ ਜਾਂਦੀ ਹੈ। ਅਣਹੋਏ ਲੋਕ ਬਹੁਤ ਖ਼ਾਮੋਸ਼ ਰਹਿੰਦੇ ਹਨ। ਦੱਬੇ ਹੋਏ। ਗਰੀਬੀ ਦੇ ਭੰਨੇ ਹੋਏ। ਉਨ੍ਹਾਂ ਦੀਆਂ ਅੱਖਾਂ ਵਿਚ ਉੱਤਰਿਆ ਗੁੱਸੇ ਦਾ ਲਹੂ ਗੋਰਖੀ ਵੇਖ ਲੈਂਦਾ ਸੀ। ਜਦੋਂ ਕਹਾਣੀ ਵਿਚ ਪੇਸ਼ ਕਰਦਾ ਸੀ ਇਕ ਦਮ ਸਹਿਜ ਅਵਸਥਾ ਨਾਲ ਪੇਸ਼ ਕਰਦਾ ਸੀ। ਉਹਦੀ ਸਹਿਜਤਾ ਹੀ ਉਹਦੀ ਕਹਾਣੀ ਦੀ ਕੁਸ਼ਲਤਾ ਸੀ। ਉਸ ਦੀ ਕਹਾਣੀ 'ਕੁੰਡਾ' ਨੇ ਉਹਨੂੰ ਅਰਸ਼ 'ਤੇ ਪਹੁੰਚਾ ਦਿੱਤਾ ਸੀ। ਨੈਸ਼ਨਲ ਫਿਲਮ ਡਿਵੀਜ਼ਨ ਨੇ 'ਸਾਂਕਲ' ਨਾਂ ਹੇਠ ਇਸ ਕਹਾਣੀ ਤੇ ਫਿਲਮ ਬਣਾਈ। ਜਿਹੜੀ ਦੂਰਦਰਸ਼ਨ ਦੇ ਸਾਰੇ ਨੈਸ਼ਨਲ ਚੈਨਲਾਂ ਤੇ ਉਸ ਵੇਲੇ ਚੱਲੀ। ਗੋਰਖੀ ਦੀ ਚਰਚਿਤ ਕਹਾਣੀ 'ਇਕ ਟਿੱਕਟ ਰਾਮਪੁਰਾ ਫੂਲ' ਤੇ ਪੀ. ਟੀ. ਸੀ. ਬਾਕਸ ਆਫਸ ਨੇ 'ਇਕ ਟਿੱਕਟ' ਨਾਂ 'ਤੇ ਫਿਲਮ ਡਾਇਰੈਕਟਰ ਮੁਕੇਸ਼ ਗੌਤਮ ਨੇ ਬਣਾਈ। ਜੋ ਕਿ 21 ਦਸੰਬਰ, 2018 ਨੂੰ ਪਹਿਲੀ ਵਾਰ ਚੈਨਲ 'ਤੇ ਚਲਾਈ ਗਈ। ਇਕ ਟਿੱਕਟ ਰਾਮਪੁਰਾ ਫੂਲ, ਜ਼ਿੰਦਗੀ, ਸੰਸਕਾਰ, ਭੇਤੀ ਬੰਦਾ ਕਹਾਣੀਆਂ ਨਾਲ ਉਹ ਪਾਠਕਾਂ ਦੇ ਮਨ੍ਹਾਂ ਵਿਚ ਹਮੇਸ਼ਾਂ ਜਿਉਂਦਾ ਰਹੇਗਾ।

ਗੋਰਖੀ ਜਦੋਂ ਕੁਝ ਲਿਖ ਰਿਹਾ ਹੁੰਦਾ ਤਾਂ ਉਸਦੀ ਮਾਂ ਰੱਖੀ ਕਿਸੇ ਨੂੰ ਵੀ ਉਹਦੇ ਕੋਲ ਫਟਕਣ ਨਾ ਦਿੰਦੀ। ਉਹ ਸਮਝਦੀ ਸੀ ਕਿ ਮੇਰਾ ਪੁੱਤ ਕੋਈ ਤਪ ਕਰ ਰਿਹਾ ਹੈ। ਜਦੋਂ ਕੋਈ ਮਿਲਣ ਆ ਜਾਂਦਾ ਤਾਂ ਉਹ ਦਰ ਵਿਚ ਹੀ ਉਹਨੂੰ ਰੋਕ ਦਿੰਦੀ, 'ਵੇ ਭਰਾਵਾ ਉਹ ਕਿਹੜਾ ਵਿਹਲਾ ਆ, ਰੱਬ ਰੱਬ ਕਰਦਾ, ਕਿਤਾਬਾਂ ਲਿਖਦਾ, ਚੇਲਿਆਂ ਵਾਲਾ ਸਿਲਾ ਕਰਦਾ, ਤੜਕੇ ਦਾ ਬੈਠਾ, ਵੇ ਅੰਦਰ ਨਾ ਜਾਵੀਂ।' ਬਹੁਤ ਭੋਲੀ ਤੇ ਸਿੱਧੜ ਮਾਂ ਇਸੇ ਤਰ੍ਹਾਂ ਹੀ ਸੋਚਦੀ ਸੀ। ਉਹਨੂੰ ਵਿਹੜੇ ਵਾਲੇ ਲੋਕ ਪੁੱਛਦੇ, "ਬਈ ਕਾਹਦੀ



'ਦੀਵਾ ਬਲੇ ਸਾਰੀ ਰਾਤ' ਦੀ ਗੋਸ਼ਟੀ ਸਮੇਂ ਪ੍ਰੇਮ ਗੋਰਖੀ, ਬੀਬਾ ਕੁਲਵੰਤ, ਦਲਬੀਰ ਚੇਤਨ, ਨਛੱਤਰ, ਗੁਰਚਰਨ ਚਾਹਲ ਭੀਖੀ, ਮੁਖਤਾਰ ਗਿੱਲ, ਵਰਿਆਮ ਸੰਧੂ, ਮੁਖਤਿਆਰ ਸਿੰਘ, ਕਿਰਪਾਲ ਕਜ਼ਾਕ ਅਤੇ ਹੋਰ ਕਹਾਣੀਕਾਰ

ਭਗਤੀ ਕਰਦੈਂ? ਚੇਲਗਿਰੀ ਸਿਖਦੈਂ? ਇਹੋ ਜਿਹੇ ਕੁੱਤੇ ਕੰਮ ਨੂੰ ਅਸੀਂ ਜਾਣਦੇ ਆ।" ਮਾਂ ਦੀਆਂ ਨਜ਼ਰਾਂ ਵਿਚ ਗੋਰਖੀ ਗੁਣੀ-ਗਿਆਨੀ ਬਣ ਗਿਆ ਸੀ। ਗੋਰਖੀ ਮਾਂ ਨੂੰ ਉਹ ਡਿਕਸ਼ਨਰੀ ਕਹਿੰਦਾ ਹੈ ਜਿਸ ਰਾਹੀਂ ਉਹ ਸਮਾਜ ਦੇ ਅਰਥਾਂ ਨੂੰ ਸਮਝਦਾ ਸੀ। ਜਦੋਂ ਉਸ ਨੇ 'ਛੋਟੀਆਂ ਛੋਟੀਆਂ ਕੰਧਾਂ' ਕਹਾਣੀ ਲਿਖੀ ਤਾਂ ਮਾਂ ਨੂੰ ਸੁਣਾਉਣ ਬਾਰੇ ਸੋਚਿਆ, ਸਾਰੇ ਜੀਅ ਜਦੋਂ ਦਲਾਨ ਵਿਚ ਬੈਠ ਗਏ ਤਾਂ ਉਹ ਦੀਵੇ ਦੀ ਲੋਅ 'ਚ ਕਹਾਣੀ ਪੜ੍ਹਨ ਲੱਗ ਪਿਆ। ਅੱਧੀ ਕੁ ਕਹਾਣੀ ਸੁਣ ਕੇ ਪਿਤਾ ਨੂੰ ਗੁੱਸਾ ਆ ਗਿਆ ਤੇ ਉਹਨੇ ਚਾਹ ਵਾਲੀ ਬਾਟੀ ਗੁੱਸੇ 'ਚ ਆ ਕੇ ਕੰਧ ਵਿਚ ਮਾਰ ਦਿੱਤੀ ਤੇ ਕਹਿਣ ਲੱਗਾ, "ਤੈਨੂੰ ਕਿਹੜੇ ਕੰਜਰ ਨੇ ਕਿਹਾ ਪਈ ਘਰ ਦਾ ਭੇਦ ਲੋਕਾਂ ਨੂੰ ਦੱਸ, ਉਹਨੇ ਚਾਹੇ ਕੰਧ ਪਾ ਦਿੱਤੀ, ਚਾਹੇ ਕੁਝ ਹੋਇਆ, ਤੂੰ ਤਾਂ ਕਹਾਣੀ ਲਿਖ ਕੇ ਉਹਦੇ ਮਰਿਓ ਦੀ ਮਿੱਟੀ ਵੀ ਖ਼ਰਾਬ ਕਰਤੀ... ਹਰਦੂ ਲਾਣਤ ਤੇਰੀ ਔਹੀ ਜੀ ਪੜ੍ਹਾਈ ਦੇ...।" ਪਰ ਗੋਰਖੀ ਦੀ ਮਾਂ ਰੱਖੀ ਉਹਦੇ ਹੱਕ ਵਿਚ ਖੜ ਗਈ। ਪਿਤਾ ਗੁੱਸੇ ਵਿਚ ਬਾਹਰਲੇ ਕੋਠੇ ਤੁਰ ਗਿਆ। ਗੋਰਖੀ ਨੇ ਜਦੋਂ ਕਹਾਣੀ ਮੁਕਾਈ ਤਾਂ ਉਹਦਾ ਬੀਬੀ ਵੱਲ ਵੇਖ ਕੇ ਸਾਹ ਰੁਕ ਗਿਆ। ਉਹ ਗੋਡਿਆ 'ਤੇ ਸਿਰ ਰੱਖੀ ਜ਼ਾਰੋ-ਜਾਰ ਰੋਈ ਜਾ ਰਹੀ ਸੀ। ਗੋਰਖੀ ਦੱਸਦਾ ਹੈ ਕਿ ਕਿੰਨਾ ਚਿਰ ਮੈਂ ਕਹਾਣੀ ਛਪਾਉਣ ਦਾ ਹੌਂਸਲਾ ਨਾ ਕਰ ਸਕਿਆ।

ਪ੍ਰੇਮ ਗੋਰਖੀ ਦੀ ਜ਼ਿੰਦਗੀ ਸਮਾਜ ਦੀ ਉਸ ਟੇਢੀ ਤੇ ਤੰਗ ਗਲੀ ਵਿਚੋਂ ਦੀ ਲੰਘੀ ਏ ਜਿਸ ਵਿਚੋਂ ਜ਼ਿੰਦਗੀ ਦੇ ਸਫ਼ਰ ਲਈ ਕੇਵਲ ਤੁਰਿਆ ਹੀ ਜਾ ਸਕਦਾ ਹੈ। ਉਸ ਦੀ ਸਾਰੀ ਜ਼ਿੰਦਗੀ ਅਸਹਿਜ ਰਹੀ। ਉਸ ਨੇ ਕਿਰਤ ਕੀਤੀ। ਉਹ ਅਰਸੋਂ ਉਤਰਿਆ ਰਾਜ ਕੁਮਾਰ ਨਹੀਂ ਸੀ। ਜ਼ਿੰਦਗੀ ਦੀ ਗੱਡੀ ਖਿੱਚਣ ਲਈ ਉਹ ਕਾਰਖ਼ਾਨਿਆਂ ਵਿਚ ਮਜ਼ਦੂਰੀ ਕਰਦਾ ਰਿਹਾ। ਪਟਰੋਲ ਪੰਪਾਂ 'ਤੇ ਦਿਹਾੜੀ ਲਾਉਂਦਾ ਰਿਹਾ। ਖੇਤਾਂ ਵਿਚ ਮਜ਼ਦੂਰੀ ਕਰਦਾ ਰਿਹਾ। ਇਸ ਦੌਰਾਨ ਚੋਰੀ ਦੇ ਝੂਠੇ ਇਲਜ਼ਾਮ, ਪੁਲਿਸ ਤੇ ਹਵਾਲਾਤ ਦੌਰਾਨ ਹੁੰਦੇ ਜ਼ੁਲਮ ਵੀ ਉਹਦੇ ਅਨੁਭਵ ਦਾ ਹਿੱਸਾ ਬਣਦੇ ਰਹੇ। ਸੋਲ੍ਹਾਂ-ਸਤਾਰਾਂ ਵਰ੍ਹਿਆਂ ਦਾ ਮੁੰਡਾ ਮੁਕਦਮਿਆ, ਤਰੀਖ਼ਾ ਨੇ ਐਨਾ ਉਲਝਾ ਦਿੱਤਾ ਕਿ ਉਹਨੂੰ ਚਾਰੇ ਪਾਸੇ ਹਨੇਰਾ ਦਿਸਣ ਲੱਗ ਪਿਆ। ਏਸ ਸਥਿਤੀ ਵਿਚ ਉਹ ਜਿਧਰ ਵੀ ਰੋਸ਼ਨੀ ਦੀ ਕਿਰਨ ਵੱਲ ਜਾਣ ਦੀ ਕੋਸ਼ਿਸ਼ ਕਰਦਾ ਡੰਡਾ ਥੋਹਰ ਦੀਆਂ ਸੂਲਾਂ ਉਹਦਾ ਰੋਮ ਰੋਮ ਵਿੰਨ੍ਹ ਦਿੰਦੀਆਂ। ਉਹਦੇ ਅੱਗੇ ਉੱਚੀਆਂ ਉੱਚੀਆਂ ਕੰਧਾਂ ਉਸਰ ਗਈਆਂ ਕਿੱਲਾਂ ਨਾਲ ਭਰੀਆਂ। ਇਸ ਸਾਰੇ ਵਾਰਤਾਰੇ ਪਿੱਛੇ ਗੋਰਖੀ ਦੇ ਪਿੰਡ ਦਾ ਕਰਤਾਰ ਸਿੰਘ ਸੀ ਜਿਹਨੂੰ ਉਹ ਚਾਚਾ

ਕਹਿੰਦਾ ਸੀ। ਬਸ ਉਸ ਦੇ ਜ਼ੁਲਮ ਤੇ ਅਨਿਆ ਦੇ ਖਿਲਾਫ਼ ਉਹ ਖੜ ਗਿਆ ਸੀ। ਤੇ ਇਕ ਦਿਨ ਗੁੱਸੇ ਵਿਚ ਆ ਗੋਰਖੀ ਨੇ ਸ਼ਰੇਆਮ ਕਰਤਾਰ ਸਿੰਘ ਦੇ ਲੀੜੇ ਪਾੜ ਦਿੱਤੇ ਸਨ। ਫਿਰ ਪੁਲਿਸ ਨੇ ਗੋਰਖੀ 'ਤੇ 'ਤਸ਼ੱਦਦ ਦਾ ਮੀਂਹ' ਹੀ ਵਰਾ ਦਿੱਤਾ ਸੀ। ਇਹ ਉਸਦੀ ਜ਼ਿੰਦਗੀ ਦੇ ਤਲਖ਼ ਅਨੁਭਵ ਸਨ।

ਪ੍ਰੇਮ ਗੋਰਖੀ ਨਾਲ ਮੇਰਾ ਵਾਹ ਚਾਲੀ ਸਾਲ ਤੋਂ ਵੱਧ ਦਾ ਹੈ। ਜਦੋਂ ਮੈਂ ਕਾਲਜ ਗਿਆ ਤਾਂ 'ਨਾਗਮਣੀ' ਪੜ੍ਹਨ ਲੱਗ ਪਿਆ। ਉਨ੍ਹਾਂ ਦਿਨ੍ਹਾਂ ਵਿਚ ਗੋਰਖੀ ਦੀ ਸਵੈ ਜੀਵਨੀ 'ਗੈਰ ਹਾਜ਼ਿਰ ਆਦਮੀ' ਛਪਣੀ ਸ਼ੁਰੂ ਹੋ ਗਈ ਸੀ। ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਮੈਂ ਬੱਸ ਸਟੈਂਡ ਸਾਈਕਲ ਤੇ ਗੇੜੇ ਮਾਰਨ ਲੱਗ ਜਾਂਦਾ ਸੀ। ਕਿਉਂਕਿ 'ਨਾਗਮਣੀ' ਖਰੀਦਣੀ ਹੁੰਦੀ ਸੀ ਤੇ ਗੋਰਖੀ ਦੀ ਜੀਵਨੀ ਪੜ੍ਹ ਕੇ ਉਹਨੂੰ ਖ਼ਤ ਲਿਖਣਾ ਹੁੰਦਾ ਸੀ। ਫਿਰ ਮੈਂ ਇਕ ਦਿਨ ਨਿਊ ਬੁੱਕ ਕੰਪਨੀ, ਜਲੰਧਰ ਗਿਆ। ਉਥੇ ਮੈਂ ਨਾਗਮਣੀ ਦੇ ਪੁਰਾਣੇ ਅੰਕ ਵੇਖੇ। ਘਰੋਂ ਮੈਂ ਕਿਤਾਬਾਂ ਲਈ ਨਾਨੇ ਕੋਲੋਂ ਪੈਸੇ ਲੈ ਕੇ ਗਿਆ ਅਤੇ ਉਥੇ ਜਾ ਕੇ ਨਿਊ ਬੁੱਕ ਕੰਪਨੀ ਤੋਂ 'ਨਾਗਮਣੀ' ਦੇ ਸਾਰੇ ਪੁਰਾਣੇ ਅੰਕ ਚੁੱਕ ਕੇ ਲੈ ਆਇਆ। ਆਪਣੀ ਸਮਝ ਅਨੁਸਾਰ ਮੈਂ ਗੋਰਖੀ ਨੂੰ ਖ਼ਤ ਲਿਖਦਾ। ਜਿਸ 'ਚ ਨਵੇਂ 'ਨਾਗਮਣੀ' ਦੇ ਸਵੈ ਜੀਵਨੀ ਕਾਂਡ ਬਾਰੇ ਗੱਲਾਂ ਹੁੰਦੀਆਂ ਅਤੇ ਨਵੀਂ ਕਿਸ਼ਤ 'ਚ ਪੇਸ਼ ਕੀਤੇ ਬਿਰਤਾਂਤ ਬਾਰੇ ਸਪੱਸ਼ਟੀ ਕਰਨ ਪੁੱਛਦਾ। ਕੋਈ ਹੋਰ ਸਵਾਲ ਵੀ ਲਿਖਦਾ। ਗੋਰਖੀ ਹਰ ਖ਼ਤ ਦਾ ਉਤਰ ਦਿੰਦਾ। ਮੈਂ ਮਾਣ ਨਾਲ ਭਰ ਜਾਂਦਾ। ਗੋਰਖੀ ਵੱਲੋਂ ਲਿਖੇ ਤਕਰੀਬਨ ਪੰਜਾਹ ਦੇ ਕਰੀਬ ਖ਼ਤ ਮੇਰੇ ਅਜੇ ਵੀ ਸਾਂਭੇ ਪਏ ਹਨ। ਗੋਰਖੀ ਨੇ ਮੇਰੀ ਤੇ ਕਾਲੀ ਦੀ ਸਾਂਝੀ ਕਿਤਾਬ 'ਚਾਨਣ ਦੀ ਲੀਕ' ਦੀ ਭੂਮਿਕਾ ਲਿਖ ਕੇ ਸਾਨੂੰ ਉਤਸਾਹ ਦਿੱਤਾ। ਉਸ ਵੇਲੇ ਉਹ ਚੰਡੀਗੜ੍ਹ 'ਪੰਜਾਬੀ ਟ੍ਰਿਬਿਊਨ' ਵਿਚ ਚਲੇ ਗਿਆ ਸੀ ਤੇ ਉਸਦਾ ਜਲੰਧਰ ਆਉਣ ਦਾ ਚੱਕਰ ਮਹੀਨੇ ਵਿਚ ਤਿੰਨ ਚਾਰ ਵਾਰ ਲੱਗਦਾ ਹੀ ਰਹਿੰਦਾ ਸੀ। ਉਹਦੇ ਵੱਡੇ ਭਰਾ ਦਾ ਟੱਬਰ ਤੇ ਮਾਂ ਲਾਡੋਵਾਲੀ ਹੀ ਸਨ। ਲਗਦੀ ਵਾਹ ਸਾਨੂੰ ਮਿਲ ਕੇ ਜਾਂਦਾ। ਅਸੀਂ ਸਾਹਿਤ ਦੀਆਂ ਗੱਲਾਂ ਦੇ ਢੇਰ ਲਾ ਦਿੰਦੇ। ਉਸ ਵੇਲੇ ਸਾਡਾ ਨਵੇਂ ਲਿਖਣ ਵਾਲੇ ਦੋਸਤਾਂ ਦਾ ਵੱਡਾ ਘੇਰਾ ਸੀ। ਦਵਿੰਦਰ ਮੰਡ, ਸੁਰਿੰਦਰ ਸੋਹਲ, ਅਵਤਾਰ ਡੱਬ, ਕਮਲਜੀਤ ਥਿੰਦ, ਸ਼ੀਤਲ ਸਿੰਘ ਚਿੱਤਰਕਾਰ, ਵਿਜੈ ਤੱਖੀ ਮੈਂ ਤੇ ਦੇਸ ਰਾਜ ਕਾਲੀ ਸਮੇਤ ਕੁਝ ਦੋਸਤ ਹੋਰ ਵੀ ਸਨ। ਮੰਡ ਦੀ ਗੋਰਖੀ ਨਾਲ ਰਿਸ਼ਤੇਦਾਰੀ ਹੋਣ ਕਰਕੇ ਗੂੜੀ ਸਾਂਝ ਸੀ। ਜਿਸ ਕਰਕੇ ਸਾਨੂੰ ਵੀ ਉਨ੍ਹਾਂ ਕਰਕੇ ਗੋਰਖੀ ਨਾਲ ਬੈਠਣ ਅਤੇ ਉਸ ਦੀਆਂ ਗੱਲਾਂ ਸੁਨਣ ਦਾ ਮੌਕਾ ਮਿਲ ਜਾਂਦਾ ਸੀ। ਨੇੜੇ ਤੇੜੇ ਦੇ ਸਮਾਗਮ ਵਿਚ ਅਸੀਂ ਗੋਰਖੀ ਨਾਲ ਚਲੇ ਵੀ ਜਾਂਦੇ ਸੀ। ਅਮਰੀਕ ਕਲੇਰ ਦੇ ਪਿੰਡ 'ਪਰਜੀਆ ਕਲਾਂ' ਗੋਰਖੀ ਨੇ 'ਦੀਵਾ ਬਲੇ ਸਾਰੀ ਰਾਤ' ਗੋਸ਼ਟੀ ਰੱਖੀ ਉੱਥੇ ਅਸੀਂ ਜਲੰਧਰ ਦੇ ਸਾਰੇ ਮਿੱਤਰ ਰਾਤ ਰਹੇ। ਕਹਾਣੀਆਂ ਪੜ੍ਹੀਆਂ-ਸੁਣੀਆਂ ਅਤੇ ਸਾਰੀ ਰਾਤ ਜਗਰਾਤਾ ਕੱਟਿਆ। ਫਿਰ ਗੁਰੂ ਨਾਨਕ ਲਾਇਬਰੇਰੀ ਵਿਚੋਂ ਗੋਰਖੀ ਦੀਆਂ ਕਿਤਾਬਾਂ 'ਮਿੱਟੀ ਰੰਗੇ ਲੋਕ', 'ਜੀਣ-ਮਰਨ' ਅਤੇ 'ਤਿੱਤਰ ਖੰਭੀ ਜੂਹ', 'ਵਣ ਬੇਲਾ', 'ਬੁੱਢੀ ਰਾਤ ਤੇ ਸੂਰਜ' ਨਾਵਲੈੱਟ ਸੰਗ੍ਰਹਿ ਪੜ੍ਹ ਲਏ ਤੇ ਉਨ੍ਹਾਂ ਬਾਰੇ ਗੋਰਖੀ ਨੂੰ ਚਿੱਠੀਆਂ ਲਿਖੀਆਂ। ਉਸ ਤੋਂ ਬਾਅਦ ਦੀ ਸਵੈ ਜੀਵਨੀ 'ਗੈਰ ਹਾਜ਼ਰ ਆਦਮੀ' ਕਿਤਾਬੀ ਰੂਪ ਵਿਚ ਪੜ੍ਹੀ, ਜਦੋਂ 1993 ਵਿਚ 'ਅਰਜਨ ਸਫ਼ੈਦੀ ਵਾਲਾ' ਕਹਾਣੀ ਸੰਗ੍ਰਹਿ ਛਪਿਆ ਤੇ ਗੋਰਖੀ ਨੇ ਮੈਨੂੰ ਉਚੇਚਾ ਦਿੱਤਾ। ਜਦੋਂ ਫਿਰ ਗੋਰਖੀ ਦੇ ਕਹਾਣੀ ਸੰਗ੍ਰਹਿ 'ਧਰਤੀ ਪੁੱਤਰ', 'ਜਨਰੇਸ਼ਨ ਗੈਪ' ਪੜ੍ਹੇ ਤਾਂ ਮੈਨੂੰ ਉਹ ਸਿਖ਼ਰ ਦੇ ਪੰਜ ਸੱਤ ਕਹਾਣੀਕਾਰਾਂ ਵਿਚ ਖੜਾ ਦਿਸਣ ਲੱਗ ਪਿਆ। ਆਪਣੇ ਸਰੀਰਕ ਕੱਦ ਵਾਂਗ ਗੋਰਖੀ ਦਾ ਕਹਾਣੀ ਵਿਚ ਵੀ ਵੱਡਾ ਕੱਦ ਇਸ ਕਰਕੇ ਬਣ ਸਕਿਆ ਕਿਉਂਕਿ ਉਹਦੀ ਕਹਾਣੀ ਸਮਾਜ ਦੇ ਹਾਸ਼ੀਏ 'ਤੇ ਧੱਕ ਦਿੱਤੇ ਗਏ ਉਨ੍ਹਾਂ ਦੱਬੇ ਕੁਚਲੇ ਲੋਕਾਂ ਦੀ ਗੱਲ ਕੁਸ਼ਲਤਾ ਨਾਲ ਕਰਦੀ ਹੈ ਜਿਸ ਵੱਲ ਪੰਜਾਬੀ ਕਹਾਣੀ ਨੇ ਮੂੰਹ ਫੇਰੀ ਰੱਖਿਆ। ਕਿਉਂਕਿ 'ਵਿਹੜੇ ਦੇ ਲੋਕਾਂ' ਵਿਚ ਕੋਈ ਕਹਾਣੀਕਾਰ ਪੈਦਾ ਹੀ ਨਹੀਂ ਹੋਇਆ ਸੀ। ਪ੍ਰੇਮ ਗੋਰਖੀ ਪੰਜਾਬੀ ਕਹਾਣੀ ਵਿਚ ਉਨ੍ਹਾਂ ਅਣਗੌਲੇ ਲੋਕਾਂ ਦੀਆਂ ਕਰੂਰ ਸਥਿਤੀਆਂ ਨੂੰ ਬੜੀ ਕੁਸ਼ਲਤਾ ਤੇ ਸੰਘਣੇ ਬਿਰਤਾਂਤ ਰਾਹੀਂ ਲੈ ਕੇ ਆਇਆ। ਨੈਸਨਲ ਬੁੱਕ ਟਰੱਸਟ, ਨਵੀਂ ਦਿੱਲੀ ਦੇ ਪੰਜਾਬੀ ਵਿੰਗ ਦੇ ਸੰਪਾਦਕ ਨਵਜੋਤ ਕੌਰ ਦੇ ਯਤਨਾ ਨਾਲ ਟਰੱਸਟ ਵੱਲੋਂ 'ਪ੍ਰੇਮ ਗੋਰਖੀ ਦੀਆਂ ਚੋਣਵੀਆਂ ਕਹਾਣੀਆਂ' ਛਪ ਰਹੀਆਂ ਹਨ।




**ਗਦਰੀ ਬਾਬਿਆ ਦੇ ਮੇਲੇ 'ਚ ਭਗਵੰਤ ਰਸੂਲਪੁਰੀ, ਪ੍ਰੇਮ ਗੋਰਖੀ, ਮੋਹਨ ਲਾਲ ਫਿਲੌਰੀਆ, ਡਾ. ਹਰਜਿੰਦਰ ਸਿੰਘ ਅਟਵਾਲ ਪਰਵਾਜ਼ ਪ੍ਰਕਾਸ਼ਨ ਦੇ ਬੁੱਕ ਸਟਾਲ ਤੇ**

ਪ੍ਰੇਮ ਨੇ ਆਪਣੇ ਘਰ ਦੀ ਗੱਡੀ ਚਲਾਉਣ ਲਈ ਬਹੁਤ ਪਾਪੜ ਬੇਲ੍ਹੇ। ਕਾਰਖ਼ਾਨਿਆਂ ਦੇ ਕੌੜੇ ਧੂੰਏਂ ਤੋਂ ਨਿਜ਼ਾਤ ਪਾਉਣ ਲਈ ਉਹ ਖਾਲਸਾ ਕਾਲਜ ਜਲੰਧਰ ਦੀ ਲਇਬਰੇਰੀ ਵਿਚ ਨੌਕਰੀ ਕਰਨ ਲੱਗ ਪਿਆ। ਉਥੇ ਹੀ ਉਸ ਢੇਰਾ ਦੇ ਢੇਰ ਸਾਹਿਤ ਪੜ੍ਹ ਮਾਰਿਆ। ਉਨ੍ਹਾਂ ਦਿਨ੍ਹਾਂ ਵਿਚ ਪ੍ਰੇਮ ਪ੍ਰਕਾਸ਼ ਨੇ 'ਲਕੀਰ' ਮੈਗਜ਼ੀਨ ਸ਼ੁਰੂ ਕੀਤਾ ਸੀ। ਪ੍ਰੇਮ ਨੇ ਉਸ ਨੂੰ ਸਹਾਇਕ ਸੰਪਾਦਕ ਬਣਾ ਲਿਆ। ਨਾਲ ਨਾਲ ਉਹ ਪਰਚੇ ਦੀ ਪਰੂਫ਼ ਰੀਡਿੰਗ ਵੀ ਕਰਦਾ ਸੀ। ਉਸ ਉਪਰੰਤ ਸਾਹਿਤ ਰਾਹੀਂ ਉਹ 'ਅਜੀਤ' ਅਖ਼ਬਾਰ ਵਿਚ ਨੌਕਰੀ ਕਰਨ ਲੱਗ ਪਿਆ। ਉਥੋਂ ਹੀ ਬਰਜਿੰਦਰ ਹਮਦਰਦ ਉਸ ਨੂੰ 'ਪੰਜਾਬੀ ਟ੍ਰਿਬਿਊਨ' ਵਿਚ ਪਰੂਫ਼ ਰੀਡਿੰਗ ਸੈਕਸ਼ਨ ਵਿਚ ਲੈ ਗਿਆ। 'ਪੰਜਾਬੀ ਟ੍ਰਿਬਿਊਨ' ਵਿਚ ਨੌਕਰੀ ਕਰਦਿਆਂ ਸਾਹਿਤਕ ਹਲਕਿਆਂ ਵਿਚ ਉਹਦੀ ਪੁੱਛ ਗਿੱਛ ਹੋਣ ਲੱਗ ਪਈ ਸੀ। ਉਸ ਦੇ ਟ੍ਰਿਬਿਊਨ ਕਲੋਨੀ ਵਿਚਲੇ ਫਲੈਟ ਵਿਚ ਮੈਂ ਕਈ ਵਾਰ ਗਿਆ। ਉਹ ਕਥਾਕਾਰ ਤਾਂ ਵੱਡਾ ਹੈ ਹੀ ਸੀ। ਪੰਜਾਬ ਦੀਆਂ ਸਾਹਿਤ ਸਭਾਵਾਂ ਉਹਨੂੰ ਮੁੱਖ ਮਹਿਮਾਨ ਜਾਂ ਮੋਮੈਂਟੋ ਨਾਲ ਸਨਮਾਨ ਦੇਣ ਦਾ ਸੱਦਾ ਭੇਜਦੀਆਂ ਹੀ ਰਹਿੰਦੀਆਂ ਸਨ। ਉਨ੍ਹਾਂ ਦਿਨ੍ਹਾਂ ਵਿਚ ਉਹ ਸਾਹਿਤਕ ਸਰਗਰਮੀਆਂ ਵਾਲਾ 'ਪੰਜਾਬੀ ਟ੍ਰਿਬਿਊਨ' 'ਚ ਕਾਲਮ ਵੀ ਤਿਆਰ ਕਰਦਾ ਸੀ। ਸੇਵਾ ਮੁਕਤੀ ਤੋਂ ਬਾਅਦ ਪ੍ਰੇਮ ਗੋਰਖੀ ਨੂੰ ਪਰਿਵਾਰ ਤੇ ਕਬੀਲਦਾਰੀ ਨੇ ਝੰਬ ਕੇ ਰੱਖ ਦਿੱਤਾ। ਕਬੀਲਦਾਰੀ ਵਿਚ ਉਹ ਬਹੁਤ ਉਲਝ ਗਿਆ। ਕਹਾਣੀ ਲਿਖਣੀ ਘੱਟ ਕਰ ਦਿੱਤੀ। ਏਸ ਦੌਰਾਨ 2019 ਵਿਚ ਗੋਰਖੀ ਦਾ ਨਵਾਂ ਕਹਾਣੀ ਸੰਗ੍ਰਹਿ 'ਜਨਰੇਸ਼ਨ ਗੈਪ' ਛਪ ਗਿਆ। ਪਰ ਪੰਜਾਬੀ ਦੇ ਆਲੋਚਕਾਂ ਨੇ ਉਸ ਕਿਤਾਬ ਦਾ ਬਹੁਤ ਨੋਟਿਸ ਨਾ ਲਿਆ। ਉਸ ਕਿਤਾਬ ਦੇ ਇੱਕਾ ਦੁੱਕਾ ਰੀਵਿਊ ਲੇਖ ਛਪੇ। ਉਹ ਕਿਤਾਬ ਰੁਲ਼ ਗਈ ਜਾਂ ਰੋਲ਼ ਦਿੱਤੀ ਗਈ। ਮੈਂ ਕਿਤਾਬ ਛਪਣ ਤੇ ਸੋਚਦਾ ਸੀ ਕਿ ਇਸ ਕਿਤਾਬ ਦੇ ਬਹਾਨੇ ਸ਼ਾਇਦ ਪ੍ਰੇਮ ਗੋਰਖੀ ਨੂੰ ਕੋਈ ਵੱਡਾ ਸਨਮਾਨ ਮਿਲ ਜਾਵੇ। ਉਸਦੀ ਜ਼ਿੰਦਗੀ ਨੂੰ ਆਰਥਿਕ ਠੁੰਮਣਾ ਲੱਗ ਜਾਵੇ। ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਮਿਲ ਜਾਵੇ। ਜਾਂ ਭਾਸ਼ਾ ਵਿਭਾਗ ਪੰਜਾਬ ਦਾ ਕੋਈ ਵੱਡਾ ਦਸ ਜਾਂ ਪੰਜ ਲੱਖ ਵਾਲਾ ਇਨਾਮ ਹੀ ਮਿਲ ਜਾਵੇ। ਉਹਦਾ ਕਹਾਣੀਕਾਰ ਵਜੋਂ ਕੱਦ ਐਡਾ ਵੱਡਾ ਤਾਂ ਹੈ ਸੀ। ਜਿਸ

ਨਾਲ ਉਹਦੀ ਕਬੀਲਦਾਰੀ ਦੇ ਖੱਪੇ ਪੂਰੇ ਜਾਣ। ਪਰ ਅਜਿਹਾ ਹੋਇਆ ਨਾ। ਗੋਰਖੀ ਦਾ ਬਣਦਾ ਹੱਕ ਕਿਸੇ ਨੇ ਦਿੱਤਾ ਨਾ। ਇਹ ਗੱਲ ਹਰ ਪੰਜਾਬੀ ਸਾਹਿਤ ਨਾਲ ਜੁੜੇ ਬੰਦੇ ਨੂੰ ਰੜਕਦੀ ਰਹੇਗੀ ਕਿ 'ਗੋਰਖੀ ਨੂੰ ਬਣਦਾ ਹੱਕ' ਕਿਉਂ ਨਹੀਂ ਦਿੱਤਾ ਗਿਆ। ਪਰ ਗੋਰਖੀ ਦਾ ਸਾਹਿਤ, ਉਹਦੀ ਕਹਾਣੀ ਉਹਨੂੰ ਦੇਰ ਤੱਕ ਜਿਉਂਦਾ ਰੱਖੇਗੀ। ਇਕ ਦਿਨ ਮੈਂ ਪੁਰਾਣੀਆਂ ਫਾਇਲਾਂ ਫਰੋਲ ਰਿਹਾ ਸਾਂ ਤਾਂ ਮੈਨੂੰ 15 ਫਰਵਰੀ, 1990 ਦੇ ਲਿਖੇ ਚਾਰ ਕੁ ਪੰਨੇ ਮਿਲੇ 'ਆ-ਭੁੱਲ ਦੁਪਹਿਰ' ਇਹ ਮੈਂ ਪ੍ਰੇਮ ਗੋਰਖੀ ਬਾਰੇ ਲਿਖੇ ਸਨ। ਜਦੋਂ ਉਹਨੂੰ ਪਹਿਲੀ ਵਾਰ ਮਿਲਿਆ ਸਾਂ। ਲਿਖੇ ਤੇ ਰੱਖ ਲਏ। ਫਿਰ ਭੁੱਲ ਗਿਆ। ਉਨ੍ਹਾਂ ਪੰਨਿਆਂ ਦੀ ਇਬਾਰਤ ਮੈਂ ਹੂ ਬ ਹੂ ਏਥੇ ਲਿਖ ਰਿਹਾ ਹਾਂ...ਉਦੋਂ ਦੁਪਹਿਰ ਸੀ। 14 ਫਰਵਰੀ, 1990 ਦੀ। ਦਿਨ ਬੁੱਧਵਾਰ ਸੀ। ਭਾਸ਼ਾ ਵਿਭਾਗ ਪੰਜਾਬ ਵਾਲਿਆ ਨੇ ਜਲੰਧਰ ਦੇ ਕਵੀਆਂ ਦਾ ਕਵੀ ਦਰਬਾਰ ਰੱਖਿਆ ਸੀ। ਗੁਰੂ ਨਾਨਕ ਲਾਇਬਰੇਰੀ ਵਿਚ। ਮੈਂ, ਦਵਿੰਦਰ ਮੰਡ, ਸੁਰਿੰਦਰ ਸੋਹਲ, ਸੁਖਦੇਵ ਸੁੱਖਾ ਤੇ ਅਵਤਾਰ ਡੱਬ ਕਵੀ ਦਰਬਾਰ ਦੇਖਣ ਲਈ ਕਾਲਜੋ ਗਏ ਸੀ। ਕਵੀ ਦਰਬਾਰ ਖਤਮ ਹੋਇਆ ਤਾਂ ਸਾਰੇ ਲਾਅਨ ਵਿਚ ਆ ਕੇ ਦੋਸਤਾਂ ਮਿੱਤਰਾਂ ਨੂੰ ਮਿਲਣ ਲੱਗੇ ਮੈਂ ਤੇ ਵਿਜੈ ਤੱਖੀ ਆਪਸ ਵਿਚ ਗੱਲਬਾਤ ਕਰ ਰਹੇ ਸੀ ਕਿ ਲਾਇਬਰੇਰੀ ਦੇ ਗੇਟ ਤੋਂ ਇਕ ਮੋਟਾ-ਡਾਹਢਾ, ਉੱਚਾ ਲੰਮਾ ਬੰਦਾ ਆਉਂਦਾ ਦਿਸਿਆ। ਗਲ਼ 'ਚ ਬਿਸਕੁਟੀ ਰੰਗ ਦਾ ਬੈਗ ਲਟਕਾਇਆ ਹੋਇਆ ਸੀ। ਇਹ ਉੱਚਾ ਲੰਮਾ ਗੱਭਰੂ ਮੋਢੇ ਦੇ ਬੈਗ ਤੋਂ ਕਵੀ ਲੱਗਦਾ ਸੀ ਪਰ ਉਹ ਕਵੀ ਨਹੀਂ ਸੀ। ਇਹ ਪ੍ਰਸਿੱਧ ਕਹਾਣੀਕਾਰ ਪ੍ਰੇਮ ਗੋਰਖੀ ਸੀ।

ਤੱਖੀ ਨੇ ਦੱਸਿਆ ਕਿ ਉਹ ਪ੍ਰੇਮ ਗੋਰਖੀ ਹੈ। ਮੈਂ ਵੀ ਪਛਾਣ ਗਿਆ ਸੀ। ਉਹ ਸਾਨੂੰ ਸਾਰਿਆਂ ਨੂੰ ਬੜੇ ਪਿਆਰ ਤੇ ਤੇਹ ਨਾਲ ਮਿਲਿਆ। ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ ਏਥੇ ਗੋਰਖੀ ਆਵੇਗਾ। ਅਚਾਨਿਕ ਆਇਆ ਬਿਨਾ ਦੱਸੇ ਪੁੱਛੇ। ਸਾਰੇ ਕਵੀਆਂ ਨੇ ਸਿਰ ਝੁਕਾਇਆ। ਸਾਡੇ ਕੰਨਾਂ 'ਚ ਉਹਦੇ ਮਿਸ਼ਰੀ ਵਰਗੇ ਬੋਲ ਪਏ, "ਨਹੀਂ ਬਈ ਦੋਸਤੋ ਉਪਰ ਈ ਰਹੋ।"

ਉਹ ਨਹੀਂ ਸੀ ਚਹੁੰਦਾ ਕਿ ਕੋਈ ਮੇਰੇ ਪੈਰੀ ਹੱਥ ਲਾਵੇ। ਸਬੱਬੀ ਮੇਲ ਹੋਇਆ ਸੀ। ਉਸ ਨੇ ਏਧਰ ਆਉਣ ਦਾ ਕਾਰਨ ਦੱਸਿਆ, "ਮੈਂ ਕੱਲ੍ਹ ਦਾ ਆਇਆ ਸਾਂ ਏਥੇ, ਹੁਣ ਬੱਸ ਲੇਟ ਹੋ ਗਈ ਮੈਂ ਸੋਚਿਆ ਏਧਰ ਹੋ ਆਈਏ।" ਫਿਰ ਕੁਝ ਚਿਰ ਦੋਸਤਾਂ ਮਿੱਤਰਾਂ ਨੂੰ ਮਿਲਣ ਉਪਰੰਤ ਸਾਡੇ ਨਾਲ ਤੁਰ ਪਿਆ। ਅਸੀਂ ਹੰਸ ਰਾਜ ਸਟੇਡੀਅਮ, ਜਲੰਧਰ ਦੇ ਲਾਅਨ ਵਿਚ ਬੈਠਣ ਲਈ ਤੁਰ ਪਏ। (ਉਦੋਂ ਸਟੇਡੀਅਮ ਦਾ ਚਾਹ ਦਾ ਸਟਾਲ ਈ ਸਾਡਾ ਅੱਡਾ ਹੁੰਦਾ ਸੀ।)

"ਬਈ ਮੈਨੂੰ ਤਾਂ ਭੁੱਖ ਲੱਗੀ ਆ, ਨੇੜੇ-ਤੇੜੇ ਕੋਈ ਰੋਟੀ ਪਾਣੀ ਦੀ ਰੇਹੜੀ ਹਊ।" ਗੋਰਖੀ ਚਾਹ ਤੋਂ ਪਹਿਲਾਂ ਰੋਟੀ ਖਾਣੀ ਚਾਹੁੰਦਾ ਸੀ। ਮੈਂ ਕਾਲੀ, ਮੰਡ, ਸੁੱਖਾ, ਤੱਖੀ, ਅੰਮ੍ਰਿਤ ਪਾਲ ਸਿੰਘ ਸੂਰਜ ਲਾਅਨ ਵਿਚ ਆ ਬੈਠੇ। ਗੋਰਖੀ ਰੱਟੀ ਖਾਣ ਚਲੇ ਗਿਆ।

ਗੋਰਖੀ ਵੀ ਸਾਨੂੰ ਸਾਰਿਆਂ ਨੂੰ ਮਿਲ ਕੇ ਖੁਸ਼ੀ ਦਾ ਪ੍ਰਗਟਾਵਾ ਕਰ ਰਿਹਾ ਸੀ। ਇਸ ਤੋਂ ਪਿਛਲੇ ਦਿਨ ਉਹ ਦਵਿੰਦਰ ਬਿਮਰੇ ਦੇ ਕੋਲ ਰਾਤ ਰਿਹਾ ਸੀ। ਫਿਰ ਉਹ ਦਵਿੰਦਰ ਬਿਮਰੇ ਬਾਰੇ ਦੱਸਣ ਲੱਗ ਪਿਆ, "ਮੈਂ ਸੋਚਿਆ ਸੀ ਕਿ ਮੈਂ ਬਿਮਰੇ ਦੇ ਘਰ ਰਹਾਂਗਾ, ਬਿਮਰਾ ਮੈਨੂੰ ਲੈ ਕੇ ਘਰ ਪਹੁੰਚਿਆ ਪਹਿਲਾਂ ਤਾਂ ਉਹਦੀ ਪਤਨੀ ਨੇ 'ਕੁੰਡਾ' ਨਾ ਖੋਲ੍ਹਿਆ। ਅਖੀਰ ਕਾਫੀ ਚਿਰ ਬਾਅਦ ਕੁੰਡਾ ਖੋਲ੍ਹਿਆ। ਬੜੀ ਖਿਝੀ ਜਿਹੀ ਨੇ ਨਮਸਤੇ ਬੁਲਾਈ। ਉਨ੍ਹਾਂ ਦੋਹਾਂ ਦਾ ਆਪਸ ਵਿਚ ਝਗੜਾ ਜਿਹਾ ਚੱਲਦਾ ਸੀ ਪੈਸਿਆਂ ਤੋਂ ... ਬਿਮਰੇ ਦੀ ਪਤਨੀ ਕਹਿੰਦੀ ਸੀ ਮੈਂ 500 ਰੁਪਏ ਜੇਬ ਖਰਚ ਲੈਣੇ ਆ ਤੇ ਬਿਮਰਾ ਉਹਨੂੰ 300 ਰੁਪਏ ਦਿੰਦਾ ਸੀ। ਬਸ ਐਵੇਂ ਨਿੱਕੀਆਂ ਨਿੱਕੀਆਂ ਗੱਲਾਂ...।

ਮੇਰਾ ਉਥੇ ਰਾਤ ਰਹਿਣ ਦਾ ਵਿਚਾਰ ਸੀ, ਉਨ੍ਹਾਂ ਦੇ ਝਗੜੇ ਵੱਲ ਦੇਖ ਕੇ ਮੈਂ ਵਾਪਸ ਮੁੜਨ ਦਾ ਵਿਚਾਰ ਬਣਾ ਲਿਆ। ... ਦਰਅਸਲ ਉਹਨੂੰ ਪਤਨੀ ਉਹਦੇ ਖਿਆਲਾ ਨਾਲ ਮਿਲਦੀ ਜੁਲਦੀ ਨਹੀਂ ਮਿਲੀ... ਹੈ ਤਾਂ ਬੜੀ ਸੋਹਣੀ ਪਰ ਦੂਰਦਰਸ਼ੀ ਨਹੀਂ, ਫਿਰ ਜੱਕੋ ਤੱਕੀ ਕਰਕੇ ਚਾਹ ਬਣਾਈ, ਮੈਨੂੰ ਉਹਦਾ ਸੁਭਾਅ ਰਤਾ ਵੀ ਚੰਗਾ ਨਾ ਲੱਗਾ... ਪਿਛੇ ਜਿਹੇ ਚੰਡੀਗੜ੍ਹ ਸਾਡੇ ਘਰ ਆਈ ਉਹਦੇ ਪੇਪਰ ਸਨ... ਘਰ



**ਪ੍ਰੇਮ ਗੋਰਖੀ ਸਨਮਾਨ ਪ੍ਰਾਪਤ ਕਰਦੇ ਹੋਏ**

ਹੀ ਰਹੀ.. ਮੇਰੀ ਪਤਨੀ ਤੇ ਬੱਚਿਆਂ ਨੇ ਉਹਦੀ ਬੜੀ ਦੇਖ ਭਾਲ ਕੀਤੀ... ਉਹਨੂੰ ਮੈਂ ਤੜਕੇ ਉਠਾਉਣਾ... ਚਾਹ ਬਣਾ ਕੇ ਦੇਣੀ... ਜਦੋਂ ਮੈਂ ਉਹਨੂੰ ਉਠਾਉਣਾ ਤਾਂ ਉਸਨੇ ਸਗੋਂ ਨਰਾਜ਼ ਹੋਣਾ... ਇਸ ਤਰ੍ਹਾਂ ਅਸੀਂ ਐਨਾ ਉਹਦਾ ਖਿਆਲ ਕਰੀਦਾ ਹੈ ਤਾਂ ਜਦੋਂ ਉਹਦੇ ਘਰ ਜਾਈਦਾ ਹੈ ਤਾਂ ਉਹ ਓਪਰਿਆ ਵਾਂਗ ਮਿਲਦੀ ਹੈ...।" ਗੋਰਖੀ ਬਿਮਰੇ ਦੇ ਜੀਵਨ ਬਾਰੇ ਸਾਨੂੰ ਦੱਸਦਾ ਰਿਹਾ। ਬਿਮਰਾ ਬੜਾ ਚੰਗਾ ਇਨਸਾਨ ਤੇ ਸਾਹਿਤਕਾਰ ਏ। ਬਹੁਤ ਮੋਹ ਖੋਰਾ ਏ। ਮੈਨੂੰ ਵਾਜ਼ਾ ਮਾਰਦਾ ਰਹਿੰਦਾ ਏ। ਅਸੀਂ ਇਕ ਦੂਜੇ ਨਾਲ ਘਰ ਦੀਆਂ ਨਿੱਕੀਆਂ ਨਿੱਕੀਆ ਗੱਲਾਂ ਕਰਦੇ ਰਹਿੰਦੇ ਹਾਂ।

ਫਿਰ ਧਾਲੀਵਾਲ ਬਾਰੇ ਗੱਲਾਂ ਕਰਨ ਲੱਗ ਪਿਆ, "ਧਾਲੀਵਾਲ ਬੰਦਾ ਤਾਂ ਸਿਆਣਾ ਪਰ ਉਹਦੇ ਵਿਚ ਜਾਤੀ ਹਓਮੈ ਬਹੁਤ ਆ... ਬਸ ਐਵੇਂ ਕਿਸੇ ਦੀ ਨਿੰਦਿਆ ਕਰੀ ਜਾਊ... ਜਾਂ ਐਵੇਂ ਕਿਸੇ ਦੇ ਪੜੁੱਲ ਬੰਨ੍ਹੀ ਜਾਊ। ਮੈਨੂੰ ਨੀਂ ਐਦਾ ਦੇ ਬੰਦੇ ਪਸੰਦ। ਵੇਖ ਲਿਓ.. ਐਤਕੀ ਵਿਰਕ ਇਨਾਮ ਵੀ ਉਹਨੂੰ ਮਿਲਣਾ। (ਉਦੋਂ ਖਾਲਸਾ ਕਾਲਜ ਜਲੰਧਰ ਵਾਲਿਆਂ ਨੇ ਵਿਰਕ ਦੇ ਨਾਂ ਦਾ ਇਨਾਮ ਦੇਣਾ ਸ਼ੁਰੂ ਕੀਤਾ ਸੀ ਜਿਹੜਾ ਬਾਅਦ ਵਿਚ ਦੋ ਚਾਰ ਇਨਾਮਾ ਦੇਣ ਤੋਂ ਬਾਅਦ ਬੰਦ ਕਰ ਦਿੱਤਾ ਗਿਆ।)

ਦਵਿੰਦਰ ਮੰਡ ਬੋਲਿਆ, "ਮੈਨੂੰ ਧਾਲੀਵਾਲ ਕਹਿੰਦਾ ਤੂੰ ਗੋਰਖੀ ਦੇ ਰੇਖਾ ਚਿੱਤਰ ਵਿਚ ਉਹਦੀਆਂ ਕਮਜ਼ੋਰੀਆਂ ਨੀਂ ਲਿਖੀਆ।" (ਉਦੋਂ ਧਾਲੀਵਾਲ ਡੀ. ਏ. ਵੀ. ਕਾਲਜ ਜਲੰਧਰ ਪੜ੍ਹਾਉਂਦਾ ਸੀ। ਮੰਡ ਨੇ ਕਾਲਜ ਦੇ ਪਰਚੇ ਵਿਚ ਗੋਰਖੀ ਦਾ ਰੇਖਾ ਚਿੱਤਰ ਲਿਖਿਆ ਸੀ।)

ਫਿਰ ਉਹ ਦਰਸ਼ਨ ਮਿੱਤਵਾ ਬਾਰੇ ਦੱਸਣ ਲੱਗ ਪਿਆ, "ਉਹਦੀ ਪਾਲ ਨਾਲ ਦੋਸਤੀ ਚੱਲਦੀ ਸੀ, ਵਿਆਹ ਵੀ ਹੋ ਜਾਣਾ ਸੀ। ਪਾਲ ਦੇ ਘਰ ਦੇ ਨੀਂ ਮੰਨੇ ਅਖੇ ਜੀ ਮੁੰਡਾ ਨੌਕਰੀ ਨੀਂ ਕਰਦਾ, ਉਧਰ ਮਿੱਤਵਾ ਕਹਿੰਦਾ ਸੀ ਕਿ ਮੈਂ ਨੌਕਰੀ ਨੀਂ ਕਰਨੀ, ਸਾਹਿਤ ਦੇ ਸਿਰ ਤੇ ਰੋਟੀ ਖਾਣੀ ਆ... ਭਲਾ ਉਹਨੂੰ ਕੋਈ ਪੁੱਛੇ ਬਈ ਸਾਹਿਤ ਦੇ ਸਿਰ ਤੇ ਵੀ ਕੋਈ ਰੋਟੀ ਖਾ ਸਕਿਆ।... ਫਿਰ ਉਹਦੇ ਘਰਦਿਆਂ ਨੇ ਜਵਾਬ ਦੇ ਦਿੱਤਾ।" ਉਨ੍ਹਾਂ ਦਿਨ੍ਹਾਂ ਵਿਚ ਅਸੀਂ ਸਾਰੇ ਮਿੰਨੀ ਕਹਾਣੀਆਂ ਲਿਖਦੇ ਸਾਂ। ਮੰਡ ਦੀਆਂ ਤਾਂ ਦੋ ਕਿਤਾਬਾਂ ਵੀ ਛਪ ਗਈਆਂ ਸਨ। ਮਿੰਨੀ ਕਹਾਣੀ ਦੀ ਗੱਲ ਚੱਲੀ ਤਾਂ ਗੋਰਖੀ ਕਹਿਣ ਲੱਗਾ, "ਮੈਨੂੰ ਲੋਕ ਕਹਿਣ ਲੱਗ ਪਏ ਕਿ ਗੋਰਖੀ ਹੰਕਾਰੀ ਹੋ ਗਿਆ... ਜੋ ਮਿੰਨੀ ਕਹਾਣੀ ਨਹੀਂ ਲਿਖਦਾ। ਫੇ ਮੈਂ ਲੋਕਾਂ ਦਾ ਧੋਣਾ ਧੋਣ ਲਈ ਇਕ ਮਿੰਨੀ ਕਹਾਣੀ ਲਿਖੀ 'ਭੈੜਾ ਬੰਦਾ' ...।"

ਗੋਰਖੀ ਦੀਆਂ ਗੱਲਾਂ ਮੁੱਕਣ ਵਿਚ ਨਹੀਂ ਸੀ ਆਉਂਦੀਆਂ। ਗੱਲਾਂ ਦੀ ਇੱਕ ਲੜੀ ਮੁੱਕਦੀ... ਦੂਜੀ ਸ਼ੁਰੂ ਕਰ ਲੈਂਦਾ। ਫਿਰ ਉਹ ਮੇਰੇ ਵੱਲ ਮੁੜਿਆ, "ਤੁਹਾਡਾ ਪਿੰਡ ਕਿੱਧਰ ਕੁ ਆ?"

"ਜੀ! ਟੀ. ਵੀ. ਟਾਵਰ ਦੇ ਬਿਲਕੁਲ ਨਾਲ ਲਗਦਾ ਧਰਮਪੁਰ ਪਿੰਡ। ਉਂਝ ਤਾਂ ਜੀ ਫਿਲੌਰ ਕੋਲ ਆ ਰਸੂਲਪੁਰ, ਪਰ ਮੈਂ ਏਥੇ ਨਾਨਕੇ ਪਿੰਡ ਰਹਿੰਦਾ...।"

ਬੜੇ ਪਿਆਰ ਨਾਲ ਉਹ ਸਾਰਿਆਂ ਤੋਂ ਜਾਣਕਾਰੀ ਲੈ ਰਿਹਾ ਸੀ। ਉਨ੍ਹਾਂ ਦੋ ਘੰਟਿਆਂ ਵਿਚ ਸਭ ਤੋਂ ਵੱਧ ਉਹਨੇ ਗੱਲਾਂ ਕੀਤੀਆਂ। ਮੈਂ ਤਾਂ ਕਾਲੀ ਉਦੋਂ ਅਜੇ ਮਿੰਨੀ ਕਹਾਣੀਆਂ ਹੀ ਲਿਖਦੇ ਹੁੰਦੇ ਸਾਂ। ਬਸ ਐਵੇਂ ਵੇਖਾ ਵੇਖੀ। ਫਿਰ ਅਸੀਂ ਉੱਠ ਕੇ ਬੱਸ ਅੱਡੇ ਨੂੰ ਜਾਣ ਲਈ ਤੁਰ ਪਏ। ਮੇਰੇ ਕੋਲ ਸਾਇਕਲ ਸੀ। ਪਰ ਅਸੀਂ ਸਾਰੇ ਜਣੇ ਬੱਸ ਅੱਡੇ ਤੁਰ ਕੇ ਗਏ। 'ਤੱਖੀ' ਦੇ ਪਿੰਡ ਗੋਰਖੀ ਦੇ ਨਾਨਕੇ ਸਨ। ਉਹ ਉਸ ਪਿੰਡ ਦੀਆਂ ਗੱਲਾਂ ਨੂੰ ਲੈ ਬੈਠਾ, "ਤੁਹਾਡੇ ਪਿੰਡ ਦੀ ਇਕ ਗਿਆਨੋ ਹੁੰਦੀ ਸੀ...?"

"ਹੈਂ... ਹੈਗੀ ਆ ਜੀ।" ਗੋਰਖੀ ਨੇ ਉਸ ਦੇ ਭਰਾ-ਪਿਓ ਦੇ ਨਾਂ ਦੱਸੇ। ਉਸ ਨੇ ਗੱਲਾਂ ਗੱਲਾਂ ਵਿਚ ਪੁੱਛ ਲਿਆ ਕਿ ਉਨ੍ਹਾਂ ਦੇ ਸ਼ਰੀਕੇ ਵਿਚੋਂ ਤਾਂ ਨਹੀਂ। ਫਿਰ ਉਹ ਬੋਲਿਆ, "ਗਿਆਨੋ ਮੈਨੂੰ ਚੰਗੀ ਤਰ੍ਹਾਂ ਜਾਣਦੀ ਏ। ਕਦੇ ਮਿਲੀ ਤਾਂ ਪੁੱਛ ਲਈ ਭਾਵੇਂ।" ਅਸੀਂ ਸਾਰੇ ਉਹਦੇ ਮੂੰਹ ਵੱਲ ਵੇਖਣ ਲੱਗ ਪਏ। ਫਿਰ ਉਹ ਰੁਕ ਕੇ ਬੋਲਿਆ,

"ਤੁਸੀਂ ਜੇ ਪਹਿਲਾਂ ਪਹਿਲ ਨਾਗਮਣੀ ਪੜ੍ਹੀ ਹੋਵੇ ਤਾਂ ਮੈਂ ਉਸ 'ਚ ਤੁਹਾਡੇ ਪਿੰਡ ਕੋਟਲੀ ਦਾ ਜ਼ਿਕਰ ਕੀਤਾ ਸੀ। ਪਹਿਲਾਂ ਪਹਿਲ ਮੈਂ ਨਾਨਕੇ ਰਹਿੰਦਾ ਹੁੰਦਾ ਸੀ... ਮੇਰੇ ਘਰਦਿਆਂ ਨੇ ਗਿਆਨੋ ਨਾਲ ਮੰਗਣਾ ਕਰ ਦਿੱਤਾ ਸੀ... ਮੈਂ ਨਹੀਂ ਸੀ ਮੰਨਦਾ... ਇਕ ਤਾਂ ਮੈਂ ਬਹੁਤ ਛੋਟਾ ਸੀ... ਇਕ ਉਹ ਐਨੀ ਸੁਹਣੀ ਨਹੀਂ ਸੀ... ਐਡੇ ਐਡੇ ਬੁੱਲ੍ਹ... ਦੂਜਾ ਮੈਂ ਸਮਝਦਾ ਸੀ ਕਿ ਮੇਰੀ ਪਤਨੀ ਜੱਟਾਂ-ਜਿੰਮੀਦਾਰਾਂ ਦੇ ਘਰ ਗੋਹਾ ਕੂੜਾ ਨਾ ਕਰਦੀ ਹੋਵੇ... ਇਸ ਲਈ ਮੈਂ ਮੰਨਦਾ ਨਹੀਂ ਸੀ... ਉਦੋਂ ਮੈਂ ਪਟਰੌਲ ਪੰਪ ਤੇ ਕੰਮ ਕਰਦਾ ਹੁੰਦਾ ਸੀ। ਉਦੋਂ ਕੁ ਗਿਆਨੋ ਦੇ ਨਾਨਕੇ ਪਿੰਡ ਵਿਆਹ ਸੀ... ਵਡਾਲੇ... ਤੁਹਾਡੇ ਲਾਗੇ ਈ ਆ (ਮੈਨੂੰ ਕਹਿਣ ਲੱਗਾ)... ਮੈਂ ਪੁਰਾਣੇ ਬੁੜ੍ਹਿਆਂ ਵਾਂਗੂ ਸਾਫ਼ਾ ਮੋਢੇ ਤੇ ਰੱਖਿਆ ਤੇ ਤੁਰ ਪਿਆ ਵਡਾਲੇ... ਨਾਲ ਮੇਰੇ ਸ਼ਾਇਦ ਮੇਰਾ ਫੁੱਫੜ ਸੀ। ਮੈਨੂੰ ਘਰ ਦਿਆਂ ਨੇ ਦੱਸਿਆ ਸੀ ਜਿਹੜਾ ਵੀ ਬੁਲਾਵੇ ਬਸ ਪੈਰੀਂ ਹੱਥ ਲਾਈ ਜਾਈਂ... ਰਸਤੇ 'ਚ ਜਿਹੜਾ ਵੀ ਮੋਹਰੇ ਆਵੇ ਫੁੱਫੜ ਮੇਰੇ ਕੂਹਣੀ ਮਾਰ ਦਿਆ ਕਰੇ... ਲਾ ਦੇ ਏਹਦੇ ... ਤੇ ਮੈਂ ਪੈਰੀਂ ਹੱਥ ਲਾ ਦਿਆ ਕਰਾਂ...।"

"ਭਾਜੀ! ਗਿਆਨੋ ਦੇ ਤਾਂ ਨੀਂ ਲਾ ਤਾ!" ਮੰਡ ਵਿਚੋਂ ਹੀ ਸ਼ਰਾਰਤ ਕਰ ਗਿਆ। ਉਹ ਅਕਸਰ ਹੀ ਏਹੋ ਜਿਹੀ ਸ਼ੁਰਲੀ ਛੱਡ ਕੇ ਹਾਸਾ ਪਾ ਦਿੰਦਾ ਸੀ।

"... ਫਿਰ ਉਦੋਂ ਕੁ ਮੇਰੇ ਤੇ ਸਾਇਕਲ ਦਾ ਕੇਸ ਚੱਲ ਪਿਆ... ਬੱਸ ਉਦੋਂ ਹੀ ਉਹਦੇ ਨਾਲੋਂ ਸੰਬੰਧ ਟੁੱਟ ਗਿਆ... ਮੈਂ ਮੁਕਲਾਵਾ ਲੈਣ ਨਹੀਂ ਸੀ ਗਿਆ... ਸੋ ਮਿੱਤਰਾ ਐਨਾ ਕੁ ਰਿਹਾ ਤੁਹਾਡੇ ਪਿੰਡ ਨਾਲ ਸੰਬੰਧ ਮੇਰਾ।"... ਤੇ ਫਿਰ ਗੱਲ ਆ ਗਈ ਲੋਕਾਂ ਦੇ ਵਧਾ ਚੜ੍ਹਾ ਕੇ ਗੱਲਾਂ ਦੱਸਣ ਦੀ... "ਜਦੋਂ ਗੁਰਦੀਪ ਦਾ ਰਿਸ਼ਤਾ ਆਇਆ ਤਾਂ ਵਿਚੋਲਾ ਕਹੇ ਕੁੜੀ ਅੱਠ ਪੜੀ ਆ... ਮੈਂ ਪਿੰਡ ਜਾ ਕੇ ਉਹਨਾਂ ਦੇ ਸਕੂਲੋ ਪਤਾ ਕੀਤਾ ਤਾਂ ਉਹਨਾਂ ਕਿਹਾ ਕਿ ਕੁੜੀ ਤਾਂ ਛੇ ਪੜ੍ਹੀ ਆ... ਤੇ ਫਿਰ ਗੱਲ ਚੌਥੀ ਪੰਜਵੀਂ ਤੇ ਆ ਗਈ।"

"ਜੇ ਮੈਂ ਹੁੰਦਾ ਤਾਂ ਮੈਂ ਦਸ ਦੱਸਣੀਆਂ ਸੀ।" ਮੰਡ ਫਿਰ ਵਿਚੋਂ ਬੋਲਿਆ ਸੀ। ਗੱਲਾਂ ਕਰਦਿਆਂ ਬੱਸ ਅੱਡਾ ਆ ਗਿਆ। ਮੈਂ ਸਤਿਕਾਰ ਨਾਲ ਫਿਰ ਹੇਠਾਂ ਵੱਲ ਝੁਕਿਆ। ਗੋਰਖੀ ਮੇਰੀਆਂ ਬਾਹਾਂ ਫੜ ਕੇ ਫਿਰ ਕਹਿਣ ਲੱਗਾ, "ਨਹੀਂ ਨਹੀਂ ਬਈ ਉੱਪਰ ਹੀ ਰਹੁ...।" ਗੋਰਖੀ ਬੋਲਿਆ, "ਕੋਈ ਕੰਮ ਹੋਵੇ ਤਾਂ ਜ਼ਰੂਰ ਦੱਸਣਾ। ਚੰਡੀਗੜ੍ਹ ਆਉਣਾ ਜ਼ਰੂਰ... ਜਿਹੜਾ ਕੰਮ ਕਰਨ ਆਲਾ ਹੋਇਆ ਜ਼ਰੂਰ ਕਰਾਗੇ। ਉੱਥੇ ਆਪਣੇ ਤੋਂ ਖੁੱਲ੍ਹਾ ਕਮਰਾ ਈ ਆ... ਮੰਡ ਨੂੰ ਤਾਂ ਪਤੈ... ਚਾਹੇ ਕੱਲੇ ਸੌਂਵੋਂ... ਚਾਹੇ...।" ਉਹ ਦੱਸਦਾ ਹੈ, "ਕਈ ਬੰਦੇ 'ਕੱਲੇ ਸੌਣਾ ਗਿੱਝੇ ਹੁੰਦੇ ਆ।" ਗੋਰਖੀ ਬੱਸ ਤੇ ਚੰਡੀਗੜ੍ਹ ਨੂੰ ਜਾਣ ਲਈ ਤੁਰ ਪਿਆ ਸੀ।



**ਪ੍ਰੇਮ ਗੋਰਖੀ ਦੀ ਪਤਨੀ ਸ੍ਰੀਮਤੀ ਗੁਰਦੀਪ ਕੌਰ, ਸਰੋਜ ਅਤੇ 'ਕਹਾਣੀ ਧਾਰਾ' ਦੇ ਸੰਪਾਦਕ ਭਗਵੰਤ ਰਸੂਲਪੁਰੀ**

ਮੈਂ ਕਿੰਨਾ ਚਿਰ ਗੋਰਖੀ ਦੀ ਪਿੱਠ ਵੇਖਦਾ ਰਿਹਾ ਸਾਂ। ਮੈਂ ਸੋਚਦਾ ਸਾਂ ਗੋਰਖੀ ਵਿਚ ਰਤਾ ਵੀ ਹਉਮੇ ਨਹੀਂ ਸੀ। ਐਡਾ ਵੱਡਾ ਲੇਖਕ ਸਾਡੇ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰ ਰਿਹਾ ਸੀ। ਗੋਰਖੀ ਦੀ ਗੱਲ ਮੇਰੇ ਮਨ ਵਿਚ ਘੁੰਮ ਰਹੀ ਸੀ, "ਮੈਨੂੰ ਪਹਿਲਾਂ ਪਹਿਲਾਂ ਬੜਾ ਦੁੱਖ ਹੁੰਦਾ ਸੀ ਬਈ ਜਿਨ੍ਹਾਂ ਬਾਰੇ ਮੈਂ ਲਿਖਦਾ ਹਾਂ, ਉਹ ਤਾਂ ਪੜ੍ਹਦੇ ਈ ਨਹੀਂ, ਫੇਰ ਮੇਰੇ ਲਿਖਣ ਦਾ ਕੀ ਫਾਇਦਾ... ਹੁਣ ਮੈਨੂੰ ਖੁਸ਼ੀ ਹੋ ਰਹੀ ਹੈ... ਮੈਨੂੰ ਪੜ੍ਹਨ ਵਾਲੇ ਲੋਕ ਉਹ ਈ ਹਨ... ਜਿਹੜੇ ਮੇਰੀ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਨੇ... ਮੈਨੂੰ ਵੱਡੇ ਆਲੋਚਕਾ ਦੀ ਲੋੜ ਨਹੀਂ... ਮੈਨੂੰ ਉਨ੍ਹਾਂ ਆਮ ਪਾਠਕਾਂ ਦੀ ਲੋੜ ਆ ਜਿਨ੍ਹਾਂ ਬਾਰੇ ਮੈਂ ਲਿਖਦਾ ਹਾਂ।" ਇਨ੍ਹਾਂ ਚਾਰ ਪੰਨਿਆਂ ਦੀਆਂ ਗੱਲਾਂ ਤਾਂ ਮੈਂ ਵੀ ਭੁੱਲ ਗਿਆ ਸਾਂ। ਦਰਅਸਲ ਸਾਡੇ ਦਿਮਾਗ ਵਿਚ ਅਨੇਕਾਂ ਗੱਲਾਂ ਭੁੱਲਦੀਆਂ ਰਹਿੰਦੀਆਂ ਹਨ।

ਗੋਰਖੀ ਦੱਸਦਾ ਹੁੰਦਾ ਸੀ ਕਿ ਦੀਵੇ ਦੀ ਲਾਟ ਨਾਲ ਮਾਂ ਉੱਠ ਜਾਂਦੀ ਸੀ। ਮੀਂਹ ਜਾਵੇ ਜਾਂ ਨ੍ਹੇਰੀ, ਕੋਰਾ ਪਵੇ ਜਾਂ ਹੁੱਸੜ ਹੋਵੇ। ਮਾਂ ਚੁੱਲ੍ਹੇ ਵੱਲ ਜਾਂਦੀ, ਚਾਹ ਰਖਦੀ, ਡੰਗਰਾਂ ਨੂੰ ਦੇਖ ਕੇ ਆਉਂਦੀ। ਜਦੋਂ ਕਦੇ ਮੈਨੂੰ ਅੱਧੀ ਰਾਤ ਨੂੰ ਉੱਠ ਕੇ ਲਿਖਦੇ ਨੂੰ ਮਾਂ ਵੇਖਦੀ ਤਾਂ ਅਕਸਰ ਕਹਿੰਦੀ, 'ਵੇ ਪੁੱਤ ਤੂੰ ਕਿਸੇ ਦਾ ਲੇਖਾ ਦੇਣਾ ਐਂ, ਸਾਰੀ ਧਰਤੀ ਸੌਂਵੇਂ ਤੇ ਤੂੰ ਜਾਗੇਂ।'

ਸੱਚਮੁੱਚ ਪ੍ਰੇਮ ਗੋਰਖੀ ਨੇ ਉਨ੍ਹਾਂ ਲੋਕਾਂ ਦਾ ਲੇਖਾ ਹੀ ਤਾਂ ਦੇਣਾ ਸੀ ਜਿਨ੍ਹਾਂ ਦੀ ਜ਼ਿੰਦਗੀ ਜਾਤੀ-ਪਾਤੀ ਸਿਸਟਮ ਨੇ ਧਰਤੀ 'ਤੇ ਰੀਂਘਣ ਵਾਲੇ ਜੀਵਾਂ ਦੇ ਸਮਾਨ ਬਣਾ ਦਿੱਤੀ ਸੀ। 'ਵਿਹੜੇ ਦੇ ਲੋਕਾਂ' ਦਾ ਲੇਖਾ ਦੇਣ ਲਈ ਹੀ ਤਾਂ ਗੋਰਖੀ ਨੇ ਸਾਰੀ ਉਮਰ ਕਹਾਣੀਆਂ ਲਿਖਣ ਲਈ ਲਾ ਦਿੱਤੀ। ਉਸ ਦੀ ਸ਼ਕਤੀਸ਼ਾਲੀ ਕਹਾਣੀ ਨੂੰ ਅਣਗੌਹੁਲਿਆ ਨਹੀਂ ਕੀਤਾ ਜਾ ਸਕਦਾ। ਪ੍ਰੇਮ ਗੋਰਖੀ ਸਮੇਂ ਤੋਂ ਕਾਫੀ ਪਹਿਲਾਂ ਤੁਰ ਗਿਆ ਹੈ। ਆਪਣੇ ਪਿੱਛੇ ਆਪਣੀਆਂ ਬਹੁਤ ਸਾਰੀਆਂ ਉਹ ਲਿਖਤਾਂ ਵੀ ਛੱਡ ਗਿਆ ਹੈ ਜਿਨ੍ਹਾਂ ਨੇ ਅਜੇ ਕਿਤਾਬੀ ਰੂਪ ਵਿਚ ਆਉਂਣਾ ਸੀ। ਉਹ ਥੱਬਿਆਂ ਦੇ ਥੱਬੇ ਖ਼ਤਾਂ ਦੇ ਛੱਡ ਗਿਆ ਹੈ, ਜਿਹੜੇ ਉਹਨੇ ਆਪਣੇ ਪਾਠਕਾਂ ਅਤੇ ਲੇਖਕਾਂ ਨੂੰ ਲਿਖੇ ਸਨ ਅਤੇ ਆਪਣੇ ਪਿੱਛੇ ਉਹ ਯਾਦਾਂ ਛੱਡ ਗਿਆ ਗਿਆ ਹੈ ਜਿਹੜੀਆਂ ਹਮੇਸ਼ਾਂ ਨੂੰ ਉਸਦੇ ਸਨੇਹੀਆਂ ਦੇ ਮਨਾਂ ਵਿਚ ਤਰੋ ਤਾਜ਼ਾ ਰਹਿਣਗੀਆਂ। ***

# ਵਸਮੇਂ ਹੇਠ ਲੁਕਿਆ ਹੋਇਆ ਗੋਰਖੀ

## - ਦਵਿੰਦਰ ਮੰਡ

ਗੋਰਖੀ ਦੇ ਜੀਊਂਦੇ ਜੀਅ ਮੈਂ ਉਹਦੇ 'ਤੇ ਦੋ ਰੇਖਾ-ਚਿੱਤਰ ਲਿਖੇ ਇਕ , 'ਖਾਲਸਾ ਕਾਲਜ ਦਾ ਗੋਰਕੀ- ਪ੍ਰੇਮ ਗੋਰਖੀ (ਬਿਆਸ) ਅਤੇ ਦੂਜਾ 17.12.1989 ਨੂੰ ਰੋਜ਼ਾਨਾ 'ਜੱਗ ਬਾਣੀ 'ਚ ਛਪਿਆ 'ਬੁੱਢੀ ਰਾਤ ਦਾ ਸੂਰਜ' ਪ੍ਰੇਮ ਗੋਰਖੀ। ਇਸ ਰੇਖਾ ਚਿੱਤਰ 'ਚ ਮੈਂ ਲਿਖਿਆ, '1947 ਦੇ ਰੌਲਿਆਂ ਸਮੇਂ ਜਨਮੇ ਗੋਰਖੀ ਦੀ ਜ਼ਿੰਦਗੀ ਵੀ ਰੌਲਾ ਬਣ ਗਈ। ਠੰਢ ਤੋਂ ਬਚਣ ਲਈ ਪਿੰਡ ਬੁਹਾਨੀ ਵਿਚ ਇਕ ਕੱਚਾ ਘਰ ਉਹ ਵੀ ਸੀ ਜਿਸਦਾ ਸਚਮੁਚ ਬੂਹਾ ਨਹੀਂ ਸੀ ਪਰ ਫਿਰ ਵੀ ਗੋਰਖੀ ਮਾਂ ਦੀ ਝੋਲੀ ਵਿਚ ਪਿਆ ਬਾਹਰੋਂ ਆ ਰਹੀਆਂ ਠੰਡ ਦੀਆਂ ਲੱਪਕਾਂ ਵਿੱਚ ਹੱਸਦਾ ਰਿਹਾ। ਕੁਝ ਸਮੇਂ ਬਾਅਦ ਬਾਪੂ ਸਮੇਤ ਲਾਡੋਵਾਲੀ (ਜਲੰਧਰ) ਆ ਵਸਿਆ।

ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿੱਚ ਲਾਇਬਰੇਰੀ ਵਿਚ ਕੰਮ ਕਰਦਿਆਂ ਹਿੰਦੀ/ਪੰਜਾਬੀ ਦੀਆਂ ਲੱਗਭਗ ਸਾਰੀਆਂ ਹੀ ਪੁਸਤਕਾਂ ਪੜ੍ਹ ਗਿਆ ਅਤੇ ਢੇਰ ਸਾਰਾ ਗਿਆਨ ਲੈ 'ਨਵਾਂ ਜ਼ਮਾਨਾ' ਵਿਚ ਪਰੂਫ਼ ਰੀਡਰ ਜਾ ਲੱਗਿਆ। ਆਟੇ ਦੇ ਦੁਖੋਂ ਭੁੰਨੇ ਆਲੂ ਖਾ ਕੇ ਗੁਜ਼ਾਰਾ ਕਰਨ ਵਾਲੇ ਇਸ ਸ਼ਖ਼ਸ ਦੀ ਪਹਿਲੀ ਉਦਾਸੀ ਉਦੋਂ ਸੀ ਜਦੋਂ ਉਹ ਸੱਤਵੀਂ ਵਿਚ ਪੜਦਾ ਸੀ ਤੇ ਬਾਪੂ ਸਿਰ ਤੇ ਇੱਟਾਂ ਚੁੱਕੀ ਅਖੀਰਲੀ ਪੈੜ ਤੋਂ ਫੱਟਾ ਖਿਸਕਣ ਕਰ ਕੇ ਹੇਠਾਂ ਬਾਂਸਾਂ ਵਿਚ ਝਰੀਟ ਹੁੰਦਾ ਵੀਹ ਫੁੱਟ ਹੇਠਾਂ ਧਰਤੀ ਤੇ ਆ ਡਿਗਿਆ ਸੀ। ਪਸਲੀਆਂ ਕੜਕ ਗਈਆਂ ਸਨ। ਮੇਰਾ ਤੇ ਪਰਵਾਸੀ ਗ਼ਜ਼ਲਗੋ ਸੁਰਿੰਦਰ ਸੋਹਲ ਦਾ ਉਸ ਨਾਲ ਬੜਾ ਡੂੰਘਾ ਅਤੇ ਨਿੱਘਾ ਰਿਸ਼ਤਾ ਰਿਹਾ ਹੈ। ਅਸਲ ਵਿੱਚ ਗੋਰਖੀ ਦੀ ਜੀਵਨ ਸਾਥਣ ਗੁਰਦੀਪ ਦਾ ਨਾਨਕਾ ਪਿੰਡ ਮੇਰਾ ਆਪਣਾ ਪਿੰਡ ਹੈ। ਸੁਰਿੰਦਰ ਪਾਲ ਮੰਡ ਉਸਦੇ ਸੱਕੇ ਮਾਮੇ ਦਾ ਪੁੱਤ ਹੈ ਭਾਵੇਂ ਰਿਸ਼ਤੇ ਵਿਚ ਗੋਰਖੀ ਸਾਡਾ 'ਭਾਈਆ' (ਜੀਜਾ) ਲੱਗਦਾ ਸੀ ਪਰ ਅਸੀਂ ਉਸਨੂੰ ਹਮੇਸ਼ਾਂ 'ਭਾਅ ਜੀ' ਕਹਿ ਕੇ ਸੰਬੋਧਨ ਕਰਦੇ ਰਹੇ।

ਮੈਂ ਤੇ ਸੋਹਲ ਨੇ ਜਿੰਨੇ ਵੀ ਸਾਹਿਤਕ ਸਮਾਗਮ ਕਰਾਏ ਗੋਰਖੀ ਮੁੱਖ ਮਹਿਮਾਨ ਜਾਂ ਪ੍ਰਧਾਨਗੀ ਮੰਡਲ ਚ ਸ਼ੁਸ਼ੋਭਤ ਰਿਹਾ। ਬੇਸ਼ਕ ਗੋਰਖੀ ਮੇਰੇ ਪਿੰਡ ਵੀ ਆ ਕੇ ਬਥੇਰਾ ਰਹਿੰਦਾ ਪਰ ਜ਼ਿਆਦਾਤਰ ਪਿੰਡ ਸੰਗਲ ਸੋਹਲ ਚਲੇ ਜਾਂਦਾ। ਸੋਹਲ ਦਾ ਖੁਲ੍ਹਾ ਘਰ ਉਸ ਨੂੰ ਬਹੁਤ ਪਸੰਦ ਸੀ। ਸੋਹਲ ਦੀ ਮਾਂ ਦਾ ਅਸ਼ੀਰਵਾਦ ਉਸ ਉਪਰ ਹਮੇਸ਼ਾ ਰਿਹਾ। ਉਂਝ ਪ੍ਰੇਮ ਗੋਰਖੀ ਨੂੰ ਬਣ-ਠਣ ਕੇ ਰਹਿਣ ਦਾ ਬੜਾ ਸੌਂਕ ਸੀ। ਉਸ ਦੇ ਲੰਬੀ ਬੱਧਰ ਵਾਲੇ ਝੋਲੇ ਚ ਬੜਾ ਨਿਕਸੁਕ ਹੁੰਦਾ। ਬਿਸ਼ਨ ਦੀ ਡਾਈ ਅਤੇ ਬੁਰਸ਼ ਕਦੇ ਵੀ ਝੋਲੇ ਵਿਚੋਂ ਗ਼ੈਰ-ਹਾਜ਼ਰ ਨਾ ਹੁੰਦੇ। ਦਾਹੜੀ ਦੇ ਚਾਰ ਕੁ ਵਾਲ ਵੀ ਜੇ ਸਫ਼ੈਦ ਹੋ ਜਾਂਦੇ ਤੁਰੰਤ ਵਸਮਾਂ ਲਾ ਗੋਰਖੀ ਆਪਣੀ ਉਮਰ ਤੇ ਪਰਦਾ ਪਾ ਲੈਂਦਾ। ਗੋਰਖੀ ਦੀ ਆਦਤ ਵਿੱਚ ਮਸ਼ਕਰੀ ਕਰਨ ਅਤੇ ਸੁਣਨ ਦਾ ਵੀ ਮਾਦਾ ਸੀ। ਉਸ ਦਿਨ ਸੁਰਿੰਦਰ ਸੋਹਲ ਦਾ ਵਿਆਹ ਸੀ ਜਦੋਂ ਇਕ ਦਿਨ ਪਹਿਲਾਂ ਅਸੀਂ ਸੋਹਲ ਦੇ ਘਰ ਜਾ ਪਹੁੰਚੇ। ਸਾਰਾ ਟੱਬਰ ਨਾਨਕਾ ਮੇਲ ਦੀ ਉਡੀਕ ਕਰ ਰਿਹਾ ਸੀ। ਮੈਂ ਤੇ ਗੋਰਖੀ ਗੱਲਾਂ ਬਾਤਾਂ ਵਿਚ ਰੁੱਝੇ ਹੋਏ ਸਾਂ। ਆਟਾ ਗੁੰਨ੍ਹਣ ਵਾਲੇ ਦੋ ਬੰਦੇ ਅਜੇ ਨਹੀਂ ਸਨ ਪਹੁੰਚੇ। ਸੁਰਿੰਦਰ ਸੋਹਲ ਦਾ ਵੱਡਾ ਭਰਾ ਕੁਲਵਿੰਦਰ ਜੋ ਅਮਰੀਕਾ ਵਿਚੋਂ ਆਇਆ ਸੀ। ਉੱਚੀ ਉੱਚੀ ਰੌਲਾ ਪਾ ਰਿਹਾ ਸੀ, "ਹੱਲੇ ਤੱਕ ਨਹੀਂ ਆਏ ਆਟਾ ਗੁੰਨ੍ਹਣ ਵਾਲੇ, ਤੁਹਾਡੇ ਕੰਮ





**ਜਲੰਧਰ ਦੇ ਆਪਣੇ ਦੋਸਤਾਂ ਨਾਲ ਗੁਰਮੇਲ ਵਿਰਕ, ਪ੍ਰੇਮ ਗੋਰਖੀ, ਪਾਰਾ ਲੱਲੀਆ ਵਾਲਾ, ਦਵਿੰਦਰ ਮੰਡ ਅਤੇ ਸੁਰਿੰਦਰ ਸੋਹਲ**

ਅਇਦਾ ਦੇ ਈ ਹੁੰਦੇ।" ਕੁਲਵਿੰਦਰ ਅਜੇ ਸਾਨੂੰ ਆਹ ਗੁੱਸੇ ਵਾਲੇ ਸ਼ਬਦ ਕਹਿ ਕੇ ਹੱਟਿਆ ਹੀ ਸੀ ਕਿ ਦੂਰੋਂ ਭਗਵੰਤ ਰਸੂਲਪੁਰੀ ਤੇ ਦੇਸ ਰਾਜ ਕਾਲ਼ੀ ਤੁਰੇ ਆਉਂਦੇ ਦਿੱਸੇ। ਗੋਰਖੀ ਨੇ ਮੂੰਹ ਮੇਰੇ ਨੇੜੇ ਕਰਦੇ ਕਿਹਾ, "ਭਾਅ ਨੂੰ ਕਹਿ ਕੇ ਔਹ ਤੁਰੇ ਆਉਂਦੇ ਆਟਾ ਗੁੰਨ੍ਹਣ ਵਾਲੇ। ਮੈਨੂੰ ਅਜਿਹੀ ਮਸ਼ਕਰੀ ਨਾਲੋਂ ਹੋਰ ਕੀ ਚਾਹੀਦਾ ਸੀ। ਮੈਂ ਭਾਅ ਜੀ ਨੂੰ ਕਹਿ ਦਿੱਤਾ, "ਭਾਜੀ ਔਹ ਆ ਗਏ।" ਫਿਰ ਕੀ ਸੀ ਕੁਲਵਿੰਦਰ ਭਾਅ ਜੀ ਨੇ ਦੂਰੋਂ-ਰੌਲਾ ਪਾ ਦਿੱਤਾ, "ਆਓ ਤਾਂ ਸਹੀ ਲੈਂਦਾ ਤੁਹਾਡੀ ਖ਼ਬਰਸਾਰ।" ਅਸਲ ਚ ਉਹਨੇ ਭਗਵੰਤ ਤੇ ਕਾਲੀ ਨੂੰ ਕਦੇ ਨਹੀਂ ਸੀ ਦੇਖਿਆ।

ਜਦੋਂ ਉਹ ਦੋਂਹੇ ਨੇੜੇ ਆ ਗਏ ਤਾਂ ਭਾਜੀ ਫਿਰ ਬੋਲ ਪਿਆ, "ਆਹ ਧੁਆਡਾ ਟੈਮ ਆ, ਸ਼ਰਮ ਤਾਹਨੀ ਔਂਦੀ ਆਟਾ ਕਿਹਨੇ ਗੁੰਨ੍ਹਣਾ? ਇਸ ਤੋਂ ਪਹਿਲਾਂ ਭਾਜੀ ਹੋਰ ਤੱਤਾ ਹੁੰਦਾ ਸੁਰਿੰਦਰ ਸੋਹਲ ਨੱਠਾ ਆਇਆ, "ਭਾਅ ਜੀ-ਇਹ ਤਾਂ ਭਗਵੰਤ ਤੇ ਕਾਲੀ ਆ, ਕਹਾਣੀਕਾਰ।" ਉਸ ਤੋਂ ਬਾਦ ਭਾਜੀ ਮੇਰੇ ਦੁਆਲੇ ਹੋ ਗਿਆ ਤੇ ਗੋਰਖੀ ਉੱਚੀ-ਉੱਚੀ ਹੱਸਦਾ ਰਿਹਾ।

ਪ੍ਰੇਮ ਗੋਰਖੀ ਨੂੰ ਹੱਥੀਂ ਕਾਰ ਕਰਨ ਦਾ ਵੀ ਸ਼ੌਂਕ ਸੀ। ਤਿੰਨ ਕੁ ਦਹਾਕੇ ਪਹਿਲਾਂ ਜਦੋਂ ਗੋਰਖੀ ਮੇਰੇ ਘਰ ਆਇਆ ਤਾਂ ਮੈਂ ਤੇ ਬਾਪ ਚੁਬਾਰੇ ਉਪਰ ਇਕ ਛੋਟਾ ਜਿਹਾ ਕਮਰਾ ਪਾਉਣ ਲਈ ਇੱਟਾਂ ਉਪਰ ਚੜ੍ਹਾ ਰਹੇ ਸਾਂ। ਮੈਨੂੰ ਹੈਰਾਨੀ ਬੜੀ ਹੋਈ, ਗੋਰਖੀ ਨੇ ਕੱਪੜੇ ਲੀੜੇ ਲਾਹੇ, ਪੁਰਾਣਾ ਪਜ਼ਾਮਾ ਕਮੀਜ਼ ਪਾ ਕੇ ਤੁਰੰਤ ਸਾਡੇ ਨਾਲ ਉਸ ਕੰਮ ਤੇ ਜੁਟ ਗਿਆ। ਅਸੀਂ ਬਥੇਰਾ ਕਿਹਾ ਪਰ ਉਹ ਨਾ ਮੰਨਿਆ। ਉਸ ਰਾਤ ਤੜਕੇ ਮੈਨੂੰ ਉਦੋਂ ਹੋਰ ਹੈਰਾਨੀ ਹੋਈ। ਅਸੀਂ ਅਜੇ ਸੁੱਤੇ ਪਏ ਸਾਂ ਜਦੋਂ ਗੋਰਖੀ ਨੂੰ ਹੀ ਤੜਕੇ ਕੰਮ ਕਰਦਿਆਂ ਦੇਖਿਆ। ਉਹ ਇੱਟਾਂ ਮਿੱਟੀ ਦੀ ਟੁੱਟ-ਭੱਜ ਨੂੰ ਹੇਠਾਂ ਖੋਲ਼ ਵਿਚ ਸੁੱਟ ਰਿਹਾ ਸੀ।

ਗਰਮੀਓ ਗਰਮੀ ਹੋਇਆ ਗੋਰਖੀ ਕਹਿਣ ਲੱਗਾ, "ਇੰਝ ਪੱਜ ਨਾਲ ਸਰੀਰ ਦੀ ਹਿੱਲਜੁਲ ਹੋ ਗਈ, ਖ਼ਰੀ ਰਹਿਦੀ ਦੇਹ।"

ਪ੍ਰੇਮ ਪਹਿਲਾਂ ਆਪਣੇ ਨਾਮ ਨਾਲ 'ਨਿਮਾਣਾ' ਸ਼ਬਦ ਲਿਖਦਾ ਰਿਹਾ। ਪਰ ਅੱਖਾਂ ਸਾਹਮਣੇ ਖ਼ੂਨ ਵਿੱਚ ਲੱਥ-ਪੱਥ ਆਪਣੀ ਪ੍ਰੇਮਿਕਾ 'ਗੋਰਖਣ' ਨੂੰ ਦੇਖ ਕੇ ਅੰਦਰੋਂ ਵਲੂੰਧਰਿਆ ਗਿਆ ਤੇ ਅੰਮ੍ਰਿਤਾ

ਪ੍ਰੀਤਮ ਕੋਲੋਂ 'ਗੋਰਖੀ' ਸ਼ਬਦ ਦੀ ਮੰਗ ਕਰਨ ਲੱਗਾ। ਅੰਮ੍ਰਿਤਾ ਵੀ ਮੰਨ ਗਈ।

ਪ੍ਰੇਮ ਨੇ ਅਤਿ ਦੀ ਗਰੀਬੀ ਦੇਖੀ ਸੀ। ਦੀਵਿਆਂ ਦੀ ਲੋਅ ਵਿਚ ਡੂੰਨੇ ਲਾਉਣ ਵਾਲਾ ਗੋਰਖੀ ਦਾ ਬਾਪ ਦੀਵਾਲੀ ਨੂੰ ਕੋਠਿਆਂ ਉਪਰ ਰੱਖਣ ਲਈ ਦੀਵੇ ਵੀ ਨਹੀਂ ਸੀ ਲੈ ਸਕਦਾ। ਜੇ ਲੈ ਸਕਦਾ ਸੀ ਤਾਂ ਸਿਰਫ਼ ਆਪਣੇ ਭੁੱਖੇ ਬੱਚਿਆਂ ਦੇ ਹਾਉਂਕੇ। ਜੀਣ ਮਰਨ, ਵਣ ਬੇਲਾ, ਬੁੱਢੀ ਰਾਤ ਤੇ ਸੂਰਜ, ਤਿੱਤਰ ਖੰਭੀ ਜੂਹ, ਮਿੱਟੀ ਰੰਗੇ ਲੋਕ, ਜਨਰੇਸ਼ਨ ਗੇਪ ਆਦਿ ਪੁਸਤਕਾਂ ਦਾ ਰਚੇਤਾ ਪ੍ਰੇਮ ਅਕਸਰ ਕਹਿੰਦਾ ਸੀ, 'ਮੇਰੀ ਸਵੈ-ਜੀਵਨੀ ਇਕ ਗ਼ੈਰ-ਹਾਜ਼ਰ ਆਦਮੀ' ਇਕ ਅਜਿਹੇ ਵਿਅਕਤੀ ਦੀ ਤਸਵੀਰ ਪੇਸ਼ ਕਰਦੀ ਹੈ ਜੋ ਹਾਜ਼ਰ ਹੁੰਦਾ ਹੋਇਆ ਵੀ ਗ਼ੈਰ-ਹਾਜ਼ਰ ਸੀ ਭਾਵ ਮਸਕੀਨ, ਗਰੀਬੀ ਨਾਲ ਲਿਤਾੜਿਆ ਹੋਇਆ ਜਿਸ ਨੂੰ ਕੋਈ ਆਪਣੀ ਮਹਿਫ਼ਲ ਚ ਹਾਜ਼ਰ ਕਰਨ ਦਾ ਵੀ ਮਾਦਾ ਨਹੀਂ ਸੀ ਰੱਖਦਾ।' ਇਹ ਸਵੈ-ਜੀਵਨੀ ਮੇਰੇ ਲਈ ਚੰਗੀਆਂ ਪੁਸਤਕਾਂ ਵਿਚੋਂ ਇਕ ਰਹੀ ਹੈ। 'ਕੁੰਡਾ', 'ਬਚਨਾ ਬੱਕਰਵੱਢ', 'ਇਕ ਟਿਕਟ ਰਾਮਪੁਰਾ ਫੂਲ' ਅਤੇ 'ਜੀਣ ਮਰਨ' ਆਦਿ ਕਹਾਣੀਆਂ ਅਜਿਹੀਆਂ ਹਨ ਜੋ ਪੰਜਾਬੀ ਸਾਹਿਤ ਵਿੱਚ ਉਚ ਮੁਕਾਮ ਰੱਖਦੀਆਂ ਹਨ। ਦਲਿਤ ਸਾਹਿਤਕਾਰ ਹੋਣ ਕਾਰਨ ਗੋਰਖੀ ਨੂੰ ਵੀ ਬਾਕੀ ਦਲਿਤ ਲੇਖਕਾਂ ਵਾਂਗ ਬਹੁਤਾ ਮਾਣ ਸਨਮਾਨ ਨਹੀਂ ਮਿਲਿਆ ਪਰ ਜਿਹੜੇ ਦਲਿਤ ਕਿਸੇ ਉਚ ਮੁਕਾਮ ਤੇ ਸਨ ਝੱਟ ਅਕਾਦਮੀਆਂ ਨੇ ਕਾਬੂ ਕਰਕੇ ਸਨਮਾਨ ਉਹਨਾਂ ਦੇ ਝੋਲੀ ਪਾ ਦਿੱਤਾ। ਅੱਜ ਜੇ ਸਨਮਾਨੇ ਅਤੇ ਅਨ-ਸਨਮਾਨੇ ਲੇਖਕਾਂ ਦੀ ਸੂਚੀ ਬਣਾਈਏ ਤਾਂ ਸਨਮਾਨੇ ਸਾਹਿਤਕਾਰ ਤੁਹਾਨੂੰ ਅਜਿਹੇ ਲੱਭਣਗੇ ਜਿਹਨਾਂ ਦੀ ਹੈਸੀਅਤ ਗੋਰਖੀ ਸਾਹਮਣੇ ਧੇਲਾ ਵੀ ਨਹੀਂ ਬਸ ਉਹਨਾਂ ਕੋਲ ਸੀ ਚਮਚਾਗ਼ਿਰੀ ਦੀ ਵੱਡੀ ਡਿਗਰੀ ਜਾਂ ਸਾਡੇ ਸਰਕਾਰੀ ਤੰਤਰ ਦੀ ਚਾਲ।

ਮੈਂ ਕਈ ਵਾਰ ਸੋਚਦਾ ਹਾਂ ਜੇ ਅੰਮ੍ਰਿਤਾ ਪ੍ਰੀਤਮ ਨਾ ਹੁੰਦੀ ਗੋਰਖੀ ਨੂੰ ਵੀ ਕਿਸੇ ਨੇ ਨਹੀਂ ਸੀ ਜਾਨਣਾ। ਅੰਮ੍ਰਿਤਾ ਨੂੰ ਸਾਹਿਤ ਦੀ ਪਛਾਣ ਸੀ। ਜਦੋਂ ਉਸ ਨੇ ਪੰਜਾਬ ਸੰਕਟ ਕਾਲ ਨਾਲ ਜੁੜੀਆਂ, ਨਾਗਮਣੀ ਚ ਛਪੀਆਂ ਕਹਾਣੀਆਂ ਨੂੰ 'ਇਕ ਉਦਾਸ ਕਿਤਾਬ' ਪੁਸਤਕ ਵਿਚ ਸ਼ਾਮਲ ਕੀਤਾ ਤਾਂ ਮੇਰੀ ਸ਼ਾਮਲ ਕਹਾਣੀ 'ਬਹਾਰ ਫਿਰ ਆਵੇਗੀ' ਨੂੰ ਪੜ੍ਹ ਕੇ ਗੋਰਖੀ ਨੇ ਮੁਬਾਰਕਬਾਦ ਦਾ ਇਕ ਲੰਬਾ ਤੇ ਹੌਂਸਲਾ ਅਫ਼ਜਾਈ ਦਾ ਖ਼ਤ ਮੈਨੂੰ ਲਿਖਿਆ।

'ਦੀਵਾ ਬਲੇ ਸਾਰੀ ਰਾਤ' ਗੋਸ਼ਟੀ ਦਾ ਕਰਤਾ ਧਰਤਾ ਇਹ ਪ੍ਰੇਮ ਕਦੇ ਵੀ ਛੋਟੇ ਵੱਡੇ ਦਾ ਫ਼ਰਕ ਨਹੀਂ ਸੀ ਕਰਦਾ। ਹਰ ਨਵਾਂ ਲੇਖਕ ਉਸ ਗੋਸ਼ਟੀ ਵਿੱਚ ਸ਼ਾਮਲ ਹੁੰਦਾ ਸੀ ਤੇ ਉਸਾਰੂ ਬਹਿਸ ਕਰਕੇ ਨਵਿਆਂ ਨੂੰ ਅਗਾਂਹ-ਵਧਣ ਦਾ ਮੌਕਾ ਦਿੰਦਾ ਸੀ। ਇਹਨਾਂ ਗੋਸ਼ਟੀਆ ਵਿਚ ਮੈਂ ਵੀ ਕਈ ਵਾਰ ਕਹਾਣੀ ਪੜ ਚੁੱਕਾ ਹਾਂ। ਗੋਰਖੀ ਦੇ ਤੁਰ ਜਾਣ ਤੇ ਅਮਰੀਕਾ ਵਿਚੋਂ ਮੈਨੂੰ ਸੁਰਿੰਦਰ ਸੋਹਲ ਦਾ ਲੰਬਾ ਫ਼ੋਨ ਆਇਆ। ਉਹ ਉਦਾਸ ਸੀ ਕਹਿਣ ਲੱਗਾ, 'ਬੇਸ਼ਕ ਗੋਰਖੀ ਪਿਛਲੇ ਸਾਲਾਂ ਚ ਤੇਰੇ ਨਾਲ ਨਾਰਾਜ਼ ਸੀ ਪਰ ਉਹਨੇ ਆਪਾਂ ਨੂੰ ਜੋ ਸਾਹਿਤ ਦਾ ਰਾਹ ਦਿਖਾਇਆ ਉਹ ਕਦੇ ਭੁੱਲਣ ਵਾਲਾ ਨਹੀਂ ਆਪਾਂ ਨੂੰ ਉਹਦੇ ਕਦਰਦਾਨ ਹੋਣਾ ਚਾਹੀਦਾ ਹੈ। ਇਹੀ ਗੱਲਾਂ ਮੇਰੇ ਨਾਲ ਮੋਹਨ ਲਾਲ ਫਿਲੌਰੀਆਂ ਤੇ ਭਗਵੰਤ ਰਸੂਲਪੁਰੀ ਨੇ ਕੀਤੀਆਂ। ਗੋਰਖੀ ਦੀ ਪਿਛਲੇ ਸਾਲਾਂ ਵਿਚ ਇਕ ਦੁਰਘਟਨਾ ਕਾਰਨ ਯਾਦ-ਸ਼ਕਤੀ ਕਮਜ਼ੋਰ ਹੋ ਗਈ। ਇਸ ਕਮਜ਼ੋਰੀ ਦੇ ਬਾਵਜੂਦ ਬਣ-ਠਣ ਕੇ ਰਹਿਣਾ ਅਤੇ ਵਸਮਾਂ ਲਗਾਉਣਾ ਗੋਰਖੀ ਦੀ ਆਦਤ ਦਾ ਹਿੱਸਾ ਹੀ ਬਣਿਆ ਰਿਹਾ।

ਪ੍ਰੇਮ ਗੋਰਖੀ ਮਸ਼ਕਰੀਆ ਕਰਨ ਵਿੱਚ ਵੀ ਮਸ਼ਹੂਰ ਸੀ। ਉਸ ਨੂੰ ਬੰਦੇ ਦੀ ਸ਼ਰੀਰਕ ਮੁਦਰਾ ਦੀ ਭਾਸ਼ਾ ਦਾ ਵੀ ਗਿਆਨ ਸੀ। ਇਕਦਮ ਬੰਦੇ ਬਾਰੇ ਉਹ ਵਿਸ਼ਲੇਸਣ ਕਰ ਦਿੰਦਾ ਸੀ। ਅਖੇ:

'ਸੱਤੀ ਨੇ ਆ ਕੇ ਸਿਰ ਖਾ ਲੈਣਾ।'

'ਫਿਲੌਰੀਆ ਸਾਹਿਬ ਦੀ ਗੱਲ ਨਹੀਂ ਮੁਕਣੀ।'

'ਗੁਰਮੇਲ ਵਿਰਕ ਦੇ ਪਿਓ ਨੇ ਕੋਈ ਨਾ ਕੋਈ ਕਰਤੱਵ ਦਿਖਾ ਦੇਣਾ।'

ਸਚਮੁੱਖ ਪ੍ਰੇਮ ਕੋਲ ਮਨੁੱਖੀ ਗਿਆਨ ਵਾਹਵਾ ਸੀ। ਇਕ ਵਾਰ ਉਹ ਬੱਸੋਂ ਉਤਰਿਆ, ਸਿੱਧਾ ਸਾਡੇ

ਪਿੰਡ ਗੁਰਮੇਲ ਵਿਰਕ ਦੇ ਘਰ ਚਲਾ ਗਿਆ। ਮੈਨੂੰ ਸੁਨੇਹਾ ਮਿਲਿਆ, 'ਗੋਰਖੀ ਆਇਆ ਵਿਰਕ ਦੇ ਘਰ ਪਹੁੰਚੋ।' ਮੈਂ ਉਹਨੀਂ ਪੈਰੀਂ ਜੋਗੀ ਪੀਰ ਵੱਲ ਨੂੰ ਭੱਜਾ। ਵਿਰਕ ਅੰਦਰ ਕਿਸੇ ਪਿੰਡ ਦੇ ਬੰਦੇ ਨੂੰ ਪੈਟਰੋਲ ਦੇਣ ਵਿਚ ਰੁਝਿਆ ਹੋਇਆ ਸੀ ਅਤੇ ਵਿਰਕ ਦਾ ਬਾਪ ਵੱਛਾ ਖੋਹਲ ਕੇ ਟਿਊਬਵੈੱਲ ਤੇ ਨਾਉਣ ਤੁਰਿਆ ਹੋਇਆ ਸੀ। ਮੈਂ ਜਾ ਕੇ ਫਤਹਿ ਬੁਲਾਈ। ਗੋਰਖੀ ਕਹਿਣ ਲੱਗਾ, "ਜਦੋਂ ਆਇਆ ਕੁੰਡੀ ਬੰਦ ਸੀ। ਛੋਟਾ ਮੁੰਡਾ ਬਾਹਰ ਖੇਡ ਰਿਹਾ ਸੀ। ਮੈਂ ਉਹਨੂੰ ਕਿਹਾ, 'ਭਾਪੇ ਨੂੰ ਕਹਿ ਪਿੰਡ ਦਾ ਬੰਦਾ ਤੇਲ ਲੈਣ ਆਇਆ। ਓਹੀ ਗੱਲ ਹੋਈ ਗੁਰਮੇਲ ਨੇ ਤੁਰੰਤ ਬੂਹਾ ਖੋਲ ਦਿੱਤਾ। ਜਦੋਂ ਉਹਨੂੰ ਪਤਾ ਲੱਗਾ ਕਿ ਗੋਰਖੀ ਭਾਅ ਚੰਡੀਗੜ੍ਹ ਤੋਂ ਆਇਆ ਹੈ ਤੁਰੰਤ ਸਾਰਾ ਟੱਬਰ ਜਗਾ ਮਾਰਿਆ।


**ਪ੍ਰੇਮ ਗੋਰਖੀ** (15-6-1947 ਤੋਂ 25-4-2021)

"ਉਠੋ ਭਾਈ ਭਾਜੀ ਆਏ ਆ, ਚਾਹ ਰੱਖੋ, ਨਹੀਂ ਦੁੱਧ ਪਿਲਾਓ ਆਦਿ।' ਉੱਚੀ-ਉੱਚੀ ਰੌਲਾ ਪਾਉਣ ਲੱਗਾ। ਅਜੇ ਉਹ ਘਰ ਵਾਲਿਆਂ ਨੂੰ ਸੁਨੇਹਾ ਦੇ ਹੀ ਰਿਹਾ ਸੀ, ਉਹਦਾ ਪਿਓ ਪ੍ਰੀਤਮ ਸਿੰਹੁ ਵੱਛੇ ਨੂੰ ਪਾਣੀ ਪਿਲਾ ਕੀਲੇ ਬੰਨ੍ਹਣ ਆ ਗਿਆ। ਵੱਛੇ ਨੂੰ ਪਤਾ ਨੀਂ ਕੀ ਹੋਇਆ ਜਾਂ ਤਾਂ ਪਾਣੀ ਨਾਲ ਠੰਢਾ ਹੋਇਆ ਪਿਆ ਸੀ ਜਾਂ ਗੋਰਖੀ ਤੋਂ ਡਰ ਗਿਆ। ਏਨੀ ਤੇਜ਼ ਇਕ ਪਾਸੇ ਨੂੰ ਭੱਜਾ ਕਿ ਉਹਨੇ ਪ੍ਰੀਤਮ ਸਿੰਹੁ ਨੂੰ ਵੀ ਨਾਲ ਹੀ ਖਿੱਚ ਲਿਆ। ਪ੍ਰੀਤੂ ਡਿੱਗ ਪਿਆ। ਗੁਰਮੇਲ ਨੇ ਕਈ ਵਾਰ ਕਿਹਾ, 'ਭਾਪਾ ਸੰਗਲ ਛੱਡ ਦੇ ਪਰ ਪ੍ਰੀਤੂ ਆਪਣੀ 'ਤਾਕਤੀ ਮੈਂ' ਦਿਖਾਉਣ ਲਈ ਤਤਪਰ ਸੀ। ਉਹ ਹੇਠਾਂ ਡਿੱਗ ਪਿਆ ਤੇ ਵੱਛਾ ਉਹਨੂੰ ਕਾਫ਼ੀ ਦੂਰ ਤੱਕ ਘਸੀਟਦਾ ਲੈ ਗਿਆ।

ਪ੍ਰੀਤੂ ਦਾ ਸਾਰਾ ਪਿੱਛਾ ਛਿਲਿਆ ਗਿਆ। ਗੋਰਖੀ ਰੁਕ ਕੇ ਪ੍ਰੀਤੂ ਨੂੰ ਕਹਿ ਰਿਹਾ ਸੀ, 'ਆਹ ਕੀ ਕੀਤਾ ਰਗੜਾਂ ਲੁਆ ਲਈਆਂ। ਤੁਹਾਨੂੰ ਕਿਹਾ ਸੀ ਸੰਗਲ ਛੱਡ ਦਿਓ। ਉਧਰੋਂ ਪ੍ਰੀਤੂ 'ਹਾਏ ਹਾਏ' ਕਰਦਾ ਕਹਿ ਰਿਹਾ ਸੀ, 'ਗੋਰਖੀ ਸਾਹਿਬ ਮੇਰਾ ਦਮ ਦੇਖੋ ਮੈਂ ਏਨੀ ਉਮਰ ਦਾ ਬੰਦਾ ਵੱਛੇ ਨੂੰ ਕਾਬੂ ਕਰ ਲਿਆ।' ਇਹ ਗੱਲ ਸੁਣ ਗੋਰਖੀ ਮੇਰੇ ਮੂੰਹ ਵਲ ਦੇਖਣ ਲੱਗਾ ਤੇ ਫਿਰ ਅਸੀਂ ਦੋਵੇਂ ਉੱਚੀ-ਉੱਚੀ ਹੱਸ ਪਏ। ਗੋਰਖੀ ਅਕਸਰ ਆਖਦਾ ਸੀ, 'ਮੈਨੂੰ ਤੁਹਾਡੇ ਸਭ ਵਿਚ ਵਿਚਰ ਕੇ ਖੁਸ਼ੀ ਹੁੰਦੀ ਹੈ। ਤੁਸੀਂ ਸਾਰੇ ਅੰਦਰੋਂ ਬਾਹਰੋਂ ਇਕ ਹੋ।' ਇਕ ਦਿਨ ਸ਼ਾਮੀ ਗੋਰਖੀ ਦਾ ਸੁਨੇਹਾ ਆ ਗਿਆ, 'ਮੈਂ ਵਿਰਕ ਦੇ ਘਰ ਬੈਠਾ। ਉਹਦਾ ਪਤਾ ਲੈਣ ਆਇਆ। ਤੂੰ ਆ ਜਾ ਨਾਲੇ ਉਹਨੇ ਪਾਰਟੀ ਕਰਨੀ ਆ।'

'ਕਾਹਦੀ ਪਾਰਟੀ?' ਮੈਂ ਜਦੋਂ ਇਹ ਕਿਹਾ ਤਾਂ ਗੋਰਖੀ ਕਹਿਣ ਲੱਗਾ, 'ਆ ਤਾਂ ਸਹੀ ਆ ਕੇ ਦੱਸਦੈ।' ਮੈਂ ਤੁਰੰਤ ਆਪਣੀ ਹਵੇਲੀ ਤੋਂ ਹੁੰਦਾ ਹੋਇਆ ਗੁਰਮੇਲ ਵਿਰਕ ਦੇ ਘਰ ਜਾ ਪਹੁੰਚਾ। ਵਿਰਕ ਮੰਜੇ ਤੇ ਪਿਆ 'ਹਾਏ ਹਾਏ' ਕਰ ਰਿਹਾ ਸੀ। ਉਹਦੀ ਪਤਨੀ ਦੁੱਧ ਚ ਹਲਦੀ ਪਾ ਕੇ ਉਹਦੇ ਸਿਰਹਾਣੇ ਖੜ੍ਹੀ ਸੀ।

'ਕੀ ਹੋਇਆ ਵਿਰਕ?' ਜਦੋਂ ਮੈਂ ਇਹ ਕਿਹਾ ਤਾਂ ਉਹ ਗਿਲਾ ਕਰਦਾ ਕਹਿਣ ਲੱਗਾ, 'ਤੂੰ ਪਿੰਡ ਦਾ ਹੋ ਕੇ ਵੀ ਨਾ ਆਇਆ ਪਤਾ ਲੈਣ, ਗੋਰਖੀ ਸਾਹਿਬ ਚੰਡੀਗੜ੍ਹੋਂ ਆ ਗਏ?'

'ਨਾਹ ਦੱਸ ਤਾਂ ਸਹੀ ਕੀ ਹੋਇਆ?'

ਵਿਰਕ ਦੇ ਬੋਲਣ ਤੋਂ ਪਹਿਲਾਂ ਹੀ ਗੋਰਖੀ ਕਹਿਣ ਲੱਗਾ, 'ਪਰਸੋਂ ਸਾਰਾ ਦਿਨ ਬੱਤੀ ਨਾ ਆਈ ਇਹ ਠੰਢੀ ਆੜ ਕੋਲ ਬੈਠਾ ਸੀ, ਤੂਤ ਨੇੜੇ ਕੋਈ ਘੋੜੀ ਬੰਨ੍ਹ ਗਿਆ। ਘੋੜੀ ਚਰਦੀ ਗਈ। ਵਿਰਕ ਨੂੰ ਪਤਾ ਨਹੀਂ ਕੀ ਸੁੱਝੀ ਰੱਸਾ ਖੋਹਲ ਘੋੜੀ ਤੇ ਚੜ੍ਹ ਗਿਆ ਤੇ ਘੋੜੀ ਨੇ ਪਟਕਾ ਕੇ ਆੜ ਜਾ ਸੁੱਟਿਆ ਰਗੜਾਂ ਲੱਗ ਗਈਆਂ।' ਗੋਰਖੀ ਨੇ ਇਹ ਗੱਲ ਹਾਸੇ ਦੇ ਅੰਦਾਜ਼ ਚ ਦੱਸੀ। ਮੇਰਾ ਵੀ ਹਾਸਾ ਨਿਕਲ ਗਿਆ।

"ਕੀ ਲੋੜ ਸੀ ਘੋੜੀ ਤੇ ਚੜ੍ਹਣ ਦੀ"

"ਬਸ ਜੀ, ਸੱਟ ਲੱਗਣੀ ਸੀ, ਰੱਬ ਦੇ ਕਰਮ।" ਦੂਰ ਖੜੀ ਵਿਰਕ ਦੀ ਪਤਨੀ ਨੇ ਸਾਰੀ ਡੋਰੀ ਰੱਬ ਤੇ ਸੁੱਟ ਦਿੱਤੀ।ਤੇ ਪਾਰਟੀ ਕਾਹਦੀ। ਗੋਰਖੀ ਪਾਰਟੀ ਦਾ ਪਿਛਲਝਾਤ ਹਵਾਲਾ ਦੇਣ ਲੱਗਾ। 'ਭਰਾਵਾ ਦਸ ਪੰਦਰਾਂ ਦਿਨ ਪਹਿਲਾ ਵਿਰਕ ਚੰਡੀਗੜ੍ਹ ਆਇਆ ਆਪਣੇ ਐਕਸੀਅਨ ਨੂੰ ਲੈ ਕੇ ਐਕਸੀਅਨ ਤਾਂ ਮੀਟਿੰਗ ਚ ਰੁਝ ਗਿਆ। ਇਹ ਟੈਮ ਪਾਸ ਕਰਨ ਲਈ ਮੇਰੇ ਕੋਲ ਆ ਗਿਆ। ਮੈਂ ਤੁਰਨ ਵੇਲੇ ਕੁਝ ਕੱਚ ਦੇ ਭਾਂਡੇ ਇਹਨੂੰ ਫੜਾਏ ਤੇ ਕਿਹਾ, "ਲਾਡੋਆਲੀ ਸਾਡੇ ਘਰ ਫੜਾ ਦੇਈਂ।' ਇਹਨੂੰ ਕਿਤੇ ਚੇਤਾ ਭੁਲ ਗਿਆ ਗੱਡੀ ਚ ਭਾਂਡੇ ਖੜਕਦੇ ਆਏ ਐਕਸੀਅਨ ਨੂੰ ਕਹਿਣ ਲੱਗਾ,

'ਸਾਹਬ ਗੱਡੀ ਖਰਾਬ ਲੱਗਦੀ' ਬਸ ਫਿਰ ਕੀ ਸੀ ਜਦੋਂ ਕਿਤੇ ਇਹਨੂੰ ਭਾਂਡਿਆਂ ਦਾ ਚੇਤਾ ਆਇਆ, ਭਾਂਡੇ ਗੱਡੀ ਵਿਚੋਂ ਕੱਢ ਲਏ ਤੇ ਐਕਸੀਅਨ ਤੋਂ ਦੋ ਹਜ਼ਾਰ ਦਾ ਬਿੱਲ ਪਾਸ ਕਰਾ ਲਿਆ। ਕਹਿੰਦਾ ਗੱਡੀ ਦੀਆਂ ਕਲੱਚ ਪਲੇਟਾਂ ਪਈਆਂ।

ਵਿਰਕ ਮੰਜੇ ਤੇ ਪਿਆ ਆਪਣੀ ਇਸ ਚੁਸਤ ਚਲਾਕੀ ਤੇ ਮੁਸ਼ਕੜੀ ਹੱਸ ਰਿਹਾ ਸੀ।

'ਹੁਣ ਕਹਿੰਦਾ ਤੁਸਾਂ ਮੈਨੂੰ ਭਾਂਡਿਆਂ ਕਰਕੇ ਲਾਭ ਬਹੁਤ ਦੁਆਇਆ ਪਾਰਟੀ ਕਰਨੀ?'

ਫਿਰ ਛੇਤੀ ਹੀ ਮੇਜ਼ ਤੇ ਘਰ ਦੀ ਕੱਢੀ ਦੇਸੀ ਦਾਰੂ ਤੇ ਅੰਡਿਆਂ ਦੀ ਭੁਰਜੀ ਸੁਸ਼ਭਿਤ ਹੋ ਗਈ।

ਮੇਰੇ ਐਮ. ਏ. ਦੇ ਜਮਾਤੀ ਅਵਤਾਰ ਡੱਬ ਨੇ ਬਦੇਸ਼ ਜਾਣਾ ਸੀ। ਉਸ ਨੇ ਕੁਰਾਲੀ ਪਿੰਡ ਆਪਣੇ ਘਰ 'ਦੀਵਾ ਬਲੇ ਸਾਰੀ ਰਾਤ' ਗੋਰਖੀ ਨੂੰ ਕਹਿ ਗੋਸ਼ਟੀ ਰੱਖਵਾ ਲਈ। ਬਹੁਤ ਸਾਰੇ ਮਿੱਤਰ ਤੇ ਕਹਾਣੀਕਾਰ ਜੁੜ ਗਏ। ਅਵਤਾਰ ਸਾਡੀ ਜਮਾਤਣ ਬਟਾਲੇ ਵਲ ਦੀ ਕੁੜੀ ਔਲਖ ਦੇ ਮੈਨੂੰ ਲਿਖੇ ਪੱਤਰ ਗੋਰਖੀ ਨੂੰ ਦਿਖਾ ਰਿਹਾ ਸੀ। ਗੋਰਖੀ ਹਰੇਕ ਪੱਤਰ ਨੂੰ ਪੜ੍ਹਦਾ ਭਾਵੁਕ ਹੋਈ ਜਾਂਦਾ ਤੇ ਨਾਲ ਹੀ ਕਹਿੰਦਾ, 'ਮੰਡ ਲੈ ਆ ਕਿਤੇ ਚੰਡੀਗੜ੍ਹ ਨੂੰ।'

ਮੈਂ ਅਵਤਾਰ ਦੇ ਮੂੰਹ ਵਲ ਦੇਖਿਆ। ਉਹ ਕਹਿਣ ਲੱਗਾ, 'ਭਾਅ ਜੀ ਉਹ ਤਾਂ ਬਾਹਲੀ ਕਹਿੰਦੀ ਇਹਨੂੰ ਅਖੇ 'ਲੈ ਚਲ ਜਿਥੇ ਲਿਜਾਉਣਾ। ਪਰ ਇਹਦੇ ਤਿਲਾਂ ਚ ਤੇਲ ਹੈਨੀ।' ਨਾਲ ਹੀ ਅਵਤਾਰ ਉੱਚੀ-ਉੱਚੀ ਹੱਸ ਪਿਆ। 'ਭਾਅ ਜੀ ਮੇਰਾ ਬਾਪ ਮੰਨਿਆ ਪ੍ਰਮੰਨਿਆ ਅਧਿਆਪਕ, ਸਾਰੇ ਇਲਾਕੇ ਚ ਉਹਦੀ ਬੱਲੇ-ਬੱਲੇ। ਮੈਂ ਕਾਹਤੇ ਆਹ ਪੰਗਾ ਲੈਣਾ।'

ਗੋਰਖੀ ਉਹਨਾਂ ਪੱਤਰਾਂ ਵਿਚੋਂ ਇਕ ਪੱਤਰ 'ਅੱਤ ਗੁਸੀਲਾ ਗ਼ਿਲਾ' ਪੜ੍ਹ ਕੇ ਮੈਨੂੰ ਛੇੜਨ ਲੱਗਾ ਪਿਆ।

ਪਿਛਲੇ ਸਮੇਂ ਅਚਨਚੇਤ ਮੈਨੂੰ ਗੋਰਖੀ ਦਾ ਫ਼ੋਨ ਆਇਆ, ਕਹਿਣ ਲੱਗਾ, 'ਕੁੰਭ' ਪਰਚੇ ਦੇ ਦੋ ਤਿੰਨ ਇਸ਼ੂ ਨਿਕਲ ਗਏ ਨੇ ਨਵੇਂ ਲਈ ਤੂੰ ਕੋਈ ਕਹਾਣੀ ਭੇਜ।'

"ਭਾਜੀ ਪਰਚਾ ਤ੍ਰੈਮਾਸੀ ਨਿਕਲੂ ਕਿ 'ਕੁੰਭ' ਮੇਲੇ ਵਾਂਗ ਬਾਰੀਂ ਸਾਲੀਂ। ਗੋਰਖੀ ਨਾਲੇ ਉੱਚੀ-ਉੱਚੀ ਹੱਸ ਪਿਆ ਤੇ ਨਾਲ ਹੀ ਕਹਿਣ ਲੱਗਾ, 'ਯਤਨ ਤਾਂ ਕਰਾਂਗੇ ਅੱਗੇ ... ਦੇਖੋ।' ਸਚਮੁੱਚ ਉਸ ਫੋਨ ਤੋਂ ਬਾਅਦ ਪਰਚਾ ਨਹੀਂ ਛਪਿਆ ਤੇ ਨਾਂ ਹੀ ਗੋਰਖੀ ਦਾ ਫ਼ੋਨ ਆਇਆ ਹੁਣ ਤਾਂ 'ਕੁੰਭ' ਬਾਰੀਂ ਸਾਲੀਂ, ਚੌਵੀ ਸਾਲੀਂ, ਛੱਤੀ ਸਾਲੀਂ ਵੀ ਅਤੇ ਵਸਮੇਂ ਵਾਲੇ ਗੋਰਖੀ ਦੀ ਚਿੱਟੀ ਦਾਹੜੀ ਮੇਰੇ ਦੇਖਣ ਲਈ ਸਦਾ ਹੀ ਗ਼ੈਰ-ਹਾਜ਼ਰ ਰਹੇਗੀ। (**ਸੰਪਰਕ-99145-65255**)

# ਪੁਲਸਰਾਤ ਦਾ ਸਫ਼ਰ (ਪ੍ਰਸੰਗ ਪ੍ਰੇਮ ਗੋਰਖੀ)/- ਸੁਰਿੰਦਰ ਸੋਹਲ

ਕੁਰਸੀ 'ਤੇ ਬੈਠਾ ਮੈਂ ਸੋਚ ਰਿਹਾ ਸਾਂ ਕਿ ਦੀਸ਼ੋ ਦੀ ਗੱਲ ਸੁਣ ਕੇ ਮੈਨੂੰ ਹਸਣਾ ਚਾਹੀਦਾ ਹੈ ਜਾਂ ਗੰਭੀਰ ਹੋਣਾਂ।

ਠੰਢ ਉਤਰ ਆਈ। ਸੂਰਜ ਡੁੱਬ ਗਿਆ ਸੀ, ਜਦ ਆਖ਼ਰੀ ਬਸ ਆਈ। ਬਸ ਵੱਲ ਦੇਖ ਕੇ ਸਾਡੀ ਜਾਨ ਵਿਚ ਜਾਨ ਆਈ। ਕਿਸੇ ਤਰਾਂ ਜਲੰਧਰ ਪਹੁੰਚ ਜਾਈਏ, ਫਿਰ ਕੋਈ ਚਿੰਤਾ ਨਹੀਂ ਸੀ। ਉਥੋਂ ਪਿੰਡ ਤਕ ਜਾਣ ਦਾ ਸੌ ਸਬਬ ਬਣ ਸਕਦਾ ਸੀ। ਬਸ ਰੁਕੀ। ਉਡੀਕ ਦੀਆਂ ਮਾਰੀਆਂ ਸਵਾਰੀਆਂ ਗੁਥਮ ਗੁੱਥਾ ਹੁੰਦੀਆਂ ਬਸ ਵਿਚ ਵੜ ਗਈਆਂ।

ਮੈਂ, ਪ੍ਰੇਮ ਗੋਰਖੀ, ਦੇਵਿੰਦਰ ਮੰਡ ਅਤੇ ਦੇਸ ਰਾਜ ਕਾਲੀ ਤਲਵਾੜਿਓਂ ਆ ਰਹੇ ਸਾਂ। ਗੁਰਮੀਤ ਹੇਅਰ ਨੇ ਗੋਰਖੀ ਨੂੰ ਗਿਆਰਾਂ ਸੌ ਦੀ ਥੈਲੀ ਭੇਂਟ ਕਰਨ ਲਈ ਸਮਾਗਮ ਕੀਤਾ ਸੀ। ਗੋਰਖੀ ਨੇ ਸਾਨੂੰ ਵੀ ਸੱਦ ਲਿਆ ਕਿ ਨਾਲੇ ਫੰਕਸ਼ਨ ਦੇਖ ਲੈਣਾ ਨਾਲੇ ਤਲਵਾੜੇ ਦੀਆਂ ਮਧਰੀਆਂ ਮਧਰੀਆਂ ਪਹਾੜੀਆਂ ਦੀ ਸੈਰ ਕਰ ਲਵਾਂਗੇ। ਡੈਮ ਤੋਂ ਦਰਿਆ ਦਾ ਨਜ਼ਾਰਾ ਦੇਖਿਆਂ ਹੀ ਬਣਦਾ ਸੀ।



**ਪ੍ਰੇਮ ਗੋਰਖੀ** (15-6-1947 ਤੋਂ 25-4-2021)

ਮੰਡ ਦਾ ਜੀਜਾ ਜੋਗਿੰਦਰ ਵੀ ਤਲਵਾੜੇ ਡੈਮ ਤੇ ਹੀ ਨੌਕਰੀ ਕਰਦਾ ਸੀ। ਉਹ ਅਕਸਰ ਸਾਨੂੰ ਆਖਦਾ ਹੁੰਦਾ," ਤਲਵਾੜੇ ਆਇਓ ਕਿਤੇ। ਕਦੇ ਕਦੇ ਤਾਜ਼ੀ ਹਵਾ ਵੀ ਖਾ ਲਿਆ ਕਰੋ। ਘਰ ਬੈਠੇ ਏਧਰੋਂ ਲੈਦਰ ਕੰਪਲੈਕਸ ਦੇ ਚਮੜੇ ਦੇ ਮੁਸ਼ਕ ਨਾਲ ਤੇ ਓਧਰੋਂ ਹਮੀਰੇ ਦੀ ਮਿਲ੍ਹ ਦੀ ਲਾਹਣ ਦੇ ਮੁਸ਼ਕ ਨਾਲ ਬੀਮਾਰ ਹੋਈ ਜਾਨੇ ਓਂ।"

ਤਲਵਾੜੇ ਜਾਣ ਦੇ ਕਈ ਬਹਾਨੇ ਬਣ ਗਏ ਸਨ। ਦੋ ਦਿਨ ਰਹਿ ਕੇ ਜਦੋਂ ਸ਼ਾਮ ਨੂੰ ਵਾਪਸ ਮੁੜਨ ਲੱਗੇ ਤਾਂ ਜੋਗਿੰਦਰ ਜੀਜੇ ਨੇ ਬੜਾ ਜ਼ੋਰ ਲਾਇਆ,'ਸਵੇਰ ਨੂੰ ਪਹਿਲੀ ਬਸੇ ਨਿਕਲ ਜਾਇਓ। ਭਲਾ ਆ ਵੇਲਾ ਹੁਣ ਜਾਣ ਦਾ। ਦਸੂਹੇ ਜਾਂਦੇ ਜਾਂਦੇ ਨ੍ਹੇਰਾ ਹੋ ਜਾਣਾਂ। ਆਖਰੀ ਬਸ ਵੀ ਨਿਕਲ ਗਈ ਤਾਂ ਕਿਹਦੀ ਮਾਂ ਨੂੰ ਮਾਸੀ ਕਹੋਗੇ। ਉਤੋਂ ਸਿਆਲੂ ਦਿਨ ਤੇ ਨਾਲੇ ਜਮਾਨਾ ਕਿਹੜਾ....ਵਕਤ ਤਾਂ ਵਿਚਾਰੋ...?"

ਪਰ ਸਾਡੀ ਹੂੜ ਮਤ। ਅਸੀਂ ਨਾ ਮੰਨੇ।

ਦਸੂਹੇ ਪਹੁੰਚਦਿਆਂ ਨੂੰ ਹੀ ਦਿਨ ਡੁੱਬਣ ਡੁੱਬਣ ਕਰ ਲੱਗ ਪਿਆ ਸੀ। ਬਸ ਆਈ ਤੇ ਬਿਨਾ ਰੁਕੇ ਹੀ ਚਲੀ ਗਈ। ਬਾਕੀ ਸਵਾਰੀਆਂ ਦੇ ਨਾਲ ਅਸੀਂ ਵੀ ਨਿੰਮੋਝਾਣ ਹੋ ਗਏ। ਕਦੀ ਦੂਰ ਤਕ ਸੁੰਨੀ ਨਜ਼ਰ ਆਉਂਦੀ ਸੜਕ 'ਤੇ ਨਿਗਾਹ ਟਿਕਾਉਂਦੇ, ਕਦੇ ਘਸਮੈਲੇ ਹੁੰਦੇ ਜਾ ਰਹੇ ਵਾਤਾਵਰਨ ਵਲ ਉਦਾਸ ਜਿਹਾ

ਝਾਕਦੇ।

ਸੂਰਜ ਡੁੱਬ ਗਿਆ ਸੀ, ਜਦ ਆਖ਼ਰੀ ਬਸ ਆਈ। ਸਭ ਦੇ ਚਿਹਰੇ ’ਤੇ ਉਤਸ਼ਾਹ ਝਲਕਿਆ। ਟਿਕਟ ਲੈਣ ਵੇਲੇ ਹੀ ਪਤਾ ਲੱਗਾ ਕਿ ਬਸ ਜਲੰਧਰ ਤਕ ਨਹੀਂ ਸੀ ਜਾਣੀ। ਆਖ਼ਰੀ ਸਟਾਪਜ਼ ਟਾਂਡਾ ਉੜਮੁੜ ਸੀ। ਹੁਣ ਸਾਡੀ ਹਾਲਤ ਉਸ ਮਲਾਹ ਵਰਗੀ ਸੀ, ਦਰਿਆ ਦੇ ਅੱਧ ਵਿਚਕਾਰ ਜਾ ਕੇ ਜਿਸ ਦੇ ਹੱਥੋਂ ਚੱਪੂ ਪਾਣੀ ਵਿਚ ਜਾ ਪਵੇ ਤੇ ਉੱਤੋਂ ਤੂਫ਼ਾਨ ਦੇ ਆਸਾਰ ਵੀ ਬਣਦੇ ਨਜ਼ਰ ਆ ਰਹੇ ਹੋਣ।

ਗੋਰਖੀ ਨੇ ਸਾਡੀ ਹਾਲਤ ਸਮਝਦੇ ਹੋਏ ਹੌਸਲਾ ਦਿੱਤਾ, “ਕੋਈ ਗੱਲ ਨਈਂ ਟਾਂਡਿਓਂ ਆਪਾਂ ਰੇਲ ਗੱਡੀ ਫੜ ਲਵਾਂਗੇ।”

ਰਤਾ ਦਿਲ ਨੂੰ ਢਾਰਸ ਬੱਝੀ। ਟਾਂਡੇ ਤਕ ਜਾਂਦੇ ਜਾਂਦੇ ਅੱਠ ਵੱਜ ਗਏ। ਹਨ੍ਹੇਰਾ ਬਹੁਤ ਸੰਘਣਾ ਸੀ ਤੇ ਡਰਾਉਣ ਵੀ ਲੱਗ ਪਿਆ ਸੀ। ਕੋਈ ਕੋਈ ਸਿਪਾਹੀ ਨਜ਼ਰ ਪੈ ਰਿਹਾ ਸੀ। ਸਵਾਰੀਆਂ ਆਪੋ ਆਪਣੇ ਰਾਹ ਪੈ ਗਈਆਂ। ਅਸੀਂ ਰੇਲਵੇ ਸਟੇਸ਼ਨ ਵੱਲ ਨੂੰ ਤੁਰ ਪਏ। ਬਾਜ਼ਾਰਾਂ ਵਿਚ ਸ਼ਮਸ਼ਾਨ ਵਰਗੀ ਚੁੱਪ ਸੀ। ਢਾਬਿਆਂ ਦੇ ਤੰਦੂਰ ਸਾਡੇ ਜਿਸਮਾਂ ਵਾਂਗ ਠਰੇ ਹੋਏ ਧੁਆਂਖੇ ਪਏ ਸਨ। ਸਟੇਸ਼ਨ ’ਤੇ ਸਾਡੇ ਤੋਂ ਇਲਾਵਾ ਇਕ ਅੱਧੀ ਸਵਾਰੀ ਹੋਰ ਸੀ।

ਟਿਕਟਾਂ ਲੈ ਕੇ ਅਸੀਂ ਪਲੇਟ ਫਾਰਮ ’ਤੇ ਬਹਿ ਗਏ। ਵਕਤ ਬੀਤਦਾ ਹੀ ਨਹੀਂ ਸੀ। ਅਸੀਂ ਸਾਹਿਤਕ ਸਮਾਗਮ ਦੀਆਂ ਗੱਲਾਂ ਛੇੜਦੇ, ਕਦੇ ਕਹਾਣੀਆਂ ਦੀਆਂ। ਗੋਰਖੀ ਸਮਾਗਮ ਵੇਲੇ ਸੁਣਾਈਆਂ ਮੇਰੀਆਂ ਗ਼ਜ਼ਲਾਂ ਦੀ ਬਹੁਤ ਤਾਰੀਫ਼ ਕਰ ਰਿਹਾ ਸੀ। ਪਰ ਮੈਨੂੰ ਜਾਪ ਰਿਹਾ ਸੀ ਕਿ ਉਸ ਦਾ ਮਕਸਦ ਮੇਰੀਆਂ ਗ਼ਜ਼ਲਾਂ ਦੀ ਤਾਰੀਫ਼ ਕਰਨਾ ਨਹੀਂ ਸੀ, ਸਗੋਂ ਮੇਰੇ ਉਤਰੇ ਹੋਏ ਚਿਹਰੇ ’ਤੇ ਹੌਸਲੇ ਦੀ ਝਲਕ ਲਿਆਉਣਾ ਸੀ। ਮੇਰੀ ਚਿੰਤਾ ਦਾ ਕਾਰਨ ਸਪੱਸ਼ਟ ਸੀ। ਘਰ ਅੱਜ ਦੇ ਦਿਨ ਆਉਣ ਦਾ ਕਹਿ ਕੇ ਆਏ ਸਾਂ। ਹਾਲਾਤ ਇਹੋ ਜਿਹੇ ਸਨ ਕਿ ਨਾ ਚਾਹੁੰਦੇ ਹੋਏ ਵੀ ਮਾੜੇ ਮਾੜੇ ਖ਼ਿਆਲ ਆਉਣ ਲੱਗ ਪੈਂਦੇ ਸਨ।

ਗੱਡੀ ਦੀ ਚੀਕ ਨੇ ਸਾਡੀਆਂ ਗੱਲਾਂ ਹਨ੍ਹੇਰੇ ਵਿਚ ਖਿਲਾਰ ਦਿੱਤੀਆਂ। ਗੱਡੀ ਰੁਕੀ। ਅਸੀਂ ਬੜੇ ਉਤਸ਼ਾਹ ਨਾਲ ਬਾਰੀਆਂ ਕੋਲ ਗਏ। ਪਰ ਮੁਸਾਫ਼ਰਾਂ ਨੇ ਅੰਦਰੋਂ ਕੁੰਡੀਆਂ ਲਾਈਆਂ ਹੋਈਆਂ ਸਨ। ਜ਼ੋਰ ਜ਼ੋਰ ਨਾਲ ਬਾਰੀਆਂ ਭੰਨ੍ਹਣ ਦੇ ਬਾਵਜੂਦ ਕਿਸੇ ਨੇ ਕੁੰਡੀ ਨਾ ਖੋਲ੍ਹੀ। ਗੱਡੀ ਜਿਵੇਂ ਪਿਛਿਓਂ ਆਈ ਸੀ, ਪਿਛਲੇ ਡੱਬੇ ਚੋਂ ਦੋ ਕੁ ਸੁਆਰੀਆਂ ਉਤਾਰ ਕੇ, ਸੁੱਚੇ ਮੂੰਹ ਹੀ ਤੁਰ ਗਈ.

ਅਸੀਂ ਖਿਝੇ ਹੋਏ ਸਿਰਫ ਮੁਠੀਆਂ ਮੀਚ ਹੀ ਮੀਚ ਸਕੇ। ਕਾਲੀ ਬੋਲਿਆ,“ਗੋਰਖੀ ਭਾਜੀ, ਰੇਲ ਮਹਿਕਮੇ ਦੀ ਖਬਰ ਛਾਪੋ ਅਖਬਾਰ ਆਪਣੀ ’ਚ। ਸਵਾਹ ਇਹਨਾਂ ਦਾ ਕੰਟਰੋਲ ਐ।” ਗੋਰਖੀ ਬੁੱਲ੍ਹ ਚਿੱਥਦਾ ਜਾਂਦੀ ਗੱਡੀ ਨੂੰ ਦੇਖਦਾ ਰਿਹਾ।

ਹਨ੍ਹੇਰਾ ਹੋਰ ਗੂੜ੍ਹਾ ਹੋ ਰਿਹਾ ਸੀ। ਮੰਡ ਨੇ ਆਸ ਦਾ ਇਕ ਹੋਰ ਦੀਵਾ ਬਾਲਿਆ,“ਐਥੋਂ ਮੀਲ ਕੁ ਡੇਢ ਮੀਲ ਚਾਚੇ ਦੀ ਕੁੜੀ ਐ। ਤਲਵਾੜੇ ਆਲੀ ਨਾਲੋਂ ਛੋਟੀ। ਓਥੇ ਚਲਦੇ ਆਂ।”

ਉਹ ਮੂਹਰੇ ਮੂਹਰੇ ਹੋ ਗਿਆ, ਅਸੀਂ ਪਿਛੇ ਪਿਛੇ। ਸੜਕ ਟੱਪ ਕੇ ਉਹ ਇਕ ਉਜਾੜ ਜਿਹੀ ਸੜਕੇ ਪੈ ਤੁਰਿਆ। ਆਲੇ ਦੁਆਲੇ ਝੱਲ ਸਨ। ਉਤੋਂ ਕਹਿਰ ਦੀ ਠੰਢ ਤੇ ਤਲਖ ਮਾਹੌਲ। ਸਾਡੀ ਪੈੜਚਾਲ ਸੁਣ ਕੇ ਦਰਖਤਾਂ ਦੇ ਪਰਿੰਦੇ ਪਰ ਫੜ ਫੜਾਉਂਦੇ ਤਾਂ ਸਾਡੀ ਗੱਲਬਾਤ ਚੁੱਪ ਵਟ ਜਾਂਦੀ।

ਹਲਕੀ ਹਲਕੀ ਧੁੰਦ ਪੈਣੀ ਸ਼ੁਰੂ ਹੋ ਗਈ।

ਗੋਰਖੀ ਆਖਦਾ,“ ਜੇ ਪੁਲਿਸ ਦੀ ਗੱਡੀ ਆਵੇ ਤਾਂ ਡਰਿਓ ਨਾ। ਮੈਂ ਆਪੇ ਪ੍ਰੈਸ ਦਾ ਕਾਰਡ ਦਿਖਾ ਕੇ ਗੱਲਬਾਤ ਕਰ ਲਊਂ।”

‘ਤੇ ਜੇ ਭਾਊ ਟੱਕਰ ਗਏ?’ ਮੈਂ ਮਨ ਹੀ ਮਨ ਵਿਚ ਸੋਚ ਕੇ ਆਪਣੀ ਰੇਸ਼ਮੀਂ ਦਾਹੜੀ ਨੂੰ ਪਲੋਸਿਆ।

ਦੂਰੋਂ ਨਿਸ਼ਾਨ ਸਾਹਿਬ ਦਾ ਬਲਬ ਧੁੰਦ ਵਿਚ ਨਿੰਮੇ ਜਿਹੇ ਚਰਾਗ਼ ਵਾਂਗ ਜਗ ਰਿਹਾ ਸੀ।

“ਆਹੀ ਪਿੰਡ ਆ..’ ਮੰਡ ਦੇ ਕਦਮ ਕੁਝ ਤੇਜ਼ ਹੋ ਗਏ। ਕਾਲੀ ਵੀ ਛੋਹਲੇ ਪੈਰ ਪੁੱਟਣ ਲੱਗ ਪਿਆ। ਮੈਂ ਕੁੱਤਿਆਂ ਤੋਂ ਡਰਦਾ ਇਹਨਾਂ ਦੇ ਵਿਚਕਾਰ ਹੁੰਦਾ ਜਾ ਰਿਹਾ ਸਾਂ। ਸ਼ੁਕਰ ਸੀ ਕਿ ਸਿਆਲ ਸੀ




**ਪ੍ਰੇਮ ਗੋਰਖੀ ਸਾਹਿਤ ਸਭਾ ਮੁਹਾਲੀ ਦੇ ਸਮਾਗਮ ਵਿਚ ਭਾਸ਼ਣ ਦਿੰਦੇ ਹੋਏ**

ਤੇ ਕੁੱਤੇ ਪਰਾਲੀ ਦੇ ਘੁਰਨਿਆ ਵਿਚ ਬੈਠੇ ਹੋਣਗੇ।

ਮੇਰੀ ਹਾਲਤ ਸਮਝ ਕੇ ਗੋਰਖੀ ਬੋਲਿਆ," ਚਿੰਤਾ ਨਾ ਕਰ। ਮੇਰੇ ਕੋਲ ਰਹਿ। ਕੁੱਤਾ ਤੈਨੂੰ ਵੱਢਣ ਲੱਗੂ ਤਾਂ ਮੈਂ ਲੱਤ ਮੋਹਰੇ ਕਰ ਦਊਂ। ਪਤਾ, ਮੇਰੇ ਮੱਖੀ ਮੱਛਰ ਦੰਦੀ ਵੱਢੇ ਤਾਂ ਨਾਲ ਹੀ ਮਰ ਜਾਂਦੈ। ਪਤਾ ਨਹੀਂ ਮੇਰੇ ਖੂਨ ਵਿਚ ਕੀ ਐ। ਇਕ ਵਾਰ ਚੰਡੀਗੜ੍ਹ ਸਾਡੇ ਗਵਾਂਢੀਆਂ ਦੇ ਕੁੱਤੇ ਨੇ ਖੇਲ੍ਹਦੇ ਖੇਲ੍ਹਦੇ ਨੇ ਮੇਰੇ ਦੰਦੀ ਵੱਢ ਦਿਤੀ। ਘਰ ਦੇ ਕਹਿਣ ਲੱਗੇ,'ਗੋਰਖੀ ਸਾਬ! ਅਸੀਂ ਕੁੱਤੇ ਦੇ ਇਨਫੈਕਸ਼ਨ ਦੇ ਟੀਕੇ ਨਹੀਂ ਲਗਵਾਏ। ਖਿਆਲ ਰੱਖਣਾਂ ਆਪਣਾ।' ਮੈਂ ਕਿਹਾ,' ਮੇਰਾ ਕੋਈ ਨਹੀਂ ਤੁਸੀਂ ਕੁੱਤੇ ਦਾ ਖਿਆਲ ਰੱਖਣਾਂ।' ਤੇ ਤੀਜੇ ਦਿਨ ਕੁੱਤਾ ਮਰ ਗਿਆ।"

ਮੈਂ ਗੋਰਖੀ ਤੋਂ ਵੀ ਪਰ੍ਹਾਂ ਹੋ ਕੇ ਤੁਰਨ ਲੱਗ ਪਿਆ।

"ਆਹੀ ਘਰ ਐ.." ਮੰਡ ਨੇ ਹਨੇਰੇ ਵਿਚ ਅੱਖਾਂ ਪਾੜ ਦੇ ਨੇ ਕਿਹਾ," ਵਿਆਹ ਵੇਲੇ ਇਕ ਆਰੀ ਮੈਂ ਆਇਆ ਸੀ।"

ਉਸ ਨੇ ਦਰਵਾਜ਼ੇ 'ਤੇ ਹਲਕੀ ਜਿਹੀ ਦਸਤਕ ਦਿੱਤੀ। ਦੂਰ ਕਿਤੇ ਕੁੱਤਾ ਭੌਂਕਿਆ। ਉਸ ਨੇ ਕੁੰਡੇ ਦੀ ਸੰਗਲੀ ਫੜ ਕੇ ਖੜਕਾਈ। ਕਾਲੀ ਨੇ ਦਰਵਾਜ਼ੇ ਵਿਚ ਠੁੱਡ ਮਾਰਿਆ। ਵਿਹੜੇ ਤੋਂ ਪਾਰ ਬਣੇ ਕਮਰੇ ਵਿਚ ਪਹਿਲਾਂ ਬੱਤੀ ਜਗੀ। ਫਿਰ ਕਮਰੇ ਦਾ ਦਰਵਾਜ਼ਾ ਖੁੱਲ੍ਹਿਆ। ਕੋਈ ਬਾਹਰ ਦੇ ਦਰਵਾਜ਼ੇ ਕੋਲ ਆ ਕੇ ਬੋਲਿਆ," ਕੌਣ?"

"ਮੈਂ ਆਂ ਕਾਕਾ" ਮੰਡ ਨੇ ਕਾਹਲੀ ਨਾਲ ਕਿਹਾ। ਉਸ ਦੀ ਆਵਾਜ਼ ਕੰਬ ਰਹੀ ਸੀ। ਪਤਾ ਨਹੀਂ ਪਾਲੇ ਨਾਲ ਜਾਂ ਦਰਵਾਜ਼ਾ ਖੁੱਲ੍ਹਣ ਨਾ ਖੁੱਲ੍ਹਣ ਦੀ ਦੁਬਿਧਾ ਨਾਲ।

"ਕਿਹੜਾ ਕਾਕਾ?" ਅੰਦਰੋਂ ਘਬਰਾਈ ਹੋਈ ਆਵਾਜ਼ ਆਈ।

"ਮੰਡਾਂ ਆਲਾ। ਮਾਹਟਰ ਦਾ ਮੁੰਡਾ।"

"ਕਿਹੜਾ ਮਾਹਟਰ?"

"ਸ਼ੰਕਰ ਦਾਸ...। ਦੀਸ਼ੋ ਘਰ ਆ।"

"ਉਹ ਹੈਨੀ। ਵਿਆਹ ਗਏ ਆ।"



"ਪਰ ਭਾਅ ਦਰਵਾਜ਼ਾ ਤਾਂ ਖੋਲ੍ਹ।" ਗੋਰਖੀ ਨੇ ਬੜੇ ਹੀ ਠਰੰਮੇ ਨਾਲ ਕਿਹਾ।

ਉਹ ਬੂਹਾ ਖੋਲ੍ਹ ਕੇ ਦਰ ਮਲ ਕੇ ਖੜ੍ਹ ਗਿਆ। ਬਾਹਰ ਚਾਰ ਜਣੇ ਦੇਖ ਕੇ ਇਕ ਵਾਰ ਤਾਂ ਉਹ ਚੁੱਪ ਹੀ ਰਹਿ ਗਿਆ। ਮੈਂ ਉਸ ਦੀਆਂ ਲੱਤਾਂ ਵਿਚ ਦੀ ਲੰਘ ਕੇ ਠੰਢੇ ਠੰਢੇ ਲਿੱਪੇ ਪੋਚੇ ਵਿਹੜੇ ਵਿਚ ਬੈਠ ਗਿਆ। ਹਾਰ ਕੇ ਉਸ ਨੂੰ ਬੂਹਾ ਛੱਡਣਾ ਪਿਆ। ਸਾਡੇ ਅੰਦਰ ਵੜਦੇ ਹੀ ਇਕ ਦਮ ਦਰਵਾਜ਼ਾ ਬੰਦ ਕਰਦਾ ਉਹ ਛਟਪਟਾ ਕੇ ਰਹਿ ਗਿਆ," ਭਾਜੀ ਦੀਸ਼ੋ ਹੋਣੀ ਘਰ ਨਈਂ ਐਂ..।"

ਮੈਂ ਹੰਭੀ ਹੋਈ ਆਵਾਜ਼ ਵਿਚ ਕਿਹਾ," ਬਸ ਭਾਅ ਰਾਤ ਕੱਟਣੀ ਆਂ।"

"ਪਰ ਉਹਨਾਂ ਦੇ ਅੰਦਰ ਨੂੰ ਤਾਂ ਜਿੰਦਾ ਲੱਗਾ ਹੋਇਆ," ਉਸ ਨੇ ਬੇਬਸੀ ਪਰਗਟਾਈ। ਮੈਂ ਦੇਖਿਆ ਸਾਹਮਣੇ ਵਾਲੇ ਕਮਰੇ ਦੇ ਖੁਲ੍ਹੇ ਦਰਵਾਜ਼ੇ ਥਾਣੀਂ ਨਿਆਣੇ ਰਜਾਈਆਂ ਵਿਚ ਲੰਮੇ ਪਏ ਰਜਾਈਆਂ ਦੇ ਮਘੋਰੇ ਬਣਾ ਕੇ ਬਾਹਰ ਦੇਖ ਰਹੇ ਸਨ, ਜਿਵੇਂ ਪਿੰਡਾਂ ਵਿਚ ਤਮਾਸ਼ਾ ਦਿਖਾਉਣ ਵਾਲੇ ਮਘੋਰੇ ਥਾਣੀਂ ਦਿਖਾਉਂਦੇ ਹਨ-ਦਿਲੀ ਕੀ ਕੁਤਬ ਮੀਨਾਰ....ਆਗਰੇ ਕਾ ਤਾਜ ਮਹੱਲ...।

"ਕੋਈ ਨਈਂ ਜਿੰਦਾ ਭੰਨ ਲੈ ਨੇ ਆਂ," ਗੋਰਖੀ ਨੇ ਕੰਧ ਤੋਂ ਇੱਟ ਚੁੱਕੀ ਤੇ ਜਿੰਦੇ ਦੁਆਲੇ ਹੋ ਗਿਆ। ਸੁੰਨੀ ਰਾਤ ਵਿਚ ਠੱਕ ਠੱਕ ਦੀ ਆਵਾਜ਼ ਕੰਧਾਂ ਨਾਲ ਟਕਰਾ ਕੇ ਵਾਪਸ ਆ ਰਹੀ ਸੀ। ਨਾਲ ਹੀ ਦਿਲ ਨੂੰ ਝੁਣਝਣੀ ਛਿੜਦੀ ਸੀ। ਜਿੰਦਾ ਭੱਜਣ ਦੀ ਥਾਂ ਖੱਦੀ ਤਖਤੇ ਵਿਚੋਂ ਕੁੰਡਾ ਉਖੜ ਗਿਆ।

ਉਸ ਬੰਦੇ ਦੀ ਪੇਸ਼ ਨਹੀਂ ਸੀ ਜਾ ਰਹੀ। ਅਸੀਂ ਬੱਤੀ ਜਗਾਈ। ਬਿਸਤਰੇ ਠੀਕ ਕੀਤੇ ਤੇ ਰਜਾਈਆਂ ਵਿਚ ਵੜ ਗਏ।

"ਰੋਟੀ.." ਉਸ ਨੇ ਪਤਲੀਆਂ ਬਾਹਾਂ ਸੰਗੋੜਦੇ ਹੋਏ ਕੱਛਾਂ ਵਿਚ ਹੱਥ ਦੇ ਕੇ ਪੁਛਿਆ।

" ਨਈਂ ਭਾਅ ਅਸੀਂ ਤਲਵਾੜਿਓਂ ਖਾ ਕੇ ਆਏ ਸੀ," ਮੰਡ ਨੇ ਕਿਹਾ,"ਬਸ ਟਾਂਡੇ ਤਕ ਈ ਲੱਭੀ। ਗੱਡੀ ਦੀਆਂ ਤਾਕੀਆਂ ਨਈਂ ਖੋਲ੍ਹੀਆਂ ਕਿਸੇ ਨੇ। ਹੁਣ ਕੁਝ ਨਈਂ ਖਾਣਾ ਪੀਣਾਂ। ਤੁਸੀਂ ਸੌਂਵੋਂ ਹੁਣ ਆਰਾਮ ਨਾਲ।"

"ਇਹ ਕਿੱਦਾਂ ਹੋ ਸਕਦਾ। ਰੋਟੀ ਤਾਂ ਖਾਣੀਂ ਪਊ," ਉਹ ਗੋਰਖੀ ਦੇ ਸੂਟ ਕੇਸ ਵੱਲ ਸ਼ੱਕੀ ਨਜ਼ਰਾਂ ਨਾਲ ਦੇਖਦਾ ਬੋਲਿਆ। ਪਰ ਸਾਡੇ ਨਾਂਹ ਨਾਂਹ ਕਰਦੇ ਵੀ ਦੂਜੇ ਕਮਰੇ ਵਿਚ ਸਟੋਵ ਦੀ 'ਛੂੰ ਛੂੰ' ਹੋਣ ਲੱਗ ਪਈ।

ਬਾਹਰ ਸਾਈਕਲ ਖੜਕਿਆ। ਬਾਹਰ ਦਾ ਦਰਵਾਜ਼ਾ ਖੁਲ੍ਹਿਆ ਤੇ ਫਿਰ ਬੰਦ ਹੋ ਗਿਆ। ਅਸੀਂ ਗੱਲਾਂ ਵਿਚ ਰੁਝ ਗਏ। ਥੋੜ੍ਹੀ ਦੇਰ ਬਾਦ ਬਾਹਰ ਦਾ ਦਰਵਾਜ਼ਾ ਖੁਲ੍ਹਿਆ ਤੇ ਬੰਦ ਹੋਇਆ। ਸਾਈਕਲ ਕੰਧ ਨਾਲ ਲੱਗਣ ਦੀ ਆਵਾਜ਼ ਆਈ।

ਰੋਟੀ ਤੋਂ ਮਗਰੋਂ ਚਾਹ ਵੀ ਮੱਲੋ ਮੱਲੀ ਪੀਣੀ ਪਈ। ਸੌਂਦੇ ਕਰਦਿਆਂ ਨੂੰ ਬਾਰਾਂ ਵੱਜ ਗਏ।

***

ਗੋਲੀ ਚੱਲਣ ਦੀ ਆਵਾਜ਼ ਨਾਲ ਮੇਰੀ ਅੱਖ ਖੁੱਲ੍ਹ ਗਈ। ਮੈਂ ਭੁਲੇਖਾ ਹੀ ਸਮਝਿਆ। ਆਵਾਜ਼ ਫਿਰ ਆਈ। ਮੈਂ ਰਜਾਈ ਵਿਚ ਹੀ ਦੇਖਿਆ। ਢਾਈ ਵਜੇ ਸਨ। ਪਰ ਕਾਲੀ, ਮੰਡ ਤੇ ਗੋਰਖੀ ਤਾਂ ਘੂਕ ਸੁਤੇ ਪਏ ਸਨ।

ਫਿਰ ਗੋਲੀਆਂ ਲਗਾਤਾਰ ਚੱਲੀਆਂ। ਮੈਂ ਪਾਸਾ ਪਰਤਿਆ। ਗੋਰਖੀ ਨੇ ਘੰਗੂਰਾ ਮਾਰਿਆ। ਕਾਲੀ ਦੀ ਸਹਿਮੀ ਹੋਈ ਆਵਾਜ਼ ਆਈ," ਗੋਲੀ ਲਗਦੀ ਐ।"

"ਚਿਰਾਂ ਦੀ ਚਲਦੀ ਐ," ਮੰਡ ਉੱਠ ਬੈਠਾ।



**ਕਿਸੇ ਸਮਾਗਮ ਵਿਚ ਪ੍ਰੇਮ ਗੋਰਖੀ ਨਾਲ ਦੀਪਕ ਮਨਮੋਹਨ ਸਿੰਘ, ਸਤੀਸ਼ ਗੁਲਾਟੀ, ਮੋਹਨ ਗਿੱਲ, ਕਮਲ ਦੁਸਾਂਝ, ਮੁਖਤਿਆਰ ਸਿੰਘ, ਜਰਨੈਲ ਸੇਖਾ, ਕਿਰਪਾਲ ਕਜ਼ਾਕ, ਸੁਸ਼ੀਲ ਦੁਸਾਂਝ ਤੇ ਦਰਸ਼ਨ ਬੁੱਟਰ**

"ਤੂੰ ਵੀ ਜਾਗਦਾ ਈ ਸੀ," ਗੋਰਖੀ ਟੇਢਾ ਹੋ ਗਿਆ। ਮੈਂ ਵੀ ਮੂੰਹ ਨੰਗਾ ਕਰ ਲਿਆ।

ਬਿਨਾਂ ਬੱਤੀ ਜਗਾਏ ਅਸੀਂ ਗੋਲੀ ਚੱਲਣ ਦੀਆਂ ਕਿਆਸ ਅਰਾਈਆਂ ਲਾਉਂਦੇ ਰਹੇ। ਆਵਾਜ਼ ਤੋਂ ਲੱਗਦਾ ਸੀ ਜਿਵੇਂ ਗੋਲੀ ਘਰਾਂ ਦੇ ਬਿਲਕੁਲ ਹੀ ਕੋਲ ਚਲ ਰਹੀ ਸੀ। ਕੁਝ ਦੇਰ ਬਾਦ ਸਭ ਸ਼ਾਂਤ ਹੋ ਗਿਆ। ਅਸੀਂ ਫੇਰ ਸੌਂ ਗਏ। ਸਵੇਰੇ ਘਰ ਦਾ ਮਾਲਕ ਭੱਜਾ ਹੀ ਫਿਰਦਾ ਸੀ। ਘਾਬਰਿਆ ਘਾਬਰਿਆ। ਸਾਡੇ ਹੱਥਾਂ ਵਿਚ ਚਾਹ ਦੇ ਗਲਾਸ ਫੜਾ ਗਿਆ। ਜਦੋਂ ਅਸੀਂ ਬਾਹਰੋਂ ਘੁੰਮ ਕੇ ਆਏ ਤਾਂ ਰੋਟੀ ਤਿਆਰ ਕਰੀ ਬੈਠਾ ਸੀ। ਰਾਤ ਦੀ ਗਾਜਰਾਂ ਦੀ ਸਬਜ਼ੀ ਗਰਮਾ ਗਰਮ। ਸੂਰਜ ਧੁੰਦ ਕਾਰਨ ਨਜ਼ਰ ਨਹੀਂ ਸੀ ਆ ਰਿਹਾ। ਅਸੀਂ ਉਸ ਦਾ ਧੰਨਵਾਦ ਕਰਕੇ ਬਸ ਅੱਡੇ ਵੱਲ ਨੂੰ ਤੁਰ ਪਏ। ਕੁਝ ਦਿਨਾਂ ਬਾਦ ਮੈਂ ਮੰਡਾਂ ਨੂੰ ਦੇਵਿੰਦਰ ਮੰਡ ਦੇ ਘਰ ਗਿਆ। ਇਤਫਾਕਨ ਜਾਂਦੇ ਨੂੰ ਦੀਸ਼ੋ ਵੀ ਆਈ ਬੈਠੀ ਸੀ। ਉਹ ਭਾਵੁਕ ਹੋਈ ਮੈਨੂੰ ਗੱਲ ਨਾਲ ਲਾ ਕੇ ਬੋਲੀ," ਲੈ ਮੇਰੇ ਵੀਰ ਆਏ। ਮੇਰੀ ਮਾੜੀ ਕਿਸਮਤ ਮੈਂ ਘਰ ਈ ਹੈ ਨਾ।...ਮੈਂ ਤਾਂ ਏਨਾ ਪਛਤਾਈ...ਜਦੋਂ ਪਤਾ ਲੱਗਾ....।"

"ਚੱਲ ਕੋਈ ਨਈਂ," ਮੈਂ ਉਂਜ ਹੀ ਪੁਛਿਆ," ਹੋਰ ਭੈਣੇ ਤੇਰੇ ਜੇਠ ਦਾ ਕੀ ਹਾਲ ਐ? ਸਾਡੀ ਬੜੀ ਸੇਵਾ ਕੀਤੀ ਓਹਨੇ।"

"ਸੋਹਲ !ਉਹ ਬਚਾਰਾ।" ਦੀਸ਼ੋ ਬਹੁਤ ਗੰਭੀਰ ਹੋ ਕੇ ਬੋਲੀ," ਤੁਸੀਂ ਤਾਂ ਬੜ ਗਏ ਅੰਦਰ। ਉਹਨੂੰ ਚੈਨ ਕਿਥੇ? ਜਠਾਣੀ ਮੇਰੀ ਨੂੰ ਕਹਿਣ ਲੱਗਾ ਬਈ ਇਹ ਤਾਂ ਰਾਤਾਂ ਨੂੰ ਰੋਟੀਆਂ ਖਾਣ ਆਲੇ ਮੁੰਡੇ ਆ। ਘਰ ਦੁੱਧ ਹੈਨਾ। ਸੈਕਲ 'ਤੇ ਜਾ ਕੇ ਨਾਲ ਦੇ ਪਿੰਡੋਂ ਦੁੱਧ ਲੈ ਕੇ ਆਇਆ। ਨਾਲੇ ਤੁਰਿਆ ਫਿਰੇ ਨਾਲੇ ਕਰਦਾ ਫਿਰੇ ਪਤਾ ਨਈਂ ਅੱਜ ਕੀ ਕਰਨਾ ਇਹਨਾਂ ਜਾਂ ਅੱਜ ਸਰਪੰਚ ਹੈਨੀ ਜਾਂ ਲੰਬੜ ਹੈਨੀ। ਉਤੋਂ ਤੜਕੇ ਨੂੰ ਜਦੋਂ ਚਲੀ ਗੋਲੀ, ਕਹਿੰਦਾ-ਲੈ ਇਹਨੀਂ ਕੰਮ ਕਰਤਾ। ਹੁਣ ਪੁਲਿਸ ਆਈ ਕਿ ਆਈ। ਤੁਸੀਂ ਘਰੋਂ ਨਿਕਲੇ ਸਵੇਰ ਨੂੰ ਤੇ ਉਹ ਮੰਜੇ ਪੈ ਗਿਆ। ਚੜ੍ਹ ਗਿਆ ਤਾਪ ਡਮਾਕੇ। ਰੌਲਾ ਪਾਵੇ। ਆਖੇ,' ਮੈਂ ਨਈਂ ਗੋਲੀਆਂ ਚਲਾਈਆਂ ...ਮੈਂ ਨਈਂ ਗੋਲੀਆਂ ਚਲਾਈਆਂ ..ਮੈਨੂੰ ਨਈਂ ਪਤਾ ਮੁੰਡੇ ਕੌਣ ਸੀ...।"

ਕੁਰਸੀ ਤੇ ਬੈਠਾ ਮੈਂ ਸੋਚ ਰਿਹਾ ਸਾਂ ਕਿ ਦੀਸ਼ੋ ਦੀ ਗੱਲ ਸੁਣ ਕੇ ਮੈਨੂੰ ਹੱਸਣਾ ਚਾਹੀਦਾ ਹੈ ਜਾਂ ਗੰਭੀਰ ਹੋਣਾਂ।

(**ਸੰਪਰਕ-646-220-2586**) e-mail:surindersohal@hotmail.com

# ਨਹੀਂ ਭੁੱਲਣਾ ਗ਼ੈਰ-ਹਾਜ਼ਿਰ ਆਦਮੀ

## - ਗੁਰਮੀਤ ਕੜਿਆਲਵੀ



ਪ੍ਰੇਮ ਗੋਰਖੀ ਪੰਜਾਬੀ ਮਾਂ ਬੋਲੀ ਦਾ ਨਿਵੇਕਲੀ ਨੁਹਾਰ ਵਾਲਾ ਵੱਡਾ ਕਹਾਣੀਕਾਰ ਹੋਇਆ ਹੈ। ਜਿਸਦੀ ਮੌਤ ਨੇ ਪੰਜਾਬੀ ਸਾਹਿਤ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ। ਸਾਰੇ ਸਾਹਿਤਕ ਖੇਤਰ 'ਚ ਸੁੰਨ ਪਸਰ ਗਈ। ਗੋਰਖੀ ਜਿਵੇਂ ਸਾਰਿਆਂ ਦੀ ਰੂਹ ਹੀ ਕੱਢ ਕੇ ਲੈ ਗਿਆ ਹੋਵੇ। ਉਸਦੇ ਸਮਕਾਲੀਆਂ ਦੀਆਂ ਅੱਖਾਂ ਭਰ ਆਈਆਂ। ਸਰਹੱਦ ਪਾਰੋਂ ਲਹਿੰਦੇ ਪੰਜਾਬ 'ਚੋਂ ਵੀ ਹਾਉਂਕੇ ਕੰਡਿਆਲੀਆਂ ਤਾਰਾਂ ਲੰਘ ਆਏ। ਸਮੁੰਦਰਾਂ ਤੋਂ ਪਾਰ ਬੈਠੇ ਪੰਜਾਬੀ ਲੇਖਕ ਤੇ ਪਾਠਕ ਵੀ ਧੁਰ ਅੰਦਰ ਤੱਕ ਉਦਾਸ ਹੋਏ। ਨਵੇਂ ਪੋਚ ਦੇ ਲੇਖਕਾਂ ਨੂੰ ਉਂਗਲੀ ਫੜ ਕੇ ਨੱਕ ਦੀ ਸੇਧੇ ਤੋਰਨ ਵਾਲਾ ਮਹਿਬੂਬ ਕਹਾਣੀਕਾਰ ਅੱਧਵਾਟੇ ਛੱਡ ਗਿਆ। ਅਪ੍ਰੈਲ ਮਹੀਨੇ ਦੀ 25 ਤਾਰੀਕ ਨੂੰ ਚੰਡੀਗੜ੍ਹ ਦੇ 32 ਸੈਕਟਰ ਦੇ ਹਸਪਤਾਲ 'ਚੋਂ ਪ੍ਰੇਮ ਗੋਰਖੀ ਨਹੀਂ ਗਿਆ, ਪੰਜਾਬੀ ਕਹਾਣੀ ਦਾ ਇੱਕ ਯੁੱਗ ਚਲਾ ਗਿਆ ਹੈ।

ਪ੍ਰੇਮ ਗੋਰਖੀ ਅਣਹੋਏ, ਹਿਰਾਸੇ, ਉਦਾਸ, ਬੇਨੂਰ ਚਿਹਰਿਆਂ ਵਾਲੇ, ਸਾਰੀ ਉਮਰਾਂ ਪੱਤਝੜ ਜਿਹੀ ਜੂਨ ਭੋਗ ਕੇ ਤੁਰ ਜਾਣ ਵਾਲੇ, ਕੱਚੇ ਢਾਰਿਆਂ 'ਚ ਨਰਕ ਜਿਹੀ ਜਿੰਦਗੀ ਜਿਉਂਦੇ, ਗਰੀਬੀ ਦੀ ਦਲਦਲ 'ਚ ਲੱਕ ਲੱਕ ਖੁੱਭੇ, ਜਾਤੀਵਾਦ ਦੀ ਮਾਰ ਸਹਿੰਦੇ ਅਤੇ ਦਿਨ ਦਿਹਾੜੇ ਆਪਣੀ ਕਿਰਤ ਦੀ ਲੁੱਟ ਕਰਵਾਉਣ ਲਈ ਮਜਬੂਰ ਊਣੇ ਤੇ ਵਿਹੂਣੇ ਲੋਕਾਂ ਦਾ ਕਹਾਣੀਕਾਰ ਹੈ। ਉਸਦੀਆਂ ਕਹਾਣੀਆਂ ਥੁੜਾਂ ਮਾਰੇ ਲੋਕਾਂ ਅੰਦਰਲੀਆਂ ਪੀੜਾਂ ਦੀਆਂ ਬਾਤਾਂ ਪਾਉਂਦੀਆਂ। ਉਹ ਹਜ਼ਾਰਾਂ ਸਾਲਾਂ ਤੋਂ ਜਾਤੀਵਾਦ ਦੀ ਜ਼ਿਲਤ ਹੰਡਾਉਂਦੇ ਲੋਕਾਂ ਅੰਦਰ ਹੁੰਦੀ ਮਾਨਸਿਕ ਟੁੱਟ ਭੱਜ ਨੂੰ ਚਿਤਰਦਾ। ਉਹ ਲੁੱਟ ਦਾ ਸ਼ਿਕਾਰ ਹੁੰਦੇ ਲੋਕਾਂ ਅੰਦਰ ਦੱਬੀ ਪਈ ਚੀਕ ਨੂੰ ਪੇਸ਼ ਕਰਦਾ। ਗੋਰਖੀ ਨਿਰਾਸ਼ਤਾ ਦਾ ਕਹਾਣੀਕਾਰ ਨਹੀਂ-ਉਹ ਤਾਂ ਕਿਰਤੀਆਂ ਦੇ ਵਿਹੜਿਆਂ 'ਚੋਂ ਲਾਟ ਬਣ ਕੇ ਉੱਠਦੀ ਹੂਕ ਦਾ ਪੇਸ਼ਕਾਰ ਹੈ।

ਉਸਦੇ ਪਾਤਰ ਵਿਤਕਰਿਆਂ ਵੰਡਾਂ ਨੂੰ ਜਨਮ ਦੇਣ ਵਾਲੀ ਵਿਵਸਥਾ ਨੂੰ ਚੀਰ ਕੇ ਭਰਾੜ ਕਰ ਦੇਣ ਲਈ ਔਹਲਦੇ ਸਨ। "ਜੀਣ-ਮਰਣ" ਦੇ ਬਿਸ਼ਨੇ ਅੰਦਰ ਲੰਬੜਾਂ ਖਿਲਾਫ਼ ਅੱਗ ਬਲਦੀ ਰਹਿੰਦੀ ਹੈ। ਲੰਬੜ 'ਤੇ ਹਰਖ਼ਿਆ ਬਿਸ਼ਨਾ ਆਪਣੇ ਘੋੜੇ ਨੂੰ ਧੈਂਅ ਧੈਂਅ ਕਰਕੇ ਕੁੱਟਦਾ ਹੈ। ਉਹ ਆਪਣਾ ਗੁੱਸਾ ਬੇਜ਼ੁਬਾਨ ਪਸ਼ੂ 'ਤੇ ਕੱਢਦਾ ਹੈ। ਉਸ ਅੰਦਰ ਦੱਬੀ ਪਈ ਅੱਗ ਭਾਂਬੜ ਬਣਦੀ ਹੈ। ਬਿਸ਼ਨੇ ਨੂੰ ਜਿਵੇਂ ਘੋੜੇ ਦੇ ਮੂੰਹ 'ਚੋਂ ਲੰਬੜ ਦਾ ਮੂੰਹ ਦਿੱਸਦਾ ਹੈ। "ਆਪਣਾ ਅੱਧ" ਦਾ ਗਾਮਾ ਆਪਣਾ ਹੱਕ ਲੈਣ ਲਈ ਸਰਦਾਰਾਂ ਦੇ ਕਾਕੇ ਨਾਲ ਭਿੜ ਜਾਂਦਾ ਹੈ। ਗਾਮਾ ਸਕੀ ਭਰਜਾਈ ਤੇ ਬਾਪੂ ਨਾਲ ਵੀ ਆਢਾ ਲਾ ਲੈਂਦਾ ਹੈ। ਗੋਰਖੀ ਦੇ ਲਗਪਗ ਬਹੁਤੇ ਪਾਤਰ ਇਸੇ ਤਰ੍ਹਾਂ ਦੇ ਹਨ-ਲੰਬੜਾਂ, ਚੋਬਦਾਰਾਂ, ਸਰਦਾਰਾਂ, ਖ਼ੱਬੀਖਾਨਾਂ ਤੇ ਹੈਂਕੜਬਾਜ਼ਾਂ



**ਪ੍ਰੇਮ ਗੋਰਖੀ ਗਲਪਕਾਰ ਰਾਮ ਸਰੂਪ ਅਣਖੀ ਅਤੇ ਆਰ. ਸ਼ੀਹਮਾਰ ਨਾਲ**

ਖ਼ਿਲਾਫ ਆਪਣੇ ਅੰਦਰ ਅੱਗ ਦੱਬੀ ਫਿਰਨ ਵਾਲੇ।

ਪ੍ਰੇਮ ਗੋਰਖੀ 15 ਜੂਨ 1947 ਨੂੰ ਨਾਨਕੇ ਪਿੰਡ ਬੁਹਾਨੀ ਤਹਿਸੀਲ ਫਗਵਾੜਾ ਜਿਲ੍ਹਾ ਕਪੂਰਥਲਾ 'ਚ ਮਾਤਾ ਰੱਖੀ ਦੀ ਕੁੱਖੋਂ ਹੋਇਆ। ਉਹਨਾਂ ਦਾ ਬਾਪ ਅਰਜਨ ਦਾਸ ਇੱਕ ਕਿਰਤੀ ਵਿਅਕਤੀ ਸੀ ਜਿਹੜਾ ਕੋਠੀਆਂ ਨੂੰ ਸਫੈਦੀ ਕਰਨ ਦਾ ਕੰਮ ਕਰਦਾ ਹੋਣ ਕਰਕੇ "ਅਰਜਨ ਸਫੈਦੀ ਵਾਲਾ" ਵਜੋਂ ਮਸ਼ਹੂਰ ਸੀ। ਘਰ ਦੀ ਗਰੀਬੀ ਕਾਰਨ ਛੇ ਭੈਣਾਂ ਭਰਾਵਾਂ ਦੇ ਪਰਿਵਾਰ 'ਚੋਂ ਪ੍ਰੇਮ ਨੂੰ ਹੀ ਕੁੱਝ ਪੜ੍ਹਨ ਲਿਖਣ ਦਾ ਮੌਕਾ ਮਿਲਿਆ। ਪ੍ਰੇਮ ਦੇ ਬਚਪਨ ਨੇ ਗਰੀਬੀ ਦੀਆਂ ਅਥਾਹ ਡੂੰਘਾਣਾਂ ਦੇਖੀਆਂ। ਘਰ 'ਚ ਹਰ ਵਕਤ ਗਰੀਬੀ ਨਾਲ ਜੰਗ ਚੱਲਦੀ ਰਹਿੰਦੀ। ਗਰੀਬੀ ਸਰਾਲ ਬਣਕੇ ਘਰਦੇ ਛੋਟੇ ਵੱਡੇ ਜੀਆਂ ਦੇ ਸਾਹ ਪੀਂਦੀ ਰਹਿੰਦੀ। ਦੁੱਖੀ ਹੋਏ ਪ੍ਰੇਮ ਨੇ ਘਰ ਦੀ ਗਰੀਬੀ ਦੂਰ ਕਰਨ ਲਈ ਕਿਸੇ ਸਾਧ ਦੇ ਆਖੇ ਸਿਵਿਆਂ 'ਚ ਚਾਲੀ ਦਿਨ ਸਿਲ੍ਹਾ ਕੱਢਿਆ। ਬਾਪ ਨੇ ਕੁੱਟ ਕੇ ਸਮਝਾਇਆ, "ਇਹਨਾਂ ਹੱਥਾਂ ਨਾਲ ਕਾਰ ਕੀਤੇ ਬਿਨਾਂ ਨਹੀਂ ਸਰਨਾ। ਇਹ ਕੰਮ ਹਾਰੇ ਹੋਏ ਲੋਕ ਕਰਦੇ ਹਨ ਜਿੰਨ੍ਹਾਂ ਦੀ ਦੇਹ 'ਚ ਲਹੂ ਨਹੀਂ ਕੀੜੇ ਰੀਂਘਦੇ ਹਨ।" ਪ੍ਰੇਮ ਨੂੰ ਜਿਵੇਂ ਜ਼ਿੰਦਗੀ ਦੇ ਫਲਸਫ਼ੇ ਦੀ ਸਮਝ ਆ ਗਈ ਸੀ। ਉਸਨੇ ਸਾਰੀ ਉਮਰ ਗਰੀਬੀ ਅਤੇ ਦੁਸ਼ਵਾਰੀਆਂ ਨਾਲ ਆਢਾ ਲਾਈ ਰੱਖਿਆ।

ਪ੍ਰੇਮ ਗੋਰਖੀ ਨੇ ਬਾਪ ਨਾਲ ਅਮੀਰ ਘਰਾਂ ਦੀਆਂ ਕੋਠੀਆਂ ਨੂੰ ਸਫੈਦੀ ਕਰਨ ਲਈ ਕੂਚੀ ਚਲਾਈ। ਪੱਤਿਆਂ ਦੇ ਡੂੰਨੇ ਪੱਤਲ ਲਾਏ, ਕਾਰਖਾਨੇ 'ਚ ਢਲਾਈ ਦਾ ਔਖਾ ਕੰਮ ਕੀਤਾ, ਬਿਜਲੀ ਮਹਿਕਮੇ ਵਲੋਂ ਕੰਢੀ ਦੇ ਇਲਾਕੇ 'ਚ ਪਾਈਆਂ ਜਾ ਰਹੀਆਂ ਨਵੀਆਂ ਲਾਈਨਾਂ ਦੇ ਖੰਭਿਆਂ ਲਈ ਖੱਡੇ ਪੱਟੇ, ਕੁਲਫੀਆਂ ਵੇਚਣ ਦਾ ਕੰਮ ਕੀਤਾ, ਲਾਇਲਪੁਰ ਖਾਲਸਾ ਕਾਲਜ ਦੀ ਲਾਇਬਰੇਰੀ 'ਚ ਕਿਤਾਬਾਂ ਦੀ ਝਾੜ-ਪੂੰਝ ਤੇ ਸਾਂਭ ਸੰਭਾਲ ਕੀਤੀ, ਕਾਰਖਾਨਿਆਂ 'ਚ ਬੋਰੀਆਂ ਢੋਈਆਂ, ਪੈਟਰੋਲ ਪੰਪ 'ਤੇ ਰਾਤ ਦੀ ਚੌਂਕੀਦਾਰੀ ਕੀਤੀ, ਪ੍ਰਭਾਤ, ਨਵਾਂ ਜ਼ਮਾਨਾ ਤੇ ਅਜੀਤ ਅਖਬਾਰ 'ਚ ਪਰੂਫ਼ ਰੀਡਰੀ ਕੀਤੀ। ਬਦਨਸੀਬੀ ਤੇ ਗਰੀਬੀ ਗੋਰਖੀ ਨੂੰ ਵਾਰ ਵਾਰ ਘੇਰਦੀਆਂ, ਉਸਦੀ ਇੱਛਾ ਸ਼ਕਤੀ ਬਦਨਸੀਬੀਆਂ ਨੂੰ ਧੂੰਏਂ ਦੇ ਬੱਦਲਾਂ ਵਾਂਗ ਹਵਾ 'ਚ ਉਡਾ ਦਿੰਦੀ।

ਪ੍ਰੇਮ ਗੋਰਖੀ ਨੇ ਸਮਾਜਿਕ ਵਿਤਕਰਿਆਂ ਤੇ ਵਧੀਕੀਆਂ ਨੂੰ ਨੰਗੇ ਪਿੰਡੇ 'ਤੇ ਹੰਢਾਇਆ। ਨਾਨਕੇ

ਪਿੰਡ ਝੋਨੇ ਦੀ ਲਵਾਈ ਨੂੰ ਲੈ ਕੇ ਗਰੀਬ ਮਜ਼ਦੂਰਾਂ ਦੇ ਹੁੰਦੇ ਬਾਈਕਾਟ ਨੇ ਉਸਦੇ ਮਨ 'ਚੋਂ ਸੁਆਲ ਪੈਦਾ ਕਰਨੇ ਸ਼ੁਰੂ ਕੀਤੇ ਕਿ ਇਹ ਸਭ ਕਿਉਂ ਹੁੰਦਾ ਹੈ। ਪਿੰਡ ਦੇ ਹੀ ਇੱਕ ਪੁਲਿਸ ਟਾਊਟ ਜ਼ਿਮੀਦਾਰ ਵਲੋਂ ਸਾਈਕਲ ਚੋਰੀ ਦੇ ਝੂਠੇ ਕੇਸ 'ਚ ਫਸਾਉਣ 'ਤੇ ਗੋਰਖੀ ਨੂੰ ਬੇਤਹਾਸ਼ਾ ਤਸ਼ੱਦਤ ਦਾ ਸ਼ਿਕਾਰ ਹੋਣਾ ਪਿਆ ਜਿਸਨੇ ਉਸਦੇ ਅੰਦਰ ਸਮਾਜਿਕ ਵਿਵਸਥਾ ਖ਼ਿਲਾਫ਼ ਰੋਹ 'ਤੇ ਵਿਦਰੋਹ ਭਰ ਦਿੱਤਾ। ਅਨਪੜ੍ਹ ਬਾਪ ਜਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਸਮਝਦਾ ਸੀ। ਉਸ ਵਲੋਂ ਰਾਤ ਵੇਲੇ ਸੁਣਾਈਆਂ ਬਾਤਾਂ ਨੇ ਜਿੱਥੇ ਗੋਰਖੀ ਅੰਦਰ ਕਠੋਰ ਹਾਲਤਾਂ 'ਚ ਵੀ ਨਾ ਡੋਲਣ ਦੀ ਭਾਵਨਾ ਪੈਦਾ ਕੀਤੀ, ਉੱਥੇ ਉਸ ਅੰਦਰ ਕਹਾਣੀਆਂ ਦਾ ਬੀਅ ਵੀ ਬੀਜ਼ ਦਿੱਤਾ।

ਆਪਣੇ ਪਿੰਡ ਲਾਡੋਵਾਲੀ ਦੇ ਸਕੂਲ 'ਚ ਪੜ੍ਹਦਿਆਂ ਪ੍ਰੇਮ ਨੂੰ ਆਪਣੇ ਜਮਾਤੀ ਆਤਮਜੀਤ ਜੋ ਕਿ ਅੱਜ ਦਾ ਵੱਡਾ ਨਾਟਕਕਾਰ ਡਾ ਆਤਮਜੀਤ ਹੈ, ਤੋਂ ਕਿਤਾਬਾਂ ਪੜ੍ਹਨ ਦਾ ਸ਼ੌਕ ਪੈਦਾ ਹੋਇਆ। ਦਸਵੀਂ ਬਾਅਦ ਲਾਇਲਪੁਰ ਖਾਲਸਾ ਕਾਲਜ ਦੀ ਲਾਇਬਰੇਰੀ 'ਚ ਨੌਕਰੀ ਨੇ ਉਸਨੂੰ ਪੂਰੀ ਤਰ੍ਹਾਂ ਕਿਤਾਬਾਂ ਦੀ ਦੁਨੀਆਂ ਨਾਲ ਜੋੜ ਦਿੱਤਾ। ਇੱਥੇ ਹੀ ਉਸਨੂੰ ਅਮਰਜੀਤ ਚੰਦਨ, ਚਿਰੰਜੀਵ ਸਿੰਘ, ਸ਼ਿੰਗਾਰਾ ਸਿੰਘ ਭੁੱਲਰ, ਗੁਰਦੇਵ ਸਿੰਘ ਸਿੱਧੂ ਸਮੇਤ ਅਨੇਕਾਂ ਲੇਖਕ ਮਿਲੇ। ਪੁਲਿਸ ਕੁੱਟ ਦਾ ਝੰਭਿਆ ਉਹ ਆਤਮ ਹੱਤਿਆ ਬਾਰੇ ਸੋਚਦਾ ਪਰ ਕਿਤਾਬਾਂ ਉਸਨੂੰ ਭਟਕਣ ਨਾ ਦਿੰਦੀਆਂ। ਉਸਦੇ ਅੰਦਰਲਾ ਗੁਬਾਰ ਸ਼ਬਦਾਂ ਦੇ ਰੂਪ 'ਚ ਸਫਿਆਂ 'ਤੇ ਫੈਲਣ ਲੱਗਾ। ਪ੍ਰੇਮ ਨਿਮਾਣਾ ਦੇ ਨਾਂ ਹੇਠ ਨਾਗਮਣੀ 'ਚ ਛਪੀ ਉਸਦੀ ਕਹਾਣੀ ਅਤੇ ਨਾਗਮਣੀ ਦੀ ਸੰਪਾਦਕ ਅੰਮ੍ਰਿਤਾ ਪ੍ਰੀਤਮ ਦੇ ਖ਼ਤ ਨੇ ਗੋਰਖੀ ਨੂੰ ਅੰਦਰੋਂ ਬਾਹਰੋਂ ਨੂਰ ਨਾਲ ਭਰ ਦਿੱਤਾ। ਨਾਗਮਣੀ ਦੀਆਂ ਕਹਾਣੀਆਂ ਨੇ ਹੀ ਉਸਨੂੰ ਪੁਲਿਸ ਵਲੋਂ ਬਣਾਏ ਕੇਸਾਂ 'ਚੋਂ ਅਦਾਲਤ ਵਿੱਚੋਂ ਬਰੀ ਕਰਵਾਇਆ। ਪ੍ਰੇਮ ਗੋਰਖੀ ਦੇ ਆਪਣੇ ਲਿਖਣ ਅਨੁਸਾਰ-ਅੰਮ੍ਰਿਤਾ ਦੇ ਖ਼ਤ ਅਤੇ ਨਾਗਮਣੀ ਦੀ ਕਹਾਣੀ ਨੇ ਉਸਨੂੰ ਕੰਡੇ ਤੋਂ ਫੁੱਲ ਬਣਾ ਦਿੱਤਾ ਸੀ।

ਪ੍ਰੇਮ ਗੋਰਖੀ ਦਾ ਮਨ ਜਦੋਂ ਵੀ ਕਦੇ ਡੋਲਦਾ, ਅੰਮ੍ਰਿਤਾ ਪ੍ਰੀਤਮ ਅਤੇ ਹੋਰ ਦੋਸਤਾਂ ਦੇ ਖ਼ਤ ਉਸਨੂੰ ਸਹਾਰਾ ਦਿੰਦੇ ਰਹੇ, ਇਸੇ ਕਰਕੇ ਉਹ ਖ਼ਤਾਂ ਦੀ ਮਹੱਤਤਾ ਸਮਝਦਾ ਸੀ। ਜਿੱਥੇ ਉਸਨੇ ਆਪਣੇ ਸਮਕਾਲੀਆਂ ਨੂੰ ਖ਼ਤ ਲਿਖੇ ਉੱਥੇ ਆਪਣੇ ਤੋਂ ਅਗਲੀ ਪੀੜ੍ਹੀ ਦਾ ਸ਼ਾਇਦ ਹੀ ਕੋਈ ਲੇਖਕ ਹੋਵੇ, ਜਿਸਨੂੰ ਚਿੱਠੀਆਂ ਰਾਹੀਂ ਸੇਧ ਤੇ ਹੌਂਸਲਾ ਨਾ ਦਿੱਤਾ ਹੋਵੇ। ਉਹ ਮੇਰੇ ਵਰਗਿਆਂ ਨੂੰ ਕਹਾਣੀ ਨੂੰ ਹੋਰ ਬਿਹਤਰ ਬਣਾਉਣ ਲਈ ਨਵੇਂ ਨਵੇਂ ਸੁਝਾਅ ਦਿੰਦਾ। ਮੈਂ ਆਪਣੀ ਇੱਕ ਅਣਛਪੀ ਕਹਾਣੀ ਪੜ੍ਹਨ ਤੇ ਸੁਝਾਅ ਦੇਣ ਲਈ ਗੋਰਖੀ ਜੀ ਨੂੰ ਭੇਜੀ। ਉਦੋਂ ਅਜੇ ਉਸ ਨਾਲ ਨੇੜਤਾ ਵੀ ਨਹੀਂ ਸੀ ਹੋਈ। ਮੇਰੇ ਚਿੱਠੀ ਲਿਖਣ ਦੇ ਦਸਵੇਂ ਦਿਨ ਹੀ ਮੇਰੇ ਵਲੋਂ ਭੇਜੀ ਕਹਾਣੀ ਲੋੜੀਦੀਆਂ ਸੋਧਾਂ ਉਪਰੰਤ ਵਾਪਸ ਆ ਗਈ ਸੀ। ਕਹਾਣੀ ਦੇ ਨਾਲ ਨਾਲ ਗੋਰਖੀ ਨੇ ਮੋਹ ਭਰਿਆ ਮੱਤਾਂ ਦਿੰਦਾ ਲੰਮਾ ਖ਼ਤ ਵੀ ਲਿਖਿਆ ਸੀ। ਇਹ ਮੇਰੇ ਲਈ ਬਹੁਤ ਵੱਡੀ ਪ੍ਰਾਪਤੀ ਸੀ। ਕੋਈ ਵੱਡੇ ਤੋਂ ਵੱਡਾ ਐਵਾਰਡ ਮਿਲ ਜਾਣ 'ਤੇ ਵੀ ਐਨੀ ਖੁਸ਼ੀ ਨਾ ਮਿਲਦੀ ਹੋਵੇ ਜਿੰਨੀ ਖੁਸ਼ੀ ਗੋਰਖੀ ਸਾਹਿਬ ਦਾ ਖ਼ਤ ਮਿਲਣ ਨਾਲ ਹੋਈ ਸੀ। ਮੈਂ ਕਈ ਦਿਨ ਵਾਰ ਵਾਰ ਉਹ ਖ਼ਤ ਪੜ੍ਹਦਾ ਰਿਹਾ ਸਾਂ, "ਪਿਆਰੇ ਕੜਿਆਲਵੀ, ਕਹਾਣੀ ਪੜ੍ਹ ਲਈ ਹੈ। ਤੁਹਾਨੂੰ ਵਾਪਸ ਭੇਜ ਰਿਹਾ ਹਾਂ। ਤੁਸੀਂ ਖੁਦ ਹੀ ਕਿਸੇ ਪਰਚੇ ਨੂੰ ਭੇਜ ਦੇਣੀ। ਸ਼ਬਦ ਜੋੜਾਂ ਵੱਲ ਧਿਆਨ ਦਿਆ ਕਰੋ, ਬਹੁਤ ਜ਼ਰੂਰੀ ਹੈ। ਇੱਕ ਲੇਖਕ ਲਈ ਖਾਸ ਕਰਕੇ। ਕੋਸ਼ਿਸ਼ ਕਰੋ ਨਵੇਂ ਵਿਸ਼ੇ ਲਏ ਜਾਣ। ਨਵੀਂ ਗੱਲ਼ ਨਵੀਂ ਥਾਂ ਬਣਾਉਣ ਵਿੱਚ ਸਹਾਈ ਹੁੰਦੀ ਹੈ।"

ਫਿਰ ਲਗਾਤਾਰ ਉਸਦੇ ਖ਼ਤ ਆਉਂਦੇ ਰਹੇ। ਇੱਕ ਹੋਰ ਖ਼ਤ 'ਚ ਉਸਨੇ ਮੈਨੂੰ ਥਾਪੜਾ ਦਿੰਦਿਆਂ ਕਿਸੇ ਪ੍ਰਕਾਰ ਦੀ ਆਲੋਚਨਾ ਤੋਂ ਘਬਰਾਹਟ 'ਚ ਨਾ ਆਉਣ ਲਈ ਆਖਿਆ। ਉਹਨਾਂ ਦਿਨਾਂ 'ਚ ਕਿਸੇ ਆਲੋਚਕ ਨੇ ਮੇਰੇ ਬਾਰੇ ਇੱਕ ਅਖਬਾਰ 'ਚ ਬੜੀ ਕਸੂਤੀ ਜਿਹੀ ਟਿਪਣੀ ਕੀਤੀ ਸੀ। ਗੋਰਖੀ ਨੇ ਹੌਂਸਲਾ ਦਿੰਦਿਆਂ ਆਖਿਆ ਸੀ ਕਿ ਸਾਨੂੰ ਆਲੋਚਕਾਂ ਜਾਂ ਕਿਸੇ ਹੋਰ ਦੇ ਠੁੰਮਣਿਆਂ ਦਾ ਆਸਰਾ ਨਹੀਂ ਵੇਖਣਾ ਚਾਹੀਦਾ। ਗੋਰਖੀ ਦੇ ਖ਼ਤ ਨੇ ਮੈਂ ਦਿਮਾਗ 'ਤੇ ਬਣਿਆ ਬੋਝ ਉੱਕਾ ਹੀ ਪਰ੍ਹੇ ਵਗਾਹ ਮਾਰਿਆ ਸੀ। ਮੈਨੂੰ ਬਾਅਦ 'ਚ ਪਤਾ ਲੱਗਾ ਕਿ ਗੋਰਖੀ ਦੇ ਇੱਕ ਸਮਕਾਲੀ ਲੇਖਕ ਤੇ ਸਹਿ-ਕਰਮੀ ਨੇ ਕਿਸੇ ਮੈਗਜ਼ੀਨ ਵਿੱਚ



**ਭਾਰਤੀ ਦਲਿਤ ਸਾਹਿਤ ਅਕੈਡਮੀ, ਦਿੱਲੀ ਦੇ ਪੁਰਸਕਾਰ ਸਮਾਗਮ 'ਚ ਪ੍ਰੇਮ ਗੋਰਖੀ ਆਪਣੀ ਪਤਨੀ ਗੁਰਦੀਪ ਕੌਰ ਨਾਲ**

ਉਸ ਬਾਰੇ ਬੜਾ ਬੇਹੂਦਾ ਆਰਟੀਕਲ ਲਿਖਿਆ ਸੀ। ਗੋਰਖੀ ਅਜਿਹੀਆਂ ਬਹੁਤ ਸਾਰੀਆਂ ਪੀੜਾਂ ਹੰਢਾ ਚੁੱਕਾ ਸੀ, ਇਸੇ ਕਰਕੇ ਹੀ ਉਹ ਮੇਰੇ ਵਰਗਿਆਂ ਨਵਿਆਂ ਨੂੰ ਲੇਖਕਾਂ ਨੂੰ ਥਾਪੜਾ ਦਿੰਦਾ ਰਹਿੰਦਾ ਸੀ।

ਮੈਂ ਸਿਮਰ ਨੂੰ ਲੈ ਕੇ ਉਸਦੇ 29 ਡੀ ਸੈਕਟਰ ਦੀ ਟ੍ਰਿਬਿਊਨ ਕਾਲੋਨੀ, ਵਾਲੇ 3054 ਨੰਬਰ ਘਰ 'ਚ ਮਿਲਣ ਗਿਆ ਸਾਂ। ਉਹਨਾਂ ਦਿਨਾਂ 'ਚ ਅਸੀਂ ਬੜੇ ਔਖੇ ਦਿਨਾਂ 'ਚੋਂ ਗੁਜ਼ਰ ਰਹੇ ਸਾਂ। ਕਹਾਣੀ ਕਿਧਰੇ ਦੂਰ ਰਹਿ ਗਈ ਸੀ। ਸਾਡੀ ਜਿੰਦਗੀ ਦਾ ਬਿਰਤਾਂਤ ਉਲਝਿਆ ਪਿਆ ਸੀ। ਗੋਰਖੀ ਭਾਅ ਨਾਲ ਇਸ ਬਾਰੇ ਅਕਸਰ ਜ਼ਿਕਰ ਚੱਲਦਾ ਰਹਿੰਦਾ। ਉਹ ਖ਼ਤਾਂ ਰਾਹੀਂ ਹਰ ਤਰ੍ਹਾਂ ਦੇ ਔਖੇ ਹਾਲਾਤਾਂ 'ਚ ਵੀ ਸਾਬਤ ਰਹਿਣ ਲਈ ਪ੍ਰੇਰਨਾ ਦਿੰਦੇ ਰਹਿੰਦੇ। ਮੈਂ ਸਿਮਰ ਨੂੰ ਭਾਅ ਨਾਲ ਮਿਲਾਉਣਾ ਜ਼ਰੂਰੀ ਸਮਝਦਾ ਸਾਂ ਪਰ ਉਸ ਦਿਨ ਗੋਰਖੀ ਭਾਅ ਸਬੱਬੀ ਕਿਤੇ ਬਾਹਰ ਗਿਆ ਹੋਇਆ ਸੀ। ਅਸੀਂ ਮਿਲ ਨਾ ਸਕੇ ਤੇ ਟੁੱਟੇ ਦਿਲ ਨਾਲ ਵਾਪਸ ਆ ਗਏ। ਸਾਡੇ ਆਉਣ ਦੇ ਤੀਜੇ ਦਿਨ ਹੀ ਉਸਦਾ ਸਾਉਣ ਦੀ ਫੁਹਾਰ ਵਰਗਾ ਖ਼ਤ ਆ ਗਿਆ ਸੀ, "ਤੇਰੇ ਆਉਣ ਦਾ ਪਤਾ ਲੱਗਾ, ਅਫਸੋਸ ਆਪਣਾ ਮੇਲ ਨਹੀਂ ਹੋ ਸਕਿਆ। ਤੇਰੇ ਵਿਆਹ ਦਾ ਕੀ ਬਣਿਆ ? ਮੈਨੂੰ ਤੇਰੇ ਵਿਆਹ ਦਾ ਫਿਕਰ ਹੈ। ਗੱਲ ਸਿਰੇ ਲੱਗਦੀ ਹੈ ਜਾਂ ਨਹੀਂ ? ਕਿਸੇ ਗੱਲ ਤੋਂ ਡੋਲੀਦਾ ਨਹੀਂ ਹੁੰਦਾ, ਔਖੇ ਵਕਤ ਦਾ ਤਕੜੇ ਹੋ ਕੇ ਸਾਹਮਣਾ ਕਰੀਦਾ।"

ਦਰਅਸਲ ਗੋਰਖੀ ਆਪ ਮੁਹੱਬਤ ਨਾਲ ਭਰੀ ਹੋਈ ਰੂਹ ਸੀ। ਉਹ ਸ਼ੁਰੂ-ਸ਼ੁਰੂ 'ਚ ਪ੍ਰੇਮ ਨਿਮਾਣਾ ਦੇ ਕਲਮੀ ਨਾਂ ਹੇਠ ਹੀ ਕਹਾਣੀਆਂ ਲਿਖਦਾ ਤੇ ਛਪਵਾਉਂਦਾ ਰਿਹਾ ਸੀ। ਇੱਕ ਨੇਪਾਲਣ ਕੁੜੀ 'ਗੋਰਖੀ' ਦੀ ਖਾਮੋਸ਼ ਮੁਹੱਬਤ ਸਦਕਾ ਉਸਨੇ ਆਪਣਾ ਤਖ਼ੱਲਸ 'ਨਿਮਾਣਾ ਤੋਂ 'ਗੋਰਖੀ' ਕਰ ਲਿਆ। ਹੁਣ ਉਹ ਪ੍ਰੇਮ ਨਿਮਾਣਾ ਤੋਂ ਪ੍ਰੇਮ ਗੋਰਖੀ ਬਣਕੇ ਸਾਹਿਤਕ ਅੰਬਰ 'ਤੇ ਉੱਚੀਆਂ ਉਡਾਰੀਆਂ ਭਰਨ ਲੱਗਾ। ਉਸ ਸਮੇਂ ਦੇ ਸਾਰੇ ਚਰਚਿਤ ਮੈਗਜ਼ੀਨਾਂ ਜਿਵੇਂ 'ਕਵਿਤਾ, ਹੇਮ ਜਯੋਤੀ, ਰੋਹਲੇ ਬਾਣ, ਨਾਗਮਣੀ, ਲਕੀਰ, ਸਰਦਲ ਤੇ ਸਿਰਜਣਾ 'ਚ ਕਹਾਣੀਆਂ ਛਪਣ ਲੱਗੀਆਂ। ਕਹਾਣੀਆਂ ਦੀ ਪਹਿਲੀ ਕਿਤਾਬ 'ਮਿੱਟੀ ਰੰਗੇ ਲੋਕ' ਛਪੀ ਤਾਂ ਸਾਹਿਤਕ ਹਲਕਿਆਂ 'ਚ ਭਰਵੀਂ ਚਰਚਾ ਛਿੜੀ। ਨਾਵਲੈੱਟ "ਤਿੱਤਰ ਖੰਭੀ ਜੂਹ" ਬਰਜਿੰਦਰ ਸਿੰਘ ਹਮਦਰਦ ਦੀ ਸੰਪਾਦਨਾ 'ਚ ਛਪਦੇ ਸਾਹਿਤਕ ਮੈਗਜ਼ੀਨ 'ਚ ਛਪਿਆ ਤਾਂ ਚਾਰ ਚੁਫੇਰੇ ਉਸਦੇ ਨਾਂ

ਦੀ ਚਰਚਾ ਹੋਣ ਲੱਗੀ। ਆਪਣੇ ਸਮਕਾਲੀ ਕਹਾਣੀਕਾਰ ਦੋਸਤਾਂ ਕਿਰਪਾਲ ਕਜ਼ਾਕ, ਨਛੱਤਰ, ਸੁਰਿੰਦਰ ਸ਼ਰਮਾ, ਮੁਖਤਾਰ ਗਿੱਲ, ਗੁਰਚਰਨ ਚਾਹਲ ਭੀਖੀ, ਰਾਮ ਸਰੂਪ ਅਣਖੀ, ਮੋਹਨ ਭੰਡਾਰੀ, ਦਲਬੀਰ ਚੇਤਨ ਅਤੇ ਮੁਖਤਿਆਰ ਸਿੰਘ ਵਰਗਿਆਂ ਨਾਲ ਰਲ ਕੇ "ਦੀਵਾ ਬਲੇ ਸਾਰੀ ਰਾਤ" ਨਾਂ ਦਾ ਹੇਠ ਪ੍ਰੋਗਰਾਮ ਵਿੱਢੇ। ਸਾਰੀ ਰਾਤ ਕਹਾਣੀਆਂ 'ਤੇ ਨਿੱਠ ਕੇ ਚਰਚਾ ਹੁੰਦੀ। ਲੇਖਕ ਬੇਲਿਹਾਜ਼ ਹੋ ਕੇ ਇੱਕ ਦੂਜੇ ਦੀ ਕਹਾਣੀ ਦੀ ਚੀਰਫਾੜ ਕਰਦੇ। ਇਹ ਪੰਜਾਬੀ ਕਹਾਣੀ ਦਾ ਸੁਨਹਿਰਾ ਦੌਰ ਸੀ। ਪ੍ਰੇਮ ਗੋਰਖੀ ਕਹਾਣੀਆਂ ਦੀਆਂ ਰਾਤਾਂ ਦਾ ਮੁੱਖ ਧੁਰਾ ਹੁੰਦਾ ਸੀ। ਉਹ ਪੋਸਟ ਕਾਰਡ ਲਿਖਕੇ ਲੇਖਕਾਂ ਅਤੇ ਵਿਦਵਾਨਾਂ ਨੂੰ ਕਹਾਣੀ ਵਾਲੀ ਰਾਤ 'ਚ ਸ਼ਾਮਲ ਹੋਣ ਦੀ ਦਾਅਵਤ ਦਿੰਦਾ। ਵਰਿਆਮ ਸੰਧੂ ਅਤੇ ਲਾਲ ਸਿੰਘ ਸਮੇਤ ਅਨੇਕਾਂ ਵੱਡੇ ਵੱਡੇ ਲੇਖਕ ਗੋਰਖੀ ਦੇ ਪ੍ਰੇਮ ਮੋਹ 'ਚ ਬੱਝੇ ਸਮਾਗਮ 'ਚ ਕਹਾਣੀਆਂ ਪੜ੍ਹਨ ਲਈ ਆਉਂਦੇ ਰਹੇ। ਨਵੇਂ ਪੁਰਾਣੇ ਲੇਖਕਾਂ ਨੂੰ ਬਰਾਬਰ ਦਾ ਮੌਕਾ ਦਿੱਤਾ ਜਾਂਦਾ।

ਚੰਡੀਗੜ੍ਹ ਤੋਂ ਨਵਾਂ ਪੰਜਾਬੀ ਅਖਬਾਰ "ਪੰਜਾਬੀ ਟ੍ਰਿਬਿਊਨ" ਨਿਕਲਣ ਲੱਗਾ ਤਾਂ ਪ੍ਰੇਮ ਗੋਰਖੀ ਬਤੌਰ ਪਰੂਫ਼ ਰੀਡਰ ਨੌਕਰੀ ਕਰਨ ਲਈ ਆ ਗਿਆ। ਗੋਰਖੀ ਦੀ ਥੁੜੀ ਟੁੱਟੀ ਆਰਥਿਕਤਾ ਨੂੰ ਕੁੱਝ ਠੁੰਮਣਾ ਮਿਲਿਆ। ਉਸ ਕੋਲ ਉਡਾਰੀਆਂ ਭਰਨ ਲਈ ਹੁਣ ਨਵਾਂ ਅੰਬਰ ਸੀ। ਰੋਜ਼ੀ ਰੋਟੀ ਦੇ ਚੱਕਰਾਂ 'ਚੋਂ ਵਿਹਲ ਮਿਲੀ ਤਾਂ ਕਲਮ ਛੋਹਲੇ ਕਦਮੀ ਤੁਰਨ ਲੱਗੀ। ਕਿਤਾਬਾਂ ਛਪਣ ਲੱਗੀਆਂ-ਚਰਚਾ ਹੋਣ ਲੱਗੀ। ਗੋਰਖੀ ਦੇ ਰੂਬਰੂ ਹੋਣ ਲੱਗੇ। ਸਾਹਿਤ ਸਭਾਵਾਂ 'ਚ ਬੁਲਾਇਆ ਜਾਣ ਲੱਗਾ। ਵੱਡੇ ਲੇਖਕਾਂ ਅਤੇ ਆਲੋਚਕਾਂ ਵਲੋਂ ਸੰਪਾਦਿਤ ਕੀਤੇ ਜਾਣ ਵਾਲੇ ਕਥਾ ਸੰਗ੍ਰਹਿਆਂ 'ਚ ਉਸਦੀਆਂ ਕਹਾਣੀਆਂ ਨੂੰ ਸ਼ਾਮਲ ਕੀਤਾ ਜਾਣ ਲੱਗਾ। ਉਸਨੂੰ ਦਲਿਤ ਲੋਕਾਂ ਦੀ ਮਾਨਸਿਕਤਾ ਨੂੰ ਚਿਤਰਨ ਵਾਲਾ ਕਹਾਣੀਕਾਰ ਕਿਹਾ ਜਾਣ ਲੱਗਾ।

ਪ੍ਰੇਮ ਗੋਰਖੀ ਨੇ "ਗ਼ੈਰ ਹਾਜ਼ਿਰ ਆਦਮੀ" ਦੇ ਸਿਰਲੇਖ ਹੇਠ 'ਨਾਗਮਣੀ' 'ਚ ਸਵੈ ਬਿਰਤਾਂਤਕ ਕਾਲਮ ਲਿਖਿਆ ਜੋ ਦੇਰ ਬਾਅਦ ਜਾ ਕੇ ਪੁਸਤਕ ਰੂਪ 'ਚ ਛਪਿਆ। ਇਹ ਪਿੰਡਾਂ/ਸ਼ਹਿਰਾਂ ਦੇ ਤੰਗੀਆਂ ਤੁਰਸ਼ੀਆਂ ਹੰਢਾਉਂਦੇ ਅਤੇ ਬੇਇਨਸਾਫੀਆਂ ਦੇ ਸ਼ਿਕਾਰ ਸਾਧਾਰਨ ਬੰਦੇ ਦੀ ਸਵੈ-ਜੀਵਨੀ ਹੈ ਜਿਸ ਵਿੱਚ ਗੋਰਖੀ ਨੇ ਆਪਣੇ ਆਪ ਨੂੰ ਬਿਨਾ ਕਿਸੇ ਪਰਦੇ ਤੋਂ ਪੇਸ਼ ਕੀਤਾ ਹੈ। ਗੋਰਖੀ ਨੇ ਆਪਣੇ ਆਪ ਨੂੰ ਵਡਿਆਇਆ ਨਹੀਂ ਸੀ। "ਗ਼ੈਰ ਹਾਜ਼ਿਰ ਆਦਮੀ" ਇਕ ਸਾਧਾਰਨ ਮਨੁੱਖ ਦੀ ਸਾਧਾਰਨਤਾ ਦੀ ਬਾਤ ਸੀ। ਗੋਰਖੀ ਦਾ 'ਗ਼ੈਰ ਹਾਜ਼ਿਰ ਆਦਮੀ' ਕਾਲਮ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਕਾਲਮ ਸੀ।

ਪ੍ਰੇਮ ਗੋਰਖੀ ਇੱਕ ਨਾਫ਼ੀਸ ਇਨਸਾਨ ਸੀ। ਉਹ ਯਾਰੀਆਂ ਨਿਭਾਉਣੀਆਂ ਜਾਣਦਾ ਸੀ। ਉਸ ਕੋਲ ਯਾਰਾਂ ਦਾ ਵੱਡਾ ਘੇਰਾ ਸੀ ਜਿਹੜੇ ਔਖੇ ਵੇਲੇ ਉਸ ਨੂੰ ਬਾਹਾਂ ਦੇ ਘੇਰੇ 'ਚ ਲੈ ਲੈਂਦੇ। ਲੋੜ ਵੇਲੇ ਦਲਬੀਰ ਚੇਤਨ ਹਾਜ਼ਰ ਹੋ ਜਾਂਦਾ। ਨਛੱਤਰ ਕੋਲ ਕਈ ਕਈ ਦਿਨ ਰਹਿ ਆਉਂਦਾ। ਬਹੁ-ਚਰਚਿਤ ਨਾਵਲੈੱਟ "ਤਿੱਤਰ ਖੰਭੀ ਜੂਹ" ਉਸਨੇ ਕਿਰਪਾਲ ਕਜ਼ਾਕ ਕੋਲ ਰਹਿ ਕੇ ਲਿਖਿਆ। "ਬੁੱਢੀ ਰਾਤ ਤੇ ਸੂਰਜ" ਵੀ ਕਜ਼ਾਕ ਕੋਲ ਰਹਿ ਕੇ ਹੀ ਨੇਪਰੇ ਚਾੜ੍ਹਿਆ। ਸ਼ਾਹਕਾਰ ਕਹਾਣੀ "ਇੱਕ ਟਿਕਟ ਰਾਮਪੁਰਾ ਫੂਲ" ਰੇਲਵੇ ਮਹਿਕਮੇ ਵਾਲੇ ਯਾਰ ਸੁਰਿੰਦਰ ਸ਼ਰਮਾ ਕੋਲ ਬਨਾਰਸ ਘੁੰਮਣ ਗਏ ਨੇ ਲਿਖੀ। ਉਦਾਸ ਹੁੰਦਾ ਤਾਂ ਕਈ ਵਾਰ ਮੁਖਤਾਰ ਗਿੱਲ ਕੋਲ ਪ੍ਰੀਤ ਨਗਰ ਰਹਿ ਆਉਂਦਾ। ਉਸਦੇ ਸੈਕਟਰ 29 ਡੀ ਟ੍ਰਿਬਿਊਨ ਕਾਲੋਨੀ ਵਾਲੇ ਘਰ ਨਵੇਂ ਪੁਰਾਣੇ ਲੇਖਕਾਂ ਦਾ ਆਉਣਾ ਜਾਣਾ ਲੱਗਾ ਰਹਿੰਦਾ।

ਗੋਰਖੀ ਵੱਡਾ ਕਹਾਣੀਕਾਰ ਹੋਣ ਦੇ ਨਾਲ ਨਾਲ ਬੜਾ ਪਿਆਰਾ ਮਨੁੱਖ ਸੀ। ਟ੍ਰਿਬਿਊਨ ਅਦਾਰੇ ਦੇ ਸੇਵਾਦਾਰਾਂ ਤੋਂ ਲੈ ਕੇ ਵੱਡੇ ਅਹੁਦੇਦਾਰਾਂ ਤੱਕ ਉਸਦੀ ਯਾਰੀ ਸੀ। ਚੰਦ ਕੁ ਹੈਂਕੜਵਾਦੀਆਂ ਨੂੰ ਛੱਡ ਕੇ, ਬਹੁਤੇ ਸਾਥੀ ਕਰਮਚਾਰੀ ਉਸਦੀ ਲੇਖਣੀ ਨੂੰ ਆਥਾਹ ਮੁਹੱਬਤ ਕਰਦੇ ਸਨ। ਉਹਨਾਂ ਲਈ ਗੋਰਖੀ ਦਾ ਅਹੁਦਾ ਕੋਈ ਮਹੱਤਵ ਨਹੀਂ ਸੀ ਰੱਖਦਾ। ਹੋਰ ਤਾਂ ਹੋਰ ਅਕਾਊਂਟ ਬਰਾਂਚ ਵਾਲੇ ਮੁਲਾਜ਼ਮ ਵੀ ਉਸਦਾ ਬੜਾ ਮਾਣ ਤਾਣ ਕਰਦੇ। ਉਹ ਲੰਘੇ ਜਾਂਦੇ ਗੋਰਖੀ ਨੂੰ ਬਾਹੋਂ ਫੜ-ਫੜ ਕੇ ਰੋਕਦੇ 'ਤੇ ਮੱਲੋਮੱਲੀ ਚਾਹ ਪਿਆਉਣ ਲਈ ਖਿੱਚ ਕੇ ਕੰਨਟੀਨ ਵੱਲ ਲੈ ਜਾਂਦੇ। ਅਕਾਊਂਟ ਬਰਾਂਚ ਵਾਲਾ ਅਨਿਲ ਸ਼ਰਮਾ ਉਸਦਾ ਪਿਆਰਾ ਦੋਸਤ ਸੀ। ਉਹ ਉਸਦੀ ਪਰੂਫ਼ ਰੀਡਰ ਵਾਲੀ ਅਹੁਦੇਦਾਰੀ ਬਾਰੇ ਅਕਸਰ ਆਖਦਾ, "ਗੋਰਖੀ



**ਅਦਾਰਾ ਕਲਾਕਾਰ ਵਲੋਂ ਕਰਵਾਏ ਸਨਮਾਨ ਸਮਾਗਮ 'ਚ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੇਮ ਗੋਰਖੀ, ਧਰਮ ਕਮਿਆਣਾ, ਪਰਮਜੀਤ ਮਾਨ, ਓਮ ਪ੍ਰਕਾਸ਼ ਗਾਸੋ, ਗੁਲਜਾਰ ਸਿੰਘ ਸੰਧੂ, ਸਰਬਜੀਤ ਕੌਰ ਸੋਹਲ, , ਡਾ. ਜੋਗਿੰਦਰ ਨਿਰਾਲਾ ਤੇ ਕੰਵਰਜੀਤ ਭੱਠਲ**


ਮੁਲਾਜ਼ਮ ਛੋਟਾ ਹੋਵੇਗਾ, ਪਰ ਉਸਦਾ ਕੱਦ ਵੱਡਾ ਹੈ। ਉਹ ਵੱਡੇ ਵੱਡੇ ਲੇਖਕਾਂ ਦੀਆਂ ਰਚਨਾਵਾਂ ਵਿਚਲੇ ਕੋਕੜੂ ਚੁਣ ਸਕਦਾ ਹੈ।"

ਪ੍ਰੇਮ ਗੋਰਖੀ ਨੇ ਦੁਆਬੇ ਦੇ ਦਲਿਤ ਲੋਕਾਂ ਅੰਦਰ ਆ ਰਹੀਆਂ ਆਰਥਿਕ, ਸਮਾਜਿਕ ਅਤੇ ਮਾਨਸਿਕ ਤਬਦੀਲੀਆਂ ਬਾਰੇ ਜਿੰਨੀ ਸਹਿਜਤਾ ਅਤੇ ਸੂਖ਼ਮਤਾ ਨਾਲ ਲਿਖਿਆ, ਸ਼ਾਇਦ ਹੋਰ ਕੋਈ ਲੇਖਕ ਨਾ ਲਿਖ ਸਕਿਆ ਹੋਵੇ। ਉਸਨੇ 'ਮਿੱਟੀ ਰੰਗੇ ਲੋਕ', 'ਜੀਣ ਮਰਣ', 'ਅਰਜਨ ਸਫੈਦੀ ਵਾਲਾ' 'ਧਰਤੀ ਪੁੱਤਰ' ਅਤੇ "ਜਨਰੇਸ਼ਨ ਗੈਪ" ਕਹਾਣੀ ਸੰਗ੍ਰਹਿ ਅਤੇ 'ਤਿਤਰ ਖੰਭੀ ਜੂਹ 'ਵਣਵੇਲਾ 'ਬੁੱਢੀ ਰਾਤ ਤੇ ਸੂਰਜ' ਨਾਵਲੈੱਟ ਪਾਠਕਾਂ ਦੀ ਝੋਲੀ ਪਾਏ। ਭੇਤੀ ਬੰਦੇ, ਵਿੱਥ, ਜੀਣ ਮਰਣ, ਆਪਣਾ ਅੱਧ, ਇੱਕ ਟਿਕਟ ਰਾਮਪੁਰਾ ਫੂਲ, ਕੁੰਡਾ, ਬਚਨਾ ਬੱਕਰਵੱਢ, ਅਰਜਨ ਸਫ਼ੈਦੀ ਵਾਲਾ, ਜੜ੍ਹ ਸੰਸਕਾਰ, ਆਖਰੀ ਕਾਨੀ ਅਤੇ 'ਧੀਆਂ' ਵਰਗੀਆਂ ਸ਼ਾਹਕਾਰ ਕਹਾਣੀਆਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਜੋ ਗੋਰਖੀ ਨੂੰ ਹਮੇਸ਼ਾ ਜਿੰਦਾ ਰੱਖਣਗੀਆਂ।

ਕੁੱਝ ਸਾਲ ਪਹਿਲਾਂ ਉਸਦਾ ਭਿਆਨਕ ਐਕਸੀਡੈਂਟ ਹੋਇਆ। ਜਾਨ ਤਾਂ ਬਚ ਗਈ ਪਰ ਸਿਰ ਦੀ ਸੱਟ ਨੇ ਉਸਨੂੰ ਸਾਵਾਂ ਨਾ ਰਹਿਣ ਦਿੱਤਾ। ਉਸਦੀਆਂ ਸਰਗਰਮੀਆਂ 'ਚ ਪਹਿਲਾਂ ਜਿਹਾ ਤਿੱਖਾਪਣ ਨਾ ਰਿਹਾ। ਕੁੱਝ ਠੀਕ ਹੋਇਆ ਤਾਂ ਪੰਜਾਬੀ ਟ੍ਰਿਬਿਊਨ 'ਚ 'ਕਹਾਣੀਆਂ ਵਰਗੇ ਲੋਕ ਲਿਖਣ ਲੱਗਾ। ਉਸਦੀ ਕਲਮ ਰਵਾਂ ਹੋਣ ਲੱਗੀ। ਗੋਰਖੀ ਦੇ ਯਾਰਾਂ ਨੂੰ ਆਸ ਬੱਝੀ ਕਿ ਉਸਨੂੰ ਅਣਗੌਲਿਆਂ ਕਰਨ ਵਾਲੀਆਂ ਵੱਡੀਆਂ ਸੰਸਥਾਵਾਂ ਛੇਤੀ ਆਪਣੀ ਭੁੱਲ ਸੁਧਾਰ ਲੈਣਗੀਆਂ। ਸਭ ਕੁੱਝ ਠੀਕ ਹੋ ਰਿਹਾ ਸੀ ਕਿ ਕੁੱਝ ਵੀ ਠੀਕ ਨਾ ਰਿਹਾ। ਗੋਰਖੀ ਅਣਦੱਸੇ ਰਾਹਾਂ 'ਤੇ ਤੁਰ ਗਿਆ। ਅਫਸੋਸ ਹੁਣ ਫੋਨ 'ਤੇ ਉਸਦੀ ਪਿਆਰੀ ਤੇ ਗੜ੍ਹਕਵੀਂ ਆਵਾਜ਼, "ਕੈਸੇ ਹੋ ਪਿਆਰਿਓ ? ਲਿਖੀ ਕੋਈ ਨਵੀਂ ਕਹਾਣੀ ?" ਸੁਣਨ ਨੂੰ ਨਹੀਂ ਮਿਲੇਗੀ। ਗੋਰਖੀ ਆਪਣੇ ਪਿੱਛੇ ਵੱਡਾ ਖਲਾਅ ਛੱਡ ਗਿਆ ਹੈ। (**ਸੰਪਰਕ-9872640994**)

# ਪ੍ਰੇਮ ਗੋਰਖੀ ਨਾਲ ਮੁਲਾਕਾਤਾਂ ਦਾ ਪ੍ਰਸੰਗ

## - ਮਨਮੋਹਨ ਸਿੰਘ ਦਾਊਂ



ਉਹ ਵੀ ਸਮਾਂ ਸੀ ਜਦੋਂ ਪੰਜਾਬੀ ਸਾਹਿਤ ਸਭਾਵਾਂ ਦਾ ਦੌਰ ਲੇਖਕਾਂ ਲਈ ਉਤਸ਼ਾਹ ਵਾਲਾ ਹੁੰਦਾ ਸੀ। ਹਰ ਕੋਈ ਲੇਖਕ ਮੀਟਿੰਗਾਂ 'ਚ ਹਾਜ਼ਰ ਹੋਣ ਲਈ ਬੜੇ ਉਤਸ਼ਾਹ ਨਾਲ ਜਾਂਦਾ ਸੀ। ਆਪਣੀ-ਆਪਣੀ ਰਚਨਾ ਸੁਣਾਉਣ ਲਈ ਮੌਕਾ ਭਾਲਦਾ ਸੀ। ਆਪਣੇ ਲੇਖਕ ਹੋਣ ਦਾ ਸਿੱਕਾ ਜਮਾਉਂਦਾ ਸੀ। ਰਚਨਾਵਾਂ ਉੱਤੇ ਭਰਪੂਰ ਚਰਚਾ ਹੁੰਦੀ। ਜਿਸ ਲੇਖਕ ਦੀ ਰਚਨਾ ਦੀ ਪ੍ਰਸੰਸਾ ਹੁੰਦੀ, ਉਹ ਆਪਣਾ ਕੱਦ ਉੱਚਾ ਹੋਇਆ ਸਮਝਦਾ। ਰਜਿਸਟਰ 'ਚ ਹਾਜ਼ਰੀ ਲਗਦੀ ਤੇ ਅਗਲੇ ਦਿਨਾਂ 'ਚ ਮੀਟਿੰਗ ਦੀ ਕਾਰਵਾਈ ਰਿਪੋਰਟ ਅਖ਼ਬਾਰਾਂ 'ਚ ਛਪਦੀ। ਹੋਰ ਚਰਚਾ ਹੁੰਦੀ ਤੇ ਲੇਖਕ ਦੀ ਪਛਾਣ ਸਥਾਪਤ ਹੁੰਦੀ। ਦੋਸਤੀਆਂ ਗੰਢੀਆਂ ਜਾਂਦੀਆਂ। ਇੱਕ ਦੂਜੇ ਨਾਲ ਨੇੜਤਾ ਵਧਦੀ। ਵਿਰੋਧੀ ਸੁਰਾਂ ਵੀ ਉੱਠਦੀਆਂ। ਇਕ ਦੂਜੇ ਨਾਲ ਰੋਸ-ਖਤਾ ਤੇ ਕਿੜ ਕੱਢਣ ਲਈ ਵੀ ਮੌਕਾ ਲੱਭਿਆ ਜਾਂਦਾ। ਦੂਰੋਂ-ਦੂਰੋਂ ਲੇਖਕ ਮੀਟਿੰਗਾਂ 'ਚ ਆਉਂਦੇ। ਆਥਣ ਹੋਈ 'ਤੇ ਕਈ ਸਭਾਵਾਂ 'ਚ ਘੁੱਟ ਰੰਗੀਨ ਕੀਤੇ ਜਾਂਦੇ ਤੇ ਖੁੱਲ੍ਹ ਕੇ ਅੰਦਰਲੀ ਭੜਾਸ ਵੀ ਕੱਢੀ ਜਾਂਦੀ। ਇਸ ਸਾਹਿਤਕ ਪ੍ਰਯੋਜਨ ਨਾਲ ਲਿਖਣ ਤੇ ਪੜ੍ਹਨ ਦੀ ਰੁਚੀ ਵਿਗਸਦੀ। ਕਈ ਵਾਰ ਲੇਖਕ ਨੂੰ ਮਿਲਣ ਦੀ ਤਾਂਘ ਪ੍ਰਬਲ ਹੁੰਦੀ। ਰਚਨਾ ਤੇ ਰਚਨਾਕਾਰ, ਕਰਮ ਤੇ ਕਿਰਦਾਰ ਨੂੰ ਸਮਝਣ ਦਾ ਮੌਕਾ ਮੇਲ ਬਣਦਾ। ਇਹ ਦੌਰ 1960 ਤੋਂ 1990 ਤੱਕ ਪੂਰੇ ਸਿਖਰਾਂ 'ਤੇ ਰਿਹਾ।

ਪੰਜਾਬੀ ਸਾਹਿਤ ਸਭਾਵਾਂ ਦੇ ਪ੍ਰਾਰੰਭ 'ਚ ਰਾਮਪੁਰ ਸਭਾ ਦੀ ਭੂਮਿਕਾ ਯਾਦਗਾਰੀ ਬਣ ਕੇ ਉਭਰੀ। ਹਰ ਜ਼ਿਲ੍ਹੇ ਵਿਚ ਸਭਾਵਾਂ ਸੰਗਠਿਤ ਹੋਈਆਂ। ਉਦੋਂ ਪੁਆਧ ਖੇਤਰ ਵਿਚ ਰੂਪਨਗਰ (ਰੋਪੜ) ਜ਼ਿਲ੍ਹਾ ਦੀ ਜ਼ਿਲ੍ਹਾ ਲਿਖਾਰੀ ਸਭਾ ਰੂਪਨਗਰ ਆਪਣੀਆਂ ਸਰਗਰਮੀਆਂ ਕਾਰਨ ਖਿੱਚ-ਕੇਂਦਰ ਸੀ। ਮੈਂ, ਅਕਸਰ ਪਿੰਡ ਦਾਊਂ ਤੋਂ ਬੱਸ ਰਾਹੀਂ ਰੋਪੜ ਮੀਟਿੰਗ 'ਚ ਜਾ ਹਾਜ਼ਰ ਹੁੰਦਾ। ਮੀਟਿੰਗਾਂ ਦੀ ਥਾਂ ਵੀ ਬਦਲਦੀ ਰਹਿੰਦੀ। ਇਕੇਰਾਂ ਸਾਹਿਤ ਸਭਾ ਦੀ ਮੀਟਿੰਗ ਸਰਕਾਰੀ ਕਾਲਜ ਰੋਪੜ ਵਿਖੇ ਰੱਖੀ ਗਈ। ਉਸ ਵਿਚ ਪ੍ਰੇਮ ਗੋਰਖੀ ਨੂੰ ਉਚੇਚੇ ਤੌਰ 'ਤੇ ਕਹਾਣੀ ਪੜ੍ਹਨ ਲਈ ਸਦਿਆ ਗਿਆ। ਉਸ ਵੇਲੇ ਪ੍ਰੇਮ ਗੋਰਖੀ ਉਭਰ ਰਹੇ ਕਹਾਣੀਕਾਰਾਂ ਦੀ ਕਤਾਰ ਦਾ ਮਾਣ ਸੀ। ਸਾਹਿਤਕ ਮੀਟਿੰਗ ਦੀ ਸਮਾਪਤੀ ਪਿੱਛੋਂ ਅਸੀਂ ਤਿੰਨ ਚਾਰ ਜਣੇ ਨੇੜੇ ਇੱਕ ਢਾਬੇ 'ਤੇ ਚਾਹ ਪੀਣ ਲਈ ਬੈਠ ਗਏ। ਇਨ੍ਹਾਂ 'ਚ ਪ੍ਰੇਮ ਗੋਰਖੀ ਵੀ ਸ਼ਾਮਲ ਸੀ। ਇਹ ਪ੍ਰੇਮ ਗੋਰਖੀ ਨਾਲ ਮੇਰੀ ਪਹਿਲੀ ਮਿਲਣੀ ਸੀ। ਮੋਹਨਦੀਪ ਨੂੰ ਬੜਾ ਚਾਅ ਚੜ੍ਹਿਆ ਹੋਇਆ ਸੀ ਕਿ ਅੱਜ ਪ੍ਰੇਮ ਗੋਰਖੀ ਨੇ




**ਪੰਜਾਬੀ ਸਾਹਿਤ ਸਭਾ ਮੋਰਿੰਡਾ (ਰੋਪੜ) ਦੇ ਮੈਂਬਰਾ ਨਾਲ ਪ੍ਰੇਮ ਗੋਰਖੀ, ਹਮਦਰਦਵੀਰ ਨੌਸ਼ਹਿਰਵੀ, ਮਨੂੰਪੁਰੀ ਤੇ ਹੋਰ**

ਸਾਹਿਤ ਸਭਾ 'ਚ ਕਹਾਣੀ ਪੜ੍ਹਕੇ ਵਾਹਵਾ ਧਾਕ ਜਮਾਈ। ਪ੍ਰੇਮ ਗੋਰਖੀ ਨੇ ਬੜੇ ਟਿਕਾਅ ਤੇ ਸਹਿਜ ਨਾਲ ਕਹਾਣੀ ਪੜ੍ਹੀ ਸੀ। ਢਾਬੇ 'ਤੇ ਚਾਹ ਪੀਣ ਦਾ ਮੌਕਾ ਹੋਰ ਵੀ ਨੇੜਤਾ ਪੈਦਾ ਕਰਨਾ ਸਿੱਧ ਹੋਇਆ। ਪ੍ਰੇਮ ਗੋਰਖੀ ਸੰਜੀਦਾ ਸੁਭਾਅ ਨਾਲ ਗੱਲਾਂ ਕਰਦਾ ਰਿਹਾ ਤੇ ਚਾਹ ਦੇ ਘੁੱਟ ਭਰਦਾ ਰਿਹਾ। ਮੈਨੂੰ ਯਾਦ ਹੈ ਕਿ ਪ੍ਰੇਮ ਗੋਰਖੀ ਨੇ ਖੱਦਰ ਦੀ ਕਮੀਜ਼ ਪਹਿਨੀ ਹੋਈ ਸੀ। ਪੁਸ਼ਾਕ ਸਧਾਰਨ ਇਕ ਕਿਰਤੀ ਵਰਗੀ। ਸ਼ਾਇਦ ਉਹ ਜਲੰਧਰੋਂ ਆਇਆ ਸੀ। ਅਸੀਂ ਸਾਰਿਆਂ ਨੇ ਆਪਣੇ ਘਰੀਂ ਮੁੜਨਾ ਸੀ। "ਦਾਊਂ, ਤੇਰੀ ਕਵਿਤਾ ਬੜੀ ਚੰਗੀ ਲੱਗੀ, ਪਹਿਲਾਂ ਵੀ ਮੈਂ ਤੇਰੀਆਂ ਕਵਿਤਾਵਾਂ ਪੜ੍ਹੀਆਂ।", ਪ੍ਰੇਮ ਗੋਰਖੀ ਨੇ ਇਨ੍ਹਾਂ ਸ਼ਬਦਾਂ ਨਾਲ ਮੇਰੇ ਨਾਲ ਸਾਂਝ ਵਧਾਈ। ਫਿਰ ਸਮੇਂ-ਸਮੇਂ ਮੇਲ-ਮਿਲਾਪ ਹੁੰਦਾ ਰਿਹਾ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਲਿਖਾਰੀ ਸਭਾ ਰੂਪਨਗਰ ਦੇ ਸਮਾਗਮਾਂ 'ਚ ਉਸ ਵੇਲੇ ਦੇ ਨਾਮਵਰ ਸਾਹਿਤਕਾਰ ਸੱਦੇ ਜਾਂਦੇ ਸਨ ਜਿਨ੍ਹਾਂ 'ਚ ਜਸਵੰਤ ਸਿੰਘ ਕੰਵਲ, ਪ੍ਰੋ. ਪ੍ਰੀਤਮ ਸਿੰਘ, ਡਾ. ਗੁਰਚਰਨ ਸਿੰਘ, ਸੁਖਪਾਲਵੀਰ ਸਿੰਘ ਹਸਰਤ, ਪ੍ਰਿੰ. ਤਖਤ ਸਿੰਘ, ਪ੍ਰੋ ਮੇਹਰ ਸਿੰਘ, ਪ੍ਰੋ. ਬ੍ਰਿਜ ਲਾਲ ਸ਼ਾਸਤਰੀ, ਕੁਲਵੰਤ ਸਿੰਘ ਵਿਰਕ, ਡਾ. ਗੁਰਨਾਮ ਸਿੰਘ ਤੀਰ, ਡਾ. ਜਗਜੀਤ ਸਿੰਘ, ਹੁਕਮ ਸਿਘ ਭੱਟੀ, ਡਾ. ਐਸ. ਐਸ. ਦੁਸਾਂਝ, ਡਾ. ਜਗਜੀਤ ਸਿਘ ਅਨੰਦ ਆਦਿਕ ਜ਼ਿਕਰਯੋਗ ਹਨ।

ਪੰਜਾਬੀ ਸਾਹਿਤ ਸਭਾ ਖਰੜ ਦੇ ਸੰਸਥਾਪਕ ਦੇ ਤੌਰ 'ਤੇ ਮੈਂ ਇਕ ਸਮਾਗਮ ਵਿੱਚ ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ ਤੇ ਕਵੀਆਂ ਨੂੰ ਸੱਦਿਆ। ਸਮਾਗਮ ਸਾਰਿਆਂ ਨੇ ਪਸੰਦ ਕੀਤਾ। ਇਹ ਉਹ ਸਮਾਂ ਸੀ ਜਦੋਂ 'ਦੀਵਾ ਬਲੇ ਸਾਰੀ ਰਾਤ' ਕਰਕੇ ਪ੍ਰੇਮ ਗੋਰਖੀ ਕਹਾਣੀ ਖੇਤਰ 'ਚ ਸਥਾਪਤ ਹੋ ਚੁੱਕਿਆ ਸੀ। ਮੈਂ ਭਾਵੇਂ ਇਸ ਰਾਤ ਵਾਲੇ ਕਹਾਣੀ ਅਖਾੜੇ 'ਚ ਕਦੇ ਸ਼ਾਮਲ ਨਹੀਂ ਹੋ ਸਕਿਆ ਪਰੰਤੂ ਇਸ ਦੀ ਕਾਰਜ-ਸ਼ੈਲੀ ਦਾ ਪ੍ਰਸ਼ੰਸਕ ਜ਼ਰੂਰ ਰਿਹਾਂ।

ਫਿਰ ਜਦੋਂ ਪ੍ਰੇਮ ਗੋਰਖੀ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ 'ਚ ਨੌਕਰੀ ਕਰਨ ਲੱਗਿਆ, ਨੇੜਤਾ ਵਧਦੀ ਗਈ। ਉਸ ਦੀਆਂ ਕਹਾਣੀਆਂ ਛਪਦੀਆਂ ਤੇ ਪੜ੍ਹਨ ਦਾ ਮੌਕਾ ਬਣਦਾ ਗਿਆ। ਧਰਤੀ ਦੇ

ਕਾਮਿਆਂ ਨਾਲ ਜੁੜੀਆਂ ਕਹਾਣੀਆਂ ਉਸ ਦੀ ਕਹਾਣੀ-ਕਲਾ ਦੀ ਪਛਾਣ ਬਣ ਕੇ ਉਭਰੀਆਂ। ਨਾਗਮਣੀ 'ਚ ਛਪਣ ਕਰਕੇ ਉਸਦੀ ਕਹਾਣੀ ਨੂੰ ਭਰਪੂਰ ਪ੍ਰਸੰਸਾ ਮਿਲੀ। ਪੰਜਾਬੀ ਦੇ ਪੰਜ ਚੋਣਵੇਂ ਕਹਾਣੀਕਾਰਾਂ ਮੋਹਨ ਭੰਡਾਰੀ, ਵਰਿਆਮ ਸਿੰਘ ਸੰਧੂ, ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ ਤੇ ਜਸਬੀਰ ਭੁੱਲਰ ਗੂੜ੍ਹੇ ਹਸਤਾਖ਼ਰ ਮੰਨੇ ਗਏ। ਪਿੰਡੇ ਹੰਢਾਏ ਸੱਚ ਨੂੰ ਜਿਸ ਦਲੇਰੀ ਤੇ ਯਥਾਰਥਕ ਵਿਧਾ ਰਾਹੀਂ ਪ੍ਰੇਮ ਗੋਰਖੀ ਨੇ ਪੰਜਾਬੀ ਕਹਾਣੀ 'ਚ ਚਿਤਰਿਆ, ਉਹ ਧਾਰਾ ਪਹਿਲ-ਕਦਮੀ ਵਾਲੀ ਸੀ। ਪਾਤਰ ਦੀ ਸੰਵੇਦਨਾ ਤੇ ਦਰਦ ਨੂੰ ਜਿਸ ਬਰੀਕ-ਬੀਨੀ ਨਾਲ ਪ੍ਰੇਮ ਗੋਰਖੀ ਬਿਆਨ ਕਰਦਾ, ਉਹ ਉਸ ਦੀ ਕਲਾ ਦੀ ਪਛਾਣ ਬਣੀ। ਉਸ ਦੇ ਧੀਮੇ ਬੋਲਾਂ 'ਚ ਧਰਤੀ ਦਾ ਵੈਰਾਗ ਹੈ ਤੇ ਨਿਤਾਣਿਆਂ ਦੇ ਪਸੀਨੇ ਦੇ ਹੱਕ ਲਈ ਹੋਕਾ ਹੈ। ਉਹ ਪਾਤਰ ਘੜਦਾ ਨਹੀਂ, ਉਸਾਰਦਾ ਹੈ। ਉਹ ਜ਼ਖ਼ਮ ਕਰੇਦਦਾ ਨਹੀਂ, ਸਗੋਂ ਮਲੱਮਪੱਟੀ ਕਰਨ ਦੀ ਅਗਵਾਈ ਕਰਦਾ ਹੈ। ਉਹ ਧਰਤੀ ਦੇ ਜੰਮੇ-ਜਾਇਆਂ ਦੀ ਹੋਣੀ ਲਿਸ਼ਕਾਉਣ ਦਾ ਹਿਤੈਸ਼ੀ ਹੈ।

ਜ਼ਿਲ੍ਹਾ ਲਿਖਾਰੀ ਸਭਾ ਰੂਪਨਗਰ ਦਾ ਜਦੋਂ ਮੈਂ, ਸੀਨੀਅਰ ਮੀਤ ਪ੍ਰਧਾਨ ਸੀ, ਮੇਰੀ ਇੱਛਾ ਸੀ ਕਿ ਮੈਂ ਆਪਣੇ ਪਿੰਡ ਦਾਊਂ ਇੱਕ ਸਾਹਿਤਕ-ਮਿਲਣੀ ਕਰਵਾਵਾਂ। ਮੇਰੀ ਬੇਨਤੀ ਪ੍ਰਵਾਨ ਹੋਈ। ਸਰਦੀ ਦੀ ਰੁੱਤ ਸੀ। ਸਭਾ ਦੇ ਸਾਰੇ ਮੈਂਬਰਾਂ ਨੂੰ ਸੱਦਾ ਦਿੱਤਾ। ਉਹਨਾਂ ਮੈਂਬਰਾਂ ਤੋਂ ਬਿਨਾਂ ਮੈਂ ਉਚੇਚੇ ਤੌਰ ਤੇ ਪ੍ਰੇਮ ਗੋਰਖੀ, ਡਾ. ਕਰਨੈਲ ਸਿੰਘ ਸੋਮਲ ਤੇ ਕੁਲਦੀਪ ਸਿੰਘ ਨੂੰ ਬੁਲਾਇਆ। ਇਹ ਲੇਖਕ-ਮਿਲਣੀ ਪੰਜ ਜਨਵਰੀ, 1986 ਨੂੰ ਆਯੋਜਿਤ ਕੀਤੀ ਗਈ। ਪਿੰਡ 'ਚ ਰੌਣਕ ਲਗ ਗਈ। ਪਹਿਲੀ ਵਾਰ 31 ਲੇਖਕ ਮੇਰੇ ਘਰ ਹੁੰਮ-ਹੁਮਾ ਕੇ ਪੁੱਜੇ। ਮੇਰੀ ਘਰ ਵਾਲੀ ਦਲਜੀਤ ਕੌਰ ਦਾਊਂ, ਸੂਬਾ ਸੁਰਿੰਦਰ ਕੌਰ ਖਰਲ (ਰੋਪੜ) ਤੇ ਇਕ ਹੋਰ ਲੇਖਿਕਾ ਇਸ ਸਮਾਗਮ 'ਚ ਸ਼ਾਮਲ ਸਨ। ਸਾਰਿਆਂ ਨੇ ਆਪਣੀਆਂ-ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ। ਘਰ 'ਚ ਚਹਿਲ-ਪਹਿਲ ਹੋ ਗਈ। ਆਂਢ-ਗੁਆਂਢ 'ਚ ਗੱਲਾਂ ਹੋਣ ਲੱਗੀਆਂ। ਪ੍ਰੇਮ ਗੋਰਖੀ ਨੇ ਬੜੇ ਸਲੀਕੇ ਨਾਲ ਸਾਹਿਤਕ-ਵਿਚਾਰ ਪ੍ਰਗਟ ਕੀਤੇ ਤੇ ਗੱਲਾਂ ਕੀਤੀਆਂ। ਮੇਰੇ ਲਈ ਇਹ ਸਾਹਿਤਕ ਮਿਲਣੀ ਵਿਸਮਾਦੀ ਖ਼ੁਸ਼ੀ ਵਰਗੀ ਸੀ। ਅਸੀਂ ਸਾਰਿਆਂ ਨੇ ਕੋਠੀ 'ਤੇ ਚੜ੍ਹ ਕੇ ਫੋਟੋ ਵੀ ਖਿਚਵਾਈ ਜੋ ਮੈਂ ਅਜੇ ਤੱਕ ਸਾਂਭੀ ਹੋਈ ਹੈ। ਇਸ ਤਰ੍ਹਾਂ ਦੀਆਂ ਸਾਹਿਤਕ ਮਿਲਣੀਆਂ ਆਪਸ ਵਿਚ ਸਾਂਝ ਤੇ ਅਪਣੱਤ ਸਿਰਜਦੀਆਂ ਸਨ। ਫੋਟੋ ਮੈਂ ਗੋਰਖੀ ਦੀ ਬੇਟੀ ਨਵਰੂਪ ਨੂੰ ਵਿਖਾਈ। "ਦੱਸ ਤੇਰਾ ਡੈਡੀ ਕਿੱਥੇ ਖੜਿਆ?" ਮੈਂ ਕਿਹਾ। ਉਹ ਬਹੁਤ ਹੈਰਾਨ ਤੇ ਖੁਸ਼ ਹੋਈ। ਚਾਲੀ ਸਾਲ ਪਹਿਲਾਂ 3 ਮਈ, 1981 ਨੂੰ ਮਿੱਤਰ ਬਲਬੀਰ ਸੈਨੀ ਨੇ ਪੰਜਾਬੀ ਲਿਖਾਰੀ ਸਭਾ ਨੰਗਲ ਵੱਲੋਂ ਇਕ ਸਾਹਿਤਕ ਸਮਾਗਮ ਰੱਖਿਆ ਜਿਸ ਵਿਚ ਕਹਾਣੀ ਦਰਬਾਰ ਤੇ ਕਵੀ ਦਰਬਾਰ 'ਚ ਦੂਰੋਂ -ਨੇੜਿਓਂ ਲੇਖਕ ਇਕੱਤਰ ਹੋਏ। ਮੈਨੂੰ ਵੀ ਸੱਦਿਆ ਗਿਆ ਤੇ ਪ੍ਰੇਮ ਗੋਰਖੀ ਵੀ ਸ਼ਾਮਲ ਹੋਇਆ। ਮੈਨੂੰ ਯਾਦ ਹੈ ਕਿ ਮੈਂ ਕਹਾਣੀ 'ਮੁਹੱਬਤੀ ਨੈਣਾਂ ਦੀ ਆਖਿਰੀ ਲੋਚਾ' ਪੜ੍ਹੀ। ਇਹ ਕਹਾਣੀ ਮੇਰੇ ਪਿੰਡ ਦੇ ਪਾਤਰ ਨਾਲ ਸਬੰਧਤ ਸੀ। ਖ਼ੈਰ, ਕਹਾਣੀ ਜਚ ਗਈ। ਪ੍ਰੇਮ ਗੋਰਖੀ ਨੇ ਮੈਨੂੰ ਕਹਾਣੀ ਲਿਖਦੇ ਰਹਿਣ ਲਈ ਜ਼ੋਰ ਦਿੱਤਾ ਪਰੰਤੂ ਮੈਂ ਇਸ ਵਿਧਾ ਨੂੰ ਵਧੇਰੇ ਅਹਿਮੀਅਤ ਨਾ ਦੇ ਸਕਿਆ। ਇਹ ਸਮਾਗਮ ਵੀ ਇੱਕ ਯਾਦਗਾਰੀ ਸੀ।

ਗੱਲ ਲਗਪਗ 28 ਵਰ੍ਹੇ ਪੁਰਾਣੀ ਹੈ ਜਦੋਂ ਮੈਂ, ਪੰਜਾਬੀ ਸਾਹਿਤ ਸਭਾ ਖਰੜ ਵੱਲੋਂ ਸ੍ਰੀ ਕੁਲਵੰਤ ਸਿੰਘ ਵਿਰਕ ਯਾਦਗਾਰੀ ਕਹਾਣੀ ਦਰਬਾਰ (1993) ਆਯੋਜਿਤ ਕਰਵਾਇਆ। ਇਸ ਸਮਾਗਮ ਦੀ ਪ੍ਰਧਾਨਗੀ-ਮੰਡਲ ਵਿਚ ਗੁਲਜ਼ਾਰ ਸਿੰਘ ਸੰਧੂ, ਮਿਸ਼ਿਜ ਵਿਰਕ, ਡਾ. ਕੇਸਰ ਸਿੰਘ ਕੇਸਰ ਤੇ ਸ੍ਰੀ ਰਣਜੀਤ ਸਿੰਘ ਮਾਂਗਟ ਸ਼ਾਮਲ ਹੋਏ। ਕਹਾਣੀ ਪੜ੍ਹਨ ਲਈ ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ ਤੇ ਸੁਰਿੰਦਰ ਰਾਮਪੁਰੀ ਨੂੰ ਸੱਦਾ ਦਿੱਤਾ ਗਿਆ। ਤਿੰਨੇ ਕਹਾਣੀਕਾਰਾਂ ਨੇ ਸਰੋਤਿਆਂ ਨੂੰ ਕੀਲ ਰੱਖਿਆ। ਕੁਲਵੰਤ ਸਿੰਘ ਵਿਰਕ ਦੀ ਸ਼ਖ਼ਸੀਅਤ ਤੇ ਕਹਾਣੀ-ਕਲਾ ਬਾਰੇ ਗੁਲਜ਼ਾਰ ਸਿੰਘ ਸੰਧੂ ਤੇ ਡਾ. ਕੇਸਰ ਨੇ ਆਪਣੇ ਵਿਚਾਰ ਸਾਂਝੇ ਕੀਤੇ। ਪੜ੍ਹੀਆਂ ਗਈਆਂ ਕਹਾਣੀਆਂ ਬਾਰੇ ਡਾ. ਕੇਸਰ ਨੇ ਵਾਹਵਾ ਸਮੀਖਿਆ ਕੀਤੀ। ਸਾਰਿਆਂ ਨੇ ਸਮਾਗਮ ਨੂੰ ਹਰ ਪੱਖੋਂ ਸਫ਼ਲ ਆਖਿਆ। ਪ੍ਰੇਮ ਗੋਰਖੀ ਨੇ ਸਭਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਇੰਝ ਪ੍ਰੇਮ ਗੋਰਖੀ ਮੇਰੇ ਸਾਹਿਤਕ ਮਿੱਤਰਾਂ ਦੀ ਲੜੀ ਦਾ ਮਨ-ਪਸੰਦ ਮਣਕਾ ਬਣ ਗਿਆ।



**ਪ੍ਰੇਮ ਗੋਰਖੀ ਕਹਾਣੀਕਾਰ ਪਰਵੇਜ਼ ਸੰਧੂ ਦਾ ਸਨਮਾਨ ਕਰਦੇ ਹੋਏ, ਨਾਲ ਸਭਾ ਦੇ ਮੈਂਬਰ**

ਸਮਾਂ ਲੰਘਿਆ, 'ਪੰਜਾਬੀ ਟ੍ਰਿਬਿਊਨ' ਤੋਂ ਸੇਵਾ-ਮੁਕਤ ਹੋਣ ਉਪਰੰਤ ਪ੍ਰੇਮ ਗੋਰਖੀ ਨੇ ਕੁਝ ਸਮਾਂ ਲੋਕਗੀਤ ਪ੍ਰਕਾਸ਼ਨ ਕੋਲ ਪਰੂਫ਼ ਰੀਡਿੰਗ ਕਰਦਿਆਂ ਗੁਜ਼ਾਰਿਆ ਤੇ 'ਕੁੰਭ' ਮੈਗਜ਼ੀਨ ਦੀ ਸੰਪਾਦਨਾ ਕਰਨੀ ਪ੍ਰਾਰੰਭ ਕੀਤੀ। ਮੇਰੇ ਕੋਲੋਂ ਰਚਨਾਵਾਂ ਮੰਗਵਾ ਕੇ ਛਾਪੀਆਂ। ਕੁਝ ਕਾਰਨਾਂ ਕਰਕੇ ਇਹ ਮੈਗਜ਼ੀਨ ਚਾਲੂ ਨਾ ਰਹਿ ਸਕਿਆ। ਮਾਲੀ-ਸਹਾਇਤਾ ਦੇਣ ਲਈ ਮੈਂ, ਪ੍ਰੇਮ ਗੋਰਖੀ ਦਾ ਸਾਥ ਦੇਣ ਦੀ ਇੱਛਾ ਪ੍ਰਗਟ ਕੀਤੀ ਪਰੰਤੂ ਗੱਲ ਸਿਰੇ ਨਾ ਚੜ੍ਹ ਸਕੀ। ਇੱਕ ਚੰਗਾ ਰਸਾਲਾ ਦਮ ਤੋੜ ਗਿਆ। ਜਿਸ ਦਾ ਸਾਨੂੰ ਦੁੱਖ ਹੋਇਆ। ਇਸ ਦੌਰਾਨ ਮੇਰੀਆਂ ਪੁਸਤਕਾਂ ਦੀ ਪ੍ਰਕਾਸ਼ਨਾ, ਲੋਕਗੀਤ ਪ੍ਰਕਾਸ਼ਨ ਅਦਾਰੇ 'ਚ ਚਲਦੀ ਰਹੀ ਤੇ ਮੇਰਾ ਸੰਪਰਕ ਪ੍ਰੇਮ ਗੋਰਖੀ ਦੀ ਬੇਟੀ ਨਵਰੂਪ ਕੌਰ ਨਾਲ ਜੁੜਿਆ। ਮੈਂ ਆਪਣੀਆਂ ਪੁਸਤਕਾਂ ਦੀ ਕੰਪੋਜ਼ਿੰਗ ਕਾਰਜ ਨਵਰੂਪ ਕੌਰ ਤੋਂ ਕਰਵਾਉਂਦਾ ਰਿਹਾ। ਮੇਰੀ ਪਤਨੀ ਦਲਜੀਤ ਕੌਰ ਦਾਊਂ ਦੀਆਂ ਪੁਸਤਕਾਂ ਦੀ ਕੰਪੋਜ਼ਿੰਗ ਵੀ ਨਵਰੂਪ ਹੀ ਕਰਦੀ ਰਹੀ। ਉਹ ਸਾਡੇ ਘਰ ਆ ਜਾਂਦੀ, ਇਕ ਪਰਿਵਾਰਕ ਮੈਂਬਰ ਦੀ ਤਰ੍ਹਾਂ ਕਿਉਂਕਿ ਉਹ ਸਾਡੇ ਘਰ ਤੋਂ ਸੜਕ ਟੱਪ ਕੇ 56 ਸੈਕਟਰ, ਚੰਡੀਗੜ੍ਹ ਰਹਿੰਦੀ ਹੈ। ਪ੍ਰੇਮ ਗੋਰਖੀ ਦੀ ਸਿਹਤ ਬਾਰੇ ਮੈਂ ਖ਼ਬਰਸਾਰ ਪੁੱਛਦਾ ਰਹਿੰਦਾ। ਮੈਂ, ਨਵਰੂਪ ਨੂੰ ਬੇਟੀ ਵਾਂਗ ਵੱਧ ਤੋਂ ਵੱਧ ਮਦਦ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ।

ਬੀਤੇ ਸਮੇਂ 'ਚ ਜਦੋਂ ਚੰਡੀਗੜ੍ਹ ਸਾਹਿਤ ਅਕਾਦਮੀ ਨੇ ਪ੍ਰੇਮ ਗੋਰਖੀ ਦੀ ਪੁਸਤਕ 'ਜਨਰੇਸ਼ਨ ਗੈਪ' ਨੂੰ ਪੁਰਸਕਾਰ ਦੇਣ ਦਾ ਸਮਾਗਮ ਸੈਕਟਰ 10 ਚੰਡੀਗੜ੍ਹ ਮਿਊਜ਼ੀਅਮ ਆਡੀਟੋਰੀਅਮ 'ਚ ਰੱਖਿਆ, ਮੈਂ ਉਚੇਚੇ ਤੌਰ 'ਤੇ ਉਸ ਨੂੰ ਵਧਾਈ ਦੇਣ ਗਿਆ, ਉਸ ਦਾ ਸਾਰਾ ਪਰਵਾਰ ਖ਼ੁਸ਼ੀ ਮਨਾ ਰਿਹਾ ਸੀ। ਕੁਝ ਦਿਨਾਂ ਬਾਅਦ ਹੀ ਪ੍ਰੇਮ ਗੋਰਖੀ ਦੀ ਸਿਹਤ ਠੀਕ ਨਾ ਰਹੀ। ਚਿੰਤਾ ਹੋਈ। ਖ਼ੈਰ, ਬਾਅਦ ਵਿਚ ਉਹ ਪੜ੍ਹਨ ਲਿਖਣ ਜੋਗਾ ਹੋ ਗਿਆ। ਫੋਨ 'ਤੇ ਗੱਲਬਾਤ ਹੁੰਦੀ ਰਹੀ। ਉਹ ਆਪਣੀ ਲਾਇਬ੍ਰੇਰੀ 'ਚੋਂ ਨਾ-ਸਾਂਭਣ ਯੋਗ ਪੁਸਤਕਾਂ ਮੈਨੂੰ ਸੌਂਪਣੀਆਂ ਚਾਹੁੰਦਾ ਸੀ ਤਾਂ ਜੋ ਮੈਂ ਉਹ ਪੁਸਤਕਾਂ ਲੋੜਵੰਦਾਂ ਕੋਲ ਪੁਜਾ ਸਕਾਂ। ਵਿਹਲ ਨਾ ਮਿਲੀ। ਸਬੱਬ ਨਾ ਜੁੜਿਆ ਤੇ ਪ੍ਰੇਮ ਗੋਰਖੀ ਅਲਵਿਦਾ ਕਹਿ ਗਿਆ। ਮੇਰੀ ਸਿਮਰਤੀ ਵਿਚ ਗ਼ੈਰ ਹਾਜ਼ਰ ਬੰਦਾ, ਸਦਾ ਹਾਜ਼ਰ ਰਹੇਗਾ। ਮਿੱਤਰ ਮੁੱਲ ਖਰੀਦਿਆਂ ਥੋੜ੍ਹੇ ਮਿਲਦੇ ਹਨ। (**ਮੋਬਾ. 98151-23900**)

# ਪ੍ਰੇਮ ਗੋਰਖੀ-ਸਿਰੜ ਦਾ ਸਿਖ਼ਰ

## - ਪ੍ਰੋ. ਕ੍ਰਿਸ਼ਨ ਕੁਮਾਰ ਰੱਤੂ

ਪ੍ਰੇਮ ਗੋਰਖੀ ਨਾਲ ਗੁਜ਼ਾਰੇ ਪਲਾਂ ਬਾਰੇ ਲਿਖਣਾ ਦਰਅਸਲ 'ਆਪਣੇ ਆਪ ਨੂੰ ਕੁਰੇਦਣਾ' ਹੈ। ਪ੍ਰੇਮ ਗੋਰਖੀ ਨਾਲ ਮੇਰੀ ਸਾਂਝ ਦੇ ਪਲਾਂ ਬਾਰੇ ਜਦੋਂ ਮੈਂ ਸੋਚਦਾ ਹਾਂ ਤਾਂ ਮੈਨੂੰ ਲਗਦਾ ਹੈ ਉਹ ਮਿਹਨਤ ਤੇ ਜ਼ਿੰਦਗੀ ਦੀ ਸਿਰਜਣਾ ਦਾ ਸਿਖ਼ਰ ਸੀ। ਇਕ ਨਿਵੇਕਲਾ ਸਿਰੜੀ ਜੋਧਾ।

ਉਦੋਂ ਉਹ 1970 ਦੇ ਦਿਨ ਸਨ। ਜਲੰਧਰ ਜਿਲ੍ਹੇ ਦੇ ਮਹਿਤਪੁਰ ਤੇ ਨਕੋਦਰ ਵਿਚ ਮੈਂ ਡੀ. ਏ. ਵੀ. ਕਾਲਜ ਦਾ ਵਿਦਿਆਰਥੀ ਸਾਂ। ਉਦੋਂ ਮੈਂ 'ਮੀਨਾਰ' ਸਾਹਿਤਕ ਪੇਪਰ ਕੱਢਿਆ ਸੀ। ਜੋ ਬਾਅਦ ਵਿਚ 1975 ਵਿਚ ਐਮਰਜੈਂਸੀ 'ਚ ਬੰਦ ਹੋ ਗਿਆ। ਇਹ ਮੇਰੇ ਜਨੂੰਨ ਦੇ ਦਿਨ ਸਨ। ਗੋਰਖੀ ਉਨ੍ਹਾਂ ਦਿਨਾਂ 'ਚ ਨਵਾਂ ਉਭਰਦਾ ਲੇਖਕ ਸੀ ਜੋ ਜਲਦੀ ਹੀ ਬਾਅਦ ਵਿਚ ਅੰਮ੍ਰਿਤਾ ਦੇ ਸ਼ਾਗਿਰਦਾਂ ਦੀ ਟੋਲੀ ਵਿਚ ਸ਼ਾਮਿਲ ਹੋ ਕੇ ਅੰਮ੍ਰਿਤਾ ਦੇ ਪਰਚੇ 'ਚ ਛਪਣ ਲੱਗ ਪਿਆ ਸੀ।

ਨਕੋਦਰ ਤੇ ਜਲੰਧਰ ਦੀਆਂ ਯਾਦਾਂ ਉਮੜ ਰਹੀਆਂ ਹਨ। ਉਹ ਸਾਹਿਤਕ ਯਾਦਾਂ ਦੀ ਧਰੋਹਰ ਹੈ ਮੇਰੇ ਜ਼ਿਹਨ 'ਚ । ਮੈਨੂੰ ਯਾਦ ਹੈ ਕਿ ਕਿੰਨੀਆਂ ਹੀ ਕਹਾਣੀਆਂ ਦੇ ਪਾਤਰਾਂ ਬਾਰੇ ਉਸਨੇ ਮੇਰੇ ਨਾਲ ਚਰਚਾ ਕੀਤੀ ਸੀ। ਦੇਰ ਰਾਤ ਤੀਕ ਲਾਡੋਵਾਲੀ ਰੋਡ ਦੇ ਢਾਬਿਆ 'ਚ ਬੈਠ ਕੇ ਉਸਨੇ ਰੌਸ਼ਨ ਦਿਮਾਗ਼ ਤੇ ਹਿੰਮਤ ਨਾਲ ਭਰੇ ਕਿਰਦਾਰ ਤਰਾਸ਼ੇ ਤੇ ਕਈ ਕਹਾਣੀਆਂ ਛਪਣ ਤੋਂ ਪਹਿਲਾਂ ਮੈਨੂੰ ਸੁਣਾਈਆ ਸਨ।

1970 ਤੋਂ 73 ਤੇ ਫਿਰ 1975 ਤੇ ਉਸਦਾ ਬਾਅਦ ਦਾ ਸਮਾਂ ਅਸਲ ਵਿਚ ਪੰਜਾਬੀ ਸਾਹਿਤ ਦਾ ਉਹ ਵਿਸ਼ੇਸ਼ ਕਾਲ ਹੈ, ਜਦੋਂ ਪੰਜਾਬੀ ਵਿਚ ਇਕ ਨਵਾਂ ਪੂਰ ਉੱਠਿਆ ਸੀ। ਲੇਖਕਾਂ ਦੇ ਨਵੇਂ ਚਿਹਰੇ ਚਮਕ ਰਹੇ ਸਨ। ਸਾਡਾ ਸ਼ਹਿਰ ਨਕੋਦਰ ਤੇ ਆਸ ਪਾਸ ਛੋਟੇ ਕਸਬੇ ਤੇ ਪਿੰਡਾਂ ਤੀਕ ਪੰਜਾਬੀ ਸਾਹਿਤ ਦੀ ਚਰਚਾ ਹੁੰਦੀ ਸੀ। ਨਵੇਂ ਸਾਹਿਤਕ ਪਰਚਿਆ ਦਾ ਠੀਕ ਇਸੇ ਤਰ੍ਹਾਂ ਦਾ ਦੌਰ ਸੀ। ਜਿਹੋ ਜਿਹਾ ਅੱਜ ਸ਼ੋਸ਼ਲ ਮੀਡੀਆ ਜਾਂ ਯੂ ਟਿਊਬ ਦਾ ਹੈ। ਉਦੋਂ ਛੋਟੇ ਮੋਟੇ ਪੇਪਰ ਵੀ ਵੱਡੀ ਗਿਣਤੀ ਵਿਚ ਛਪਦੇ ਸਨ ਤੇ ਗੋਰਖੀ ਤੇ ਅਸੀਂ ਸਾਰੇ ਉਨ੍ਹਾਂ ਵਿਚ ਛਪਦੇ ਸਾਂ।

ਗੋਰਖੀ ਦੇ ਲਿਖਣ ਬਾਰੇ ਜਦੋਂ ਮੈਂ ਸੋਚਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਉਹ ਜਿਨ੍ਹਾਂ ਹਾਲਾਤਾਂ ਵਿਚ ਜੀਊਆ ਤੇ ਜ਼ਿੰਦਗੀ ਦੀ ਸ਼ੁਰੂਆਤ ਕੀਤੀ। ਉਹ ਵੀ ਜ਼ਿੰਦਗੀ ਦਾ ਜੀਵੰਤ ਚਿਹਰਾ ਤੇ ਸਿਰੜ ਹੀ ਹੈ।

ਪੰਜਾਬੀ ਕਹਾਣੀ ਦਾ ਜਦੋਂ ਮੁਲਾਂਕਣ ਕੀਤਾ ਜਾਂਦਾ ਹੈ ਤਾਂ ਇਹ ਕਿਹਾ ਜਾਂਦਾ ਹੈ ਕਿ ਗੋਰਖੀ ਦਾ ਕੱਦ ਵੱਡਾ ਸੀ। ਪਰ ਮੇਰਾ ਪ੍ਰਸ਼ਨ ਹਮੇਸ਼ਾ ਇਹੋ ਰਿਹਾ ਹੈ। ਜਦੋਂ ਗੋਰਖੀ ਜੀਊਂਦਾ ਸੀ ਮੇਰੇ ਨਾਲ ਜਦੋਂ ਵੀ ਚੰਡੀਗੜ੍ਹ ਉਹਦੇ ਨਾਲ ਗੱਲ ਹੁੰਦੀ ਸੀ ਤਾਂ ਉਸਦਾ ਮੱਤ ਦੂਸਰੀ ਤਰ੍ਹਾਂ ਦਾ ਹੁੰਦਾ ਸੀ। ਅਸਲ ਵਿਚ ਉਹ ਹਿੰਮਤ ਤੇ ਸਿਰੜੀ ਲੇਖਕ ਸੀ। ਜਿਸ ਨੇ ਧਰਤੀ ਨਾਲ ਜੁੜੇ ਪੰਜਾਬ ਦੇ ਛੋਟੇ ਪਿੰਡਾਂ ਤੇ ਗਲੀ ਮੁਹੱਲੇ ਦੇ ਲੋਕਾਂ ਨੂੰ ਆਪਣੀਆਂ ਕਹਾਣੀਆਂ ਵਿਚ ਅਮਰ ਕਰ ਦਿੱਤਾ ਸੀ।

ਉਹਨਾਂ ਦਿਨਾਂ ਵਿਚ ਜਲੰਧਰ ਵੀ ਸਾਹਿਤਕ ਗਤੀ ਵਿਧੀਆਂ ਦਾ ਗੜ੍ਹ ਸੀ। ਜਸਵੰਤ ਸਿੰਘ ਵਿਰਦੀ, ਹਰਨਾਮ ਦਾਸ ਸਹਿਰਾਈ ਤੇ ਦੂਸਰੇ ਨਾਮੀ ਲੇਖਕ ਹਮੇਸ਼ਾ ਚਰਚਾ ਵਿਚ ਸਨ ਤੇ ਫਿਰ ਸਾਡੀ ਟੋਲੀ ਜਿਸ ਵਿਚ ਮੁਖਤਾਰ ਗਿੱਲ, ਗੁਰਪਾਲ ਘੱਵਦੀ, ਪ੍ਰਮਿੰਦਰਜੀਤ, ਖੁਰਸ਼ੀਦ ਤੇ ਮੈਂ, ਰਸ਼ਪਾਲ ਕਲੇਰ, ਨਰੇਂਦਰਜੀਤ ਵਰਗੇ ਕਿੰਨੇ ਹੀ ਲੇਖਕ ਸਨ ਪਰ ਪ੍ਰੇਮ ਗੋਰਖੀ ਹੋਰਨਾਂ ਤੋਂ ਅਲੱਗ ਸੀ। ਜਿਥੇ ਅਸੀਂ ਸਾਰੇ ਬਹੁਤ ਸਾਰੇ ਪਾਤਰਾਂ ਨੂੰ ਲੱਭਦੇ ਸਾਂ ਤੇ ਮਿਲੀ ਜੁਲੀ ਜੀਵਨ ਸ਼ੈਲੀ ਦੇ ਪਾਤਰ ਸਾਂ, ਉਥੇ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਵਿਚ ਨਿਤਾਣੇ ਪੇਂਡੂ ਤੇ ਆਮ ਲੋਕਾਂ ਦੀ ਗੱਲ ਹੁੰਦੀ ਸੀ। ਅਸਲ ਵਿਚ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਵਿਚ ਉਸਦਾ ਆਪਣਾ ਬਿਤਾਇਆ ਹੋਇਆ ਜੀਵਨ ਬਿਆਨਿਆ ਹੁੰਦਾ ਸੀ। ਇਸ ਲਈ ਹੀ ਉਹ ਉਦੋਂ ਹੀ ਆਪਣੀ ਵੱਖਰੀ ਛਾਪ ਨਾਲ ਆਪਣੀ ਪਹਿਚਾਣ ਬਣਾਉਣ ਵਿਚ ਸਫ਼ਲ ਰਿਹਾ ਸੀ।

ਆਪਣੀਆਂ ਯਾਦਾਂ ਵਿਚੋਂ ਜਦੋਂ ਮੈਂ ਪ੍ਰੇਮ ਗੋਰਖੀ ਬਾਰੇ ਸੋਚਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਉਹ ਪੰਜਾਬੀ ਕਹਾਣੀ ਦਾ ਅਜਿਹਾ ਗਲਪ ਲੇਖਕ ਏ ਜਿਸ ਨੇ ਪੰਜਾਬੀ ਵਿਚ ਪੰਜਾਬ ਦਾ ਦੱਬਿਆ ਤੇ ਮਜ਼ਬੂਰ ਵਰਗ ਦੇ ਜੀਊਣ ਦੀ ਵੇਦਨਾ 'ਚ ਹੀ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਹਿੱਸਾ ਗੁਜ਼ਾਰ ਦਿੱਤਾ ਹੈ। ਉਹ ਵਤੀਰਾ ਉਸਦੇ ਬਹੁਤ ਸਾਰੇ ਪਾਤਰਾਂ ਵਿਚ ਵੇਖਿਆ ਜਾ ਸਕਦਾ ਹੈ। ਬਾਅਦ ਵਿਚ ਜਦੋਂ ਉਹ ਚੰਡੀਗੜ੍ਹ 'ਪੰਜਾਬੀ ਟ੍ਰਿਬਿਊਨ' ਵਿਚ ਚਲਿਆ ਗਿਆ ਤਾਂ ਆਰਥਿਕ ਤੌਰ ਤੇ ਉਸ ਨੂੰ ਪੈਰਾਂ ਤੇ ਖੜਾ ਕਰ ਦਿੱਤਾ।

ਮੈਂ ਆਪਣੀ ਆਲ ਇੰਡੀਆ ਸੇਵਾ 'ਚ ਬਹੁਤਾ ਸਮਾਂ ਪੰਜਾਬ ਤੋਂ ਬਾਹਰ ਬਿਤਾਇਆ ਹੈ ਪਰ ਚੰਡੀਗੜ੍ਹ ਮੈਂ ਜਦੋਂ ਵੀ ਗਿਆ ਤਾਂ ਟ੍ਰਿਬਿਊਨ ਦੇ ਦਫ਼ਤਰ ਜਾਂਦਿਆਂ ਸੰਪਾਦਕ ਮਿੱਤਰਾਂ, ਹਿੰਦੀ, ਪੰਜਾਬੀ, ਅੰਗਰੇਜ਼ੀ ਦੇ ਨਾਲ ਮੈਂ ਹਰ ਵਾਰੀ ਪ੍ਰੇਮ ਗੋਰਖੀ ਨੂੰ ਮਿਲ ਕੇ ਆਇਆ। ਤੇ ਬਾਅਦ ਵਿਚ ਜਦੋਂ ਉਹ ਘਰ ਪਰਿਵਾਰ ਵਿਚ ਬਿਜੀ ਹੋ ਗਿਆ ਤਾਂ ਇਹ ਮੁਲਾਕਾਤਾਂ ਕਈ ਗੋਸ਼ਟੀਆਂ ਵਿਚ ਬਦਲ ਗਈਆਂ।

ਮੇਰੀ ਪ੍ਰੇਮ ਗੋਰਖੀ ਨਾਲ ਆਖਰੀ ਮੁਲਾਕਾਤ ਹਰੀਸ਼ ਜੈਨ ਦੇ 34 ਸੈਕਟਰ ਵਾਲੇ ਦਫ਼ਤਰ 'ਚ ਹੋਈ ਉਹ ਸ਼ਾਇਦ ਰਿਟਾਇਰਮੈਂਟ ਤੋਂ ਬਾਅਦ ਉਥੇ ਕੁੱਝ ਕੰਮ ਪਰੂਫ਼ ਰੀਡਿੰਗ ਦਾ ਕਰਨ ਲੱਗਿਆ ਸੀ। ਇਹ ਵੀ ਉਸਦੀ ਹਿੰਮਤ ਸੀ ਜਿਸਨੇ ਜ਼ਿੰਦਗੀ ਪ੍ਰਤੀ ਉਸਦੀ ਧਾਰਨਾ ਨੂੰ ਹੋਰ ਪੱਕਿਆ ਕੀਤਾ ਸੀ ਕਿ ਕੰਮ ਕਰਦੇ ਰਹੋ। ਕੰਮ ਹੀ ਜ਼ਿੰਦਗੀ ਹੈ। ਇਸ ਕਰਕੇ ਉਹ ਐਨਾ ਕੰਮ ਲਿਖਣ ਪੜ੍ਹਨ ਦਾ ਕਰਦਾ ਰਿਹਾ ਤੇ ਸਫ਼ਲ ਲੇਖਕ ਬਣਿਆ।

ਮੈਨੂੰ ਯਾਦ ਆ ਰਿਹਾ ਹੈ ਕਿ 1985 ਦੇ ਆਸ ਪਾਸ ਮੈਂ ਉਸਦੀਆਂ ਦੋ ਕਹਾਣੀਆਂ ਦਾ ਹਿੰਦੀ ਅਨੁਵਾਦ ਕੀਤਾ ਸੀ। ਜਦੋਂ ਮੈਂ ਉਸਦੀ ਸੂਚਨਾ ਦਿੱਤੀ ਤਾਂ ਉਹ ਖੁਸ਼ ਸੀ।

ਅਸਲ ਵਿਚ ਅਸੀਂ ਪੰਜਾਬੀ ਸਾਹਿਤ ਦੇ ਸਿਰਜਕ ਅਜੇ ਵੀ ਪੰਜਾਬੀ ਦੇ ਪਿਛੜੇਪਣ ਵਿਚ ਉਲਝੇ ਹੋਏ ਹਾਂ। ਤੇ ਫਿਰ ਗੋਰਖੀ ਵਰਗੇ ਲੇਖਕ ਨੂੰ ਮੁੱਲਾਂਕਣ ਕਰਦੇ ਹੋਏ ਕਿੱਥੇ ਸਥਾਪਤੀ ਦੇ ਅਰਥ ਦੇਵਾਂਗੇ। ਗੋਰਖੀ ਦਾ ਇਕ ਹੋਰ ਸੁਭਾਅ ਦਾ ਰੰਗ ਸੀ ਗੁੱਸਾ ਨਾ ਕਰਨਾ। ਉਹ ਹਮੇਸ਼ਾ ਚੁੱਪ ਵਿਚ ਆਪਣੇ ਸਫ਼ਰ ਤੇ ਚਲਦਾ ਰਿਹਾ ਤੇ ਜਿਵੇਂ ਮੈਂ ਪਹਿਲਾਂ ਕਿਹਾ ਹੈ ਉਹ ਮਿਹਨਤ ਦਾ ਸਿਰੜੀ ਮਨੁੱਖ ਸੀ। ਜਿਸ ਨੇ ਸਾਹਿਤ, ਸਮਾਜ ਤੇ ਜ਼ਿੰਦਗੀ ਲਈ ਲੜਾਈ ਲੜੀ ਤੇ ਜੀਊਣ ਦੇ ਸਲੀਕੇ ਦੀ ਇਕ ਮਿਸਾਲ ਬਣਿਆ ਰਿਹਾ। ਅਜਿਹੇ ਲੇਖਕ ਪੰਜਾਬੀ ਵਿਚ ਬੇਹੱਦ ਘੱਟ ਹਨ। ਸਾਡੇ ਇਥੇ ਅਜੀਬ ਤਰ੍ਹਾਂ ਦਾ ਸਾਹਿਤ ਬਾਜ਼ਾਰ ਹੈ, ਜਿਸ ਵਿਚ ਲੇਖਕਾਂ ਦਾ ਕਿਰਦਾਰ ਤੌਬਾ-ਤੌਬਾ।

ਮੈਨੂੰ ਫ਼ਖਰ ਹੈ ਕਿ ਇਸ ਸਾਰੇ ਮਾਹੌਲ ਵਿਚ ਅਸੀਂ ਸਾਰੇ ਸਾਥੀ ਦੋਸਤ ਲੇਖਕ ਜ਼ਿੰਦਗੀ ਨੂੰ ਮਾਣਦੇ ਰਹੇ ਤੇ ਜ਼ਿੰਦਗੀ ਦੇ ਆਹਰ ਪਾਹਰ ਆਪਣੀ ਸਾਹਿਤਕ ਜ਼ਿੰਦਗੀ ਜੀਊਂਦੇ ਹੋਏ ਪੰਜਾਬੀ ਭਾਸ਼ਾ ਲਈ ਕੁੱਝ ਯਾਦਗਾਰੀ ਕਰਨ ਵਿਚ ਸਫ਼ਲ ਹੋਏ।

ਅਸਲ ਵਿਚ ਪ੍ਰੇਮ ਗੋਰਖੀ ਬਾਰੇ ਯਾਦ ਕਰਨਾ ਤਾਂ ਸੌਖਾ ਹੈ ਪਰ ਉਸਦੀ ਘਾਟ ਨੂੰ ਬਿਆਨ ਕਰਨਾ ਔਖਾ ਹੈ ਕਿਉਂਕਿ ਉਹ ਜਾਗਦੇ ਅੱਖਰਾਂ ਦਾ ਯੋਧਾ ਸੀ, ਜਿਸਨੇ ਜ਼ਿੰਦਗੀ ਤੇ ਸਾਹਿਤ ਨੂੰ ਇਕ ਪੂਰਕਤਾ ਦਾ ਆਧਾਰ ਦਿੱਤਾ ਤੇ ਸਫ਼ਲ ਹੋਇਆ। ਹੁਣ ਜਦੋਂ ਗੋਰਖੀ ਨਹੀਂ ਹੈ ਤਾਂ ਮੈਨੂੰ ਲਗਦਾ ਹੈ ਉਸਦੀਆਂ ਅਮਰ ਕਹਾਣੀਆਂ ਤੇ ਪਾਤਰਾਂ ਦੀ ਵਧੇਰੇ ਪ੍ਰਸੰਗਿਕਤਾ ਤੇ ਆਪਣੀ ਪਹਿਚਾਣ ਹੀ ਦੁਨੀਆਂ ਵਿਚ ਸਥਾਪਤ ਹੋ ਗਈ ਹੈ। ਇਹ ਹੀ ਉਸਦੀ ਪ੍ਰਾਪਤੀ ਹੈ। ਮੈਨੂੰ ਫ਼ਖਰ ਹੈ ਕਿ ਇਕ ਅਜਿਹੇ ਰਚਨਕਾਰ ਦੇ ਨਾਲ ਕੁੱਝ ਪਲ, ਦਿਨ, ਸਮਾਂ ਗੁਜਾਰਿਆ ਜੋ ਦੋਸਤ ਸੀ। ਸਮਕਾਲੀ ਲੇਖਕ ਸੀ ਤੇ ਇਕ ਵਧੀਆ ਮਨੁੱਖ ਸੀ। ਅਲਵਿਦਾ ਗੋਰਖੀ।

(**ਸੰਪਰਕ-94787-30156**)

# ਸਹਿਜਤਾ ਵਾਲਾ ਕਹਾਣੀਕਾਰ : ਪ੍ਰੇਮ ਗੋਰਖੀ

## -ਮੁਖਤਿਆਰ ਸਿੰਘ

ਪਿਛਲੇ ਦਿਨੀਂ ਖ਼ਬਰ ਮਿਲੀ,ਪ੍ਰੇਮ ਗੋਰਖੀ ਨਹੀਂ ਰਹੇ।ਮੈਂ ਹੈਰਾਨ, 'ਹੈਂ? ਇਹ ਕੀ ਹੋਈ ਜਾ ਰਿਹੈ।' ਉਸੇ ਵੇਲੇ ਚੱਲ ਰਹੀ ਮਾਂਹ ਮਾਰੀ ਵੱਲ ਧਿਆਨ ਚਲਾ ਗਿਆ। ਪਤਾ ਕੀਤਾ ਉਹ ਚੰਗਾ ਭਲਾ ਸੀ। ਮਾਮੂਲੀ ਘਬਰਾਹਟ ਜਿਹੀ ਤੋਂ ਜਿਆਦਾ ਹੋਣੀ ਮਹਿਸੂਸ ਹੋਈ ਤੋਂ ਬੱਤੀ ਸੈਕਟਰ ਦੇ ਹਸਪਤਾਲ ਲੈ ਗਏ। ਹਸਪਤਾਲ ਵਾਲਿਆਂ ਥੋੜਾ ਚਿਰ ਬਾਅਦ ਹੀ ਬਾਹਰ ਸੁਨੇਹਾ ਦੇ ਦਿੱਤਾ, 'ਤੁਹਾਡਾ ਬੰਦਾ ਹੈ ਨਹੀਂ।' ਸਾਰੇ ਹੈਰਾਨ ਪ੍ਰੇਸ਼ਾਨ। ਉਨ੍ਹਾਂ ਦੋ ਦਿਨ ਬਾਅਦ ਲਾਸ਼ ਦਿੱਤੀ ਤੇ ਕਿਹਾ, 'ਇਸ ਨੂੰ ਕਾਰੋਨਾ ਸੀ।' ਪਰ ਪ੍ਰੇਮ ਨੂੰ ਪਹਿਲਾਂ ਅਜਿਹਾ ਕੋਈ ਲੱਛਣ ਨਜ਼ਰ ਨਹੀਂ ਸੀ ਆਇਆ। ਦਿਲ ਫੇਲ੍ਹ ਹੋ ਸਕਦਾ ਹੈ। ਪਰ ਉਹ ਤਾਂ ਵੱਡੇ ਜਿਗਰੇ ਵਾਲਾ ਧਰਤੀ ਪੁੱਤਰ ਸੀ। ਖ਼ੈਰ ਉਸ ਦੇ ਜਾਣ ਦਾ ਸਾਰਿਆਂ ਨੂੰ ਘਾਟਾ ਤਾਂ ਪਿਆ ਹੀ ਹੈ। ਨਿਮਨ ਵਰਗ ਵਿਚੋਂ ਬੇਬਾਕ ਕਹਾਣੀਕਾਰ ਸਾਡੇ ਕੋਲੋਂ ਅਛੋਪਲੇ ਜਿਹੇ ਖਿਸਕ ਗਿਆ। ਉਸ ਦੀਆਂ ਦਲਿਤ ਵਰਗ ਦੀਆਂ ਕਹਾਣੀਆਂ ਜਿੰਦਾ ਰਹਿਣਗੀਆਂ। ਉਹ ਕਹਾਣੀ ਪਾਉਂਦਾ ਨਹੀਂ ਸੀ। ਸਹਿਜ ਤੇ ਸੂਖਮਤਾ ਸ਼ਬਦਾਵਲੀ ਵਾਲੀ ਕਹਾਣੀ 'ਚ ਕਲਾ ਹੁੰਦੀ। ਪ੍ਰੇਮ ਨਾਲ ਜਿਸ ਤਰ੍ਹਾਂ ਬਚਪਨ 'ਚ ਵਾਪਰਿਆ, ਉਹ ਕਰੂਰ ਬੇਵਸੀ ਵਾਲਾ, ਜ਼ਿੰਦਗੀ ਜਿਉਣ ਲਈ ਕੀਤਾ ਸੰਘਰਸ਼ ਉਸ ਦੇ ਹੱਡਾਂ 'ਚ ਰਚਿਆ ਪਿਆ ਸੀ। ਓਹੀ ਹੱਡਾਂ ਦਾ ਸੇਕ ਕਲਾ ਨਾਲ ਬਗੈਰ ਭਾਵਕ ਹੋਏ ਕਹਾਣੀਆਂ ਵਿਚ ਉਤਰਦਾ ਰਿਹਾ। ਪਰ ਪਾਠਕ ਕਹਾਣੀ ਪੜ੍ਹ ਕੇ ਭਾਵਕ ਹੋਏ ਬਿਨਾ ਨਾ ਰਹਿ ਸਕਦੇ। ਉਹ ਨਿਮਨ ਵਰਗ ਵਿਚ ਆਪਣੇ ਹੱਕਾਂ ਲਈ ਪੈਦਾ ਹੋ ਰਹੀ ਚੇਤੰਨਤਾ ਕਹਾਣੀਆਂ ਵਿਚ ਸਾਂਭਦਾ ਰਹਿੰਦਾ। ਉਸ ਦੀਆਂ ਕਹਾਣੀਆਂ ਦੇ ਪਾਤਰ ਉੱਚੀ ਉੱਚੀ ਰੌਲਾ ਨਹੀਂ ਸੀ ਪਾਉਂਦੇ ਸਗੋਂ ਸ਼ਾਂਤ ਰਹਿ ਕੇ ਵਿਦਰੋਹ ਕਰਦੇ। ਉਹ ਆਪਣੀ ਮਿੱਟੀ ਨਾਲੋਂ ਨਾ ਤਾਂ ਟੁਟਦੇ ਹਨ ਨਾ ਹੀ ਧਰਤੀ ਤੋਂ ਉਪਰ ਉੱਠਦੇ ਹਨ। ਇਹੋ ਪ੍ਰੇਮ ਦੀ ਸੂਖ਼ਮਤਾ ਹੈ ਕਿ ਉਹ ਆਪਣੇ ਸਰੀਰ ਦੀ ਮਿੱਟੀ 'ਚ ਗੁੰਨ੍ਹੇ ਹੋਏ ਕੰਮਾਂ ਵਿਚ ਕਰੜੀ ਮਿਹਨਤ ਕਰਦੇ ਰਹਿੰਦੇ ਹਨ। ਇਸੇ ਕਰਕੇ ਉਹ ਆਪਣੇ ਸਮਕਾਲੀਆਂ ਨਾਲੋਂ ਵੱਖਰੇ ਖੇਤਰ ਵਿਚ ਵਿਚਰਦਾ ਸਥਾਪਤੀ ਵੱਲ ਵੱਧ ਗਿਆ ਸੀ। ਉਸ ਦੇ ਵਿਸ਼ੇ ਤੇ ਪਾਤਰਾਂ ਦੀ ਵੱਖਰਤਾ ਕਰਕੇ ਆਲੋਚਕਾਂ ਦਾ ਧਿਆਨ ਖਿਚਿਆ। ਉਸ ਨੇ ਕਦੇ ਵੀ ਆਪਣੇ ਬਾਰੇ ਉਚੇਚ ਨਾਲ ਸ਼ੋਰ ਵਾਲਾ ਵਿਖਾਵਾ ਨਹੀਂ ਸੀ ਕੀਤਾ ਚੁੱਪ ਚਾਪ ਆਪਣੇ ਕਾਰਜ਼ ਵਿਚ ਮਸਤ ਰਿਹਾ।

ਮੇਰਾ ਉਸ ਨਾਲ 1977-78 'ਚ ਮੇਲ ਹੋਇਆ। ਉਦੋਂ ਸ਼ੁਰੂ ਵਿਚ ਹੀ ਮੇਰੀਆਂ ਕਈ ਕਹਾਣੀਆਂ ਦਲਿਤ ਵਰਗ ਦੇ ਪਾਤਰਾਂ ਨਾਲ ਚੰਗੇ ਪਰਚਿਆਂ ਵਿਚ ਛਪੀਆਂ। ਅਸੀਂ ਇਕ ਦੂਜੇ ਦੀਆਂ ਕਹਾਣੀਆਂ ਪੜ੍ਹਦੇ ਰਹਿੰਦੇ। ਉਸ ਸਮੇਂ ਫੋਨ ਵਗੈਰਾ ਨਹੀਂ ਸੀ। ਅਸੀਂ ਚਿੱਠੀ ਨਾਲ ਸੰਪਰਕ ਕਰਦੇ ਜਾਂ ਆਪ ਜਾ ਕੇ ਮਿਲ ਆਉਂਦੇ। ਇਕ ਦਿਨ ਪ੍ਰੇਮ ਗੋਰਖੀ ਮੇਰੀ ਕਹਾਣੀ ਪੜ੍ਹ ਕੇ ਮੈਨੂੰ ਮਿਲਣ ਲਈ ਯੂਨੀਵਰਸਿਟੀ ਵਿਚ ਪੁਛ-ਪੁਛਾ ਕੇ ਘਰ ਆ ਗਿਆ। ਮੈਂ ਹੈਰਾਨ ਕਿ ਇਕ ਸਮਰੱਥ ਕਹਾਣੀਕਾਰ ਮਿਲਣ ਆਇਆ ਹੈ। ਮੈਨੂੰ ਚਾਅ ਚੜ੍ਹ ਗਿਆ। ਉਸ ਦਿਨ ਕਹਾਣੀਆਂ ਬਾਰੇ ਅਤੇ ਪ੍ਰਵਾਰਕ ਗੱਲਾਂ ਖੁੱਲ੍ਹ ਕੇ ਹੋਈਆਂ। ਉਸ ਪਹਿਲੀ ਮਿਲਣੀ ਤੋਂ ਹੀ ਸਾਡੀ ਦੋਸਤੀ ਅਖੀਰ ਤਕ ਕਾਇਮ ਰਹੀ। ਪ੍ਰੇਮ ਦੀਆਂ ਗੱਲਾਂ ਤੋਂ ਇਉਂ ਮਹਿਸੂਸ ਹੋਇਆ ਸੀ ਜਿਵੇਂ ਮੇਰੀਆਂ ਨਿਮਨ ਵਰਗ ਦੀਆਂ ਕਹਾਣੀਆਂ ਪੜ੍ਹ ਕੇ ਖਿਆਲ ਆਇਆ ਹੋਵੇਗਾ ਕਿ ਇਹ ਵੀ ਸਾਡੀ ਬਰਾਦਰੀ ਦਾ ਹੀ ਹੋਵੇਗਾ। ਹੋਰਨਾਂ ਨੂੰ ਵੀ ਕਈ ਸਾਲ ਭੁਲੇਖਾ ਰਿਹਾ। ਮੇਰੇ ਲਈ ਜ਼ਿੰਦਗੀ ਨਾਲ ਦੋ ਚਾਰ ਹੁੰਦੇ ਸਾਰੇ ਵਰਗਾਂ ਦੇ ਪਾਤਰ ਨਿਮਨ ਵਰਗ ਹਨ। ਪਰ ਕਹਾਣੀ ਲਿਖਣ ਵੱਲ ਰੁਚਿਤ ਹੁੰਦੇ। ਅਸੀਂ ਕਲਾ ਦੀ ਕਦਰ ਕਰਦੇ ਨਾ ਕਿ ਕਿਸੇ ਹੋਰ ਵਿਵਾਦ ਦੀ।

ਉਸ ਸਮੇਂ ਇਕ ਦੂਜੇ ਨੂੰ ਮਿਲਣ ਦੀ ਖਿੱਚ ਹੁੰਦੀ। ਇਕ ਵਾਰ ਮੈਂ ਪ੍ਰੇਮ ਨੂੰ ਮਿਲਣ ਪੰਜਾਬੀ ਟ੍ਰਿਬਿਊਨ ਦੇ ਦਫ਼ਤਰ ਗਿਆ। ਉਹ ਉਡ ਕੇ ਮਿਲੇ। ਅਸੀਂ ਕੰਟੀਨ ਵਿਚ ਚਾਹ ਪੀਤੀ ਤੇ ਜਿਨ੍ਹਾਂ ਕੁ ਉਸ ਕੋਲ ਸਮਾਂ ਸੀ ਗੱਲਾਂ ਕੀਤੀਆਂ। ਬਾਅਦ 'ਚ ਹਲਵਾਰਵੀ ਅਤੇ ਅਸ਼ੋਕ ਨੂੰ ਮਿਲਾਇਆ। ਉਸ ਪਿਛੋਂ ਮੈਂ



ਪ੍ਰੇਮ ਗੋਰਖੀ, ਜੁਗਿੰਦਰ ਕੈਰੋਂ, ਮੁਖਤਿਆਰ ਸਿੰਘ ਅਤੇ ........ 'ਦੀਵਾ ਬਲੇ ਸਾਰੀ ਰਾਤ' ਦੌਰਾਨ

ਕਦੇ 'ਪੰਜਾਬੀ ਟ੍ਰਿਬਿਊਨ' ਦਫ਼ਤਰ ਨਹੀਂ ਗਿਆ। ਕੁਝ ਸਾਲ ਪਹਿਲਾਂ ਮੈਂ ਸੁਖਦੇਵ ਮਾਦਪੁਰੀ ਦੇ ਨਾਲ ਲੋਕ ਗੀਤ ਪ੍ਰਕਾਸ਼ਨ ਗਿਆ ਸੀ। ਉਥੇ ਪ੍ਰੇਮ ਗੋਰਖੀ ਨੂੰ ਮਿਲਣ ਦਾ ਬਹਾਨਾ ਬਣ ਗਿਆ। ਪਰ ਉਥੇ ਪ੍ਰੇਮ ਕੁਝ ਘੁਟਿਆ ਘੁਟਿਆ ਮਹਿਸੂਸ ਕਰਦਾ ਦਿਖਾਈ ਦਿੱਤਾ। 'ਟ੍ਰਿਬਿਊਨ' ਦੇ ਦਫ਼ਤਰ ਵਰਗਾ ਮਾਹੌਲ ਨਹੀਂ ਸੀ। ਮੈਂ ਵੀ ਥੋੜ੍ਹਾ ਸਮਾਂ ਹੀ ਬੈਠਿਆ। ਹਰ ਇਕ ਦਫ਼ਤਰ ਦਾ ਆਪਣਾ ਹੀ ਮਾਹੌਲ ਹੁੰਦਾ ਹੈ। ਪ੍ਰੇਮ ਨੂੰ ਅਜਿਹੀ ਘੁਟਣ ਵਾਲੀਆਂ ਕਈ ਥਾਵਾਂ 'ਤੇ ਮਜਬੂਰੀ ਵਸ ਕੰਮ ਕਰਨਾ ਪਿਆ। ਪਰ ਉਹ ਡਟਿਆ ਰਿਹਾ।

'ਦੀਵਾ ਬਲੇ ਸਾਰੀ ਰਾਤ' ਗੋਸ਼ਟੀਆਂ ਦਾ ਮੁਖ ਪ੍ਰਬੰਧਕ ਪ੍ਰੇਮ ਗੋਰਖੀ ਹੀ ਸੀ। ਉਸ ਨੇ ਹੀ ਕਹਾਣੀਕਾਰਾਂ ਨੂੰ ਸੂਚਨਾ ਦੇਣ ਲਈ ਪੋਸਟ ਕਾਰਡ ਭੇਜਣੇ ਹੁੰਦੇ ਸਨ। ਉਸ ਕੋਲ ਸਾਰਿਆਂ ਦੇ ਪਤੇ ਸਨ। ਕ੍ਰਿਪਾਲ ਕਜ਼ਾਕ, ਦਲਬੀਰ ਚੇਤਨ, ਨਛੱਤਰ ਮੁੱਖ ਵਿਉਂਤਬੰਦੀ ਕਰਨ ਵਾਲੇ ਸਨ। ਇਨ੍ਹਾਂ ਨੂੰ ਪਤਾ ਹੁੰਦਾ ਅਗਲਾ ਦੀਵਾ ਕਿੱਥੇ ਕਿਸ ਦੇ ਘਰ ਜਗਾਣਾ ਹੈ। ਮਿਥੀ ਹੋਈ ਗੋਸ਼ਟੀ ਵਾਲੀ ਥਾਂ ਵੱਲ ਜਾਣ ਦਾ ਵਿਆਹ ਜਿਨ੍ਹਾਂ ਚਾਅ ਹੁੰਦਾ। ਇਹ ਚਾਅ ਉਦੋਂ ਵੇਖਣ ਵਾਲਾ ਸੀ ਜਦੋਂ ਪ੍ਰੇਮ ਗੋਰਖੀ ਨੇ ਦਲਬੀਰ ਚੇਤਨ ਦੇ ਪਿੰਡ ਤਾਰਾਗੜ੍ਹ ਵਿਚ ਗੋਸ਼ਟੀ ਕਰਨ ਦਾ ਐਲਾਨ ਕਰ ਦਿੱਤਾ। ਚੇਤਨ ਦੇ ਪਿੰਡ ਜਾਣ ਲਈ ਸਾਰੇ ਪੰਜਾਬ ਤੋਂ ਹਰ ਵਿਧਾ ਦਾ ਲੇਖਕ ਹੁੰਮ ਹੁੰਮਾ ਕੇ ਪਹੁੰਚਿਆ। ਸਾਰੀ ਰਾਤ ਚੇਤਨ ਦੇ ਖੁੱਲੇ ਵਿਹੜੇ ਵਿਚ ਨਿਠ ਕੇ ਕਹਾਣੀਆਂ ਸੁਣੀਆਂ ਗਈਆਂ ਤੇ ਬੇਬਾਕ ਉਸਾਰੂ ਸੁਝਾਅ ਦਿੱਤੇ ਗਏ। ਇਸੇ ਤਰ੍ਹਾਂ ਰਘਬੀਰ ਸਿੰਘ ਮਾਨ ਦੇ ਪਿੰਡ ਮਾਨਾਵਾਲੇ, ਤਰਸੇਮ ਰਾਣੇ ਦੇ ਘਰ ਮਲੇਰਕੋਟਲੇ, ਸਿਆਮ ਸੁੰਦਰ ਦੀਪਤੀ ਦੇ ਘਰ ਅੰਮ੍ਰਿਤਸਰ, ਨਛੱਤਰ ਦੇ ਘਰ ਬਿਆਸ ਵਿਚ, ਹੋਰ ਬਹੁਤ ਰਾਤਾਂ ਨੂੰ ਦੀਵਾ ਸਾਰੀ ਰਾਤ ਕਹਾਣੀਆਂ ਸੁਣਦਾ ਤੇ ਸੁਣਾਉਂਦਾ ਰਿਹਾ। ਪ੍ਰੇਮ ਗੋਰਖੀ ਦੀ ਮਿੱਤਰ ਮੰਡਲੀ ਦੀ ਦੀਵਾ ਬਲੇ ਸਾਰੀ ਰਾਤ ਪੰਜਾਬੀ ਸਾਹਿਤ ਵਿਚ ਮੀਲ ਪੱਥਰ ਬਣੀ ਰਹੇਗੀ। ਜਿਹੜਾ ਉਨ੍ਹਾਂ ਗੋਸ਼ਟੀਆਂ ਦੀ ਮਾਰ ਝੱਲ ਗਿਆ। ਉਹ ਕਹਾਣੀਕਾਰ ਲਿਖਦਾ ਰਹਿ ਗਿਆ। ਉਸ ਤੋਂ ਬਾਅਦ ਉਹ ਮਾਹੌਲ ਬਣ ਨਹੀਂ ਸਕਿਆ। ਪ੍ਰੇਮ ਤਾਂ ਕਹਾਣੀ ਸੁਣ ਕੇ ਜਾਂ ਆਪ ਸੁਣਾਉਂਦਾ ਹੋਇਆ ਭਾਵਕ ਹੋ ਕੇ ਹੰਝੂ ਸੁਟਣ ਲੱਗ ਪੈਂਦਾ। ਉਹ ਬਹੁਤ ਨਰਮ ਦਿਲ ਤੇ ਸਰੀਰਕ ਕੰਮ ਲਈ ਸਖਤ ਸੀ। ਫੋਨ ਸੁਣਦੇ ਕਰਦੇ ਪਹਿਲਾਂ ਕਹਿੰਦੇ, 'ਪਿਆਰਿਓ ਕੀ ਹਾਲ ਹੈ।' ਸੇਵਾਮੁਕਤ ਹੋਣ ਉਪਰੰਤ



ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ, ਮੁਖਤਿਆਰ ਸਿੰਘ, ਸੁਖਜੀਤ ਤੇ ਹੋਰ'ਦੀਵਾ ਬਲੇ ਸਾਰੀ ਰਾਤ' ਦੌਰਾਨ

ਉਸ ਨੇ 'ਕੁੰਭ' ਮੈਗਜ਼ੀਨ ਸ਼ੁਰੂ ਕਰਨਾ ਸੀ। ਪ੍ਰੇਮ ਦਾ ਫੋਨ ਆਇਆ, 'ਪਿਆਰਿਓ ਆਪਣੀ ਕਹਾਣੀ ਜਾਂ ਕੁਝ ਵੀ ਛੇਤੀ ਭੇਜੋ।' ਮੈਂ ਆਪਣੀ ਮਾਂ ਬਾਰੇ ਰੇਖਾ ਚਿਤਰ ਲਿਖਿਆ ਹੋਇਆ ਭੇਜ ਦਿੱਤਾ। ਪੜ੍ਹ ਕੇ ਬਹੁਤ ਖੁਸ਼ ਹੋਏ ਤੇ ਭਾਵਕ ਹੋ ਕੇ ਬੋਲੇ, 'ਆਪਣੀ ਮਾਂ ਯਾਦ ਆ ਗਈ।' ਫਿਰ ਕਿਹਾ, 'ਮੈਗਜ਼ੀਨ ਹਰ ਹਾਲਤ ਆਪਾਂ ਰੈਗੂਲਰ ਜ਼ਾਰੀ ਰੱਖਣਾ।' ਉਸ ਤੋਂ ਬਾਅਦ ਪ੍ਰੇਮ ਨੇ ਕਿਤਾਬਾਂ ਛਾਪਣ ਦਾ ਪ੍ਰਬੰਧ ਕਰ ਲਿਆ। ਕੁਝ ਕੁ ਕਿਤਾਬਾਂ ਛਾਪੀਆਂ। ਫਿਰ ਲੇਖਕਾਂ ਨੇ ਕਿਤਾਬਾਂ ਛਾਪਣ ਲਈ ਨਹੀਂ ਦਿੱਤੀਆਂ। ਸਥਾਪਤ ਹੋਏ ਪ੍ਰਕਾਸ਼ਕਾਂ ਵਰਗਾ ਕੰਮ ਪ੍ਰੇਮ ਤੋਂ ਹੋ ਨਹੀਂ ਸਕਿਆ। ਉਹ ਵੀ ਘਾਟਾ ਪਾ ਲਿਆ। ਪਰੂਫ਼ ਰੀਡਿੰਗ ਕਰਦੇ ਰਹੇ। ਅਖੀਰ ਤੱਕ ਆਰਥਿਕ ਤੰਗੀ ਨਾਲ ਜੂਝਦਾ ਰਿਹਾ। ਕਿਸੇ ਵੱਡੇ ਇਨਾਮ ਤੋਂ ਅਣਗੌਲਿਆ ਰਿਹਾ। ਉਸ ਦੇ ਸਮਕਾਲੀਆਂ ਨੂੰ ਜੁਗਾੜਬੰਦੀ ਕਰਨੀ ਆਉਂਦੀ ਹੀ ਨਹੀਂ ਸੀ। ਉਹ ਆਪਣੇ ਲਿਖਣ ਪੜ੍ਹਨ ਦੇ ਕੰਮ ਲੱਗੇ ਰਹੇ।

ਸਾਡੇ ਸਾਂਝੇ ਮਿੱਤਰ ਪ੍ਰੋ: ਤਰਸੇਮ ਰਾਣਾ ਦੇ ਵਿਆਹ ਅਸੀਂ ਇਕੱਠੇ ਹੋਏ। ਉਸ ਰਾਤ ਅਸੀਂ ਤਰਸੇਮ ਰਾਣਾ ਜੀ ਦੇ ਘਰ ਹੀ ਰਹੇ। ਰੱਜ ਕੇ ਗੱਲਾਂ ਹੋਈਆਂ। ਹੁਣ ਬਹੁਤਾ ਮੇਲ ਮਿਲਾਪ ਨਹੀਂ ਸੀ ਹੁੰਦਾ। ਫੋਨਾਂ ਉੱਤੇ ਹੀ ਦੁੱਖ ਸੁੱਖ, ਕਹਾਣੀਆਂ ਬਾਰੇ ਸਾਰੀ ਗੱਲ ਬਾਤ ਹੋ ਜਾਂਦੀ ਸੀ। ਵੈਸੇ ਵੀ ਹੁਣ ਮਿਲਣਾ ਘੱਟ ਗਿਆ ਹੈ। ਮੋਬਾਇਲ ਤੇ ਈਮੇਲ ਉੱਤੇ ਅਦਾਨ ਪ੍ਰਦਾਨ ਸੌਖਾ ਹੋ ਗਿਆ ਹੈ। ਜਾਣਾ ਤਾਂ ਸਾਰਿਆਂ ਨੇ ਹੀ ਹੈ ਇਥੇ ਰਹਿਣਾ ਕਿਸੇ ਨੇ ਵੀ ਨਹੀਂ। ਜੇ ਦੋਸਤ ਮਿੱਤਰ ਚੰਗਾ ਭਲਾ ਹੀ ਇਕ ਦਮ ਚਲਾ ਜਾਵੇ ਤਾਂ ਗਹਿਰਾ ਦੁੱਖ ਹੁੰਦਾ ਹੀ ਹੈ। ਮੇਰੇ ਸਾਹਮਣੇ 'ਧਰਤੀ ਪੁੱਤਰ' ਕਿਤਾਬ ਪਈ ਹੈ। ਇਸ ਨਾਲ ਹੋਰ ਵੀ ਇਕ ਇਕ ਕਰਕੇ ਕਹਾਣੀਆਂ ਯਾਦ ਆ ਰਹੀਆਂ ਹਨ। ਗੋਰਖੀ ਵੱਲੋਂ ਪੰਜਾਬੀ ਸਾਹਿਤ ਵਿਚ ਪਾਇਆ ਨਵੇਕਲਾ ਯੋਗਦਾਨ ਸਦਾ ਚੇਤਿਆਂ ਵਿਚ ਵਸਦਾ ਰਹੇਗਾ। ਸਾਡਾ ਚਿੱਠੀ ਪੱਤਰ ਦਾ ਸਿਲਸਿਲਾ 1978 ਕੁ ਤੋਂ ਹੀ ਸ਼ੁਰੂ ਹੋ ਗਿਆ ਸੀ। ਉਸ ਵੇਲੇ ਜਦੋਂ ਵੀ ਇਕ ਦੂਜੇ ਦੀ ਕਹਾਣੀ ਕਿਸੇ ਪਰਚੇ ਵਿਚ ਛਪਦੀ ਤਾਂ ਪੜ੍ਹ ਕੇ ਚਿੱਠੀ ਜ਼ਰੂਰ ਲਿਖਦੇ। ਅਜਿਹੀਆਂ ਹੀ ਪਿਆਰੇ ਦੋਸਤ ਦੀਆਂ ਚਿੱਠੀਆਂ ਅਜੇ ਵੀ ਸਾਂਭੀਆਂ ਪਈਆਂ ਹਨ। ਇਕ ਚਿੱਠੀ ਵਿਚ ਉਸ ਨੇ ਲਿਖਿਆ, "ਮੈਨੂੰ ਅੱਜ ਤਕ ਹਮੇਸ਼ਾ ਇਕ ਐਸੇ ਮਿੱਤਰ ਦੀ ਅਣਹੋਂਦ ਖਟਕਦੀ ਰਹੀ ਹੈ ਜੋ ਮੇਰੀ ਲਿਖਤ ਨੂੰ ਛਪਣ ਤੋਂ ਪਹਿਲਾਂ ਦੇਖ ਕੇ ਮੈਨੂੰ ਸੰਵਾਰਨ ਬਾਰੇ ਠੀਕ ਤੇ ਨਿਰਪੱਖ ਰਾਏ ਬੇਝਿਜਕ ਦੇ ਸਕੇ। ਕਾਸ਼! ਤੁਸੀਂ ਕਿਤੇ ਮੇਰੇ ਨੇੜੇ ਤੇੜੇ ਹੀ ਰਹਿੰਦੇ ਹੁੰਦੇ ਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਮੇਰੀਆਂ ਲਿਖਤਾਂ ਦਾ ਰੰਗ ਅਲੱਗ ਹੁੰਦਾ। ਜਿਸ ਦੀ ਤਲਾਸ਼ ਵਿਚ ਮੈਂ ਜੰਗ ਜਾਰੀ ਰੱਖ ਰਿਹਾ ਹਾਂ। 'ਨਾਗਮਣੀ' ਵਿਚ ਛਪੇ ਲੇਖ ਬਾਰੇ ਤੁਹਾਡੀ ਟਿਪਣੀ ਤੋਂ ਬਾਅਦ ਮੈਂ ਉਸ ਨੂੰ ਪੜ੍ਹਿਆ ਹੈ ਤਾਂ ਮੇਰਾ ਦਿਲ ਤੁਹਾਡੇ ਲਈ ਸ਼ੁਕਰਾਨੇ ਨਾਲ ਭਰ ਗਿਆ ਇਸ ਨੂੰ ਦੁਬਾਰਾ ਠੀਕ ਕਰਕੇ ਰੱਖਾਂਗਾ।"

(**ਸੰਪਰਕ-**98728-23511)

# ਪ੍ਰੇਮ ਗੋਰਖੀ ਨੂੰ ਯਾਦ ਕਰਦਿਆਂ
## - ਕੁਲਬੀਰ ਬਡੇਸਰੋਂ



ਅੱਜ ਤੋਂ ਚੌਂਤੀ ਪੈਂਤੀ ਸਾਲ ਪਹਿਲਾਂ ਮੈਂ ਨਵਾਂ ਨਵਾਂ ਲਿਖਣਾ ਸ਼ੁਰੂ ਕੀਤਾ ਸੀ, ਕਦੀ ਕਵਿਤਾ ਲਿਖਦੀ ਸਾਂ, ਕਦੀ ਕਹਾਣੀ... ਜਲੰਧਰ ਖ਼ਾਲਸਾ ਕਾਲਜ ਫਾਰ ਵੂਮੈਨ 'ਚ ਪੜ੍ਹਦੀ ਸਾਂ, ਇੱਕ ਦਿਨ ਮੈਂ ਤੇ ਮੇਰੀਆਂ ਦੋ ਸਹੇਲੀਆਂ ਅਸੀਂ ਪ੍ਰੇਮ ਗੋਰਖੀ ਨੂੰ ਮਿਲਣ ਚਲੀਆਂ ਗਈਆਂ, ਮੈਂ ਆਪਣੀਆਂ ਕਵਿਤਾਵਾਂ ਵਾਲੀ ਡਾਇਰੀ ਗੋਰਖੀ ਹੁਰਾਂ ਨੂੰ ਫੜਾ ਦਿੱਤੀ, ਉਸਨੇ ਡਾਇਰੀ ਖੋਲ੍ਹੀ ਤਾਂ ਉਹ ਅੱਧ ਤੋਂ ਵੱਧ ਖਾਲੀ ਹੀ ਸੀ, ਸਿਰਫ਼ ਕੁੱਝ ਕਵਿਤਾਵਾਂ ਅਗਲੇ ਪੇਜਾਂ ਤੇ ਹੀ ਸਨ, ਉਨ੍ਹਾਂ ਕਿਹਾ, "ਅਗਲੀ ਵਾਰ ਮਿਲੋ ਤਾਂ ਇਹ ਸਾਰੀ ਡਾਇਰੀ ਭਰੀ ਹੋਣੀ ਚਾਹੀਦੀ ਹੈ।"

ਫੇਰ ਮੇਰਾ ਨਾਂਅ ਪੜ੍ਹਿਆ, ਮੈਂ ਲਿਖਿਆ ਸੀ,

'ਕੁਲਬੀਰ ਕੌਰ ਝੱਲੀ।' ਉਨ੍ਹਾਂ ਮੇਰੇ ਪਿੰਡ ਦਾ ਨਾਂਅ ਪੁੱਛਿਆ, ਮੈਂ ਦੱਸਿਆ, 'ਬਡੇਸਰੋਂ।'

"ਆਪਣੇ ਨਾਂ ਨਾਲ ਆਪਣੇ ਪਿੰਡ ਦਾ ਨਾਂਅ ਲਿਖੋ, ਕੁਲਬੀਰ ਬਡੇਸਰੋਂ", ਕਿੰਨਾ ਅੱਛਾ ਲੱਗੇਗਾ।"

ਮੈਂ ਉਸ ਦਿਨ ਤੋਂ ਹੀ ਆਪਣੇ ਨਾਂਅ ਨਾਲ ਬਡੇਸਰੋਂ ਲਿਖਣਾ ਸ਼ੁਰੂ ਕਰ ਦਿੱਤਾ। ਸੋ ਮੈਨੂੰ ਬਡੇਸਰੋਂ ਨਾਂਅ ਗੋਰਖੀ ਨੇ ਦਿੱਤਾ ਸੀ।

ਫੇਰ 2001 'ਚ ਮਾਹਿਲਪੁਰ ਬਲਜਿੰਦਰ ਮਾਨ ਨੇ ਪ੍ਰਵਾਸੀ ਸ਼ਾਇਰ ਮੇਰੇ ਵੀਰ ਅੰਮ੍ਰਿਤ ਦੀਵਾਨਾ ਦੇ ਸੁਆਗਤ 'ਚ ਇੱਕ ਸਾਹਿਤਕ ਸਮਾਗਮ ਰੱਖਿਆ ਸੀ, ਤਾਂ ਉੱਥੇ ਪ੍ਰੇਮ ਗੋਰਖੀ ਨਾਲ ਦੂਜੀ ਮੁਲਾਕਾਤ ਹੋਈ ਸੀ।

ਫੇਰ 2004 'ਚ ਮੈਂ ਫਿਲਮ 'ਵੀਰਜ਼ਾਰਾ' ਦੀ ਸੂਟਿੰਗ ਲਈ ਚੰਡੀਗੜ੍ਹ ਗਈ ਸਾਂ, ਤਾਂ ਨਿਰਮਲ ਜਸਵਾਲ ਮੈਨੂੰ ਹੋਟਲ ਮਿਲਣ ਆਈ, ਤੇ ਮੈਨੂੰ ਇਕ ਸਾਹਿਤਕ ਫੰਕਸ਼ਨ 'ਚ ਲੈ ਗਈ। ਉੱਥੇ ਸ਼ਾਮ ਸਿੰਘ ਦੇ ਨਾਲ ਪ੍ਰੇਮ ਗੋਰਖੀ ਮਿਲਿਆ, ਇਹ ਮੇਰੀ ਉਸ ਨਾਲ ਤੀਜੀ ਤੇ ਆਖਰੀ ਮੁਲਾਕਾਤ ਸੀ। ਉਹੀ ਸਾਦਗੀ, ਉਹੀ ਅਪਣੱਤ! ਧੀਮੇ ਬੋਲ! ਪਰ ਮੋਹ ਦਾ ਪ੍ਰਗਟਾਵਾ।

ਬਸ ਇਨ੍ਹਾਂ ਤਿੰਨ ਸੰਖੇਪ ਜਿਹੀਆਂ ਮੁਲਾਕਾਤਾਂ ਤੋਂ ਬਾਅਦ ਮੈਂ ਕਾਫ਼ੀ ਸਮੇਂ ਬਾਅਦ ਉਸਦੇ ਐਕਸੀਡੈਂਟ ਬਾਰੇ ਸੁਣਿਆ, ਮੈਂ ਫੋਨ ਕੀਤਾ, ਉਸਨੇ ਥੋੜ੍ਹੀ ਜਿਹੀ ਗੱਲ ਕੀਤੀ।

ਫੇਰ ਕੁੱਝ ਸਾਲ ਪਹਿਲਾਂ ਸੰਨ ਸੀ ਸ਼ਾਇਦ 2013 ਪ੍ਰੇਮ ਗੋਰਖੀ ਦਾ ਮੈਨੂੰ ਫ਼ੋਨ ਆਇਆ ਕਿ ਉਹ ਇਕ ਸਾਹਿਤਕ ਮੈਗਜ਼ੀਨ ਕੱਢਣ ਵਾਲਾ ਹੈ। ਮੈਂ ਕਿਹਾ, "ਮੈਂ ਚੰਦਾ ਭੇਜਾਂਗੀ।" ਉਸਨੇ ਕਿਹਾ, "ਮੈਂ ਇਸ ਲਈ ਫ਼ੋਨ ਨਹੀਂ ਕੀਤਾ, ਮੈਨੂੰ ਤਾਂ ਤੇਰੀ ਕਹਾਣੀ ਚਾਹੀਦੀ ਹੈ।"

ਪਰ ਮੈਂ ਉਨ੍ਹਾਂ ਦਿਨਾਂ ਵਿਚ ਏਨੀਂ ਬਿਜ਼ੀ ਸਾਂ ਕਿ ਕਹਾਣੀ ਨਹੀਂ ਭੇਜ ਸਕੀ, ਹਾਂ ਮੈਗਜ਼ੀਨ ਜਿਸਦਾ ਨਾਂ 'ਕੁੰਭ' ਸੀ ਮੈਨੂੰ ਦੋ ਤਿੰਨ ਵਾਰ ਮਿਲਿਆ ਸੀ, ਫੇਰ ਸ਼ਾਇਦ ਬੰਦ ਹੋ ਗਿਆ ਸੀ।

ਖ਼ੈਰ ਇਹ ਤਾਂ ਵੇਰਵਾ ਸੀ ਉਸ ਨਾਲ ਹੋਈਆਂ ਸੰਖੇਪ ਤਿੰਨ ਮੁਲਾਕਾਤਾਂ ਦਾ ਤੇ ਫ਼ੋਨ ਤੇ ਹੋਈ ਦੋ ਵੇਰ ਗੱਲਬਾਤ ਦਾ।

ਪਰ ਉਹ ਕਿੰਨਾ ਵੱਡਾ ਲੇਖਕ ਸੀ ਤੇ ਕਿੰਨਾ ਵਧੀਆ ਉਸਦੀ ਮਿਸਾਲ ਸੀ ਉਸ ਦੀ ਸਵੈ ਜੀਵਨੀ

'ਗ਼ੈਰ ਹਾਜ਼ਿਰ ਆਦਮੀ' ਨਾਲ ਜੁੜਿਆ ਇੱਕ ਕਿੱਸਾ ਜੋ ਮੈਂ ਤੁਹਾਡੇ ਨਾਲ ਸਾਂਝਾ ਕਰ ਰਹੀ ਹਾਂ।

2008 ਦੀ ਗੱਲ ਹੈ, ਮੇਰੀ ਛੋਟੀ ਬੇਟੀ ਇੱਕ ਚਾਈਲਡ ਕਲਾਕਾਰ ਵਜੋਂ ਇਕ ਫਿਲਮ ਵਿੱਚ ਕੰਮ ਕਰ ਰਹੀ ਸੀ ਤੇ ਸ਼ੂਟਿੰਗ ਹੋ ਰਹੀ ਸੀ 'ਮਾਲਸੇਜ਼ ਘਾਟ' ਦੀ ਇੱਕ ਪਹਾੜੀ ਤੇ।

ਮੈਂ ਮੁੰਬਈ ਤੋਂ ਪ੍ਰੇਮ ਗੋਰਖੀ ਦੀ ਸਵੈ ਜੀਵਨੀ 'ਗ਼ੈਰ ਹਾਜ਼ਿਰ ਆਦਮੀ' ਪੜ੍ਹਨ ਲਈ ਲੈ ਗਈ ਸਾਂ, ਪਰ ਅਜੇ ਪੜ੍ਹਨੀ ਸ਼ੁਰੂ ਨਹੀਂ ਕੀਤੀ ਸੀ।

ਬਸ ਫੇਰ ਨਾ ਪੁੱਛੋ ਜਦ ਮੈਂ ਪੜ੍ਹਨੀ ਸ਼ੁਰੂ ਕਰ ਲਈ ਤਾਂ ਮੇਰਾ ਕੀ ਹਾਲ ਹੋਇਆ...

ਮੈਂ ਦੁਨੀਆਂ ਭੁੱਲ ਗਈ, ਸਾਹਮਣੇ ਕੀ ਸੂਟਿੰਗ ਚੱਲ ਰਹੀ ਹੈ? ਕੀ ਹੋ ਰਿਹਾ ਹੈ? ਸਭ ਦਿਸਣਾ ਬੰਦ ਹੋ ਗਿਆ। ਮੈਂ ਚਾਹੁੰਦੀ ਸਾਂ, ਸਾਰੇ ਕੰਮ ਰੁੱਕ ਜਾਣ, ਕੋਈ ਮੈਨੂੰ ਨਾ ਬੁਲਾਵੇ ਤੇ ਮੈਂ ਗੋਰਖੀ ਦੀ ਕਿਤਾਬ ਪੜ੍ਹੀ ਜਾਵਾ... ਮੈਂ ਹੇਅਰ ਡਰੈਸਰ ਕੁੜੀ ਨੂੰ ਕਿਹਾ ਕਿ ਮੇਰੀ ਬੇਟੀ ਦਾ ਖ਼ਿਆਲ ਰੱਖੀ ਕਿਉਂਕਿ ਮੈਂ ਤਾਂ ਇਸ ਕਿਤਾਬ ਦੀ ਦੀਵਾਨੀ ਹੋ ਚੁੱਕੀ ਹਾਂ... ਮੈਨੂੰ ਹੁਣ ਬੁਲਾਈ ਨਾ...।"

ਇਹ ਸੀ ਜਾਦੂ ਪ੍ਰੇਮ ਗੋਰਖੀ ਦੀ ਲੇਖਣੀ ਦਾ, ਦਿਲਚਸਪੀ ਤੇ ਕਥਾ ਰਸ ਦੀ ਚਰਮ ਸੀਮਾ ਸੀ ਉਸਦੀ ਕਲਮ 'ਚ! ਤੇ ਲਿਖਣ ਪ੍ਰਤੀ ਈਮਾਨਦਾਰੀ ਏਨ੍ਹੀ ਕਿ ਪਾਠਕ ਹੱਕਾ ਬੱਕਾ ਰਹਿ ਜਾਏ। ਇੱਕ ਅਜਿਹੀ ਸਵੈ ਜੀਵਨੀ ਜਿਸ 'ਚ ਲੇਖਕ ਆਪਣੇ ਨਾਲ ਬਿਤਾਏ ਘੋਰ ਹਨ੍ਹੇਰਿਆਂ ਦੇ ਇੱਕ ਇੱਕ ਪਲ ਨੂੰ ਮਾਰਮਿਕ ਛੁਹਾਂ ਨਾਲ ਵਿੰਨ ਕੇ ਵਿਖਾਉਂਦਾ ਹੈ! ਉਸਦੀ ਜੀਵਨੀ 'ਚ ਉਸਦਾ ਸਮਾਜਿਕ, ਆਰਥਿਕ ਤੇ ਆਪਣੇ ਵਜੂਦ ਨੂੰ ਸਥਾਪਿਤ ਕਰਨ ਦਾ ਸੰਘਰਸ਼, ਉਸਦੀ ਗਰੀਬੀ, ਹਵਾਲਾਤ ਦਾ ਤਸ਼ੱਦਦ, ਜਿੰਦਗੀ ਦੀਆਂ ਕਰੂਰਤਾਵਾਂ, ਤੰਗੀਆਂ ਤੁਰਸ਼ੀਆਂ ਬਿਨਾਂ ਕਿਸੇ ਲੁਕਾ ਛਿਪੀ ਤੇ ਲਾਗ ਲਪੇਟ ਤੋਂ ਹਾਜ਼ਿਰ ਹਨ। ਭਾਵੁਕ ਛੁਹਾਂ ਅਜਿਹੀਆਂ ਕਿ ਜੀਵਨੀ ਦੇ ਅਖ਼ੀਰਲੇ ਪੇਜ ਤੇ ਉਸਦੀ ਮਾਂ ਵਲੋਂ ਇਹ ਕਹਿਣਾ, 'ਪ੍ਰੇਮ ਪੁੱਤ, ਹੁਣ ਤਾਂ ਤੂੰ ਕਿਤਾਬਾਂ ਲਿਖਦਾ... ਵਥੇਰੇ ਪੈਸੇ ਆਉਂਦੇ ਆ... ਮੈਨੂੰ ਪੰਜ ਥਾਂ ਤਵੀਤ ਨਾ ਸਹੀ... ਆਪਣੀ ਭੈਣ ਬਖ਼ਸ਼ੋ ਨੂੰ ਕਾਂਟੇ ਕਰਾ ਦੇ... ਦੇਖ ਲੈ ਪੁੱਤ ਤੇਰੇ ਸਿਰ ਮੇਰਾ ਭਾਰ ਐ....।" ਮੈਂ ਗਹੁ ਨਾਲ ਮਾਂ ਦੀਆਂ ਅੱਖਾਂ 'ਚ ਦੇਖਦਾ ਰਹਿੰਦਾ ਹਾਂ। ਮੇਰਾ ਚਿੱਤ ਕਰਦਾ ਹੈ ਕਹਾਂ, "ਮਾਂ ਇੱਕ ਭਾਰ ਹੀ ਬਸ ਮੈਂ ਤਾਂ ਸੱਤ ਜਨਮ ਤਕ ਤੇਰਾ ਕਰਜ਼ਾਈ ਰਹਾਂਗਾ... ਕਿਹੜਾ ਪੁੱਤ ਹੈ ਜੋ ਮਾਂ ਦਾ ਭਾਰ ਲਾਹੁਣ ਜੋਗਾ ਹੈ...?"

ਅੱਖਾਂ 'ਚ ਹੰਝੂ ਲਿਆ ਦਿੰਦਾ ਹੈ ਇਹ ਦ੍ਰਿਸ਼। ਅੱਖਾਂ 'ਚ ਹੰਝੂ ਤਾਂ ਅੱਜ ਵੀ ਆ ਗਏ ਹਨ, ਪ੍ਰੇਮ ਗੋਰਖੀ ਨੂੰ ਯਾਦ ਕਰਦਿਆਂ...।

ਪ੍ਰੇਮ ਗੋਰਖੀ ਪੰਜਾਬੀ ਸਾਹਿਤ ਦਾ ਸਿਰਮੌਰ ਕਹਾਣੀਕਾਰ ਹੈ, ਜਿਸਦੀਆਂ ਕਹਾਣੀਆਂ ਵਿਚ ਦੱਬੇ-ਕੁਚਲੇ ਲੋਕਾਂ ਦੀਆਂ ਗਥਾਵਾਂ ਮਿਲਦੀਆਂ ਹਨ, ਲੋਕ ਜੋ ਗਰੀਬ ਤੇ ਅਣਗੌਲੇ ਹਨ, ਕਠਿਨ ਮਿਹਨਤ ਕਰਨ ਤੋਂ ਬਾਅਦ ਵੀ ਜੋ ਸਿਰ ਉੱਤੇ ਛੱਤ ਭਾਲਦੇ ਹਨ ਤੇ ਘਰ ਦੀਆਂ ਕੱਚੀਆਂ ਕੰਧਾਂ ਨੂੰ ਢਹਿਣ ਤੋਂ ਨਹੀਂ ਬਚਾ ਪਾਉਂਦੇ... ਇਹ ਸਾਰੇ ਦੁੱਖ ਤੇ ਤਸੀਹੇ ਉਸਦੀਆਂ ਸਾਰੀਆਂ ਕਿਤਾਬਾਂ ਚਾਹੇ ਉਹ ਸਵੈ ਜੀਵਨੀ ਹੈ ਚਾਹੇ ਉਹ ਨਾਵਲੈਟ-ਤਿੱਤਰ ਖੰਭੀ ਜੂਹ, ਵਣਵੇਲਾ, ਬੁੱਢੀ ਰਾਤ ਤੇ ਸੂਰਜ, ਆਪਣੋ ਆਪਣੇ ਗੁਵਾਹ ਹਨ। ਜਾਂ ਉਸਦੇ ਕਹਾਣੀ ਸੰਗ੍ਰਹਿ ਹਨ-ਮਿੱਟੀ ਰੰਗੇ ਲੋਕ, ਜੀਣ ਮਰਨ, ਅਰਜਨ ਸਫ਼ੈਦੀ ਵਾਲਾ, ਧਰਤੀ ਪੁੱਤਰ ਜਾਂ ਜਨਰੇਸ਼ਨ ਗੈਪ ਸਭ ਵਿੱਚ ਦਿਸਦੇ ਹਨ।

ਪ੍ਰੇਮ ਗੋਰਖੀ ਇੱਕ ਅਸਧਾਰਨ ਲੇਖਕ ਹੈ। ਜੋ ਲੰਮਾ ਸਮਾਂ ਪੱਤਰਕਾਰਤਾ ਨਾਲ ਵੀ ਜੁੜਿਆ ਰਿਹਾ। ਉਸਦੀ ਕਲਮ ਨੇ ਨਿਮਨ ਮੱਧ ਵਰਗੀ ਸ਼੍ਰੈਣੀ ਦੇ ਲੋਕਾਂ ਲਈ ਆਵਾਜ਼ ਉਠਾਈ ਤੇ ਉਨ੍ਹਾਂ ਦੇ ਦੁੱਖਾਂ ਤੇ ਤਕਲੀਫ਼ਾਂ ਨੂੰ ਇਓਂ ਬਿਆਨਿਆ ਜਿਵੇਂ ਇਹ ਸਭ ਉਸ ਆਪਣੇ ਪਿੰਡੇ ਹੀ ਹੰਢਾਇਆ ਹੋਵੇ, ਤੇ ਇਹੀ ਸੱਚ ਸੀ ਜਿਸਨੂੰ ਕਬੂਲਦਿਆਂ ਉਸਦੀ ਸਵੈ ਜੀਵਨੀ 'ਚ ਉਸਦੀ ਕਲਮ ਕਿਤੇ ਨਹੀਂ ਥਿੜਕੀ।

ਦੁੱਖ ਹੈ ਤਾਂ ਇਸ ਗੱਲ ਦਾ ਕਿ ਅਣਗੌਲੇ ਲੋਕਾਂ ਲਈ ਜੂਝਦਾ ਲਿਖਦਾ ਤੇ ਤੜਫਦਾ ਇਹ ਵਧੀਆ ਤੇ ਪ੍ਰਭਾਵਸ਼ਾਲੀ ਲਿਖਣ ਵਾਲਾ ਲੇਖਕ ਪੰਜਾਬੀ ਸਾਹਿਤ ਵਿੱਚ ਵੱਡੇ ਸਨਮਾਨਾਂ ਤੋਂ ਅਣਗੌਲਿਆ ਕੀਤਾ ਗਿਆ। ਕਿਉਂ? ਇਸ ਪ੍ਰਸ਼ਨ ਤੇ ਚਿੰਤਨ ਕਰਨ ਦੀ ਲੋੜ ਹੈ।(**ਸੰਪਰਕ-98190-77617**)

# ਜੋ ਗ਼ੈਰ ਹਾਜ਼ਰ ਨਹੀਂ- ਪ੍ਰੇਮ ਗੋਰਖੀ

## - ਡਾ. ਲਕਸ਼ਮੀ ਨਰਾਇਣ ਭੀਖੀ



ਪ੍ਰੇਮ ਗੋਰਖੀ

ਮੈਂ ਅਜੇ ਚੌਥੀ-ਪੰਜਵੀਂ 'ਚ ਪੜ੍ਹਦਾ ਸੀ, ਜਦੋਂ ਪ੍ਰੇਮ ਗੋਰਖੀ, ਗੁਰਚਰਨ ਚਾਹਲ ਭੀਖੀ ਨੂੰ ਮਿਲਣ ਆਉਂਦਾ ਜਾਂ ਨਵੀਂ ਕਹਾਣੀ ਪੜ੍ਹਨ ਲਈ ਲਿਆਉਂਦਾ। ਕਦੇ-ਕਦੇ ਬਲਵੰਤ ਚੌਹਾਨ ਤੇ ਕਿਰਪਾਲ ਕਜ਼ਾਕ ਵੀ ਨਾਲ਼ ਹੁੰਦੇ। ਉਸ ਸਮੇਂ ਕਹਾਣੀਆਂ ਜ਼ਿਦ-ਜ਼ਿਦ ਕੇ ਲਿਖਣ ਦਾ ਤੇ ਮਿਥ-ਮਿਥ ਪੜ੍ਹਨ ਦਾ ਸਿਰਜਣਾਤਮਿਕ ਦੌਰ ਸੀ। ਫੇਰ ਇਸ ਲੇਖਕ ਤਿਕੜੀ ਦੀ ਸਾਹਿਤ ਬਾਰੇ ਭਖਵੀਂ ਬਹਿਸ ਹੁੰਦੀ ਰਹਿੰਦੀ। ਕਦੇ 'ਸਾਰਿਕਾ', ਕਦੇ 'ਧਰਮ ਯੁੱਗ' ਵਿਚਲੀਆ ਰਚਨਾਵਾਂ ਬਾਰੇ ਲੰਮੀ ਚੌੜੀ ਗੱਲਬਾਤ ਹੁੰਦੀ। ਗੱਲ ਮੋੜਾ ਕੱਟਦਿਆਂ-2 ਅਚਾਰੀਆ ਰਜਨੀਸ਼ ਦੇ ਪ੍ਰਵਚਨਾ ਵਲ ਤੁਰ ਪੈਂਦੀ। ਉਸ ਵੇਲੇ ਮੈਂ ਤੇ ਰਾਜਿੰਦਰ ਰੋਹੀ ਸ਼ਾਮ ਵੇਲੇ ਭੀਖੀ ਕੋਲ ਪੜ੍ਹਨ ਜਾਇਆ ਕਰਦੇ ਸਾਂ। ਭਾਵੇਂ ਸਾਨੂੰ, ਉਨ੍ਹਾਂ ਦੀਆਂ ਸਾਰੀਆਂ ਗੱਲਾਂ ਸਮਝ ਨਾ ਆਉਂਦੀਆਂ, ਪਰ ਚੰਗੀਆਂ ਜ਼ਰੂਰ ਲਗਦੀਆਂ। ਜਦੋਂ ਕਿਸੇ ਨੁਕਤੇ 'ਤੇ ਤਿੱਖੀ ਬਹਿਸ ਛਿੜ ਪੈਂਦੀ, ਅਸੀਂ ਸਹਿਮ ਜਾਂਦੇ, ਕਿਤੇ ਇਹ ਪਤੰਦਰ ਲੜ ਹੀ ਨਾ ਪੈਣ। ਤਦ ਗੋਰਖੀ ਕੋਈ ਨਵੀਂ ਗੱਲ ਤੋਰ ਕੇ ਬਹਿਸ ਨੂੰ ਸ਼ਾਂਤ ਕਰਦਾ। ਗੋਰਖੀ ਦੇ ਇਸ ਸੰਜੀਦਾ ਯਤਨ ਤੋਂ ਮੈਂ ਬਹੁਤ ਪ੍ਰਭਾਵਿਤ ਹੁੰਦਾ। ਫੇਰ ਇੱਕ ਲੰਮੇ ਅਰਸੇ ਬਾਅਦ ਪਤਾ ਲੱਗਿਆ ਕਿ ਗੋਰਖੀ ਦੇ ਅੰਦਰ ਬਚਪਨ ਤੋਂ ਹੀ ਇੱਕ ਕਲਾਕਾਰ ਛੁਪਿਆ ਬੈਠਾ ਹੈ। ਉਹ ਸਕੂਲ ਪੜ੍ਹਦਿਆਂ ਹੀ ਕਦੇ ਚਿੱਤਰਕਾਰੀ ਕਰਨ ਲੱਗਦਾ, ਕਦੇ ਮਿੱਟੀ ਦੇ ਖਿਡਾਉਣੇ ਬਣਾਉਣ ਲੱਗਦਾ, ਕਦੇ ਤੂੰਬੀ ਫੜ ਕੇ ਗਾਉਣ ਲੱਗ ਪੈਂਦਾ। ਜਦੋਂ ਕਿਤੇ ਵਿਹਲ ਮਿਲਦੀ ਤਾਂ ਅੱਖਰ ਜੋੜ ਕੇ ਕਵਿਤਾ ਲਿਖਣ ਪੈਂਦਾ। ਕਾਲਜ 'ਚ ਪ੍ਰਵੇਸ਼ ਕਰਦਿਆਂ ਹੀ ਉਸ ਦੀ ਕਵਿਤਾ ਦਾ ਰੰਗ, ਵੀਰ ਰਸ ਤੇ ਸ਼ਿੰਗਾਰ ਰਸ ਵਿਚ ਢਲਣ ਲੱਗ ਪਿਆ। ਖ਼ਾਲਸਾ ਕਾਲਜ ਜਲੰਧਰ ਦੇ ਮੈਗਜ਼ੀਨ ਵਿਚ ਜਦੋਂ ਉਸ ਦੀ ਪਹਿਲੀ ਕਵਿਤਾ ਪ੍ਰਕਾਸ਼ਿਤ ਹੋਈ ਤਾਂ ਉਸ ਨੂੰ ਗੋਡੇ ਗੋਡੇ ਚਾਅ ਚੜ੍ਹਿਆ। ਪਰੰਤੂ ਕਵਿਤਾ ਦੀ ਬਣਤਰ ਅਤੇ ਬੁਣਤਰ ਦੀ ਜਾਂਚ ਉਸ ਨੂੰ ਅਮਰਜੀਤ ਚੰਦਨ ਨੇ ਦੱਸੀ ਕਿ ਕਾਵਿ ਰਚਨਾਵਾਂ ਨੂੰ ਮਨ ਦੀ ਆਵੀ 'ਚ ਕਿਵੇਂ ਪਕਾਉਣਾ ਹੈ, ਕਾਗਜ਼ਾਂ ਦਾ ਅੱਖਰੀਂ ਜਾਮਾ ਕਿਵੇਂ ਪਹਿਨਾਉਣਾ ਹੈ। ਸ਼ਬਦਾਂ ਨੂੰ ਕਿਵੇਂ ਲਿਸ਼ਕਾਉਣਾ ਤੇ ਚਮਕਾਉਣਾ ਹੈ, ਆਦਿ ਨੁਕਤੇ (ਗੁਰ) ਸਾਂਝੇ ਕੀਤੇ, ਇੰਜ ਸੰਗੀ ਸਾਥੀਆਂ ਨਾਲ਼ ਸੰਵਾਦ ਕਰਕੇ, ਰਚਨਾਵਾਂ ਪੜ੍ਹ ਕੇ, ਜੀਵਨ ਵਿਚ ਰੜ੍ਹ ਕੇ ਉਸ ਨੇ ਆਪਣੀ ਪ੍ਰਤਿਭਾ ਨੂੰ ਵਿਕਸਤ ਕੀਤਾ।

ਪ੍ਰੇਮ ਗੋਰਖੀ ਸ਼ੁਰੂ ਤੋਂ ਹੀ ਕਿਰਤੀ ਸਮਾਜ ਨਾਲ਼ ਪ੍ਰਤੀਬੱਧ ਰਿਹਾ ਹੈ। ਉਹ ਪਲੇਠੇ ਕਹਾਣੀ ਸੰਗ੍ਰਹਿ 'ਮਿੱਟੀ ਰੰਗੇ ਲੋਕ' ਵਿਚ ਦਲਿਤਾਂ, ਕਿਰਤੀਆਂ ਅਤੇ ਆਮ ਲੋਕਾਂ ਦੇ ਦਰਦ ਨੂੰ ਬਿਆਨ ਕਰਦਾ ਹੈ, ਦਲਿਤ ਸਮਾਜ ਬਾਰੇ ਗੋਰਖੀ ਨੇ ਬੇਹਤਰੀਨ ਕਹਾਣੀਆਂ ਲਿਖੀਆਂ। ਦਲਿਤ ਸਮਾਜ ਬਾਰੇ ਉਸ ਨੇ ਕਹਾਣੀਆਂ ਜਾਤੀ ਪੱਖ ਤੋਂ ਨਹੀਂ ਬਲਕਿ ਜਮਾਤੀ ਦ੍ਰਿਸ਼ਟੀਕੋਣ ਤੋਂ ਲਿਖੀਆਂ। ਇਹ ਕਹਾਣੀਆਂ ਉਨ੍ਹਾਂ ਕੱਟੜ ਲੋਕਾਂ ਲਈ ਕਰਾਰਾ ਜਵਾਬ ਸਨ, ਜੋ ਭਾਰਤ ਅੰਦਰ ਜਾਤੀ ਬਣਤਰ ਤੋਂ ਇਨਕਾਰੀ ਸਨ। ਇਸ ਕਰਕੇ ਗੋਰਖੀ ਦੀਆਂ ਨਿਰਪੱਖ ਤੇ ਪਰਪੱਕ ਕਹਾਣੀਆਂ ਦੂਰਦ੍ਰਿਸ਼ਟ ਸੋਚ ਦੀਆਂ ਪ੍ਰਤੀਕ ਮੰਨੀਆਂ ਗਈਆਂ ਹਨ। 'ਜਿਉਣ ਮਰਨ' ਅਤੇ 'ਅਰਜਣ ਸਫ਼ੈਦੀ ਵਾਲਾ' ਸੰਗ੍ਰਹਿ ਦੀਆਂ ਕਹਾਣੀਆਂ ਉਕਤ ਧਾਰਨਾ ਦੀ ਪੁਸ਼ਟੀ ਕਰਦੀਆਂ ਹਨ। ਇਵੇਂ ਹੀ 'ਤਿੱਤਰ ਖੰਭੀ ਜੂਹ' ਨਾਵਲ ਵਿਚ ਮਨੁੱਖੀ ਸ਼ੋਸ਼ਣ ਦੇ ਅਦਿੱਖ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ ਕਿ ਸਮਾਜ ਵਿਚ ਜਾਤੀ ਅਤੇ ਜਮਾਤੀ ਦੋਵੇਂ ਵਿਤਕਰੇ ਮੌਜੂਦ ਹਨ। ਇਸ ਨਾਵਲ ਦਾ ਨਾਟਕੀ ਰੂਪ ਕਈ ਥਾਵਾਂ ਤੇ ਮੰਚਿਤ ਹੋਇਆ। ਜਿਸ ਨੂੰ ਖ਼ੂਬ ਸਰਾਹਿਆ ਗਿਆ। ਇਸ ਨਾਟਕ ਵਿਚ ਹਰਭਜਨ ਹਲਵਾਰਵੀ ਦੇ ਗੀਤਾਂ ਨੇ ਇਸ ਨੂੰ ਹੋਰ ਵੀ ਹੁਸੀਨ ਬਣਾ ਦਿੱਤਾ। ਜਾਤ ਅਤੇ ਜਮਾਤ ਦੇ ਯੁੱਧਨੀਤਿਕ ਸੰਗਮ ਨੂੰ ਪੇਸ਼ ਕਰਨ ਵਾਲੇ ਇਸ ਨਾਟਕੀ ਰੂਪ ਦੇ ਕਈ ਸ਼ੋਅ ਵੱਖ-ਵੱਖ ਥਾਵਾਂ ਤੇ ਮੰਚਿਤ ਹੋਏ।

'ਦੀਵਾ ਬਲੇ ਸਾਰੀ ਰਾਤ' ਰਾਹੀਂ ਗੋਰਖੀ ਨੇ ਇੱਕ ਨਵੀਂ ਸਾਹਿਤਕ ਲਹਿਰ ਪੈਦਾ ਕੀਤੀ, ਜਿਸ ਨੇ ਲੇਖਕਾਂ ਨੂੰ ਨਵਾਂ ਸਿਰਜਣਾਤਮਿਕ ਚੌਖਟਾ ਪ੍ਰਦਾਨ ਕੀਤਾ ਅਤੇ ਚਰਚਿਤ ਕਥਾਕਾਰ ਨੂੰ ਨਵਾਂ ਨਰੋਆ ਮੰਚ ਮੁਹੱਈਆ ਕੀਤਾ। ਇਨ੍ਹਾਂ ਗੋਸ਼ਟੀਆਂ 'ਚ ਗੰਭੀਰ ਕਿਸਮ ਦੀ ਬਹਿਸ ਹੁੰਦੀ, ਕਹਾਣੀ ਦੇ ਅਨੇਕਾਂ ਪੱਖ ਅਤੇ ਪਾਤਰਾਂ ਦੀਆਂ ਤਮਾਮ ਮਨੋਪਰਤਾਂ ਨੂੰ ਫਰੋਲਿਆਂ ਜਾਂਦਾ। 'ਦੀਵਾ ਬਲੇ ਸਾਰੀ ਰਾਤ' ਦੀਆਂ ਫਤਿਹਪੁਰ, ਭੀਖੀ, ਪਟਿਆਲਾ ਅਤੇ ਮੁਹਾਲੀ ਵਿਖੇ ਮੈਂ ਇਹ ਤਿੱਖੀਆਂ ਬਹਿਸਾਂ ਸੁਣੀਆਂ ਹਨ। ਮੈਂ ਦੇਖਿਆ ਕਿ ਇਨ੍ਹਾਂ ਸਮਾਗਮਾਂ 'ਚ ਰੜ੍ਹੀ ਪੱਕੀ ਹੋਈ ਕਹਾਣੀ ਹੀ ਕਿਸੇ ਜੇਰੇ ਵਾਲੇ ਕਹਾਣੀਕਾਰ ਵੱਲੋਂ ਪੜ੍ਹੀ ਜਾਂਦੀ। ਬਾਕੀ ਦੇ ਲੇਖਕ ਕਹਾਣੀ ਨੂੰ ਓਵੇਂ ਹੀ ਘਰ ਵਾਪਸ ਲੈ ਜਾਂਦੇ, ਫਿਰ ਉਹ ਕਿਸੇ ਲੰਮੇ ਚਿੰਤਨ ਮੰਥਨ ਤੋਂ ਬਾਅਦ ਹੀ ਕਹਾਣੀ ਪੜ੍ਹਨ ਦਾ ਹੀਆਂ ਕਰਦੇ। ਇਸ ਤਰ੍ਹਾਂ 'ਦੀਵਾ ਬਲੇ ਸਾਰੀ ਰਾਤ' ਨੇ, ਕਈ ਕਥਾਕਾਰਾਂ ਦੇ ਖ਼ਾਲੀ ਚੂਗੜਿਆਂ ਵਿਚ ਗਿਆਨ ਦਾ ਤੇਲ ਪਾਇਆ। ਇਨ੍ਹਾਂ ਸਮਾਗਮਾਂ ਨੇ ਵਿਵਾਦਾਂ ਦੀ ਥਾਂ, ਸੰਵਾਦ ਕਲਾ ਲਈ ਰਾਹ ਪੱਧਰਾ ਕੀਤਾ। ਮੇਰੀਆਂ ਸਿਮਰਤੀਆਂ 'ਚ ਇਸ ਦੇ ਅਕਸ ਹੁਣ ਵੀ ਘੁੰਮਦੇ ਰਹਿੰਦੇ ਨੇ। ਗੋਰਖੀ ਦਾ ਕਥਨ ਹੈ ਕਿ ਦੀਵਾ ਬਲੇ ਸਾਰੀ ਰਾਤ ਤੋਂ ਕਹਾਣੀਕਾਰਾਂ ਨੇ ਕਾਫ਼ੀ ਕੁੱਝ ਸਿੱਖਿਆ। ਇਸ ਦੇਣ ਵਿਚ ਉਹ ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ, ਕੇ.ਐਲ. ਗਰਗ, ਬਲਵੰਤ ਚੌਹਾਨ, ਸੁਰਿੰਦਰ ਸ਼ਰਮਾ ਅਤੇ ਕਿਰਪਾਲ ਕਜ਼ਾਕ ਦੀ ਨਿਰਣਾਨਾਇਕ ਭੂਮਿਕਾ ਨੂੰ ਮੰਨਦਾ ਹੈ।

ਪ੍ਰੇਮ ਗੋਰਖੀ ਦਾ ਵਰਤਮਾਨ ਜੀਵਨ, ਕੌੜੇ-ਮਿੱਠੇ ਤਜਰਬਿਆਂ ਅਤੇ ਸੰਘਰਸ਼ ਦਾ ਪ੍ਰਮਾਣ ਹੈ। ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਦੇ ਸੰਪਰਕ 'ਚ ਆਉਣ ਕਰਕੇ, ਹਲਵਾਰਵੀ ਅਤੇ ਸ਼ਾਮ ਸਿੰਘ ਦੇ ਅੰਗ-ਸੰਗ ਰਹਿਣ ਕਰਕੇ ਉਹ ਮਾਰਕਸਵਾਦੀ ਫ਼ਲਸਫ਼ੇ ਤੋਂ ਬਹੁਤ ਪ੍ਰਭਾਵਿਤ ਰਿਹਾ। ਜਿਸ ਤੋਂ ਉਸ ਨੂੰ ਵਰਤਮਾਨ ਸਮਾਜ ਦੀ ਕਾਣੀ ਵੰਡ ਦਾ ਗਿਆਨ ਹੋਇਆ ਕਿ ਕਿਰਤੀਆਂ ਅਤੇ ਦਲਿਤਾਂ ਦੀ ਅਜਿਹੀ ਹੋਣੀ ਕਿਉਂ ਹੈ। ਇਸ ਚੇਤਨਤਾ ਵਿਚੋਂ ਹੀ ਉਸ ਨੇ ਆਪਣੀ ਸਵੈਜੀਵਨ 'ਗ਼ੈਰ ਹਾਜ਼ਰ ਆਦਮੀ' ਲਿਖੀ ਜੋ ਪਹਿਲਾਂ 'ਨਾਗਮਣੀ' 'ਚ ਕਿਸ਼ਤਵਾਰ ਪ੍ਰਕਾਸ਼ਿਤ ਹੋਈ, ਜਿਸ ਦੀ ਸਾਹਿਤਕ ਹਲਕਿਆਂ 'ਚ ਬਹੁਤ ਚਰਚਾ ਹੋਈ ਕਿਉਂਕਿ ਇਹ ਜੀਵਨੀ ਪੇਂਡੂ ਜੀਵਨ ਵਿਚ ਦਲਿਤ ਸ਼੍ਰੇਣੀਆਂ ਅਤੇ ਕਿਸਾਨੀ ਦੀਆਂ ਅੰਤਰ ਵਿਰੋਧਤਾਈਆਂ ਨਾਲ਼ ਸੰਬੰਧਤ ਹੈ। ਇਸ ਜੀਵਨੀ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਦਲਿਤ ਸ਼੍ਰੇਣੀ ਨੂੰ ਗ਼ੈਰ ਹਾਜ਼ਰ ਕਿਸਮ ਦੇ ਲੋਕ ਸਮਝਿਆ ਜਾਂਦਾ ਹੈ ਤੇ ਇਨ੍ਹਾਂ ਦੀ ਭੂਮਿਕਾ ਨੂੰ ਨਕਾਰਿਆ ਜਾਂਦਾ ਹੈ। ਇਹ ਜੀਵਨੀ ਗੋਰਖੀ ਦੀ ਦ੍ਰਿਸ਼ਟੀ ਨੂੰ ਸਾਬਤ ਕਰਦੀ ਹੈ ਕਿ ਕਿਰਤੀ ਸ਼੍ਰੇਣੀਆਂ ਹੀ ਸਮਾਜ ਦੀ ਸਿਰਜਣਾ ਕਰਦੀਆਂ ਹਨ, ਜਦੋਂ ਕਿ ਪੂੰਜੀਵਾਦ ਮਨੁੱਖ ਨੂੰ ਧਰਮ, ਸਦਾਚਾਰ ਅਤੇ ਕਿਰਦਾਰ

ਨਾਲ਼ੋਂ ਤੋੜਦਾ ਹੈ। ਮਨੁੱਖ ਦੇ ਪੇਂਡੂ ਅਤੇ ਆਪਸੀ ਰਿਸ਼ਤਿਆਂ ਨੂੰ ਭੰਨ-ਤੋੜ ਕੇ ਆਪਣੇ ਅਨੁਸਾਰ ਢਾਲਦਾ ਹੈ। ਗੋਰਖੀ ਨੂੰ ਯਕੀਨ ਹੈ ਕਿ ਭਵਿੱਖ ਵਿਚ ਇਹ ਲੋਕ ਸਮਾਜ ਵਿਚੋਂ ਗ਼ੈਰ ਹਾਜ਼ਰ ਨਹੀਂ ਰਹਿਣਗੇ।

ਗੋਰਖੀ ਲਈ ਸੰਕਟ ਦੀ ਇੱਕ ਅਜਿਹੀ ਘੜੀ ਵੀ ਆਈ, ਜਦੋਂ ਉਸ ਨੂੰ ਜੇਲ੍ਹ ਵੀ ਜਾਣਾ ਪੈ ਸਕਦਾ ਸੀ, ਪਰੰਤੂ ਉਸ ਦੀਆਂ ਕਹਾਣੀਆਂ ਦੀ ਕਲਾ ਅਤੇ ਅੰਮ੍ਰਿਤਾ ਪ੍ਰੀਤਮ ਦੇ ਨਾਮ ਦੀ ਸ਼ਕਤੀ ਨੇ ਉਸ ਦਾ ਬਚਾਅ ਕਰ ਦਿੱਤਾ। ਉਦੋਂ ਤੋਂ ਹੀ ਗੋਰਖੀ ਕਲਮ ਦੀ ਸ਼ਕਤੀ ਦਾ ਕਾਇਲ ਹੋ ਗਿਆ। ਉਸ ਦਿਨ ਤੋਂ ਉਸ ਨੇ ਕਲਮ ਨੂੰ ਜੀਵਨ ਅਤੇ ਸਾਹਾਂ ਦਾ ਅਟੁੱਟ ਅੰਗ ਬਣਾ ਲਿਆ। ਵਿਗਿਆਨਿਕ ਵਿਚਾਰਧਾਰਾ ਦਾ ਧਾਰਨੀ ਹੋਣ ਕਰਕੇ ਗੋਰਖੀ ਕੱਟੜ ਅਤੇ ਤੁਅੱਸਬੀ ਨਹੀਂ ਹੈ। ਉਸ ਦੀ ਸਿਫ਼ਤ ਇਹ ਹੈ ਕਿ ਉਹ ਦੂਜਿਆਂ ਵਿਚ ਗੁਣ ਦੇਖਦਾ ਹੈ ਅਤੇ ਆਪਣੇ ਔਗੁਣਾਂ ਨੂੰ ਅੰਤਰਦ੍ਰਿਸ਼ਟੀ ਨਾਲ਼ ਨਿਹਾਰਦਾ ਹੈ। ਉਹ ਦੂਜਿਆਂ ਪ੍ਰਤੀ ਉਸਾਰੂ ਦ੍ਰਿਸ਼ਟੀਕੋਣ ਰੱਖਦਾ ਹੈ, ਦੂਜੇ ਦੀ ਸੁਣਦਾ ਹੈ ਅਤੇ ਆਪਣੀ ਗੱਲ ਠਰ੍ਹੰਮੇ ਨਾਲ਼ ਸਮਝਾਉਂਦਾ ਹੈ। ਇਸ ਕਰਕੇ ਪਾਠਕਾਂ ਨੇ ਉਸ ਦੀਆਂ ਲਿਖਤਾਂ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ। ਉਹ ਸਾਹਿਤ ਦੇ ਖੇਤਰ ਵਿਚ ਪੁਸਤਕਾਂ ਦੀ ਭੇਟ ਪ੍ਰਥਾ ਨੂੰ ਚੰਗਾ ਨਹੀਂ ਸਮਝਦਾ।

ਗੋਰਖੀ ਦੀ ਇਹ ਵੀ ਸਿਫ਼ਤ ਹੈ ਕਿ ਉਹ ਦੂਜਿਆਂ ਲਈ ਮਦਦਗਾਰ ਸਾਬਤ ਹੁੰਦਾ ਹੈ। ਉਹ ਨਵੇਂ ਲੇਖਕਾਂ ਨੂੰ ਉਤਸਾਹਿਤ ਕਰਦਾ ਹੈ। ਆਪਣੇ ਲੇਖਕ ਭਾਈਚਾਰੇ ਨੂੰ ਸਰਗਰਮ ਰੱਖਦਾ ਹੈ। ਉਹ ਲੇਖਕਾਂ ਦੀਆਂ ਕਾਨੀਆਂ ਤਰਾਸ਼ਦਾ ਰਹਿੰਦਾ ਹੈ, ਖ਼ਾਲੀ ਪੈਨਾਂ 'ਚ ਸਿਆਹੀ ਭਰਦਾ ਰਹਿੰਦਾ ਹੈ। ਦੀਵਿਆਂ 'ਚ ਤੇਲ ਪਾਉਣ ਦੇ ਨਾਲ਼ ਨਾਲ਼ ਉਹ ਲੇਖਕਾਂ ਦੀਆਂ ਖ਼ਾਲੀ ਦਵਾਤਾਂ 'ਚ ਸਿਰਜਣਾ ਦੀ ਸਿਆਹੀ ਵੀ ਪਾਉਂਦਾ ਰਿਹਾ ਹੈ। ਇਕ ਵਾਰ ਉਹ ਬਰਨਾਲ਼ੇ ਕਿਸੇ ਗੋਸ਼ਟੀ ਤੋਂ ਮੇਰੇ ਘਰ ਆਇਆ ਨਾਲ਼ ਉਸ ਦੇ ਕੁਝ ਮਿੱਤਰ ਵੀ ਸਨ। ਮੈਨੂੰ ਹੁਕਮ ਕਰਕੇ ਗਿਆ ਕਿ ਮੈਂ 'ਪੰਜਾਬੀ ਟ੍ਰਿਬਿਊਨ' ਲਈ ਲਿਖਿਆ ਕਰਾਂ। ਉਸ ਦੀ ਪ੍ਰੇਰਨਾ ਨਾਲ਼ ਮੇਰੇ ਕੁਝ ਲੇਖਕ 'ਪੰਜਾਬੀ ਟ੍ਰਿਬਿਊਨ' 'ਚ ਪ੍ਰਕਾਸ਼ਿਤ ਹੋਏ। 1993 ਵਿਚ ਜਦੋਂ ਮੇਰਾ ਵਿਆਹ ਦਰਸ਼ਨ ਨਾਲ਼ ਹੋਇਆ ਤਾਂ ਇਸ ਖ਼ੁਸ਼ੀ ਵਿਚ ਉਸ ਨੇ ਸਾਨੂੰ ਘਰ ਬੁਲਾਇਆ। ਹੱਦੋਂ ਵੱਧ ਆਓ ਭਗਤ ਕੀਤੀ ਤੇ ਸ਼ਗਨ ਦਿੱਤਾ। ਉਸ ਵੇਲੇ ਸਾਨੂੰ ਮਿਲਿਆ ਸਨਮਾਨ ਤੇ ਸ਼ਗਨ ਕਿਸੇ ਵੱਡੇ ਐਵਾਰਡ ਤੋਂ ਘੱਟ ਨਹੀਂ ਸੀ। ਛੋਟਿਆਂ ਨੂੰ ਪਿਆਰ ਕਰਨਾ ਵੱਡਿਆਂ ਦਾ ਸਤਿਕਾਰ ਕਰਨਾ ਉਸ ਦਾ ਪਰਮ ਗੁਣ ਹੈ।

ਪ੍ਰੇਮ ਗੋਰਖੀ ਦੀਆਂ ਕਹਾਣੀਆ ਮਾਰਕਸਵਾਦੀ ਵਿਚਾਰਧਾਰਾ ਅਤੇ ਡਾ. ਅੰਬੇਦਕਰ ਦੇ ਚਿੰਤਨ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਸ ਕਰਕੇ ਹੀ ਉਸ ਦੀਆਂ ਰਚਨਾਵਾਂ ਸਮਾਜਿਕ ਬੇਇਨਸਾਫ਼ੀ, ਆਰਥਿਕ ਨਾ ਬਰਾਬਰੀ ਖ਼ਿਲਾਫ਼ ਸੰਘਰਸ਼ ਕਰਦੀਆਂ ਹਨ ਅਤੇ ਫ਼ਸਲਾਂ ਦੀ ਰਾਖੀ ਲਈ ਗੁਲੇਲ ਤੇ ਗੋਪੀਆਂ ਬਣ ਜਾਂਦੀਆਂ ਹਨ। ਉਸ ਨੂੰ ਐਬਸਰਡ ਕਿਸਮ ਦੀਆਂ ਕਹਾਣੀਆਂ ਪਸੰਦ ਨਹੀਂ। ਉਸ ਨੇ ਅੰਬੇਦਕਰ ਦੇ ਇਸ ਸੰਕਲਪ ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ ਨੂੰ ਮਨ 'ਚ ਵਸਾਇਆ ਹੋਇਆ ਹੈ। ਵੱਧ ਤੋਂ ਵੱਧ ਪੜ੍ਹਨਾ ਗੋਰਖ਼ੀ ਲਈ ਅਕੀਦਤ ਵਾਂਗ ਹੈ, ਜੁੜਨਾ (ਏਕਤਾ ਰੱਖਣੀ) ਉਸ ਦਾ ਮੁੱਖ ਮਕਸਦ ਹੈ। ਸੰਘਰਸ਼ ਕਰਨਾ ਉਸ ਦਾ ਬਚਪਨ ਤੋਂ ਅਕੀਦਾ ਰਿਹਾ ਹੈ। ਅੰਦਰਲੀ ਗੱਲ ਤਾਂ ਇਹ ਹੈ ਕਿ ਉਸ ਨੂੰ ਸਰਬ-ਸਾਂਝੀਵਾਲਤਾ, ਬੇਗਮਪੁਰਾ ਅਤੇ ਸਮਾਜਵਾਦ ਵਿਚ ਕੋਈ ਵੱਡਾ ਵਿਰੋਧ ਨਜ਼ਰ ਨਹੀਂ ਆਉਂਦਾ। ਉਕਤ ਮਕਸਦ ਦੀ ਪੂਰਤੀ ਲਈ ਉਹ ਸਿਧਾਂਤਿਕ ਜਾਂ ਅਮਲੀ ਪੱਧਰ 'ਤੇ ਯਤਨਸ਼ੀਲ ਰਿਹਾ ਹੈ। ਇਹੋ ਕਾਰਨ ਹੈ ਕਿ ਉਹ ਹੁਣ ਤੀਕ ਨਕਸਲਵਾੜੀ ਲਹਿਰ, ਖਾੜਕੂ ਲਹਿਰ ਅਤੇ ਦਲਿਤ ਲਹਿਰ ਦਾ ਸੁਹਿਰਦਤਾ ਨਾਲ਼ ਅਧਿਐਨ ਕਰਦਾ ਰਿਹਾ ਹੈ। ਸਮਾਜਿਕ ਲਹਿਰਾਂ ਸਬੰਧੀ ਉਹ ਕਦੇ ਵੀ ਇਕਪਾਸੜ ਜਾਂ ਪੱਖਪਾਤੀ ਨਹੀਂ ਹੋਇਆ। ਅਧਿਐਨ ਉਪਰੰਤ ਗੋਰਖ਼ੀ ਨੂੰ ਪਤਾ ਲੱਗਿਆ ਕਿ ਲਹਿਰ ਦੇ ਬਹੁਤੇ ਆਗੂਆਂ ਦੇ ਅਮਲ ਟੋਭਿਆਂ ਵਰਗੇ ਹੁੰਦੇ ਹਨ ਤੇ ਸੁਪਨੇ ਦਰਿਆਵਾਂ ਵਰਗੇ। ਖਾੜਕੂ ਲਹਿਰ ਵੇਲੇ ਉਸ ਦੀ 'ਬਚਨਾ ਬੱਕਰਵੱਢ' ਕਹਾਣੀ ਬਹੁਤ ਮਕਬੂਲ ਹੋਈ। ਇਕ ਵਾਰ ਗੋਰਖ਼ੀ ਦੱਸ ਰਿਹਾ ਸੀ ਕਿ ਜਾਤੀ ਬਣਤਰ ਦੀਆਂ ਬਹੁਤ ਪਰਤਾ ਹਨ। ਇਹ ਪਰਤਾਂ ਦਲਿਤਾਂ, ਜੱਟਾਂ ਤੇ ਬ੍ਰਾਹਮਣਾਂ 'ਚ ਸਪਸ਼ਟ ਰੂਪ ਵਿਚ ਦੇਖੀਆਂ ਜਾ ਸਕਦੀਆਂ ਹਨ। ਧਨੀ ਜੱਟ, ਗ਼ਰੀਬ ਕਿਸਾਨੀ ਤੇ ਪ੍ਰਭਾਵੀ ਹੋ ਰਿਹਾ ਹੈ, ਅਮੀਰ ਬ੍ਰਾਹਮਣ ਗ਼ਰੀਬ ਬ੍ਰਾਹਮਣ ਨੂੰ

ਵਿਤਕਰੇ ਨਾਲ਼ ਦੇਖਦਾ ਹੈ ਆਦਿ ਧਰਮੀ ਅਤੇ ਬਾਲਮੀਕੀਆਂ ਵਿਚ ਵੀ ਜਾਤੀਗਤ ਵਖਰੇਵੇਂ ਹਨ। ਇਸ ਲਈ ਅਜੋਕੀ ਲੜਾਈ ਜਾਤੀ ਨਹੀਂ ਜਮਾਤੀ ਬਣਨੀ ਚਾਹੀਦੀ ਹੈ।

ਸਾਹਿਤ ਦੇ ਖੇਤਰ ਵਿਚ ਗੋਰਖੀ ਨੇ ਅਮਰਜੀਤ ਚੰਦਨ, ਗੁਰਦੇਵ ਸਿੱਧੂ ਤੇ ਜਸਵੰਤ ਗਿੱਲ ਦਾ ਵਧੇਰੇ ਪ੍ਰਭਾਵ ਕਬੂਲਿਆ। ਗੋਰਖੀ ਨੂੰ ਦਲੀਪ ਕੌਰ ਟਿਵਾਣਾ ਦੀ 'ਨੰਗੇ ਪੈਰਾਂ ਦਾ ਸਫ਼ਰ' ਤੇ ਅਜੀਤ ਕੌਰ ਦੀ 'ਖ਼ਾਨਾਬਦੋਸ਼' ਸਵੈ ਜੀਵਨੀ ਬਹੁਤ ਚੰਗੀ ਲੱਗਦੀ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਅਨੁਵਾਦਿਤ ਕੀਤੀਆਂ ਰਚਨਾਵਾਂ ਨੇ ਗੋਰਖ਼ੀ ਦੇ ਚਿੰਤਨ ਨੂੰ ਹੋਰ ਵੀ ਵਿਸ਼ਾਲਤਾ ਪ੍ਰਦਾਨ ਕੀਤੀ। ਉਸ ਦੇ ਸਾਹਿਤਕ ਕਾਰਜ ਬਦਲੇ ਗੋਰਖੀ ਨੂੰ ਅਨੇਕਾਂ ਥਾਵਾਂ ਤੋਂ ਮਾਣ ਅਤੇ ਸਨਮਾਨ ਮਿਲ ਚੁੱਕੇ ਹਨ। ਸਾਹਿਤ 'ਚ ਪੇਤਲਾਪਣ ਦੇਖ ਕੇ ਗੋਰਖ਼ੀ ਚਾਹੁੰਦਾ ਹੈ ਕਿ ਕਹਾਣੀ ਵਿਚ ਸ਼ੈਕਸਪੀਅਰ ਦੇ ਨਾਟਕਾਂ ਵਰਗੀ ਲੋਕ ਬੋਲੀ, ਜਸਵੰਤ ਕੰਵਲ ਤੇ ਨਾਨਕ ਸਿੰਘ ਦੇ ਨਾਵਲਾਂ ਵਰਗੀ ਗੋਂਦ, ਸਤਿਆਜੀਤ ਰੇਅ ਤੇ ਗੋਬਿੰਦ ਨਿਹਲਾਨੀ ਦੀਆਂ ਫ਼ਿਲਮਾਂ ਵਰਗੇ ਦ੍ਰਿਸ਼ ਚਿਤਰਣ ਤੇ ਰੌਚਿਕ ਸੰਵਾਦ ਹੋਣ। ਕਮਲੇਸ਼ਵਰ ਅਤੇ ਨਿਰਮਲ ਵਰਮਾ ਵਰਗੀ ਸ਼ੈਲੀ ਅਜੋਕੀ ਕਹਾਣੀ ਵਿਚ ਹੋਣੀ ਚਾਹੀਦੀ ਹੈ। ਗੋਰਖੀ ਨੂੰ ਜਿੱਥੇ ਕੰਨੜ ਅਤੇ ਬੰਗਾਲੀ ਕਹਾਣੀ ਪਸੰਦ ਹੈ ਉੱਥੇ ਉਸ ਨੂੰ ਅਤਰਜੀਤ, ਮੋਹਨ ਲਾਲ ਫਿਲੌਰੀਆ, ਭਗਵੰਤ ਰਸੂਲਪੁਰੀ , ਸਰੂਪ ਸਿਆਲਵੀ, ਗੁਰਮੀਤ ਕੜਿਆਲਵੀ ਅਤੇ ਦੇਸ ਰਾਜ ਕਾਲੀ ਦੀਆਂ ਕਹਾਣੀਆਂ ਵੀ ਸੰਭਾਵਨਾ ਭਰਪੂਰ ਜਾਪਦੀਆਂ ਹਨ। ਉਹ ਜਦੋਂ ਗੁਰਦਿਆਲ ਸਿੰਘ ਦਾ 'ਪਰਸਾ' ਤੇ ਅਣਖੀ ਦਾ 'ਪਰਤਾਪੀ' ਨਾਵਲ ਪੜ੍ਹਦਾ ਹੈ ਤਾਂ ਕਲਾ ਦੀਆਂ ਗਹਿਰਾਈਆਂ ਦੇਖ ਕੇ ਦੰਗ ਰਹਿ ਜਾਂਦਾ ਹੈ। ਗੋਰਖੀ ਚਾਹੁੰਦਾ ਹੈ ਕਿ ਪੰਜਾਬੀ ਕਹਾਣੀ ਬੇਦੀ, ਮੰਟੋ, ਚੈਖ਼ਵ, ਕ੍ਰਿਸ਼ਨ ਚੰਦਰ ਅਤੇ ਕੁਲਵੰਤ ਸਿੰਘ ਵਿਰਕ ਵਾਂਗ ਪ੍ਰਸਿੱਧੀ ਹਾਸਲ ਕਰੇ ਤੇ ਪੰਜਾਬੀ ਕਹਾਣੀ ਲੋਕਧਾਰਾ ਤੇ ਲੋਕ ਮੁਹਾਵਰੇ ਨਾਲ਼ ਘੁਲ ਮਿਲ ਜਾਵੇ। ਉਸ ਦੀ ਚਾਹਤ ਹੈ ਕਿ ਪੰਜਾਬੀ ਕਹਾਣੀ ਜਿਸ ਦਿਨ ਪ੍ਰੇਮ ਪ੍ਰਕਾਸ਼ ਦੀ 'ਡੈੱਡ ਲਾਈਨ' ਅਤੇ ਗੁਰਦੇਵ ਰੁਪਾਣਾ ਦੀ 'ਸ਼ੀਸ਼ਾ' ਤੋਂ ਅਗਾਂਹ ਤੁਰੇਗੀ ਫਿਰ ਆਨੰਦ ਆਵੇਗਾ। ਜਦੋਂ ਗੋਰਖੀ ਦੀ ਕਹਾਣੀ 'ਕੁੰਡਾ' ਹਿੰਦੀ ਵਿਚ 'ਸਾਂਕਲ' ਦੇ ਨਾਮ ਹੇਠ ਫਿਲਮਾਈ ਗਈ ਤਾਂ ਇਸ ਕਹਾਣੀ ਨੂੰ ਭਾਰਤੀ ਕਹਾਣੀ ਦੇ ਪੱਧਰ ਨਾਲ਼ ਤੁਲਨਾ ਦੇ ਕੇ ਵਿਚਾਰਿਆ ਗਿਆ।

ਪ੍ਰੇਮ ਗੋਰਖੀ ਆਪਣੀਆਂ ਦੁਸ਼ਵਾਰੀਆਂ ਨੂੰ ਦੂਰ ਕਰਨ ਲਈ ਸਖ਼ਤ ਮਿਹਨਤ ਕਰਦਾ ਰਿਹਾ ਹੈ। ਜੀਵਨ ਚੱਲਦਾ ਰੱਖਣ ਲਈ ਕਦੇ ਉਸ ਨੂੰ ਸਾਬਣ ਵੇਚਣਾ ਪਿਆ, ਡੂੰਨੇ ਵੇਚਣੇ ਪਏ, ਕੁਲਫ਼ੀਆਂ ਦੀ ਰੇਹੜੀ ਲਾਉਣੀ ਪਈ, ਪੈਟਰੋਲ ਪੰਪ ਤੇ ਨੌਕਰੀ ਕਰਨੀ ਪਈ। ਕੁਝ ਸਮਾਂ ਉਸ ਨੇ ਬਿਜਲੀ ਬੋਰਡ 'ਚ ਵਰਕਚਾਰਜ ਦੀ ਸੇਵਾ ਵੀ ਨਿਭਾਈ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਹ ਲਿਖਾਰੀ ਦੇ ਨਾਲ਼-ਨਾਲ਼ ਫੁੱਟਬਾਲ ਅਤੇ ਕਬੱਡੀ ਦਾ ਚੰਗਾ ਖਿਡਾਰੀ ਵੀ ਹੈ। ਫੇਰ ਉਸ ਨੇ ਲਿਖਾਰੀ ਤੇ ਖਿਡਾਰੀ ਹੋਣ ਦੇ ਨਾਲ਼-ਨਾਲ਼ ਪੱਤਰਕਾਰੀ ਨੂੰ ਵੀ ਜੀਵਨ ਨਾਲ਼ ਜੋੜ ਲਿਆ। ਉਸ ਨੇ ਸਭ ਤੋਂ ਪਹਿਲਾਂ 'ਪ੍ਰਭਾਤ' ਅਖ਼ਬਾਰ ਵਿਚ ਕੰਮ ਕੀਤਾ। ਫੇਰ 'ਨਵਾਂ ਜ਼ਮਾਨਾਂ' ਵਿਚ ਨੌਕਰੀ ਕਰ ਲਈ। ਹੌਲੀ-ਹੌਲੀ ਉਸ ਦਾ 'ਅਜੀਤ' ਵਿਚ ਪ੍ਰਵੇਸ਼ ਹੋ ਗਿਆ। ਫੇਰ ਪੱਤਰਕਾਰੀ ਅਤੇ ਰਚਨਾਕਾਰੀ ਨਾਲ਼ੋਂ-ਨਾਲ਼ ਚਲਦੀ ਰਹੀ। ਫੇਰ ਇੱਕ ਵਿਵਾਦ ਵਾਲੀ ਕਹਾਣੀ ਲਿਖ ਦਿੱਤੀ ਜਿਸ ਵਿਚ ਇਕ ਮਰਦ ਦੇ ਦੋ ਵਿਆਹ ਸਨ ਅਤੇ ਇਹ ਔਰਤ ਦੇ ਹੱਕਾਂ ਦੀ ਰਾਖੀ ਕਰਦੀ ਕਹਾਣੀ ਸੀ, ਜਿਸ ਤੋਂ ਸਾਧੂ ਸਿੰਘ ਹਮਦਰਦ ਗੁੱਸੇ ਹੋ ਗਏ। ਜਿਸ ਕਾਰਨ 'ਅਜੀਤ' ਛੱਡਣਾ ਪੈ ਗਿਆ ਤੇ 1978 ਵਿਚ ਉਹ 'ਪੰਜਾਬੀ ਟ੍ਰਿਬਿਊਨ' ਵਿਚ ਆ ਕੇ ਲੰਮਾ ਸਮਾਂ ਇਸ ਦੀ ਸੇਵਾ ਨਿਭਾਉਂਦਾ ਰਿਹਾ। ਟ੍ਰਿਬਿਊਨ ਤੋਂ ਬਾਅਦ 'ਦੇਸ਼ ਸੇਵਕ' ਵਿਚ ਕੰਮ ਕੀਤਾ ਫੇਰ ਯੂਨੀਸਟਾਰ ਵਾਲਿਆਂ ਕੋਲ ਕੁਝ ਸਮਾਂ ਕਾਰਜ ਕਰਨ ਉਪਰੰਤ ਕੁਝ ਦੇਰ 'ਕੁੰਭ' ਵੀ ਸੰਪਾਦਤ ਕੀਤਾ। ਗੋਰਖੀ ਦੀ ਇਹ ਧਾਰਨਾ ਮੰਨਣਯੋਗ ਹੈ ਕਿ ਪ੍ਰਸਥਿਤੀਆਂ ਤੇ ਆਲ਼ਾ-ਦੁਆਲ਼ਾ ਲੇਖਕ ਦੀ ਸਿਰਜਣ ਪ੍ਰੀਕਿਰਿਆ 'ਤੇ ਅਹਿਮ ਪ੍ਰਭਾਵ ਪਾਉਂਦਾ ਹੈ।

ਗੋਰਖੀ ਨੂੰ ਜ਼ਿੰਦਗੀ ਵਿਚ ਆਈਆਂ ਤੰਗੀਆਂ ਤੁਰਸ਼ੀਆਂ ਨੇ, ਕਈ ਵਾਰ ਸੋਚਣ ਲਈ ਮਜ਼ਬੂਰ ਕੀਤਾ ਕਿ ਉਸ ਨੂੰ ਜ਼ਿੰਦਗੀ ਵਿਚ ਪਿਆਸ ਸਮੇਂ ਔੜ ਨਸੀਬ ਹੋਈ, ਛਾਵਾਂ ਦੀ ਲੋੜ ਸਮੇਂ ਤਪਸ਼ ਹੰਢਾਉਣੀ ਪਈ, ਠੰਢੇ ਬੁੱਲਿਆਂ ਦੀ ਤਲਾਸ਼ ਸਮੇਂ ਹਨੇਰੀਆਂ ਚੜ੍ਹ ਚੜ੍ਹ ਕੇ ਆਈਆਂ। ਇੰਜ ਗੋਰਖੀ ਦੀ ਜ਼ਿੰਦਗੀ ਵਲ ਵਲਵੇਦਾਰ ਰਹੀ ਹੈ। ਕੁਝ ਸਮਾਂ ਉਹ ਪਿਆਰ ਲਈ ਦੀਵਾਨਾ ਹੋਇਆ ਰਿਹਾ। ਜਦੋਂ ਕੋਈ ਪਿਆਰਾ ਵਿਛੋੜਾ ਦੇ ਗਿਆ। ਤਦੇ ਉਹ ਪ੍ਰੇਮ ਨਿਮਾਣਾ ਤੋਂ ਪ੍ਰੇਮ ਗੋਰਖੀ ਬਣ ਗਿਆ। ਪ੍ਰੇਮ ਗੋਰਖੀ ਨੂੰ ਮੁਖੌਟੇਬਾਜ਼ ਲੋਕ ਤੇ ਲੇਖਕ ਪਸੰਦ ਨਹੀਂ। ਉਸ ਨੂੰ ਸਾਫ਼ ਤੇ ਸਪਸ਼ਟ ਲੋਕ ਅਤੇ ਆਲੋਚਕ ਪਸੰਦ ਹਨ। ਆਲੋਚਨਾਂ ਦੇ ਖੇਤਰ 'ਚ ਉਹ ਰਘਬੀਰ ਸਿੰਘ ਸਿਰਜਣਾ ਨੂੰ ਵਧੇਰੇ ਪਸੰਦ ਕਰਦਾ ਹੈ ਕਿਉਂ ਜੋ ਸਿਰਜਣਾ ਪਹਿਲਾ ਸਾਹਿਤ ਪੜ੍ਹਦੈ ਫੇਰ ਨਿਰਪੱਖ ਆਲੋਚਨਾ ਕਰਦਾ ਹੈ। ਉਸ ਨੂੰ ਉਹ ਆਲੋਚਕ ਪਸੰਦ ਨਹੀਂ ਜੋ ਲੇਖਕ ਜਮਾਤੀ ਦ੍ਰਿਸ਼ਟੀਕੋਣ ਤੋਂ ਕਹਾਣੀ ਲਿਖਦੇ ਹਨ, ਲੇਕਿਨ ਆਲੋਚਕ ਮੱਲੋਜੋਰੀ ਦਲਿਤ ਲੇਖਕ ਦਾ ਠੱਪਾ ਲਾ ਦਿੰਦੇ ਹਨ। ਅਤਰਜੀਤ ਅਤੇ ਪ੍ਰੇਮ ਗੋਰਖੀ ਜਿਹੇ ਲੇਖਕ, ਅਜਿਹੀ ਇਕਪਾਸੜ ਆਲੋਚਨਾ ਦਾ ਸ਼ਿਕਾਰ ਬਣੇ ਰਹੇ ਹਨ। ਗੋਰਖੀ ਅਨੁਸਾਰ ਆਲੋਚਨਾ 'ਚ ਪਹਿਲਾਂ ਵਾਲੀ ਦ੍ਰਿਸ਼ਟੀ ਨਹੀਂ ਰਹੀ, ਕੁਝ ਆਲੋਚਕਾਂ ਨੇ ਕੁਝ ਲੇਖਕਾਂ ਨਾਲ਼ ਪੱਕੇ ਗਠਜੋੜ ਬਣਾਏ ਹੋਏ ਹਨ। ਕੁਝ ਆਲੋਚਕ ਵਿਦੇਸ਼ੀ ਲੇਖਕਾਂ ਨਾਲ਼ ਬੁਰੀ ਤਰ੍ਹਾਂ ਨਰੜੇ ਹੋਏ ਹਨ। ਨਿਰਪੱਖ ਆਲੋਚਕ ਬਹੁਤ ਘੱਟ ਹਨ। ਜਦੋਂ ਕਿ ਅੱਜ ਆਲੋਚਕਾਂ ਦੀ ਬਹੁਤ ਲੋੜ ਹੈ ਜੋ ਚੰਗੀਆਂ ਪੁਸਤਕਾਂ ਦੀ ਸਿਫ਼ਾਰਸ਼ ਕਰਨ। ਚੰਗੀਆਂ ਪੁਸਤਕਾਂ ਪਿੱਤਲ ਨੂੰ ਸੋਨਾ ਬਣਾ ਦਿੰਦੀਆਂ ਹਨ।

ਗੋਰਖੀ ਦੇ ਕਥਨ ਅਨੁਸਾਰ, ਸਾਹਿਤ ਦਲਿਤਾਂ, ਦਮਿਤਾਂ ਅਤੇ ਕਿਰਤੀਆਂ ਲਈ ਹਥਿਆਰ ਹੈ। ਸਾਹਿਤ ਸਮਾਜ ਨੂੰ ਹਨੇਰੇ ਤੋਂ ਚਾਨਣ ਵਲ ਲੈ ਕੇ ਜਾਂਦਾ ਹੈ। ਲੇਖਕ ਲੋਕ ਤਾਂ ਚਾਨਣ ਦੇ ਵਣਜਾਰੇ ਹੁੰਦੇ ਹਨ। ਸਮਾਜ ਦੇ ਪਹਿਰੇਦਾਰ ਹੁੰਦੇ ਹਨ। ਲੋਕਾਂ ਨੂੰ ਜਗਾਉਣਾ ਸਾਹਿਤਕਾਰ ਦਾ ਕਰਤੱਵ ਹੈ। ਇਹੋ ਕਾਰਨ ਹੈ ਕਿ ਗੋਰਖੀ ਹੁਣ ਵੀ ਪ੍ਰਤਿਬੱਧਤਾ ਨਾਲ਼ ਕਾਰਜ ਕਰ ਰਿਹਾ ਹੈ। ਉਹ ਸਮਾਜ ਦੀਆਂ ਕਈ ਅਦਿੱਖ ਪਰਤਾਂ ਸਾਹਮਣੇ ਲੈ ਕੇ ਆਉਂਦਾ ਹੈ। ਚਿੰਤਨ ਨੂੰ ਮਨ ਦੀ ਆਵੀ 'ਚ ਅਤੇ ਵਿਚਾਰਾਂ ਨੂੰ ਰਾੜ੍ਹਦਾ ਤੇ ਪਕਾਉਂਦਾ ਹੈ। ਲੋਕ ਪੱਖੀ ਵਿਸ਼ਿਆਂ ਦੀ ਚੋਣ ਕਰਦਾ ਹੈ। ਉਸਾਰੂ ਪਾਤਰਾਂ ਦੀ ਸੋਚ ਸਮਝ ਕੇ ਸਿਰਜਣਾ ਕਰਦਾ ਹੈ। ਗੋਰਖੀ ਲੋਕ ਪੱਖੀ ਸਿਆਸਤ ਤੋਂ ਕਦੀ ਦੂਰ ਨਹੀਂ ਹੋਇਆ। ਇਸ ਬਾਰੇ ਉਹ ਕਹਿੰਦਾ ਹੈ ਕਿ 'ਕਿਸੇ ਸਮਾਜਿਕ ਤਬਦੀਲੀ, ਇਨਕਲਾਬ ਤੇ ਪਰਿਵਰਤਨ ਤੋਂ ਪਹਿਲਾਂ, ਮਾਨਸਿਕ ਤਬਦੀਲੀ ਹੋਣੀ ਜ਼ਰੂਰੀ ਹੈ।' ਗੋਰਖੀ ਸਮਾਜਿਕ ਤਬਦੀਲੀ ਲਈ ਸਿਆਸਤ ਅਤੇ ਸਾਹਿਤ ਦੀ ਭੂਮਿਕਾ ਨੂੰ ਅਹਿਮ ਮੰਨਦਾ ਹੈ। ਉਹ ਲੋਕ ਪੱਖੀ ਸਿਆਸਤ ਦੀ ਚਾਹਤ ਦੇ ਬਾਵਜੂਦ, ਸਿਆਸਤ ਵਿਚ ਖਪਤ ਨਹੀਂ ਹੋਇਆ। ਉਸ ਦੀਆਂ ਕਹਾਣੀਆਂ ਰਾਜਸੀ ਅਤੇ ਸਮਾਜੀ ਬਦਲ ਲਈ ਹਮੇਸ਼ਾਂ ਸੰਘਰਸ਼ਸ਼ੀਲ ਰਹੀਆਂ ਹਨ।

ਪ੍ਰੇਮ ਗੋਰਖੀ ਜੀਵਨ 'ਚ ਤਾਂ ਭਾਵੇਂ ਘੱਟ ਸੰਤੋਖੀ ਜਾਪੇ ਪਰੰਤੂ ਸਾਹਿਤ ਸਿਰਜਣਾ ਦੇ ਖੇਤਰ 'ਚ ਸਬਰ, ਸੰਤੋਖ ਵਾਲਾ ਰੋਲ ਨਿਭਾਉਂਦਾ ਰਿਹਾ ਹੈ। ਉਹ ਇੱਕ ਇੱਕ ਕਹਾਣੀ ਨੂੰ ਲਿਖਣ ਲੱਗਿਆਂ ਕਈ ਵਾਰ ਲੰਮਾ ਸਮਾਂ ਹੀ ਲਗਾ ਦਿੰਦਾ ਹੈ। ਉਸ ਦੀਆਂ ਸਹਿਜ ਗਤੀ ਨਾਲ਼ ਸਿਰਜੀਆਂ ਹੋਈਆਂ ਕਹਾਣੀਆਂ ਪ੍ਰੇਰਨਾ ਦਾਇਕ ਹੁੰਦੀਆਂ ਹਨ। ਉਸ ਦੀਆਂ ਕਹਾਣੀਆਂ ਦਿਸ਼ਾ ਮੂਲਕ ਹੁੰਦੀਆਂ ਹਨ। ਕਈ ਵਾਰ ਉਸ ਦੀਆਂ ਕਹਾਣੀਆਂ ਦੇ ਅੰਤ ਸੁਝਾਉ ਵਾਲੇ ਹੁੰਦੇ ਹਨ ਜੋ ਕਈਆਂ ਆਲੋਚਕਾਂ ਨੂੰ ਪਸੰਦ ਨਹੀਂ ਆਉਂਦੇ ਜਦੋਂ ਕਿ ਕੁਝ ਲੇਖਕਾਂ ਨੂੰ ਸੁਝਾਉ ਚੰਗੇ ਲੱਗਦੇ ਹਨ। ਉਸ ਦੀ ਮਨੋਕਾਮਨਾ ਹੈ ਸਮਾਜ ਵਿਚ ਤਬਦੀਲੀ ਆਵੇ। ਮੇਰੀ ਵੀ ਦੁਆ ਹੈ ਕਿ ਮੈਕਸਿਮ ਗੋਰਕੀ ਵਾਂਗ ਉਸ ਦੀਆਂ ਕਹਾਣੀਆਂ ਵਿਸ਼ਵ ਵਿਆਪੀ ਮੁਕਾਮ ਹਾਸਲ ਕਰਨ। ਪ੍ਰੇਮ ਗੋਰਖੀ ਤੇ ਨਿਮਨ ਲਿਖਤ ਲਾਈਨਾਂ ਢੁਕਵੀਆਂ ਜਾਪਦੀਆਂ ਹਨ : ਉਸ ਦਾ ਜੀਵਨ ਏਹੋ ਸੰਦੇਸ਼ ਦਿੰਦਾ ਹੈ :

ਹਾਰ ਹਾਰ ਕੇ ਵੀ ਅਸੀਂ ਹਾਰੇ ਨਹੀਂ,
ਸੁਪਨੇ ਮੰਜ਼ਲਾਂ ਦੇ ਅਸੀਂ ਬਿਸਾਰੇ ਨਹੀਂ। (**ਸੰਪਰਕ-96461-11669**)

# ਰੀਂਘਦੀ ਜ਼ਿੰਦਗੀ ਦਾ ਚਿਤੇਰਾ : ਪ੍ਰੇਮ ਗੋਰਖੀ
## - ਅੰਮ੍ਰਿਤ ਦੀਵਾਨਾ

"ਜੱਜ ਸਾਹਿਬ ! ਮੈਂ ਨਿਰਦੋਸ਼ ਹਾਂ, ਮੇਰੇ 'ਤੇ ਚੋਰੀ ਦਾ ਝੂਠਾ ਕੇਸ ਪਾਇਆ ਗਿਆ ਹੈ। ਮੈਂ ਲੇਖਕ ਹਾਂ, ਆਹ ਦੇਖਲੋ, ਅੰਮ੍ਰਿਤਾ ਪ੍ਰੀਤਮ ਨੇ ਮੇਰੀ ਕਹਾਣੀ 'ਨਾਗਮਣੀ' ਵਿੱਚ ਛਾਪੀ ਹੈ।

ਪ੍ਰੇਮ ਗੋਰਖੀ ਨੇ ਨਿੱਕੀ ਜਿਹੀ ਚਿੱਠੀ ਲਿਖ ਕੇ ਆਪਣੀ ਤਾਜੀ ਛਪੀ ਕਹਾਣੀ ਵਾਲੇ 'ਨਾਗਮਣੀ' ਅੰਕ 'ਚ ਰੱਖ ਜੱਜ ਦੀ ਕੋਠੀ ਬਾਹਰ ਬਣੇ 'ਲੈਟਰ ਬਾਕਸ' 'ਚ ਸੁੱਟ ਦਿੱਤੀ, ਦੂਸਰੇ ਦਿਨ ਤਾਰੀਖ਼ ਸੀ। ਜੱਜ ਨੇ ਪ੍ਰੇਮ ਗੋਰਖੀ ਨੂੰ ਸਾਫ਼ ਬਰੀ ਕਰ ਦਿੱਤਾ।

ਪ੍ਰੇਮ ਗੋਰਖੀ ਸਦੀਆਂ ਤੋਂ ਅਨਿਆਂ ਦੇ ਵੇਲਣੇ 'ਚ ਨਪੀੜੀ ਜਾ ਰਹੀ ਲੋਕਾਈ ਵਿੱਚੋਂ ਸੀ , ਬਚਪਨ ਤੋਂ ਹੀ ਅਣਸੁਖਾਵੀਂ ਹਯਾਤੀ ਗੁਜ਼ਾਰਦਿਆਂ। ਉਸਨੇ ਆਪਣਾ ਰੋਹ ਕਲਮ ਰਾਹੀਂ ਕੱਢਣਾ ਸ਼ੁਰੂ ਕਰ ਦਿੱਤਾ। ਉਸ ਤੋਂ ਪਹਿਲਾਂ ਕਹਾਣੀਕਾਰਾਂ ਨੇ ਕੰਮੀਆਂ-ਸੀਰੀਆਂ ਦੀ ਗੱਲ ਤਾਂ ਕੀਤੀ ਪਰ ਉਨਾਂ ਅੰਦਰ ਕੰਮੀਆਂ-ਸੀਰੀਆਂ ਲਈ ਦਰਦ ਉਬਾਲੇ ਨਹੀਂ ਸੀ ਮਾਰਦਾ, ਪ੍ਰੇਮ ਨੇ ਇਹ ਦਰਦ ਆਪਣੀ ਰੂਹ 'ਤੇ ਹੰਢਾਇਆ ਸੀ ਉਸਨੇ ਪੰਜਾਬੀ ਕਹਾਣੀ ਨੂੰ ਇਕ ਨਵਾਂ ਕ੍ਰਾਂਤੀਕਾਰੀ ਮੋੜ ਦਿੱਤਾ।



**ਪ੍ਰੇਮ ਗੋਰਖੀ ਕੈਨੇਡਾ ਵਿਖੇ ਸ਼ੀਤਲ ਸਿੰਘ ਚਿੱਤਰਕਾਰ ਨਾਲ**

ਪੰਜਾਬੀ ਲੋਕ ਕਵੀ ਲਾਲ ਸਿੰਘ ਦਿਲ ਦੀਆਂ ਕਵਿਤਾਵਾਂ ਨੂੰ ਜਦੋਂ ਪ੍ਰੇਮ ਪ੍ਰਕਾਸ਼ ਨੇ ਆਪਣੇ ਰਸਾਲੇ 'ਲਕੀਰ' ਵਿੱਚ ਛਾਪਿਆ ਤਾਂ ਪ੍ਰਸਿੱਧ ਕਵਿੱਤਰੀ ਅਤੇ 'ਇੰਡੀਅਨ ਐਕਸਪ੍ਰੈਸ' ਦੀ ਪੱਤਰਕਾਰ ਨਿਰੂਪਮਾ ਦੱਤ ਨੇ ਅਸਲੋਂ ਅਣਗੌਲੇ ਕਵੀ ਦੀ ਕਾਵਿ-ਸੰਵੇਦਨਾ ਬਾਰੇ ਕਈ 'ਆਰਟੀਕਲ' ਲਿਖੇ ਜਿਸ ਕਰਕੇ ਇਸ ਨਿਮਾਣੇ ਸ਼ਾਇਰ ਦੇ ਧੜਾ ਧੜ ਸਨਮਾਨ ਹੋਣੇ ਸ਼ੁਰੂ ਹੋ ਗਏ। ਇਸ ਤਰਾਂ ਜੇ ਪ੍ਰੇਮ ਗੋਰਖੀ ਨੂੰ ਅੰਮ੍ਰਿਤਾ ਪ੍ਰੀਤਮ 'ਨਾਗਮਣੀ' 'ਚ 'ਗ਼ੈਰ ਹਾਜ਼ਰ ਆਦਮੀ' ਅਤੇ ਕਹਾਣੀਆਂ ਰਾਹੀਂ ਨਾ 'ਇੰਟਰਡਿਊਸ' ਕਰਦੀ ਤਾਂ ਸ਼ਾਇਦ ਉਹ ਇਸ ਮੁਕਾਮ 'ਤੇ ਨਾ ਦਿਖਾਈ ਦਿੰਦਾ ।

ਸੋ ਪ੍ਰੇਮ ਗੋਰਖੀ ਦਲਿਤ ਸੰਵੇਦਨਾ ਮਹਿਸੂਸ ਕਰਨ ਵਾਲ਼ਿਆਂ ਦਾ ਮੋਹਰੀ ਕਥਾਕਾਰ ਬਣ ਗਿਆ ਸੀ। ਨਿਮਰਤਾ ਬਹੁਤ ਸੀ ਉਸ ਵਿੱਚ, ਉਸਨੇ ਕੁਝ ਕਹਾਣੀਆਂ ਪ੍ਰੇਮ ਨਿਮਾਣਾ ਨਾਂ ਹੇਠ ਵੀ ਲਿਖੀਆਂ।

ਸੰਨ ਦੋ ਹਜ਼ਾਰ ਵਿੱਚ ਸਾਡੇ ਇੱਥੇ ਪ੍ਰਿੰਸ ਜਾਰਜ਼ ਵਿਖੇ ਸਾਊਥ ਏਸ਼ੀਅਨ ਰੀਵਿਊ ਵਾਲੇ ਸਾਹਿਤ ਪ੍ਰੇਮੀ ਸੁੱਚਾ ਦੀਪਕ ਅਤੇ 'ਵਿਰਾਸਤ' ਵਾਲੇ ਭੁਪਿੰਦਰ ਭਾਜੀ ਵੱਲੋਂ ਕਰਵਾਈ ਵਿਸ਼ਵ ਪੰਜਾਬੀ ਕਾਨਫਰੰਸ 'ਚ ਭਾਗ ਲੈਣ ਪਹੁੰਚੇ ਪ੍ਰੇਮ ਗੋਰਖੀ ਬਾਅਦ 'ਚ ਸਾਡੇ ਕੋਲ ਹੀ ਠਹਿਰੇ। ਇਕ ਦਿਨ ਅਚਾਨਕ ਆਖਣ ਲੱਗੇ, "ਯਾਰ ਦੀਵਾਨਾ ! ਮਹੀਨਾ ਖੰਡ ਕੰਮ ਤੇ ਲਵਾ, ਚਾਰ ਪੈਸੇ ਹੀ ਲੈ ਜਾਵਾਂ। ਸ਼ਹਿਰ 'ਚ ਤਨਖਾਹਾਂ ਨਾਲ ਕੀ ਬਣਦਾ, ਮੈਂ ਹੈਰਾਨ ਪ੍ਰੇਸ਼ਾਨ, "ਉਹ ਤੂੰ ਬਹੁਤਾ ਸੰਜੀਦਾ ਨਾ ਹੋ, ਮੈਂ ਜਦੋਂ ਅਮਰੀਕਾ ਗਿਆ ਸੀ ਉੱਥੇ ਵੀ ਮੈਂ ਕੰਮ ਕਰਦਾ ਰਿਹਾਂ।" ਖ਼ੈਰ ਉਨ੍ਹਾਂ ਵੱਲੋਂ ਜ਼ੋਰ ਪਾਉਣ 'ਤੇ ਮੈਂ ਉਸਨੂੰ ਪੁਰੇਵਾਲ ਫ਼ਾਰਮ 'ਤੇ ਛੱਡ



**ਪ੍ਰੇਮ ਗੋਰਖੀ ਕੈਨੇਡਾ ਵਿਖੇ ਅੰਮ੍ਰਿਤ ਦੀਵਾਨਾ ਅਤੇ ਸ਼ੀਤਲ ਸਿੰਘ ਚਿੱਤਰਕਾਰ ਨਾਲ**

ਆਇਆ, ਕੁਝ ਦਿਨਾਂ ਬਾਅਦ ਮੈਂ ਮਿਲਣ ਗਿਆ, ਸਿਰ, ਮੂੰਹ, ਪੈਰ ਮਿੱਟੀ ਨਾਲ ਲਿੱਬੜੇ ਹੋਏ, ਦੇਖ ਕੇ ਮੇਰਾ ਤ੍ਰਾਹ ਨਿਕਲ ਗਿਆ। ਹੱਸ ਕੇ ਆਖਣ ਲੱਗਾ, "ਓਹ ਮੈਂ ਖੁਸ਼ ਹਾਂ ਇੱਥੇ। ਦੇਖ! ਮੇਰਾ ਪੇਟ ਵੀ ਅੰਦਰ ਨੂੰ ਹੋ ਗਿਆ।" ਉਹ ਮੈਨੂੰ ਆਪਣੇ ਕੈਬਿਨ 'ਚ ਲੈ ਗਿਆ "ਇਹ ਇੱਥੇ ਮੁਫ਼ਤ 'ਚ ਢੇਰ ਮਾਰਕਾ ਵੀ ਦਿੰਦੇ ਆ।" ਆਖ ਕੇ ਅਲਮਾਰੀ 'ਚੋ ਬੋਤਲ ਕੱਢ ਲਈ। "ਇਸ ਮਾਹੌਲ ਤੇ ਮੈਂ ਇਕ ਕਹਾਣੀ ਦਾ ਪਲਾਟ ਲੱਭ ਲਿਆ ਹੈ। ਨਾਂ ਰੱਖਾਂਗਾ 'ਬਾਲਟੀ'।" ਮੈਂ ਲਗਾਤਾਰ ਉਸਦੇ ਚਿਹਰੇ ਵੱਲ ਦੇਖੀ ਜਾ ਰਿਹਾ ਸੀ ਕਿ ਇਕ ਅੰਤਰ-ਰਾਸ਼ਟਰੀ ਪੱਧਰ ਦਾ ਲੇਖਕ ਜੋ ਕੈਨੇਡਾ ਘੁੰਮਣ- ਫਿਰਨ ਆਇਆ ਹੋਇਆ ਕਿੰਝ ਧੂੜ-ਮਿੱਟੀ 'ਚ ਲਿੱਬੜਿਆ ਹੋਇਆ ਬੈਠਾ ਹੈ। ਇਕ ਦਿਨ ਸ਼ੀਤਲ ਸਿੰਘ ਚਿੱਤਰਕਾਰ ਅਤੇ ਮੈਂ , ਪ੍ਰੇਮ ਗੋਰਖੀ ਨਾਲ ਕੁਝ ਪਲ ਗੁਜ਼ਾਰਨ ਦਾ ਫੈਸਲਾ ਕੀਤਾ। ਅਸੀਂ ਤਿੰਨੇ ਜਣੇ ਸਰੀ ਦਾ ਆਸ ਪਾਸ ਘੁੰਮਦੇ ਰਹੇ। ਫੇਰ ਸ਼ੀਤਲ ਗੋਰਖੀ ਨੂੰ ਆਪਣੇ ਘਰ ਲੈ ਕੇ ਗਿਆ। ਗੋਰਖੀ ਨੇ ਆਪਣੀ ਜ਼ਿੰਦਗੀ ਬਾਰੇ ਬਹੁਤ ਸਾਰੇ ਪ੍ਰਸੰਗ ਸਾਡੇ ਨਾਲ ਸਾਂਝੇ ਕੀਤੇ। ਸ਼ੀਤਲ ਜਲੰਧਰ ਪੜ੍ਹਦਾ ਗੋਰਖੀ ਨੂੰ ਮਿਲਦਾ ਰਹਿੰਦਾ ਸੀ।

ਖ਼ੈਰ ਪ੍ਰੇਮ ਗੋਰਖੀ 'ਚ ਇੱਕ ਖਾਸੀਅਤ ਇਹ ਸੀ ਕਿ ਉਹ ਸਹੀ ਸ਼ਬਦਾਂ ਵਿੱਚ ਯਾਰਾਂ ਦਾ ਯਾਰ ਸੀ, ਦੋਸਤਾਂ ਨੂੰ ਬੇਪਨਾਹ ਮੁੱਹਬਤ ਕਰਦਾ ਸੀ। ਕੋਈ ਇੱਕ ਕਦਮ ਉਸ ਵੱਲ ਵਧੇ ਉਹ ਦੱਸ ਕਦਮ ਵੱਧਦਾ ਸੀ। 2001 'ਚ ਮੈਂ ਪਤਨੀ ਸਮੇਤ ਇੰਡੀਆ ਗਿਆ ਤਾਂ ਉਸਦਾ ਫ਼ੋਨ ਆਇਆ ਕਿ ਚੰਡੀਗੜ੍ਹ ਮੇਰੇ ਕੋਲ ਜ਼ਰੂਰ ਇੱਕ-ਅੱਧਾ ਦਿਨ ਠਹਿਰਨਾ ਹੈ। ਸਮਾਂ ਬਹੁਤ ਘੱਟ ਸੀ ਖ਼ੈਰ ਇਕ ਦਿਨ ਮੈਂ ਤੇ ਪਤਨੀ ਸ਼ਾਮ ਨੂੰ ਉਸਦੇ ਘਰ ਪਹੁੰਚ ਗਏ, ਸਾਰੇ ਟੱਬਰ ਨੂੰ ਚਾਅ ਚੜ੍ਹਿਆ ਹੋਇਆ ਸੀ । ਚਾਹ-ਪਾਣੀ ਪੀਣ ਤੋਂ ਬਾਅਦ ਅਚਾਨਕ ਘੰਟੀ ਵੱਜੀ ਤਾਂ ਕੈਪਟਨ ਜਸਵੀਰ ਭੁੱਲਰ ਅੰਦਰ ਦਾਖਲ ਹੋਏ। ਤਾਂ ਭੁੱਲਰ ਸਾਹਿਬ ਬੜੇ ਤਪਾਕ ਨਾਲ ਮਿਲੇ ਬਚਪਨ ਤੋਂ ਹੀ ਉਨ੍ਹਾਂ ਦਾ ਨਾਂ ਸੁਣਦੇ ਆਏ ਸੀ। ਪੰਜ ਕੁ ਮਿੰਟ ਬਾਅਦ ਫਿਰ ਘੰਟੀ ਵੱਜੀ ਤਾਂ ਸ਼ਾਮ ਸਿੰਘ 'ਅੰਗ-ਸੰਗ' ਵਾਲੇ ਅੰਦਰ ਦਾਖਲ ਹੋਏ, ਉਨਾਂ ਨਾਲ ਤਾਂ ਪਹਿਲਾਂ ਵੀ ਇਕ-ਦੋ ਮੁਲਾਕਾਤਾਂ ਹੋ ਚੁੱਕੀਆਂ ਸਨ । ਤਿੰਨ ਕੁ ਮਿੰਟਾਂ ਬਾਅਦ ਫਿਰ ਘੰਟੀ ਵੱਜੀ ਤਾਂ ਪ੍ਰਸਿੱਧ ਗ਼ਜ਼ਲਗੋ ਸਿਰੀ ਰਾਮ ਅਰਸ਼ ਅੰਦਰ ਆਏ ਤਾਂ ਉਹ ਵੀ ਬੜੀ ਗਰਮ ਜੋਸ਼ੀ ਨਾਲ ਮਿਲੇ, ਉਨਾਂ ਨੂੰ ਮਿਲਣ 'ਤੇ ਮੈਨੂੰ ਕਿਤੇ ਪੜੀ ਪੁਰਾਣੀ

ਗੱਲ ਯਾਦ ਆ ਗਈ। ਕਿੰਝ ਉਨਾਂ ਸਰਕਾਰੀ ਕਾਲਿਜ ਲੁਧਿਆਣਾ ਵਿੱਚ ਸਾਹਿਰ ਲੁਧਿਆਣਵੀ ਦੇ ਸੋਨ ਤਮਗੇ ਨਾਲ ਸਨਮਾਨ ਕਰਨ ਤੇ ਕਵੀ ਦਰਬਾਰ ਦਾ ਪ੍ਰਬੰਧ ਕੀਤਾ ਸੀ। ਕਾਲਿਜ ਪ੍ਰਸ਼ਾਸਨ ਨੂੰ ਬਹੁਤ ਔਖੇ ਹੋ ਕੇ ਮਨਾਇਆ ਸੀ। ਫਿਰ ਘੰਟੀ ਵੱਜਦੀ ਹੈ ਤਾਂ ਉੱਘੇ ਲੇਖਕ ਮਨਮੋਹਨ ਸਿੰਘ ਦਾਊਂ ਅੰਦਰ



**ਪ੍ਰੇਮ ਗੋਰਖੀ ਕੈਨੇਡਾ ਵਿਖੇ ਸ਼ੀਤਲ ਸਿੰਘ ਪੂੰਨੀ, ਅੰਮ੍ਰਿਤ ਕੌਰ ਪੂੰਨੀ ਨਾਲ ਉਨ੍ਹਾਂ ਦੇ ਘਰ ਵਿਖੇ**

ਆਉਂਦੇ ਹਨ । ਇਸ ਤਰਾਂ ਹੌਲੀ ਹੌਲੀ ਬਲਵੰਤ ਚੋਹਾਨ , ਸਵੈਰਾਜ ਸੰਧੂ ਵੀ ਘਰ 'ਚ ਦਖਿਲ ਹੁੰਦੇ ਹਨ । ਬਾਅਦ 'ਚ ਪਤਾ ਲੱਗਦਾ ਹੈ ਕਿ ਗੋਰਖੀ ਨੇ ਮੇਰੇ ਆਉਣ ਤੇ ਘਰ 'ਚ ਛੋਟੀ ਜਿਹੀ "ਗੈਟ ਟੂ ਗੈਦਰ' ਰੱਖੀ ਹੋਈ ਹੈ । ਇਹ ਮੇਰੇ ਵਰਗੇ ਲਈ ਬਹੁਤ ਹੀ ਮਾਣ ਵਾਲੀ ਗੱਲ ਸੀ। ਕੋੜੇ ਸ਼ਰਬਤ ਦਾ ਦੌਰ ਸ਼ੁਰੂ ਹੋ ਚੁੱਕਾ ਸੀ। ਸ਼ਾਮ ਸਿੰਘ ਆਖਦੇ ਹਨ ਦੀਵਾਨਾ, ਉਹ ਦੋਨੋਂ ਨਜ਼ਮਾਂ, 'ਪਾਰਲੀਮੈਂਟ' ਅਤੇ 'ਅਸੀਂ ਅੱਜ-ਕੱਲ੍ਹ' ਸੁਣਾ ਜਿਨਾਂ ਬਾਰੇ ਮੈਂ ਆਪਣੇ ਕਾਲਮ ਅੰਗ-ਸੰਗ 'ਚ ਜ਼ਿਕਰ ਕੀਤਾ ਸੀ। ਮੈਂ ਝਿਜਕਦਾ ਹੋਇਆ ਨਜ਼ਮਾਂ ਸੁਣਾਦਾਂ ਹਾਂ।ਅੱਗੇ ਸੀਨੀਅਰ ਸਾਹਿਤਕਾਰ ਬੈਠੇ ਹੋਣ ਤਾਂ ਝਿਜਕ ਸੁਭਾਵਿਕ ਹੀ ਹੈ। ਕਾਫ਼ੀ ਭਰਵੀਂ ਦਾਦ ਮਿਲਦੀ ਹੈ। ਅਚਾਨਕ ਹੀ ਸ਼ਾਮ ਸਿੰਘ ਆਖਦੇ ਹਨ ਕਿ ਦੋਸਤੋ ਕਿਉਂ ਨਾ ਆਉਂਦੇ ਐਤਵਾਰ ਦੀਵਾਨਾ ਲਈ ਸਾਹਿਤਕ ਮਿਲਣੀ ਰੱਖ ਲਈ ਜਾਵੇ। ਸਾਰੇ ਭਰਪੂਰ ਸਹਿਮਤੀ ਨਾਲ ਸਿਰ ਹਿਲਾਉਂਦੇ ਹਨ। ਸ਼ਾਮ ਸਿੰਘ ਫ਼ੋਨ ਉੱਪਰ ਮੋਹਨ ਭੰਡਾਰੀ ਨਾਲ ਗੱਲ ਕਰਦੇ ਹਨ, 'ਪ੍ਰਧਾਨ ਜੀ ! ਇਕ ਫੈਸਲਾ ਤੁਹਾਡੀ ਗ਼ੈਰ ਹਾਜ਼ਰੀ 'ਚ ਲੈ ਲਿਆ ਹੈ।' ਉਨ੍ਹਾਂ ਦੀ ਸਹਿਮਤੀ ਨਾਲ ਪ੍ਰੋਗਰਾਮ ਉਲੀਕ ਲਿਆ ਜਾਂਦਾ ਹੈ।

ਅਗਲੇ ਐਤਵਾਰ 'ਪੰਜਾਬੀ ਟ੍ਰਿਬਿਊਨ' 'ਚ ਖ਼ਬਰ ਛਪ ਜਾਂਦੀ ਹੈ, ਪੰਜਾਬ ਕਲਾ ਭਵਨ 'ਚ ਖ਼ਬਰ ਪੜ ਕੇ ਸਾਹਿਤ-ਪ੍ਰੇਮੀਆਂ ਨਾਲ ਮੇਰੇ ਚੰਡੀਗੜ੍ਹ 'ਚ ਰਹਿੰਦੇ ਰਿਸ਼ਤੇਦਾਰ, ਮਿੱਤਰ ਵੀ ਗਿਆਰਾਂ ਕੁ ਵਜੇ ਇੱਕਠੇ ਹੋ ਜਾਂਦੇ ਹਨ। ਮੋਹਨ ਭੰਡਾਰੀ ਵਰਗੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਨਾਲ ਪ੍ਰਧਾਨਗੀ ਮੰਡਲ 'ਚ ਬੈਠਣ 'ਤੇ ਖੁਸ਼ੀ ਦਾ ਅਹਿਸਾਸ ਹੋਇਆ ਉਹ ਸ਼ਬਦਾਂ 'ਚ ਬਿਆਨ ਕਰਨਾ ਬਹੁਤ ਕਠਿਨ ਹੈ। ਯਕੀਨ ਨਹੀਂ ਸੀ ਹੋ ਰਿਹਾ ਕਿ 'ਮੂਨ ਦੀ ਅੱਖ' ਵਰਗੀ ਅੰਤਰਰਾਸ਼ਟਰੀ ਕਹਾਣੀ ਲਿਖਣ ਵਾਲਾ ਲੇਖਕ ਮੇਰੇ ਬਰਾਬਰ ਬੈਠਾ ਹੈ। ਖ਼ੈਰ ਪ੍ਰੋਗਰਾਮ 'ਚ ਸ਼ਾਮਿਲ ਹੋਰ ਲੇਖਕ ਬਾਅਦ 'ਚ ਬੜੇ ਪਿਆਰ ਸਤਿਕਾਰ ਨਾਲ ਮਿਲੇ ਜਿਨ੍ਹਾਂ 'ਚ ਵਿਸ਼ੇਸ਼ ਤੌਰ ਤੇ ਕਾਨਾ ਸਿੰਘ, ਨਿਰਮਲ ਜਸਵਾਲ, ਗੁਰਦਿਆਲ ਸਿੰਘ ਆਰਿਫ, ਦੀਪ ਅਹੀਰ ਹੁਸ਼ਿਆਰਪੁਰੀ ਦੇ ਨਾਂ ਮੈਨੂੰ ਹੁਣ ਤੱਕ ਯਾਦ ਹਨ। ਬਾਅਦ 'ਚ ਮੈਂ ਸੋਚਦਾ ਰਿਹਾ ਕਿ ਕੀ ਪ੍ਰੇਮ ਗੋਰਖੀ ਦੀ ਦੋਸਤੀ ਤੋਂ ਬਿਨਾ ਮੈਨੂੰ ਏਨਾ ਮਾਣ ਸਤਿਕਾਰ ਮਿੱਲ ਸਕਦਾ ਸੀ। ਖ਼ੈਰ ਦੋਸਤੋ ! ਹੁਣ ਤਾਂ ਬੱਸ ਗੋਰਖੀ ਮਿੱਤਰ ਦੀਆਂ ਯਾਦਾਂ ਹੀ ਰਹਿ ਗਈਆਂ ਹਨ। ਚਲੋ ਤਾਂ ਸਾਰਿਆਂ ਨੇ ਹੀ ਜਾਣਾ ਹੈ ਪਰ ਸਾਡੇ ਮਨਾਂ 'ਚ ਇਕ ਕੰਡਾ ਜਿਹਾ ਸਾਰੀ ਉਮਰ ਚੁੱਭਦਾ ਰਹਿਣਾ ਹੈ ਕਿਤੇ ਉਸ ਨੂੰ ਵੀ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਜਾਂਦਾ।(**ਸੰਪਰਕ**+1-604-825-5157)

# ਤੁਰ ਗਿਆ ਵਧੀਆ ਬੰਦਾ ਅਤੇ ਵਧੀਆ ਕਹਾਣੀਕਾਰ ਪ੍ਰੇਮ ਗੋਰਖੀ

**- ਮੇਜਰ ਮਾਂਗਟ**



ਉਹ ਇੱਕ ਦਰਵੇਸ਼ ਇਨਸਾਨ ਸੀ। ਬਹੁਤ ਹੀ ਸਾਊ ਤੇ ਜ਼ਮੀਨ ਨਾਲ ਜੁੜਿਆ ਹੋਇਆ। ਕੀ ਹੋਇਆ ਜੇ ਅਲੋਚਕਾਂ ਨੇ ਉਸ ਨੂੰ ਅਣਗੌਲਿਆਂ ਕੀਤਾ। ਕੀ ਹੋਇਆ ਜੇ ਸਾਹਿਤ ਅਕਾਡਮੀ ਜੋ ਹੋਰ ਵੱਡੇ ਪੁਰਸਕਾਰਾਂ ਦੀ ਵੰਡ ਉਸ ਦੇ ਹਿੱਸੇ ਨਹੀਂ ਆਈ। ਉਹ ਜੁਗਾੜੂ ਕਿਸਮ ਦਾ ਬੰਦਾ ਨਹੀਂ ਸੀ ਤੇ ਨਾਂ ਹੀ ਉਸ ਨੂੰ ਸ਼ੌਰਟ-ਕੱਟ ਲੈਣ ਵਿੱਚ ਮੁਹਾਰਤ ਸੀ। ਉਹ ਤਾਂ ਆਪਣੇ ਬਾਪੂ 'ਅਰਜਣ' ਦੀ ਇਸ ਗੱਲ ਨੂੰ ਲੜ ਬੰਨੀ ਬੈਠਾ ਸੀ, ਕਿ ਨਾਂਉ ਬਣਾਉਣ ਲਈ ਸਖ਼ਤ ਘਾਲਣਾ ਘਾਲਣੀ ਪੈਂਦੀ ਆ। 'ਅਰਜਣ ਸਫੈਦੀ ਵਾਲਾ' ਕਿਤਾਬ ਵਿੱਚ ਉਸ ਨੇ ਇਸਦਾ ਜ਼ਿਕਰ ਕਰਦਿਆਂ ਇੱਕ ਬੜੀ ਦਿਲਚਸਪ ਘਟਨਾ ਲਿਖੀ ਹੈ, ਜੋ ਕਮਾਲ ਦੀ ਹੈ।

ਜਦੋਂ ਉਹ ਨਾਗਮਣੀ ਤੇ ਹੋਰ ਪ੍ਰਸਿੱਧ ਪਰਚਿਆਂ ਵਿੱਚ ਛਪਣ ਲੱਗ ਪਿਆ ਤਾਂ ਉਸ ਨੂੰ ਲੱਗਣ ਲੱਗ ਪਿਆ ਕਿ ਉਹ ਬਹੁਤ ਮਸ਼ਹੂਰ ਬੰਦਾ ਬਣ ਗਿਆ ਏ। ਇੱਕ ਵਾਰ ਕੁੱਝ ਲੇਖਕ ਦੋਸਤ ਉਸ ਨੂੰ ਮਿਲਣ ਉਸਦੇ ਸ਼ਹਿਰ ਆਏ। ਉਨ੍ਹਾਂ ਉਸ ਇਲਾਕੇ ਤੇ ਲੋਕਾਂ ਨੂੰ ਪ੍ਰੇਮ ਗੋਰਖੀ ਦਾ ਘਰ ਪੁੱਛਿਆ। ਤਾਂ ਕਿਸੇ ਵੀ ਆਮ ਬੰਦੇ ਨੂੰ ਇਸ ਸਖਸ਼ ਦਾ ਨਹੀਂ ਸੀ ਪਤਾ। ਫੇਰ ਕਿਸੇ ਨੇ ਕਿਹਾ ਕਿ ਅਰਜਣ ਸਫੈਦੀ ਵਾਲੇ ਦਾ ਘਰ ਪੁੱਛੋ, ਉਹ ਉਸੇ ਦਾ ਮੁੰਡਾ ਹੈ। ਅਰਜਣ ਸਫੈਦੀ ਵਾਲੇ ਨੂੰ ਇਲਾਕੇ ਦੇ ਲੋਕ ਜਾਣਦੇ ਸਨ। ਤੇ ਫੇਰ ਘਰ ਲੱਭ ਪਿਆ।

ਉਸ ਵਕਤ ਉਸ ਦੇ ਮਿਹਨਤੀ ਬਾਪ ਨੇ ਕਿਹਾ ਸੀ, ਪੁੱਤਰਾ ਇਹ ਪਛਾਣ ਸਖ਼ਤ ਮਿਹਨਤ ਨਾਲ ਕਮਾਉਣੀ ਪੈਂਦੀ ਹੈ। ਚਾਰ ਕਹਾਣੀਆਂ ਲਿਖ ਕੇ ਤੇ ਕੁੱਝ ਰਸਾਲਿਆਂ ਵਿੱਚ ਛਪ ਕੇ ਨਾਉਂ ਨਹੀਂ ਬਣਦਾ। ਫੇਰ ਉਹ ਮਿਹਨਤ ਵਿੱਚ ਐਸਾ ਜੁੱਟਿਆ ਕਿ ਅੱਜ ਹਰ ਕਿਸੇ ਨੂੰ ਪਤਾ ਹੈ ਪ੍ਰੇਮ ਗੋਰਖੀ ਕੌਣ ਹੈ।

ਇੱਕ ਦਿਨ ਅਸੀਂ ਸਭ ਨੇ ਤੁਰ ਜਾਣਾ ਹੈ, ਪਰ ਸਾਡੀ ਕਮਾਈ ਦਾ ਪਤਾ ਸਾਡੇ ਤੁਰ ਜਾਣ ਤੋਂ ਬਾਅਦ ਪਤਾ ਲੱਗੇਗਾ। ਅੱਜ ਫੇਸ ਬੁੱਕ ਤੇ ਸਾਰਾ ਸੋਸ਼ਲ ਮੀਡੀਆ ਉਸ ਦੇ ਜ਼ਿਕਰ ਨਾਲ ਭਰਿਆ ਪਿਆ ਹੈ। ਇਸ ਤੋਂ ਵੱਡਾ ਸਨਮਾਨ ਹੋਰ ਕੋਈ ਨਹੀਂ। ਉਹ ਚਾਪਲੂਸੀਆਂ ਕਰਨ ਵਾਲਾ ਜਾਂ ਗੌਡ ਫਾਦਰਾਂ ਦੀਆਂ ਬੈਸਾਖੀਆਂ ਸਹਾਰੇ ਤੁਰਨ ਵਾਲਾ ਨਹੀਂ ਸੀ। ਉਹ ਬਾਈ ਮੰਜੀਆਂ ਵਿੱਚ ਇੱਕ ਆਪਣੀ ਵੱਖਰੀ ਮੰਜੀ ਸਜਾ ਕੇ ਬੈਠਣ ਵਾਲਾ ਵੀ ਨਹੀਂ ਸੀ।

ਉਸ ਦਾ ਧੜਾ ਤਾਂ ਲੁੱਟੇ ਪੁੱਟੇ ਜਾਣ ਵਾਲੇ ਲੋਕਾਂ ਦਾ ਧੜਾ ਸੀ। ਉਸ ਨੇ ਜ਼ਿਹਨੀ ਅਯਾਸ਼ੀ, ਸਿਲੇਬਸਾਂ ਵਿੱਚ ਲੱਗਣ ਜਾਂ ਇਨਾਮਾਂ ਸਨਮਾਨਾਂ ਦੀ ਪ੍ਰਾਪਤੀ ਨੂੰ ਮੁੱਖ ਰੱਖਕੇ ਨਹੀਂ ਲਿਖਿਆ। ਉਹ ਤਾਂ ਆਪਣੇ ਲਹੂ ਪਸੀਨੇ ਨਾਲ ਲਿਖਦਾ ਸੀ। ਘੋਰ ਗੁਰਬਤ ਵਿੱਚ ਇਹ ਹੀ ਉਸਦੀ ਸਿਆਹੀ ਸੀ। ਫੇਰ ਉਹ ਕਿਸੇ ਦੀ ਚਮਚਾਗਿਰੀ ਕਿਉਂ ਕਰਦਾ? ਅਜਿਹੇ ਮਨ-ਮੱਤੀਏ ਨੂੰ ਅਣਗੌਲਿਆਂ ਕਰ ਹੀ ਦਿੱਤਾ ਜਾਂਦਾ ਹੈ। ਉਸ ਵਰਗੇ ਹੋਰ ਵੀ ਕਈ ਹੋਣਗੇ।

ਸਾਲ 2000 ਵਿੱਚ ਜਦੋਂ ਉਹ ਕੈਨੇਡਾ ਆਇਆ ਤਾਂ ਉਸ ਨੇ ਮੈਨੂੰ ਵੀ ਫੋਨ ਕੀਤਾ। 22 ਅਗਸਤ 2000 ਦੀ ਰਾਤ ਨੂੰ ਉਹ ਮੇਰੇ ਕੋਲ ਸੀ। ਅਸੀਂ ਦੋ ਦਿਨ ਇਕੱਠੇ ਰਹੇ ਅਤੇ ਘੁੰਮੇ ਫਿਰੇ। ਮੈਂ ਉਸ ਨੂੰ ਇਨ੍ਹਾਂ ਦੋ ਦਿਨਾਂ ਵਿੱਚ ਬਹੁਤ ਨੇੜੇ ਤੋਂ ਦੇਖਿਆ। ਉਹ ਬਹੁਤ ਹੀ ਡਾਊਨ ਟੂ ਅਰਥ, ਤੇ ਬਹੁਤ ਸਾਊ ਬੰਦਾ ਸੀ। ਜਿੱਥੇ ਬਿਠਾਉ ਬੈਠ ਜਾਣਾ, ਕੋਈ ਸ਼ਕਾਇਤ ਨਹੀਂ, ਕੋਈ ਮੰਗ ਨਹੀਂ, ਕੋਈ ਹੰਕਾਰ ਨਹੀਂ ਤੇ ਕਿਤੇ ਵੀ ਆਪਣੀ ਹੋਂਦ ਦਾ ਕੋਈ ਪ੍ਰਗਟਾਵਾ ਨਹੀਂ।

ਮੈਂ ਹੰਕਾਰ ਨਾਲ ਉਬਲਦੇ, ਆਪਣੇ ਆਪ ਨੂੰ ਰੱਬ ਸਮਝਣ ਵਾਲੇ ਅਤੇ ਨਵੇਂ ਲੇਖਕਾਂ ਨੂੰ ਕੀੜੇ ਮਕੌੜੇ ਸਮਝਣ ਵਾਲੇ ਵੱਡੇ ਲੇਖਕ ਵੀ ਵੇਖੇ ਨੇ। ਜਿਨ੍ਹਾਂ ਨੂੰ ਇੱਕ ਵਾਰ ਮਿਲਣ ਤੋਂ ਬਾਅਦ ਹੀ ਤੁਹਾਨੂੰ ਕੋਫਤ ਆਉਣ ਲੱਗ ਪੈਂਦੀ ਹੈ। ਜਿਨ੍ਹਾਂ ਕੋਲ ਬੈਠ ਕੇ ਤੁਸੀਂ ਸਹਿਜ ਮਹਿਸੂਸ ਕਰ ਹੀ ਨਹੀਂ ਸਕਦੇ। ਜਿਨ੍ਹਾਂ ਦਾ ਹੰਕਾਰ ਉਨ੍ਹਾਂ ਦੀ ਲੇਖਣੀ ਤੋਂ ਕਿਤੇ ਵੱਡਾ ਹੁੰਦਾ ਹੈ। ਪਰੰਤੂ ਗੋਰਖੀ ਤਾਂ ਨਿੱਘੀ ਰਜਾਈ ਦੀ ਬੁੱਕਲ ਵਰਗਾ ਦਰਵੇਸ਼ ਇਨਸਾਨ ਸੀ। ਉਹ ਜਿੰਨਾ ਵੱਡਾ ਲੇਖਕ ਸੀ ਉਨ੍ਹਾਂ ਹੀ ਵੱਡਾ ਮਨੁੱਖ ਵੀ ਸੀ। ਜਦ ਕਿ ਬਹੁਤੇ ਵੱਡੇ ਲੇਖਕ ਵੱਡੇ ਬੰਦੇ ਨਹੀਂ ਹੁੰਦੇ।

ਮੈਂ ਕਾਲਜ ਸਮੇਂ ਤੋਂ ਹੀ ਉਸ ਨੂੰ 'ਨਾਗਮਣੀ' ਅਤੇ ਹੋਰ ਪਰਚਿਆਂ ਵਿੱਚਪੜ੍ਹਦਾ ਆ ਰਿਹਾ ਸੀ। ਮੇਰੇ ਲਈ ਉਹ ਬਹੁਤ ਵੱਡਾ ਨਾਂ ਸੀ। 1986 ਵਿੱਚ ਜਦੋਂ ਮੇਰਾ ਗੇੜਾ 'ਪੰਜਾਬੀ ਟ੍ਰਿਬਿਊਨ' ਦੇ ਦਫ਼ਤਰ ਲੱਗਣ ਲੱਗਿਆ ਤਾਂ ਹਰਭਜਨ ਹਲਵਾਰਵੀ ਜੀ ਨਾਲ ਕਾਫੀ ਨੇੜਤਾ ਹੋ ਗਈ। ਫੇਰ ਪ੍ਰੇਮ ਗੋਰਖੀ ਜੀ ਨਾਲ ਵੀ ਮਿਲਣ ਗਿਲਣ ਦਾ ਸਬੱਬ ਬਣਨ ਲੱਗਿਆ। ਉਨ੍ਹੀਂ ਦਿਨੀ ਪੰਜਾਬ ਵਿੱਚ 'ਦੀਵਾ ਬਲ਼ੇ ਸਾਰੀ ਰਾਤ' ਪ੍ਰੋਗਰਾਮ ਕਰਵਾਏ ਜਾਂਦੇ ਸਨ ਅਤੇ ਗੋਰਖੀ ਇਨ੍ਹਾਂ ਪ੍ਰੋਗਰਾਮਾਂ ਦਾ ਨਾਇਕ ਸੀ। 1988 ਈਃ ਦੇ ਜਨਵਰੀ ਮਹੀਨੇ ਵਿੱਚ ਕਹਾਣੀਕਾਰ ਤੇਲੂ ਰਾਮ ਕੋਹਾੜਾ ਜੀ ਦੇ ਘਰ ਹੋਈ 'ਦੀਵਾ ਬਲੇ ਸਾਰੀ ਰਾਤ' ਵਿੱਚ ਉਸਦੀ ਹਾਜ਼ਰੀ ਵਿੱਚ ਮੈਂ ਵੀ ਕਹਾਣੀ ਪੜ੍ਹੀ। ਉਹ ਹਰ ਨਵੇਂ ਲੇਖਕ ਨੂੰ ਹੌਸਲਾ ਦਿੰਦਾ ਅਤੇ ਲਿਖਣ ਲਈ ਪ੍ਰੇਰਦਾ ਸੀ। ਫੇਰ ਸਾਡੀ ਸਾਂਝ ਹੋਰ ਗੂੜ੍ਹੀ ਹੋ ਗਈ।

ਮੈਂ ਕਦੀ ਕਦਾਈਂ ਕੈਨੇਡਾ ਤੋਂ ਅਤੇ ਕਦੇ ਇੰਡੀਆ ਜਾ ਕੇ ਵੀ ਉਸ ਨੂੰ ਫੋਨ ਕਰ ਲੈਂਦਾ। ਉਹ ਕਹਿੰਦਾ ਮਿਲਣ ਆ, ਬਹਿ ਕੇ ਗੱਲਾਂ ਕਰਾਂਗੇ। ਮੈਂ ਨਵਾਂ ਕਹਾਣੀਕਾਰ ਸੀ ਤੇ ਉਹ ਵੱਡਾ ਕਹਾਣੀਕਾਰ ਸੀ, ਪਰ ਉਸ ਨੇ ਮੈਨੂੰ ਕਦੇ ਵੀ ਮਹਿਸੂਸ ਨਹੀਂ ਸੀ ਹੋਣ ਦਿੱਤਾ। ਉਹ ਮੇਰੀਆਂ ਚੰਗੀਆਂ ਚੀਜ਼ਾਂ ਦੀ ਪ੍ਰਸੰਸ਼ਾ ਕਰਦਾ ਤੇ ਸੁਝਾਅ ਵੀ ਦਿੰਦਾ। ਬਹੁਤੇ ਲੋਕ ਅਜਿਹੇ ਹੀ ਮਿਲੇ ਹਨ, ਜੋ ਤੁਹਾਨੂੰ ਲਿਖਣੋਂ ਹਟਾਉਣ ਤੱਕ ਜਾਂਦੇ ਨੇ। ਉਹ ਤੁਹਾਡੇ ਵਿੱਚ ਨੁਕਸ ਹੀ ਨੁਕਸ ਲੱਭਣਗੇ। ਜੇ ਤੁਸੀਂ ਉਨ੍ਹਾਂ ਦੀ ਛਤਰ ਛਾਇਆ ਕਬੂਲ ਨਹੀਂ ਕਰਦੇ ਤਾਂ ਤੁਸੀ ਲੇਖਕ ਹੋ ਹੀ ਨਹੀਂ। ਪਰ ਗੋਰਖੀ ਅਜਿਹਾ ਬੰਦਾ ਨਹੀਂ ਸੀ। ਉਹ ਤਾਂ ਵੱਡਾ ਬੰਦਾ ਸੀ। ਏਸੇ ਕਰਕੇ ਉਹ ਮੈਨੂੰ ਚੰਗਾ ਲੱਗਦਾ ਸੀ।

ਉਹ ਇੱਕ ਮਿਹਨਤ ਕਸ਼ ਪਰਿਵਾਰ ਵਿੱਚ ਪੈਦਾ ਹੋਇਆ। ਉਸ ਨੂੰ ਕੰਮ ਦੀ ਮਰਿਯਾਦਾ ਦਾ ਅਹਿਸਾਸ ਸੀ। ਇਹ ਗੱਲ ਮੈਂ ਉਸ ਦੇ ਟ੍ਰਿਬਿਊਨ ਵਿੱਚ ਕੰਮ ਕਰਦਿਆਂ ਵੀ ਮਹਿਸੂਸ ਕੀਤੀ। ਹਲਵਾਰਵੀ ਸੰਪਾਦਕ ਸੀ ਤੇ ਗੋਰਖੀ ਸਹਿਬ ਪਰੂਫ ਰੀਡਰ ਜਦੋਂ ਅਸੀਂ ਮਿਲਦੇ ਤਾਂ ਉਹ ਕੰਮ ਦੀ ਮਰਿਯਾਦਾ ਨੂੰ ਸਮਝਦਾ। ਕੰਮ ਤੋਂ ਬਾਅਦ ਹੀ ਉਹ ਕਹਾਣੀਕਾਰ ਗੋਰਖੀ ਹੁੰਦਾ। ਇਹ ਹੀ ਗੱਲ ਮੈਂ ਉਦੋਂ ਵੀ ਮਹਿਸੂਸ ਕੀਤੀ ਜਦੋਂ ਉਹ ਯੁਨੀਸਟਾਰ ਬੁੱਕਸ ਤੇ ਪਰੂਫ਼ ਰੀਡਰ ਸੀ।

ਉਸ ਨੇ ਮੇਰੀ ਇੱਕ ਕਿਤਾਬ ਦੀ ਪਰੂਫ਼ ਰੀਡਿੰਗ ਕੀਤੀ ਪਰ ਮੇਜਰ ਮਾਂਗਟ ਨੂੰ ਭੁੱਲਾ ਕੇ। ਮੈਂ ਇੱਕ ਦਿਨ ਯੂਨੀਸਟਾਰ ਦੇ ਦਫਤਰ ਗਿਆ ਤਾਂ ਉਹ ਆਪਣੇ ਕੰਮ ਵਿੱਚ ਬਿਜੀ ਸੀ। ਆਪਣੇ ਕੈਬਨ ਵਿੱਚ ਕਿਸੇ ਜਲਦੀ ਪ੍ਰੈੱਸ ਜਾਣ ਵਾਲੀ ਕਿਤਾਬ ਦੀ ਪਰੂਫ਼ ਰੀਡਿੰਗ ਕਰ ਰਿਹਾ ਸੀ। ਜਦੋਂ ਮੈਂ ਹਰੀਸ਼ ਜੈਨ ਜੀ ਨਾਲ ਗੱਲਬਾਤ ਕਰ ਰਿਹਾ ਸੀ ਤਾਂ ਉਸ ਨੂੰ ਪਤਾ ਸੀ ਕਿ ਮੈਂ ਏਥੇ ਆਇਆ ਹੋਇਆ ਹਾਂ, ਤੇ ਉਹ ਮੇਰੀ ਆਵਾਜ਼ ਵੀ ਸੁਣ ਰਿਹਾ ਸੀ, ਪਰ ਬਾਹਰ ਨਹੀਂ ਆਇਆ। ਬਾਅਦ ਵਿੱਚ ਫੋਨ ਕਰਕੇ ਕਹਿੰਦਾ

'ਮਾਂਗਟ ਜੌਬ ਦਾ ਇਹ ਹੀ ਤਾਂ ਜੱਭ ਹੈ ਜੌਬ ਤਾਂ ਜੌਬ ਹੁੰਦੀ ਹੈ' ਉਥੇ ਮੈਂ ਪਰੂਫ਼ ਰੀਡਰ ਹਾਂ ਕਹਾਣੀਕਾਰ ਪ੍ਰੇਮ ਗੋਰਖੀ ਨਹੀਂ। ਤੈਨੂੰ ਪਤਾ ਹੈ ਉਸ ਵੇਲੇ ਸਮੇਂ ਮੇਰੇ ਦਿਲ ਤੇ ਕੀ ਬੀਤਦੀ ਸੀ। ਹੁਣ ਕਦੇ ਮੇਰੇ ਕੋਲ ਆ।'

ਮੈਂ ਕਾਲਜ ਸਮੇਂ ਮੈਕਸਿਮ ਗੋਰਕੀ ਦਾ ਨਾਵਲ 'ਮਾਂ' ਪੜ੍ਹਿਆ ਸੀ। ਗੋਰਕੀ ਮੇਰਾ ਮਨਪਸੰਦ ਲੇਖਕ ਬਣ ਗਿਆ। ਜਦੋਂ ਮੈਂ ਪੰਜਾਬੀ ਵਿੱਚ ਗੋਰਖੀ ਨੂੰ ਪੜ੍ਹਿਆ ਤਾਂ ਮਨ ਸੋਚਣ ਲੱਗਿਆ ਗੋਰਖੀ ਕਿ ਗੋਰਕੀ। ਮੈਂ ਕਾਫੀ ਦੇਰ ਇਸੇ ਕੰਨਫਿਊਜਨ ਵਿੱਚ ਰਿਹਾ ਕਿ ਇਹ ਬੰਦਾ ਗੋਰਕੀ ਦਾ ਨਾਂ ਕਿਉਂ ਵਰਤਦਾ ਏ? ਪਰ

ਹੌਲੀ ਹੌਲ਼ੀ ਮੇਰਾ ਇਹ ਸ਼ਿਕਵਾ ਜਾਂਦਾ ਰਿਹਾ। ਫੇਰ ਗੋਰਖੀ ਮੈਨੂੰ ਪੰਜਾਬੀ ਸਾਹਿਤ ਦਾ ਗੋਰਕੀ ਜਾਪਦਾ। ਉਸੇ ਪ੍ਰਕਾਰ ਤੰਗੀਆਂ ਤੁਰਸ਼ੀਆਂ ਤੇ ਮਜ਼ਦੂਰਾਂ 'ਚ ਪਲ਼ਿਆ ਹੋਇਆ। ਉਸੇ ਪ੍ਰਕਾਰ ਜੀਵਨ ਦਾ ਸੰਘਰਸ਼ ਕਰਦਾ ਹੋਇਆ।

ਭਾਵੇਂ ਉਹ ਨਕਸਲਵਾੜੀ ਲਹਿਰ ਨਾਲ ਜੁੜਨ ਕਾਰਨ ਜੇਲ਼ ਵੀ ਗਿਆ। ਪਰ ਆਪਣੀ ਗ੍ਰਿਫਤਾਰੀ ਜਾਂ ਵਿਚਾਰਧਾਰਾਂ ਨੂੰ ਕਦੇ ਕੈਸ਼ ਨਹੀਂ ਕੀਤਾ। ਕਿਸੇ ਕੋਲ ਜ਼ਿਕਰ ਤੱਕ ਵੀ ਨਹੀਂ ਕੀਤਾ। ਉਹ 15 ਜੂਨ 1947 ਨੂੰ ਪੈਦਾ ਹੋਇਆ। ਦੋ ਮਹੀਨੇ ਬਾਅਦ ਪਾਕਿਸਤਾਨ ਭਾਰਤ ਦੀ ਵੰਡ ਹੋਈ। ਦੋ ਮਹੀਨੇ ਦੇ ਬੱਚੇ ਦਾ ਪਾਲਣ ਪੋਸ਼ਣ ਕਿਵੇਂ ਹੋਇਆ ਹੋਊ? ਘਰ ਦੇ ਹਾਲਾਤ ਕਿਹੋ ਜਿਹੇ ਹੋਣਗੇ? ਜ਼ਰਾ ਸੋਚ ਕੇ ਵੇਖੋ।

ਸਾਡਾ ਇਹ ਲੇਖਕ ਸਾਹ ਦੀ ਤਕਲੀਫ਼ ਕਾਰਨ 24 ਮਈ 2021 ਨੂੰ ਅਲਵਿਦਾ ਕਹਿ ਗਿਆ। ਕਿਸੇ ਪ੍ਰਸਾਸ਼ਨ ਨੂੰ, ਕਿਸੇ ਪਾਠਕ ਨੂੰ, ਕਿਸੇ ਯੂਨੀਵਰਸਿਟੀ ਨੂੰ, ਕਿਸੇ ਅਲੋਚਕ ਨੂੰ, ਕਿਸੇ ਪਾਠਕ ਨੂੰ, ਕਿਸੇ ਸੰਪਾਦਕ ਜਾਂ ਪਬਲਿਸ਼ਰ ਨੂੰ ਕੋਈ ਖ਼ਬਰ ਨਹੀਂ। ਏਹੋਂ ਤਾਂ ਸਭ ਤੋਂ ਵੱਡਾ ਦੁਖਾਂਤ ਹੈ ਕਿ ਅਸੀਂ ਜੀਂਦੇ ਜੀ ਬੰਦੇ ਨੂੰ ਪੁੱਛਦੇ ਹੀ ਨਹੀਂ ਬਲਕਿ ਮੜ੍ਹੀਆਂ ਪੂਜਦੇ ਹਾਂ। ਉਡੀਕ ਕਰਦੇ ਹਾਂ ਕਿ ਬੰਦਾ ਮਰੇ ਤੇ ਅਸੀ ਫੇਰ ਹੀ ਅਸੀਂ ਆਪਣਾ ਮੂੰਹ ਖੋਹਲੀਏ।

ਇਹ ਹੀ ਕਾਰਨ ਹੈ ਕਿ ਪ੍ਰੇਮ ਗੋਰਖੀ ਨੂੰ ਨਾ ਅਲੋਚਕਾਂ ਨੇ ਕਦੇ ਪੁੱਛਿਆ ਤੇ ਨਾਂ ਹੀ ਵੱਡੇ ਸਨਮਾਨਾਂ ਵੱਲਿਆਂ ਨੇ, ਹੁਣ ਮਰੇ ਤੋਂ ਉਹ ਸਭ ਨੂੰ ਯਾਦ ਆਏਗਾ। ਮੇਰੇ ਵਰਗਿਆਂ ਨੂੰ ਦੋ ਲਫ਼ਜ਼ ਲਿਖਣ ਦਾ ਖ਼ਿਆਲ ਆ ਗਿਆ। ਏਹੋ ਸਾਡਾ ਦੁਖਾਂਤ ਹੈ ਕਿ ਅਸੀਂ ਜੀਂਦੇ ਬੰਦੇ ਦੀ ਕਦਰ ਨਹੀਂ ਕਰਦੇ। ਮੈਨੂੰ ਕਦੇ ਵੀ ਨਹੀਂ ਦੀ ਲੱਗਿਆ ਕਿ ਉਹ ਐਨੀ ਛੇਤੀ ਅਲਵਿਦਾ ਕਹਿ ਜਾਵੇਗਾ। ਮਨ ਸਕਤੇ ਵਿੱਚ ਹੈ।

ਜਦੋਂ ਉਹ 'ਕੁੰਭ' ਦਾ ਸੰਪਾਦਕ ਬਣਿਆ ਤਾਂ ਫੋਨ ਕੀਤਾ ਕਿ ਆਪਣੀ ਕਹਾਣੀ ਭੇਜ। ਫੇਰ ਪਤਾ ਨਹੀਂ ਕੀ ਹੋਇਆ ਕਿ ਉਸਦਾ ਉਤਸ਼ਾਹ ਮੱਠਾ ਪੈ ਗਿਆ ਤੇ 'ਕੁੰਭ' ਬੰਦ ਹੋ ਗਿਆ। ਪਰ ਅੰਦਰੋਂ ਉਹ 'ਕੁੰਭ' ਨਾਲ ਜੁੜ ਚੁੱਕਾ ਸੀ। ਪਿਛਲੇ ਸਾਲ ਉਸਦਾ ਫੇਰ ਫੋਨ ਆਇਆ।

'ਮੇਜਰ ਮੈਂ ਦੁਬਾਰਾ 'ਕੁੰਭ' ਸ਼ੁਰੂ ਕਰਨ ਲੱਗਿਆਂ ਹਾਂ। ਆਪਣੀ ਮਰਜ਼ੀ ਦਾ। ਤੂੰ ਵੀ ਕਹਾਣੀ ਭੇਜ। ਫੇਰ ਇੱਕ ਦਿਨ ਫੋਨ ਅਇਆ ਇਸ ਵਾਰ ਤੇਰੀ ਕਿਤਾਬ ਮੈਂ ਛਾਪਾਂਗਾ। ਬੱਸ ਆਪਣੀ ਕਿਤਾਬ ਦਾ ਖਰਚ਼ਾ ਭੇਜ ਦੇ। ਮੈਂ ਆਪਣੀ ਪ੍ਰਕਾਸ਼ਨ ਸ਼ੁਰੂ ਕਰਨ ਲੱਗਿਆ ਹਾਂ। ਜਦੋਂ ਇੰਡੀਆ ਆਇਆ ਚੰਡੀਗੜ੍ਹ ਜ਼ਰੂਰ ਮਿਲਣ ਆਵੀਂ।

ਇੰਡੀਆਂ ਦੇ ਹਾਲਾਤ ਪਿਛਲੇ ਸਾਲ ਤੋਂ ਬਹੁਤ ਬਦਲ ਚੁੱਕੇ ਨੇ। ਮਿਲਣ ਗਿਲਣ ਪਹਿਲਾਂ ਵਰਗਾ ਨਹੀਂ ਰਿਹਾ। ਹਵਾਈ ਸਫ਼ਰ ਤੇ ਪਾਬੰਦੀਆਂ ਨੇ, ਇਕਾਂਤਵਾਸ ਦੀਆਂ ਸ਼ਰਤਾਂ ਨੇ। ਕੋਵਿਡ ਮਹਾਂਮਾਰੀ ਨੇ ਸਭ ਕੁੱਝ ਉਲਟ ਪੁਲਟ ਕਰ ਦਿੱਤਾ ਹੈ। ਮਿਲਣ ਗਿਲਣ ਸਰਗਰਮੀਆਂ ਸਭ ਬੰਦ ਨੇ।

ਫੇਰ ਫਰਵਰੀ 2019 ਨੂੰ ਮਿਲਣ ਦਾ ਵਾਹਦਾ ਕਰ ਕੇ ਗਏ ਤਾਂ ਕੋਵਿਡ ਨੇ ਹਾਲਾਤ ਐਸੇ ਖਰਾਬ ਕੀਤੇ ਕਿ ਹਵਾਈ ਉਡਾਣਾ ਫੇਰ ਬੰਦ ਹੋਣ ਕਾਰਨ ਤੁਰੰਤ ਭਾਰਤ ਛੱਡਣਾ ਪਿਆ। ਹੁਣ ਤਾਂ ਹਾਲਾਤ ਬਹੁਤ ਹੀ ਖ਼ਰਾਬ ਨੇ। ਭਾਰਤ ਦੀ ਹਾਲਤ ਦੇਖ ਕੇ ਲੱਗਦਾ ਹੈ ਕਿ ਅਜੇ ਦੋ ਤਿੰਨ ਸਾਲ ਹੋਰ ਗੇੜਾ ਨਹੀਂ ਲੱਗ ਸਕਦਾ। ਉਦੋਂ ਤੱਕ ਪਤਾ ਨਹੀਂ ਆਪ ਤੁਰ ਜਾਣਾ ਏਂ ਜਾਂ ਕਿੰਨੇ ਕੁ ਹੋਰ ਤੁਰ ਜਾਣਗੇ।

ਮਨ ਬਹੁਤ ਉਦਾਸ ਏ। ਚੰਗੇ ਸਾਹਿਤਕਾਰ ਤੇ ਚੰਗੇ ਬੰਦੇ ਮੁੱਦਤਾਂ ਬਾਅਦ ਪੈਦਾ ਹੁੰਦੇ ਨੇ। ਇਹ ਜ਼ਰੂਰੀ ਨਹੀਂ ਕਿ ਕੋਈ ਵੱਡਾ ਲੇਖਕ ਵੱਡਾ ਬੰਦਾ ਵੀ ਹੋਵੇ। ਕਈ ਲੇਖਕਾਂ ਦੇ ਹੰਕਾਰ ਬਹੁਤ ਵੱਡੇ ਨੇ। ਸਾਡੇ ਵਰਗੇ ਬੌਣੇ ਬੰਦੇ ਤਾਂ ਉਨ੍ਹਾਂ ਦੇ ਪਰਛਾਵਿਆਂ ਤੱਕ ਵੀ ਨਹੀਂ ਪਹੁੰਚ ਸਕਦੇ। ਅਜਿਹੇ ਹਾਲਾਤਾਂ ਵਿੱਚ ਪ੍ਰੇਮ ਗੋਰਖੀ ਵਰਗੇ ਵੱਡੇ ਬੰਦੇ ਅਤੇ ਵੱਡੇ ਲੇਖਕ ਦਾ ਵਿੱਛੜ ਜਾਣਾ ਮਨ ਨੂੰ ਬਹੁਤ ਖਟਕਦਾ ਹੈ। ਮੇਰੇ ਵਰਗੇ ਸਧਾਰਨ ਬੰਦੇ ਲਈ ਇਹ ਬਹੁਤ ਘਾਟਾ ਹੈ। ਅਲਵਿਦਾ ਪ੍ਰੇਮ ਗੋਰਖੀ ਜੀ। ਜੋ ਸਨਮਾਨ ਤੇਰੇ ਜਾਣ ਤੋਂ ਬਾਅਦ ਤੇਰੇ ਪਾਠਕਾਂ ਵਲੋਂ ਮਿਲਿਆ ਇਹ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ। (**+1 416-727-2071**)

## ਹੈ ਕੋਈ ਜੋ ਪ੍ਰੇਮ ਗੋਰਖੀ ਨੂੰ ਜਵਾਬ ਦੇ ਸਕਦਾ ਹੋਵੇ ??

### - ਕੇਹਰ ਸ਼ਰੀਫ਼

ਪਿਛਲੇ ਦਿਨੀਂ ਪੰਜਾਬੀ ਦਾ ਉੱਘਾ ਸਾਹਿਤਕਾਰ ਪ੍ਰੇਮ ਗੋਰਖੀ ਸਦੀਵੀ ਵਿਛੋੜਾ ਦੇ ਗਿਆ। ਮੈਂ ਗੋਰਖੀ ਨੂੰ 1973-74 ਤੋਂ ਜਾਣਦਾਂ, ਉਸ ਵਲੋਂ 'ਮਿੱਟੀ ਰੰਗੇ ਲੋਕ' ਤੇ 'ਦ੍ਰਿਸ਼ਟੀ' ਵਿਚ 'ਤਿੱਤਰ ਖੰਭੀ ਜੂਹ' ਲਿਖਣ ਤੋਂ ਵੀ ਪਹਿਲਾਂ ਦਾ। ਲਾਡੋਵਾਲੀ ਰੋਡ ਵਾਲੇ ਉਸਦੇ ਘਰ ਪਸ਼ੂਆਂ ਨੂੰ ਪਾਏ ਜਾਣ ਵਾਲੇ ਪੱਠਿਆਂ ਦੀਆਂ ਪੰਡਾਂ ਕੋਲ ਬਾਣ ਵਾਲੇ ਮੰਜੇ 'ਤੇ ਬਹਿ ਕੇ ਕਿੰਨੀਆਂ ਗੱਲਾਂ ਕੀਤੀਆਂ, ਬੜਾ ਕੁੱਝ ਕਿਹਾ, ਸੁਣਿਆਂ- ਬਾਅਦ 'ਚ ਹਰ ਵਾਰ ਜਦੋਂ ਵੀ ਭਾਰਤ ਗਿਆ, (ਪਿਛਲੇ ਸਾਲ ਦੀ ਫੇਰੀ ਨੂੰ ਛੱਡ ਕੇ, ਕਰੋਨਾ ਵਾਲੇ ਸਮੇਂ ਨਹੀਂ ਮਿਲ ਸਕੇ) ਉਹ ਜ਼ਰੂਰ ਮਿਲਦਾ। ਨਿਮਰਤਾ ਭਰਪੂਰ, ਕਲਮ ਦਾ ਕਾਮਾ ਤੇ ਬਹੁਤ ਹੀ ਸਹਿਜ ਇਨਸਾਨ ਸੀ, ਉਹ। ਜਦੋਂ ਵੀ ਮਿਲਿਆ ਪੂਰੀ ਅਪਣੱਤ ਤੇ ਸਤਿਕਾਰ ਨਾਲ, ਉਹ ਹਰ ਕਿਸੇ ਨੂੰ ਇੰਝ ਹੀ ਮਿਲਦਾ ਸੀ। ਉਹਨੇ ਆਪਣੀਆਂ ਕਹਾਣੀਆਂ 'ਚ ਅਣਹੋਇਆਂ / ਅਣਗੌਲਿਆ ਦੀ ਬਾਤ ਪਾਈ, ਅਣਹੋਇਆਂ ਨੂੰ ਹਿੰਮਤ ਦਿੱਤੀ। ਕਿੰਨੇ ਨਵੇਂ ਲਿਖਣ ਵਾਲਿਆਂ ਨੂੰ ਆਪਣੇ ਲੋਕਾਂ ਭਾਵ ਸਾਧਨ ਵਿਹੂਣੇ, ਲੁੱਟੇ-ਪੁੱਟੇ ਤੇ ਕੁੱਟੇ ਜਾਂਦੇ ਲੋਕਾਂ ਬਾਰੇ ਲਿਖਣ ਵਾਸਤੇ ਪ੍ਰੇਰਿਆ। ਪੰਜਾਬੀ ਕਹਾਣੀਕਾਰਾਂ ਅੰਦਰ ਸੰਵਾਦ ਦਾ ਦੀਵਾ ਬਾਲ਼ਿਆ। ਮਿੱਤਰਾਂ ਨੂੰ ਹੀ ਨਹੀਂ ਸਗੋਂ ਪੰਜਾਬੀ ਬੋਲੀ/ਭਾਸ਼ਾ / ਸਾਹਿਤ ਨੂੰ ਗੋਰਖੀ 'ਤੇ ਮਾਣ ਰਹੇਗਾ ਹਾਂ, ਕੁੱਝ ਆਪਣੇ ਆਪ ਨੂੰ 'ਵੱਡਾ' ਆਖਣ ਵਾਲੇ ਗੋਰਖੀ ਨਾਲ ਕੀਤੇ ਵਿਹਾਰ ਕਰਕੇ ਆਪਣੇ ਮਰਨ ਤੱਕ ਸ਼ਰਮਿੰਦੇ ਹੀ ਰਹਿਣਗੇ। ਦਰਅਸਲ ਉਹ ਸੋਚ ਵਲੋਂ ਬੌਨੇ ਲੋਕ ਹਨ ਜੋ ਢਲਦੇ ਸੂਰਜ ਵੱਲ ਪਿੱਠ ਕਰਕੇ ਲੰਮੇ ਹੋ ਗਏ ਆਪਣੇ ਪਰ੍ਛਾਵੇਂ ਨੂੰ ਦੇਖ ਕੇ ਮਨ ਪਰ੍ਚਾਉਣ ਖਾਤਰ ਝੂਠੀ ਤਸੱਲੀ ਨਾਲ ਜੀਉਣ ਦੇ ਆਦੀ ਹਨ। ਉਨ੍ਹਾਂ ਵਿਚੋਂ ਬਹੁਤੇ ਦੂਜਿਆਂ ਨੂੰ ਛੋਟਾ ਕਰਨ ਦੇ ਜਤਨ ਹੀ ਕਰਦੇ ਹਨ, ਅਸਲ 'ਚ ਉਹ ਆਪਣੀ ਅਰਥੀ ਨੂੰ ਮੋਢਾ ਦੇਣ ਜੋਗੇ ਹੀ ਹਨ।

ਇਕ ਅਜਿਹਾ ਦੌਰ ਵੀ ਸੀ ਜਦੋਂ ਗੋਰਖੀ ਤਿੱਖੀ-ਤੱਤੀ ਸੋਚ ਨਾਲ ਜੁੜ ਰਿਹਾ ਸੀ ਤਾਂ ਕੁੱਝ ਮਿੱਤਰਾਂ ਦੇ ਸਮਝਾਉਣ ਨਾਲ ਸੋਚ ਨੂੰ ਸਮਝੇ ਬਿਨਾਂ ਉਹ ਨਿਰੇ ਜੋਸ਼ ਨਾਲ ਜਿੱਧਰ ਨੂੰ ਰੁਖ ਕਰ ਰਿਹਾ ਸੀ ਉੱਧਰੋਂ ਮੁੜਿਆ ਤਾਂ ਉਹਦੀ ਜ਼ਿੰਦਗੀ ਅਜਾਂਈਂ ਜਾਣੋਂ ਬਚ ਗਈ। ਜਦੋਂ ਸਾਈਕਲ ਚੋਰੀ ਦਾ ਦੋਸ਼ ਲਗਦਾ ਹੈ ਤਾਂ ਅੰਮ੍ਰਿਤਾ ਪ੍ਰੀਤਮ ਦਾ ਖ਼ਤ ਜੱਜ ਨੂੰ ਹੈਰਾਨ ਤੇ ਪ੍ਰੇਸ਼ਾਨ ਕਰਦਾ ਹੈ। ਉਹ ਖ਼ਤ ਗੋਰਖੀ ਦੇ ਭਵਿੱਖ ਵੱਲ ਜਾਂਦੇ ਰਾਹ ਨੂੰ ਮੋਕਲ਼ਾ ਕਰਨ ਵਾਲਾ ਸੀ ਤੇ ਕੀਤਾ ਵੀ। ਅਜਿਹੇ ਕਿੰਨੇ ਲੋਕ ਹਨ ਜੋ ਤੀਜੇ ਦਰਜੇ ਦੇ ਕਰਮਚਾਰੀ ਤੋਂ ਉੱਠ ਕੇ ਸਾਹਿਤਕ ਅਸਮਾਨ 'ਤੇ ਛਾਏ ਹੋਣ। ਲਾਲ ਸਿੰਘ ਦਿਲ ਤੇ ਗੋਰਖੀ ਵਰਗੇ ਹੋਰ ਕਈ ਅਣਹੋਇਆਂ 'ਚੋਂ ਉੱਠ ਅਣਹੋਇਆਂ ਦੀ ਬਾਤ ਦੁਨੀਆਂ ਤੱਕ ਪਹੁੰਚਾਉਣ ਲੱਗ ਪਏ ਸਨ। ਉਨ੍ਹਾਂ ਨੇ ਅਣਹੋਇਆਂ ਨੂੰ ਇਨਸਾਨਾਂ ਵਜੋਂ ਦੇਖਿਆ, ਸਮੇਂ ਦੀ ਹਿੱਕ 'ਤੇ ਉਨ੍ਹਾਂ ਅਣਹੋਇਆਂ ਦੀਆਂ ਪੈੜਾਂ ਦੇ ਸਿਰਜੇ ਸ਼ਬਦੀ ਨਿਸ਼ਾਨ ਅੱਜ ਵੀ ਹਨ ਤੇ ਆਉਣ ਵਾਲੇ ਕੱਲ੍ਹ ਵੀ ਮੌਜੂਦ ਰਹਿਣਗੇ।

ਗੋਰਖੀ ਆਪਣੇ ਬੱਚਿਆਂ ਨੂੰ ਬਹੁਤ ਮੋਹ ਕਰਦਾ ਸੀ। ਮੈਨੂੰ ਯਾਦ ਹੈ ਕਿ 1979 ਦੇ ਪਹਿਲੇ ਮਹੀਨੇ ਹੀ ਸਨ ਜਦੋਂ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਸਾਹਿਤਕ ਗੋਸ਼ਟੀ ਹੋ ਰਹੀ ਸੀ। ਜਦੋਂ ਗੋਰਖੀ ਆਇਆ ਤਾਂ ਉਹ ਆਪਣੀ ਛੋਟੀ ਜਹੀ ਧੀ ਨੂੰ ਨਾਲ ਚੁੱਕੀ ਆਵੇ। ਕਹਿੰਦਾ ਕੁੜੀ ਜਿਦ ਕਰਦੀ ਸੀ ਮੈਂ ਨਾਲ ਜਾਣਾ, ਮੈਂ ਨਾਲ ਹੀ ਲੈ ਆਇਆ। ਕਾਲਜ ਤੋਂ ਥੋੜ੍ਹੀ ਦੂਰ ਸਾਡੇ ਰਿਸ਼ਤੇਦਾਰਾਂ ਦਾ ਘਰ ਸੀ, ਮੇਰੇ ਨਾਲ ਗਈ ਮੇਰੀ ਪਤਨੀ ਉੱਥੇ ਚਲੀ ਗਈ ਸੀ। ਮੈਂ ਗੋਰਖੀ ਨੂੰ ਕਿਹਾ ਚੱਲ ਬੇਟੀ ਨੂੰ ਉੱਥੇ ਛੱਡ ਆਈਏ। ਗੋਰਖੀ ਦੀ ਧੀ ਨੂੰ ਮੈਂ ਆਪਣੀ ਪਤਨੀ ਕੋਲ ਛੱਡ ਕੇ ਗੋਰਖੀ ਨੂੰ ਨਾਲ ਲੈ ਕੇ ਗੋਸ਼ਟੀ ਵਿਚ ਚਲੇ ਗਿਆ। ਇਹ ਇਕੋ ਇਕ ਮੌਕਾ ਜਦੋਂ ਮੈਂ ਕਿਸੇ ਲੇਖਕ ਨੂੰ ਆਪਣੇ ਛੋਟੇ ਜਹੇ ਬੱਚੇ ਨੂੰ ਕਿਸੇ ਗੋਸ਼ਟੀ ਵਿਚ ਲੈ ਕੇ ਆਉਂਦੇ

ਦੇਖਿਆ।

ਗੋਰਖੀ ਬਾਰੇ ਨਿੱਕੀਆਂ ਨਿੱਕੀਆਂ ਗੱਲਾਂ ਤਾਂ ਹੋਰ ਵੀ ਯਾਦ ਹਨ ਇਹ ਗੱਲ 1977 ਕੁ ਦੀ ਹੈ, 'ਪੰਜਾਬੀ ਟ੍ਰਿਬਊਨ' ਵਿਚ ਜਾਣ ਤੋਂ ਪਹਿਲਾਂ ਦੀ ਕਿ ਸਾਡਾ ਇਕ ਮਿੱਤਰ ਕਹੇ ਗੋਰਖੀ ਨੂੰ ਕਿਧਰੇ ਵਧੀਆ ਥਾਂ ਰੋਟੀ ਖੁਆਉਣੀ ਹੈ, ਆਪਣੀ ਜ਼ਮੀਨ ਉਸ ਸੱਜਣ ਨੇ ਵੇਚੀ ਹੋਈ ਸੀ, ਇਕ ਛੋਟਾ ਜਿਹਾ ਨਾਵਲ ਵੀ ਲਿਖ ਲਿਆ ਸੀ।



**ਪ੍ਰੇਮ ਗੋਰਖੀ ਅਤੇ ਦਲਬੀਰ ਚੇਤਨ ਗੰਭੀਰ ਮੁਦਰਾ ਵਿਚ**

ਅੰਦਰੋਂ ਉਹਦੀ ਮੰਨਸ਼ਾ ਸੀ ਕਿ ਆਪਣੇ ਨਾਵਲ ਬਾਰੇ ਉਹ ਗੋਰਖੀ ਤੋਂ ਵੀ ਕੁੱਝ ਸੁਣਨਾ ਚਾਹੁੰਦਾ ਸੀ। ਉਹ ਲੈ ਵੜਿਆ ਜਲੰਧਰ ਦੇ ਸਕਾਈਲਾਰਕ ਹੋਟਲ 'ਚ। ਗੋਰਖੀ ਇੱਥੇ ਆਪਣੇ ਆਪ ਨੂੰ ਅਸਹਿਜ ਮਹਿਸੂਸ ਕਰਦਾ ਰਿਹਾ ਤੇ ਉਹਨੇ ਬਾਅਦ ਵਿਚ ਕਦੇ ਮੈਨੂੰ ਕਿਹਾ ਵੀ ਸੀ ਕਿ ਇਸ ਸੱਜਣ ਨੂੰ ਕਹੀਂ ਕਿ ਇਨ੍ਹਾਂ ਥਾਵਾਂ 'ਤੇ ਪੈਸੇ ਪੱਟਣੋਂ ਉਹਨੂੰ ਗੁਰੇਜ਼ ਕਰਨਾ ਚਾਹੀਦਾ ਸੀ, ਇਹ ਥਾਵਾਂ ਸਾਡੇ ਵਰਗੇ ਲੋਕਾਂ ਵਾਸਤੇ ਨਹੀਂ।

ਗੋਰਖੀ ਮਿਲਦਾ ਤਾਂ ਘਰੇਲੂ ਗੱਲਾਂ ਵੀ ਕਰਦਾ ਤੇ ਹੈਰਾਨੀ ਉਦੋਂ ਹੁੰਦੀ ਜਦੋਂ ਉਹ ਨਾਲ ਹੀ ਹਿਕਮਤ ਦੀਆਂ ਗੱਲਾਂ ਕਰਨ ਲੱਗ ਜਾਂਦਾ, ਤੇ ਕਹਿੰਦਾ ਸਿਹਤ ਦਾ ਠੀਕ ਹੋਣਾ ਸੋਚ ਨੂੰ ਬਹੁਤ ਫਰਕ ਪਾਉਂਦਾ ਹੈ, ਇਸ ਦੀ ਪ੍ਰੋੜਤਾ ਲਈ ਉਹ ਆਪਣੇ ਭਾਈਏ ਦਾ ਹਵਾਲਾ ਦਿੰਦਾ। ਸਾਹਿਤ ਬਾਰੇ ਗੱਲਾਂ ਕਰਦਿਆਂ ਜਦੋਂ ਕਦੇ ਗੋਰਖੀ ਨੇ ਕਿਹਾ ਸੀ ਕਿ ਸਾਹਿਤ ਅੰਦਰ ਤਾਂ ਬਥੇਰਿਆਂ ਨਾਲ ਮੁਕਾਬਲੇ ਹਨ, ਮੈਂ ਸਿੱਧ-ਸੁਭਾਅ ਹੀ ਉਹਨੂੰ ਸਵਾਲ ਕੀਤਾ ਸੀ, ਪਰ 'ਆਪਣੇ ਆਪ ਨਾਲ ਮੁਕਾਬਲਾ' ਕਰਨ ਬਾਰੇ ਕੀ ਖਿਆਲ ਐ? ਤਾਂ ਉਹ ਕਹਿਣ ਲੱਗਾ 'ਇਹ ਤਾਂ ਸਭ ਤੋਂ ਜ਼ਰੂਰੀ ਹੈ', ਇਸ ਰਸਤੇ ਤੁਰਦਿਆਂ ਉਹਨੇ ਆਪਣੇ ਵਲੋਂ ਮਿੱਥੀ ਹਰ ਅਗਲੀ ਮੰਜ਼ਿਲ 'ਤੇ ਪੂਰੇ ਵਿਸ਼ਵਾਸ ਨਾਲ ਪੈਰ ਧਰਿਆ।

'ਅਜੀਤ ' ਜਾਂ 'ਪੰਜਾਬੀ ਟ੍ਰਿਬਿਊਨ' ਵਿਚ ਹੁੰਦਿਆਂ, ਦੇਸ਼ ਤੇ ਪਰਦੇਸ ਤੋਂ ਸਾਹਿਤ ਨੂੰ ਪਿਆਰ ਕਰਨ ਵਾਲੇ ਕਾਫੀ ਲੋਕ ਗੋਰਖੀ ਦੀ ਲਿਖਤ ਨਾਲ ਬਣੀ ਪ੍ਰਸਿੱਧੀ ਕਰਕੇ ਵੀ ਉਹਨੂੰ ਮਿਲਣ ਪਹੁੰਚਦੇ। ਇਨ੍ਹਾਂ ਅਦਾਰਿਆਂ ਵਿਚ ਹੀ ਬੈਠੇ ਕਈਆਂ ਨੂੰ ਇਸ ਨਾਲ ਤਕਲੀਫ ਵੀ ਹੁੰਦੀ ਸੀ। ਮੈਨੂੰ ਯਾਦ ਹੈ 'ਪੰਜਾਬੀ ਟ੍ਰਿਬਊਨ' ਵਿਚੋਂ ਰੀਟਾਇਰ ਹੋ ਜਾਣ ਤੋਂ ਬਾਅਦ ਸ਼ਾਮ ਸਿੰਘ (ਅੰਗ ਸੰਗ) ਤੇ ਗੋਰਖੀ ਨੂੰ 'ਦੇਸ਼ ਸੇਵਕ' ਵਾਲੇ ਆਪਣੀ ਅਖਬਾਰ ਵਿਚ ਲੈ ਗਏ, ਉਨ੍ਹਾਂ ਨੇ ਅਖਬਾਰ ਦਾ ਪੱਧਰ ਸੁਧਾਰਨ ਦੇ ਮਾਮੂਲੀ ਜਤਨ ਵੀ ਕੀਤੇ, ਪਰ ਥੋੜ੍ਹੇ ਸਮੇਂ ਤੋਂ ਬਾਅਦ ਹੀ ਉਸ ਅਖਬਾਰ ਦੇ ਪ੍ਰਬੰਧਕਾਂ ਨੇ ਕਿਹਾ ਇਹ ਤਾਂ 'ਦੇਸ਼ ਸੇਵਕ' ਨੂੰ 'ਪੰਜਾਬੀ ਟ੍ਰਿਬਿਊਨ' ਹੀ ਬਣਾ ਦੇਣਗੇ, ਉਨ੍ਹਾਂ ਦੋਹਾਂ ਨੂੰ ਹੀ ਓਥੋਂ ਜਾਣਾ ਪਿਆ। ਇਸ ਤਰ੍ਹਾਂ ਵੀ ਹੁੰਦਾ ਰਿਹਾ ਜਿਸ ਬਾਰੇ ਗੋਰਖੀ ਦਾ ਪ੍ਰਤੀਕਰਮ ਸੀ 'ਇਹ ਕੋਈ ਅਲੋਕਾਰੀ ਗੱਲ ਨਹੀਂ'। ਇਸ ਤਰ੍ਹਾਂ ਗੋਰਖੀ ਨਾਲ ਹੋਰ ਕਈ ਥਾਹੀਂ ਵੀ ਹੋਇਆ, ਸਾਹਿਤ ਨੂੰ ਬਹਾਨਾ ਬਣਾ ਕੇ ਮੱਦਦ ਵਾਲੀ ਪੌੜੀ ਬਣਾ ਕੇ ਵੀ ਕਈਆਂ ਨੇ ਗੋਰਖੀ ਨੂੰ ਵਰਤਿਆ ਜਾਂ ਇਹੋ ਕੁੱਝ ਕੀਤਾ। ਅਫਸੋਸ ਕਿ ਚੀਜਾਂ-ਵਸਤਾਂ ਵਾਲਾ ਫਾਰਮੂਲਾ 'ਵਰਤੋ ਤੇ ਪਰਾਂਹ ਸੁੱਟੋ' ਸੰਵੇਦਨਸ਼ੀਲ ਇਨਸਾਨਾਂ 'ਤੇ ਵਰਤਣ ਵਾਲੇ 'ਸੱਭਿਅਕ ਲੋਕ' ਪੰਜਾਬੀ ਵਿਚ ਵੀ ਹੈਗੇ।

ਕਈ ਲੋਕ ਗੋਰਖੀ ਨੂੰ ਦਲਿਤਾਂ ਦਾ ਲੇਖਕ ਹੀ ਆਖੀ ਜਾਂਦੇ ਹਨ, ਉਹ ਗੋਰਖੀ ਨੂੰ ਛੋਟਾ ਕਰਨ ਲਈ ਬਜਿਦ ਹਨ। ਗੋਰਖੀ ਇਨਸਾਨੀਅਤ ਦਾ ਲੇਖਕ ਸੀ, ਮਨੁੱਖਤਾ ਨੂੰ ਪਿਆਰ ਕਰਨ ਵਾਲਾ ਹਾਂ ਉਸਦੀ ਕਲਮ ਗਰੀਬ-ਗੁਰਬੇ ਦਾ ਹੌਂਕਾ ਬਣਦੀ ਸੀ, ਉਸਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋ ਕੇ ਸੰਘਰਸ਼

ਕਰਨ ਦੀ ਪ੍ਰੇਰਨਾ ਦਿੰਦੀ ਸੀ। ਗੋਰਖੀ ਇਸ ਧਰਤੀ ਦੇ ਲੋਕਾਂ ਨੂੰ ਮੁਹੱਬਤੀ ਸੁਰ ਵਿਚ ਵਸਦੇ ਦੇਖਣ ਦਾ ਚਾਹਵਾਨ ਸੀ, ਉਸਦੀ ਲਿਖਤ ਦੀਆਂ ਬਾਹਵਾਂ ਧਰਤੀ ਦੇ ਦਿਸਹੱਦਿਆਂ ਤੱਕ ਫੈਲਦੀਆਂ ਸਨ। ਇਨਸਾਨ ਤੇ ਇਨਸਾਨੀਅਤ ਉਸਦੇ ਮੁੱਖ ਸਰੋਕਾਰ ਸਨ।

ਸਾਡੀ ਜ਼ੁਬਾਨ ਦੀ ਬਦਕਿਸਮਤੀ ਹੈ ਕਿ ਇਹਦੇ 'ਬੁੱਧੀਜੀਵੀ ਅਖਵਾਣ ਵਾਲੇ' ਆਪੇ ਬਣੇ ਚੌਧਰੀ ਦੂਜੇ ਨੂੰ (ਜੇ ਉਹ ਆਰਥਕ ਪੱਖੋਂ ਕਮਜ਼ੋਰ ਹੈ ਤਾਂ) ਬੰਦਾ ਹੀ ਨਹੀਂ ਸਮਝਦੇ। ਜੇ ਉਹ ਵੱਡੀ ਕੁਰਸੀ 'ਤੇ ਹੋਣ ਤਾਂ ਆਪਣੇ ਆਪ ਨੂੰ ਰੱਬ ਹੀ ਸਮਝਦੇ ਹਨ। ਗੋਰਖੀ ਦੀ ਲਿਖਤ ਪੰਜਾਬੀ ਜ਼ੁਬਾਨ ਦਾ ਮਾਣ ਹੈ। ਇਸ ਜ਼ੁਬਾਨ ਵਿਚ ਚੰਗੀ ਲਿਖਤ ਨੂੰ ਇਨਾਮ ਵੀ ਮਿਲਦੇ ਹਨ, ਇਨਾਮ ਦੇਣ ਵਾਸਤੇ ਕਮੇਟੀਆਂ ਵੀ ਬਣਦੀਆਂ ਹਨ। ਕੀ ਕੋਈ ਜਵਾਬ ਦੇ ਸਕਦਾ ਹੈ ਕਿ ਗੋਰਖੀ ਦਾ ਨਾਂ ਆਉਣ ਵੇਲੇ ਇਨ੍ਹਾਂ ਸਾਰੇ 'ਅੱਖਾਂ ਵਾਲੇ' ਛੋਟੀ ਤੇ ਬੌਨੀ ਸੋਚ ਵਾਲੇ 'ਲਘੂ ਮਨੁੱਖਾਂ' ਨੂੰ ਅੰਧਰਾਤਾ ਕਿਉਂ ਹੋ ਜਾਂਦਾ ਸੀ ? ਦਿਸਣੋਂ ਤੇ ਸੁਣਨੋਂ ਕਿਉਂ ਬੰਦ ਹੋ ਜਾਂਦਾ ਸੀ ? ਇਸ ਕਰਕੇ ਕਿ ਉਹ (ਗੋਰਖੀ) ਕਿਸੇ ਦੇ ਘਰ 'ਫਰਿੱਜ ਰੱਖਣ ਜੋਗਾ' ਜਾਂ 'ਮੱਝ ਬੰਨਣ ਜੋਗਾ' ਨਹੀਂ ਸੀ ਜਾਂ ਕਿਸੇ ਦੇ ਧੀ-ਪੁੱਤ ਨੂੰ ਕਿਸੇ ਨੌਕਰੀ ਵਿਚ 'ਅਡਜਸਟ' ਕਰਾਉਣ ਜੋਗਾ ਨਹੀਂ ਸੀ ? ਜਾਂ ਫੇਰ ਸਰਕਾਰਾਂ ਵਲੋਂ ਇਨਾਮ ਵੰਡਣ ਵਾਲੀਆਂ ਕਮੇਟੀਆਂ ਵਿਚ 'ਅੰਨਿਆਂ ਵਲੋਂ ਘਰਦਿਆਂ ਨੂੰ ਸੀਰਨੀ ਵੰਡਣ ਵਾਲੇ' ਹੀ ਪਾਏ ਜਾਂਦੇ ਹਨ ਕੀ 'ਸੀਰਨੀ ਵੰਡਣ ਵਾਲਿਆਂ' ਵਿਚੋਂ ਹੈ ਕੋਈ ਜੋ ਪ੍ਰੇਮ ਗੋਰਖੀ ਨੂੰ ਇਸਦਾ ਜਵਾਬ ਦੇ ਸਕੇ ਜਿਨ੍ਹਾਂ ਨੇ ਇਸ ਤਰ੍ਹਾਂ ਦੇ ਮਸਲੇ ਬਾਰੇ ਹੋਰ ਜਾਣਨਾ ਹੋਵੇ ਤਾਂ ਉਹ ਮਿੱਤਰ ਸੈਨ ਮੀਤ ਦਾ ਇਸ ਸਬੰਧੀ ਲਿਖਿਆ ਪੜ੍ਹ ਲੈਣ, ਅੱਖਾਂ ਖੁੱਲ੍ਹ ਜਾਣਗੀਆਂ।

ਗੱਲ ਇਕੱਲੇ ਗੋਰਖੀ ਦੀ ਨਹੀਂ ਇਨਾਮ ਦੇਣ ਵਾਲੀਆਂ ਕਮੇਟੀਆਂ ਵਾਲੇ ਤਾਂ ਅਤਰਜੀਤ ਵਰਗੇ ਦੀ ਮੌਤ ਉਡੀਕੀ ਜਾਂਦੇ ਹਨ, ਤਾਂ ਕਿ ਉਹਨੂੰ ਵੀ ਇਨਾਮ ਨਾ ਦੇਣਾ ਪਵੇ, ਕੀ ਕਾਰਨ ਹੈ ਕਿ ਹੁਣ ਤੱਕ ਅਤਰਜੀਤ ਵੀ ਇਨ੍ਹਾਂ ਕਮੇਟੀਆਂ ਵਾਲਿਆਂ ਨੂੰ ਨਹੀਂ ਦਿਸਿਆ ? ਲੱਖ ਜਤਨ ਕਰਿਉ, ਗੋਰਖੀ ਤੇ ਅਤਰਜੀਤ ਵਰਗਿਆਂ ਨੂੰ ਤੁਸੀਂ ਇਨਾਮਾਂ ਵਿਚੋਂ ਬਾਹਰ ਰੱਖ ਸਕਦੇ ਹੋ ਪਰ ਲੋਕ ਮਨਾਂ ਅਤੇ ਸਾਹਿਤ ਵਿਚੋਂ 'ਖਾਰਜ' ਨਹੀਂ ਕਰ ਸਕਦੇ। ਹੋਰ ਵੀ ਹਨ ਇਹ ਨਾਮ ਤਾਂ ਮਿਸਾਲ ਵਜੋਂ ਹੀ ਲਿਖੇ ਹਨ। ਕੀ ਜਿਨ੍ਹਾਂ ਨੂੰ ਭਾਸ਼ਾ ਵਿਭਾਗ ਜਾਂ ਸਾਹਿਤ ਅਕਾਦਮੀ ਦੇ ਇਨਾਮ ਦਿੱਤੇ ਗਏ ਹਨ , ਉਨ੍ਹਾਂ ਦੀ ਲਿਖਤ ਦਾ ਮਿਆਰ ਗੋਰਖੀ, ਅਤਰਜੀਤ ਤੋਂ ਉੱਚਾ ਸੀ ਜਾਂ ਕਾਰਨ ਸਾਹਿਤ ਤੋਂ ਬਾਹਰੇ ਸਨ। ਸ਼ਾਇਦ ਇਹ ਕਦੇ ਵੀ ਕੋਈ ਨਾ ਦੱਸੇ। ਕਾਰਨ-ਬੁੱਕਲ਼ ਵਿਚ ਰੋੜੀ ਭੰਨਣ ਵਾਲਿਆਂ ਦੀਆਂ ਨਜ਼ਰਾਂ ਸਦਾ ਨੀਵੀਆਂ ਹੀ ਹੁੰਦੀਆਂ ਹਨ।

ਇਨਾਮ ਤਾਂ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਦਵਿੰਦਰ ਸਤਿਆਰਥੀ ਨੂੰ ਵੀ ਨਹੀਂ ਦਿੱਤਾ ਗਿਆ। ਕੀ ਉਨ੍ਹਾਂ ਦੀ ਆਭ੍ਹਾ, ਕੱਦ ਨੂੰ ਕੋਈ ਛੋਟਾ ਕਰ ਸਕਿਆ। ਇਨਾਮ ਦੇਣ ਵਾਲਿਉ, ਗੋਰਖੀ ਵੀ ਇਨ੍ਹਾਂ ਵਾਂਗ ਹੀ ਦਿਉ ਕੱਦ ਬਣਕੇ ਤੁਹਾਡੇ ਸਾਹਮਣੇ ਖੜ੍ਹਾ ਰਹੇਗਾ। ਸਮਾਂ ਤੁਹਾਨੂੰ ਸਵਾਲ ਪੁੱਛਦਾ ਰਵ੍ਹੇਗਾ ਪਰ ਗੋਰਖੀ ਨੂੰ ਤੁਸੀਂ ਜਵਾਬ ਦੇਣ ਜੋਗੇ ਨਹੀਂ ਰਹੇ। ਆਪਣੀ ਹੀ ਗੈਰ-ਇਨਸਾਨੀ ਫਿਤਰਤ ਕਾਰਨ।

ਤੁਸੀਂ ਜਿਨ੍ਹਾਂ ਦੇ ਹੱਥ ਸਾਹਿਤ ਅੰਦਰਲੇ ਸੱਚ ਤੋਲਣ ਤੇ ਉਸਨੂੰ ਸਨਮਾਨ ਦੇਣ ਦਾ ਕੰਡਾ ਹੈ, ਤੁਹਾਡੇ ਵਿਚੋਂ ਬਹੁਤੇ ਇਖਲਾਕੋਂ ਹੀਣੇ, ਬੇਇਨਸਾਫੇ ਲੋਕ ਹੀ ਲਗਦੇ ਹਨ ਜਾਂ ਸਾਬਤ ਹੋਏ ਹਨ। ਤੁਹਾਡੇ ਵਰਗੇ 'ਝੂਠੇ ਸ਼ਮਲਿਆਂ ਵਾਲੇ' ਤਾਂ ਪੰਜਾਬੀ ਨਾਲ ਦੁਸ਼ਮਣੀ ਕਰਦੇ ਰਹਿਣਗੇ, ਪਰ ਯਾਦ ਰੱਖਿਉ ਪੰਜਾਬੀ ਜ਼ਿੰਦਾ ਰਹੇਗੀ ਤੇ ਇਸ ਜ਼ੁਬਾਨ ਵਿਚ ਕਮਜ਼ੋਰ ਧਿਰ ਨਾਲ ਖੜ੍ਹਨ ਵਾਲੇ ਪ੍ਰੇਮ ਗੋਰਖੀ ਵਰਗੇ ਲੇਖਕ ਵੀ। ਪ੍ਰੇਮ ਗੋਰਖੀ ਪੰਜਾਬੀ ਸਾਹਿਤ ਦਾ ਹੀਰਾ... ਤੁਸੀਂ ਉਸਦੀ ਚਮਕ ਸਹਾਰ ਨਾ ਸਕੇ, ਪਰ ਉਹ ਤਾਂ ਰੜਕ ਬਣਕੇ ਰੜਕਦਾ ਰਹੇਗਾ ਤੇ ਤੁਹਾਡੀਆਂ ਅੱਖਾਂ ਨੂੰ ਧੁੰਦਲਾਉਂਦਾ ਹੋਇਆ ਚਮਕਦਾ ਹੀ ਰਹੇਗਾ ਪਰ ਹੁਣ ਤੁਹਾਥੋਂ ਉਹਦੇ ਲਈ ਕੋਈ ਜਵਾਬ ਨਹੀਂ ਸਰਨਾ। ਜਦੋਂ ਵੀ ਕਦੇ 'ਇਨਸਾਨ' ਬਣਕੇ ਤੁਸੀਂ ਸੋਚੋਗੇ ਤਾਂ ਪਛਤਾਵਾਂ ਤਾਂ ਤੁਹਾਨੂੰ ਵੀ ਲਾਜ਼ਮੀ ਹੋਵੇਗਾ। ✤

# ਪ੍ਰੇਮ ਗੋਰਖੀ ਹਮੇਸ਼ਾ ਹਾਜ਼ਰ ਰਿਹਾ ਹੈ

## - ਦਵਿੰਦਰ ਬਿਮਰਾ

ਜੇ ਮੈਂ ਉਸ ਸਿਰੇ ਨੂੰ ਫੜਨ ਦੀ ਕੋਸ਼ਿਸ਼ ਕਰਾਂ ਜਦੋਂ ਮੈਂ ਅਤੇ ਪ੍ਰੇਮ ਗੋਰਖੀ ਸਾਹਿਬ ਨੇ ਇੱਕ ਦੂਜੇ ਕੋਲ ਹਾਜ਼ਰੀ ਭਰਨੀ ਸ਼ੁਰੂ ਕੀਤੀ ਸੀ, ਤਾਂ ਮੈਨੂੰ ਕਾਫ਼ੀ ਪਿੱਛੇ ਜਾਣਾ ਪਏਗਾ। 1971-72 ਦੇ ਨੇੜੇ ਤੇੜੇ। ਅਸੀਂ ਕੁੱਝ ਦੋਸਤ ਡਾਕ ਰਾਹੀਂ ਦਿੱਲੀ ਦੇ ਪ੍ਰਕਾਸ਼ਕਾਂ ਤੋਂ ਕਿਤਾਬਾਂ ਮੰਗਵਾਉਂਦੇ ਹੁੰਦੇ ਸੀ। ਜ਼ਿਆਦਾਤਰ ਕਿਤਾਬਾਂ ਹਿੰਦੀ ਦੀਆਂ ਹੁੰਦੀਆਂ ਸੀ। ਉਦੋਂ ਹੀ ਕਿਤੇ ਮੈਂ ਅੰਮ੍ਰਿਤਾ ਪ੍ਰੀਤਮ ਜੀ ਦੀ 'ਰਸੀਦੀ ਟਿਕਟ' ਦਾ ਜ਼ਿਕਰ ਸੁਣਿਆ ਸੀ, ਫਿਰ ਹਿੰਦੀ ਅਨੁਵਾਦ ਪੜ੍ਹਿਆ। 'ਸਾਰਿਕਾ' ਸਾਨੂੰ ਸਟਾਲ ਤੋਂ ਮਿਲ ਜਾਂਦੀ ਸੀ , ਧਰਮਯੁੱਗ, ਹਿੰਦੋਸਤਾਨ, ਵੀਰ ਅਰਜ਼ੁਨ, ਹਿੰਦੀ ਮਿਲਾਪ, ਪੰਜਾਬ ਕੇਸਰੀ ਅਤੇ ਵੀਰ ਪ੍ਰਤਾਪ ਅਖਬਾਰ ਵੀ। ਪੰਜਾਬੀ ਅਖ਼ਬਾਰ ਅਜੀਤ ਵੀ।

ਫਿਰ ਮੈਂ 'ਨਾਗਮਣੀ' ਅਤੇ 'ਆਰਸੀ' ਡਬਵਾਲੀ ਜਾ ਕੇ ਹਰ ਮਹੀਨੇ ਲੈ ਆਉਂਦਾ ਸੀ, 'ਨਾਗਮਣੀ' ਪੜ੍ਹਦਿਆਂ ਹੀ ਮੈਂ ਪ੍ਰੇਮ ਗੋਰਖੀ ਸਾਹਿਬ ਨੂੰ ਜਾਣਿਆ ਤੇ 'ਨਾਗਮਣੀ' 'ਚ ਛਪਦੀਆਂ ਉਨ੍ਹਾਂ ਦੀਆਂ ਕਹਾਣੀਆਂ ਪੜ੍ਹ ਕੇ ਹੋਰ ਨੇੜੇ ਹੁੰਦਾ ਗਿਆ।



**ਪ੍ਰੇਮ ਗੋਰਖੀ, ਦਵਿਦਰ ਬਿਮਰਾ ਨਾਲ**

ਪਟਿਆਲੇ ਆ ਕੇ ਅਸੀਂ ਸੁਰਿੰਦਰ ਸ਼ਰਮਾ ਜੀ ਅਤੇ ਬਲਵੰਤ ਚੌਹਾਨ ਸਾਹਿਬ ਕਰਕੇ ਪ੍ਰੇਮ ਗੋਰਖੀ, ਕਜ਼ਾਕ ਸਾਹਿਬ, ਦਲਬੀਰ ਚੇਤਨ, ਬਲਵੰਤ ਚੌਹਾਨ ਅਤੇ ਹੋਰ ਨਾਮਵਰ ਪੰਜਾਬੀ ਲੇਖਕਾਂ ਦੇ ਸੰਪਰਕ 'ਚ ਆ ਗਏ। ਅਸੀਂ ਦਾ ਮਤਲਬ ਮੈਂ ਅਤੇ ਡਾ. ਸ਼ਿਆਮ ਸੁੰਦਰ ਦੀਪਤੀ।

ਗੋਰਖੀ ਨੂੰ ਮੈਂ ਹਮੇਸ਼ਾ 'ਗੋਰਖੀ ਸਾਹਿਬ' ਕਹਿੰਦਾ ਅਤੇ ਗੋਰਖੀ ਸਾਹਿਬ ਮੈਨੂੰ ਬਿਮਰਾ ਜੀ ਜਾਂ ਇਕੱਲਾ ਪਿਆਰਿਓ ਕਹਿੰਦੇ ਹੁੰਦੇ ਸੀ। ਹੁਣ ਵੀ ਜਦੋਂ ਕੋਈ ਕਿਸੇ ਨੂੰ ਪਿਆਰਿਓ ਕਹਿ ਕੇ ਬੁਲਾਉਂਦਾ ਹੈ ਤਾਂ ਮੈਨੂੰ ਕੋਫਤ ਹੁੰਦੀ ਹੈ ਕਿ ਇਹ ਪਿਆਰਿਓ ਕਿਉਂ ਕਹਿ ਰਿਹਾ ਹੈ, ਇਹ ਤਾਂ ਉਨ੍ਹਾਂ ਦਾ ਪੱਕਾ ਲਫ਼ਜ਼ ਹੈ, ਪਿਆਰਿਓ ! ਅਤੇ ਭਲਵਾਨ ਸ਼ਬਦ ਉਹ ਬਹੁਤ ਵਰਤਦੇ ਸੀ। ਕਈ ਵਾਰ ਪਤਾ ਵੀ ਨਹੀਂ ਚੱਲਦਾ ਸੀ ਕਿ ਉਹ ਭਲਵਾਨ ਲਫ਼ਜ਼ ਕੀਹਦੇ ਲਈ ਵਰਤ ਰਹੇ ਹਨ। ਕਦੀ ਬਲਵੰਤ ਚੌਹਾਨ ਭਲਵਾਨ ਹੁੰਦਾ ਸੀ ਕਦੀ ਮੇਰਾ ਬੇਟਾ ਵੀ। ਉਨ੍ਹਾਂ ਦਾ ਭਰਾ ਬਲਵੰਤ ਜਿਸ ਨੂੰ ਘਰ ਵਿੱਚ ਪਰਿਵਾਰ ਵਾਲੇ ਬਿੱਲਾ ਵੀ ਕਹਿੰਦੇ ਸੀ, ਮੈਨੂੰ ਵੱਧ ਮਿਲਦਾ ਸੀ।

ਗੋਰਖੀ ਸਾਹਿਬ ਮੈਨੂੰ ਮਿਲਣ ਸਾਡੇ ਹੋਸਟਲ ਆ ਜਾਂਦੇ, ਕਾਲਜ ਅਤੇ ਰਜਿੰਦਰਾ ਹਸਪਤਾਲ ਦੇ ਬਾਹਰ ਵਾਲੇ ਢਾਬਿਆਂ ਤੇ ਚਾਹ ਪੀਂਦੇ ਅਤੇ ਆਪਣੇ ਪਿਛੋਕੜ ਅਤੇ ਨਿਆਣੇ ਹੁੰਦਿਆਂ ਤੋਂ ਵੱਡੇ ਹੋਣ ਤੱਕ ਦੀਆਂ ਗੱਲਾਂ 'ਚ ਗੁਆਚ ਜਾਂਦੇ।

ਜਾਪਦਾ ਸੀ ਕਿ ਅਸੀਂ ਮਿਲਦੇ ਜੁਲਦੇ ਹਾਲਾਤ ਦੇਖੇ ਹਨ। ਸਾਡੀਆਂ ਗੱਲਾਂ ਨੇ ਸਾਨੂੰ ਹੋਰ ਨੇੜੇ ਕਰ ਦਿੱਤਾ। ਸਾਡੀਆਂ ਗੱਲਾਂ ਤਾਂ ਹਮੇਸ਼ਾ ਆਮ ਲੋਕਾਂ ਦੀਆਂ, ਉਨ੍ਹਾਂ ਦੀਆਂ ਥੁੜ੍ਹਾਂ ਤਕਲੀਫਾਂ ਆਦਿ ਦੁਆਲੇ ਘੁੰਮਦੀਆਂ ਰਹਿੰਦੀਆਂ ਸਨ ਜਾਂ ਕਹਾਣੀਆਂ ਕਵਿਤਾਵਾਂ ਬਾਰੇ। ਕਦੀ 'ਨਾਗਮਣੀ' ਦੀਆਂ ਗੱਲਾਂ ਕਰਦੇ ਕਦੀ ਅੰਮ੍ਰਿਤਾ ਜੀ ਦੀਆਂ ਕਦੀ ਪ੍ਰੇਮ ਪਿਆਰ ਦੀਆਂ ਵੀ।

ਮੇਰੇ ਮੰਮੀ ਨੇ ਉਨ੍ਹਾਂ ਦਾ ਨਾਂ ਸੁਣਿਆ ਹੋਇਆ ਸੀ, ਸ਼ਾਇਦ ਉਨ੍ਹਾਂ ਨੂੰ ਪੜ੍ਹਿਆ ਵੀ ਹੋਵੇ।

ਉਨ੍ਹਾਂ ਦੀ ਇੱਕ ਕਹਾਣੀ "ਇੱਕ ਟਿਕਟ ਰਾਮਪੁਰਾ ਫੂਲ" ਦਾ ਹਿੰਦੀ ਅਨੁਵਾਦ 'ਰਾਜਸਥਾਨ ਪਤ੍ਰਿਕਾ' 'ਚ ਛਪਿਆ ਤਾਂ ਮੇਰੀ ਇੱਕ ਲੇਖਕ ਦੋਸਤ ਨੇ ਉਸਦੀ ਕਟਿੰਗ ਮੈਨੂੰ ਭੇਜ ਦਿੱਤੀ ਤੇ ਮੈਂ ਗੋਰਖੀ ਸਾਹਿਬ ਨੂੰ, ਉਹ ਬਹੁਤ ਖੁਸ਼ ਹੋਏ। ਗੋਰਖੀ ਸਾਹਿਬ ਉਸ ਨੂੰ ਮਿਲੇ ਹੋਏ ਸਨ।

ਜਦੋਂ ਮੇਰੀ ਬਦਲੀ ਸਿਵਲ ਹਸਪਤਾਲ ਜਲੰਧਰ ਦੀ ਹੋ ਗਈ, ਫਿਰ ਅਸੀਂ ਹੋਰ ਨੇੜੇ ਹੋ ਗਏ... ਉਹ ਮੇਰੇ ਮੰਮੀ ਨੂੰ ਮਿਲੇ ਮੈਂ ਅਤੇ ਮੇਰੀ ਪਤਨੀ ਸਤਵੰਤ ਉਨ੍ਹਾਂ ਦੀ ਬੀਬੀ ਨੂੰ ਮਿਲੇ, ਭਰਾਵਾਂ ਭੈਣਾਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਵੀ ਮਿਲੇ ਬੱਚਿਆਂ ਦੇ ਵਿਆਹਾਂ 'ਚ ਤਾਂ ਜਾਣਾ ਹੀ ਸੀ।

ਉਹ ਜਦੋਂ ਵੀ ਜਲੰਧਰ ਆਉਂਦੇ, ਅਸੀਂ ਮਿਲਦੇ ਜ਼ਰੂਰ ਸੀ। ਕਦੀ ਮੇਰੇ ਕਿਰਾਏ ਦੇ ਘਰ ਦਿਲਬਾਗ ਨਗਰ, ਕਦੀ ਗੋਰਖੀ ਸਾਹਿਬ ਦੇ ਲਾਡੋਵਾਲੀ ਰੋਡ ਵਾਲੇ ਘਰ ਅਤੇ ਕਦੀ ਸਿਵਲ ਹਸਪਤਾਲ 'ਚ। ਇੱਕ ਮਜ਼ੇਦਾਰ ਗੱਲ ਯਾਦ ਆ ਗਈ , ਮੈਂ ਅਤੇ ਗੋਰਖੀ ਸਾਹਿਬ ਦਿਲਬਾਗ ਨਗਰ ਤੋਂ ਆਦਰਸ਼ ਨਗਰ ਵੱਲ ਆ ਰਹੇ ਸੀ ਪੈਦਲ, ਸਾਹਮਣੇ ਤੋਂ ਇੱਕ ਖੋਤਾ ਰੇਹੜੇ ਵਾਲਾ ਰੇਹੜੇ ਤੇ ਖੜਾ ਹੋ ਭਜਾਈਂ ਆ ਰਿਹਾ ਸੀ, ਨੇੜਿਓਂ ਲੰਘਦਾ ਉੱਚੀ ਅਵਾਜ਼ 'ਚ ਬੋਲਿਆ, "ਡਾਕਟਰ ਸਾਹਿਬ ! ਕੀ ਹਾਲ ਹੈ ਜੀ।" ਗੋਰਖੀ ਸਾਹਿਬ ਰੁਕ ਗਏ। ਬੋਲੇ, "ਬਿਮਰਾ ਜੀ ਹੁਣ ਤੁਹਾਡੇ ਬਾਰੇ ਕੁੱਝ ਵੀ ਜਾਨਣ ਤੋਂ ਨਹੀਂ ਬਚਿਆ, ਕਮਾਲ ਹੈ ਏਨੇ ਪਿਆਰੇ ਲੋਕ ਵੀ ਤੁਹਾਡੇ ਦੋਸਤ ਹਨ, ਵਾਹ !"

ਕਈ ਵਾਰ ਉਹ ਅਤੇ ਗੁਰਦੀਪ ਭਾਬੀ ਜੀ ਇਕੱਠੇ ਵੀ ਆ ਜਾਂਦੇ। ਅਸੀ ਗੱਲਾਂ ਸਾਂਝੀਆਂ ਕਰਨ ਲਈ ਕਈ ਵਾਰ ਹਸਪਤਾਲ ਦੇ ਸਾਹਮਣੇ ਗਿਆਨੀ ਦੀ ਦੁਕਾਨ ਤੇ ਚਾਹ ਪੀਂਦੇ। ਅਸੀਂ ਗੱਲਾਂ ਦੀਆਂ ਬੋਰੀਆਂ ਭਰ ਲੈਂਦੇ। ਜ਼ਿਆਦਾਤਰ ਗੱਲਾਂ ਗਰੀਬ ਗੁਰਬਿਆਂ, ਦੱਬੇ ਕੁਚਲਿਆਂ ਦੁਆਲੇ ਹੀ ਘੁੰਮਦੀਆਂ। ਉਹ ਦੱਸਦੇ ਕੀ ਨਵਾਂ ਲਿਖਿਆ ਹੈ।, ਮੈਥੋਂ ਪੁੱਛਦੇ। ਕਈ ਵਾਰ ਨਵੀਂ ਕਹਾਣੀ ਲਿਖਕੇ ਮੈਨੂੰ ਭੇਜਦੇ ਕੁੱਝ ਬਦਲਣਾ ਪੈਂਦਾ ਤਾਂ ਬਦਲ ਲੈਂਦੇ।

ਮੇਰੇ ਅਤੇ ਉਨ੍ਹਾਂ ਦੇ ਬੱਚੇ ਵੀ ਮਿਲਦੇ। ਮੈਂ ਜਦੋਂ ਵੀ ਚੰਡੀਗੜ੍ਹ ਗਿਆ, ਟ੍ਰਿਬਿਊਨ ਦੇ ਦਫ਼ਤਰ ਦੇ ਪਰੂਫ ਰੀਡਿੰਗ ਵਾਲੇ ਕਮਰੇ 'ਚ ਉਨ੍ਹਾਂ ਕੋਲ ਬੈਠਾ ਕੁੱਝ ਪੜ੍ਹਦਾ ਰਹਿੰਦਾ,ਉੱਥੇ ਬੈਠਣਾ ਮੈਨੂੰ ਤਾਂ ਵੀ ਚੰਗਾ ਲੱਗਦਾ ਸੀ ਕਿਉਂਕੀ ਮੈਂ ਪ੍ਰਿੰਟਿੰਗ ਪ੍ਰੈਸ ਤੇ ਅੱਖਰ ਜੋੜ ਕੇ ਫਰਮਾ ਬਣਾਉਣਾ ਸਿੱਖਿਆ ਹੋਇਆ ਸੀ। ਜਦੋਂ ਉਨ੍ਹਾਂ ਨੂੰ ਸਮਾਂ ਮਿਲਦਾ ਕੰਟੀਨ ਜਾ ਕੇ ਚਾਹ ਪੀਂਦੇ , ਕੁੱਝ ਖਾਂਦੇ। ਕਈ ਵਾਰ ਮੈਂ ਉਸ ਸਮੇਂ ਦੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਹਰਭਜਨ ਹਲਵਾਰਵੀ ਹੋਰਾਂ ਕੋਲ ਬਹਿ ਕੇ ਚਾਹ ਪੀਣ ਅਤੇ ਵਿਚਾਰ ਵਟਾਂਦਰਾ ਕਰਨ ਚਲਿਆ ਜਾਂਦਾ। ਅਸੀਂ ਬਹੁਤ ਵਾਰ 29 ਸੈਕਟਰ ਦੀ ਟ੍ਰਿਬਿਊਨ ਕਲੋਨੀ ਵਾਲੇ ਘਰ ਜਾਈਦਾ ਸੀ, ਰਹੀਦਾ ਵੀ ਸੀ। ਕਦੀ ਕਦੀ ਪੈੱਗ ਸ਼ੈੱਗ ਵੀ ਲਾ ਲਈਦਾ ਸੀ। ਸਤਵੰਤ ਨੇ ਪੰਜਾਬ ਯੂਨੀਵਰਸਿਟੀ ਦੇ ਡਿਪਲੋਮਾ ਸਟੈਟੀਸਟਿਕਸ ਦੇ ਪੇਪਰ ਦੇਣੇ ਸੀ 1988-89 ਦੇ ਦੌਰਾਨ , ਤਾਂ ਉਹ ( ਮੇਰੀ ਪਤਨੀ ਸਤਵੰਤ) ਗੋਰਖੀ ਸਾਹਿਬ ਦੇ ਘਰ ਹੀ ਰਹੇ ਸੀ। ਸਾਡੀ ਬੱਚੀ ਉਦੋਂ ਬਹੁਤ ਛੋਟੀ ਸੀ, ਉਸਨੂੰ ਮੈਂ ਸਾਂਭਦਾ ਸੀ।

1987-88 ਦੀ ਇੱਕ ਸਵੇਰ ਦੁਪਹਿਰ ਦੇ ਵਿੱਚ ਦਾ ਸਮਾਂ ਸੀ। ਜਲੰਧਰ ਜ਼ਿਲ੍ਹਾ ਲਾਇਬ੍ਰੇਰੀ ਵਿੱਚ ਕੋਈ ਸਾਹਿਤਕ ਗੋਸ਼ਟੀ ਸੀ ਸ਼ਾਇਦ। ਮੈਂ ਤੇ ਪ੍ਰੇਮ ਗੋਰਖੀ ਨਾਮਦੇਵ ਚੌਂਕ ਦੇ ਨੇੜੇ ਇੱਕ ਢਾਬੇ ਤੋਂ ਚਾਹ ਪੀ ਕੇ ਵਾਪਸ ਆ ਰਹੇ ਸੀ। ਸਾਹਮਣੇ ਤੋਂ ਇੱਕ ਪਤਲਾ ਜਿਹਾ ਸੋਹਣਾ ਸੁਨੱਖਾ ਇਕਹਿਰੇ ਬਦਨ ਵਾਲਾ ਮੁੰਡਾ ਆ ਰਿਹਾ ਸੀ। ਗੋਰਖੀ ਨੇ ਮੈਨੂੰ ਦੱਸਿਆ ਕਿ ਇਹ ਜਿਹੜਾ ਮੁੰਡਾ ਆ ਰਿਹਾ ਹੈ, ਇਹ ਦੇਸ ਰਾਜ ਕਾਲੀ ਹੈ, ਕਹਾਣੀ ਲਿਖਦਾ ਹੈ, ਵਧੀਆ ਬੰਦਾ ਹੈ, ਮਿਹਨਤੀ ਹੈ। ਮਿਲਾਉਂਦਾ ਹਾਂ ਤੁਹਾਨੂੰ, ਉਸਨੂੰ ਮਿਲਦੇ ਗਿਲਦੇ ਰਹਿਣਾ।

ਕਾਲੀ ਨੇੜੇ ਆਇਆ ਤਾਂ ਗੋਰਖੀ ਸਾਹਿਬ ਨੇ ਮੇਰੇ ਨਾਲ ਉਸਦਾ ਤਾਅਰੁੱਫ ਕਰਵਾਇਆ ਅਤੇ ਮੇਰੇ ਬਾਰੇ ਵੀ ਦੱਸਿਆ ਮੈਂ ਪਟਿਆਲੇ ਤੋਂ ਬਦਲੀ ਹੋਣ ਬਾਅਦ ਜਲੰਧਰ 'ਚ ਆਇਆ ਸੀ।

ਪ੍ਰੇਮ ਪ੍ਰਕਾਸ਼ ਜੀ, ਮਹਿੰਦਰ ਭੱਟੀ ਜੀ, ਭਗਵੰਤ ਰਸੂਲਪੁਰੀ , ਮੋਹਨ ਲਾਲ ਫਿਲੌਰੀਆ ਜੀ ,




**ਗਦਰੀ ਬਾਬਿਆ ਦੇ ਮੇਲੇ 'ਚ ਡਾ. ਹਰਜਿੰਦਰ ਸਿੰਘ ਅਟਵਾਲ, ਮੋਹਨ ਲਾਲ ਫਿਲੌਰੀਆ,**
**ਬਲਬੀਰ ਪਰਵਾਨਾ ਤੇ ਪ੍ਰੇਮ ਗੋਰਖੀ, ਪਰਵਾਜ਼ ਪ੍ਰਕਾਸ਼ਨ ਦੇ ਬੁੱਕ ਸਟਾਲ ਤੇ**

ਨਰਿੰਦਰ ਸੱਤੀ ਜੀ ਅਤੇ ਬਹੁਤ ਸਾਰੇ ਹੋਰ ਮਿੱਤਰਾਂ ਨਾਲ ਵੀ ਉਨ੍ਹਾਂ ਨੇ ਹੀ ਮੁਲਾਕਾਤ ਕਰਵਾਈ। ਨਵੇਂ ਲੇਖਕਾਂ ਨੂੰ ਹਮੇਸ਼ਾ ਹੱਲਾਸ਼ੇਰੀ ਦਿੰਦੇ ਸੀ।

ਨਵਾਂ ਜ਼ਮਾਨਾ ਦੇ ਦਫ਼ਤਰ ਨਾਲ ਬਹੁਤ ਪਿਆਰ ਸੀ ਉਨ੍ਹਾਂ ਦੇ ਦਿਲ ਵਿੱਚ। ਜਦੋਂ ਵੀ ਆਉਂਦੇ, ਜਾਣਾ ਜ਼ਰੂਰ ਚਾਹੁੰਦੇ ਸੀ। ਜਾਈਦਾ ਵੀ ਸੀ।

ਜੇ ਕੋਈ ਮਿੱਤਰ ਜਾਂ ਲੇਖਕ ਘਟੀਆ ਗੱਲ ਕਰ ਦੇਵੇ ਤਾਂ ਬਹੁਤ ਦੁਖੀ ਹੁੰਦੇ ਸੀ। ਦੇਖਣ ਨੂੰ ਭਾਵੇਂ ਭਲਵਾਨਾਂ ਵਾਂਗ ਲੱਗਦੇ ਸਨ ਪਰ ਬਹੁਤ ਕੋਮਲ ਅਤੇ ਪਿਆਰੇ ਦਿਲ ਦੇ ਮਾਲਕ ਸੀ। ਗੁਰਦੀਪ ਭਾਬੀ ਜੀ ਨੂੰ ਗੁਰਦੀਪ ਜੀ, ਗੁਰਦੀਪ ਜੀ ਕਰਦੇ ਰਹਿੰਦੇ ਸੀ। ਗੱਲਾਂ ਕਰਦੇ ਹੋਏ ਕਈ ਵਾਰ ਕਹਿੰਦੇ ਹੁੰਦੇ ਸੀ ਕਿ ਸਾਨੂੰ ਔਰਤਾਂ ਦੀ ਹਮੇਸ਼ਾ ਕਦਰ ਕਰਨੀ ਚਾਹੀਦੀ ਹੈ।

ਜਿੱਥੇ ਤੱਕ ਮੈਨੂੰ ਯਾਦ ਹੈ, 1999 ਦੇ ਨੇੜੇ-ਤੇੜੇ ਤੁਹਾਡੇ ਸਾਰਿਆਂ ਦੇ ਪਿਆਰੇ ਮਿੱਤਰ ਅਤੇ ਲੇਖਕ ਪ੍ਰੇਮ ਗੋਰਖੀ ਕੈਨੇਡਾ ਗਏ ਸੀ। ਉਸ ਸਮੇਂ ਵੀ ਉਨ੍ਹਾਂ ਨੇ ਆਪਣੀਆਂ ਪਰਿਵਾਰਕ ਜਿੰਮੇਵਾਰੀਆ ਨੂੰ ਮੁੱਖ ਰੱਖਿਆ ਸੀ। ਵਾਪਸ ਆਏ ਤਾਂ ਉਨ੍ਹਾਂ ਦੇ ਹੱਥ ਪੇਂਟ ਨਾਲ ਫਟੇ ਹੋਏ ਸੀ ਸ਼ਰੀਰ ਥੱਕਿਆ ਟੁੱਟਿਆ ਜਿਹਾ ਸੀ। ਕਹਿੰਦੇ, "ਲੋਕੀਂ ਤਾਂ ਘੁੰਮਣ ਜਾਂਦੇ ਹਨ ਦੂਜੇ ਦੇਸ਼ਾਂ ਵਿੱਚ ਪਰ ਮੈਂ ਤਾਂ ਡਾ. ਸਾਹਿਬ ਬਹੁਤ ਕੰਮ ਕੀਤਾ, ਮਿਹਨਤ ਕੀਤੀ, ਮੈਨੂੰ ਲੋੜ ਵੀ ਸੀ।" ਬਹੁਤ ਅਣਖ ਵਾਲੇ ਸਨ, ਕਿਸੇ ਵੇਲੇ ਵੀ ਕਹੋ ਮੂਹਰੇ ਹੋ ਕੇ ਕੰਮ ਕਰਨ ਵਾਲੇ ਸੀ। ਹਰ ਗਤੀਵਿਧੀ 'ਚ ਭਾਗ ਲੈਣ ਪਹੁੰਚ ਜਾਂਦੇ ਸੀ।

ਜਦੋਂ 2001 'ਚ ਮੈਂ ਕੈਨੇਡਾ ਗਿਆ ਤਾਂ ਉਨ੍ਹਾਂ ਨੇ ਮੈਨੂੰ ਕੁੱਝ ਲੇਖਕ ਮਿੱਤਰਾਂ ਦੇ ਫ਼ੋਨ ਦਿੱਤੇ ਸੀ ਇਹ ਕਹਿ ਕੇ ਕਿ ਚੰਗੇ ਬੰਦੇ ਹਨ। ਸਚਮੱਚ ਸਾਰੇ ਹੀ ਚੰਗੇ ਸਨ, ਪਿਆਰ ਕਰਨ ਵਾਲੇ। ਸਭ ਤੋਂ ਵੱਧ ਅਮਰਜੀਤ ਸਾਥੀ ਟਿਵਾਣਾ ਜੀ ਨੇ ਮੇਰਾ ਖਿਆਲ ਰੱਖਿਆ ਅਤੇ ਘੁੰਮਾਇਆ।

ਸਾਨੂੰ 'ਦੀਵਾ ਬਲੇ ਸਾਰੀ ਰਾਤ' ਨਾਲ ਜੋੜਣ ਵਾਲੇ ਗੋਰਖੀ ਸਾਹਿਬ ਹੀ ਸੀ। ਮੈਨੂੰ ਅੱਜ ਵੀ ਯਾਦ ਹੈ ਪਹਿਲੀ ਵਾਰ ਇਸ ਲੜੀ ਵਿੱਚ ਮੈਂ ਤਾਰਾਗੜ੍ਹ 'ਚ ਦਲਬੀਰ ਚੇਤਨ ਹੁਰਾਂ ਦੇ ਘਰ ਗਿਆ ਸੀ। ਮੈਂ, ਕਿਰਪਾਲ ਕਜ਼ਾਕ , ਸੁਰਿੰਦਰ ਸ਼ਰਮਾ, ਬਲਵੰਤ ਚੌਹਾਨ ਅਤੇ ਡਾ. ਦੀਪਤੀ ਸਾਰੇ ਰੇਲ ਗੱਡੀ'ਚ ਗਏ ਸੀ, ਜੰਡਿਆਲਾ ਗੁਰੂ ਤੱਕ ਅੱਗੇ ਤਾਂਗੇ ਤੇ ਬਹਿਕੇ ਤਾਰਾ ਗੜ੍ਹ ਤੱਕ। ਅਸੀਂ ਜਲੰਧਰ ਆ ਕੇ ਆਪਣਾ ਘਰ

ਬਣਾਇਆ। ਉਦੋਂ ਮੈਂ ਚਾਹੁੰਦਾ ਸੀ ਕਿ 'ਦੀਵਾ ਬਲੇ ਸਾਰੀ ਰਾਤ' ਦੀ ਇੱਕ ਬੈਠਕ ਘਰ ਰੱਖੀ ਜਾਵੇ, ਗੋਰਖੀ ਸਾਹਿਬ ਨੂੰ ਕਿਹਾ ਵੀ ਸੀ, ਖ਼ੈਰ ਇਹ ਹੋ ਨਹੀਂ ਸਕਿਆ।



**ਪ੍ਰੇਮ ਗੋਰਖੀ ਅਤੇ ਦਵਿਦਰ ਬਿਮਰਾ ਕਿਸੇ ਮੁੱਦੇ ਤੇ ਵਿਚਾਰ ਕਰਦੇ ਹੋਏ**

ਕੁੱਝ ਸਾਲ ਪਹਿਲਾਂ ਗੋਰਖੀ ਸਾਹਿਬ ਦਾ ਐਕਸੀਡੈਂਟ ਹੋ ਗਿਆ ਸੀ ਅਤੇ ਸਿਰ ਵਿੱਚ ਗੁੱਝੀ ਸੱਟ ਲੱਗਣ ਕਾਰਣ ਉਨ੍ਹਾਂ ਦੀ ਯਾਦਦਾਸ਼ਤ ਵਿਗੜ ਗਈ ਸੀ। ਬਹੁਤ ਕੁੱਝ ਭੁੱਲ ਵੀ ਗਏ ਸੀ, ਲਿਖਣਾ ਪੜ੍ਹਣਾ ਤਾਂ ਦੂਰ ਕਿਸੇ ਦੀ ਪਛਾਣ ਕਰਨਾ ਵੀ ਔਖਾ ਹੋ ਗਿਆ ਸੀ, ਗੋਰਖੀ ਜੀ ਤੋਂ। ਮੈਂ ਅਤੇ ਸਤਵੰਤ ਗਏ ਉਨ੍ਹਾਂ ਨੂੰ ਮਿਲਣ, ਗੱਲਾਂ ਕਰਦੇ ਰਹੇ, ਗੱਲਾਂ ਤੋਂ ਬਾਅਦ ਕਹਿੰਦੇ, "ਮੈਂ ਤੁਹਾਨੂੰ ਮਿਲਿਆ ਤਾਂ ਹਾਂ ਪਰ ਤੁਹਾਡਾ ਨਾਂ ਕੀ ਹੈ, ਮੈਨੂੰ ਯਾਦ ਨਹੀਂ ਆ ਰਿਹਾ।"

ਪਿਛਲੇ ਸਾਲ ਫੇਰ ਇੱਕ ਵਾਰ ਬਹੁਤ ਬਿਮਾਰ ਹੋ ਗਏ ਸਨ। ਸ਼ੂਗਰ ਵਧ ਗਈ ਸੀ, ਪਰ ਮਿੱਠੇ ਦਾ ਪਰਹੇਜ਼ ਨਹੀਂ ਸੀ। ਗਗਨ ਬੇਟੇ ਅਤੇ ਭਾਬੀ ਜੀ ਨੇ 32 ਸੈਕਟਰ ਦੇ ਹਸਪਤਾਲ 'ਚ ਭਰਤੀ ਕਰਵਾਇਆ ਤਾਂ ਠੀਕ ਵੀ ਹੋ ਗਏ ਸੀ। ਹੁਣ ਵੀ 15 ਫ਼ਰਵਰੀ ਦੇ ਦਿਨ ਜਦੋਂ ਜਲੰਧਰ ਆਏ ਸੀ, ਠੀਕ ਨਹੀਂ ਲੱਗ ਰਹੇ ਸੀ। ਮਿੱਠਾ ਦੇਖਕੇ ਉਹ ਆਪਣੇ ਆਪ ਨੂੰ ਰੋਕ ਨਹੀਂ ਸਕਦੇ ਸੀ। ਮਿਠਾਈ , ਗੁੜ ਦੇ ਬਹੁਤ ਸੌਕੀਨ ਸੀ। ਰਸੋਈ ਦਾ ਕੰਮ ਵੀ ਕਰ ਲੈਂਦੇ ਸੀ। ਬਹੁਤ ਵਾਰ ਆਲੂ ਵਾਲੇ ਪਰੌਂਠੇ ਬਣਾ ਕੇ ਖੁਆਏ ਸੀ। ਆਪਣੇ ਘਰ 'ਚ ਵੀ ਸਾਡੇ ਘਰ ਆ ਕੇ ਵੀ। ਉਨ੍ਹਾਂ ਵੱਲੋਂ ਲਿਖਿਆ ਇੱਕ ਪੱਤਰ

18 . 1 . 89

ਪਿਆਰੇ ਬਿਮਰਾ ਜੀ , ਪਿਆਰੇ ਸਤਵੰਤ ਜੀ ਅਤੇ ਪਿਆਰੀ ਬੱਚੀ ਨਾਨੂ

ਠੰਡ ਬਹੁਤ ਹੈ/ ਧੁੱਪ ਬਹੁਤ ਹੈ/ ਜਾਂ ਚਾਹ ਬਹੁਤ ਹੈ / ਤੁਹਾਡੀਆਂ ਗੱਲਾਂ ਹਨ/ ਹਾਸਾ ਹੈ ਤੇ ਮੂੰਹਾਂ 'ਤੋੜ ਨਿਕਲਦਾ ਧੂੰਆਂ/ ਫੋਟ? ਹਾਜ਼ਰ ਹੈ/ ਜਨਾਬ ਹਾਜ਼ਰ ਹੈ/ ਅਤੇ ਸੇਵਕ ਹਾਜ਼ਰ ਹੈ .. ਬੋਲੋ ਜ਼ਿੰਦਾਬਾਦ / ਉਸ ਦਿਨ ਮੀਹ ਸੀ/ ਠੰਡ ਸੀ , ਧੁੰਦ ਸੀ / ਜੇਬ ਵਿੱਚ ਪੈਸੇ ਸਨ/ ਜਾਂ ਤੇਜ਼ ਰਫਤਾਰ ਬੱਸ/ ਆਪਾਂ ਆਉਂਦੇ ਆਉਂਦੇ ਬੂਟਾਂ ਦਾ ਵਪਾਰ ਕਰ ਆਏ ਸੀ / ਮਾਂ ਨਸੀਬ?/ ਚੰਗੇ ਭਾਗ ਨਸੀਬੋ ਦੇ/ ਦੋਹਤਾ/ਪੁੱਤ/ ਉਹਦਾ ਇਤਿਹਾਸ ਲਿਖੇ/ ਲੇਖਕ ਤਬਕਾ ਜ਼ਿੰਦਾਬਾਦ / ਨਾਨੂ ਨੂੰ ਪਿਆਰ/ ਉਹਦੇ ਪਿਆਰ ਨੂੰ ਸਲਾਮ/ ਉਹਦੇ ਮੰਮੀ ਡੈਡੀ ਲਈ ਸਲਾਮ/ ਕਹਾਣੀ ਪੂਰੀ ਹੋਵੇ/ ਫ਼ਰਵਰੀ ਵਿੱਚ ਆਉਣਗੇ ਤੰਗ ਕਰਨੇ।/ ਭੀਖੀ , ਚੌਹਾਨ ਤੋਂ ਬਿਨਾ ਕੋਈ ਨਾ ਪੁੱਜਾ/ ਜਿੱਥੇ ਚੌਹਾਨ ਹੋਵੇ ./ ਬਗਲੋਲ ਜ਼ਿੰਦਾਬਾਦ/ ਆਦਰ ਨਾਲ/ ਪ੍ਰੇਮ/ ਪਿਆਰ ਨਾਲ/ – ਗੋਰਖੀ। ਪੱਤਰ ਹੋਰ ਵੀ ਹਨ ਪਰ ਉਹ ਜ਼ਿਆਦਾ ਘਰੇਲੂ ਅਤੇ ਆਪਸੀ ਹਨ।

# ਸਿਰੜੀ, ਮਿਹਨਤੀ ਤੇ ਹਠੀ...ਪਿਤਾ ਪ੍ਰੇਮ ਗੋਰਖੀ/ - ਨਵਰੂਪ ਕੌਰ
## (ਪ੍ਰੇਮ ਗੋਰਖੀ ਦੀ ਵੱਡੀ ਬੇਟੀ ਦੇ ਅਹਿਸਾਸ)



ਸੰਸਾਰ ਪ੍ਰਸਿੱਧੀ ਪ੍ਰਾਪਤ ਕਹਾਣੀਕਾਰ ਸਵ. ਪ੍ਰੇਮ ਗੋਰਖੀ ਜੀ ਜੋ ਕਿ ਸਾਨੂੰ ਸਦੀਵੀਂ ਵਿਛੋੜਾ ਦੇ ਗਏ ਹਨ, ਪਿਛਲੀ ਦਿਨੀਂ ਉਹਨਾਂ ਦੀ ਅਚਾਨਕ ਸੈਕਟਰ 32 ਹਸਪਤਾਲ ਚੰਡੀਗੜ੍ਹ ਵਿਖੇ ਮੌਤ ਹੋ ਗਈ ਸੀ।ਪ੍ਰੇਮ ਗੋਰਖੀ ਜੀ ਸਿਰਫ਼ ਇੱਕ ਚੰਗੇ ਸੁਲਝੇ ਹੋਏ ਲੇਖਕ ਹੀ ਨਹੀਂ ਬਲਕਿ ਆਪਣੇ ਨਾਂ ਵਾਂਗ ਪ੍ਰੇਮ ਦੇ ਪੁੰਜ ਵੀ ਸਨ।ਉਨ੍ਹਾਂ ਨੂੰ ਇਕ ਵਾਰ ਮਿਲਣ ਵਾਲਾ ਸਦਾ ਲਈ ਉਨ੍ਹਾਂ ਨਾਲ ਜੁੜ ਜਾਂਦਾ ਸੀ।ਉਹਨਾਂ ਦੀ ਪਤਨੀ ਗੁਰਦੀਪ ਕੌਰ ਦਾ ਉਨ੍ਹਾਂ ਨੂੰ ਇੱਕ ਪੇਂਡੂ ਗਰੀਬ ਰਹਿਤਲ ਤੋਂ ਇੱਥੋਂ ਤੱਕ ਪਹੁੰਚਣ ਵਿੱਚ ਬਹੁਤ ਸਹਿਯੋਗ ਰਿਹਾ। ਉਹਨਾਂ ਦੇ ਤੁਰ ਜਾਣ ਨਾਲ ਜਿੱਥੇ ਸਾਹਿਤ ਜਗਤ ਨੂੰ ਤੇ ਪਰਿਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ ਉੱਥੇ ਉਨ੍ਹਾਂ ਦੇ ਮਿੱਤਰ-ਪਿਆਰਿਆਂ ਨੂੰ ਵੀ ਅਸਹਿ ਤੇ ਅਕਹਿ ਦੁੱਖ ਪੁੱਜਿਆ ਹੈ।

ਗੋਰਖੀ ਜੀ ਮੂਲ ਰੂਪ ਵਿੱਚ ਲਾਡੋਵਾਲੀ, ਜਲੰਧਰ ਤੋਂ ਸਨ।ਉਹਨਾਂ ਦਾ ਜਨਮ 15 ਜੂਨ, 1974 ਨੂੰ ਮਾਤਾ ਸ੍ਰੀਮਤੀ ਰੱਖੀ ਦੇਵੀ ਜੀ ਦੇ ਕੁੱਖੋਂ ਹੋਇਆ ਤੇ ਉਹਨਾਂ ਦੇ ਪਿਤਾ ਜੀ ਦਾ ਨਾਮ ਅਰਜਨ ਦਾਸ ਸੀ।ਉਹਨਾਂ ਨੇ ਹਮੇਸ਼ਾ ਨਿਮਨ ਵਰਗ ਦੇ ਲੋਕਾਂ ਲਈ ਬੁਲੰਦ ਅਵਾਜ਼ ਉਠਾਈ ਤੇ ਮਜ਼ਦੂਰ ਵਰਗ ਨੂੰ ਜਾਗ੍ਰਿਤ ਕੀਤਾ।ਉਹਨਾਂ ਦੀ ਹਰ ਕਹਾਣੀ ਵਿੱਚ ਮਿਹਨਤ ਸੱਚਾਈ ਤੇ ਇਮਾਨਦਾਰੀ ਸੀ ਤੇ ਜੋ ਉਹਨਾਂ ਨੇ ਆਪ ਵੀ ਹਮੇਸ਼ਾ ਬਣਾਈ ਰੱਖੀ।

ਉਹਨਾਂ ਦਾ ਆਪਣੇ ਮਾਤਾ ਜੀ ਨਾਲ ਬਹੁਤ ਪਿਆਰ ਸੀ।ਹਮੇਸ਼ਾ ਬੀਬੀ ਤੋਂ ਪੁਰਾਣੀਆਂ ਗੱਲਾਂ ਪੁੱਛਦੇ ਰਹਿੰਦੇ ਸੀ।ਕਹਿੰਦੇ ਹੁੰਦੇ ਸੀ ਬੀਬੀ ਮੈਨੂੰ ਆਪਣੇ ਖੂਹ ਬਾਰੇ ਦੱਸ ਮੈਂ ਕਹਾਣੀਆਂ ਵਿੱਚ ਖੂਹ ਬਾਰੇ ਕੁਝ ਲਿਖਣਾ ਹੈ। ਬੀਬੀ ਨੇ ਹੱਸ ਕੇ ਕਹਿਣਾ ਤੂੰ ਪ੍ਰੇਮ ਚੰਡੀਗੜ੍ਹ ਰਹਿ ਕੇ ਵੀ ਆਪਣੇ ਪਿਛੋਕੜ ਨੂੰ ਯਾਦ ਕਰਦਾ ਰਹਿੰਦਾ ਹੈ, ਹਰ ਵੇਲੇ ਨਾਨਕਿਆਂ ਜਾਂ ਆਪਣੇ ਖੇਤਾਂ ਖੂਹਾਂ ਦੀਆਂ ਗੱਲਾਂ ਕਰਦਾ, ਹੋਰ ਕੁਝ ਵੀ ਪੁੱਛ ਲਿਆ ਕਰ ਤੇ ਬੀਬੀ ਨੇ ਹੱਸ ਪੈਣਾ। ਬੀਬੀ ਤੇ ਅਸੀਂ ਰਾਤ ਨੂੰ ਬੈਠੇ ਗੱਲਾਂ ਕਰਦੇ ਰਹਿਣਾ ਤੇ ਪੁਰਾਣੀਆਂ ਗੱਲਾਂ ਦੱਸੀ ਜਾਣੀਆਂ ਤੇ ਡੈਡੀ ਜੀ ਨੇ ਕਦੀ ਆਪਣੇ ਭਾਈਏ ਬਾਰੇ ਕਦੀ ਉਹਨਾਂ ਦੇ ਕੰਮ ਕਾਜ ਬਾਰੇ ਜਾਂ ਫਿਰ ਆਪਣੇ ਨਾਨਕੇ ਪਿੰਡ ਬਹਾਨੀ ਬਾਰੇ ਬਹੁਤ ਕੁਝ ਪੁੱਛਣਾ, ਅਸੀਂ ਹੈਰਾਨ ਹੋਣਾ ਕਿ ਡੈਡੀ ਜੀ ਕਿਉਂ ਪੁੱਛਦੇ ਰਹਿੰਦੇ ਨੇ ਪੁਰਾਣੀਆਂ ਗੱਲਾਂ ਬੀਬੀ ਤੋਂ। ਪਰਿਵਾਰ ਨੂੰ ਬਹੁਤ ਪਿਆਰ ਕਰਦੇ ਸਨ ਉਨ੍ਹਾਂ ਆਪਣੇ ਛੋਟੇ ਭਰਾਵਾਂ ਨੂੰ ਬੱਚਿਆਂ ਵਾਂਗ ਰੱਖਿਆ। ਉਹਨਾ ਆਪਣੀ ਸਵੈ ਜੀਵਨੀ ਵਿੱਚ ਜੋ ਕੁਝ ਵੀ ਲਿਖਿਆ ਹੈ ਸਭ ਸੱਚ ਉਹਨਾਂ ਨੇ ਕੁਝ ਨਹੀਂ ਛੁਪਾਇਆ ਸਾਫ਼ ਅੱਖਰਾਂ ਵਿਚ ਸਭ ਕੁਝ ਸੱਚ ਲਿਖਿਆ ਹੈ।ਆਪਣੇ ਪਿਤਾ ਜੀ ਤੋਂ ਲੈ ਕੇ ਆਪਣੇ ਮੁਹੱਲੇ ਦੇ ਲੋਕਾਂ ਦੇ ਬਾਰੇ ਵਿੱਚ।ਮੇਰੇ ਚਾਚੇ ਵੀ ਡੈਡੀ ਜੀ ਦਾ



**ਨਵਰੂਪ ਕੌਰ**

ਬਹੁਤ ਆਦਰ ਸਤਿਕਾਰ ਤੇ ਪਿਆਰ ਕਰਦੇ ਸਨ। ਕਦੀ ਘਰ ਵਿੱਚ ਜ਼ਮੀਨਾਂ ਜਾਂ ਜਾਇਦਾਦਾਂ ਪਿੱਛੇ ਕੋਈ ਲੜਾਈ ਨਹੀਂ ਹੋਈ। ਸਭ ਬਹੁਤ ਮਿਲਣਸਾਰ ਹਨ। ਸਾਡੇ ਪਰਿਵਾਰ ਵਿੱਚ ਕਦੀ ਬੱਚਿਆਂ ਵਿੱਚ ਕਿਸੇ ਪ੍ਰਕਾਰ ਦਾ ਕੋਈ ਫ਼ਰਕ ਨਹੀਂ ਸਭ ਬੱਚੇ ਆਪਸ ਵਿਚ ਬਹੁਤ ਪਿਆਰ ਕਰਦੇ ਹਨ। ਇਹ ਸਭ ਡੈਡੀ ਜੀ ਦੀ ਸੋਚ ਕਰਕੇ ਹੀ ਹੈ ਕਿਉਂ ਕਿ ਉਹ ਸਭ ਨੂੰ ਬਹੁਤ ਪਿਆਰ ਨਾਲ ਸਮਝਾਉਂਦੇ ਤੇ ਏਕਤਾ ਵਿੱਚ ਰਹਿਣਾ ਸਿਖਾਉਂਦੇ।

ਉਹਨਾਂ ਨੇ ਜੋ ਵੀ ਕਹਾਣੀਆਂ ਲਿਖੀਆਂ ਸਾਰੀਆਂ ਹਮੇਸ਼ਾ ਨਿਮਨ ਵਰਗ ਦੇ ਲੋਕਾਂ ਦੀ ਸੱਚਾਈ ਨੂੰ ਬਿਆਨ ਕਰਦੇ ਹੋਏ ਲਿਖੀਆਂ। ਕਿਉਂਕਿ ਉਹਨਾਂ ਨੇ ਆਪ ਵੀ ਬਹੁਤ ਗਰੀਬੀ ਹੰਢਾਈ ਸੀ ਤੇ ਬਹੁਤ ਮਿਹਨਤ ਕਰਕੇ ਆਪਣਾ ਜੀਵਨ ਬੀਤਤ ਕੀਤਾ ਸੀ। ਪੜ੍ਹ ਲਿਖ ਜਾਣ ਮਗਰੋਂ ਅਜੀਤ ਅਖ਼ਬਾਰ ਵਿੱਚ ਕੰਮ ਕਰਨ ਲੱਗੇ ਸਨ। ਮੈਂ ਉਹਨਾਂ ਦੀਆਂ ਸਾਰੀਆਂ ਕਹਾਣੀਆਂ ਆਪ ਟਾਈਪ ਕੀਤੀਆਂ ਹਨ ਤੇ ਪੜ੍ਹੀਆਂ ਵੀ ਹਨ। ਉਹਨਾਂ ਦੀ ਹਰ ਕਹਾਣੀ ਵਿੱਚ ਮਿਹਨਤ ਤੇ ਇਮਾਨਦਾਰੀ ਨੂੰ ਪੇਸ਼ ਕੀਤਾ ਜਾਂਦਾ ਰਿਹਾ ਹੈ। ਉਹ ਆਪ ਵੀ ਬਹੁਤ ਮਿਹਨਤੀ ਤੇ ਇਮਾਨਦਾਰ ਸਨ ਤੇ ਨਾਲ ਸਾਨੂੰ ਵੀ ਹਮੇਸ਼ਾ ਇਹ ਹੀ ਸਿੱਖਿਆ ਦਿੱਤੀ ਕਿ ਥੋੜ੍ਹਾ ਖਾ ਲਵੋ ਪਰ ਬੇਈਮਾਨੀ ਨਹੀਂ ਕਰਨੀ, ਮਿਹਨਤ ਕਰੋ ਤੇ ਇਮਾਨਦਾਰੀ ਨਾਲ ਸੁੱਖ ਦੀ ਰੋਟੀ ਖਾਓ।

ਉਹਨਾਂ ਨੇ ਆਪਣੀ ਕਲਮ ਰਾਹੀਂ ਕਹਾਣੀ-ਸੰਗ੍ਰਹਿ, 'ਮਿੱਟੀ ਰੰਗੇ ਲੋਕ', 'ਜੀਣ-ਮਰਨ', 'ਅਰਜਨ ਸਫੈਦੀ ਵਾਲਾ', 'ਧਰਤੀ ਪੁੱਤਰ', 'ਜਨਰੇਸ਼ਨ ਗੈਪ' , 'ਰਾਮ ਪ੍ਰਸਾਦ ਬਿਸਮਿਲ' (ਜੀਵਨੀ) ਨਾਵਲਿਟ : 'ਤਿੱਤਰ ਖੰਭੀ ਜੂਹ', 'ਬੁੱਢੀ ਰਾਤ ਤੇ ਸੂਰਜ', 'ਵਣ-ਬੇਲਾ', 'ਗ਼ੈਰ ਹਾਜ਼ਰ ਆਦਮੀ' (ਸਵੈਜੀਵਨੀ), 'ਅਸੀਂ ਜਵਾਬ ਦਿੰਦੇ ਹਾਂ' (ਦੂਜੇ ਲੇਖਕਾਂ ਦੀਆਂ ਕਹਾਣੀਆਂ) 'ਪੰਜਾਬੀ ਕਹਾਣੀ'-1993 (ਚੋਣਵੀਆਂ ਕਹਾਣੀਆਂ) ਅਨੁਵਾਦ : 'ਕਿੱਸਾ ਗੁਲਾਮ' (ਰਮੇਸ਼ ਚੰਦਰ ਸ਼ਾਹ) ਅਦਾਰਾ 'ਕਥਾ' ਹਿੰਦੀ (ਦਿੱਲੀ) ਵੱਲੋਂ ਕਹਾਣੀ 'ਭਲਾ ਇਉਂ ਵੀ ਕੋਈ ਜਿਊਂਦੈ' ਨੂੰ 9 ਵਾਂ ਕਥਾ ਐਵਾਰਡ ਮਿਲਿਆ ਸੀ। ਆਜ਼ਾਦੀ ਤੋਂ ਬਾਅਦ ਦੀਆਂ ਹਿੰਦੀ ਕਹਾਣੀਆਂ-ਸੰਪਾਦਕ ਕਮਲੇਸ਼ਵਰ ਆਦਿ ਕਿਤਾਬਾਂ ਉਹਨਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਤੇ ਨਾਲ ਦੇਸ਼ ਵਿਦੇਸ਼ ਤੋਂ ਇਲਾਵਾ ਪੰਜਾਬ ਦੀਆਂ ਸਾਹਿਤਕ ਸਭਾਵਾਂ ਵੱਲੋਂ ਉਹਨਾਂ ਨੂੰ ਅਨੇਕਾਂ ਵਾਰ ਸਨਮਾਨ ਕੀਤਾ ਗਿਆ। ਉਹਨਾਂ ਨੇ 'ਕੁੰਭ' ਮੈਗਜ਼ੀਨ ਵੀ ਕੱਢਿਆ ਜਿਹੜਾ ਆਰਥਿਕ ਕਾਰਨਾਂ ਕਰਕੇ ਬੰਦ ਹੋ ਗਿਆ। ਉਸ ਮੈਗਜ਼ੀਨ ਦੀ ਕੰਪੋਜਿੰਗ ਤੇ ਲੇਅਆਊਟ ਦਾ ਸਾਰਾ ਕੰਮ ਮੈਂ ਕਰਦੀ ਹੁੰਦੀ ਸੀ। ਪਬਲੀਕੇਸਨ ਦਾ ਕਾਰਜ ਵੀ ਡੈਡੀ ਜੀ ਨੇ ਕੁਝ ਦੇਰ ਕੀਤਾ। ਉਹ ਸਾਰੀਆਂ ਕਿਤਾਬਾਂ ਮੈਂ ਕੰਪੋਜਿੰਗ ਕਰਨੀਆਂ ਡੈਡੀ ਜੀ ਨੇ ਪਰੂਫ਼ ਪੜ੍ਹਨੇ। ਉਹ ਪਬਲੀਕੇਸ਼ਨ ਵੀ ਬੰਦ ਕਰਨੀ ਪਈ। ਉਹਨਾਂ ਨੇ 'ਨਵਾਂ ਜ਼ਮਾਨਾ', 'ਅਜੀਤ', 'ਪੰਜਾਬੀ ਟ੍ਰਿਬਿਊਨ' ਤੇ 'ਦੇਸ ਸੇਵਕ' ਅਖ਼ਬਾਰਾਂ ਵਿੱਚ ਸੀਨੀਅਰ ਪੱਤਰਕਾਰ ਵਜੋਂ ਕੰਮ ਕੀਤਾ।

ਉਨ੍ਹਾਂ ਨੇ 1978 ਵਿੱਚ 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਚੰਡੀਗੜ੍ਹ ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਅਖ਼ਬਾਰ ਨਵੀਂ ਨਵੀਂ ਸ਼ੁਰੂ ਹੀ ਹੋਈ ਸੀ ਤੇ ਇਹਨਾਂ ਨੇ ਪੂਰੀ ਮਿਹਨਤ ਨਾਲ ਕੰਮ ਕੀਤਾ ਤੇ ਪੂਰੇ ਦੇਸ਼ਾਂ ਤੇ



**ਪ੍ਰੇਮ ਗੋਰਖੀ ਦੀ ਜੀਵਨ ਸਾਥਣ ਸ੍ਰੀਮਤੀ ਗੁਰਦੀਪ ਕੌਰ ਅਤੇ ਉਨ੍ਹਾਂ ਦੀ ਵੱਡੀ ਬੇਟੀ ਨਵਰੂਪ ਕੌਰ**

ਬਿਦੇਸ਼ਾਂ ਵਿੱਚ ਮਸ਼ਹੂਰ ਹੋਏ। ਉਹ ਦੋ ਵਾਰ ਕੈਨੇਡਾ ਪੰਜਾਬੀ ਲਿਖਾਰੀ ਸਭਾ ਕਾਨਫਰੰਸ ਤੇ ਗਏ। ਇੱਕ ਵਾਰ ਅਮਰੀਕਾ, ਪਾਕਿਸਤਾਨ, ਸਿੰਘਾਪੁਰ ਤੇ ਨੇਪਾਲ ਆਦਿ ਗਏ। ਉਹਨਾਂ ਸਾਰਾ ਭਾਰਤ ਕਈ ਵਾਰ ਘੁੰਮਿਆ ਫਿਰਿਆ ਕਈਆਂ ਥਾਵਾਂ ਦੀਆਂ ਫੋਟੋ ਘਰ ਪਈਆਂ ਨੇ। ਸੈਰ ਸਪਾਟੇ ਦੇ ਤੇ ਵਧੀਆ ਪਹਿਰਾਵੇ ਦੇ ਸ਼ੌਕੀਨ ਸਨ।

ਅਸੀਂ ਤਿੰਨ ਭੈਣਾਂ ਹਾਂ, ਤੇ ਇੱਕ ਭਰਾ ਹਾਂ। ਸਾਡਾ ਸਭ ਦਾ ਵਿਆਹ ਬਹੁਤ ਵਧੀਆ ਕੀਤਾ। ਅਸੀਂ ਸਭ ਆਪਣੇ ਪਰਿਵਾਰਾਂ ਵਿੱਚ ਖੁਸ਼ ਹਾਂ। ਉਹਨਾਂ ਨੇ ਸਾਨੂੰ ਕਦੀ ਵੀ ਕੁੜੀਆਂ ਹੋਣ ਦਾ ਅਹਿਸਾਸ ਨਹੀਂ ਦਿਵਾਇਆ। ਸਾਨੂੰ ਸਭ ਨੂੰ ਬਹੁਤ ਪਿਆਰ ਕਰਦੇ ਸਨ। ਕਹਿੰਦੇ ਸਨ ਇਹ ਮੇਰੇ ਲੜਕੇ ਹਨ। ਮੈਨੂੰ ਇਹਨਾਂ ਦਾ ਬਹੁਤ ਹੌਸਲਾ ਹੈ। ਸਾਨੂੰ ਕਦੀ ਕਿਸੇ ਵੀ ਚੀਜ਼ ਦੀ ਤੰਗੀ ਨਹੀਂ ਹੋਣ ਦਿੱਤੀ। ਕਦੀ ਵੀ ਕਿਸੇ ਕੰਮ ਤੋਂ ਜਾਂ ਕਦੀ ਕਿਸੇ ਟੂਰ ਤੇ ਜਾਣ ਤੋਂ ਨਹੀਂ ਰੋਕਿਆ। ਖੂਬ ਸਭ ਨੂੰ ਪੜ੍ਹਾਇਆ। ਅਸੀਂ ਅੱਜ ਉਹਨਾਂ ਦੇ ਕਰ ਕੇ ਹੀ ਸਭ ਆਪਣੇ ਕੰਮਾਂ-ਧੰਦਿਆਂ-ਨੌਕਰੀਆਂ 'ਤੇ ਸੈੱਟ ਹਾਂ।

ਡੈਡੀ ਜੀ ਮੰਮੀ (ਗੁਰਦੀਪ ਕੌਰ) ਨੂੰ ਬਹੁਤ ਪਿਆਰ ਕਰਦੇ ਸੀ। ਹਮੇਸ਼ਾਂ ਕਹਿੰਦੇ ਸੀ ਗੁਰਦੀਪ ਇਹ ਆਪਣੇ ਲੜਕੇ ਹਨ ਲੜਕੀਆਂ ਨਹੀਂ। ਇਹਨਾਂ ਦੀ ਕਿਸਮਤ ਇਹਨਾਂ ਨਾਲ ਹੈ, ਜੋ ਮੈਨੂੰ ਚੰਡੀਗੜ੍ਹ ਲੈ ਕੇ ਆਈਆਂ ਹਨ। ਮੰਮੀ ਜੀ ਨੂੰ ਹਮੇਸ਼ਾ ਕਹਿੰਦੇ ਰਹਿੰਦੇ ਕੇ ਗੁਰਦੀਪ ਤੂੰ ਬਥੇਰੀਆਂ ਤੰਗੀਆਂ ਤੁਰਸ਼ੀਆਂ ਕੱਟ ਲਈਆਂ ਹੁਣ ਮਨਭਾਉਂਦਾ ਖਾਇਆ ਹੰਢਾਇਆ ਕਰ। ਕਦੀ ਵੀ ਹੱਥ ਜਾਂ ਗਲਾ ਖਾਲੀ ਨਹੀਂ ਰਹਿਣ ਦਿੰਦੇ। ਜੋ ਵੀ ਕਹਾਣੀ ਲਿਖਣੀ ਪਹਿਲਾਂ ਮੰਮੀ ਜੀ ਨੂੰ ਪੜ੍ਹ ਕੇ ਸਣਾਉਣੀ ਤੇ ਫਿਰ ਪੜ੍ਹਣ ਲਈ ਦੇ ਦੇਣੀ ਤੇ ਕਹਿਣਾ ਦੱਸ ਇਸ ਕਹਾਣੀ ਦਾ ਕੀ ਨਾਂ ਰੱਖੀਏ। ਅੱਜ ਤੱਕ ਜੋ ਵੀ ਕਹਾਣੀਆਂ ਉਹਨਾਂ ਨੇ ਲਿਖੀਆਂ ਹਨ ਉਹਨਾਂ ਕਹਾਣੀਆਂ ਦੇ ਨਾਂ ਮੰਮੀ ਜੀ ਤੇ ਡੈਡੀ ਜੀ ਨੇ ਸਲਾਹ ਕਰਕੇ ਰੱਖੇ ਹਨ। ਕਹਾਣੀ ਵਿੱਚ ਜੋ ਵੀ ਉਤਾਰ ਚੜ੍ਹਾਅ ਕਰਨਾ ਤਾਂ ਮੰਮੀ ਜੀ ਨੇ ਦੱਸਣਾ ਤੇ ਡੈਡੀ ਜੀ ਨੇ ਝੱਟ ਠੀਕ ਕਰਨ ਲਗ ਜਾਣਾ। ਅਸੀਂ ਸਭ ਦੇਖਦੇ ਰਹਿੰਦੇ ਸਾਂ। ਮੰਮੀ ਜੀ ਨੇ ਡੈਡੀ ਜੀ ਦਾ ਪੂਰਾ ਸਾਥ ਦੇਣਾ। ਹਮੇਸ਼ਾ ਖੁਸ਼ ਰਹਿੰਦੇ ਸਨ। ਸਾਨੂੰ ਕਹਿੰਦੇ ਹੁੰਦੇ ਸਨ ਕਿ ਗੁਰਦੀਪ ਨੇ ਮੇਰਾ ਬਹੁਤ ਸਾਥ ਦਿੱਤਾ। ਮੈਂ ਇਸ ਨੂੰ ਬਹੁਤ ਤੰਗ ਕੀਤਾ

ਪਰ ਇਸ ਨੇ ਕਦੀ ਮੇਰਾ ਸਾਥ ਨਹੀਂ ਛੱਡਿਆ। ਇਹ ਮੇਰਾ ਬਹੁਤ ਖ਼ਿਆਲ ਰੱਖਦੀ ਹੈ। ਹੁਣ ਤਾਂ ਬਹੁਤ ਹੀ ਪਿਆਰ ਨਾਲ ਰਹਿੰਦੇ ਸੀ ਤੇ ਇਕ ਦੂਸਰੇ ਦਾ ਖਿਆਲ ਰੱਖਦੇ ਸਨ।

ਜਦੋਂ ਪਿਛਲੇ ਸਾਲ ਗੁਲਜ਼ਾਰ ਸੰਧੂ ਜੀ ਨੇ 'ਜਨਰੇਸ਼ਨ ਗੈਪ' ਕਿਤਾਬ ਤੇ ਇਨਾਮ ਦਿੱਤਾ ਤਾਂ ਬਹੁਤ ਖੁਸ਼ ਹੋਏ ਮੈਂ ਤੇ ਮੇਰੇ ਪਤੀ ਮਨਜੀਤ ਸਿੰਘ ਜੀ ਉਹਨਾਂ ਦੇ ਨਾਲ ਫਕੰਸ਼ਨ ਤੇ ਗਏ। ਪਹਿਲੀ ਸੀਟਾਂ ਤੇ ਬੈਠੇ ਸਨ, ਜਦੋਂ ਇਨਾਮ ਮਿਲਿਆ ਤਾਂ ਬਹੁਤ ਖੁਸ਼ ਹੋਏ ਤੇ ਮੈਨੂੰ ਫੜਾ ਕੇ ਕਹਿੰਦੇ ਦੇਖ ਵਧੀਆ ਹੈ ਨਾ ਮੇਰਾ ਇਨਾਮ। ਅਸੀਂ ਦੋਨੋਂ ਬਹੁਤ ਖੁਸ਼ ਹੋਏ ਤੇ ਉਹਨਾਂ ਨੂੰ ਵਧਾਈ ਦੇਣ ਲੱਗ ਪਏ। ਫਿਰ ਲੰਚ ਕੀਤਾ ਤੇ ਸਭ ਗੋਰਖੀ-ਗੋਰਖੀ ਕਰਦੇ ਉਹਨਾਂ ਦੇ ਅੱਗੇ ਪਿੱਛੇ ਫਿਰਨ ਲਗ ਪਏ। ਸਾਨੂੰ ਕਹਿੰਦੇ ਤੁਹਾਨੂੰ ਪਾਰਟੀ ਦੇਣੀ ਹੈ ਘਰ ਆਓ ਪਾਰਟੀ ਕਰਾਂਗੇ। ਪਰ ਪੰਜ ਕੁ ਦਿਨਾਂ ਬਾਅਦ ਹੀ ਉਹ ਬਿਮਾਰ ਹੋ ਗਏ ਤੇ 20 ਦਿਨ ਲਗਾਤਾਰ ਹਸਪਤਾਲ ਵਿੱਚ ਦਾਖਲ ਰਹੇ। ਫਿਰ ਵੀ ਉਹਨਾਂ ਨੇ ਹਿੰਮਤ ਨਾ ਹਾਰੀ ਤੇ ਕੁਝ ਮਹੀਨਿਆਂ ਵਿੱਚ ਉਹਨਾਂ ਨੇ ਆਪਣੇ ਆਪ ਨੂੰ ਤੰਦਰੁਸਤ ਕਰ ਲਿਆ ਤੇ ਮੈਂ ਜਦੋਂ ਵੀ ਉਹਨਾਂ ਨੂੰ ਮਿਲਣ ਜਾਣਾ ਤਾਂ ਉਹਨਾਂ ਨੇ ਹਮੇਸ਼ਾਂ ਕਹਿਣਾ ਰੂਪੀ ਮੈਨੂੰ ਕਿਤਾਬਾਂ ਭੇਜ ਦਿਆ ਕਰ ਪੜ੍ਹਨ ਲਈ। ਮੈਂ ਬੋਰ ਹੋ ਜਾਂਦਾ ਹਾਂ ਵਿਹਲਾ ਕੀ ਕਰਾਂ ਤੇਰੇ ਕੋਲ ਲੇਖਕ ਆਉਂਦੇ ਜਾਂਦੇ ਰਹਿੰਦੇ ਹਨ ਕੰਮ ਕਰਾਉਣ। ਤੂੰ ਜਦੋਂ ਵੀ ਆਉਂਦੀ ਹੁੰਦੀ ਹੈ ਤਾਂ ਕਿਤਾਬਾਂ ਲੈ ਕੇ ਆਇਆ ਕਰ। ਮੈਂ ਕਿਹਾ ਚੰਗਾ ਡੈਡੀ ਜੀ ਅਗਲੀ ਵਾਰ ਲੈ ਕੇ ਆਵਾਂਗੀ। ਉਹ ਸਾਰਾ ਦਿਨ ਅਖ਼ਬਾਰ ਜਾਂ ਕਿਤਾਬਾਂ ਪੜ੍ਹਦੇ ਲਿਖਦੇ ਰਹਿੰਦੇ। ਪਰ ਇੱਕ ਗੱਲ ਹੈ ਉਹਨਾਂ ਨੂੰ ਸਭ ਵਿੱਚ ਬੈਠਕੇ ਲਿਖਣਾ ਬਹੁਤ ਪਸੰਦ ਸੀ। ਉਹ ਸਾਨੂੰ ਤੇ ਸਾਡੀਆਂ ਬੇਟੀਆਂ ਨੂੰ ਬਹੁਤ ਪਿਆਰ ਕਰਦੇ ਸਨ। ਪਤਾ ਨਹੀਂ ਸੀ ਕਿ ਸਾਨੂੰ ਐਨੀ ਜਲਦੀ ਅਚਾਨਕ ਛੱਡ ਕੇ ਚਲੇ ਜਾਣਗੇ। ਪਰ ਉਹ ਅਜੇ ਜਾਣਾ ਨਹੀਂ ਚਾਹੁੰਦੇ ਸਨ। ਉਹਨਾਂ ਨੂੰ ਜ਼ਿੰਦਗੀ ਜੀਣਾ ਬਹੁਤ ਪਸੰਦ ਸੀ ਤੇ ਅਜੇ ਉਹ ਆਪਣਾ ਨਾਵਲ ਪੂਰਾ ਕਰਨਾ ਚਾਹੁੰਦੇ ਸੀ ਜੋ ਆਖਰੀ ਸਮੇਂ ਲਿਖਦੇ ਪਏ ਸੀ ਤੇ ਅੱਧੇ ਨਾਲੋਂ ਜ਼ਿਆਦਾ ਮੈਂ ਟਾਈਪ ਵੀ ਕੀਤਾ ਹੋਇਆ ਹੈ।

ਪਰ ਅੱਜ ਮੈਂ ਇੱਕ ਗੱਲ ਜ਼ਰੂਰ ਕਹਿਣਾ ਚਾਹੁੰਦੀ ਹਾਂ ਕਿ ਮੇਰੇ ਡੈਡੀ ਜੀ ਹਮੇਸ਼ਾ ਭਾਸ਼ਾ ਵਿਭਾਗ ਪੰਜਾਬ ਤੇ ਭਾਰਤੀ ਸਾਹਿਤ ਅਕੈਡਮੀ ਨਵੀਂ ਦਿੱਲੀ ਦੇ ਐਵਾਰਡ ਲਈ ਤਰਸਦੇ ਰਹੇ। ਉਹ ਹਮੇਸ਼ਾਂ ਕਹਿੰਦੇ ਰਹੇ ਕਿ ਮੇਰੀ ਲੇਖਣੀ ਇੰਨੀ ਮਾੜੀ ਹੈ? ਕਿ ਅਜੇ ਤੱਕ ਮੈਨੂੰ ਇਨ੍ਹਾਂ ਸੰਸਥਾਵਾਂ ਨੇ ਵੱਡੇ ਇਨਾਮ ਦੇ ਕਾਬਿਲ ਨਹੀਂ ਸਮਝਿਆ। ਉਹ ਕਹਿੰਦੇ ਸਨ ਕਿ ਜਾਤ-ਪਾਤ ਦਾ ਫ਼ਰਕ ਸਾਰੇ ਅਦਾਰੇ ਕਰਦੇ ਨੇ ਤਾਂ ਹੀ ਮੈਨੂੰ ਇਹਨਾਂ ਇਨਾਮਾਂ ਤੋਂ ਵਾਂਝੇ ਰੱਖਿਆ ਹੈ। ਨਹੀਂ ਤਾਂ ਇਹ ਇਨਾਮ ਮੈਨੂੰ ਅੱਜ ਤੋਂ ਦਸ ਸਾਲ ਪਹਿਲਾਂ ਹੀ ਮਿਲ ਜਾਣੇ ਸੀ। ਇਹਨਾਂ ਲੋਕਾਂ ਦੇ ਮੰਨ ਵਿੱਚ ਫਰਕ ਹੈ ਤਾਂ ਹੀ ਤਾਂ ਸਾਡੇ ਤੋਂ ਅੱਧੀ ਅੱਧੀ ਉਮਰ ਦੇ ਨਵੇਂ ਲੇਖਕਾਂ ਨੂੰ ਸਾਡੇ ਸਾਹਮਣੇ ਹੀ ਸਨਮਾਨਿਆ ਗਿਆ ਹੈ। ਜੋ ਉਹਨਾਂ ਦੇ ਦਿਲ ਨੂੰ ਬਹੁਤ ਵੱਡਾ ਧੱਕਾ ਲੱਗਿਆ। ਉਹਨਾਂ ਨੇ ਸਾਨੂੰ ਦੱਸਿਆ ਸੀ ਕਿ ਅੱਜ ਤੋਂ ਕਈ ਸਾਲ ਪਹਿਲਾਂ ਅੰਮ੍ਰਿਤਾ ਪ੍ਰੀਤਮ ਨੇ ਮੈਨੂੰ ਮੇਰਾ ਨਾਮ 'ਪ੍ਰੇਮ ਸਿੰਘ' / 'ਪ੍ਰੇਮ ਨਿਮਾਣਾ' ਤੋਂ ਪ੍ਰੇਮ ਗੋਰਖੀ ਕਰ ਦਿੱਤਾ ਸੀ ਤੇ ਨਾਲ ਗਿਫਟ ਵਿੱਚ ਪੈੱਨ ਦਿੱਤਾ ਸੀ। ਜੋ ਮੇਰਾ 'ਨਾਗਮਣੀ' ਪਰਚੇ ਵਿੱਚ ਵਧੀਆ ਕਹਾਣੀ ਲਿਖਣ ਤੇ ਵਧੀਆ ਲੇਖਕ ਵਜੋਂ ਬਹੁਤ ਹੀ ਪਿਆਰ ਨਾਲ ਆਪਣੇ ਘਰ ਬੁਲਾ ਕੇ ਦਿੱਤਾ। ਉਹ ਪੈੱਨ ਮੇਰੇ ਡੈਡੀ ਜੀ ਲਈ ਬਹੁਤ ਵੱਡਾ ਇਨਾਮ ਸੀ। ਉਸ ਪੈੱਨ ਨੇ ਡੈਡੀ ਜੀ ਨੂੰ ਏਨੀ ਹੱਲਾ ਸ਼ੇਰੀ ਦਿੱਤੀ ਕਿ ਉਹ ਅਖ਼ਬਾਰਾਂ ਸਾਹਿਤਕ ਮੈਗਜ਼ੀਨਾਂ ਦੇ ਪੰਨਿਆਂ ਤੇ ਪ੍ਰੇਮ ਗੋਰਖੀ ਬਣ ਕਿ ਛਪਣ ਲੱਗੇ। ਮੇਰੇ ਨਾਲ ਉਹ ਹਮੇਸ਼ਾ ਕਹਾਣੀਆਂ ਬਾਰੇ ਜਾਂ ਇਨਾਮਾਂ ਬਾਰੇ ਹਰ ਪ੍ਰਕਾਰ ਦੀ ਗੱਲ ਕਰਦੇ ਰਹਿੰਦੇ ਸੀ। ਅੰਦਰੋਂ ਉਹਨਾਂ ਦਾ ਮਨ ਬਹੁਤ ਰੋਂਦਾ ਸੀ, ਪਰ ਅਸੀਂ ਹੌਸਲਾ ਦੇਣਾ ਕਿ ਕੋਈ ਗੱਲ ਨਹੀਂ ਡੈਡੀ ਜੀ ਹੋਰ ਵੀ ਕਈ ਇਨਾਮ ਮਿਲੇ ਹਨ ਉਹ ਕਿਹੜਾ ਘੱਟ ਹੈ ਤਾਂ ਫਿਰ ਉਹ ਹੱਸ ਪੈਂਦੇ। ਫਿਰ ਕਹਿੰਦੇ ਮੇਰਾ ਸਭ ਤੋਂ ਵੱਡਾ ਇਨਾਮ ਮੇਰੇ ਪਾਠਕ ਹਨ ਜੋ ਦਿਨ ਵਿੱਚ ਘੱਟੋ-ਘੱਟ 50 ਜਣਿਆਂ ਦੇ ਫੋਨ ਆ ਜਾਂਦੇ ਤੇ ਕਹਾਣੀਆਂ ਦੀਆਂ ਤਰੀਫ਼ਾਂ ਕਰਦੇ ਨਹੀਂ ਥੱਕਦੇ।

ਗੱਲਾਂ ਤਾਂ ਬਹੁਤ ਹਨ ਪਰ ਅਜੇ ਸਾਂਝੀਆਂ ਨਹੀਂ ਕਰ ਸਕਦੇ ਮਨ ਭਰ ਆਉਂਦਾ ਹੈ ਉਹਨਾਂ ਨੂੰ ਯਾਦ ਕਰਕੇ। ਸਾਡੇ ਡੈਡੀ ਜੀ ਸਾਡੇ ਨਾਲ ਸਾਡੀਆਂ ਯਾਦਾਂ ਵਿੱਚ ਹਮੇਸ਼ਾ ਰਹਿਣਗੇ। ਉਹ ਬਹੁਤ

ਵਧੀਆ ਕਹਾਣੀਆਂ ਤੇ ਆਪਣਾ ਨਿਮਾਣਾ ਜਿਹਾ ਸੁਭਾਅ ਦੇ ਗਏ ਹਨ ਜੋ ਉਹਨਾਂ ਦੇ ਸਾਰੇ ਦੋਸਤਾਂ ਨੂੰ ਬਹੁਤ ਪਸੰਦ ਸੀ। ਬਹੁਤ ਘਟ ਬੋਲਦੇ ਹੁੰਦੇ ਸੀ ਪਰ ਜਦੋਂ ਵੀ ਕਹਾਣੀ ਬਾਰੇ ਬੋਲਣ ਲਈ ਸਟੇਜ ਤੇ ਚੜ੍ਹ ਜਾਂਦੇ ਤਾਂ ਸਭ ਨੂੰ ਕੀਲ ਲੈਂਦੇ ਤੇ ਹਰ ਸੱਚਾਈ ਪੇਸ਼ ਕਰ ਦਿੰਦੇ ਸਨ।

ਉਹ 25 ਅਪ੍ਰੈਲ, 2021 ਨੂੰ ਬਹੁਤ ਵਧੀਆ ਠੀਕ ਠਾਕ ਸਨ ਮੰਮੀ ਜੀ ਨਾਲ ਗੱਲਾਂ ਕਰਦੇ ਸਨ ਥੋੜ੍ਹੀ ਕਮਜ਼ੋਰੀ ਮਹਿਸੂਸ ਕਰਦੇ ਸੀ ਤੇ ਅਚਾਨਕ ਹੀ ਭਰਾ ਨੇ ਆਖ ਦਿੱਤਾ ਕਿ ਚਲੋ ਡੈਡੀ ਜੀ ਹਸਪਤਾਲ ਦਿਖਾ ਲਿਆਈਏ ਤੁਹਾਨੂੰ, ਡੈਡੀ ਜੀ ਕਹਿੰਦੇ ਗਗਨ ਮੈਂ ਠੀਕ ਹਾਂ ਯਾਰ ਮੈਂ ਨਹੀਂ ਜਾਣਾ ਹਸਪਤਾਲ। ਫਿਰ ਵੀ ਜੇ ਤੂੰ ਕਹਿੰਦਾ ਹੈ ਚਲ ਚੱਲੀਏ। ਨਵਾਂ ਕੁੜਤਾ ਪਜ਼ਾਮਾ ਪਾਇਆ ਤੇ ਪਟਕਾ ਬੰਨ੍ਹਿਆ ਤੇ ਘਰ ਵਿੱਚ ਸਾਰਾ ਆਲਾ-ਦਆਲਾ ਦੇਖਿਆ ਤੇ ਤੁਰ ਪਏ। ਬੜੇ ਸੋਹਣੇ ਘਰੋਂ ਗਏ ਨੇ ਹਸਪਤਾਲ ਨੂੰ ਰਸਤੇ ਵਿੱਚ ਮੰਮੀ ਜੀ ਨਾਲ ਗੱਲਾਂ ਕਰਦੇ ਗਏ ਨੇ, ਜਾਂਦੇ ਹੀ ਡਾਕਟਰਾਂ ਨੇ ਆਕਸੀਜਨ ਲਗਾ ਦਿੱਤੀ ਤੇ ਮਿੰਟਾਂ ਵਿੱਚ ਹੀ ਦੇਖਦੇ ਹੀ ਅੱਖਾਂ ਬੰਦ ਕਰ ਲਈਆਂ। ਉਹ ਸਮਾਂ ਕਦੀ ਨਾ ਭੁੱਲਣ ਵਾਲਾ ਬਣ ਕੇ ਰਹਿ ਗਿਆ ਕਿ ਦਸ ਮਿੰਟ ਵੀ ਨਹੀਂ ਕੱਢੇ ਹਸਪਤਾਲ ਆ ਕੇ। ਮੈਨੂੰ ਭਾਬੀ ਦਾ ਫ਼ੋਨ ਆਇਆ ਤੇ ਮੈਂ 20 ਕੁ ਮਿੰਟਾਂ ਵਿਚ ਹਸਪਤਾਲ ਪਹੁੰਚੀ ਤਾਂ ਮੰਮੀ ਨੂੰ ਰੋਂਦੇ ਦੇਖ ਕੇ ਦਿਲ ਕੰਬ ਗਿਆ। ਅੰਦਰ ਜਾ ਕੇ ਡੈਡੀ ਜੀ ਨੂੰ ਸਟੈਚਰ ਤੇ ਪਏ ਵੇਖਿਆ ਤਾਂ ਅੱਖਾਂ ਵਿੱਚੋਂ ਹੰਝੂ ਨਹੀਂ ਰੁੱਕਦੇ ਸਨ। ਹਸਪਤਾਲ ਦਾ ਅਮਲਾ ਮੇਰੇ ਸਾਹਮਣੇ ਹੀ ਡੈਡੀ ਜੀ ਨੂੰ ਰੈਪ ਕਰਨ ਲੱਗ ਪਿਆ। ਅਸੀਂ ਧਾਹਾਂ ਮਾਰਦੇ ਹੀ ਰਹਿ ਗਏ ਤੇ ਉਹਨਾਂ ਦੀ ਬੋਡੀ ਨੂੰ ਲੈ ਕੇ ਜਾਣ ਲੱਗੇ ਪਏ। ਉਹਨਾਂ ਦੀ ਬੋਡੀ ਨੂੰ ਲਿਜਾਂਦਿਆਂ ਦੇਖਿਆ ਤਾਂ ਇਹੀ ਖ਼ਿਆਲ ਆ ਰਿਹਾ ਸੀ ਕਿ ਇਨਸਾਨ ਆਪਣੇ ਨਾਲ ਕੁਝ ਨਹੀਂ ਲੈ ਕੇ ਜਾਂਦਾ ਸਿਰਫ਼ ਆਪਣਿਆਂ ਦਾ ਪਿਆਰ ਹੀ ਲੈ ਕੇ ਜਾਂਦਾ ਹੈ। ਅਸੀਂ ਸਭ ਘਰ ਆ ਗਏ। ਸਭ ਬਹੁਤ ਰੋਂਦੇ ਪਏ ਸਨ। ਸਭ ਨੂੰ ਹੌਂਸਲਾ ਦਿੱਤਾ। ਫਿਰ ਹਸਪਤਾਲ ਵਾਲੇ ਡੈੱਡ ਬੋਡੀ ਨਹੀਂ ਦੇ ਰਹੇ ਸਨ। ਕਹਿੰਦੇ ਕਰੋਨਾ ਚੈੱਕ ਕਰਨਾ ਹੈ। ਕਾਫੀ ਦੌੜ ਭੱਜ ਕਰਕੇ ਤੀਸਰੇ ਦਿਨ ਡੈਡੀ ਜੀ ਦਾ ਸੰਸਕਾਰ ਕੀਤਾ ਸਿਰਫ਼ ਅਸੀਂ ਦਸ ਕੁ ਜਣੇ ਸਨ। ਤੇ ਖਿਆਲ ਆ ਰਿਹਾ ਸੀ ਕਿ ਇਹਨਾਂ ਨੂੰ ਕਿੰਨੀ ਦੁਨੀਆਂ ਜਾਣਦੀ ਸੀ ਤੇ ਅੱਜ ਇਹਨਾਂ ਦੇ ਨਾਲ ਸਿਰਫ਼ ਅਸੀਂ ਘਰ ਦੇ ਜੀਅ ਹਾਂ।

ਡੈਡੀ ਜੀ ਨੇ ਕਦੀ ਪੈਸੇ ਨਾਲ ਮੋਹ ਨਹੀਂ ਕੀਤਾ, ਉਹਨਾਂ ਦਾ ਮੋਹ ਸੀ ਤਾਂ ਸਿਰਫ਼ ਆਪਣੀਆਂ ਕਹਾਣੀਆਂ ਨਾਲ ਜਾਂ ਉਹਨਾਂ ਨੂੰ ਪੜ੍ਹਨ ਵਾਲੇ ਪਾਠਕਾਂ ਨਾਲ ਸੀ। ਸੱਚ ਅੱਜ ਤਾਂ ਹੀ ਉਹਨਾਂ ਦੇ ਪਾਠਕ ਇਸੇ ਮੋਹ ਸਦਕਾ ਹੀ ਦੁੱਖ ਪ੍ਰਗਟ ਕਰਦੇ ਹਨ। ਡੈਡੀ ਜੀ ਦਾ ਅਚਾਨਕ ਚਲੇ ਜਾਣ ਤੇ ਸਭ ਪਾਠਕਾਂ ਤੇ ਬਹੁਤ ਡੂੰਘਾ ਪ੍ਰਭਾਵ ਪਿਆ। ਜਦੋਂ ਅਖ਼ਬਾਰਾਂ ਵਿੱਚ ਉਹਨਾਂ ਦੇ ਤੁਰ ਜਾਣ ਦੀਆਂ ਖ਼ਬਰਾਂ ਛਪੀਆਂ ਤਾਂ ਪੂਰੇ ਸੰਸਾਰ ਵਿੱਚ ਸ਼ੋਕ ਦੀ ਲਹਿਰ ਤੁਰ ਪਈ ਸਾਨੂੰ ਮਿੰਟਾਂ ਵਿੱਚ ਹੀ ਫੋਨ ਆਉਣ ਲੱਗ ਪਏ, ਲੋਕ ਇਸ ਹਾਦਸੇ ਨੂੰ ਸੱਚ ਨਹੀਂ ਮੰਨ ਰਹੇ ਸਨ। ਸਭ ਦੋਸਤਾਂ ਮਿੱਤਰਾਂ ਨੇ ਸਾਡੇ ਨਾਲ ਦੁੱਖ ਸਾਂਝਾ ਕੀਤਾ, ਤੇ ਕਿਹਾ ਸਾਨੂੰ ਇਉਂ ਜਾਪਦਾ ਹੈ ਜਿਵੇਂ ਸਾਡੇ ਆਪਣੇ ਪਰਿਵਾਰ ਦਾ ਜੀਅ ਸਾਡੇ ਨਾਲੋਂ ਵਿਛੜ ਗਿਆ ਹੈ।

ਜ਼ਿੰਦਗੀ ਦੇ ਪੜਾਅ ਨੂੰ ਤੋਰਦੇ ਹੋਏ ਅੱਜ ਮੇਰੇ ਕੋਲ ਡੈਡੀ ਜੀ ਦੀਆਂ ਯਾਦਾਂ ਹੀ ਹਨ। ਉਹਨਾਂ ਦਾ ਹੱਥ ਲਿਖਤ ਮੈਟਰ ਪਿਆ ਹੋਇਆ ਹੈ, ਜਿਸ ਨੂੰ ਮੈਂ ਟਾਈਪ ਕਰਦੇ ਹੋਏ ਉਨ੍ਹਾਂ ਨੂੰ ਬਹੁਤ ਯਾਦ ਕਰਦੀ ਹਾਂ। ਅੱਜ ਵੀ ਉਹ ਸਮਾਂ ਯਾਦ ਹੈ ਜਦੋਂ ਛੁੱਟੀਆਂ ਵਿੱਚ ਸਵੇਰੇ ਚਾਰ ਵਜੇ ਉਠਾ ਲੈਣਾ ਤੇ ਪਰੂਫ਼ ਪੜ੍ਹਨ ਲਾ ਲੈਣਾ। ਪੰਜਾਬੀ ਪੜ੍ਹਦੇ ਪੜ੍ਹਦੇ ਹੁਣ ਮੈਂ ਪੰਜਾਬੀ ਬਹੁਤ ਵਧੀਆ ਟਾਈਪ ਕਰ ਲੈਂਦੀ ਹਾਂ। ਡੈਡੀ ਜੀ ਦੀ ਏਨੀ ਜਾਣ ਪਛਾਣ ਦੇ ਬਾਵਜੂਦ ਕੀ ਸਾਡੀ ਸਿਫਾਰਸ ਨਹੀਂ ਪਾਈ। ਸਾਰੇ ਪ੍ਰੋਫੈਸਰ ਜਾਣਦੇ ਹੁੰਦੇ ਸੀ ਪਰ ਕਦੀ ਮਿੰਟੋ ਮਿੰਟ ਕੰਮ ਨਹੀਂ ਕਰਵਾਇਆ। ਸਾਰਾ ਸਾਰਾ ਦਿਨ ਯੂਨੀਵਰਸਿਟੀ ਖੜ੍ਹਿਆਂ ਨੂੰ ਲੰਘ ਜਾਂਦਾ ਸੀ। ਕਦੀ ਨੌਕਰੀ ਦੀ ਵੀ ਸਿਫਾਰਸ ਨਹੀਂ ਪਾਈ ਅਸੀਂ ਸਭ ਨੇ ਆਪਣੀ ਮਿਹਨਤ ਨਾਲ ਨੌਕਰੀ ਲਈਆਂ।

ਦਿਨ ਵਿੱਚ ਕਈ ਵਾਰ ਰੋਣਾ ਆਉਂਦਾ ਹੈ ਕਿ ਡੈਡੀ ਜੀ ਸਾਨੂੰ ਜਲਦੀ ਹੀ ਛੱਡ ਕੇ ਚਲੇ ਗਏ। ਪਰ ਕੁਝ ਨਹੀਂ ਕੀਤਾ ਜਾ ਸਕਦਾ। ਘਰ ਜਾਂਦੀ ਹਾਂ ਤਾਂ ਉਨ੍ਹਾਂ ਦੀ ਫੋਟੋ ਵੱਲ ਵੇਖ ਕੇ ਇਸ ਤਰ੍ਹਾਂ ਮਹਿਸੂਸ

ਹੁੰਦਾ ਹੈ ਕਿ ਇਹ ਅੱਜ ਵੀ ਸਾਡੇ ਵਿੱਚ ਹਨ ਬਸ ਅਮਰੀਕਾ, ਜਾਂ ਕੈਨੇਡਾ ਵੱਲ ਗਏ ਹਨ, ਛੇ ਕੁ ਮਹੀਨੇ ਲਾ ਕੇ ਮੁੜ ਆਉਣਾ ਹੈ। ਕਿਉਂ ਕਿ ਉਹਨਾਂ ਨੂੰ ਵਿਦੇਸ਼ ਜਾਣਾ ਬਹੁਤ ਪਸੰਦ ਸੀ ਪਰ ਉਥੇ ਮਿਹਨਤ ਬਹੁਤ ਕਰਨੀ ਪੈਂਦੀ ਹੈ ਇਸ ਲਈ ਉਨ੍ਹਾਂ ਤੋਂ ਲਿਖਿਆ ਨਹੀਂ ਸੀ ਜਾਂਦਾ। ਕਈ ਸਾਲ ਪਹਿਲਾਂ ਉਹਨਾਂ ਦੇ ਸਿਰ ਵਿੱਚ ਸੱਟ ਲੱਗ ਗਈ ਸੀ ਜਿਸ ਕਰਕੇ ਉਨ੍ਹਾਂ ਨੂੰ ਕਈ ਗੱਲਾਂ ਭੁੱਲਣ ਲੱਗ ਪਈਆਂ ਸਨ। ਸਾਨੂੰ ਪਛਾਣ ਦੇ ਸੀ ਪਰ ਨਾਂ ਨਹੀਂ ਸੀ ਦਸ ਪਾਉਂਦੇ। ਦੋ ਸਾਲ ਇਸ ਤਰ੍ਹਾਂ ਹੀ ਰਹੇ। ਬਹੁਤ ਯਾਦ ਕਰਾਉਣਾ ਪਰ ਕੁਝ ਯਾਦ ਨਹੀਂ ਸੀ ਆਉਂਦਾ। ਫਿਰ ਇਕ ਦਿਨ ਜਲੰਧਰ ਗਏ ਉਥੇ ਚਾਚਾ ਜੀ ਦੀ ਮੌਤ ਹੋ ਗਈ ਸੀ। ਉਨ੍ਹਾਂ ਵਲ ਦੇਖ ਕੇ ਡੈਡੀ ਜੀ ਨੂੰ ਆਪਣੇ ਛੋਟੇ ਭਰਾ ਦੀ ਮੌਤ ਯਾਦ ਆ ਗਈ ਤੇ ਰੌਣ ਲੱਗ ਪਏ। ਤੇ ਚਾਚੇ ਦਾ ਨਾਂ ਲੈਣ ਲਗ ਪਏ। ਫਿਰ ਉਹਨਾਂ ਨੂੰ ਹੌਲੀ ਹੌਲੀ ਸਭ ਯਾਦ ਆ ਗਿਆ। ਹੁਣ ਕਹਾਣੀਆਂ ਲਿਖਦੇ ਵੀ ਕਈ ਵਾਰ ਭੁੱਲ ਜਾਂਦੇ ਸੀ।

ਅੱਜ ਡੈਡੀ ਜੀ ਨੂੰ ਗਿਆਂ ਤਕਰੀਬਨ ਸਾਲ ਹੋ ਚੱਲਿਆ ਹੈ। ਮੈਂ ਹੁਣ ਜਦੋਂ ਘਰ ਜਾਂਦੀ ਹਾਂ ਤਾਂ ਡੈਡੀ ਜੀ ਫੋਟੋ ਵੱਲ ਵੇਖਿਆ ਨਹੀਂ ਸੀ ਜਾ ਰਿਹਾ ਕਿਉਂਕਿ ਇੰਝ ਲਗਦਾ ਹੈ ਕਿ ਡੈਡੀ ਜੀ ਅੱਜ ਵੀ ਸਾਡੇ ਵਿਚ ਹਨ। ਪਰ ਮੰਮੀ ਨੇ ਰੋ ਰੋ ਕੇ ਅੱਖਾਂ ਖ਼ਰਾਬ ਕਰ ਲਈਆਂ ਹਨ, ਤੇ ਹੁਣ ਅੱਖਾਂ ਦਾ ਅਪ੍ਰੇਸ਼ਨ ਕਰਵਾਇਆ ਹੈ। ਮੰਮੀ ਜੀ ਨੇ ਉਨ੍ਹਾਂ ਦੀ ਆਖਰੀ ਸਮੇਂ ਬੰਨ੍ਹੀ ਪੱਗ ਨੂੰ ਸੰਭਾਲ ਕੇ ਰੱਖ ਲਿਆ ਹੈ ਉਨ੍ਹਾਂ ਦੀ ਅਲਮਾਰੀ ਵਿੱਚ ਇਸ ਤਰ੍ਹਾਂ ਹੀ ਉਨ੍ਹਾਂ ਦੇ ਕੱਪੜੇ ਟੰਗੇ ਹਨ। ਦੇਖਦੇ ਰਹਿੰਦੇ ਹਨ ਤੇ ਕਹਿੰਦੇ ਹਨ ਇਹ ਕਮੀਜ਼ ਉਹਨਾਂ ਨੂੰ ਬਹੁਤ ਪਸੰਦ ਸੀ। ਇਸ ਪੱਗ ਦਾ ਰੰਗ ਉਹਨਾਂ ਨੂੰ ਬਹੁਤ ਚੰਗਾ ਲੱਗਦਾ ਸੀ। ਇਹ ਪੱਗ ਤਾਂ ਇੱਕ ਵਾਰ ਹੀ ਬੰਨ੍ਹੀ ਹੈ। ਡੈਡੀ ਜੀ ਨੂੰ ਕੱਪੜਿਆਂ ਦਾ ਬਹੁਤ ਸ਼ੌਕ ਸੀ। ਉਹਨਾਂ ਦੇ ਟੇਬਲ ਤੇ ਟੇਬਲ ਲੈਂਪ ਪਈ ਹੈ ਉਹ ਡੈਡੀ ਜੀ ਸਵੇਰੇ ਚਾਰ ਵਜੇ ਉਠ ਕੇ ਜਗਾ ਦਿੰਦੇ ਸੀ ਤੇ ਪੜ੍ਹਦੇ ਲਿਖਦੇ ਰਹਿੰਦੇ ਸੀ। ਮੰਮੀ ਜੀ ਹੁਣ ਵੀ ਉਹ ਲੈਂਪ ਇਸ ਤਰ੍ਹਾਂ ਹੀ ਵਾਲੀ ਰੱਖਦੇ ਹਨ ਉਹਨਾਂ ਦਾ ਲਿਖਣ ਵਾਲਾ ਗੱਤਾ ਕਾਗ਼ਜ ਸਭ ਇਸ ਤਰ੍ਹਾਂ ਹੀ ਪਿਆ ਹੈ। ਟੇਬਲ ਦੀ ਦਰਾਜ ਵਿੱਚ ਬਹੁਤ ਸਾਰੇ ਪੈੱਨ, ਐਨਕਾਂ, ਲੇਖਕਾਂ ਦੀਆਂ ਫੋਟੋ, ਪਿੰਨਾਂ ਪਈਆਂ ਹਨ। ਮੈਂ ਵੀ ਡੈਡੀ ਜੀ ਦਾ ਇੱਕ ਪੈੱਨ ਤੇ ਐਨਕ ਲੈ ਗਈ ਜੋ ਆਪਣੇ ਕੋਲ ਸੰਭਾਲ ਕੇ ਰੱਖ ਲਈ ਹੈ। ਹੁਣ ਆਪਦੈ ਡੈਡੀ ਜੀ ਨੂੰ ਬਹੁਤ ਮਿਸ ਕਰਦੀ ਹਾਂ।

ਹੁਣ ਮੈਂ ਉਹਨਾਂ ਦੀਆਂ ਤਿੰਨ ਕਿਤਾਬਾਂ ਟਾਈਪ ਕਰ ਲਈਆਂ ਹਨ। ਨਾਵਲ ਵਿੱਚ ਮੁਹੱਲੇ ਦੇ ਹਰ ਇਨਸਾਨ ਨੂੰ ਪੇਸ਼ ਕੀਤਾ ਹੈ ਕੋਈ ਉਹਨਾਂ ਦੀ ਚਾਚੀ ਹੈ ਤੇ ਕੋਈ ਤਾਇਆ ਤੇ ਕੋਈ ਦੋਸਤ, ਤੇ ਕੋਈ ਭੈਣ, ਸਭ ਨਾਲ ਬਹੁਤ ਪਿਆਰ ਸੀ ਉਹਨਾਂ ਦਾ। ਗਰੀਬੀ ਤੋਂ ਲੈ ਕੇ ਅਮੀਰੀ ਤੱਕ ਦਾ ਸਫ਼ਰ ਤੈਅ ਕਰਦਿਆਂ ਪਤਾ ਹੀ ਨਹੀਂ ਲੱਗਿਆ ਕਿ ਉਹਨਾਂ ਨੇ ਕਿਵੇਂ ਟ੍ਰਿਬਿਊਨ ਵਿੱਚ ਨੌਕਰੀ ਕਰਦੇ ਕਰਦੇ ਸਾਨੂੰ ਵਿਆਹ ਦਿੱਤਾ ਤੇ ਵਧੀਆ ਜ਼ਿੰਦਗੀ ਬਤੀਤ ਕਰਨ ਲੱਗੇ। ਆਖ਼ਿਰ ਵਿੱਚ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਮੇਰੇ ਡੈਡੀ ਜੀ ਨੂੰ ਪਤਾ ਸੀ ਕਿ ਮੈਂ ਚਲੇ ਜਾਣਾ ਹੈ ਉਹ ਸਾਨੂੰ ਦੱਸਦੇ ਨਹੀਂ ਸੀ ਕਿ ਕੀ ਹੋਇਆ ਹੈ। ਕਿਸੇ ਨਾਲ ਕੋਈ ਗੱਲ ਨਹੀਂ ਕਰਦੇ ਸੀ। ਪਤਾ ਨਹੀਂ ਕਿਹੜੀਆਂ ਕਿਹੜੀਆਂ ਗੱਲਾਂ ਤੇ ਰੀਝਾਂ ਆਪਣੇ ਮੰਨ ਹੀ ਲੈ ਗਏ। ਅੱਜ ਵੀ ਯਾਦ ਕਰਦੀ ਹੋਈ ਅੰਦਰੋਂ ਅੰਦਰ ਇਹ ਸਵਾਲ ਕਰਦੀ ਹਾਂ ਕਿ ਡੈਡੀ ਜੀ ਤੁਹਾਨੂੰ ਕੀ ਹੋਇਆ ਸੀ ਜੋ ਤੁਸੀਂ ਚਾਰ ਕੁ ਦਿਨਾਂ ਤੋਂ ਬਿਲਕੁਲ ਚੁੱਪ ਹੀ ਕਰ ਗਏ ਸੀ। ਬਹੁਤ ਤੁਹਾਨੂੰ ਲੱਭਦੀ ਹਾਂ ਮੈਂ, ਪਰ ਤੁਸੀਂ ਲੱਭਦੇ ਨਹੀਂ। ਬਹੁਤ ਮਿਸ ਕਰਦੀ ਹਾਂ। ਅਜੇ ਤਾਂ ਤੁਹਾਡੀ ਬਹੁਤ ਲੋੜ ਸੀ ਪਰਿਵਾਰ ਨੂੰ। ਤੁਸੀਂ ਤਾਂ ਸਾਨੂੰ ਇੰਨੀ ਜਲਦੀ ਛੱਡ ਕੇ ਚਲੇ ਗਏ ਨਾ ਕੋਈ ਪੋਤਾ-ਪੋਤੀ ਤੇ ਨਾ ਕੋਈ ਦੋਹਤਾ ਦੋਹਤੀ ਦਾ ਵਿਆਹ ਦੇਖਿਆ। ਲੋਕ ਤਾਂ ਇੰਨੀਆਂ ਉਮਰਾਂ ਭੋਗ ਕੇ ਜਾਂਦੇ ਨੇ। ਹੁਣ ਤਾਂ ਇਹੀ ਹੀ ਆਖਦੀ ਹਾਂ ਕਿ ਰੱਬ ਤੁਹਾਨੂੰ ਆਪਣੇ ਚਰਨੀ ਲਾਏ। ਆਪਣੇ ਪਿਤਾ ਨੂੰ ਦੁਖੀ ਤੇ ਰੋਂਦੇ ਹੋਏ ਦਿਲ ਨਾਲ ਆਪਣੇ ਪਿਤਾ ਜੀ ਨੂੰ ਸ਼ਰਧਾਂਜਲੀ ਦਿੰਦੇ ਹੋਏ ਉਹਨਾਂ ਦੀ ਵੱਡੀ ਬੇਟੀ ਨਵਰੂਪ ਕੌਰ।

✥

# ਮੇਰੇ ਡੈਡੀ ਮੇਰੇ ਅਧਿਆਪਕ

## -ਨਿਰਪਾਲ ਕੌਰ (ਪ੍ਰੇਮ ਗੋਰਖੀ ਦੀ ਬੇਟੀ)



ਆਪਣੇ ਡੈਡੀ ਸ੍ਰੀ ਪ੍ਰੇਮ ਗੋਰਖੀ ਜੀ ਬਾਰੇ ਲਿਖਣਾ ਨਮ ਅੱਖਾਂ ਚੋਂ ਹੰਝੂਆਂ ਨੂੰ ਗਿਣਨਾ ਤੇ ਸਿਆਹੀ ਨੂੰ ਵਹਾਉਣ ਦੇ ਸਮਾਨ ਹੈ। 'ਨਿਰਪਾਲ ਕੌਰ' ਮੇਰਾ ਨਾਂ ਮੇਰੇ ਡੈਡੀ ਜੀ ਸ੍ਰੀ ਪ੍ਰੇਮ ਗੋਰਖੀ ਜੀ ਨੇ ਹੀ ਰੱਖਿਆ ਸੀ। ਮੈਂ ਉਹਨਾਂ ਦੀ ਦੂਜੇ ਨੰਬਰ ਵਾਲੀ ਧੀ ਹਾਂ। ਅੱਜ ਮੈਂ ਜ਼ਿੰਦਗੀ ਵਿੱਚ ਜੋ ਕੁਝ ਵੀ ਹਾਂ ਸਿਰਫ ਤੇ ਸਿਰਫ਼ ਉਨ੍ਹਾਂ ਕਾਰਣ ਹੀ ਹਾਂ।

ਮੇਰੇ ਸਭ ਤੋਂ ਪਹਿਲੇ ਅਧਿਆਪਕ ਮੇਰੇ ਡੈਡੀ ਜੀ ਹੀ ਸਨ। ਛੋਟੇ ਹੁੰਦਿਆਂ ਜੋ ਹਿਸਾਬ ਉਹਨਾਂ ਨੇ ਮੈਨੂੰ ਸਿਖਾਇਆ, ਉਹ ਅੱਜ ਤੱਕ ਨਹੀਂ ਭੁੱਲ ਸਕੀ। ਅੱਜ ਕਲ ਦੀ ਭਾਸ਼ਾ ਵਿਚ ਗੱਲ ਕਰਾਂ ਤਾਂ ਲਰਨਿੰਗ ਬਾਈ ਡੂਇੰਗ ਬੇਸਡ ਸਾਨੂੰ ਪੜ੍ਹਾਉਣਾ ਉਹਨਾਂ ਦਾ ਬਹੁਤ ਵੱਡਾ ਗੁਣ ਸੀ।

ਡੈਡੀ ਜੀ ਇਕ ਬਹੁਤ ਹੀ ਸਧਾਰਣ ਦਿੱਖ ਤੇ ਅਚੰਭੇ ਭਰਪੂਰ ਸ਼ਖ਼ਸੀਅਤ ਦੇ ਮਾਲਕ ਸਨ। ਉਹਨਾਂ ਨੂੰ ਲਗਦਾ ਸੀ ਕਿ ਸਾਦਾ ਜੀਵਨ ਬਤੀਤ ਕਰਕੇ ਵੀ ਅਸੀਂ ਆਪਣਾ ਮੁਕਾਮ ਹਾਸਲ ਕਰ ਸਕਦੇ ਹਾਂ। ਇਸ ਲਈ ਉਹਨਾਂ ਨੇ ਸਾਨੂੰ ਸਾਰੇ ਭੈਣ ਭਰਾਵਾਂ ਨੂੰ ਬਹੁਤ ਹੀ ਸਾਦਾ ਬਣ ਕੇ ਰਹਿਣਾ ਸਿਖਾਇਆ। ਚੰਡੀਗੜ੍ਹ ਵਰਗੇ ਸ਼ਹਿਰ ਵਿਚ ਰਹਿ ਕੇ ਵੀ ਅਸੀਂ ਬਾਕੀ ਬੱਚਿਆ ਵਾਂਗ ਚੁਸਤ-ਚਲਾਕ ਨਹੀਂ ਸਾਂ। ਇਹ ਚੀਜ਼ ਸਾਡੇ ਡੈਡੀ ਜੀ ਦੀ ਸਾਡੇ ਵਿਚ ਆਈ ਤੇ ਅਸੀਂ ਚਾਰੇ ਭੈਣ-ਭਰਾ ਇਮਾਨਦਾਰ ਸ਼ਖ਼ਸੀਅਤ ਦੇ ਮਾਲਕ ਹਾਂ।



ਨਿਰਪਾਲ ਕੌਰ


ਅੱਜ ਮੈਂ ਇਕ ਸਰਕਾਰੀ ਅਧਿਆਪਕਾ ਹਾਂ। ਇਸ ਤੋਂ ਪਹਿਲਾਂ ਵੀ ਮੇਰੀ ਪੜ੍ਹਾਈ ਤੋਂ ਲੈ ਕੇ ਮੇਰੀ ਨੌਕਰੀ ਦੀ ਪ੍ਰਾਪਤੀ ਤੱਕ ਮੇਰੇ ਡੈਡੀ ਜੀ ਦਾ ਬਹੁਤ ਵੱਡਾ ਯੋਗਦਾਨ ਰਿਹਾ। ਸਕੂਲ, ਕਾਲਜ ਤੇ ਫਿਰ ਯੂਨੀਵਰਸਿਟੀ ਹਰ ਥਾਂ ਡੈਡੀ ਜੀ ਕਰਕੇ ਵਿਸ਼ੇਸ਼ ਤੌਰ 'ਤੇ ਮੈਨੂੰ ਸਹਿਯੋਗ ਮਿਲਿਆ। ਕਾਲਜ 'ਚ ਪੜ੍ਹਦਿਆ ਪ੍ਰੋ. ਕੰਵਲਜੀਤ ਢਿੱਲੋਂ, ਪ੍ਰੋ. ਮਨਜੀਤ ਇੰਦਰਾ, ਪ੍ਰੋ. ਸਰਬਜੀਤ ਸਿੰਘ ਜਿਹੇ ਅਧਿਆਪਕਾਂ ਨੇ ਮੈਨੂੰ ਬਹੁਤ ਸਹਿਯੋਗ ਦਿੱਤਾ ਤੇ ਮੇਰੇ ਜੀਵਨ ਦੇ ਉਦੇਸ਼



ਬਾਰੇ ਮੈਨੂੰ ਜਾਣੂ ਕਰਵਾਇਆ। ਪਰ ਮੈਨੂੰ ਇਸ ਸਭ ਪਿੱਛੇ ਵੀ ਕਿਤੇ ਨਾ ਕਿਤੇ ਡੈਡੀ ਜੀ ਦਾ ਹੱਥ ਲਗਦਾ ਸੀ ਕਿਉਂਕਿ ਲੇਖਕ ਹੋਣ ਕਾਰਣ ਸਭ ਅਧਿਆਪਕ ਉਹਨਾਂ ਨੂੰ ਜਾਣਦੇ ਸਨ। ਇਸ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਲੱਗਿਆ ਜਦੋਂ ਇੰਟਰਵਿਊ ਹੋਈ ਤਾਂ ਪ੍ਰੋ. ਜਗਜੀਤ ਸਿੰਘ ਤੇ ਪ੍ਰੋ. ਨਾਹਰ ਸਿੰਘ ਜੀ ਨੇ ਡੈਡੀ ਜੀ ਬਾਰੇ ਹੀ ਸਾਰੇ ਪ੍ਰਸ਼ਨ ਪੁੱਛੇ। ਜਿਸ ਕਾਰਣ ਮੈਨੂੰ ਯੂਨੀਵਰਸਿਟੀ ਵਿਚ ਐਮ. ਏ. ਪੰਜਾਬੀ ਵਿਚ ਦਾਖਲਾ ਮਿਲਿਆ। ਏਸੇ ਤਰ੍ਹਾਂ ਨੌਕਰੀ ਦੀ ਇੰਟਰਵਿਊ ਸਮੇਂ ਵੀ ਡੈਡੀ ਜੀ ਨਾਲ ਸੰਬੰਧਤ ਪ੍ਰਸ਼ਨ ਪੁੱਛੇ ਗਏ ਤੇ ਮੈਂ ਬੜੀ ਅਸਾਨੀ ਨਾਲ ਇਹ ਇੰਟਰਵਿਊ ਪਾਸ ਕਰ ਗਈ ਤੇ ਸਰਕਾਰੀ ਨੌਕਰੀ ਮਿਲਣੀ ਸੰਭਵ ਹੋ ਗਈ।

ਫਿਰ ਮੇਰੀ ਜ਼ਿੰਦਗੀ ਵਿੱਚ ਇਕ ਬਹੁਤ ਵੱਡਾ ਦੁਖਾਂਤ ਵਾਪਰਿਆ, ਮੇਰੇ ਜੀਵਨ-ਸਾਥੀ ਦਾ ਅਕਾਲ ਚਲਾਣਾ ਹੋ ਗਿਆ। ਜਿਸ ਨੂੰ ਸਹਿਣ ਕਰਨਾ ਮੇਰੇ ਡੈਡੀ ਜੀ ਲਈ ਬਹੁਤ ਔਖਾ ਸੀ। ਮੇਰੇ ਇਕੱਲੇਪਨ ਬਾਰੇ ਸੋਚ-ਸੋਚ ਕੇ ਉਹਨਾਂ ਨੇ ਆਪਣੇ ਆਪ ਨੂੰ ਸ਼ੂਗਰ ਜਿਹੀ ਬਿਮਾਰੀ ਸਹੇੜ ਲਈ। ਪਰ ਉਨ੍ਹਾਂ ਨੇ ਮੈਨੂੰ ਕਦੇ ਕਮਜ਼ੋਰ ਨਹੀਂ ਪੈਣ ਦਿੱਤਾ ਬਲਕਿ ਹੋਰ ਹਿੰਮਤ ਦਿੱਤੀ। ਉਹ ਕਹਿੰਦੇ ਹੁੰਦੇ ਸਨ ਕਿ ਹਾਰਨਾ ਜ਼ਿੰਦਗੀ ਦਾ ਇਕ ਪੜਾਅ ਹੋਣਾ ਚਾਹੀਦਾ ਹੈ ਨਾ ਕਿ ਠਹਿਰਾਅ। ਇਹੀ ਸੋਚ ਰੱਖਦਿਆਂ ਉਹਨਾਂ ਨੇ ਮੇਰੀ ਫਿਰ ਤੋਂ ਸ਼ਾਦੀ ਕਰਕੇ ਮੇਰਾ ਦੁਬਾਰਾ ਘਰ ਵਸਾਇਆ। ਉਨ੍ਹਾਂ ਦਾ ਮੰਨਣਾ ਸੀ ਕਿ ਸਾਨੂੰ ਜ਼ਿੰਦਗੀ ਵਿੱਚ ਇੰਨੇ ਗੰਭੀਰ ਵੀ ਨਹੀਂ ਹੋਣਾ ਚਾਹੀਦਾ ਕਿ ਨਕਾਰਾਤਮਕ ਸੋਚ ਸਾਡੇ ਤੇ ਹਾਵੀ ਹੋ ਜਾਵੇ ਬਲਕਿ ਜੀਵਨ ਨੂੰ ਹਸਦਿਆਂ-ਹਸਦਿਆਂ ਬਤੀਤ ਕਰਨਾ ਚਾਹੀਦਾ ਹੈ ਕਿਉਂਕਿ ਰੋਂਦੇ ਤਾਂ ਅਸੀਂ ਪਲ ਪਲ ਤੇ ਹਾਂ।

ਮੈਂ ਉਹਨਾਂ ਦੀ ਦਿੱਤੀ ਸਿੱਖਿਆ ਨੂੰ ਆਪਣੇ ਜੀਵਨ ਵਿਚ ਅਪਣਾਉਂਦੀ ਹਾਂ ਤੇ ਕੋਸ਼ਿਸ਼ ਕਰਦੀ ਹਾਂ ਕਿ ਉਹਨਾਂ ਦੇ ਦੱਸੇ ਰਸਤੇ 'ਤੇ ਚਲ ਸਕਾਂ। ਅੱਜ ਉਹ ਸਾਡੇ ਵਿਚ ਨਹੀਂ ਹਨ ਪਰ ਉਨ੍ਹਾਂ ਦੀ ਮੌਜੂਦਗੀ ਦਾ ਅਹਿਸਾਸ ਹਮੇਸ਼ਾ ਸਾਡੇ ਨਾਲ ਹੁੰਦਾ ਰਹੇਗਾ। ਕਿਸੇ ਵੀ ਬਜ਼ੁਰਗ ਨੂੰ ਦੇਖਦੀ ਹਾਂ ਤੇ ਮਨ ਭਰ ਜਾਂਦਾ ਹੈ ਤੇ ਉਸ ਵਿੱਚ ਡੈਡੀ ਜੀ ਨੂੰ ਲੱਭਣ ਦੀ ਕੋਸ਼ਿਸ਼ ਕਰਨ ਲੱਗਦੀ ਹਾਂ, ਪਰ ਫਿਰ ਮਹਿਸੂਸ ਹੁੰਦਾ ਹੈ ਉਹ ਹੁਣ ਸਾਡੇ ਤੋਂ ਬਹੁਤ ਦੂਰ ਜਾ ਚੁੱਕੇ ਹਨ। ਮੈਨੂੰ ਲਗਦਾ ਹੈ ਕਿ ਉਹ ਬਹੁਤ ਜਲਦੀ ਚਲੇ ਗਏ, ਹਾਲੇ ਸਾਨੂੰ ਉਨ੍ਹਾਂ ਦੀ ਬਹੁਤ ਲੋੜ ਸੀ। ਕਾਸ਼ !....



# ਪ੍ਰੇਮ ਗੋਰਖੀ
# ਚਿੱਠੀਆਂ

# ਚਾਰ ਚਿੱਠੀਆਂ ਦੀ ਇਬਾਰਤ
## - ਜਸਬੀਰ ਭੁੱਲਰ

ਚਿੱਠੀਆਂ ਚਾਰ ਹਨ।

ਇਹ ਚਾਰੇ ਚਿੱਠੀਆਂ ਕਹਾਣੀਕਾਰ ਪ੍ਰੇਮ ਗੋਰਖੀ ਦੀਆਂ ਲਿਖੀਆਂ ਹੋਈਆਂ ਨੇ। 2004 ਦੇ ਵਰ੍ਹੇ ਇਹ ਚਿੱਠੀਆਂ ਮੈਨੂੰ ਡਾਕ ਰਾਹੀਂ ਪਹੁੰਚੀਆਂ ਸਨ, ਹਾਲਾਂਕਿ ਪੰਦਰਾਂ-ਵੀਹਾਂ ਮਿੰਟਾਂ ਦਾ ਪੈਂਡਾ ਤੈਅ ਕਰਕੇ ਉਹ ਮੇਰੇ ਤਕ ਪਹੁੰਚ ਸਕਦਾ ਸੀ।

ਉਦੋਂ ਉਹ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਰੁੱਝਿਆ ਹੋਇਆ ਸੀ।

'ਭੰਡਾ-ਭੰਡਾਰੀਆ ਕਿੰਨਾ ਕੁ ਭਾਰ?

ਇਕ ਮੁੱਠੀ ਚੁੱਕ ਲਾ, ਦੂਜੀ ਤਿਆਰ!"

ਉਹ ਸਾਰੀ ਉਮਰ ਇਹੋ ਕੰਮ ਹੀ ਕਰਦਾ ਰਿਹਾ ਹੈ, ਸਿਰ ਦਾ ਭਾਰ ਘੱਟ ਕਰਨ ਲਈ ਕੁਝ ਜ਼ਿੰਮੇਵਾਰੀਆਂ ਨਿਭਾਉਂਦਾ ਸੀ ਤਾਂ ਨਵੀਆਂ ਜ਼ਿੰਮੇਵਾਰੀਆਂ ਸਿਰ ਉੱਤੇ ਚੜ੍ਹ ਕੇ ਬੈਠ ਜਾਂਦੀਆਂ ਸਨ।

ਜ਼ਿੰਮੇਵਾਰੀਆਂ ਨਿਭਾਉਂਦਿਆਂ ਉਹ ਕਦੀ ਹਾਰਿਆ ਨਹੀਂ ਸੀ, ਥੱਕਿਆ ਵੀ ਨਹੀਂ ਸੀ।

ਪ੍ਰੇਮ ਗੋਰਖੀ ਦੇ ਸਿਰ ਉੱਤੇ ਜਿਊਣ ਦੀ ਜ਼ਿੰਮੇਵਾਰੀ ਵੀ ਸੀ। ਬੱਸ ਉਹੋ ਇਕ ਜ਼ਿੰਮੇਵਾਰੀ ਸੀ, ਜਿਹੜੀ ਉਹਦੇ ਕੋਲੋਂ ਨਿਭਾਈ ਨਹੀਂ ਸੀ ਗਈ।

...ਤੇ ਉਹ ਤੁਰ ਗਿਆ ਸੀ।

*****

ਇਹ ਮਜ਼ਮੂਨ ਲਿਖਣ ਵੇਲੇ ਅਨੁਵਾਨ ਸੀ, 'ਪ੍ਰੇਮ ਗੋਰਖੀ ਦੀ ਆਲੋਚਨਾ ਦਾ ਮਿਆਰ'

ਆਪਣੀ ਜ਼ੁਬਾਨ ਦੇ ਨਾਮਵਰ ਕਹਾਣੀਕਾਰ ਨੂੰ ਮੈਂ ਸਹਿਜ ਭਾਅ ਆਲੋਚਕ ਕਹਿ ਦਿੱਤਾ ਸੀ। ਪ੍ਰੇਮ ਨਾਲ ਮੇਰਾ ਮੋਹ ਸੀ। ਮੈਂ ਜਾਣ-ਬੁੱਝ ਕੇ ਕੁਤਾਹੀ ਨਹੀਂ ਸੀ ਕੀਤੀ। ਸਗੋਂ ਉਹਨੂੰ ਆਲੋਚਕ ਕਹਿ ਕੇ ਮੈਂ ਮਾਣ ਮਹਿਸੂਸ ਕੀਤਾ ਸੀ।

ਉਹਨਾਂ ਚਹੁੰ ਚਿੱਠੀਆਂ ਦੀ ਇਬਾਰਤ ਨੇ ਹੀ ਮੈਨੂੰ ਅਜੇਹਾ ਕਰਨ ਲਈ ਆਖਿਆ ਸੀ। ਮੈਂ, ਖ਼ੁਦ ਨੂੰ ਵੀ ਮੁਖ਼ਾਤਿਬ ਹੋਇਆ ਸਾਂ, ਇਸ ਤਰ੍ਹਾਂ ਦੀ ਹੋਣੀ ਚਾਹੀਦੀ ਏ ਪੰਜਾਬੀ ਦੀ ਆਲੋਚਨਾ, ਸਾਹਿਜ, ਸੌਖੀ ਤੇ ਸਾਹਿਤ ਦੀ ਸਮਝ ਦੇਣ ਵਾਲੀ, ਜਿਹੜੀ ਰਚਨਾ ਦੇ ਧੁਰ ਅੰਦਰ ਤਕ ਝਾਤੀ ਮਾਰਨ ਦਾ ਸਬੱਬ ਬਣੇ। ਪਰ ਪੜ੍ਹਨਯੋਗ ਵੀ ਜ਼ਰੂਰ ਹੋਵੇ।

ਪ੍ਰੇਮ ਨੇ ਮਿਥ ਕੇ ਹਿੱਕ ਉੱਤੇ ਆਲੋਚਕ ਹੋਣ ਦਾ ਬਿੱਲਾ ਨਹੀਂ ਸੀ ਲਟਕਾਇਆ ਹੋਇਆ। ਉਹ ਜਦੋਂ ਵੀ ਕਿਸੇ ਰਚਨਾ ਦਾ ਪੜਚੋਲੀਆ ਬਣਿਆਂ ਸੀ ਤਾਂ ਦੋਸਤੀ ਪ੍ਰਤੀ ਮੋਹ-ਪਿਆਰ ਅਤੇ ਉਸ ਰਿਸ਼ਤੇ ਦੀ ਸੁਹਿਰਦਤਾ ਦੇ ਪ੍ਰਗਟਾਵੇ ਵਜੋਂ ਬਣਿਆਂ ਸੀ।

ਪ੍ਰੇਮ ਗੋਰਖੀ ਨੇ ਖ਼ੁਦ ਨੂੰ ਕਦੀ ਆਲੋਚਕ ਨਹੀਂ ਸੀ ਗਰਦਾਨਿਆਂ।

ਉਹਦੀ ਆਲੋਚਨਾ ਦੇ ਪਿਆਰ ਮੋਹ ਲੈਣ ਵਾਲੇ ਸਨ, ਵੱਖਰੇ ਸਨ, ਪਰ ਉਹਦੀ ਕਹਾਣੀ ਦੇ ਸਿੰਘਾਸਣ ਉੱਤੇ ਸਿਰਫ਼ ਤੇ ਸਿਰਫ਼ ਕਹਾਣੀ ਹੀ, ਬੈਠਦੀ ਸੀ।

****

ਉਹਨਾਂ ਦਿਨਾਂ ਦੀ ਗੱਲ ਹੈ, ਜਦੋਂ ਮੈਂ ਨਵਾਂ ਨਵਾਂ ਲੇਖਕ ਬਣਿਆਂ ਸਾਂ। ਪ੍ਰੇਮ 'ਨਾਗਮਣੀ'-ਟੱਬਰ ਦਾ ਜੀਅ ਹੋ ਗਿਆ ਸੀ ਤੇ ਮੈਂ ਵੀ ਉਸੇ ਰਸਾਲੇ ਵਿੱਚ ਛਪਣ ਲੱਗ ਪਿਆ ਸਾਂ।

ਨਾਗਮਣੀ ਰਸਾਲੇ ਵਿਚ ਇੱਕੋ ਵੇਲੇ ਛਪਣ ਵਾਲਿਆਂ ਵਿਚ ਕਿਰਪਾਲ ਕਜ਼ਾਕ, ਬੀਬਾ ਬਲਵੰਤ,

ਦਲਬੀਰ ਚੇਤਨ ਅਤੇ ਸੁਰਿੰਦਰ ਸ਼ਰਮਾ ਵੀ ਸਨ। ਅਸੀਂ ਦੋਸਤ ਹੋ ਗਏ ਸਾਂ। ਇਕ-ਦੂਜੇ ਦੇ ਦੁੱਖ-ਸੁੱਖ ਦੇ ਖ਼ਿਆਲ ਵੀ ਹੋ ਗਏ ਸਾਂ। ਪ੍ਰੇਮ ਗੋਰਖੀ ਦੀ ਕਹਾਣੀ 'ਅਫ਼ਸਰ' ਅਤੇ 'ਸੁਹਾਗ ਰਾਤ' ਮੈਂ ਉਤੋੜਤੀ ਪੜ੍ਹੀਆਂ ਸਨ। ਮੈਂ ਮੋਹਿਆ ਗਿਆ ਸਾਂ। ਸੋਚਿਆ, ਪ੍ਰਤਿਭਾਵਾਨ ਨੂੰ ਮੈਂ ਲੱਭ ਕੇ ਮਿਲਾਂ।

ਫ਼ੌਜ ਤੋਂ ਛੁੱਟੀ ਆਇਆ ਤਾਂ ਮੈਂ ਲਾਡੋ ਵਾਲੀ ਰੋਡ ਉੱਤੇ ਉਹਨੂੰ ਲੱਭ ਲਿਆ ਸੀ। ਉਸ ਤੋਂ ਪਿੱਛੋਂ ਸਾਡੇ ਸੰਬੰਧ ਕੁਝ ਇਸ ਤਰ੍ਹਾਂ ਹੋ ਗਏ ਜਿਵੇਂ ਅਸੀਂ ਖ਼ੁਸ਼ਬੂਆਂ ਦੇ ਦੇਸ਼ ਦੇ ਪਰਿੰਦੇ ਸਾਂ।

ਮੇਰੀ ਧੀ ਦੇ ਵਿਆਹ ਉੱਤੇ ਉਹ ਦੋਵੇਂ ਜੀਅ ਹੁੱਬ ਕੇ ਪਹੁੰਚੇ ਸਨ। ਉਹਦੇ ਬੱਚਿਆਂ ਦੇ ਵਿਆਹਵਾਂ ਉੱਤੇ ਮੈਂ ਵੀ ਗ਼ੈਰਹਾਜ਼ਰ ਨਹੀਂ ਸਾਂ ਰਿਹਾ।

****

ਪ੍ਰੇਮ ਗੋਰਖੀ ਦੀ ਆਲੋਚਨਾ ਦੀ ਸਮਰੱਥਾ ਨੂੰ ਜਾਣਨ ਦਾ ਅਨੋਖਾ ਸਬੱਬ ਬਣਿਆਂ ਸੀ।

ਪ੍ਰੇਮ ਗੋਰਖੀ ਦੀ ਧੀ ਅਚਨਚੇਤੀ ਬਿਮਾਰ ਹੋ ਗਈ। ਮੁਨਾਸਿਬ ਇਲਾਜ਼ ਲਈ ਧੀ ਨੂੰ ਪੀ ਜੀ ਆਈ ਵਿਚ ਦਾਖ਼ਲ ਕਰਵਾਉਣਾ ਪਿਆ। ਤੀਮਾਰਦਾਰੀ ਲਈ ਪ੍ਰੇਮ ਨੂੰ ਵੀ ਉਥੇ ਹਾਜ਼ਰ ਰਹਿਣ ਦੀ ਲੋੜ ਸੀ। ਧੀ ਕੋਲ ਬੈਠਿਆਂ ਉਹਨੇ ਮੇਰੀ ਕਿਤਾਬ 'ਟਾਹਣੀਆਂ ਵਾਲੀ ਸ਼ਾਮ' ਅੱਖਰ ਅੱਖਰ ਪੜ੍ਹ ਲਈ। ਉਹਨੇ ਕਿਤਾਬ ਬਾਰੇ ਉਪਰੋਥਲੀ ਚਾਰ ਚਿੱਠੀਆਂ ਲਿਖੀਆਂ। ਉਹ ਚਿੱਠੀਆਂ ਸ਼ਬਦ-ਚਿੱਤਰਾਂ ਦੀ ਉਸ ਕਿਤਾਬ ਦਾ ਵਿਲੱਖਣ ਅਤੇ ਦਿਲਚਸਪ ਮੁਲਾਂਕਣ ਸੀ। ਮੈਂ ਉਹਨਾਂ ਚਿੱਠੀਆਂ ਦੀ ਪ੍ਰੇਮ ਦੇ ਹੱਥਾਂ ਦੀ ਲਿਖੀ ਇਬਾਰਤ ਉੱਤੇ ਕੋਈ ਲੀਕ ਨਹੀਂ ਮਾਰੀ। ਉਹ ਚਿੱਠੀਆਂ ਇੰਨ-ਬਿੰਨ ਤੁਹਾਡੇ ਸਨਮੁੱਖ ਹਨ-

********

ਜਸਬੀਰ, 15 ਸਤੰਬਰ, ਚੰਡੀਗੜ੍ਹ

ਬਾਹਰ ਬੜਾ ਖੁਸ਼ਗਵਾਰ ਮੌਸਮ ਹੈ। ਪੀ. ਜੀ. ਆਈ. ਦੇ ਇਕ ਵਾਰਡ ਦੇ ਕਮਰੇ ਅੰਦਰ ਬੈੱਡ ਤੇ ਪਈ ਮੇਰੀ ਧੀ ਕਹਿੰਦੀ ਹੈ, ਡੈਡੀ ਖਿੜਕੀ ਚੋਂ ਦਿਸਦੇ ਦਿਨ ਦੀ ਕਾਤਰ ਵੱਲ ਦੇਖ ਕੇ ਲਗਦਾ ਹੈ ਬਾਹਰ ਮੌਸਮ ਬੜਾ ਵਧੀਆ ਹੈ... ਹਾਏ ਮੈਂ ਤਾਂ ਸੱਤਾਂ ਦਿਨਾਂ ਤੋਂ ਬਾਹਰ ਦਿਨ ਚੜ੍ਹਿਆ ਵੀ ਨਹੀਂ ਦੇਖਿਆ।

ਅਜਿਹੇ ਭਾਵੁਕ ਪਲਾਂ 'ਚ ਮੈਂ ਟਾਹਣੀਆਂ ਵਾਲੀ ਸ਼ਾਮ' ਸਵੇਰੇ ਘਰੋਂ ਮੰਗਵਾ ਲਈ ਸੀ। 'ਸਾਹਾਂ ਦੇ ਹਿੱਸੇ ਦੀ ਮੌਲਸਰੀ' ਦੀਆਂ ਸਤਰਾਂ ਜਦੋਂ ਮੈਂ ਪੜ੍ਹਨ ਲੱਗਾ ਤਾਂ ਧੀ ਨੀਂਦ ਦੇ ਟੀਕੇ ਦੇ ਅਸਰ ਕਾਰਨ ਘੂਕ ਸੁੱਤੀ ਪਈ ਸੀ। ਮੈਂ ਸਤਰ ਸਤਰ ਅੱਗੇ ਵਧਣ ਲੱਗਾ। ਕਦੇ ਮੈਂ ਅੰਮ੍ਰਿਤਾ ਦੇ ਘਰ ਦੇ ਅੰਦਰ ਹੁੰਦਾ, ਉਨ੍ਹਾਂ ਨਾਲ ਗੱਲਾਂ ਕਰ ਰਿਹਾ ਹੁੰਦਾ, ਕਦੇ ਇਮਰੋਜ਼ ਦੀ ਲਿਆਂਦੀ ਚਾਹ ਦੀ ਮਹਿਕ ਨਾਲ ਤਰੋ ਤਾਜ਼ਾ ਹੋਇਆ ਮਹਿਸੂਸ ਕਰਦਾ ਤੇ ਕਦੇ ਨਾਗਮਣੀ ਦੇ ਖਾਕੀ ਵਰਕਿਆਂ ਦੀ ਭਿੰਨੀ ਭਿੰਨੀ ਖੁਸ਼ਬੋ 'ਚ ਗੁਆਚ ਜਾਂਦਾ। ਵਾਕਿਆ ਹੀ ਤੁਹਾਡੀ ਵਾਰਤਕ ਜਾਦੂ ਕਰਦੀ ਹੈ... ਸਤਰ ਸਤਰ ਰਾਹੀਂ ਅੱਖਰ ਅੱਖਰ ਰਾਹੀਂ। ਉਹ ਪਲ ਕਿੰਨੇ ਖੁਸ਼ਬੋਆਂ ਭਰੇ ਹੋਣਗੇ, ਕਿੰਨੇ ਮੁਹੱਬਤ ਤੇ ਅਪਣਤ ਭਰੇ ਜਦੋਂ ਤੁਸੀਂ ਸਾਰੇ ਲੋਕ ਪੁਸਤਕ ਮੇਲਾ ਵੇਖਣ ਗਏ ਤੇ ਫਿਰ ਜਦੋਂ ਜੰਨੇਂਦਰ ਕੁਮਾਰ ਨਾਲ ਮੁਲਾਕਾਤ ਹੋਈ।

ਜਸਬੀਰ, ਤੁਹਾਡੀ ਇਹ ਲਿਖਤ ਬਹੁਤ ਪਿਆਰ ਭਰੀ ਹੈ, ਜਿਵੇਂ ਵੇਲ ਅੰਗੂਰਾ ਦੇ ਗੁੱਛਿਆਂ ਨਾਲ ਭਰੀ ਹੋਵੇ। ਪਰ ਆਖਰੀ ਸਤਰਾਂ ਤੇ ਆ ਕੇ ਮੈਂ ਭਾਵਕ ਹੋ ਗਿਆ ਜਦੋਂ ਅੰਮ੍ਰਿਤਾ ਦੀ ਪੋਤਰੀ ਗੇਂਦ ਖੇਡਦੀ ਦੀ ਗੇਂਦ ਤੁਹਾਡੇ ਹੱਥ ਵਿਚ ਆ ਜਾਂਦੀ ਹੈ ਤੇ ਤੁਹਾਡੀ ਵਾਰਤਕ ਤੇ ਤਕਨੀਕ ਤੇ ਫਿਰ ਕਲਮ ਦੀ ਰਵਾ... ਵਾਹ... ਬਹੁਤ ਖ਼ੂਬ।

ਪਰ ਹੋਇਆ ਕੀ ! ਮੇਰੀਆਂ ਤਾਂ ਅੱਖਾਂ ਚੋਂ ਹੰਝੂ ਟਪਕ ਪਏ ਸਨ ਤੇ ਇਸੇ ਘੜੀ ਜਦੋਂ ਮੈਂ ਮੂੰਹ ਉਪਰ ਚੁੱਕ ਕੇ ਵੇਖਿਆ, ਮੇਰੀ ਧੀ ਚੁਪ ਚਾਪ ਮੇਰੇ ਵੱਲ ਦੇਖ ਰਹੀ ਸੀ। ਮੈਂ ਅੱਖਾਂ ਮੀਟ ਲਈਆਂ... ਤਦੇ ਉਹ ਬੋਲੀ,"ਬਾਹਰ ਮੌਸਮ ਬੜਾ ਵਧੀਆ ਹੈ... ਡੈਡੀ ਵੇਖੋ ਤਾਂ ਸਹੀਂ।

ਤੇ ਮੈਂ ਬਹਾਨੇ ਨਾਲ ਉਠ ਪਿਆ। ਜਾਂ ਸ਼ਾਇਦ ਉਹਨੇ ਮੈਨੂੰ ਸਾਵਾਂ ਹੋਣ ਲਈ ਉੱਠਾ ਦਿੱਤਾ

**- ਪ੍ਰੇਮ ਗੋਰਖੀ**

********

ਪਿਆਰੇ ਭੁੱਲਰ 15,9,2004

ਜਦੋਂ ਲੇਖਕ ਕੋਈ ਰਚਨਾ ਕਰਨ ਲੱਗਦਾ ਹੈ ਓਹਦੇ ਜ਼ਿਹਨ ਵਿਚ ਉਸ ਰਚਨਾ ਦਾ ਗਰਾਫ਼ ਵੀ ਹੁੰਦਾ ਹੈ ਤੇ ਗਰਾਫ਼ ਵਿਚ ਸਾਹ ਲੈਂਦੀ ਰਚਨਾ ਦਾ ਵਜ਼ੂਦ ਵੀ। ਉਹਨੂੰ ਇਹ ਇਲਮ ਹੁੰਦਾ ਹੈ ਕਿ ਮੈਂ ਜੋ ਸਿਰਜ ਤੇ ਵਿਗਸ ਰਿਹਾ ਹਾਂ ਇਸ ਦਾ ਪਾਠਕ ਉਪਰ ਪ੍ਰਭਾਵ ਕਿਹੋ ਜਿਹਾ ਪੈਣਾ ਚਾਹੀਦਾ ਹੈ। 'ਟਾਹਣੀਆਂ ਵਾਲੀ ਸ਼ਾਮ' ਨੂੰ ਪੜ੍ਹਦਿਆਂ ਮੈਂ ਤਾਂ ਇਹੋ ਮਹਿਸੂਸ ਕੀਤਾ ਹੈ।

ਤੁਸੀਂ ਬਹੁਤ ਖ਼ੂਬਸੂਰਤੀ ਨਾਲ ਉਹਦੇ (ਗਾਰਗੀ) ਦੇ ਕਿਰਦਾਰ ਨੂੰ ਸ਼ਬਦ-ਬੰਦ ਕੀਤਾ ਹੈ। ਇਹ ਤੁਹਾਡੀ ਕਲਾ ਦਾ ਹੀ ਕਮਾਲ ਹੈ ਕਿ ਪਲ ਭਰ ਦੀ ਕੀਤੀ ਜਾਣ ਵਾਲੀ ਓਸ ਨਾਲ ਮੁਲਾਕਾਤ ਨੂੰ ਆਧਾਰ ਬਣਾ ਕੇ ਤੁਸੀਂ ਗਾਰਗੀ ਦੀ ਜਹਿਨੀ ਗਰੀਬੀ ਤੇ ਨਫ਼ਰਤ ਕਰਨਯੋਗ ਨਾਟਕੀ ਮਾਸੂਮੀਅਤ ਨੂੰ ਖ਼ੂਬੀ ਨਾਲ ਪੇਸ਼ ਕੀਤਾ ਹੈ।

'ਟਾਹਣੀਆਂ ਵਾਲੀ ਸ਼ਾਮ' ਪੁਸਤਕ ਬਹੁਤ ਸੋਹਣੀ ਹੈ, ਵਧੀਆ ਗੈਟਅਪ ਵਾਲੀ ਤੇ ਛਪਾਈ ਵਾਲੀ, ਪਰ ਮੈਨੂੰ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਮੈਂ ਜਿਹੜਾ ਵੀ ਲੇਖ ਪੜ੍ਹਿਆ ਹੈ ਉਸ ਵਿਚ ਗੰਭੀਰ ਗ਼ਲਤੀਆਂ ਹਨ-ਗਾਰਗੀ ਵਾਲੇ ਲੇਖ ਵਿਚ ਵੀ ਮੰਨੂ ਨੂੰ ਮੈਨੂੰ ਹੀ ਲਿਖਿਆ ਹੋਇਆ। **-ਪ੍ਰੇਮ ਗੋਰਖੀ**

*********

ਪਿਆਰੇ ਜਸਬੀਰ,

ਬਹੁਤ ਦੇਰ ਬਾਅਦ ਤੁਹਾਨੂੰ ਖ਼ਤ ਰਾਹੀਂ ਮੁਖਾਤਬ ਹੋਇਆ ਹਾਂ... ਫੇਰ ਵੀ ਐਨੀ ਕਿ ਜਿਵੇਂ ਜੁਗ ਬੀਤ ਗਏ ਹਨ।

ਉਪਰਲੀਆਂ ਸਤਰਾਂ ਲਿਖਣ ਤੋਂ ਪਹਿਲਾਂ ਮੈਂ 'ਅੱਜ ਰਾਜੇ ਦੇ ਰੰਗ', 'ਫੁੱਲਾਂ ਦਾ ਗੁਲਦਸਤਾ ਸੁੰਘ ਕੇ ਹਟਿਆ ਸੀ। ਇਸੇ ਸਮੇਂ ਮੁਹਾਲੀ ਤੋਂ ਮਿਸਜ਼ ਕੁਲਵੰਤ ਸਿੰਘ ਦਾ ਫੋਨ ਆ ਗਿਆ, ਕਹਿੰਦੇ ਅਸੀਂ ਪੀ ਜੀ ਆਈ ਬੇਟੀ ਦੀ ਖ਼ਬਰ ਨੂੰ ਆ ਰਹੇ ਹਾਂ, ਤੂੰ ਕਿਥੇ ਏਂ? ਮੈਂ ਕਿਹਾ ਮੈਂ ਬੇਟੀ ਦੇ ਕੋਲ ਹੀ ਹਾਂ... ਤੁਸੀਂ ਆ ਜਾਓ।"

ਹੁਣ ਮੈਂ ਉਡੀਕ ਦੇ ਨਾਲ ਨਾਲ ਤੁਹਾਡੀ ਹੋਂਦ ਨੂੰ ਮਹਿਸੂਸ ਕਰਦਾ ਬੜਾ ਚੰਗਾ ਚੰਗਾ ਮਹਿਸੂਸ ਕਰ ਰਿਹਾ ਹਾਂ, ਕੁਝ ਇਮਰੋਜ਼ ਦੀ ਸ਼ਖ਼ਸੀਅਤ ਬਾਰੇ ਗੱਲਾਂ ਪੜ੍ਹਣ ਦਾ ਵੀ ਸ਼ਾਇਦ ਅਸਰ ਹੈ।

ਜਿਹੋ ਜਿਹਾ ਹੁਸੀਨ ਤੇ ਜਿੰਦਾ ਦਿਲ ਇਮਰੋਜ਼ ਹੈ ਤੁਸੀਂ ਉਵੇਂ ਦਾ ਹੀ ਉਹਨੂੰ ਚਿਤਰਿਆ ਹੈ। ਉਸ ਦੀਆਂ ਆਦਤਾਂ, ਨਾ ਥੱਕਣ, ਨਾ ਭੁੱਲਣ ਵਾਲੀ ਗੱਲ ਤੇ ਇਕ ਮਹਾਨ ਤੇ ਸਿਆਣੀ ਔਰਤ ਪ੍ਰਤੀ ਸਮਰਪਣ ਦੀ ਗੱਲ। ਬਹੁਤ ਵੱਡਾ ਇਨਸਾਨ ਹੈ ਉਹ ਪਰ ਤੁਸੀਂ ਹੋਰ ਵੀ ਵੱਡਾ ਬਣਾ ਦਿੱਤਾ ਹੈ।

ਬਹੁਤ ਪਿਆਰੀ ਤੇ ਨਾਜ਼ੁਕ ਗੱਲ ਲਿਖੀ ਹੈ ਤੁਸੀਂ ਕਿ... 'ਮੈਂ ਪੌਜੇਟਿਵ ਨਹੀਂ, ਮੈਂ ਕਾਸੇ ਬਾਰੇ ਵੀ ਪੋਜੈਸਿਵ ਨਹੀਂ। ਅੰਮ੍ਰਿਤਾ ਦਾ ਜਾਣਾ ਕੋਈ ਵੱਖਰੀ ਜਾ ਨਵੀਂ ਗੱਲ ਤਾਂ ਨਹੀਂ ਹੋਵੇਗੀ, ਪਰ ਏਡੀ ਖ਼ੂਬਸੂਰਤ ਔਰਤ ਦਾ ਜਾਣਾ ਖਾਲੀਪਨ ਛੱਡ ਦੇਵੇਗਾ।'

ਮੈਨੂੰ ਲੱਗਾ ਹਵਾ ਨੇ ਹਓਕਾ ਭਰਿਆ ਸੀ।"

ਪਰ ਉਸੇ ਸਮੇਂ ਮੇਰਾ ਹਉਕਾ ਨਿਕਲ ਗਿਆ, ਕੁਝ ਤੁਹਾਡੇ ਵਲੋਂ ਲਿਖੀ ਇਮਰੋਜ਼ ਦੀ ਗੱਲ ਪੜ੍ਹ ਕੇ ਤੇ ਕੁਝ ਅੰਮ੍ਰਿਤਾ ਹੋਰਾਂ ਬਾਰੇ ਸੋਚ ਕੇ।

ਮੈਂ ਬਹੁਤ ਵਾਰ ਸੋਚਦਾ ਹਾਂ ਇਮਰੋਜ਼ ਬਾਰੇ ਜੋ ਅਸੀਂ ਲੋਕ ਜੋ ਅੰਮ੍ਰਿਤਾ ਹੋਰਾਂ ਨੂੰ ਮਿਲਣ ਗਏ ਇਮਰੋਜ਼ ਨੂੰ ਵੀ ਮਿਲਿਆ ਕਰਦੇ ਸੀ, ਉਹ ਜਿਸ ਮੋਹ ਤੇ ਅਪਣਤ ਅਤੇ ਖਲੂਸ ਨਾਲ ਮਿਲਿਆ ਕਰਦਾ ਸੀ, ਇਸ ਬਾਰੇ ਲਿਖੀਏ ਤਾਂ ਬਹੁਤ ਵੱਡੀ ਇਕ ਕਿਤਾਬ ਬਣ ਸਕਦੀ ਹੈ।

ਬਾਹਰ ਸ਼ਾਮ ਢਲ ਗਈ ਹੈ। ਧੀ ਉੱਠ ਕੇ ਬੈਠਣ ਲਈ ਮੈਨੂੰ ਸਹਾਰਾ ਦੇਣ ਲਈ ਅੱਖ ਦਾ ਇਸ਼ਾਰਾ ਕਰ ਰਹੀ ਹੈ। ਪਤਨੀ ਸਾਹਿਬਾਂ ਪਾਠ ਕਰਨ ਜਾ ਬੈਠੀ ਹੈ। ਧੀ ਦੀ ਚੰਗੀ ਹਾਲਤ ਹੋਣ ਲਈ ਉਹ ਆਪਣੇ

ਵਾਹਿਗੁਰੂ ਅੱਗੇ ਅਰਦਾਸਾਂ ਕਰਦੀ ਹੈ। ਮੇਰੇ ਕੋਲੋਂ ਉਹ ਚੋਰੀ ਚੋਰੀ ਰੋਂਦੀ ਵੇਖੀ ਨਹੀਂ ਜਾਂਦੀ। ਵਿਚ ਵਿਚ ਉਹ ਖੁਸ਼ਵੰਤ ਸਿੰਘ ਦੀ ਸਵੈ ਜੀਵਨੀ ਪੜ੍ਹਨ ਜਾ ਬੈਠਦੀ ਹੈ। ਇਹ ਕਿਤਾਬ ਮੇਰੀ ਧੀ ਐਡਮਿਟ ਹੋਣ ਵੇਲੇ ਨਾਲ ਲੈ ਆਈ ਸੀ, ਕਹਿੰਦੀ ਸੀ ਮੈਂ ਪੀ ਜੀ ਆਈ ਰਹਿੰਦਿਆਂ ਇਹ ਸਾਰੀ ਮੁਕਾ ਦੇਣੀ ਹੈ... ਹੁਣ ਉਹਨੂੰ ਆਪਣਾ ਆਪ ਲੈ ਕੇ ਲੰਮੇ ਪਏ ਰਹਿਣਾ ਹੀ ਬਹੁਤ ਤਕਲੀਫ਼ ਦੇਹ ਲਗ ਰਿਹਾ ਹੈ।

ਅੱਛਾ ਪਿਆਰਿਓ, ਹੁਣ ਮੈਂ ਉਠਦਾ ਹਾਂ। ਘੜੀ ਕੁ ਤਾਈਂ ਪ੍ਰੋ. ਕਲਵੰਤ ਹੋਰੀਂ ਪਹੁੰਚ ਜਾਣਗੇ।

ਲਓ ਉਨ੍ਹਾਂ ਦਾ ਫ਼ੋਨ ਆ ਗਿਆ ਹੈ ਕਿ ਸਾਨੂੰ ਗੇਟ ਨਹੀਂ ਲੰਘਣ ਦੇ ਰਹੇ, ਪਤਨੀ ਨੂੰ ਗੇਟ ਪਾਸ ਦੇ ਕੇ ਭੇਜ ਦੇਣਾਂ। ਚੰਗਾ ਸੱਜਣੋਂ ਖੁਦਾ ਹਾਫਿਜ਼।

**-ਪ੍ਰੇਮ ਗੋਰਖੀ**

ਪਿਆਰੇ ਜਸਬੀਰ ਜੀਓ,

ਮੈਂ ਪਿਛਲੇ ਕੁਝ ਮਹੀਨਿਆਂ ਤੋਂ ਘੜੀ ਲਾਉਣੀ ਛੱਡੀ ਹੋਈ ਹੈ। ਹਸਪਤਾਲ ਦਾ ਮਾਹੌਲ ਹੀ ਐਸਾ ਹੁੰਦੈ ਕਿ ਨਾ ਵਾਰ ਯਾਦ ਰਹਿੰਦੈ ਨਾ ਤਿੱਥੀ ਹੀ। ਮੈਂ ਕੱਲ੍ਹ ਹੀ ਘਰੋਂ ਘੜ੍ਹੀ ਮੰਗਵਾਈ ਤਾਂ ਥੋੜ੍ਹੀ ਸੌਖ ਹੋਈ। ਜਦੋਂ ਬੀਬਾ ਬਾਰੇ ਲੇਖ ਮੁਕਾਇਆ ਤਾਂ ਮੈਂ ਘੜੀ ਚੁਕ ਕੇ ਵਕਤ ਦੇਖਿਆ... ਓਸੇ ਵੇਲੇ ਦੂਜੇ ਕਮਰੇ 'ਚ ਬੈਠੀ ਬੀਵੀ ਨੇ ਪੁੱਛਿਆ ਕਿੰਨੇ ਵਜੇ ਨੇ?... ਮੇਰੇ ਮੂੰਹੋਂ ਨਿਕਲ ਗਿਆ ਬੀਬਾ ਕਬੂਤਰ!... ਹਸਪਤਾਲ ਦਾ ਕਮਰਾ ਸੀ, ਬੀਵੀ ਮਥੇ ਤਿਊੜੀਆਂ ਪਾਉਂਦੀ ਬੋਲੀ, ਕੀ ਕਿਹਾ? ਮੈਂ ਝੂੰਜਲਾ ਕੇ ਕਿਹਾ ਤਿੰਨ ਵਜਣ ਲੱਗੇ ਆ। ਫਿਰ ਨਰਸ ਆ ਗਈ ਟੀਕਾ ਲਗਾਉਣ ਲਈ। ਟੀਕਾ ਲਾਉਣਾ ਭੁੱਲ ਕੇ ਬੈੱਡ 'ਤੇ ਪਈ ਕਿਤਾਬ ਦੇਖਣ ਲੱਗ ਪਈ... ਫਿਰ ਕਹਿੰਦੀ ਇਹ ਸਾਡੀ ਬੇਟੀ ਦੀ ਸਹੇਲੀ ਦੇ ਪਾਪਾ ਨੇ। ਮੈਂ ਗਹੁ ਨਾਲ ਉਹਦੇ ਚਿਹਰੇ ਵਲ ਦੇਖਿਆ... ਮੈਂ ਪਛਾਣ ਰਿਹਾ ਸੀ ਕਿਤੇ ਇਹ ਰਾਜੀ ਰਾਣੋ ਤਾਂ ਨਹੀਂ? ਸਾਡੇ ਕੋਲ ਇਹੋ ਖਾਸ-ਖਿਆਲੀ ਹੈ ਜਿਹੜੀ ਦੁਨੀਆਂ ਦੇ ਕਲਪਨਾ ਜਗਤ ਨੂੰ ਤੋੜਦੀ ਹੈ।

ਅਸੀਂ ਬੀਬਾ ਦੇ ਬਹੁਤੇ ਦੋਸਤ ਉਹਨੂੰ ਕਾਤਰ ਕਾਤਰ ਹੀ ਜਾਣਦੇ ਹਾਂ। ਉਹਦਾ ਪੁਰਾਣਾ ਘਰ, ਓਸ ਘਰ ਦੀ ਇਕੱਲਤਾ ਤੇ ਉਦਾਸੀ, ਉਹਦੀਆਂ ਕੰਧਾਂ ਦੀਆਂ ਤਰੇੜਾਂ ਤੇ ਜਾਲੇ ਤੇ ਜਾਲਿਆਂ ਵਿਚ ਫਸੀਆਂ ਮੱਕੜੀਆਂ ਤੇ ਪਿਆਰਾ ਸਿੰਘ। ਫਿਰ ਨਵਾਂ ਘਰ, ਉਹਦੀਆਂ ਉੱਚੀਆਂ  ਤੇ ਪੇਂਟਿੰਗਜ਼ ਨਾਲ ਭਰੀਆਂ ਕੰਧਾਂ, ਇਧਰ ਉਧਰ ਪਿਆ ਨਿਕਸੁਕ, ਖਿਲਰੇ ਕਪੜੇ ਤੇ ਕੈਸਟਾਂ, ਬੈੱਡ ਤੇ ਵਟਾਂ ਨਾਲ ਭਰੀ ਘਸਮੈਲ਼ੀ ਚਾਦਰ ਤੇ ਘਰ ਦੇ ਕਮਰਿਆਂ ਦੇ ਬਾਹਰ ਪਸਰੀ ਹਰਿਆਲੀ। ਬਸ! ਇੰਨਾ ਕੁ ਹੀ। ਪਰ 'ਦੋਸਤੀ ਦਾ ਬੀਬਾ ਕਬੂਤਰ ਬੀਬਾ ਦੀਆਂ ਬਹੁਤ ਸਾਰੀਆਂ ਤਹਿਆਂ ਖੋਲ੍ਹਦਾ ਹੈ। ਉਹਦੇ ਆਲੇ-ਦੁਆਲੇ ਦੀਆਂ, ਉਹਦੇ ਨਿੱਜ ਦੀਆਂ ਤੇ ਉਹਦੇ ਘਰ 'ਚ ਅਣਦਿਸਦੇ ਭੋਰਿਆ ਦੀਆਂ ਤਹਿਆਂ।

ਸ਼ਾਇਦ ਤੁਸੀਂ ਇਹ ਮਹਿਸੂਸ ਨਾ ਕੀਤਾ ਹੋਵੇ ਪਰ ਮੈਂ ਤੁਹਾਡੇ ਨੇੜੇ ਦਾ ਪਾਠਕ ਹੋਣ ਕਰਕੇ ਸ਼ਾਇਦ ਇਹ ਮਹਿਸੂਸ ਕੀਤਾ ਹੈ ਜਿਨ੍ਹਾਂ ਮਿੱਤਰਾਂ ਦੇ ਨਾਲ ਤੁਹਾਡੀ ਸੱਚੀ ਮੁੱਚੀਂ ਨੇੜਤਾ ਹੈ ਉਨ੍ਹਾਂ ਬਾਰੇ ਲਿਖਿਆ ਤੁਹਾਡਾ ਕਈ ਪੱਖਾਂ ਤੋਂ ਰੋਸ਼ਨੀ ਪਾਉਂਦਾ ਹੈ। ਜਿਨ੍ਹਾਂ ਨਾਲ ਤਰਦਾ ਜਿਹਾ ਰਿਸ਼ਤਾ ਰਿਹਾ ਉਹ ਲੇਖ ਬਹੁਤਾ ਡੂੰਘਾ ਨਹੀਂ ਹੋ ਸਕਿਆ... ਇਹ ਘਾਟ ਜੋਗਾ ਸਿੰਘ ਵਾਲੇ ਲੇਖ ਵਿਚ ਵੀ ਹੈ, ਰਾਜਿੰਦਰ ਸਿੰਘ ਬੇਦੀ ਵਾਲੇ ਲੇਖ ਵਿਚ ਵੀ ਹੈ ਤੇ ਬਲਵੰਤ ਗਾਰਗੀ ਵਾਲੇ ਲੇਖ ਵਿਚ ਵੀ। ਤੇ ਜੇ ਉਂਜ ਗਹੁ ਨਾਲ ਘੋਖ ਕੇ ਗੱਲ ਕੀਤੀ ਜਾਵੇ ਤਾਂ ਅੰਮ੍ਰਿਤਾ, ਇਮਰੋਜ਼, ਟਿਵਾਣਾ ਤੇ ਫਿਰ ਬੀਬਾ ਵਾਲੇ ਲੇਖ ਸਗੋਂ ਆਪਣੀ ਲਿਸ਼ਕੋਰ ਪੈਦਾ ਕਰਦੇ ਹਨ ਤੇ ਆਪੋ ਆਪਣਾ ਤਲਿਸਮ ਸਿਰਜਦੇ ਹਨ।

ਅੱਛਾ ਪਿਆਰਿਓ! ਹੁਣ ਮੇਰੀ ਸ਼ਿਫਟ ਮੁਕ ਗਈ ਹੈ, ਰਤਾ ਅੱਖ ਲਾ ਲਵਾਂ, ਹੁਣ ਪਤਨੀ ਦੀ ਵਾਰੀ ਹੈ, ਉਹ ਜਾਗੇਗੀ।

ਕੁਲਵੰਤ ਸਿੰਘ ਦਸਦੇ ਸੀ ਦੋ ਕੁ ਦਿਨ ਪਹਿਲੇ ਤੁਹਾਡਾ ਮੇਲ ਹੋਇਆ ਸੀ ਉਨ੍ਹਾਂ ਦੇ ਘਰ ਹੀ। ਉਨ੍ਹਾਂ ਗੁਰਚਰਨ ਸਿੰਘ ਦੇ ਨਾਵਲ ਬਾਰੇ ਬੜੀ ਦਿਲਚਸਪ ਘਟਨਾ ਦੱਸੀ ਸੀ। ਗੁਰਦਿਆਲ ਸਿੰਘ ਦੇ ਭਰਾ ਨੂੰ ਭਰਮ ਹੋ ਗਿਆ ਹੈ ਕਿ ਉਹ ਵੀ ਵੱਡਾ ਲੇਖਕ ਹੈ ਜੋ ਅਜੇ ਛੁਪਿਆ ਬੈਠਾ ਹੈ। ਚੰਗਾ ਜੀ ਰੱਬ ਰਾਖਾ।

**- ਪ੍ਰੇਮ ਗੋਰਖੀ**

# ਸੁਰਿੰਦਰ ਸੋਹਲ ਨੂੰ ਲਿਖੇ ਪ੍ਰੇਮ ਗੋਰਖੀ ਦੇ ਚਾਰ ਖ਼ਤ

*ਇਕ*

ਪਿਆਰੇ ਸੋਹਲ, ਚੰਡੀਗੜ੍ਹ/ 30.10.97

ਮੈਂ ਅਜੇ ਵੀ ਤੇਰਾ ਫੋਨ ਉਡੀਕ ਰਿਹਾ ਹਾਂ। ਲਗਦਾ ਤੂੰ ਵੀ ਗੁਰਦੁਆਰੇ ਜਾਣ ਲੱਗ ਪਿਆ ਹੈਂ। ਫੋਨ ਵਾਕਿਆ ਹੀ ਮਹਿੰਗਾ ਪੈਂਦਾ ਹੈ, ਚਾਹੇ ਉਹ ਅਮਰੀਕਾ ਤੋਂ ਕਰੋ ਤੇ ਚਾਹੇ ਭਾਰਤ ਤੋਂ।

ਮੈਂ ਜਿੰਨਾਂ ਪੰਜਾਬ ਆ ਕੇ ਤੈਨੂੰ ਗੈਰ-ਹਾਜ਼ਰ ਮਹਿਸੂਸ ਕਰ ਰਿਹਾ ਹਾਂ ਇਸ ਤੋਂ ਵੀ ਕਈ ਗੁਣਾਂ ਵੱਧ ਨਿਊਯਾਰਕ ਆ ਕੇ ਮਹਿਸੂਸ ਕੀਤਾ ਸੀ। ਕੈਲੇਫੋਰਨੀਆ ਫੇਰੀ ਸਮੇਂ ਦੀਆਂ ਸਾਰੀਆਂ ਗੱਲਾਂ ਸਿਰਫ਼ ਤੇਰੇ ਨਾਲ ਹੀ ਸਾਂਝੀਆਂ ਕੀਤੀਆਂ ਜਾ ਸਕਦੀਆਂ ਸਨ। ਖਾਸ ਕਰ ਕੇ ਫਰੈਜ਼ਨੋ ਵਾਲੇ ਠਹਿਰਾ ਦੌਰਾਨ ਦੀਆਂ। ਉਥੇ ਜਿਹੜੇ ਵੀ ਲੋਕ ਮਿਲੇ ਚੰਗੇ ਹੀ ਲੱਗੇ। ਗੁੱਡੀ ਸਿੱਧੂ ਕੋਲੋਂ ਪਤਾ ਲੱਗਾ ਸੀ ਓਸ ਕਹਾਣੀਕਾਰਾ ਨੂੰ ਇਹੋ ਜਿਹੇ ਨਾਟਕ ਕਰਨ ਤੇ ਕਹਾਣੀਆਂ ਬਣਾਉਣ ਦੀ ਪੁਰਾਣੀ ਆਦਤ ਹੈ ਜਿਹੋ ਜਿਹਾ ਉਹਨੇ ਮੇਰੇ ਨਾਲ ਖੇਡਿਆ। ਮੈਨੂੰ ਵੀ ਲੱਗਾ ਉਹ ਸਿਰਫ ਝੂਠੀ ਕਹਾਣੀ ਹੀ ਸੀ ਤੇ ਕਿਤੇ ਮੈਨੂੰ ਕੋਈ ਖਤਰਾ ਨਹੀਂ ਸੀ। ਉਹ ਤਾਂ ਡਰਦੀ ਮਾਰੀ ਪੈਸੇ ਲੈ ਕੇ ਗੁੱਡੀ ਦੇ ਘਰ ਮੇਰੇ ਕੋਲ ਪਹੁੰਚ ਗਈ ਕਿ ਕਿਤੇ ਮੈਂ ਹੁਣ ਉਹਦੇ ਘਰ ਹੀ ਨਾ ਆ ਜਾਵਾਂ। ਕਿਉਂਕਿ ਮੈਂ ਦੂਜੇ ਦਿਨ ਉਹਨੂੰ ਫੋਨ 'ਤੇ ਕਿਹਾ ਮੈਂ ਗੁੱਡੀ ਨਾਲ ਤੇਰੇ ਘਰ ਆ ਜਾਵਾਂ, ਉਹਨੇ ਮੈਨੂੰ ਅਜਿਹਾ ਕਰਨੋਂ ਰੋਕ ਦਿੱਤਾ।

ਮੈਂ ਆਖਰੀ ਦਿਨ ਅਵਤਾਰ ਸਿੰਘ ਨੂੰ ਵੀ ਮਿਲਿਆ ਸੀ। ਉਹ ਤੈਨੂੰ ਬਹੁਤ ਯਾਦ ਕਰਦਾ ਸੀ। ਮੈਂ ਕਿਹਾ ਸੀ ਉਹ ਤੁਹਾਨੂੰ ਮਿਲਦਾ ਰਹੇਗਾ। ਕਿਸੇ ਐਤਵਾਰ ਵਾਲ਼ੇ ਦਿਨ ਜਦੋਂ ਕਦੇ 74 ਸਟਰੀਟ ਵੱਲ ਗਿਆ ਉਹਨੂੰ ਮਿਲ ਆਇਆ ਕਰੀਂ। ਨਾਲ ਉਸ ਕੋਲੋਂ ਕਿਤਾਬ ਲੈ ਲਵੀਂ।

ਮੈਂ 15 ਨੂੰ ਇਥੇ ਪਹੁੰਚਾ ਸੀ ਤੇ 16 ਨੂੰ ਸੰਗਲ ਸੋਹਲ ਪਹੁੰਚ ਗਿਆ ਸੀ। ਜੋ ਵੀ ਸਾਮਾਨ ਸੀ, ਤੁਹਾਡੀ ਭਾਬੀ ਜੀ ਨੇ ਭੇਜਿਆ, ਘਰ ਪਹੁੰਚਦਾ ਕਰ ਦਿੱਤਾ ਸੀ। ਸਿਰਫ ਇਕ ਜੁੱਤੀ ਦੂਸਰੀਆਂ ਜੁੱਤੀਆਂ ਵਿਚ ਰਲਣ ਕਰਕੇ ਮੈਂ ਚੰਡੀਗੜ੍ਹ ਭੁੱਲ ਗਿਆ ਸੀ ਜਿਹਦੇ ਬਾਰੇ ਮੇਰੇ ਪਿੰਡ ਹੁੰਦਿਆਂ ਹੀ ਉਨ੍ਹਾਂ ਨੇ ਫੋਨ ਉਪਰ ਅਮਨ ਨੂੰ ਦੱਸ ਦਿੱਤਾ ਸੀ, ਉਹ ਵੀ ਮੈਂ 21 ਤਾਰੀਕ ਚਾਚੇ ਦੇ ਲੜਕੇ ਦੇ ਭੋਗ ਮੌਕੇ ਪਹੁੰਚਦੀ ਕਰ ਆਇਆ ਸੀ। ਤੇਰੀ ਭੇਜੀ ਖੇਡ ਯਸ਼ੂ ਨੇ ਬਹੁਤ ਪਸੰਦ ਕੀਤੀ, 16 ਤੋਂ ਬਾਅਦ 21 ਨੂੰ ਜਾਣ 'ਤੇ ਵੀ ਉਹ ਇੱਕੋ ਸਾਹੇ ਚਲਾ ਰਿਹਾ ਸੀ। ਅਮਨ ਠੀਕ ਠਾਕ ਹੈ। ਸਗੋਂ ਉਹ ਤਾਂ ਹੁਣ ਮੈਨੂੰ ਅੱਗੇ ਨਾਲੋਂ ਸਿਹਤਯਾਬ ਲੱਗੀ। ਬੀਬੀ ਤਾਂ ਰਾਜ਼ੀ ਖੁਸ਼ੀ ਸੀ ਪਰ ਭਾਪਾ ਓਦਰਿਆ ਹੋਇਆ ਸੀ। ਭਾਪੇ ਅੰਦਰ ਵਿਯੋਗ ਬਹਿ ਗਿਆ ਹੈ ਤੇ ਇਹ ਵਿਯੋਗ ਸਿਰਫ ਇਸੇ ਗੱਲ ਦਾ ਹੈ (ਇਕ ਜੱਟ ਪਿਉ ਵਾਲਾ) ਕਿ ਮੇਰੇ ਦੋਨੋ ਪੁੱਤ ਜ਼ਮੀਨ ਜਾਇਦਾਦ ਛੱਡ ਕੇ ਦੂਰ ਪ੍ਰਦੇਸ ਵਿਚ ਜਾ ਬੈਠੇ ਹਨ। ਸਿਰਫ ਤੂੰ ਹੀ ਉਸ ਦੇ ਮਨ ਨੂੰ ਧਰਵਾਸਾ ਦੁਆ ਸਕਦਾ ਹੈਂ, ਪਿਆਰ ਭਰੇ ਬੋਲਾਂ ਨਾਲ। ਆਪਣੇ ਵਲੋਂ ਉਹ ਵਥੇਰਾ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦਾ ਹੈ ਕਿ ਮੈਂ ਠੀਕ ਠਾਕ ਹਾਂ।

ਵਿਰਲੀ ਨਾਲ ਫੋਨ ਉਪਰ ਗੱਲ ਹੋਈ ਸੀ। ਉਹਦਾ ਭਰਾ ਠੀਕ ਹੈ, ਤੰਦਰੁਸਤ ਹੋ ਗਿਆ ਹੈ। ਤੈਨੂੰ ਪਤਾ ਹੀ ਸੀ, ਮੈਨੂੰ ਵੀ ਆਉਂਦੇ ਨੂੰ ਭੈਜਲ ਪੈ ਗਿਆ ਤੇ ਮੈਂ 23 ਨੂੰ ਹੀ ਡਿਊਟੀ ਉਪਰ ਜਾ ਸਕਿਆ। ਜਿਹੜੀ ਕੁੜੀ ਮਾਮੇ ਦੀ ਅਸਟਰੀਆ 'ਚ ਹੈ ਉਸ ਤੋਂ ਛੋਟਾ ਬਿਮਾਰ ਸੀ ਉਹ ਵੀ 20 ਨੂੰ ਪੂਰਾ ਹੋ ਗਿਆ ਸੀ। ਇਉਂ ਮੈਂ ਦੌੜ ਭੱਜ 'ਚ ਹੀ ਰਿਹਾ।

ਅਵਤਾਰ ਡੱਬ ਨੇ ਮੈਨੂੰ ਸਾਨਫਰਾਂਸਿਸਕੋ ਵਾਹਵਾ, ਸਾਰਾ ਦਿਨ ਹੀ ਘੁਮਾਅ ਦਿੱਤਾ ਸੀ। ਸੁਖਦੇਵ

ਵੀ ਚੰਗਾ ਮੁੰਡਾ ਹੈ। ਉਹਦੀ ਵਹੁਟੀ ਬਹੁਤ ਚੰਗੀ ਕੁੜੀ ਹੈ। ਮੈਂ ਉਹਨੂੰ ਕਿਹਾ ਤੂੰ ਤਾਂ ਬਿਲਕੁਲ ਮੇਰੀ ਧੀ ਨੂਨਾ ਵਰਗੀ ਹੈਂ। ਮੈਨੂੰ ਉਹ ਜਹਾਜ਼ੇ ਚੜ੍ਹਾ ਗਏ ਸਨ। ਬੜਾ ਮਾਨ ਸਤਿਕਾਰ ਦਿੱਤਾ ਉਨ੍ਹਾਂ ਨੇ। ਜਿੱਥੇ ਉਹ ਰਹਿੰਦੇ ਹਨ ਉਹ ਇਲਾਕਾ ਬਹੁਤ ਚੰਗਾ ਲੱਗਾ। ਭੀੜ-ਭੜੱਕੇ ਤੋਂ ਦੂਰ ਫਰੈਜ਼ਨੋ ਤਾਂ ਬਹੁਤ ਖਾਲੀ ਖਾਲੀ ਲੱਗਾ। ਫ਼ਾਰਮ ਬਹੁਤ ਵੱਡੇ ਵੱਡੇ ਹਨ। ਪਰਵੇਜ਼ ਕਾ ਫ਼ਾਰਮ ਨਹੀਂ ਹਨ। ਉਹਦਾ ਪਤੀ ਟਰੱਕ ਡਰਾਈਵਰ ਹੈ।

ਹੋਰ ਕੀ ਹਾਲ ਹੈ ਜਨਾਬ ਦਾ? ਤੁਹਾਡੀਆਂ ਸਾਰੀਆਂ ਤਸਵੀਰਾਂ ਤੁਹਾਡੀ ਭਾਬੀ ਜੀ ਨੇ ਰੱਖ ਲਈਆਂ ਸਨ ਜਿਹੜੀਆਂ ਆਪਾਂ ਰੈਸਟੋਰੈਂਟ ਵਿਚ ਖਿੱਚੀਆਂ ਸਨ, ਉਨ੍ਹਾਂ ਨੂੰ ਡਰ ਸੀ ਕਿ ਮੈਂ ਐਵੇਂ ਘਰ ਜਾ ਕੇ ਨਾ ਦਿਖਾ ਦੇਵਾਂ।

ਬੀਬਾ ਜਸਵਿੰਦਰ ਦੀਆਂ ਫੋਟੋਆਂ, ਉਨ੍ਹਾਂ ਦੀਆਂ ਭੇਜੀਆਂ ਚੁੰਨੀਆਂ ਤੇ ਘੜੀ ਉਨ੍ਹਾਂ ਦੇ ਘਰ ਪਹੁੰਚਦੀਆਂ ਕਰ ਦਿੱਤੀਆਂ ਸਨ। ਮੈਂ ਤੇ ਬੀਬੀ ਜਾ ਕੇ ਦੇ ਆਏ ਸੀ। ਛੋਟੀਆਂ ਫੋਟੋਆਂ ਦਾ ਲਿਫਾਫਾ ਮੈਂ ਭੁੱਲ ਗਿਆ ਸੀ ਉਹ ਵੀ ਦੂਜੇ ਫੇਰੇ ਸਮੇਂ ਮੈਂ ਤੇ ਗੁਰਦੀਪ ਨੇ ਪਹੁੰਚਦਾ ਕਰ ਦਿੱਤਾ ਸੀ।

ਚਾਚਾ ਸੁਪਰ ਨੂੰ ਮੇਰਾ ਸਤਿ ਸ੍ਰੀ ਅਕਾਲ ਕਹਿਣਾ। ਉਨ੍ਹਾਂ ਨੂੰ ਕਹਿਣਾ ਮੈਂ ਉਨ੍ਹਾਂ ਨੂੰ ਬਹੁਤ ਯਾਦ ਕਰਦਾ ਹਾਂ। ਮੇਰੇ ਮਨ ਵਿਚ ਉਨ੍ਹਾਂ ਲਈ ਬਹੁਤ ਪਿਆਰ ਹੈ। ਉਨ੍ਹਾਂ ਨੂੰ ਦੱਸ ਦੇਣਾ ਜੋ ਵੀ ਚੀਜ਼ਾਂ (ਦੋ ਵੱਡੀਆਂ ਵਾਸਲੀਨ ਦੀਆਂ ਡੱਬੀਆਂ ਤੇ ਟਾਰਚ) ਉਨ੍ਹਾਂ ਨੇ ਆਪਣੀ ਭੈਣ ਲਈ ਭੇਜੀਆਂ ਸਨ ਉਹ ਠੀਕ ਠਾਕ ਪਹੁੰਚਾ ਦਿੱਤੀਆਂ ਸਨ। ਸੋਨੀ ਮੈਨੂੰ ਨਹੀਂ ਸੀ ਮਿਲ ਸਕਿਆ, ਉਹ ਕਿਤੇ ਬਾਹਰ ਗਿਆ ਹੋਇਆ ਸੀ। ਮੈਂ ਕਈ ਦਿਨ ਦਿਮਾਗ਼ੀ ਤੌਰ 'ਤੇ ਇਕ ਸੁਰ ਨਹੀਂ ਸੀ ਹੋ ਸਕਿਆ। ਹੁਣ ਠੀਕ ਹਾਂ ਜਿਸ ਕਰ ਕੇ ਖਤ ਲਿਖਣ ਲਈ ਤਿਆਰ ਹੋਇਆ ਹਾਂ।

ਤੇਰੇ ਕੇਸ ਦਾ ਕੀ ਬਣਿਆ? ਇਸ ਬਾਰੇ ਮੈਨੂੰ ਦੱਸੀਂ। ਵਿਰਲੀ ਅਮਨ ਹੋਰਾਂ ਦੇ ਕਈ ਕੰਮ ਆਇਆ। ਵਿਰਕ ਨੂੰ ਵੀ ਉਹ ਜਦੋਂ ਵਾਜ਼ ਮਾਰਦੇ ਨੇ, ਉਹ ਜ਼ਰੂਰ ਹਾਜ਼ਰ ਹੁੰਦਾ ਹੈ। ਇਸੇ ਲਈ ਬੀਬੀ ਨੇ ਘਰੋਂ ਇਕ ਚਿੱਟੀ ਕਮੀਜ਼ ਉਹਨੂੰ ਦਿੱਤੀ ਸੀ ਤੇ ਕਿਹਾ ਸੀ ਕਿ ਸੋਹਲ ਨੇ ਤੇਰੇ ਲਈ ਭੇਜੀ ਹੈ- ਉਹ ਬਹੁਤ ਪ੍ਰਸੰਨ ਹੋਇਆ।

ਕੁਲਵਿੰਦਰ ਭਾਜੀ ਤੇ ਭੈਣ ਜੀ ਲਈ ਸਤਿ ਸ੍ਰੀ ਅਕਾਲ। ਭਿੰਦਾ ਭਾਜੀ ਦੀਆਂ ਗੱਲਾਂ ਮੇਰਾ ਸਰਮਾਇਆ ਹਨ। ਮੈਂ ਅਕਸਰ ਉਨ੍ਹਾਂ ਨੂੰ ਯਾਦ ਕਰਦਾ ਹਾਂ ਤੇ 'ਇਹ ਗੱਲ ਮੱਤ ਹੋਈ' ਜਦੋਂ ਯਾਦ ਆਉਂਦੀ ਹੈ ਤਾਂ ਮੈਨੂੰ ਗਿੰਦੀ ਹੋਰੀਂ ਯਾਦ ਆ ਜਾਂਦੇ ਹਨ। ਓਸ ਪਰਿਵਾਰ ਦਾ ਕੀ ਹੈ?

ਹਾਂ, ਯਾਦ ਤਾਂ ਮੈਨੂੰ ਖਰਬੂਜ਼ਾ ਵੀ ਬਹੁਤ ਆਉਂਦਾ ਹੈ। ਖਰਬੂਜ਼ਾ ਖਰਬੂਜ਼ਾ ਹੀ ਹੈ- ਪਰ ਇਹਦਾ ਇਤਿਹਾਸ ਤੇ ਕਹਾਣੀ ਨੇ ਰੂਪ ਹੋਰ ਹੀ ਅਖਤਿਆਰ ਕਰ ਲਿਆ।

ਅੱਜ ਦੀਵਾਲੀ ਹੈ। ਦੋ ਦਿਨ ਲਗਾਤਾਰ ਭਾਰੀ ਮੀਂਹ ਨੇ ਇਸ ਵਾਰ ਦੀ ਦੀਵਾਲੀ ਸਲ੍ਹਾਬ ਕੇ ਰੱਖ ਦਿੱਤੀ। ਅੱਜ ਧੁੱਪ ਚੜ੍ਹੀ ਹੈ। ਉਂਜ ਵਿਚ ਬੱਦਲ ਵੀ ਹਨ। ਨਿਊਯਾਰਕ ਤਾਂ ਹੁਣ ਬਹੁਤ ਠੰਢ ਹੋ ਗਈ ਹੋਵੇਗੀ?

ਉਂਕਾਰਪ੍ਰੀਤ ਦਾ ਖ਼ਤ ਆਵੇ ਤਾਂ ਮੇਰਾ ਸਲਾਮ ਲਿਖੀਂ। ਜਰਨੈਲ ਸਿੰਘ ਦਾ ਜਵਾਬ ਆਇਆ ਕਿ ਨਹੀਂ? ਜਸਵਿੰਦਰ ਨੂੰ ਫੋਨ ਕਰੇਂ ਤਾਂ ਮੇਰਾ ਸਤਿ ਸ੍ਰੀ ਅਕਾਲ ਆਖੀਂ ਦੋਹਾਂ ਨੂੰ- ਬੱਚਿਆਂ ਨੂੰ ਵੀ ਪਿਆਰ ਆਖੀਂ ਤੇ ਇਹ ਵੀ ਆਖੀਂ ਕਿ ਉਹਦੇ ਡੈਡੀ ਨੇ ਸੜਕ ਉਪਰ ਬਹੁਤ ਸੋਹਣੀ ਕੋਠੀ ਪਾਈ ਹੈ। ਉਹਦੇ ਭੈਣ ਭਰਾਵਾਂ ਦਾ ਸੁਭਾਅ ਮਿਲਣਸਾਰ ਹੈ। ਵਿਰਕ ਦਾ ਭਾਪਾ ਵੀ ਤੁਹਾਨੂੰ ਯਾਦ ਕਰਦਾ ਸੀ।

ਸੁੱਖੇ ਨੇ ਇਕ ਕੰਮ ਮੈਨੂੰ ਕਿਹਾ ਸੀ, ਮੈਂ ਉਹਦੀ ਫੋਟੋ ਲੈ ਆਇਆ ਸੀ। ਉਹਦੇ ਬਾਰੇ ਛੋਟਾ ਜਿਹਾ ਰਾਈਟ-ਅਪ ਪਰਸੋਂ ਦੀ ਅਖਬਾਰ ਵਿਚ ਛਪ ਰਿਹਾ ਹੈ।

**- ਪ੍ਰੇਮ ਗੋਰਖੀ**

### ਦੋ

ਦੇਖ ਕੇ ਫੁੱਲ, ਕਲੀਆਂ ਦੀ ਸੁੰਘ ਕੇ ਸੁਗੰਧ

ਇਨ੍ਹਾਂ ਵਿਚ ਜਾਵਾਂ ਮਿਲ, ਸੋਚਦਾ ਹਾਂ, ਮਗਰ

ਪਹਿਲਾਂ ਮੈਨੂੰ ਵੀ ਮਿੱਟੀ 'ਚ ਮਿਲਣਾ ਪਊ

ਫੁੱਲ, ਪੱਤੀ ਜਾਂ ਖੁਸ਼ਬੂ ਕਲੀ ਬਣਨ ਨੂੰ

ਪਿਆਰੇ ਸੁਰਿੰਦਰ ਚੰਡੀਗੜ੍ਹ / 21 ਮਾਰਚ, 98

ਨਿੱਘਾ ਪਿਆਰ।

ਲੱਗਦਾ ਹੈ, ਮੰਡ, ਵਿਰਲੀ ਤੇ ਵਿਰਕ ਵਾਲੀ ਕਤਾਰ ਵਿਚ ਹੀ ਮੈਨੂੰ ਵੀ ਤੂੰ ਖੜ੍ਹਾ ਕਰ ਲਿਆ ਹੈ। ਤੇਰਾ ਖ਼ਤ ਮੈਂ ਨਵੰਬਰ ਤੋਂ ਹੀ ਉਡੀਕ ਰਿਹਾ ਹਾਂ। ਹੁਣ ਤਾਂ ਫ਼ੋਨ ਆਏ ਨੂੰ ਵੀ ਦੂਜਾ ਮਹੀਨਾ ਬੀਤ ਗਿਆ ਹੈ। ਮੈਨੂੰ ਅਫਸੋਸ ਹੈ ਕਿ ਚੰਡੀਗੜ੍ਹ ਰਹਿਣ ਕਾਰਨ ਮੈਂ ਜਲੰਧਰ ਵਿਚ ਉਹ ਕੰਮ ਤੁਹਾਡੇ ਨਹੀਂ ਕਰਵਾ ਸਕਿਆ ਪਰ ਇਹ ਵੀ ਗੱਲ ਨਹੀਂ ਕਿ ਮੈਂ ਆਪਣੀ ਪੂਰੀ ਵਾਹ ਨਹੀਂ ਲਾਈ।

ਮੈਨੂੰ ਇਹ ਚਿੱਠੀ ਭਾਪੇ ਦੇ ਤੁਰ ਜਾਣ ਤੋਂ ਸ਼ੁਰੂ ਕਰਨੀ ਚਾਹੀਦੀ ਸੀ ਪਰ ਮੈਂ ਭਾਪੇ ਦੀ ਗੱਲ ਸਾਹਮਣੇ ਬੈਠੇ ਨਾਲ ਭਾਵੁਕ ਬੋਲਾਂ 'ਚ ਹੀ ਕਰ ਸਕਦਾ ਹਾਂ, ਉਸ ਨਾਲ ਆਪਣੀ ਸਾਂਝ ਤੇ ਸਨੇਹ ਨੂੰ ਸ਼ਬਦਾਂ ਵਿਚ ਪਤਾ ਨਹੀਂ ਲਗਦਾ ਕਿਸ ਤਰ੍ਹਾਂ ਪ੍ਰਗਟ ਕਰਾਂ। ਇਸ ਗੱਲ ਦਾ ਅਹਿਸਾਸ ਸਿਰਫ਼ ਤੈਨੂੰ ਹੈ ਕਿ ਭਾਪਾ ਮੇਰੇ ਪ੍ਰਤੀ ਸ਼ਾਇਦ ਇਸ ਕਰਕੇ ਵੱਖਰੀ ਭਾਂਤ ਦਾ ਸਨੇਹ ਰੱਖਦਾ ਸੀ ਕਿਉਂਕਿ ਮੈਂ ਉਸ ਦੇ ਅੰਤਰੀਵ 'ਚ ਪਸਰੇ ਖਲਾਅ 'ਚ ਉਹਦੇ ਨਾਲ ਹੀ ਉਡ ਪੈਂਦਾ ਸੀ ਜਿਸ ਕਰਕੇ ਉਹ ਮੇਰੇ ਨਾਲ ਮਨ ਦੀ ਹਰ ਪੀੜ ਵੀ ਸਾਂਝੀ ਕਰ ਲੈਂਦਾ ਸੀ ਤੇ ਅੰਦਰਲੀ ਖੁਸ਼ੀ ਵੀ ਵੰਡ ਲੈਂਦਾ ਸੀ।

ਸੋਹਲ, ਤੁਹਾਡੇ ਲਈ ਭਾਪੇ ਦਾ ਤੁਰ ਜਾਣਾ ਮਹਿਜ਼ ਇਕ ਹਾਦਸਾ ਹੋ ਸਕਦਾ ਹੈ ਪਰ ਮੇਰੇ ਲਈ ਇਹ ਵਿਛੋੜਾ, ਇਹ ਸਦਮਾ ਇਕ ਵੱਖਰੀ ਭਾਂਤ ਦਾ ਹੈ। ਤੁਹਾਡੇ ਲਈ ਇਕ ਪਿਤਾ ਦਾ ਵਿਛੜ ਜਾਣਾ ਹੀ ਹੈ ਪਰ ਮੈਂ ਤਾਂ ਇਸ ਰਿਸ਼ਤੇ ਨੂੰ ਕਿਸੇ ਨਾਂ ਦੇ ਠੁੰਮਣੇ 'ਤੇ ਵੀ ਨਹੀਂ ਛੱਡ ਸਕਦਾ। ਮੇਰੇ ਲਈ ਸੰਗਲ ਸੋਹਲ ਸੁਰਿੰਦਰ ਸੋਹਲ ਕਰਕੇ ਇਕ ਪਿੰਡ ਤੇ ਸੀ ਤੇ ਭਾਪੇ ਕਰਕੇ ਇਕ ਘਰ ਜਿਸ ਦੀ ਛੱਤ ਹੇਠ ਮੇਰੇ ਲਈ ਠਾਹਰ ਸੀ। ਹੁਣ ਨਾ ਮੇਰੇ ਲਈ ਸੰਗਲ ਸੋਹਲ ਪਿੰਡ ਰਹਿ ਗਿਆ ਹੈ ਨਾ ਮੰਡਾਂ। ਅਮਨ, ਸੁੱਖਾ, ਵਿਰਕ ਸਭ ਵਾਕਿਫ ਲੋਕ ਹਨ- ਜਿਨ੍ਹਾਂ ਨੂੰ ਸਲਾਮ ਬੁਲਾਈ ਜਾ ਸਕਦੀ ਹੈ, ਦੁੱਖ-ਸੁੱਖ ਪੁੱਛਿਆ ਜਾ ਸਕਦਾ ਹੈ... ਪਰ ਭਾਪੇ ਵਾਂਗ ਕਿਸੇ ਦੇ ਵੀ ਮਨ ਦੀ ਖਿੜਕੀ ਖੋਲ੍ਹ ਕੇ ਅੰਦਰ ਝਾਕਿਆ ਨਹੀਂ ਜਾ ਸਕਦਾ, ਦਰਵਾਜ਼ਾ ਖੋਲ੍ਹ ਕੇ, ਮੰਜਾ ਡਾਹ ਕੇ ਮਨ ਦੇ ਵਿਹੜੇ ਬੈਠਿਆ ਨਹੀਂ ਜਾ ਸਕਦਾ।

ਆਪਣੇ ਪਿਤਾ ਪ੍ਰਤੀ ਮੇਰੇ ਮਨ ਵਿਚ ਦੋ ਚੀਜ਼ਾਂ ਰਹੀਆਂ- ਇਕ ਸਤਿਕਾਰ ਤੇ ਦੂਜਾ ਡਰ। ਜਿਹੜੀ ਪਿਉ-ਪੁੱਤ ਵਾਲੀ ਯਾਰੀ ਦੀ ਗੱਲ ਲੋਕ ਕਰਦੇ ਹਨ ਅਜਿਹੀ ਗੱਲ ਸਿਰਫ਼ ਭਾਪੇ ਨਾਲ਼ ਸੀ।

ਸੋਹਲ, ਮੈਨੂੰ ਪਤਾ ਹੈ ਭਾਪਾ ਇਸ ਮਾਰੂ ਹਾਦਸੇ ਦਾ ਸ਼ਿਕਾਰ ਹੋਣ ਤੋਂ ਪੰਦਰਾਂ ਦਿਨ ਪਹਿਲਾਂ ਬਹੁਤ ਉਦਾਸ ਤੇ ਇਕੱਲਾ ਹੋ ਗਿਆ ਸੀ। ਉਹ ਮਹਿਸੂਸ ਕਰ ਗਿਆ ਸੀ ਤੇ ਇਹ ਗੱਲ ਉਹਨੂੰ ਅੰਦਰੋਂ ਤੋੜ-ਤੋੜ ਖਾ ਰਹੀ ਸੀ ਕਿ ਘਰ ਵਿਚ ਸਿਰਫ ਮੈਂ ਰਹਿ ਜਾਣਾ ਹੈ, ਸੁੱਖਾ ਵੀ ਜਾ ਰਿਹਾ ਹੈ, ਲੋਕ ਮੈਨੂੰ ਖਾਣਾ ਸ਼ੁਰੂ ਕਰ ਰਹੇ ਹਨ, ਮੇਰੇ ਪੈਸੇ ਮਾਰੇ ਗਏ ਹਨ, ਜਿਨ੍ਹਾਂ ਨੂੰ ਵਸੂਲ ਕਰਨ ਲਈ ਮੇਰੇ ਮੋਢੇ ਨਾਲ਼ ਮੋਢਾ ਜੋੜ ਕੇ ਖੜ੍ਹਾ ਹੋਣ ਵਾਲਾ ਕੋਈ ਨਹੀਂ, ਅਜਿਹੀ ਮਾਨਸਿਕ ਪੀੜਾ ਵਿਚ ਗੁਜ਼ਰਦਾ ਉਹ ਵਿਯੋਗਿਆ ਗਿਆ ਸੀ ਤੇ ਉਹਨੇ ਕੱਪੜੇ ਬਦਲਣੇ ਹੀ ਛੱਡ ਦਿੱਤੇ ਸਨ, ਉਹਨੂੰ ਨਹਾਉਣਾ ਚੰਗਾ ਨਹੀਂ ਸੀ ਲੱਗਦਾ, ਉਹ ਪੱਠੇ ਵੀ ਨਹੀਂ ਸੀ ਵੱਢਣ ਜਾਂਦਾ। ਉਹ ਯਿਸ਼ੂ ਦੀਆਂ ਗੱਲਾਂ ਕਰ ਕੇ ਬਹੁਤ ਉਦਾਸ ਹੋ ਜਾਂਦਾ ਸੀ।

ਇਕ ਗੱਲ ਇਉਂ ਹੋਈ- ਭਾਪਾ ਯਿਸ਼ੂ ਨੂੰ ਕਹਿਣਾ ਲੱਗਾ, "ਚੱਲ ਆ ਬਈ ਪੱਠੇ ਕੁਤਰੀਏ।"

ਯਿਸ਼ੂ ਕਹਿੰਦਾ- "ਮੈਂ ਨਹੀਂ ਜਾਣਾ।"

ਭਾਪਾ- "ਓਏ ਤੂੰ ਮੇਰੇ ਨਾਲ ਕੰਮ ਕਰਾ ਬਈ, ਤੂੰ ਮੇਰੇ ਨਾਲ ਕੰਮ ਨਈਂ ਕਰਾਏਂਗਾ ਤਾਂ ਹੋਰ ਕੌਣ ਕਰਾਏਗਾ?"

ਯਿਸ਼ੂ- "ਭਾਪਾ... ਤੂੰ ਦੱਸ, ਤੂੰ ਇਕ ਯਿਸ਼ੂ ਹੋਰ ਕਿਉਂ ਨਹੀਂ ਲਿਆਂਦਾ ਸ਼ਹਿਰੋਂ। ...ਹੁਣ ਨਈਂ... ਤੁਹਾਨੂੰ ਨਵਾਂ ਯਿਸ਼ੂ ਮਿਲਣਾ... ਮੈਂ ਵੱਡਾ ਹੋ ਜਾਣਾ ਫਿਰ ਕੌਣ ਕਰਾਊ ਕੰਮ?"

ਭਾਪਾ ਇਸ ਗੱਲ ਨੂੰ ਬਹੁਤ ਡੂੰਘਾਈ ਵਿਚ ਜਾ ਕੇ ਵਿਚਾਰਦਾ ਸੀ ਤੇ ਮੈਨੂੰ ਪੁੱਛਣ ਲੱਗਾ, "ਭਲਾ ਦੱਸ ਯਿਸ਼ੂ ਦੀ ਏਸ ਗੱਲ ਦਾ ਮਤਲਬ ਕੀ ਹੋਇਆ?"

ਦੂਸਰੀ ਗੱਲ, ਉਹ ਤੈਨੂੰ ਬਹੁਤ ਪਿਆਰ ਕਰਦਾ ਸੀ, ਤੇਰੇ ਵਿਚ ਤੜਫਦਾ ਸੀ। ਉਹ ਹਮੇਸ਼ਾ ਇਸ ਗੱਲ ਲਈ ਡਾਹਢਾ ਚਿੰਤਾਵਾਨ ਰਿਹਾ ਕਿ ਸ਼ਿੰਦੇ ਨੂੰ ਤਾਂ ਮੈਂ ਕਦੇ ਪਾਣੀ ਦੀ ਬਾਲਟੀ ਵੀ ਚੁੱਕਣ ਲਈ ਨਹੀਂ ਸੀ ਦਿੱਤੀ ਕਿ ਤੇ ਉਹ ਅਮਰੀਕਾ ਜਾ ਕੇ ਕਿੱਦਾਂ ਕੰਮ ਕਰ ਰਿਹਾ ਹੋਵੇਗਾ।

ਸੋਹਲ, ਭਾਪੇ ਦੀਆਂ ਬਹੁਤ ਗੱਲਾਂ ਹਨ... ਬੇਅੰਤ ਪਰ ਕਿਹਦੇ ਨਾਲ ਕਰਾਂ?

ਮੈਂ ਹੁਣ ਠੀਕ ਨਹੀਂ ਰਹਿੰਦਾ। ਅਮਰੀਕਾ ਨੇ ਮੇਰਾ ਸਰੀਰਕ ਢਾਂਚਾ ਹਿਲਾ ਦਿੱਤਾ ਹੈ। ਲੱਗਦਾ ਹੈ ਗੱਡੀ ਬਹੁਤਾ ਚਿਰ ਰਿੜਨ ਨਹੀਂ ਲੱਗੀ। ਐਕਸੀਡੈਂਟ ਨੇ ਤਾਂ ਬੁਰਾ ਹਾਲ ਕਰ ਦਿੱਤਾ ਹੈ। ਭਿੰਦੇ ਨਾਲ ਬਹੁਤ ਸਾਰੀਆਂ ਗੱਲਾਂ ਕਰਨੀਆਂ ਸੀ ਪਰ ਭਾਪੇ ਦੀ ਮੌਤ ਨੇ ਸਾਰਾ ਪ੍ਰੋਗਰਾਮ ਹੀ ਅਪਸੈਟ ਕਰ ਦਿੱਤਾ। ਡਾਕਟਰ ਕੋਲ ਮੈਂ ਲੈ ਗਿਆ ਸੀ ਪਰ ਮੁੜ ਕੇ ਇਹ ਡਾਕਟਰ ਕੋਲ ਗਏ ਹੀ ਨਹੀਂ ਪਤਾ ਨਹੀਂ ਕੀ ਸੋਚਿਆ। ਮੈਂ ਬਿਮਾਰ ਹੋਣ ਕਾਰਨ ਇਨ੍ਹਾਂ ਕੋਲ 23-24 ਨੂੰ ਪਹੁੰਚ ਨਹੀਂ ਸਕਿਆ।

ਤੂੰ ਗ਼ਜ਼ਲਾਂ ਭੇਜਣੀਆਂ ਸੀ ਆਪਣੀਆਂ ਤੇ ਉਂਕਾਰਪ੍ਰੀਤ ਦੀਆਂ ਵੀ। ਲੱਗਦਾ ਹੈ ਬਹੁਤ ਰੁਝਾਅ ਲਿਆ ਹੈ ਤੂੰ ਆਪਣੇ ਆਪ ਨੂੰ। ਉਲਫ਼ਤ ਬਾਜਵਾ ਜੀ ਤੈਨੂੰ ਬਹੁਤ ਉਦਾਸੀ ਨਾਲ ਯਾਦ ਕਰਦੇ ਹਨ।

ਸ਼ਾਮ ਸਿੰਘ ਅੰਗ-ਸੰਗ ਦੀ ਕਿਤਾਬ ਤੈਨੂੰ ਚੰਗੀ ਲੱਗੀ ਹੋਵੇਗੀ। ਘਰ ਵਿਚ ਠੀਕ-ਠਾਕ ਹਾਂ। ਵੱਡੀ ਬੇਟੀ ਦਾ ਰਿਸ਼ਤਾ ਕਰ ਦਿੱਤਾ ਹੈ। ਮਈ ਵਿਚ ਵਿਆਹ ਕਰ ਰਿਹਾ ਹਾਂ। ਇਸ ਤੋਂ ਬਾਅਦ ਮੈਂ ਥੋੜ੍ਹਾ ਜਿਹਾ ਵਿਹਲਾ ਹੋ ਜਾਂਵਾਂਗਾ।

ਅੱਜ-ਕੱਲ੍ਹ ਮੈਂ ਕਹਾਣੀਆਂ ਲਿਖਣ ਵੱਲ ਰੁੱਝਾ ਹੋਇਆ ਹਾਂ। ਇਕ ਕਹਾਣੀ ਤਾਂ 'ਨਾਗਮਣੀ' ਵਿਚ ਛਪ ਗਈ ਹੈ ਮਾਰਚ ਅੰਕ ਵਿਚ, ਦੂਸਰੀ ਅਜੇ ਭੇਜੀ ਨਹੀਂ।

ਅਮਰੀਕਾ ਸੰਬੰਧੀ ਮੇਰੀ ਕਿਤਾਬ ਵੀ ਮੁਕੰਮਲ ਹੋਣ ਵਾਲ਼ੀ ਹੈ। ਵੱਖ-ਵੱਖ ਪਰਚਿਆਂ ਵਿਚ ਉਹਦੇ ਲੇਖ ਛਾਪਾਂਗੇ। ਉਹ ਸਫ਼ਰਨਾਮਾ ਨਹੀਂ ਹੈ ਬਸ ਵੱਖਰੀ ਭਾਂਤ ਦੀ ਕਿਤਾਬ ਹੈ।

ਮੈਂ ਤੇਰੀ ਕਲਮ ਤੋਂ ਬਹੁਤ ਕੁਝ ਪੜ੍ਹਨਾ ਚਾਹੁੰਦਾ ਹਾਂ ਪਰ ਤੂੰ ਚੁੱਪ ਹੋ ਕੇ ਬਹਿ ਗਿਆ ਹੈਂ।

ਬਾਕੀ ਸਭ ਠੀਕ-ਠਾਕ ਹੈ।

ਜਲੰਧਰ ਜਦੋਂ ਗਿਆ ਫਿਰ ਬੱਚਿਆਂ ਦਾ ਪਤਾ ਲੈ ਕੇ ਆਵਾਂਗਾ। ਅਮਨ ਨੂੰ ਖਤ ਲਿਖਿਆ ਕਰ ਤੇ ਉਹਦੇ ਨਾਲ ਫੋਨ 'ਤੇ ਗੱਲ ਕਰਦਾ ਰਿਹਾ ਕਰ। ਤੂੰ ਉਹਨੂੰ ਕਈ ਗੱਲਾਂ 'ਚ ਅੱਖੋਂ ਪਰੋਖੇ ਕਰਦਾ ਹੈਂ- ਇਉਂ ਨਹੀਂ ਕਰੀਦਾ, ਉਸ ਦਾ ਹਾਲ-ਚਾਲ ਪੁੱਛਿਆ ਕਰ- ਉਹ ਬਹੁਤ ਬਹਾਦਰ ਤੇ ਸੁਘੜ ਕੁੜੀ ਹੈ ਜਿਹਨੇ ਹਮੇਸ਼ਾ ਹੀ ਸਾਰੇ ਘਰ ਨੂੰ ਸਾਂਭਣ ਵਿਚ ਕਦੇ ਕੁਤਾਹੀ ਨਹੀਂ ਕੀਤੀ।

ਬਿੰਦਰ ਭੈਣ ਨੂੰ ਕਹਿਣਾ ਕਿ ਉਹ ਹਮੇਸ਼ਾ ਮੈਨੂੰ ਯਾਦ ਰਹਿੰਦੇ ਹਨ ਤੇ ਮੇਰੇ ਦਿਲ ਵਿਚ ਉਨ੍ਹਾਂ ਲਈ ਬਹੁਤ ਇੱਜ਼ਤ ਤੇ ਸਨੇਹ ਹੈ। ਮੇਰਾ ਸਤਿ ਸ੍ਰੀ ਅਕਾਲ ਕਹਿਣਾ ਉਨ੍ਹਾਂ ਨੂੰ। ਭਿੰਦਾ ਭਾਅ ਲਈ ਬਹੁਤ ਨਿੱਘਾ

ਪਿਆਰ।

ਜੇ ਵਿਹਲ ਮਿਲ ਸਕੀ ਤਾਂ ਖਤ ਲਿਖੀਂ। ਪੰਜਾਬੀ ਟ੍ਰਿਬਿਊਨ ਦਾ ਮੈਗਜ਼ੀਨ ਹੁਣ ਸ਼ਾਮ ਸਿੰਘ ਕੋਲ ਆ ਗਿਆ ਹੈ। ਕੁਝ ਭੇਜਿਆ ਕਰ। ਚਾਚਾ ਸੁਪਰ ਨੂੰ ਮੇਰੀ ਮਿੱਠੀ ਸਤਿ ਸ੍ਰੀ ਅਕਾਲ ਕਹਿਣੀ। ਪਤਾ ਲੱਗਾ ਚਾਚਾ ਸੂਫ਼ੀ ਹੋ ਗਿਆ ਹੈ? ਰੱਬ ਸੁਮੱਤ ਬਖ਼ਸ਼ੇ ਸਭ ਨੂੰ। **- ਤੇਰਾ ਗੋਰਖੀ**

**ਤਿੰਨ**

ਮੇਰੇ ਪਿਆਰੇ ਸੋਹਲ ਚੰਡੀਗੜ੍ਹ/ 24 ਜੂਨ, 99

ਤੈਨੂੰ ਬਾਂਹਾਂ ਵਿਚ ਘੁੱਟ ਕੇ ਪਿਆਰ।

ਬਹੁਤ ਲੰਮੇ ਸਮੇਂ ਬਾਅਦ ਅਮਰੀਕਾ ਵੱਲ ਖਤ ਲਿਖ ਰਿਹਾ ਹਾਂ। ਤੇਰਾ ਖਤ ਕੱਲ੍ਹ ਮਿਲਿਆ ਸੀ ਜਦੋਂ ਮੈਂ ਤਿੰਨ ਵਜੇ ਛੁੱਟੀ ਕਰ ਕੇ ਘਰ ਆਇਆ ਸੀ। ਖਤ ਮੈਂ ਕਿਉਂ ਨਹੀਂ ਲਿਖ ਸਕਿਆ ਇਸ ਲਈ ਕੋਈ ਬਹਾਨੇਬਾਜ਼ੀ ਨਹੀਂ ਕਰਾਂਗਾ, ਬੱਸ, ਸਭ ਤੋਂ ਵੱਡੀ ਗੱਲ ਤਾਂ ਘੌਲ ਦੀ ਰਹੀ ਤੇ ਦੂਜਾ ਕਾਰਨ ਕੁਝ ਘਰੇਲੂ ਜ਼ਿੰਮੇਵਾਰੀਆਂ 'ਚੋਂ ਉਪਜੀਆਂ ਪਰੇਸ਼ਾਨੀਆਂ ਤੇ ਤੀਜਾ ਕਾਰਨ ਦਫ਼ਤਰ ਅੰਦਰ ਹੋਈ ਪ੍ਰਮੋਸ਼ਨ ਬਾਅਦ ਛੇ ਸਫ਼ਿਆਂ ਨੂੰ ਤਿਆਰ ਕਰਨ ਦਾ ਖਲਜਗਣ। ਪਰ ਇਸ ਸਭ ਕੁਝ ਦੇ ਬਾਵਜੂਦ ਮੈਂ ਤੈਨੂੰ ਇਕ ਪਲ ਵੀ ਮਨੋ ਨਹੀਂ ਵਿਸਾਰਿਆ। ਤੂੰ ਮੇਰੇ ਦਿਲ ਦੇ ਗੱਭ ਵਿਚ ਵਸ ਰਿਹਾ ਹੈਂ, ਤੈਨੂੰ ਮੈਂ ਨਾ ਵਿਸਾਰ ਸਕਦਾ ਹਾਂ ਨਾ ਹੀ ਭੁੱਲ।

ਘਰ ਵਿਚ ਸਭ ਠੀਕ ਠਾਕ ਹੈ। ਕੋਈ ਪ੍ਰੇਸ਼ਾਨੀ ਵਾਲੀ ਗੱਲ ਨਹੀਂ। ਇਸ ਦੇ ਬਾਵਜੂਦ ਜਿਸ ਘਰ ਵਿਚ ਤਿੰਨ ਧੀਆਂ ਜੁਆਨ ਬੈਠੀਆਂ ਹੋਣ ਉਸ ਘਰ ਅੰਦਰ ਰਹਿ ਰਹੇ ਬਾਪ ਤੇ ਉਹ ਵੀ ਸੰਵੇਦਨਸ਼ੀਲ ਬਾਪ, ਦਾ ਚਿੰਤਾ-ਗ੍ਰਸਤ ਹੋਣਾ ਕੁਦਰਤੀ ਹੀ ਹੈ। ਜੋ ਵਿਚਕਾਰ ਵਾਲੀ ਬੇਟੀ ਹੈ ਨੂਨਾ ਉਸ ਲਈ ਲੜਕਾ ਮਿਲ ਗਿਆ ਹੈ ਅਤੇ ਮੰਗਣੀ ਕਰ ਦਿੱਤੀ ਹੈ, ਵਿਆਹ ਅਕਤੂਬਰ ਵਿਚ ਕਰ ਰਿਹਾ ਹਾਂ। ਉਹਨੇ ਹੋਰ ਮਹੀਨੇ ਤੱਕ ਐਮ. ਏ. ਪੰਜਾਬੀ ਮੁਕੰਮਲ ਕਰ ਲੈਣੀ ਹੈ- ਉਹ ਯੂਨੀਵਰਸਿਟੀ ਪੜ੍ਹ ਰਹੀ ਹੈ। ਵੱਡੀ ਦੇ ਨਸੀਬ ਅਜੇ ਠੰਢੇ ਹਨ। ਓਸ ਕਰਕੇ ਮੈਂ ਪਿਛਲੇ ਲੰਮੇ ਸਮੇਂ 'ਚ ਕਾਫੀ ਪ੍ਰੇਸ਼ਾਨ ਰਿਹਾ ਹਾਂ। ਓਸ ਲਈ ਮੈਂ ਖੰਨੇ ਲੜਕਾ ਪਸੰਦ ਕੀਤਾ ਸੀ ਤੇ ਲੜਕੀ ਨੂੰ ਲੜਕੇ ਵਾਲਿਆਂ ਨੇ ਦੇਖਣ ਆਉਣਾ ਸੀ- ਪਰ ਪਤਾ ਨਹੀਂ ਕੁਦਰਤੀ ਕੀ ਭਾਣਾ ਵਾਪਰ ਗਿਆ ਕਿ ਇਹ ਲੜਕੀ ਸਖਤ ਬਿਮਾਰ ਹੋ ਗਈ। ਲਗਾਤਾਰ ਤਿੰਨ ਮਹੀਨੇ ਬਿਮਾਰੀ 'ਚੋਂ ਉਠ ਨਹੀਂ ਸਕੀ। ਲੜਕੇ ਵਾਲੇ ਵਿਆਹ ਲਈ ਕਾਹਲੇ ਸਨ-ਉਹ ਰਿਸ਼ਤਾ ਹੱਥੋਂ ਨਿਕਲਣ ਕਰ ਕੇ ਮੇਰੇ ਮਨ ਨੂੰ ਬਹੁਤ ਸਦਮਾ ਲੱਗਾ- ਰਿਸ਼ਤਾ ਇਕ ਲੇਖਕ ਹੀ ਕਰਵਾ ਰਿਹਾ ਸੀ। ਉਸ ਤੋਂ ਬਾਅਦ ਕਈ ਥਾਂਈਂ ਗੱਲ ਚੱਲੀ ਪਰ ਅਜੇ ਸਫਲਤਾ ਨਹੀਂ ਮਿਲੀ। ਤੁਹਾਡੇ ਪਿੰਡ ਗਾਇਕ ਮੁੰਡੇ ਬਾਰੇ ਵੀ ਅਮਨ ਨੇ ਗੱਲ ਚਲਾਈ ਸੀ।

ਇਕ ਪ੍ਰੇਸ਼ਾਨੀ ਵਾਲੀ ਹੋਰ ਗੱਲ ਵਾਪਰੀ- ਮਾਰਚ ਵਿਚ ਮੇਰਾ ਛੋਟਾ ਜਿਹਾ ਇਕ ਐਕਸੀਡੈਂਟ ਹੋ ਗਿਆ। ਚੰਡੀਗੜ੍ਹ ਵਿਚ ਹੀ ਮੈਂ ਇਕ ਬੱਸ ਦੇ ਪਿੱਛੇ ਆ ਰਿਹਾ ਸੀ ਤਾਂ ਬੱਸ ਇਕਦਮ ਰੁਕ ਗਈ- ਮੈਂ ਪਿੱਛਿਓਂ ਬਰੇਕ ਨਹੀਂ ਲਾ ਸਕਿਆ ਤੇ ਮੇਰਾ ਸਿਰ ਬੱਸ ਵਿਚ ਵੱਜਾ। ਸੱਟ ਤਾਂ ਖਾਸ ਨਹੀਂ ਲੱਗੀ ਪਰ ਮੱਥੇ ਵਿਚ ਪਤਾ ਨਹੀਂ ਕੀ ਖੁੱਭ ਗਿਆ ਕਿ ਥੋੜ੍ਹਾ ਜਿਹਾ ਲਹੂ ਵੀ ਵਹਿ ਗਿਆ। ਓਸ ਸੱਟ ਤੋਂ ਬਾਅਦ ਮੈਂ ਮਹਿਸੂਸ ਕਰ ਰਿਹਾ ਹਾਂ ਮੇਰੀ ਯਾਦ ਸ਼ਕਤੀ ਉਪਰ ਬੜਾ ਅਸਰ ਪਿਆ ਹੈ ਅਤੇ ਨਾਲ਼ ਹੀ ਮੈਂ ਦਿਮਾਗੀ ਤੌਰ 'ਤੇ ਬੜੀ ਸੁਸਤੀ ਮਹਿਸੂਸ ਕਰ ਰਿਹਾ ਹਾਂ। ਇਕ ਦਿਨ ਮੈਂ ਡਿਸਕਵਰੀ ਚੈਨਲ ਦੇਖ ਰਿਹਾ ਸੀ ਤਾਂ ਉਸ ਵਿਚ ਬਿਲਕੁਲ ਅਜਿਹਾ ਹੀ ਕੇਸ ਉਨ੍ਹੀਂ ਦਿਖਾਇਆ, ਜਿਸ ਦੇ ਬੱਸ 'ਚ ਸਫ਼ਰ ਕਰਦਿਆਂ ਰੀਣ ਕੁ ਸੱਟ ਲੱਗ ਜਾਂਦੀ ਹੈ- ਬੰਦਾ ਪ੍ਰਵਾਹ ਨਹੀਂ ਕਰਦਾ ਪਰ ਇਕ ਦਿਨ ਉਹ ਸੱਟ ਭਿਆਨਕ ਰੂਪ ਧਾਰ ਕੇ ਸਾਹਮਣੇ ਆਉਂਦੀ ਹੈ। ਮੈਂ ਡਾਕਟਰ ਲੋਕ ਰਾਜ ਰਾਹੀਂ ਹੁਣ ਵੱਡੇ ਹਸਪਤਾਲ ਇਲਾਜ ਕਰਾ ਰਿਹਾ ਹਾਂ। ਚਲੋ ਖੈਰ!

ਮੈਨੂੰ ਇਹ ਪੜ੍ਹ ਕੇ ਬੇਹੱਦ ਖੁਸ਼ੀ ਹੋਈ ਹੈ ਕਿ ਬਹੁਤ ਜ਼ਿਆਦਾ ਪੜ੍ਹ ਰਿਹਾ ਹੈਂ ਅਤੇ ਬਹੁਤ ਜ਼ਿਆਦਾ ਲਿਖ ਰਿਹਾ ਹੈਂ ਤੇ ਲਿਖ ਵੀ ਸੁਰਿੰਦਰ ਸੋਹਲ ਜਿਹਾ ਰਿਹਾ ਹੈਂ। ਮੇਰੀ ਰੀਝ ਹੈ ਮੈਂ ਤੇਰੀ ਸ਼ਾਇਰੀ ਦੀ ਕਿਤਾਬ ਆਪਣੀ ਨਿਗਰਾਨੀ ਵਿਚ ਇੰਡੀਆ ਹੁੰਦੇ-ਹੁੰਦੇ ਸਵਰਨਜੀਤ ਸਵੀ ਕੋਲੋਂ ਛਪਵਾ ਕੇ ਦਿਆਂ- ਜਿਸ ਦੀ ਖ਼ੂਬਸੂਰਤ ਗੈਟ-ਅਪ ਹੋਵੇ, ਖ਼ੂਬਸੂਰਤ ਕਾਗਜ਼ ਹੋਵੇ ਤੇ ਕਿਤਾਬ ਉਪਰ ਤੇਰੀ ਬਹੁਤ ਪਿਆਰੀ ਰੰਗੀਨ ਫੋਟੋ ਛਪੀ ਹੋਵੇ। ਮੈਨੂੰ ਤੇਰੇ ਉਪਰ ਬਹੁਤ ਗੌਰਵ ਹੈ ਕਿ ਤੇਰੀ ਕਲਮ ਇਕ ਦਿਨ ਬਹੁਤ ਉਚ ਪਾਏ ਦੀ ਸ਼ਾਇਰੀ ਸਿਰਜੇਗੀ। ਆਪਣਾ ਕਲਾਮ ਹੋ ਸਕੇ ਤਾਂ ਮੈਨੂੰ ਭੇਜ।

ਬੀਬੀ ਦੇ ਪਰਤ ਆਉਣ ਬਾਰੇ ਮੈਨੂੰ ਵਿਰਕ ਕੋਲੋਂ ਪਤਾ ਲੱਗਾ ਸੀ। ਮੈਨੂੰ ਬੜੀ ਹੈਰਾਨੀ ਤੇ ਪ੍ਰੇਸ਼ਾਨੀ ਹੋਈ ਸੀ ਸੁਣ ਕੇ। ਮੈਂ ਅਜੇ ਤੱਕ ਜਲੰਧਰ ਵੱਲ ਗੇੜਾ ਨਹੀਂ ਮਾਰਿਆ। ਹੁਣ ਮੈਂ ਤਿੰਨ ਤਾਰੀਕ ਜਾ ਰਿਹਾਂ- ਫਿਰ ਬੀਬੀ ਨੂੰ ਮਿਲ ਕੇ ਆਵਾਂਗਾ। ਸੱਚੀ ਗੱਲ ਹੈ ਸੋਹਲ-ਬੀਬੀ ਦੇ ਜਾਣ ਬਾਅਦ ਮੈਂ ਸੰਗਲ ਸੋਹਲ ਪਿੰਡ ਦਾ ਨਾਂ ਵੀ ਚੇਤੇ ਵਿਚੋਂ ਮੇਟ ਦਿੱਤਾ ਸੀ-ਮੰਡ ਪਿੰਡ ਵਾਂਗ ਹੀ। ਸੰਗਲ ਸੋਹਲ ਕਰਕੇ ਤਾਂ ਮੈਂ ਮੰਡਾਂ ਨੂੰ ਚਲਾ ਜਾਂਦਾ ਸੀ।

ਮੇਰੇ ਪਿਆਰੇ, ਕਦੇ-ਕਦੇ ਮੈਂ ਬਹੁਤ ਉਦਾਸ ਹੋ ਜਾਂਦਾ ਹਾਂ, ਟੁੱਟ ਜਾਂਦਾ ਹਾਂ... ਪਤਾ ਨਹੀਂ ਕਿਉਂ ਨਿਰਾਸ਼ਾ ਮੇਰੇ ਦਿਮਾਗ ਉਪਰ ਭਾਰੂ ਹੋਣ ਵਾਲੀ ਲੱਗਦੀ ਹੈ ਤੇ ਮੇਰਾ ਲੱਕ ਟੁੱਟ ਜਾਂਦਾ ਹੈ- ਮੈਂ ਆਵਾਜ਼ ਮਾਰਦਾ ਹਾਂ ਪਰ ਮੇਰੀ ਆਵਾਜ਼ ਕੋਈ ਸੁਣਦਾ ਨਹੀਂ ਹੈ ... ਤੇ ਮੈਨੂੰ ਲੱਗਣ ਲੱਗਦਾ ਹੈ ਜਿਵੇਂ ਮੈਂ ਛੇਤੀ ਹੀ ਮਰ ਜਾਣਾ ਹੋਵੇ। ਓਸ ਸਮੇਂ ਮੈਨੂੰ ਤੇਰੀ ਯਾਦ ਆਉਂਦੀ ਹੈ ਤੇ ਅੰਦਰ ਇੱਛਾ ਪੈਦਾ ਹੁੰਦੀ ਹੈ ਕਿ ਤੂੰ ਮੇਰੇ ਕੋਲ ਹੋਵੇਂ। ਪਰ ਤੂੰ ਜਿਵੇਂ ਮੇਰੇ ਤੋਂ ਯੁਗਾਂ ਦੀ ਦੂਰੀ 'ਤੇ ਬੈਠਾ ਹੋਇਆ ਹੈਂ।

ਸੁਰਿੰਦਰ ਮੈਂ ਬਹੁਤ ਛੇਤੀ ਦੋਨਾਂ ਬੇਟੀਆਂ ਦੇ ਵਿਆਹ ਕਰ ਕੇ ਫਾਰਗ ਹੋਣਾ ਚਾਹੁੰਦਾ ਹਾਂ। ਉਸ ਤੋਂ ਬਾਅਦ ਹੀ ਮੈਂ ਅਮਰੀਕਾ ਤੋਂ ਸਪਾਂਸਰਸ਼ਿਪ ਮੰਗਵਾ ਕੇ ਵੀਜ਼ਾ ਲਗਵਾਵਾਂਗਾ। ਰਵਿੰਦਰ ਸਹਿਰਾਅ ਨੇ ਕਿਹਾ ਸੀ, ਮੈਂ ਕਾਗਜ਼ ਭੇਜ ਦਿਆਂਗਾ। ਗੁੱਡੀ ਸਿੱਧੂ ਵੀ ਕਹਿੰਦੀ ਸੀ। ਇਕ ਹੋਰ ਬੀਬੀ ਜਸਬੀਰ ਕੌਰ- ਉਹ ਬੌਸਟਨ ਰਹਿੰਦੀ ਹੈ ਉਸ ਨੂੰ ਵੀ ਕਿਹਾ ਜਾ ਸਕਦਾ ਹੈ। ਕਾਨਫਰੰਸ ਪਿਛਲੇ ਸਾਲ ਜੁਲਾਈ ਵਿਚ ਹੋਣੀ ਸੀ ਪਰ ਜਿਹੜਾ ਮੇਰਾ ਲੇਖ ਉਦੋਂ ਕਾਨਫਰੰਸ ਬਾਰੇ ਛਪਿਆ ਸੀ ਓਸ ਦੇ ਆਧਾਰ ਉਤੇ ਅਮਰੀਕਨ ਅੰਬੈਸੀ ਵਾਲਿਆਂ ਮਹੀਪ ਸਿੰਘ ਜੁੰਡਲੀ ਕੋਲੋਂ ਜਵਾਬ-ਤਲਬੀ ਕਰ ਲਈ ਕਿ ਇਸ ਦਾ ਜਵਾਬ ਦਿਉ- ਉਹ ਕਾਨਫਰੰਸ ਨਹੀਂ ਸੀ ਹੋ ਸਕੀ- ਵੈਸੇ ਉਂਕਾਰਪ੍ਰੀਤ ਨੂੰ ਕਹਿਣਾ ਕਿ ਉਹ ਵੀ ਕਾਗਜ਼ ਭੇਜ ਸਕਦਾ ਹੈ- ਕਿਸੇ ਸਾਹਿਤਕ ਕਾਨਫਰੰਸ ਦੇ ਸੱਦੇ ਦੇ ਆਧਾਰ 'ਤੇ ਜਾਂ ਮੈਂ ਸਾਧੂ ਨੂੰ ਵੀ ਲਿਖ ਦਿਆਂਗਾ- ਪਰ ਅਜੇ ਮੇਰੇ ਦਿਮਾਗ ਵਿਚ ਕੁੜੀਆਂ ਦੀ ਸਮੱਸਿਆ ਫਸੀ ਪਈ ਹੈ।

ਕਦੇ-ਕਦੇ ਘੋਲੇ ਦੀ ਯਾਦ ਵੀ ਆਉਂਦੀ ਹੈ ਪਰ ਉਹ ਵਿਆਹ ਕਰਾ ਕੇ ਮੇਰੇ ਵੱਲ ਨਹੀਂ ਆਇਆ, ਜਿਸ ਕਰ ਕੇ ਉਹ ਫੋਕਾ ਜਿਹਾ ਬੰਦਾ ਲੱਗਾ। ਦੇਖ ਤੂੰ, ਮੈਂ ਉਹਦੇ ਪਿੰਡ ਦੋ ਵਾਰੀ ਗਿਆ, ਫਿਰ ਵਿਆਹ ਉਪਰ ਵੀ ਗਿਆ, ਪੂਰਾ ਸ਼ਗਨ ਕਰ ਕੇ ਆਇਆ ਪਰ ਇਹ ਕਹਿ ਕੇ ਵੀ ਨਹੀਂ ਆਇਆ। ਤੇਰਾ ਕੁਲਦੀਪ ਢਿੱਲੋਂ ਵਧੀਆ ਇਨਸਾਨ ਹੈ। ਅਮਰੀਕਾ ਬਾਰੇ ਕਿਤਾਬ ਦੀ ਕੋਈ ਸਮੱਸਿਆ ਨਹੀਂ ਹੈ- ਪਰ ਜਿਸ ਤਰ੍ਹਾਂ ਮੈਂ ਵਿਉਂਤ ਬਣਾਈ ਹੋਈ ਹੈ, ਮੈਂ ਚਾਹੁੰਦਾ ਹਾਂ ਜੇ ਮੇਰਾ ਸੂਤ ਬੈਠ ਗਿਆ ਤਾਂ ਇਕ ਵਾਰੀ ਇੱਥੇ ਆ ਕੇ ਰਹਿ ਗਈਆਂ ਚੀਜ਼ਾਂ ਬਾਰੇ ਵੀ ਨਿੱਠ ਕੇ ਲਿਖ ਕੇ ਹੀ ਕੰਮ ਮੁਕੰਮਲ ਕਰਾਂ।

ਤੈਨੂੰ ਸ਼ਾਇਦ ਨਹੀਂ ਪਤਾ- ਮੈਂ ਪਿਛਲੇ ਸਾਲ ਇਕ ਕਹਾਣੀ ਲਿਖੀ ਸੀ- ਤੈਨੂੰ ਉਹ ਕਹਾਣੀ ਜ਼ਬਾਨੀ ਸੁਣਾਈ ਹੋਈ ਹੈ- ਜਿਸ ਵਿਚ ਇਕ ਲੜਕੀ ਆਪਣੇ ਪ੍ਰੇਮੀ ਦਾ ਕਤਲ ਕਰਦੀ ਸੀ- ਉਹ ਕਹਾਣੀ 1998 ਵਿਚ 'ਨਾਗਮਣੀ' ਵਿਚ ਛਪੀ ਸੀ ਨਾਂ ਸੀ -'ਭਲਾ ਇਉਂ ਵੀ ਕੋਈ ਜਿਉਂਦੈ'। ਇਸ ਕਹਾਣੀ ਉਪਰ ਮੈਨੂੰ (ਹਿੰਦੋਸਤਾਨ ਦਾ ਇਕ ਅਦਾਰਾ ਹੈ 'ਕਥਾ', ਇਹ ਅੰਗਰੇਜ਼ੀ ਵਿਚ ਭਾਰਤੀ ਭਾਸ਼ਾਵਾਂ ਦੀਆਂ ਬਿਹਤਰੀਨ ਰਚਨਾਵਾਂ ਨੂੰ ਅਨੁਵਾਦ ਕਰ ਕੇ ਛਾਪਦਾ ਹੈ) ਇਸ ਵੱਲੋਂ ਐਵਾਰਡ ਦੇਣ ਦਾ ਐਲਾਨ

ਕੀਤਾ ਗਿਆ ਹੈ, ਜਿਹੜਾ ਦਿੱਲੀ ਵਿਚ ਗਰੀਸ਼ ਕਰਨਾਡ ਇਕ ਸਮਾਗਮ ਵਿਚ ਦੇਵੇਗਾ। ਇਹ ਅਦਾਰਾ ਹਰ ਸਾਲ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ 'ਚੋਂ ਇਕ-ਇਕ ਕਹਾਣੀ ਚੁਣ ਕੇ ਐਵਾਰਡ ਦਿੰਦਾ ਹੈ- ਤੇ ਇਸ ਵਿਚ ਇਸ ਵਾਰ ਤੇਰੇ ਵੀਰ ਦਾ ਨੰਬਰ ਲੱਗਾ ਹੈ।

ਇਹ ਜਾਣ ਕੇ ਬੜੀ ਖੁਸ਼ੀ ਹੋਈ ਓਂਕਾਰਪ੍ਰੀਤ ਨੇ ਨਾਟਕ ਵੀ ਲਿਖ ਦਿੱਤਾ ਹੈ-ਜ਼ਰੂਰ ਬਹੁਤ ਵਧੀਆ ਹੋਵੇਗਾ- 'ਪ੍ਰਗਟਿਓ ਖ਼ਾਲਸਾ' ਨਾਂ ਵੀ ਚੰਗਾ ਹੈ। ਜਦੋਂ ਤੁਹਾਡੀ ਦੋਹਾਂ ਦੀ ਸ਼ਾਇਰੀ ਸਮੁੱਚੇ ਰੂਪ ਵਿਚ ਮੇਰੇ ਕੋਲ ਹੋਵੇਗੀ ਉਸ ਉਪਰ ਮੈਂ ਜ਼ਿੰਦਗੀ ਵਿਚ ਪਹਿਲਾ ਕਵਿਤਾ ਉਪਰ ਬੇਮਿਸਾਲ ਲੇਖ ਲਿਖਾਂਗਾ ਜਿਸ ਵਿਚ ਉਲਫ਼ਤ ਬਾਜਵਾ ਦਾ ਵੀ ਭਰਪੂਰ ਜ਼ਿਕਰ ਹੋਵੇਗਾ।

ਬੀਬੀ ਕੋਲ ਮੈਂ ਵਧੀਆ ਕਿਤਾਬਾਂ ਜ਼ਰੂਰ ਭੇਜਾਂਗਾ- ਬੰਦੇ ਤਾਂ ਕਈ ਮਿਲੇ ਹਨ ਜਾਣ ਵਾਲੇ ਪਰ ਉਨ੍ਹਾਂ ਕੋਲ ਕਿਤਾਬਾਂ ਨਹੀਂ ਭੇਜੀਆਂ ਜਾ ਸਕਦੀਆਂ। ਅਵਤਾਰ ਸਿੰਘ ਨੂੰ ਕਿਤਾਬਾਂ ਜ਼ਰੂਰ ਪੜ੍ਹਾਇਆ ਕਰੋ- ਬਹੁਤ ਪਿਆਰਾ ਇਨਸਾਨ ਹੈ।

***12 ਜੁਲਾਈ***

ਪਿਆਰੇ ਸੋਹਲ ਕਈ ਦਿਨ ਪਛੜ ਗਿਆ ਹਾਂ। ਇਸ ਦੌਰਾਨ ਮੈਂ ਜਲੰਧਰ ਜਾ ਆਇਆ। ਬੀਬੀ ਨੂੰ ਮਿਲ ਕੇ ਆਇਆ ਹਾਂ। ਸੋਹਲ ਮੈਨੂੰ ਬਹੁਤ ਫਖਰ ਹੁੰਦਾ ਹੈ ਤੇਰੇ ਉਪਰ ਜਿਸ ਦੇ ਕਾਵਿਕ ਆਪੇ ਨੂੰ ਬਣਾਉਣ ਲਈ ਤੈਨੂੰ ਖੂਬਸੂਰਤ ਮਨਾਂ ਵਾਲੇ ਮਾਂ-ਬਾਪ ਮਿਲੇ। ਭਾਪੇ ਨਾਲ ਮੇਰੀ ਬਹੁਤ ਸਾਂਝ ਸੀ ਤੇ ਉਹ ਮੈਨੂੰ ਬਹੁਤ ਪਿਆਰ ਦਿਆ ਕਰਦੇ ਸਨ- ਪਰ ਬੀਬੀ ਦਾ ਤੇਉ ਆਪਣੇ ਰੰਗ ਦਾ ਹੈ।

ਮੈਂ ਫੋਨ ਕਰ ਕੇ ਗਿਆ ਸੀ, ਉਦੋਂ ਫੋਨ ਉਪਰ ਅਮਨ ਨਾਲ ਹੀ ਗੱਲ ਹੋਈ ਸੀ ਤੇ ਉਹਨੇ ਕਿਹਾ ਸੀ ਮੈਂ ਚਾਰ ਵਜੇ ਚਿੱਟੀ ਨੂੰ ਜਾਣਾ ਹੈ, ਭਾਜੀ ਪਹਿਲਾਂ ਆ ਜਾਣਾ। ਮੈਂ 1.30 ਵਜੇ ਪਹੁੰਚਾ ਸੀ ਪਰ ਕੋਈ ਸੁੱਖੇ ਦਾ ਜਾਣੂ ਗੱਡੀ ਲੈ ਕੇ ਜਾਣ ਵਾਲਾ ਆ ਗਿਆ ਤੇ ਉਹਨਾਂ ਨੂੰ ਸੁੱਖੇ ਹੁਰਾਂ ਨਾਲ ਪਹਿਲਾਂ ਜਾਣਾ ਪੈ ਗਿਆ। ਸੋ ਨਾ ਅਮਨ ਨਾਲ ਮੇਲ ਹੋਇਆ ਤੇ ਨਾ ਹੀ ਯਸ਼ੂ ਮਿਲਿਆ।

ਬੀਬੀ ਨੇ ਜਿੰਨਾਂ ਕੁਝ ਵੀ ਦੇਖਿਆ ਉਹ ਹੀ ਉਸ ਲਈ ਬਹੁਤ ਹੈ। ਬੜੇ ਕੁਝ ਬਾਰੇ ਉਹਨੇ ਮੇਰੇ ਨਾਲ ਗੱਲਾਂ ਕੀਤੀਆਂ। ਉਹ ਦੋਨੋਂ ਪਾਸੇ ਤੜਪ ਰਹੀ ਹੈ। ਮੈਂ ਉਸ ਨੂੰ ਕਿਹਾ ਹੈ ਕਿ ਬੀਬੀ ਤੂੰ ਉਥੇ ਪਹੁੰਚ ਮੈਂ ਤੇਰੇ ਕੋਲ ਰੱਬ ਨੇ ਚਾਹਿਆ ਤਾਂ ਜ਼ਰੂਰ ਆਵਾਂਗਾ। ਹੁਣ ਉਹ ਸਿਰਫ ਇਹੋ ਕਹਿੰਦੀ ਹੈ ਕਿ ਮੈਂ ਸ਼ਿੰਦਰ ਕਰ ਕੇ ਜਾਣਾ ਚਾਹੁੰਦੀ ਹਾਂ, ਉਹ ਕਿਤੇ ਉਦਾਸ ਨਾ ਹੋਇਆ ਹੋਵੇ। ਬੱਸ ਤੂੰ ਫੋਨ ਉਪਰ ਉਹਨੂੰ ਕਹੀਂ ਕਿ ਬੀਬੀ ਤੂੰ ਜਲਦੀ-ਜਲਦੀ ਆ ਜਾ। ਮੈਂ ਤੈਨੂੰ ਇਕ ਦੋਸਤ ਦਾ ਫੋਨ ਲਿਖਦਾ ਹਾਂ ਤੂੰ ਉਹਨੂੰ ਫੋਨ ਕਰੀਂ, ਮੈਂ ਚਿੱਠੀ ਵੀ ਲਿਖ ਰਿਹਾ ਹਾਂ ਕਿ ਉਹ ਮੈਨੂੰ ਸਪਾਂਸਰਸ਼ਿਪ ਭੇਜੇ। ਉਹ ਤੇਰਾ ਨਾਂ ਜਾਣਦਾ ਹੈ, ਉਹ ਖੁਦ ਪਰਚੇ ਪੜ੍ਹਦਾ ਹੈ ਤੇ ਕਹਾਣੀ ਲਿਖਣ ਦਾ ਸ਼ੌਂਕ ਰੱਖਦਾ ਹੈ- ਇਕ ਦਿਨ ਪਰਵੇਜ਼ ਤੇ ਉਹਦੇ ਨਾਲ ਗੱਲ ਵੀ ਹੋਈ ਸੀ। ਮੈਂ ਪਰਵੇਜ਼ ਨੂੰ ਵੀ ਕਹਿ ਰਿਹਾ ਹਾਂ। ਤੇਰਾ ਇਕ ਮਿੱਤਰ ਸੀ ਕਰਤਾਰਪੁਰ ਦਾ ਲੜਕਾ, ਉਸ ਦਾ ਇਕ ਦਿਨ ਖਤ ਆਇਆ ਸੀ, ਮੈਂ ਵੀ ਜਵਾਬ ਲਿਖਿਆ ਸੀ, ਉਹ ਬੜੀ ਦੂਰ ਜਾ ਕੇ ਬੈਠਾ ਹੈ, ਕਰਨਾਟਕਾ ਵੱਲ ਕਿਤੇ। 'ਲਕੀਰ' ਵਾਲੀ ਕਵਿਤਾ ਮੈਂ ਪੜ੍ਹੀ ਹੈ। ਬਿਲਕੁਲ ਵੱਖਰੀ ਹੈ ਸੋਹਲ ਦੇ ਪਹਿਲੇ ਕਾਵਿ ਨਾਲੋਂ- ਇਹੋ ਵੱਖਰਤਾ ਦੀ ਮੈਂ ਮੰਗ ਕਰਦਾ ਹਾਂ। ਕਵਿਤਾ ਮੁਬਾਰਕ। ਕੁਲਵਿੰਦਰ ਤੇ ਭੈਣ ਜੀ ਲਈ ਸਤਿ ਸ੍ਰੀ ਆਕਾਲ। ਖਤ ਛੇਤੀ ਲਿਖੀਂ, ਮੇਰੇ ਵਾਂਗ ਘੌਲ ਨਾ ਕਰੀਂ।

ਹੋ ਸਕਦਾ ਹੈ ਮੈਂ ਜਲੰਧਰ ਫਿਰ ਛੇਤੀ ਜਾਵਾਂ ਤੇ ਘਰ ਮਿਲ ਕੇ ਆਵਾਂਗਾ। ਕਿਸੇ ਦਿਨ ਮੈਨੂੰ ਫੋਨ ਵੀ ਕਰੀਂ। ਓਂਕਾਰਪ੍ਰੀਤ ਨੂੰ ਮੇਰੀ ਯਾਦ ਆਖੀਂ। ਅਵਤਾਰ ਡੱਬ, ਗੁਰਪਾਲ, ਮਲਕੀਤ ਲਈ, ਕੁਲਦੀਪ ਤੇ ਭੋਲੀ ਲਈ, ਉਹਦੇ ਬੱਚਿਆਂ ਲਈ ਬਹੁਤ ਨਿੱਘਾ ਪਿਆਰ ਪਹੁੰਚਦਾ ਕਰਨਾ। ਚਾਚਾ ਸੁਪਰ ਲਈ ਸਲਾਮ, ਗੋਲੇ ਲਈ ਪਿਆਰ। ਤੈਨੂੰ ਘੁੱਟ ਕੇ ਗਲਵਕੜੀ **- ਤੇਰਾ ਪ੍ਰੇਮ ਗੋਰਖੀ**

**ਚਾਰ**

ਮੇਰੇ ਪਿਆਰੇ ਸੁਰਿੰਦਰ ਚੰਡੀਗੜ੍ਹ/ 28. 3. 2000

ਮੈਂ ਲੰਮੇ ਸਮੇਂ ਤੋਂ ਜਲੰਧਰ ਨਹੀਂ ਸੀ ਗਿਆ। ਹੁਣ ਜਲੰਧਰ ਜਾਣ ਦਾ ਬਹੁਤਾ ਸਬਬ ਨਹੀਂ ਬਣਦਾ। ਪਹਿਲਾਂ ਜਲੰਧਰ ਨਾਲ ਬਹੁਤ ਸਨੇਹ ਹੁੰਦਾ ਸੀ। ਅਸੀਂ ਕਿਸੇ ਸ਼ਹਿਰ ਜਾਂ ਕਸਬੇ ਨੂੰ ਇਸ ਕਰਕੇ ਬਹੁਤਾ ਸਨੇਹ ਸ਼ਾਇਦ ਨਹੀਂ ਕਰਦੇ ਕਿ ਮੇਰੇ ਮਾਂ-ਬਾਪ ਉਥੇ ਹਨ ਜਾਂ ਭੈਣ ਭਰਾ। ਮੇਰਾ ਖਿਆਲ ਓਥੇ ਇਨ੍ਹਾਂ ਨਾਲੋਂ ਵੀ ਅਲੱਗ ਕੁਝ ਹੁੰਦਾ ਹੈ ਜੋ ਤੁਹਾਨੂੰ ਖਿੱਚਦਾ ਹੈ। ਮਾਂ-ਬਾਪ ਤਾਂ ਆਪਣੇ ਹੀ ਹੁੰਦੇ ਹਨ ਤੇ ਉਨ੍ਹਾਂ ਨਾਲ ਲਗਾਓ ਰਿਸ਼ਤੇ ਦਾ ਲਗਾਓ ਹੁੰਦਾ ਹੈ, ਖਿੱਚ ਦਾ ਘੱਟ, ਇਖਲਾਕੀ ਬਹੁਤਾ। ਜਦੋਂ ਜਲੰਧਰ ਨਾਲ ਪਿਆਰ ਸੀ ਤਾਂ ਉਥੇ ਤੂੰ ਹੁੰਦਾ ਸੀ, ਦਵਿੰਦਰ ਹੁੰਦਾ ਸੀ। ਹੁਣ ਦਿਲ ਹੀ ਨਹੀਂ ਕਰਦਾ ਉਥੇ ਜਾਣ ਨੂੰ। ਮਹੀਨੇ ਲੰਘ ਜਾਂਦੇ ਹਨ। ਹੁਣ ਜਦੋਂ ਗਿਆ ਤਾਂ ਉਸ ਦਿਨ 23 ਤਰੀਕ ਸੀ। ਬੀਬੀ ਜੀ ਦੇ ਆਉਣ ਬਾਰੇ ਵਿਰਕ ਨੇ ਮੈਨੂੰ ਫੋਨ ਉਪਰ ਦੱਸਿਆ ਸੀ। ਹੁਣ ਮਿਲ ਕੇ ਆਇਆਂ। ਯਾਰ ! ਤੁਸੀਂ ਬੜੇ ਜਿਗਰੇ ਵਾਲੇ ਬੰਦੇ ਹੋ। ਬੀਬੀ ਨੂੰ ਬਹੁਤ ਕਿਹਾ ਸੀ ਮਨ ਨੂੰ ਕਰੜਾ ਕਰ ਕੇ ਰਹੀਂ ਤੇ ਐਵੇਂ ਸੁਰਿੰਦਰ ਨੂੰ ਭੈਜਲ ਨਾ ਪਾਈ ਰੱਖੀਂ ਪਰ ਗੱਲ ਉਹੋ ਹੋਈ ਜਿਹੜੀ ਤੋਂ ਡਰਦਾ ਸੀ। ਮੁੜ ਆਈ, ਹੁਣ ਫਿਰ ਤੇਰੇ ਵਿਚ ਤੜਫਦੀ ਹੈ, ਕਹਿੰਦੀ ਸੀ ਮੇਰਾ ਪੁੱਤ ਮੇਰੇ ਕਰਕੇ ਕਈ ਦਿਨ ਕੰਮ 'ਤੇ ਨਹੀਂ ਗਿਆ।

ਹੁਣ ਕਿਤਾਬ ਦਾ ਕੀ ਬਣਿਆ ਫਿਰ? ਬਿਮਲ ਮੈਨੂੰ ਮਿਲ ਨਹੀਂ ਸਕਿਆ। ਗੁਲ੍ਹਟੀ ਹੀ ਮਿਲਿਆ ਹੈ। ਖਰੜਾ ਭੇਜ ਦਿੱਤਾ ਜਾਂ ਨਹੀਂ। ਕਿਤਾਬ ਹੁਣ ਛਪ ਜਾਣੀ ਚਾਹੀਦੀ ਹੈ। ਉਂਕਾਰਪ੍ਰੀਤ ਦੀ ਕੋਈ ਰਚਨਾ ਪੜ੍ਹਨ ਲਈ ਵੀ ਨਹੀਂ ਮਿਲੀ। ਤੁਸੀਂ ਦੋਨੋਂ ਵਧੀਆ ਸ਼ਾਇਰ ਹੋ, ਖਾਸ ਕਰਕੇ ਗ਼ਜ਼ਲ ਲੇਖਕ, ਪਰ ਦੋਨੋਂ ਹੀ ਬੇਗਾਨੇ ਦੇਸ਼ਾਂ ਵਿਚ ਰੁਜ਼ਗਾਰ ਵਿਚ ਫਸ ਗਏ ਹੋ। ਤੇਰੇ ਕੋਲ ਕਿਹੜਾ ਕਿਹੜਾ ਪਰਚਾ ਆਉਂਦਾ ਹੈ?

ਅੱਜ 17 ਜੁਲਾਈ ਹੈ। ਨਾਲ ਵਾਲਾ ਅਧੂਰਾ ਖਤ 28 ਮਾਰਚ ਨੂੰ ਲਿਖਿਆ ਸੀ ਪਰ ਕਿਸੇ ਵਜ੍ਹਾ ਕਰਕੇ ਪੂਰਾ ਨਹੀਂ ਸੀ ਲਿਖ ਹੋਇਆ। ਫਿਰ ਤਾਂ ਯਾਨੀ ਆਪਣੇ ਆਪ ਨਾਲ ਹੀ ਜੁੜ ਨਹੀਂ ਹੋਇਆ। ਦੂਜੀ ਧੀ ਦੇ ਵਿਆਹ ਦੇ ਕੰਮ ਵਿਚ ਰੁਝਿਆ ਰਿਹਾ। ਜਲੰਧਰ ਬਹੁਤਾ ਨਹੀਂ ਜਾ ਹੋਇਆ। ਇਸ ਸਮੇਂ ਦੌਰਾਨ ਬੀਬੀ ਅਮਰੀਕਾ ਜਾ ਕੇ ਫਿਰ ਮੁੜ ਆਈ ਹੈ। ਹੁਣ ਮੈਨੂੰ ਅੱਜ ਤੱਕ ਇਹ ਖਬਰ ਨਹੀਂ ਹੈ ਕਿ ਅਮਨ ਤੇਰੇ ਕੋਲ ਪਹੁੰਚ ਗਈ ਹੈ ਜਾਂ ਨਹੀਂ।

ਸੁਰਿੰਦਰ, ਬਹੁਤ ਵਾਰ ਤੇਰੀ ਯਾਦ ਆਉਂਦੀ ਹੈ, ਤੇਰੀਆਂ ਫਕੀਰਾਨਾ ਅਮੀਰੀਆਂ ਯਾਦ ਆਉਂਦੀਆਂ ਹਨ। ਦਿਲ ਉਦਾਸ ਹੋ ਜਾਂਦਾ ਹੈ। ਭਲਾ ਜ਼ਿੰਦਗੀ ਵਿਚ ਚੰਗੇ ਦੋਸਤ, ਇਨਸਾਨ ਕਿਉਂ ਬੰਦੇ ਕੋਲ ਨਹੀਂ ਰਹਿੰਦੇ? ਮੈਂ ਕੁੜੀਆਂ ਦੇ ਵਿਆਹਾਂ ਕਰਕੇ ਬੁਰੀ ਤਰ੍ਹਾਂ ਫਸਿਆ ਰਿਹਾ ਹਾਂ।

ਮਹੀਨਾ ਕੁ ਹੋਇਆ ਮੈਨੂੰ ਕੈਨੇਡਾ ਤੋਂ ਪੰਜਾਬੀ ਕਾਨਫਰੰਸ ਲਈ ਖ਼ਤ ਆਇਆ ਸੀ ਤੇ ਮੈਂ ਵੀਜ਼ਾ ਲੁਆਉਣ ਜਾ ਰਿਹਾ ਹਾਂ। ਜੇ ਵੀਜ਼ਾ ਲੱਗ ਗਿਆ ਤਾਂ ਮੇਰੀ ਕੋਸ਼ਿਸ਼ ਹੋਵੇਗੀ ਮੈਂ ਅਮਰੀਕਾ ਦਾ ਵੀਜ਼ਾ ਵੀ ਲੁਆਵਾਂ। ਜੇ ਦੋਨੋਂ ਕੰਮ ਹੋ ਗਏ ਫਿਰ ਮੈਂ ਕੈਨੇਡਾ ਨਾਲੋਂ ਅਮਰੀਕਾ ਵਿਚ ਕੰਮ ਕਰਨ ਨੂੰ ਤਰਜੀਹ ਦੇਵਾਂਗਾ। ਪਿਛਲੇ ਦਿਨੀਂ ਮੈਂ ਉਂਕਾਰਪ੍ਰੀਤ ਨੂੰ ਚਿੱਠੀ ਲਿਖੀ ਸੀ ਪਰ ਉਹਦਾ ਕੋਈ ਜਵਾਬ ਹੀ ਨਹੀਂ ਆਇਆ। ਪਤਾ ਨਹੀਂ ਮੇਰੀ ਚਿੱਠੀ ਹੀ ਨਹੀਂ ਮਿਲੀ ਜਾਂ ਕੋਈ ਹੋਰ ਗੱਲ ਹੈ। ਤੂੰ ਮੈਨੂੰ ਖ਼ਤ ਵੀ ਨਹੀਂ ਪਾਇਆ। ਮੈਨੂੰ ਤੇਰੇ ਖਤ ਦੀ ਉਡੀਕ ਸੀ। ਮੈਂ ਖ਼ਤ ਲਿਖ ਕੇ ਰੱਖਿਆ ਹੋਇਆ ਸੀ ਜਿਹੜਾ ਪੂਰਾ ਹੀ ਨਹੀਂ ਕਰ ਹੋਇਆ। ਇਕ ਦਿਨ ਰਾਜਿੰਦਰ ਬਿਮਲ ਆਇਆ ਸੀ। ਦੱਸਦਾ ਸੀ ਕਿ ਸੋਹਲ ਦਾ ਚਿੱਠੀ-ਪੱਤਰ ਆਉਂਦਾ ਰਹਿੰਦਾ ਹੈ। ਦੁੱਲਾ ਏਥੇ (ਆਪਣੇ) ਪਿੰਡ ਆਇਆ ਸੀ ਤੇ ਆਪਣੇ ਭਰਾ ਦੇ ਵਿਆਹ ਦਾ ਕਾਰਡ ਭੇਜਿਆ ਸੀ। ਮੈਂ ਵਿਆਹ ਉਪਰ ਬਾਰਾਤ ਵਿਚ ਹੀ ਸਿੱਧਾ ਫਗਵਾੜੇ ਪਹੁੰਚਿਆ ਸੀ। ਕੋਈ ਗੱਲ ਨਹੀਂ ਹੋ ਸਕੀ। ਇਹਦਾ ਫਰਜ਼ ਤਾਂ ਬਣਦਾ ਸੀ ਕਿ ਇਹ ਖੁਦ ਚੰਡੀਗੜ੍ਹ ਆਉਂਦਾ ਪਰ ਆਇਆ ਨਹੀਂ। ਕਹਿੰਦਾ

ਮਕਾਨ ਬਣਾਉਣ ਵਿਚ ਰੁਝਿਆ ਰਿਹਾ। ਗੁਰਦੀਪ ਸਿੰਘ ਉਦੋਂ ਬੜਾ ਕਹਿੰਦਾ ਸੀ ਮੈਂ ਜ਼ਰੂਰ ਆਊਂਗਾ ਪਰ ਉਹ ਵੀ ਨਹੀਂ ਆਇਆ। ਏਥੇ ਆ ਕੇ ਬੰਦਾ ਜੜ੍ਹ ਹੋ ਜਾਂਦਾ। ਆਪਣੇ ਹੀ ਝਮੇਲੇ ਨਹੀਂ ਮੁੱਕਦੇ। ਤੈਨੂੰ ਕੋਈ ਕਿਤਾਬ, ਕੋਈ ਹੋਰ ਚੀਜ਼ ਚਾਹੀਦੀ ਹੋਵੇ ਤਾਂ ਮੈਨੂੰ ਦੱਸ ਦੇਈਂ। ਮੇਰੇ ਛੋਟੇ ਵੀਰ ਕਦੇ ਕਦੇ ਫੋਨ ਕਰ ਲਿਆ ਕਰ। ਜੇ ਮੇਰਾ ਵੀਜ਼ਾ ਲੱਗ ਗਿਆ ਤਾਂ ਘਰ ਬੀਬੀ ਨੂੰ, ਅਮਨ ਨੂੰ ਜ਼ਰੂਰ ਮਿਲ ਕੇ ਆਊਂ। ਦੋਨੋ ਬੇਟੀਆਂ ਆਪਣੇ ਘਰੀਂ ਠੀਕ ਠਾਕ ਹਨ। ਬੇਟਾ ਗਗਨ, ਕੁੱਕੀ ਤੇ ਗੁਰਦੀਪ ਵੀ ਠਾਕ ਠੀਕ ਹਨ।- **ਪ੍ਰੇਮ ਗੋਰਖੀ**

ਚਾਚਾ ਸੁਪਰ ਦਾ ਕੀ ਹਾਲ ਹੈ? ਵਾਇਰਲੈਸ ਟੰਗੀ ਟੌਹਰ ਵਿਚ ਫਿਰਦਾ ਹੋਵੇਗਾ। ਬਿੰਦਰ ਭੈਣ ਨੂੰ ਕਹਿਣਾ ਕਿ ਮੈਂ ਫਿਰ ਰੱਖੜੀ ਉਪਰ ਪਹੁੰਚ ਰਿਹਾ ਹਾਂ। ਭਿੰਦੇ ਲਈ ਨਿੱਘਾ ਪਿਆਰ। ਮਕਾਨ ਨੰਬਰ ਬਦਲ ਗਿਆ ਹੈ। ਨੋਟ ਕਰ ਲਓ। 3005, 29-4.

## ਆਪਣੇ ਪਾਪਾ ਦੀ ਯਾਦ ਵਿੱਚ

**- ਸੋਨਿਕਾ ਸਿੰਘ (ਬੇਟੀ)**

ਉਮਰਾਂ ਦੇ ਲੰਮੇਂ ਪੈਂਡੇ
ਯਾਦਾਂ ਨਾਲ ਹੀ ਵਿਸਰ ਜਾਂਦੇ ਨੇ
ਦੁੱਖ-ਸੁੱਖ ਕਹਿੰਦੇ ਸਹਿੰਦੇ
ਸਭ ਵਾਰੀ-ਵਾਰੀ ਵਿਛੜ ਜਾਂਦੇ ਨੇ।
ਬਚਪਨ ਬੜਾ ਹੀ ਅਨਮੋਲ ਸੀ
ਮਾਂ, ਪਿਓ, ਭੈਣ, ਭਰਾ
ਸਭ ਆਪਣੇ ਹੀ ਕੋਲ ਸੀ
ਬਚਪਨ ਚਲਾ ਗਿਆ, ਉਹ ਘਰ ਵੀ ਚਲਾ ਗਿਆ
ਤੇ ਨਾਲ ਹੀ ਸੱਧਰਾਂ, ਜ਼ਿੱਦ ਤੇ ਕੁੱਟ ਦਾ ਵੇਲਾ ਵੀ ਚਲਾ ਗਿਆ
ਸੱਧਰਾਂ ਭਾਵੇਂ ਗਰੀਬ ਸੀ, ਪਰ ਦਿਲ ਬਹੁਤ ਅਮੀਰ ਸੀ
ਪਿਤਾ ਦਾ ਘਰ ਆਪਣਾ ਅਸਮਾਨ, ਆਪਣੀ ਜ਼ਮੀਨ ਸੀ
ਧੀਆਂ ਦੀ ਕੋਈ ਚਾਹ ਨਹੀਂ ਹੁੰਦੀ
ਫਿਰ ਵੀ ਪੇਕਿਆਂ ਵਲੋਂ ਕੋਈ ਨਾਂਹ ਨਹੀਂ ਹੁੰਦੀ
ਪਿਤਾ ਮੇਰੇ ਦਾ ਸਾਇਆ ਸਿਰ 'ਤੇ
ਵਾਂਗ ਅੰਬਰਾਂ ਖਲੋਤਾ ਸੀ
ਬਾਕੀ ਸਭ ਵੀ ਨਾਲ ਸੀ ਮੇਰੇ
ਪਰ ਜਾਪਦਾ ਹਰ ਰਿਸ਼ਤਾ ਛੋਟਾ ਸੀ
ਪਿਤਾ ਦੀ ਉਂਗਲ ਫੜ ਮੈਂ ਤੁਰਨਾ ਸਿੱਖਿਆ ਸੀ
ਅੱਗੇ ਹੀ ਵੱਧਣਾ ਬਸ ਇਹੀ ਟੀਚਾ ਮਿੱਥਿਆ ਸੀ
ਅੰਬਰ ਵਰਗਾ ਸਾਇਆ ਸਿਰ ਤੋਂ ਉੱਠ ਗਿਆ
ਮੇਰੇ ਲਈ ਮੇਰੀ ਧਰਤੀ ਮੇਰਾ ਅੰਬਰ ਹੀ ਰੁੱਸ ਗਿਆ
ਰੁੱਸਿਆ ਜਹਾਨ ਸਾਰਾ, ਜਗ ਵੀ ਪਰਾਇਆ ਏ
ਪੀੜਾਂ ਨਾਲ ਹੀ ਜੀਣਾ ਹੋਇਆ, ਹੁਣ ਯਾਦਾਂ ਹੀ ਸਰਮਾਇਆ ਏ
ਬਸ ਯਾਦਾਂ ਹੀ ਸਰਮਾਇਆ ਏ...



**ਪ੍ਰੇਮ ਗੋਰਖੀ**


**ਸੋਨਿਕਾ ਸਿੰਘ**

# ਦਿਆਨਤਦਾਰ ਤੇ ਸਿਰੜੀ ਮਨੁੱਖ ਪ੍ਰੇਮ ਗੋਰਖੀ

**- ਮਲੂਕ ਚੰਦ ਕਲੇਰ (ਪ੍ਰਿੰ.)**

ਜਿਥੋਂ ਤੱਕ ਮੈਨੂੰ ਯਾਦ ਹੈ ਇਹ ਗੱਲ ਸਾਲ 1993 ਦੀ ਹੈ। ਆਲ ਇੰਡੀਆਂ ਰੇਡੀਓ ਜਲੰਧਰ ਵਿਖੇ ਸਕੂਲ ਪ੍ਰਸਾਰਣ ਪ੍ਰੋਗਰਾਮ ਵਿੱਚ ਮੈਂ ਆਪਣੀ ਰਿਕਾਰਡਿੰਗ ਕਰਾਉਣ ਗਿਆ ਸੀ। ਪ੍ਰੋਗਰਾਮ ਦੀ ਰਿਕਾਰਡਿੰਗ ਕਰਦਿਆਂ ਚੈਨ ਸਿੰਘ ਅਟਵਾਲ ਨੇ ਮੈਨੂੰ ਦੱਸਿਆ ਕਿ ਅੱਜ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਪ੍ਰੇਮ ਗੋਰਖੀ ਨੇ ਵੀ ਆਪਣੀ ਕਹਾਣੀ ਰਿਕਾਰਡਿੰਗ ਕਰਾਉਣ ਆਉਣਾ ਹੈ। ਤੁਹਾਨੂੰ ਗੋਰਖੀ ਨਾਲ ਮਿਲਾਉਂਦਾ ਹਾਂ। ਸੋ ਉਹ ਸਮੇਂ ਸਿਰ ਆ ਗਿਆ। ਮੈਨੂੰ ਬੜੀ ਅਪਣੱਤ ਨਾਲ ਮਿਲਿਆ। ਅਸੀਂ ਤਿੰਨਾਂ ਨੇ ਕੁਝ ਸਮਾਂ ਗੁਜਾਰਿਆ। ਉਸ ਦਿਨ ਗੋਰਖੀ ਨੇ ਆਪਣੀ ਨਵੀਂ ਕਹਾਣੀ 'ਜੜ੍ਹ' ਦੀ ਰਿਕਾਡਿੰਗ ਕਰਵਾਈ ਸੀ। ਅਸੀਂ ਰਲ਼ ਕੇ ਚਾਹ ਪੀਤੀ ਅਤੇ ਉਹ ਜਲੰਧਰ ਆਪਣੇ ਜੱਦੀ ਘਰ ਲਾਡੋਵਾਲੀ ਰੋਡ ਚਲੇ ਗਿਆ।

ਫਿਰ ਇਕ ਦਿਨ ਅਖ਼ਬਾਰ ਵਿੱਚ ਪੜ੍ਹਿਆ ਕਿ ਕਹਾਣੀਕਾਰ ਪ੍ਰੇਮ ਗੋਰਖੀ ਨੂੰ ਪਿੰਡ ਚਾਨੀਆਂ ਤਹਿਸੀਲ ਨਕੋਦਰ, ਜਲੰਧਰ ਵਿਖੇ ਸਨਮਾਨਿਤ ਕੀਤਾ ਜਾ ਰਿਹਾ ਹੈ। ਪਿੰਡ ਚਾਨੀਆਂ ਤੋਂ ਪੂਰਨ ਸਿੰਘ ਚਾਨੀਆਂ ਦੂਰਦਰਸ਼ਨ ਕੇਂਦਰ ਜਲੰਧਰ ਵਿਖੇ 'ਮੇਰਾ ਪਿੰਡ ਮੇਰਾ ਖੇਤ' ਪ੍ਰੋਗਰਾਮ ਵਿਚ ਸਰਗਰਮ ਸਨ। ਇਹ ਸਨਮਾਨ ਸਮਰੋਹ ਉਸ ਵਲੋਂ ਉਲੀਕਿਆ ਗਿਆ ਸੀ। ਪ੍ਰੇਮ ਗੋਰਖੀ ਉਸ ਸਮੇਂ 'ਪੰਜਾਬੀ ਟ੍ਰਿਬਿਊਨ' ਵਿਖੇ ਮੁਲਾਜ਼ਮ ਸੀ। ਖ਼ਬਰ ਪੜ੍ਹ ਕੇ ਮੇਰੇ ਮਨ ਅੰਦਰ ਫਿਰ ਗੋਰਖੀ ਨੂੰ ਮਿਲਣ ਦੀ ਉਤਸੁਕਤਾ ਜਾਗ ਪਈ। ਹਰਮੇਸ਼ ਲਾਲ ਅੰਤਰਰਾਸ਼ਟਰੀ ਕੋਚ ਰੱਸਾ-ਕਸੀ ਨੂੰ ਨਾਲ ਲੈ ਕੇ ਮੈਂ ਚਾਨੀਆਂ ਪਹੁੰਚ ਗਿਆ। ਉੱਥੇ ਕਰਨੈਲ ਸਿੰਘ ਨਿੱਝਰ ਵੀ ਹਾਜ਼ਰ ਸੀ।

ਪ੍ਰੇਮ ਗੋਰਖੀ ਨੇ ਆਪਣੀਆਂ ਨਿੱਜੀ ਅਤੇ ਸਾਹਿਤਕ ਯਾਦਾਂ ਸਰੋਤਿਆ ਨਾਲ ਸਾਂਝੀਆਂ ਕੀਤੀਆਂ। ਉਸ ਨੇ 'ਗ਼ੈਰ ਹਾਜਿਰ ਆਦਮੀ' ਦਾ ਜ਼ਿਕਰ ਉਚੇਚੇ ਤੌਰ ਤੇ ਕੀਤਾ। ਉਸ ਦੀਆਂ ਗੱਲਾਂ ਵਿਚ ਬੜੀ ਸਹਿਜਤਾ ਸੀ। ਹਰ ਘਟਨਾ ਨੂੰ ਉਹ ਨਿਰਉਚੇਚ ਨਾਲ ਬਿਆਨ ਕਰਦਾ ਸੀ। ਉਸ ਤੋਂ ਉਪਰੰਤ ਮੇਰੇ ਮਨ ਵਿਚ 'ਗ਼ੈਰ ਹਾਜ਼ਿਰ ਆਦਮੀ' ਸਵੈ ਜੀਵਨੀ ਪੜ੍ਹਨ ਦੀ ਉਤਸੁਕਤਾ ਜਾਗੀ ਤੇ ਮੈਂ ਪੜ੍ਹ ਕੇ ਗੋਰਖੀ ਨੂੰ ਹੋਰ ਨੇੜੇ ਤੋਂ ਜਾਣ ਸਕਿਆ।

ਉਦੋਂ ਗੋਰਖੀ ਨੂੰ ਮੈਂ ਇਕ ਲੰਮੀ ਚਿੱਠੀ ਲਿਖੀ। ਜਿਸ ਵਿਚ ਮੈਂ ਵੀ ਆਪਣੀ ਲਿਖੀ ਸਵੈ ਜੀਵਨੀ ਬਾਰੇ ਜ਼ਿਕਰ ਕੀਤਾ। 11 ਜੁਲਾਈ, 97 ਨੂੰ ਗੋਰਖੀ ਵਲੋਂ ਲਿਖਿਆ ਖ਼ਤ ਮਿਲਿਆ... ਕਿ ਜਦੋਂ ਦੇ ਤੁਸੀਂ ਰੇਡਿਓ ਸਟੇਸ਼ਨ ਮੈਨੂੰ ਮਿਲੇ ਸੀ ਮੈਨੂੰ ਤੁਸੀਂ ਭੁੱਲੇ ਨਹੀਂ ਹੋ। ਤੇ ਨਾਲੇ ਮੇਰੀ ਲਿਖਣ ਸ਼ੈਲੀ ਬਾਰੇ ਵੀ ਕੁੱਝ ਨੁਕਤੇ ਸਾਂਝੇ ਕੀਤੇ। ਗੋਰਖੀ ਵਲੋਂ 4 ਮਾਰਚ, 2008 ਨੂੰ ਲਿਖੀ ਹੋਈ ਦੂਜੀ ਲੰਮੀ ਚਿੱਠੀ ਮਿਲੀ। ਤੀਜੀ ਵਾਰ ਗੋਰਖੀ ਨਾਲ ਮੇਰਾ ਮੇਲ ਫਗਵਾੜਾ ਵਿਖੇ ਹੋਇਆ। ਫਿਰ ਮੈਂ ਗੋਰਖੀ ਨੂੰ ਆਪਣੇ ਪਿੰਡ ਸਰਹਾਲੀ ਜਲੰਧਰ ਲੈ ਕੇ ਆਇਆ। ਆਪਣੇ ਘਰ ਬੀਜੇ 'ਕਨੇਰ' ਦੇ ਮਣਾ ਮੂੰਹੀ ਫੁੱਲਾਂ ਲੱਦੇ ਬੂਟੇ ਹੇਠ ਇਕ ਯਾਦਗਾਰੀ ਤਸਵੀਰ ਵੀ ਖਿਚਵਾਈ। ਇਸ ਸਾਹਿਤਕ ਮਿਲਣੀ ਵਿੱਚ ਹਾੜ੍ਹ ਮਹੀਨੇ ਦੀ ਤਿੱਖੜ ਦੁਪਹਿਰ ਦਾ ਖ਼ੂਬ ਆਨੰਦ ਮਾਣਿਆ। ਫਿਰ ਜਦੋਂ ਆਪਣੀ ਸਵੈ ਜੀਵਨੀ 'ਕੋਰੇ ਘੜੇ ਦਾ ਪਾਣੀ' ਦੇ ਕੁਝ ਕਾਂਡ ਸੁਣਾਉਣ ਗੋਰਖੀ ਦੇ ਘਰ ਲਾਡੋਵਾਲੀ ਜਲੰਧਰ ਗਿਆ। ਇਸ ਸਵੈ ਜੀਵਨੀ ਅਤੇ 'ਸੂਰਜ ਉੱਗ ਪਿਆ' ਦੇ ਮੁੱਖ ਬੰਦ ਗੋਰਖੀ ਨੇ ਲਿਖੇ। ਉਸ ਦੇ ਦੋ ਮਹੱਤਵਪੂਰਨ ਖ਼ਤ ਤੁਹਾਡੇ ਲਈ ਹਾਜ਼ਰ ਹੈ-

ਪਿਆਰੇ ਮਲੂਕ ਚੰਦ ਜੀ 11 ਜੁਲਾਈ, 97

ਤੁਹਾਡਾ ਖ਼ਤ ਕਈ ਦਿਨ ਪਹਿਲਾਂ ਮਿਲ ਗਿਆ ਸੀ। ਘਰੇਲੂ ਦੌੜ-ਭੱਜ ਕਰਕੇ ਮੈਂ ਛੇਤੀ ਜਵਾਬ

ਨਹੀਂ ਦੇ ਸਕਿਆ। ਤੁਹਾਡਾ ਖ਼ਤ ਬਹੁਤ ਸੋਹਣਾ ਹੈ। ਪਰ ਇਸ ਦੇ ਮੁਕਾਬਲੇ ਤੁਹਾਡੀ ਰਚਨਾ ਕਾਫੀ ਢਿੱਲੀ ਹੈ। ਇਸ ਦੀ ਸ਼ੈਲੀ ਅਤੇ ਵਿਚਾਰਾਂ ਨੂੰ ਪਕਰੋੜ ਢੰਗ ਨਾਲ ਪੇਸ਼ ਕਰਨ ਦੀ ਜੁਗਤ ਅਜੇ ਤੁਸੀਂ ਪੂਰੀ ਤਰ੍ਹਾਂ ਸਿੱਖਣੀ ਹੈ। ਖਾਸ ਕਰਕੇ ਗੰਭੀਰ ਲੇਖਣੀ ਲਈ ਅਜਿਹੀ ਪਕਰੌੜਤਾ ਜ਼ਰੂਰੀ ਹੈ।

**-ਪ੍ਰੇਮ ਗੋਰਖੀ**

ਪਿਆਰੇ ਕਲੇਰ ਜੀ 9.3.2008

ਮੇਰਾ ਇਹ ਰੋਜ਼ਾਨਾ ਦਾ ਕਾਰਜ ਹੀ ਬਣ ਗਿਆ ਹੈ, ਖਾਸ ਕਰਕੇ ਪਿਛਲੇ ਦਸੰਬਰ ਦੇ ਅੰਤਲੇ ਦਿਨਾਂ ਤੋਂ ਕਿ ਮੈਂ ਕਦੇ ਕਦੇ ਢਾਈ ਵਜੇ, ਕਦੇ ਸਾਢੇ ਤਿੰਨ ਵਜੇ ਉੱਠ ਕੇ ਬੈਠ ਹੀ ਜਾਂਦਾ ਹਾਂ। ਇਹ ਕਾਰਜ ਆਰੰਭ ਹੋਇਆ ਹੈ ਜਦੋਂ ਦਾ ਮੈਂ ਚੰਡੀਗੜ੍ਹ ਤੋਂ ਦੂਰ ਅੰਬਾਲਾ ਰੋਡ ਤੇ ਵਸ ਰਹੇ ਇਲਾਕੇ ਜ਼ੀਰਕਪੁਰ ਵਿਚ ਆਇਆ ਹਾਂ। ਉੱਠਦਾ ਮੈਂ ਆਪਣੇ ਪੁੱਤਰ ਕਰਕੇ ਹਾਂ। ਕਿਉਂਕਿ ਉਹ ਰਾਤੀਂ ਸਾਢੇ ਅੱਠ ਵਜੇ ਦਾ ਕੰਮ ਤੇ ਗਿਆ ਸਵੇਰੇ ਪੰਜ ਵਜੇ ਆਉਂਦਾ ਹੈ। ਉਹਦੀ ਸਹੂਲਤ ਜਾਂ ਕਹਿ ਸਕਦੇ ਹੋ ਦਰਵਾਜ਼ਾ ਖੋਲ੍ਹਣ ਲਈ ਮੈਨੂੰ ਉਪਰੋਂ ਹੇਠਾ ਡਰਾਇੰਗ ਰੂਮ ਵਿਚ ਆਉਣਾ ਪੈਂਦਾ ਹੈ। ਬਹੁਤੀ ਠੰਡ ਵਿਚ ਉਹਨੂੰ ਚਾਹ ਵੀ ਬਣਾ ਕੇ ਦਿੰਦਾ ਰਿਹਾ ਹਾਂ, ਅੱਜ ਕੱਲ੍ਹ ਉਹਨੇ ਬੰਦ ਕਰ ਦਿੱਤੀ ਹੈ। ਮੈਂ ਕਿਉਂਕਿ ਤੜਕੇ ਜਾਂ ਕਹਿ ਸਕਦੇ ਹੋ ਅੱਧੀ ਰਾਤੀਂ ਉੱਠਣਾ ਹੁੰਦਾ ਹੈ, ਇਸ ਲਈ ਉਸ ਸਮੇਂ ਨੂੰ ਮੈਂ ਆਪਣੇ ਪੜ੍ਹਨ ਲਈ ਲਿਖਣ ਲਈ ਵਰਤ ਲੈਂਦਾ ਹਾਂ। ਟ੍ਰਿਬਿਊਨ ਕਲੋਨੀ ਵਿਚ ਰਹਿੰਦਿਆਂ, ਉੱਠਣਾ ਉਦੋਂ ਵੀ ਮੈਂ ਸਵੇਰੇ ਸਵੱਖਤੇ ਹੀ ਹੁੰਦਾ, ਪਰ ਅੱਜ ਕੱਲ੍ਹ ਵਾਂਗ ਨਹੀਂ। ਉਥੇ ਮੈਂ ਸਾਢੇ ਚਾਰ ਵਜੇ, ਪੰਜ ਵਜੇ ਉੱਠਦਾ। ਤੇ ਅੱਜ ਜਦੋਂ ਮੈਂ ਉੱਠਿਆ ਤਾਂ ਚਾਹ ਬਣਾਉਂਦੇ ਨੂੰ ਬੱਤੀ ਚਲੀ ਗਈ। ਫਿਰ ਮੈਂ 'ਰੂਬਰੂ' ਪੜ੍ਹਨ ਲੱਗ ਪਿਆ। ਪਹਿਲਾਂ ਤੁਹਾਡੀ ਲਿਖਤ ਪੜ੍ਹੀ ਤੇ ਫਿਰ ਕਈ ਹੋਰ ਲਿਖਤਾਂ ਪੜ੍ਹੀਆਂ। ਇਥੇ ਬੱਤੀ ਜਾਂਦੀ ਹੀ ਰਹਿੰਦੀ ਹੈ ਤੇ ਪਤਾ ਨਹੀਂ ਹੁੰਦਾ ਕਦੋਂ ਚਲੀ ਜਾਵੇ ਇਸ ਲਈ ਮੇਰੇ ਟੇਬਲ ਉੱਤੇ ਮੋਮਬੱਤੀ ਤੇ ਮਾਚਸ ਤਿਆਰ ਹੁੰਦੀ ਹੈ। ਚਾਹ ਪੀਂਦਿਆਂ ਮੈਂ 'ਰੂ ਬਰੂ' ਦਾ ਕਾਫੀ ਹਿੱਸਾ ਪੜ੍ਹ ਲਿਆ, ਫਿਰ ਤੁਹਾਡਾ ਖ਼ਤ ਦੁਬਾਰਾ ਪੜ੍ਹਨ ਲੱਗ ਪਿਆ। ਪੂਰੇ ਅਠਤਾਲੀ ਮਿੰਟ ਬਾਅਦ ਪੱਤੀ ਆਈ ਤੇ ਫਿਰ ਮੈਂ ਤੁਹਾਨੂੰ ਖ਼ਤ ਲਿਖਣ ਬਹਿ ਗਿਆ।

ਤੁਹਾਡਾ ਖ਼ਤ ਬੜਾ ਸਧਾਰਨ, ਬਿਲਕੁਲ ਫੋਨ ਤੇ ਕੀਤੀ ਤੁਹਾਡੀ ਗੱਲਬਾਤ ਵਰਗਾ ਹੈ। ਤੁਹਾਡੇ ਖ਼ਤ ਤੋਂ ਬਾਅਦ ਮੈਂ ਉਦੋਂ ਐਵੇਂ ਤੁਹਾਡੇ ਵਿਅਕਤੀਤਵ ਬਾਰੇ ਸੋਚ ਰਿਹਾ ਸੀ ਤਾਂ ਪਤਨੀ ਰਸੋਈ ਤੋਂ ਵਿਹਲੀ ਹੋ ਕੇ ਸੌਣ ਲਈ ਉਪਰ ਆਈ ਤਾਂ ਮੇਰੇ ਹੱਥ ਵਿਚ ਖ਼ਤ ਉਪਰ ਮੋਟੇ ਅੱਖਰਾਂ ਵਿਚ ਤੁਹਾਡੇ ਸਕੂਲ ਦਾ ਨਾਂ ਪੜ੍ਹ ਕੇ ਕਹਿੰਦੀ, "ਲੋਕਾਂ ਨੂੰ ਪਤਾ ਨਹੀਂ ਬਈ ਤੁਸੀਂ ਰਿਟਾਇਰ ਹੋ ਗਏ ਓ, ਅਜੇ ਵੀ ਖ਼ਬਰਾਂ ਭੇਜ ਦਿੰਦੇ ਆ।" ਫਿਰ ਮੈਂ ਤੁਹਾਡਾ ਖ਼ਤ ਉਹਨੂੰ ਪੜ੍ਹਨ ਲਈ ਦੇ ਦਿੱਤਾ। ਉਹ ਭਾਵੁਕ ਹੋ ਗਈ ਤੇ ਫਿਰ ਆਪਣੇ ਨਾਂ ਨਾਲ ਜੁੜੀ ਗੱਲ ਪੜ੍ਹ ਕੇ ਹੱਸ ਪਈ ਤੇ ਕਹਿੰਦੀ "ਕਮਾਲ ਆ... ਮੈਨੂੰ ਤਾਂ ਪੇਕਿਆਂ ਦੇ ਘਰੀਂ ਰੱਖਿਆ ਨਾਂ ਭੁੱਲ ਈ ਗਿਆ ਸੀ...।' ਫਿਰ ਉਹਨੇ ਗੱਲਾਂ ਕਰਦੀ ਨੇ ਆਪਣੀਆਂ ਸਹੇਲੀਆਂ ਦਾ ਜ਼ਿਕਰ ਛੇੜ ਲਿਆ ਤੇ ਦੱਸਿਆ ਕਿ ਕਾਂਤੀ ਮੈਨੂੰ ਸੱਤੀ ਕਹਿੰਦੀ ਸੀ।

ਤੁਹਾਡਾ ਖ਼ਤ ਬੜਾ ਪਿਆਰਾ ਹੈ। ਬਹੁਤ ਸਾਰੀਆਂ ਗੱਲਾਂ ਦਾ ਮੈਨੂੰ ਪਤਾ ਲੱਗਾ। ਤੁਹਾਡੇ ਮਿਹਨਤੀ, ਸਿਰੜੀ ਤੇ ਹੱਠੀ ਹੋਣ ਬਾਰੇ। ਮੈਨੂੰ ਕਿਸੇ ਵੀ ਮਨੁੱਖ ਵਿਚ ਸ਼ਾਮਲ ਗੱਲਾਂ ਨੇ ਹਮੇਸ਼ਾਂ ਮੈਨੂੰ ਪ੍ਰਭਾਵਿਤ ਕੀਤਾ ਹੈ।

ਤੁਸੀਂ ਜਦੋਂ ਵੀ ਜੀਵਨੀ ਨੂੰ ਕਿਤਾਬੀ ਰੂਪ ਦਿਓਂਗੇ, ਜ਼ਰੂਰ ਉਹ ਲਿਖਤ ਪ੍ਰਭਾਵਸ਼ਾਲੀ ਬਣੇਗੀ। ਦਰਅਸਲ ਬਹੁਤੇ ਪੜ੍ਹੇ ਲਿਖੇ ਗਿਆਨਵਾਨ ਲੋਕਾਂ ਨੇ ਸਾਡੇ ਵਰਗੀ ਜ਼ਿੰਦਗੀ ਜੀਵੀ ਤਾਂ ਇਸ ਪਾਸੇ ਦੇਖੀ ਵੀ ਨਹੀਂ ਹੁੰਦੀ। ਸੋ ਇਨ੍ਹਾਂ ਲੋਕਾਂ ਲਈ ਅਸੀਂ ਇਕ ਅਜੂਬਾ, ਇਕ ਡੰਗਰ ਵੱਛਾ ਜਿਹਾ ਜੀਵਨ ਗੁਜ਼ਾਰਨ ਵਾਲੇ ਬਣ ਕੇ ਰਹਿ ਜਾਂਦੇ ਹਾਂ। ਜਦੋਂ ਇਹ ਲੋਕ ਸਾਡਾ ਜੀਵਨ ਵੇਖਦੇ ਹਨ ਤਾਂ ਹੈਰਾਨ ਹੁੰਦੇ



**ਮਲੂਕ ਚੰਦ ਕਲੇਰ ਪ੍ਰੇਮ ਗੋਰਖੀ ਨਾਲ**

ਹਨ, ਸਗੋਂ ਬਹੁਤ ਪ੍ਰਭਾਵਤ ਵੀ ਹੁੰਦੇ ਹਨ। ਜਦੋਂ ਮੈਂ ਸ਼ੁਰੂ ਸ਼ੁਰੂ ਵਿਚ ਕੁਝ ਘਟਨਾਵਾਂ ਐਵੇਂ ਅੰਮ੍ਰਿਤਾ ਪ੍ਰੀਤਮ ਹੋਰਾਂ ਕੋਲ ਬੈਠਿਆਂ ਗੱਲਬਾਤ ਕਰਦਿਆਂ ਸੁਣਾਈਆਂ ਤਾਂ ਉਹ ਹਿੱਲ ਗਏ। ਫਿਰ ਜਦੋਂ ਪਹਿਲਾ ਟੀ ਵੀ ਪ੍ਰੋਗਰਾਮ ਰਿਕਾਰਡ ਕਰਨਾ ਸੀ ਤੇ ਅੰਮ੍ਰਿਤਸਰ ਸਟੇਸ਼ਨ ਸ਼ੁਰੂ ਹੋਣਾ ਸੀ ਤਾਂ ਮੈਨੂੰ ਉਨ੍ਹਾਂ ਗੱਲਾਂ ਕਰਕੇ ਤੇ ਕੁਝ ਕਹਾਣੀਆਂ ਲਿਖਣ ਕਰਕੇ ਅੰਮ੍ਰਿਤਾ ਹੋਰੀਂ ਫੋਨ ਕਰਕੇ ਦਿੱਲੀ ਸੱਦਿਆ। ਫਿਰ ਹੌਲੀ ਹੌਲੀ ਉਨ੍ਹੀਂ ਮੈਨੂੰ ਸਵੈ ਜੀਵਨੀ ਲਿਖਣ ਲਈ ਮਨਾ ਲਿਆ ਕਿ ਤੂੰ ਜੋ ਹੋਈਆਂ ਬੀਤੀਆਂ ਹਨ ਮੈਨੂੰ ਹਰ ਮਹੀਨੇ ਛਾਪਣ ਲਈ ਭੇਜੀ ਚੱਲ। ਤੇ ਇਉਂ ਮੈਂ ਤਿੰਨ ਜਾਂ ਚਾਰ ਸਾਲ ਲਗਾਤਾਰ ਲਿਖਦਾ ਰਿਹਾ ਤੇ ਬੜੀ ਚਰਚਾ ਹੋਈ ਤੇ ਫਿਰ ਕਿਤਾਬ ਵੀ ਦਿੱਲੀ ਤੋਂ ਹੀ ਛਪਵਾ ਕੇ ਦਿੱਤੀ। 'ਨਾਗਮਣੀ' ' ਚ ਛਪਣ ਕਰਕੇ ਹੀ ਮੈਨੂੰ ਤਿੰਨ ਵਾਰ 'ਨਾਗਮਣੀ' ਐਵਾਰਡ ਮਿਲਿਆ।

ਖ਼ੈਰ ਹੁਣ ਗੱਲ ਕਰਦੇ ਹਾਂ 'ਰੂ ਬ ਰੂ' ਵਿਚ ਛਪੀ ਤੁਹਾਡੀ ਲਿਖਤ ਬਾਰੇ। ਮੈਨੂੰ ਇਉਂ ਲੱਗਿਆ ਕਿ ਇਹ ਜੀਵਨ ਦੀਆਂ ਇਕ ਦੋ ਘਟਨਾਵਾਂ ਲਿਖਣ ਨਾਲ ਹੀ ਕਲੇਰ ਹੋਰੀਂ ਹੰਭ ਗਏ ਹੋਣ ਤੇ ਤੁਸੀਂ ਇਹ ਦਸ ਦਿੱਤਾ ਕਿ ਅੱਜ ਮੇਰੀ ਉਮਰ ਪੰਜਾਹ ਸਾਲ ਤੋਂ ਉਪਰ ਹੋ ਗਈ ਹੈ। ਮੇਰਾ ਖਿਆਲ ਇਹ ਗੱਲ ਲਿਖਣ ਦੀ ਕੋਈ ਲੋੜ ਨਹੀਂ ਸੀ। ਤੁਸੀਂ ਭਲਾ ਇਹ ਗੱਲ ਕਿਉਂ ਲਿਖ ਰਹੇ ਹੋ?

ਹੋਰ ਬਹੁਤੀਆਂ ਗੱਲਾਂ ਕੀ ਕਰੀਏ। ਹੌਲੀ ਹੌਲੀ ਹੁੰਦੀਆਂ ਰਹਿਣਗੀਆਂ। ਤੁਸੀਂ ਫਗਵਾੜੇ ਤੋਂ ਨਕੋਦਰ ਤਕ ਬਣਨ ਵਾਲੀ ਸੜਕ ਦਾ ਜ਼ਿਕਰ ਛੋਹ ਕੇ ਆਪਣੇ ਨਾਲ ਜੁੜੀ ਬੰਗਲੇ ਵਾਲੀ ਘਟਨਾ ਨੂੰ ਵਧੀਆ ਰੰਗ ਦਿੱਤਾ ਹੈ। ਜੇ ਮੈਂ ਇਸ ਤਰ੍ਹਾਂ ਦੀ ਘਟਨਾ ਨੂੰ ਲਿਖਣਾ ਹੁੰਦਾ ਤਾਂ ਹੋਰ ਰੰਗ 'ਚ ਪੇਸ਼ ਕਰਦਾ। ਤੁਹਾਡਾ ਰੰਗ ਵੀ ਵਧੀਆ ਹੈ ਪਰ ਕਾਹਲੀ ਵਿਚ ਨਿਬੇੜ ਦਿੱਤਾ।

**-ਤੁਹਾਡਾ ਪ੍ਰੇਮ ਗੋਰਖੀ**







# ਪ੍ਰੇਮ ਗੋਰਖੀ

# ਸਵੈ-ਕਥਨ

# ਧੁਖਦੀ ਧੂਣੀ ਫਰੋਲਣੀ ਪਈ / - ਪ੍ਰੇਮ ਗੋਰਖੀ

ਮੇਰਾ ਭਾਈਆ ਸਫ਼ੈਦੀ ਕਰਨ ਵਿਚ ਆਪਣੇ ਆਪ ਨੂੰ ਬਹੁਤ ਮਾਹਰ ਸਮਝਦਾ ਸੀ। ਉਹਨੇ ਕੋਠੀ ਨੂੰ ਰੂਹ ਨਾਲ ਸਫ਼ੈਦੀ ਕਰਨੀ। ਸਾਡੇ ਕੋਲੋਂ ਘਰ ਮੁੰਜ ਕੁਟਾ ਕੁਟਾ ਕੇ ਮੁਲਾਇਮ ਕਰਾ ਕੇ ਕੂਚੀਆਂ ਆਪ ਬੰਨ੍ਹਣੀਆਂ। ਸਾਨੂੰ ਦੋਹਾਂ ਭਰਾਵਾਂ ਨੂੰ ਉਹ ਖੜ੍ਹੇ ਦਾਂ, ਲੰਮੇ ਦਾਂ, ਖੂੰਜੇ ਵਿਚ, ਮੱਥੇ ਨੂੰ ਤੇ ਛੱਤ 'ਤੇ ਕਿੱਦਾਂ ਕੂਚੀ ਮਾਰਨੀ ਹੈ, ਉਹ ਦਸਦਾ ਹੁੰਦਾ ਸੀ। ਫਿਰ ਆਪ ਚੂਨਾ ਬਜ਼ਾਰੋਂ ਲਿਆ ਕੇ ਰਾਤ ਨੂੰ ਭੇਣਾ। ਜਦੋਂ ਕੋਠੀ ਨੂੰ ਸਫੈਦੀ ਕਰ ਦੇਣੀ ਤਾਂ ਦੂਰ ਖੜ੍ਹੇ ਹੋ ਕੇ, ਖੁਸ਼ੀ ਵਿਚ ਕੋਠੀ ਵੱਲ ਦੇਖ ਕੇ ਮਾਲਕ ਨੂੰ ਕਹਿਣਾ, "ਹੁਣ ਦੇਖੋ ਜੀ, ਕਰਦੀ ਆ ਨਾ ਗੱਲਾਂ ਕੋਠੀ।" ਜਦੋਂ ਕਿਸੇ ਮਾਲਕ ਨੇ ਖੁਸ਼ ਨਾ ਹੋਣਾ, ਜਾਂ ਮੂਲੋਂ ਹੀ ਮੂੰਹੋਂ ਨਾ ਫੁਟਣਾ ਤਾਂ ਭਾਈਏ ਨੇ ਉਹਤੋਂ ਪਰ੍ਹੇ ਹੋ ਕੇ ਉਹਨੂੰ ਗਾਲ੍ਹਾਂ ਦੇਣ ਲੱਗ ਪੈਣਾਂ, ਹੈ ਕੰਜਰ ਦਾ ਪੁੱਤ... ਉਏ ਜਾਨ ਮਾਰ ਕੇ ਕੰਮ ਕੀਤਾ... ਫੇਟਾ ਪੈਨਿਆਂ ਦੋ ਬੋਲ ਤਾਂ ਮੂੰਹੋਂ ਬੋਲ ਦੇ... ਮਜੂਰ ਦੇ ਕੀਤੇ ਕੰਮ ਦੀ ਸਿਫ਼ਤ ਕਰ ਦੇਈਏ ਤਾਂ ਉਹਦਾ ਸਾਰਾ ਥਕੇਵਾਂ ਲਹਿ ਜਾਂਦਾ...।" ਉਹ ਕਿਹਾ ਕਰਦਾ।

ਪਰ ਮੈਂ ਜਦੋਂ ਕਹਾਣੀ ਲਿਖਣ ਲੱਗਾ ਤਾਂ ਛਪਣ ਬਾਅਦ ਮੈਨੂੰ ਕੋਈ ਭੁੱਖ ਨਹੀਂ ਸੀ ਕਿ ਮੇਰੀ ਕੋਈ ਸਿਫ਼ਤ ਕਰੇ ਜਾਂ ਮੈਨੂੰ ਲਭਦਾ ਫਿਰੇ। ਮੈਨੂੰ ਬਹੁਤ ਸੰਗ ਲਗਦੀ ਕਿਉਂਕਿ ਮੇਰੇ ਅੰਦਰ ਦੋ ਤਰ੍ਹਾਂ ਦੀ ਹੀਣ ਭਾਵਨਾ ਸੀ। ਇਕ ਘੱਟ ਪੜ੍ਹੇ ਹੋਣ ਦੀ ਤੇ ਦੂਜੀ ਹੇਠਲੀ ਜਾਤ 'ਚੋਂ ਹੋਣ ਕਰਕੇ। ਮੈਂ ਦੋਹਾਂ ਚੀਜ਼ਾਂ ਤੋਂ ਹੀ ਡਰਦਾ ਕਿ ਜਦੋਂ ਇਨ੍ਹਾਂ ਨੂੰ ਦੋਹਾਂ ਗੱਲਾਂ ਦਾ ਪਤਾ ਲੱਗਾ ਤਾਂ ਇਹ 'ਵਿਦਵਾਨ' ਲੋਕ ਮੇਰਾ ਮਜ਼ਾਕ ਉਡਾਉਣਗੇ। ਇਸੇ ਕਰਕੇ ਮੈਂ ਜਲੰਧਰ 'ਚ ਹੋਣ ਵਾਲੇ ਬਹੁਤੇ ਸਾਹਿਤਕ ਸਮਾਗਮਾਂ 'ਚ ਜਾਂਦਾ ਨਾ। ਜੇ ਜਾਂਦਾ ਤਾਂ ਆਪਣੇ ਜਿਹੇ ਰਛਪਾਲ ਬੱਧਣ ਜਾਂ ਸਤਨਾਮ ਚਾਨਾ ਵਰਗਿਆਂ ਕੋਲ। ਉਥੇ ਵੀ ਮੈਨੂੰ ਹਰਚੰਦ ਵਿਰਕ ਲੈ ਕੇ ਜਾਂਦਾ। ਵਿਰਕ ਕੋਲੋਂ ਮੈਂ ਪੰਜ ਸਾਲ ਸੰਗਦਾ ਰਿਹਾ, ਕਦੇ ਉਹਨੂੰ ਘਰ ਲਿਆ ਕੇ ਚਾਹ ਵੀ ਨਾ ਪਿਆਈ... ਉਹ ਵਿਰਕ ਜੁ ਸੀ। ਹਾਲਾਂ ਕਿ ਉਹ ਮੇਰੇ ਮੁਹੱਲੇ ਵਿਚ ਹੀ ਕਿਰਾਏ 'ਤੇ ਰਹਿੰਦਾ ਸੀ, ਆਪਣੀ ਮਾਂ ਤੇ ਭਰਾ ਨਾਲ।

ਉਹਨੇ ਵੀ ਆਪਣਾ ਆਪ ਮੇਰੇ ਕੋਲੋਂ ਕਈ ਵਰ੍ਹੇ ਲੁਕਾਈ ਰੱਖਿਆ। ਬੜੇ ਸਾਲਾਂ ਬਾਅਦ ਉਹਦੇ ਛੋਟੇ ਭਰਾ ਨੇ ਮੈਨੂੰ ਦੱਸਿਆ ਸੀ ਕਿ ਅਸੀਂ ਪਰਜਾਪਤ ਹੁੰਦੇ ਹਾਂ। ਫਿਰ ਕਿਤੇ ਮੈਂ ਵਿਰਕ ਨਾਲ ਚੱਜ ਨਾਲ ਖੁਲ੍ਹਿਆ... ਖੁੱਲ੍ਹਿਆ ਕੀ ਫਿਰ ਤਾਂ ਮੈਂ ਉਹਦੇ ਸਿਰ ਹੋ ਗਿਆ... ਉਹ ਟੁੱਟੇ ਜਿਹੇ ਗੀਤ ਲਿਖਦਾ ਸੀ ਤੇ ਮੈਂ 'ਨਾਗਮਣੀ' ਵਿਚ ਛਪਣ ਲੱਗ ਪਿਆ ਸੀ।

ਦਰਅਸਲ ਮੈਨੂੰ ਜਾਤ ਬਰਾਦਰੀ ਬਾਰੇ ਅਨੁਭਵ ਹੋਰ ਤਰ੍ਹਾਂ ਦਾ ਸੀ ਮੈਂ ਨਾਨਕੀ ਪਲਿਆ। ਨਾਨੇ ਦੇ ਮੇਰੀ ਮਾਂ ਤੋਂ ਬਿਨਾਂ ਹੋਰ ਕੋਈ ਔਲਾਦ ਨਹੀਂ ਸੀ। ਘਰ ਵਿਚ ਪੈਸਾ ਧੇਲਾ ਚੰਗਾ ਸੀ ਤੇ ਵਾਹੀ ਲਈ ਜ਼ਮੀਨ ਵੀ ਸੀ। ਪਿੰਡ ਦੇ ਮਾੜੇ ਜ਼ਿਮੀਂਦਾਰ ਪਿੰਡ ਦੀ ਸੁਸਾਇਟੀ ਤੋਂ ਕਰਜ਼ਾ ਲੈਣ ਦੀ ਥਾਂ ਮੇਰੇ ਨਾਨੇ ਕੋਲੋਂ ਲੈਣਾ ਬਹੁਤਾ ਚੰਗਾ ਸਮਝਦੇ ਸੀ। ਵੱਡੀ ਗੱਲ ਆਪਸੀ ਪਰਦੇ ਦੀ ਸੀ। ਇਸ ਲਈ ਪਿੰਡ 'ਚ ਜ਼ਿਮੀਂਦਾਰਾਂ ਦਾ ਅਜਿਹਾ ਕੋਈ ਘਰ ਨਹੀਂ ਸੀ ਜਿਥੇ ਜਾ ਕੇ ਮੈਂ ਖੇਡਦਾ ਜਾਂ ਰੋਟੀ ਪਾਣੀ ਨਹੀਂ ਸੀ ਖਾਂਦਾ। ਉਹ ਮੇਰੇ ਓਨੇ ਹੀ ਨੇੜਲੇ ਮਾਮੇ ਨਾਨੇ ਸੀ ਜਿੰਨੇ ਵਿਹੜੇ ਵਾਲੇ। ਫਿਰ ਮੈਂ ਪਿੰਡ ਵਲੋਂ ਘੁਲਣਾ ਜਾਂ ਕੌਡੀ ਖੇਡਣੀ ਤਾਂ ਮੈਨੂੰ ਕਦੇ ਕਿਸੇ ਨੇ ਇਉਂ ਨਹੀਂ ਸੀ ਕਿਹਾ, ਇਹ ਵਿਹੜੇ ਵਾਲਿਆਂ ਦਾ ਮੁੰਡਾ ਹੈ।

ਇਉਂ ਹੀ ਕਹਾਣੀ ਲਿਖਦਿਆਂ ਹੋਇਆਂ ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਉਦੋਂ ਨਕਸਲਬਾੜੀ ਲਹਿਰ ਦੀ ਚੜ੍ਹਤ ਸੀ ਤੇ ਉਸੇ ਰੰਗ ਦਾ ਸਾਹਿਤ ਰਚਿਆ ਜਾਂਦਾ ਸੀ। ਮੈਨੂੰ ਤਾਂ ਏਸ ਲਹਿਰ ਦੇ ਪਿਛੋਕੜ, ਧਰਾਤਲ ਜਾਂ ਭਵਿੱਖ ਬਾਰੇ ਉੱਨਾ ਕੁਝ ਨਹੀਂ ਸੀ ਪਤਾ। ਮੈਂ ਤਾਂ ਆਪਣੀ ਤਰ੍ਹਾਂ ਦੀ ਕਹਾਣੀ ਲਿਖਣੀ ਸ਼ੁਰੂ ਕੀਤੀ। ਆਪਣੇ ਘਰਾਂ ਵਿਚਲੇ, ਵਿਹੜੇ ਵਿਚ ਹੁੰਦੇ ਲੜਾਈਆਂ-ਝਗੜਿਆਂ ਤੇ ਖੇਤਾਂ ਵਿਚ ਕੰਮ ਕਰਦਿਆਂ ਉਨ੍ਹਾਂ ਨਾਲ ਹੁੰਦੀਆਂ ਬੇਇਨਸਾਫੀਆਂ ਬਾਰੇ। ਚਾਹੇ ਉਹ ਕਹਾਣੀ 'ਅਫ਼ਸਰ' ਸੀ, 'ਹੱਡਬੀਤੀ

ਜਗਬੀਤੀ' ਸੀ, 'ਰੱਬ ਦਾ ਭਾਈ' ਸੀ ਜਾਂ ਦਰਵੇਸ਼, 'ਤਿੱਤਰ ਖੰਭੀ ਜੂਹ' ਸੀ ਜਾਂ ਬੁੱਢੀ ਰਾਤ ਤੇ ਸੂਰਜ' ਉਦੋਂ ਬਹੁਤੇ ਲੇਖਕਾਂ ਨੂੰ ਜਾਂ ਲਹਿਰ ਨਾਲ ਸੰਬੰਧਤ ਸਰਗਰਮ ਬੰਦਿਆਂ ਨੂੰ ਲੱਗਾ ਕਿ ਏਸ ਮੁੰਡੇ ਨੂੰ ਹੇਠਲੇ ਤਬਕੇ ਬਾਰੇ ਬੜੀ ਸਮਝ ਹੈ। ਸਮਝ ਮੈਨੂੰ ਕਾਹਦੀ ਸੀ। ਮੈਂ ਤਾਂ ਆਪਣੇ ਗਰੀਬ ਗੁਰਬਿਆਂ ਦੇ ਦੁਖ-ਸੁਖ ਨੂੰ ਲੈ ਕੇ ਲਿਖ ਰਿਹਾ ਸੀ ਤੇ ਮੇਰੀ ਧਾਰਨਾ ਸੀ ਜ਼ੁਲਮ ਕਰਨ ਵਾਲੇ ਦਾ ਮੁਕਾਬਲਾ ਕਰੋ, ਉਹਦੇ ਅੱਗੇ ਲਿਫੋ ਨਾ ਲੋੜ ਪੈਣ ਤੇ ਹਥਿਆਰਾਂ ਦੀ ਵਰਤੋਂ ਵੀ ਕਰੋ। ਹੁਣ ਵੀ ਮੇਰੀ ਇਹੋ ਧਾਰਨਾ ਹੈ। ਸੋ ਇਹਦੇ ਬਾਰੇ (ਲੇਖਨ ਕਾਰਜ ਬਾਰੇ) ਮਾੜੀ ਮੋਟੀ ਗੱਲ ਹੋ ਜਾਂਦੀ ਸੀ। ਕਿਸੇ ਕਿਸੇ ਸੱਜਣ ਨੇ ਮੇਰੀ ਕਹਾਣੀ ਦੀ ਗੱਲ ਜ਼ੋਰ ਨਾਲ ਵੀ ਕਰਨੀ। ਮੈਨੂੰ ਇਹ ਨਹੀਂ ਸੀ ਪਤਾ, ਇਹ ਰੌਲਾ-ਰੱਪਾ ਆਪਣੇ ਬਾਰੇ ਆਪ ਪੁਆਉਣਾ ਪੈਂਦਾ ਜਾਂ ਆਪਣੇ ਕੋਈ ਖਾਸ ਬੰਦੇ ਇਹ ਕੰਮ ਕਰਦੇ ਆ, ਜਿੱਦਾਂ ਅੱਜ ਆਲੇ ਦੁਆਲੇ ਹੋ ਰਿਹਾ। ਆਪਣੇ ਆਪ ਨੂੰ ਭੁੱਲ ਕੇ, ਮੈਨੂੰ ਇਹ ਗੱਲ ਬੜੀ ਰੜਕਦੀ ਕਿ ਲਾਲ ਸਿੰਘ ਦਿਲ, ਗੁਰਦਾਸ ਰਾਮ ਆਲਮ, ਸੰਤ ਰਾਮ ਉਦਾਸੀ ਜਾਂ ਸਰਵਨ ਰਾਹੀ ਬਾਰੇ ਕਿਉਂ ਕੋਈ ਬਹੁਤੀ ਗੱਲ ਨਹੀਂ ਕਰਦਾ। ਇਉਂ ਜਗਤਾਰ ਤੇ ਪਾਤਰ ਬਾਰੇ ਮੱਥਾ ਠਣਕਣਾ। ਪਰ ਹੁਣ ਆ ਕੇ ਪਤਾ ਲੱਗ ਗਿਆ ਹੈ ਕਿ ਕੌਣ ਕਿਸ ਬਾਰੇ ਕਿਉਂ ਬਹੁਤੀ ਹਾਲ-ਦੁਹਾਈ ਮਚਾ ਰਹੇ ਹਨ ਤੇ ਕੋਈ ਕਿਸੇ ਬਾਰੇ ਕਿਉਂ ਚੁਪ-ਸਾਧ ਕੇ ਬੈਠ ਜਾਂਦੇ ਹਨ। ਨਾਲੇ ਹੁਣ ਤਾਂ ਮੈਂ ਖੁਦ ਇਸ ਚੁਪ ਤੇ ਰੌਲੇ ਦਾ ਭਾਗ ਬਣਿਆ ਬੈਠਾ ਹਾਂ। ਮੈਂ ਹਾਂ ਜਾਂ ਹੋਰ ਬਹੁਤ ਸਾਰੇ ਚੁੱਪ ਬੈਠੇ ਦੇਖ ਰਹੇ ਹਾਂ... ਆਖਰ ਇਹ ਰੌਲਾ ਪਾਉਣ ਵਾਲੇ ਕਿਸੇ ਇਕ ਨੂੰ ਕੀ ਬਣਾ ਦੇਣਗੇ... ਅੰਤ ਕੀ ਹੋਵੇਗਾ... ਕੁਤਬ ਮੀਨਾਰ ਦੀ ਲਾਠ ਤਾਂ ਬਨਾਣੋਂ ਰਹਿ ਗਏ। ਅਖੀਰ ਤਾਂ ਕੰਮ ਦਾ ਮੁੱਲ ਪੈਣਾ ਹੈ। ਕਿਉਂ ਹਰਿਭਜਨ ਸਿੰਘ... ਹਰਿਭਜਨ ਸਿੰਘ ਅੱਜ ਹੋਣ ਲੱਗੀ ਹੈ ਤੇ ਸੰਤ ਸਿੰਘ ਸੇਖੋਂ ਨੂੰ ਲੋਕ ਭੁੱਲਣ ਲੱਗੇ ਹਨ... ਬਸ ਇਹੋ ਕੰਮ ਹੁੰਦਾ ਹੈ... ਰੌਲਾ-ਰੱਪਾ ਪਿਛਲੇ ਚਾਲੀ ਸਾਲ 'ਚ ਬਥੇਰਾ ਪਿਆ ਹੈ... ਅਖੀਰ ਕੰਮ ਕਰਨ ਵਾਲੇ ਸਥਾਪਤ ਹੁੰਦੇ ਹਨ ਤੇ ਲੋਕ ਉਨ੍ਹਾਂ ਨੂੰ ਪ੍ਰਵਾਨਗੀ ਦਿੰਦੇ ਹਨ।

ਇਕ ਗੱਲ ਦਸਦਾ ਹਾਂ। ਸੰਗਰੂਰ ਚੰਨੀ ਹੁਣਾਂ ਨੇ ਕਹਾਣੀ ਗੋਸ਼ਟੀ ਕਰਵਾਈ। ਸੰਤ ਸਿੰਘ ਸੇਖੋਂ ਪ੍ਰਧਾਨਗੀ ਕਰ ਰਿਹਾ ਸੀ। ਮੈਂ ਕਹਾਣੀ ਸ਼ੁਰੂ ਕਰਨ ਲੱਗਾ ਤਾਂ ਸੇਖੋਂ ਦੀ ਜਿਵੇਂ ਮਾੜੀ ਆਦਤ ਹੈ ਹੀ, ਮੈਨੂੰ ਟੋਕ ਕੇ ਬੋਲਿਆ, "ਓਏ ਤੂੰ ਆਦਿਧਰਮੀਆਂ ਦਾ ਮੁੰਡੈਂ।" ਕਹਿ ਕੇ ਉਹ ਹੱਸ ਪਿਆ ਤੇ ਹੱਸਦਾ ਹੱਸਦਾ ਹੀ ਬੋਲਿਆ, "ਮੇਰਾ ਇਕ ਚੇਲਾ ਆ, ਡਾ. ਰਾਓ... ਦਾਖੇ ਈ... ਉਹ ਵੀ ਸਿਆਣਾ ਮੁੰਡੈ।" ਸੇਖੋਂ ਦੀ ਗੱਲ ਨੇ ਬੜਾ ਦੁੱਖ ਪੁਚਾਇਆ... ਚਿਤ ਕਰੇ ਕਹਾਣੀ ਪੜ੍ਹਨੀ ਛੱਡ ਕੇ ਇਥੋਂ ਚਲਾ ਜਾਵਾਂ। ਕਿਸੇ ਵਿਦਵਾਨ ਦੀ ਆਖੀ ਇਹ ਗੱਲ ਘੋਰ ਵਿਦਵਤਾ ਦੀ ਗਰੀਬੀ ਚੋਂ ਆਖੀ ਗਈ ਸੀ। ਇਸ ਦੀ ਝਲਕ ਪਿਛਲੇ ਦਿਨਾਂ ਵਿਚ ਲੁਧਿਆਣੇ 'ਚ ਸ. ਸ. ਦੁਸਾਂਝ ਵਲੋਂ ਸੇਖੋਂ ਬਾਰੇ ਪੜ੍ਹੇ ਗਏ ਪਰਚੇ ਬਾਅਦ ਸੇਖੋਂ ਦੇ ਚੇਲਿਆਂ ਵਲੋਂ ਪਾਏ ਰੌਲੇ ਸਮੇਂ ਵੀ ਬੇਪਰਦ ਹੋਈ।

1986 ਦੇ ਦਸੰਬਰ ਦੀ ਗੱਲ ਹੈ। ਮੈਂ ਫੋਨ 'ਤੇ ਸਮਾਂ ਲੈ ਕੇ ਐਮ. ਐੱਸ. ਰੰਧਾਵਾ ਨੂੰ ਮਿਲਣ ਲਈ ਉਹਦੇ ਘਰ ਖਰੜ ਗਿਆ। ਦਫ਼ਤਰ ਵਿਚ ਮੇਰੀ ਤਰੱਕੀ ਇਸ ਬਿਨਾਅ 'ਤੇ ਨਹੀਂ ਸੀ ਹੋਣ ਦਿੱਤੀ ਜਾ ਰਹੀ ਅਖੇ ਇਹਦੀ ਵਿਦਿਅਕ ਯੋਗਤਾ ਸਾਡੇ ਨਾਲੋਂ ਘੱਟ ਹੈ ਜਦ ਕਿ 1978 ਵਿਚ ਭਰਤੀ ਕਰਨ ਸਮੇਂ ਵਿਦਿਅਕ ਯੋਗਤਾ ਦੀ ਥਾਂ ਕੰਮ ਕਰਨ ਦਾ ਤਜਰਬਾ ਮੁਖ ਰੱਖ ਕੇ ਮੈਨੂੰ ਰੱਖਿਆ ਗਿਆ ਸੀ। ਪਰ ਬਰਜਿੰਦਰ ਸਿੰਘ ਦੇ ਚਲੇ ਜਾਣ ਬਾਅਦ ਹੀ ਇਹ ਬਖੇੜਾ ਸ਼ੁਰੂ ਹੋਇਆ ਸੀ। ਰੰਧਾਵਾ ਸੈਰ ਕਰਨ ਲਈ ਬਾਹਰ ਗੇਟ 'ਤੇ ਆ ਗਿਆ ਸੀ ਤੇ ਮੈਨੂੰ ਨਾਲ ਲੈ ਕੇ ਹੀ ਪਿੰਡ ਬੁਡਾਲਾ ਵੱਲ ਤੁਰ ਪਿਆ। ਗੱਲਾਂ ਕਰਦੇ ਗਏ, ਅਖਬਾਰ ਬਾਰੇ, ਸਾਹਿਤ ਬਾਰੇ ਤੇ ਫਿਰ ਦੁਆਬੇ ਬਾਰੇ। ਮੈਂ ਉਹਨੂੰ ਆਪਣੀ 'ਜੀਣ ਮਰਨ' ਕਿਤਾਬ ਵੀ ਦਿੱਤੀ। ਮੁੜ ਕੇ ਜਦੋਂ ਮੈਂ ਸਾਈਕਲ ਲੈ ਕੇ ਤੁਰਨ ਲੱਗਾ ਤਾਂ ਰੰਧਾਵਾ ਕਹਿੰਦਾ, "ਐਵੇਂ ਨਾ ਚਿੰਤਾ ਕਰ... ਜੇ ਤੂੰ ਪਿੰਡ ਹੁੰਦਾ ਤਾਂ ਕਿਸੇ ਜੱਟ ਦੇ ਨੱਕੇ ਈ ਮੋੜਨੇ ਸੀ... ਮੈਂ ਗੁਲਜ਼ਾਰ ਨੂੰ ਕਹਿ ਦੂੰ... ਚਲ ਤੂੰ...।" ਮੈਂ ਰੁਕ ਕੇ ਰੰਧਾਵੇ ਵੱਲ ਦੇਖਿਆ... ਉਹਦਾ ਨੀਲਾ ਅਸਮਾਨੀ ਕੋਟ ਤੇ ਹੱਥ ਵਿਚ ਫੜੀ ਖੂੰਡੀ ਬਹੁਤ ਛੋਟੇ ਹੋ ਗਏ ਲੱਗੇ... ਮੈਨੂੰ ਕੋਈ ਦੁੱਖ ਨਹੀਂ ਹੋਇਆ ਸੀ, ਕਿਉਂਕਿ ਰੰਧਾਵਾ ਕੋਈ ਹੱਦ ਨਹੀਂ ਸੀ।

ਕਈ ਸਾਲ ਹੋਏ, ਪ੍ਰੇਮ ਪ੍ਰਕਾਸ਼ ਦੇ ਘਰ ਸਾਹਿਤਕ ਬੈਠਕ ਸੀ। ਵਥੇਰੇ ਲੇਖਕ ਪਹੁੰਚੇ ਹੋਏ ਸੀ। ਕੋਠੇ ਤੇ ਅਮਰ ਗਿਰੀ ਤੇ ਸੋਢੀ ਵੀ ਖੜ੍ਹੇ ਸੀ। ਮੈਂ ਨੇੜਿਉਂ ਲੰਘਣ ਲੱਗਾ ਤਾਂ ਅਮਰ ਗਿਰੀ ਕਹਿੰਦਾ, "ਲੈ ਆ ਗਏ ਵਿਹੜੇ ਵਾਲੇ ਵੀ, ਹੁਣ ਪੂਰੀਓ ਗੋਸ਼ਟੀ ਹੋਊ।" ਮੈਂ ਉਨ੍ਹਾਂ ਵੱਲ ਟੇਢਾ ਜਿਹਾ ਝਾਕਿਆ ਤੇ ਚੁੱਪ ਵਟ ਕੇ ਅੰਦਰ ਜਾ ਬੈਠਾ।



**ਪ੍ਰੇਮ ਗੋਰਖੀ ਮਾਨਵਵਾਦੀ ਰਚਨਾ ਮੰਚ ਪੰਜਾਬ ਦੀ ਸਟੇਜ 'ਤੇ ਆਪਣਾ ਪ੍ਰਧਾਨਗੀ ਭਾਸ਼ਣ ਦਿੰਦੇ ਹੋਏ**

ਮੇਰੇ ਨਾਲ ਤਾਂ ਮੇਰੇ ਦਫ਼ਤਰ ਵਿਚ ਹੀ ਬਥੇਰੀ ਤੇਰ-ਮੇਰ ਕੀਤੀ ਜਾਂਦੀ ਹੈ। ਸਤਾਰ੍ਹਵਾਂ ਸਾਲ ਜਾਂਦਾ ਏਸ ਜਾਤ-ਪਾਤ ਦਾ ਸਾਹਮਣਾ ਕਰਦੇ ਨੂੰ। ਏਥੇ ਤਾਂ ਖ਼ਬਰਾਂ ਛਾਪਣ ਲੱਗੇ ਵੀ, ਲੋਕਾਂ ਦਾ ਜ਼ਿਹਨ ਆਜ਼ਾਦ ਨਹੀਂ ਹੁੰਦਾ। 'ਹਰੀਜਨ ਔਰਤ ਨਾਲ ਬਲਾਤਕਾਰ', 'ਬਾਲਮੀਕ ਔਰਤ ਨਿਕਲ ਗਈ', 'ਦਲਿਤ ਔਰਤ ਜ਼ਿਮੀਂਦਾਰ ਨੇ ਉਧਾਲੀ' ਮੇਰੇ ਕੋਲ ਬਥੇਰੀਆਂ ਉਦਾਹਰਨਾਂ ਹਨ ਅਜਿਹੀਆਂ ... ਤੇ ਖ਼ਬਰਾਂ ਦੇਣ ਵਾਲੇ ਕੌਣ ਹਨ? ਇਹ ਜਾਤ-ਪਾਤ ਦਾ ਡੌਰੂ ਚੁੱਕੀ ਫਿਰਨ ਵਾਲੇ, ਉਪਰੋਂ ਕਾਮਰੇਡ ਵੀ ਵੱਡੇ ਕਹਾਉਂਦੇ ਹਨ। ਨਹੀਂ, ਕੀ ਪਿੰਡ-ਸ਼ਹਿਰ ਵਿਚ ਕਿਸੇ ਹੋਰ ਜਾਤ ਦੀ ਔਰਤ ਨਾਲ ਬਲਾਤਕਾਰ ਨਹੀਂ ਹੁੰਦੇ?

ਮੈਂ ਦੇਖਿਆ ਹੈ ਪੰਜਾਬੀ ਲੇਖਕਾਂ ਅੰਦਰ ਜਿੰਨੀਆਂ ਗੂਹੜੀਆਂ ਯਾਰੀਆਂ ਹਨ ਓਨੀ ਹੀ ਗੂੜ੍ਹੀ ਜਾਤ-ਪਾਤ ਦੀ ਕਾਲਖ ਮਨਾਂ 'ਤੇ ਪੋਚੀ ਪਈ ਹੈ। ਕਿਸੇ ਪਾਸੇ ਜੱਟ ਹਨ... ਉਨ੍ਹਾਂ 'ਚ ਵੀ ਆਪਣੇ ਆਪ ਨੂੰ ਖਾਲਸ ਮੰਨਦੇ ਹੋਰ ਨੇ... ਅਗਾਂਹ ਸੈਣੀ, ਕੰਬੋਅ, ਮਹਿਤੋਂ ਆ... ਜਿੱਦਾਂ ਅਨੁਸੂਚਿਤ ਜਾਤੀਆਂ ਵਿਚ ਰਾਮਦਾਸੀਏ, ਚਮਾਰ ਤੇ ਬਾਲਮੀਕ ਹਨ। ਓਧਰ ਤਰਖਾਣ, ਲੁਹਾਰ, ਛੀਂਬੇ ਤੇ ਨਾਈ-ਝੀਰ ਹਨ। ਮੇਰੀ ਨੇੜਤਾ ਉਤੋਂ ਲੈ ਕੇ ਹੇਠਾਂ ਤੱਕ ਹੈ। ਮਾਣ ਵੀ ਬਥੇਰਾ ਕਰਦੇ ਆ... ਮੈਂ ਸਾਰਿਆਂ ਦੇ ਘਰੀਂ ਰਾਤਾਂ ਰਹਿੰਦਾ ਹਾਂ, ਖਾਂਦਾ ਪੀਂਦਾ ਹਾਂ... ਪਰ ਜਦੋਂ ਕਿਤੇ ਕਿਸੇ ਵੀ ਤਰ੍ਹਾਂ ਦਾ ਫੈਸਲਾ ਕਰਨਾ ਹੋਵੇਗਾ ਸਾਰਿਆਂ ਦੇ ਅੰਦਰ ਬੈਠਾ ਖੜੱਪਾ ਫ਼ਨ ਫੈਲਾ ਕੇ ਬੈਠ ਜਾਵੇਗਾ।

ਹੁਣ ਯੂਨੀਵਰਸਿਟੀਆਂ ਵਿਚ ਕਿਤਾਬਾਂ ਲਗਦੀਆਂ ਹਨ, ਕੋਰਸਾਂ ਵਿਚ ਲੇਖਕ ਪੜ੍ਹਾਏ ਜਾਂਦੇ ਹਨ... ਦਸਾਂ-ਪੰਦਰਾਂ ਤੱਕ ਹੀ ਇਹ ਗਿਣਤੀ ਕਿਉਂ ਮਹਿਦੂਦ ਰਹਿੰਦੀ ਹੈ। ਉਹ ਰੱਖੀ ਜਾਂਦੀ ਹੈ... ਜਿਥੇ ਤੱਕ ਯਾਰੀਆਂ ਪਾਲੀਆਂ ਗਈਆਂ ਉਥੇ ਤੱਕ ਗਿਣਤੀ ਹੈ। ਸਾਡੇ ਵਰਗੇ ਦੀ ਤਾਂ ਕਿਤਾਬ ਦਾ ਰੀਵੀਊ ਵੀ ਅਗਲੇ ਖੁਸ਼ ਹੋ ਕੇ ਨਹੀਂ ਕਰਦੇ... ਪਤਾ ਨਹੀਂ ਮਨ ਵਿਚ ਕਿੰਨੀਆਂ ਭੜ੍ਹਾਸਾਂ ਛੱਡਦੇ ਹੋਣਗੇ।

ਕੁਝ ਸਾਲ ਪਹਿਲਾਂ ਜਦੋਂ ਗਿ. ਜ਼ੈਲ ਸਿੰਘ ਮੁੱਖ ਮੰਤਰੀ ਸੀ ਤਾਂ ਗੁਰਦਿਆਲ ਸਿੰਘ ਨੂੰ ਕਈ ਇਨਾਮ ਮਿਲੇ। ਉਦੋਂ ਹੀ ਹਰਿਭਜਨ ਸਿੰਘ ਨੂੰ ਵੀ। ਇਹ ਚਰਚਾ ਆਮ ਹੋਣ ਲੱਗੀ ਕਿ ਗਿਆਨੀ ਨੇ ਬਰਾਦਰੀ ਦਾ ਹਿੱਤ ਪਾਲਿਆ। ਇਸੇ ਲੜੀ ਵਿਚ ਤਾਰਾ ਸਿੰਘ ਨੂੰ ਕਾਰ ਦੇਣ ਦੀ ਗੱਲ ਜੁੜ ਗਈ। ਏਦਾਂ ਦੀਆਂ ਹੀ ਕੜੀਆਂ ਅੱਗੇ ਆ ਕੇ ਜੁੜਦੀਆਂ ਹਨ ਜਦੋਂ ਪੰਜਾਬ ਅਕਾਦਮੀ ਦੇ ਅਹੁਦੇਦਾਰ ਵੰਡੇ ਜਾਂਦੇ ਹਨ... ਅੰਨ੍ਹਾਂ ਵੰਡੇ ਸੀਰਨੀ...।

ਪਿਛਲੀ ਦਿਨੀਂ ਇਕ ਨਵੇਂ ਆਲੋਚਕ ਨੇ ਕਹਾਣੀ ਬਾਰੇ ਪਰਚਾ ਲਿਖਿਆ। ਦਸ ਸਾਲ ਦੀ ਕਹਾਣੀ ਪ੍ਰਾਪਤੀ ਬਾਰੇ। ਉਹਨੂੰ ਪੰਜਵੇਂ ਨਾਂ ਤੋਂ ਬਾਅਦ ਛੇਵਾਂ ਲੇਖਕ ਨਹੀਂ ਲੱਭਿਆ। ਦਸਾਂ ਸਾਲਾਂ ਵਿਚ ਕਹਾਣੀ ਲਿਖਣ ਵਾਲਾ। ਮੇਰੇ ਵਰਗੇ ਹੋਰ ਕਈਆਂ ਦਾ ਨਾਂ ਹੀ ਛੱਡ ਗਿਆ। ਮਹੀਨੇ ਬਾਅਦ ਮੇਰੀ ਕਿਤਾਬ 'ਅਰਜਨ ਸਫ਼ੈਦੀ ਵਾਲਾ' ਛਪ ਕੇ ਆ ਗਈ, ਦਸਾਂ ਸਾਲਾਂ 'ਚ ਛਪੀਆਂ ਕਹਾਣੀਆਂ ਦੀ। ਵਿਚਾਰਾ ਅਤਰਜੀਤ ਵੀ ਕਹੇ, ਇਹ ਕੀ ਹੋਈ ਜਾਂਦਾ, ਬਲਦੇਵ ਸਿੰਘ ਤੇ ਕਜ਼ਾਕ ਵੀ ਕਹਿਣ ਲੱਗੇ।

ਮੈਂ ਕਿਹਾ ਇਹ ਸਾਹਿਤ ਅਕਾਦਮੀ ਇਨਾਮਾਂ ਦੇ ਚੱਕਰ ਆ... ਨਾਲ ਹੀ ਆਲੋਚਕ ਦੇਖਦਾ ਇਹ ਕਿਹੜੀ ਜਾਤ ਦਾ ਭਰਾ ਲੇਖਕ ਹੈ।

ਇਥੇ ਸੱਚੀ ਗੱਲ ਕਹਿਣ ਦਾ ਰਿਵਾਜ ਨਹੀਂ ਹੈ। ਜਿਹੜਾ ਬੰਦਾ ਸੱਚੀ ਗੱਲ ਕਰਦਾ ਉਹਨੂੰ ਨੁਕਸਾਨ ਤਾਂ ਉਠਾਉਣਾ ਪੈਣਾ ਹੀ ਹੈ। ਤੁਸੀਂ ਇਹ ਸੱਚ ਬੋਲਣ ਲਈ ਛੇੜ ਦਿੱਤਾ ਹੈ ਤਾਂ ਲੁਕੋ ਕਾਹਦਾ... ਅੱਗੇ ਕਿਹੜਾ ਸਾਡੇ ਝੰਡੇ ਝੂਲਦੇ ਆ ਜਿਹੜਾ ਕੋਈ ਲਾਹ ਦਊ।

ਦਸਾਂ ਕੁ ਸਾਲਾਂ ਤੋਂ ਪੰਜਾਬੀ ਸਾਹਿਤ ਅੰਦਰਲੀ ਇਸ ਗਰੀਬੀ ਦਾ ਮੂੰਹ ਮੱਥਾ ਉਘੜਵੇਂ ਰੂਪ ਵਿਚ ਦਿੱਸਣ ਲੱਗਾ ਹੈ। ਇਸ ਗਰੀਬੀ ਦਾ ਚਰਚਾ ਵੱਖੋ-ਵੱਖ ਰੂਪਾਂ ਵਿਚ ਦਬਵੇਂ ਤੇ ਘੁਟਵੇਂ ਰੂਪ ਵਿਚ ਹੁੰਦਾ ਹੈ। ਜੇਕਰ ਤਾਂ ਸਾਰੀ ਮਿੱਤਰ ਮੰਡਲੀ ਇਕੋ ਬਰਾਦਰੀ ਦੀ ਹੋਵੇਗੀ ਤਾਂ ਉਹ ਦੂਸਰਿਆਂ ਦੀ ਐਹੀ ਤਹੀ ਰੱਜ ਕੇ ਫੇਰਨਗੇ... ਜੇ ਸਬੱਬ ਨਾਲ ਇਕ ਦੋ ਮਿੱਤਰ ਹੋਰ ਬਰਾਦਰੀ ਦੇ ਹੋਣ ਤਾਂ ਫਿਰ ਜ਼ਰਾ ਬਦਲਵੇਂ ਸੁਰ ਵਿਚ। ਤਰਾਸਦੀ ਤਾਂ ਇਸ ਗੱਲ ਦੀ ਹੈ ਕਿ ਜੱਟ ਜਾਂ ਬ੍ਰਾਹਮਣ ਜਿਨ੍ਹਾਂ ਨੂੰ ਆਪਣੇ ਤੋਂ ਹੇਠਾਂ ਦੀ ਜਾਤ ਸਮਝਦੇ ਹਨ ਤੇ ਦਲਿਤਾਂ ਤੋਂ ਉਪਰ ਉਹ ਜੱਟ ਬ੍ਰਾਹਮਣ ਨੂੰ ਹਜ਼ਮ ਕਰ ਲੈਣਗੇ (ਹੱਸ ਕੇ) ਪਰ ਦਲਿਤਾਂ 'ਚੋਂ ਕੋਈ ਪੈਰ ਥੱਲੇ ਆ ਗਿਆ ਤਾਂ ਦਰੜਨ ਲੱਗੇ ਅੱਖ ਨਹੀਂ ਝਮਕਦੇ। ਆਖਰ ਉਨ੍ਹਾਂ ਦੀ ਹਉਮੈ ਵੀ ਤਾਂ ਹੈ।

ਇਕ ਗੱਲ ਤੁਹਾਨੂੰ ਹੋਰ ਦਸਦਾ ਹਾਂ। 1972 ਦੀ ਗੱਲ ਹੈ। ਮੈਂ 'ਨਵਾਂ ਜ਼ਮਾਨਾ' ਵਿਚ ਕੰਮ ਕਰਦਾ ਸੀ। ਇਕ ਕਾਮਰੇਡ ਆਪਣੀ ਸਾਲੀ ਦਾ ਮੇਰੇ ਲਈ ਰਿਸ਼ਤਾ ਕਰਨ ਲਈ ਤਿਆਰ ਹੋ ਗਿਆ। ਜਿੰਨੀ ਤੇਜ਼ੀ ਨਾਲ ਗੱਲਬਾਤ ਤੁਰੀ ਸੀ ਉਨੀ ਹੀ ਛੇਤੀ ਠੱਪ ਹੋ ਗਈ। ਪਰ ਮੈਨੂੰ ਦਸਿਆ ਕੁਝ ਨਾ। ਕੋਈ ਤਿੰਨ ਕੁ ਸਾਲ ਬਾਅਦ ਇਕ ਸਾਬਕਾ ਨਕਸਲੀ ਦੋਸਤ ਨੇ ਮੈਨੂੰ ਦਸਿਆ, ਮੇਰੀ ਵਹੁਟੀ ਦਾ ਵਿਆਹ ਪਹਿਲਾਂ ਤੇਰੇ ਨਾਲ ਹੋਣ ਲੱਗਾ ਸੀ ਪਰ ਜਦੋਂ ਮੇਰੇ ਸਹੁਰੇ ਨੂੰ ਪਤਾ ਲੱਗਾ ਕਿ ਤੂੰ ਹਰੀਜਨਾਂ ਦਾ ਮੁੰਡੈਂ ਤਾਂ ਉਹਨੇ ਨਾਂਹ ਕਰ ਦਿੱਤੀ ਸੀ।" ਮੈਨੂੰ ਹਰੀਜਨ ਕਹਿਣ ਦੀ ਤਕਲੀਫ ਤਾਂ ਨਾ ਹੋਈ ਪਰ ਇਹ ਬਹੁਤ ਦੁੱਖ ਹੋਇਆ ਕਿ ਉਸ ਮੁੰਡੇ ਦਾ ਸਹੁਰਾ ਵੀ ਪਛੜੀ ਜਾਤ ਦਾ ਸੀ ਜਿਨ੍ਹਾਂ ਨੂੰ ਸਾਡੇ ਜੱਟ ਭਰਾ ਸਾਡੀ ਜਾਤ ਵਰਗੀ ਹੀ ਹੇਠਲੀ ਜਾਤ ਕਹਿੰਦੇ ਆ।

ਇਉਂ ਬਹੁਤ ਸਾਰੀਆਂ ਗੱਲਾਂ ਮੇਰੇ ਨਿੱਜ ਨਾਲ ਵਾਪਰਦੀਆਂ ਹਨ ਤੇ ਵਾਪਰਨਗੀਆਂ ਵੀ। ਧੜੇਬਾਜ਼ੀ ਪੱਖੋਂ ਵਾਪਰਦੀਆਂ ਹਨ ਜਿਹੜੀ ਉਤੋਂ ਨਹੀਂ ਦਿਸਦੀ। ਹਰ ਇਨਾਮ ਜਾਂ ਚੌਧਰ-ਕੁਰਸੀ ਲਈ ਬੜੀ ਵਿਉਂਤ ਨਾਲ ਕਿਸੇ ਇਕ ਨੂੰ ਅੱਗੇ ਲਿਆਇਆ ਜਾਂਦਾ ਹੈ-ਸਾਰੇ ਫਰੰਟਾਂ ਤੋਂ ਫਾਇਰ ਖੋਲ੍ਹ ਕੇ। ਇਹ ਕੁਝ ਦੇਖ ਕੇ ਅਜਿਹੇ ਫਰੰਟਵਾਦੀਆਂ ਨਾਲ ਘੋਰ ਘ੍ਰਿਣਾ ਹੋ ਗਈ ਹੈ। ਇਸ ਦੇ ਬਾਵਜੂਦ ਅਜੇ ਵੀ ਮੈਂ ਇਸ ਗੱਲ ਦੇ ਪੂਰੀ ਤਰ੍ਹਾਂ ਖਿਲਾਫ਼ ਹਾਂ ਕਿ ਪੰਜਾਬੀ ਵਿਚ ਲੇਖਕਾਂ ਅੰਦਰ ਇਸ ਤਰ੍ਹਾਂ ਦੀ ਭਾਵਨਾ ਪ੍ਰਬਲ ਹੋਵੇ ਕਿ ਦਲਿਤ ਲੇਖਕਾਂ ਦਾ ਕੋਈ ਵੱਖਰਾ ਸੰਗਠਨ ਜਾਂ ਸਭਾ ਸੁਸਾਇਟੀ ਹੋਵੇ। ਮੇਰੀ ਧਾਰਨਾ ਹੈ ਕਿ ਲੇਖਕ, ਕਲਾਕਾਰ ਤਾਂ ਸਿਰਫ ਲੇਖਕ ਹੈ, ਕਲਾਕਾਰ ਹੈ, ਉਹਦੀ ਕੋਈ ਜਾਤ ਨਹੀਂ, ਉਹਦਾ ਕੋਈ ਧਰਮ ਜਾਂ ਫਿਰਕਾ ਨਹੀਂ।

ਅੱਜ ਜੇਕਰ ਸਾਹਿਤ ਵਿਚ ਦਲਿਤ ਲੇਖਕਾਂ ਦੇ ਸੰਗਠਨ ਬਣਨ ਲੱਗੇ ਹਨ ਜਾਂ ਉਹ ਜਥੇਬੰਦਕ ਤੌਰ ਤੇ ਆਪਣੀ ਆਵਾਜ਼ ਬੋਲੇ ਕੰਨਾਂ ਤੱਕ ਪਹੁੰਚਾਉਣ ਲੱਗੇ ਹਨ ਤਾਂ ਇਹ ਅਸੀਂ ਵੀ ਸੋਚਣਾ ਹੈ ਵਿਚੋਂ ਸਹੀ ਕਾਰਨ ਕੀ ਹੈ। ਜਦੋਂ ਇਕੋ ਤਰ੍ਹਾਂ ਦੇ ਲੋਕ ਜਿਨ੍ਹਾਂ ਦੇ ਹੱਥ ਅੱਜ ਯੂਨੀਵਰਸਿਟੀਆਂ ਵਿਚ ਫੈਲ ਗਏ ਹਨ, ਅਖਬਾਰਾਂ ਰਸਾਲਿਆਂ ਤੇ ਕਾਬਜ਼ ਹੋ ਗਏ ਹਨ, ਵੱਡੀਆਂ ਕੁਰਸੀਆਂ ਤੇ ਜੱਫੇ ਮਾਰ ਕੇ ਬੈਠੇ ਹਨ, ਸੱਤਾ ਵਿਚਲੇ ਆਦਮੀ ਦੇ ਚੁੰਗਲ ਵਿਚ ਫਸ ਗਏ ਹਨ ਤੇ ਉਹ ਆਪਣੇ ਚਹੇਤਿਆਂ ਨੂੰ ਹਰ ਹਰਬਾ ਵਰਤ ਕੇ ਟੀਸੀ 'ਤੇ ਪਹੁੰਚਾਣਾ ਚਾਹੁੰਦੇ ਹਨ ਤੇ ਜੋ ਕਾਰਜ ਸਭ ਨੂੰ ਦਿਸਦਾ ਹੋਇਆ ਰੜਕ ਰਿਹਾ ਹੈ ਤਾਂ ਆਖਰ ਲੋਕ ਅਜਿਹੇ ਭ੍ਰਿਸ਼ਟਾਚਾਰ ਦੇ ਖਿਲਾਫ਼ ਬੋਲਣ ਲਈ ਜਾਂ ਉਸ ਤੋਂ ਨਿਰਾਸ਼ ਹੋ ਕੇ ਵੱਖਰੇ ਰਾਹ ਅਪਣਾਉਣ ਲਗਦੇ ਹਨ।

ਬਹੁਜਨ ਸਮਾਜ ਪਾਰਟੀ ਦੀਆਂ ਨੀਤੀਆਂ ਦਾ ਮੈਂ ਕਦੇ ਸਮਰਥਕ ਨਹੀਂ ਰਿਹਾ, ਪਰ ਕਦੇ ਵਿਰੋਧ

ਵੀ ਨਹੀਂ ਕੀਤਾ। ਸਾਰੇ ਲੋਕ ਪਹਿਲਾਂ ਇਸ ਪਾਰਟੀ ਨੂੰ ਸ਼ੋਸ਼ੇਬਾਜ਼ੀ ਵਜੋਂ ਹੀ ਲੈ ਰਹੇ ਸਨ...ਸਦੀਆਂ ਦੀ ਜ਼ਿਹਨੀ ਸੋਚ ਜੋ ਛੇਤੀ ਬਦਲ ਨਹੀਂ ਸੀ ਰਹੀ। ਪਰ ਅੱਜ ਇਸੇ ਪਾਰਟੀ ਨੇ ਖੰਭ ਅਜਿਹੇ ਫੈਲਾ ਲਏ ਹਨ ਕਿ ਦੋਵੇਂ ਤਿੰਨੇ ਕਮਿਊਨਿਸਟ ਪਾਰਟੀਆਂ ਪੰਜਾਬ ਵਿਚ ਅਚੰਭਤ ਹੋ ਕੇ ਦੇਖ ਰਹੀਆ ਹਨ। ਤੇ ਇਹ ਚੀਜ਼ ਕਦੇ ਵੀ ਕਿਸੇ ਪਾਰਟੀ, ਚਾਹੇ ਕਾਂਗਰਸ, ਕਮਿਊਨਿਸਟ, ਅਕਾਲੀ ਜਾਂ ਸਮਾਜਵਾਦੀ ਪਾਰਟੀ, ਭਾਰਤੀ ਜਨਤਾ ਪਾਰਟੀ ਨੇ ਨਹੀਂ ਵਿਚਾਰੀ ਕਿ ਇਹ ਬਹੁਜਨ ਸਮਾਜ ਪਾਰਟੀ ਆਖਰ ਹੋਂਦ ਵਿਚ ਆਈ ਕਿਉਂ।

ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ, ਅਸੀਂ ਜੋ ਵਿਦਵਤਾ ਦਾ ਮਖੌਟਾ ਪਾਈ, ਅਗਾਂਹ ਵਧੂ ਹੋਣ ਦਾ ਢੰਡੋਰਾ ਪਿਟਦੇ ਹਾਂ। ਅਸੀਂ ਖੁਦ ਹੀ ਆਪਣੇ ਹੇਠਲੇ ਨਾਲ ਘੋਰ ਅਨਿਆਂ ਕਰਦੇ ਹਾਂ, ਤਸ਼ੱਦਦ ਕਰਨ ਦੀ ਹੱਦ ਤੱਕ। ਇਹ ਤਸ਼ੱਦਦ ਮਾਨਸਿਕ ਵੀ ਹੈ, ਜਿਨਸੀ ਵੀ ਤੇ ਸਿਆਸੀ ਵੀ ਹੈ। ਉਹ ਹਾਲਤ ਜੋ ਇਕ ਸਦੀ ਪਹਿਲਾਂ ਸੀ ਉਸ ਵਿਚ ਬਹੁਤਾ ਅੰਤਰ ਨਹੀਂ ਆਇਆ... ਬਸ ਛੂਤਛਾਤ ਕਰਨ ਦੇ ਢੰਗ ਬਦਲ ਗਏ ਹਨ। ਅੱਜ ਇਕੋ ਥਾਲੀ ਵਿਚ ਖਾਧਾ ਜ਼ਰੂਰ ਜਾਂਦਾ ਹੈ ਪਰ ਮਾਰਿਆ ਵੀ ਓਸੇ ਨੂੰ, ਖਾਣ ਵਾਲੇ ਨੂੰ ਜਾਂਦਾ ਹੈ... ਤੇ ਅੱਜ ਜਿਹਨੂੰ ਤੁਸੀਂ ਦਲਿਤ ਕਹਿੰਦੇ ਹੋ ਉਹ ਸਦੀ ਪਹਿਲਾਂ ਵਾਲਾ, ਸੋਚ ਵਿਹੂਣਾ, ਹਉਮੈ ਵਿਹੂਣਾ ਤੇ ਹੋਂਦ ਵਿਹੂਣਾ ਨਹੀਂ ਰਿਹਾ। ਉਹ ਨਿਰਣਾ ਕਰਨ ਦੀ ਹਾਲਤ ਤੱਕ ਪਹੁੰਚ ਚੁੱਕਾ ਹੈ ਕਿ ਉਹਨੇ ਆਪਣੀ ਬਿਹਤਰੀ ਲਈ ਕੀ ਪੈਂਤੜਾ ਲੈਣਾ ਹੈ।

ਦਲਿਤ ਇਕੱਠੇ ਹੁੰਦੇ ਹਨ, ਸੰਗਠਨ ਬਣਦੇ ਹਨ... ਸਾਹਿਤ ਵਿਚ ਵੀ ਹੋਣ ਲੱਗਾ ਹੈ... ਇਹ ਵਖਰੇਵਾਂ ਚੰਗੀ ਗੱਲ ਨਹੀਂ। ਕਈਆਂ ਨੂੰ ਤਾਂ ਬਹੁਤੀ ਹੀ ਢਿੱਡ ਪੀੜ ਹੋਈ ਹੈ... ਇਹ ਕਿਉਂ ਹੋਈ ਹੈ ਇਹ ਵੀ ਸਮਝਣ ਵਾਲੀ ਗੱਲ ਹੈ।

ਅਸੀਂ ਜਦੋਂ ਘਰਾਂ ਵਿਚ ਬੈਠਦੇ ਹਾਂ, ਜੁੜਦੇ ਹਾਂ ਤਾਂ ਕਈ ਲੇਖਕ ਇਹ ਗੱਲ ਕਰਨਗੇ ਕਿ ਤੁਹਾਡੇ ਤੇ ਕੋਈ ਆਲੋਚਕ ਪਰਚਾ ਕਿਉਂ ਨਹੀਂ ਲਿਖਦਾ? ਤੁਹਾਡੇ ’ਤੇ ਕਿਸੇ ਪਰਚੇ ਦਾ ਅੰਕ ਕਿਉਂ ਨਹੀਂ ਨਿਕਲਦਾ? ਮੈਂ ਕਹਿ ਦਿੰਦਾ ਹਾਂ ਕਿ ਤੁਸੀਂ ਵੀ ਆਪਣੀ ਔਲਾਦ ਨੂੰ ਪੜ੍ਹਾਓ, ਵਿਦਵਾਨ ਬਣਾਓ, ਸਾਹਿਤ ਦੇ ਪਾਠਕ ਬਣਾਓ... ਬਹੁਤ ਲੋਕ ਅੱਗੇ ਆ ਰਹੇ ਹਨ। ਹੁਣ 70-71 ਵਾਲੀ ਗੱਲ ਨਹੀਂ ਰਹੀ। ਇਹ ਜੋ ਸਦੀਆਂ ਦੀ ਕੱਸ ਹੈ ਇਹਨੂੰ ਢਿੱਲੀ ਕਰਨ ਜਾਂ ਤੋੜਨ ਵਿਚ ਅਜੇ ਸਮਾਂ ਲੱਗੇਗਾ, ਇਹ ਸੰਗਠਨ ਸ਼ਾਇਦ ਉਸ ਕੰਮ ਵਿਚ ਸਹਾਈ ਹੋਣ।

ਤੇ ਹੁਣ ਗੱਲ ਕਰਦਾ ਹਾਂ ਮੈਨੂੰ ਭਾਰਤੀ ਦਲਿਤ ਸਾਹਿਤ ਅਕਾਦਮੀ ਵਲੋਂ ਡਾ. ਅੰਬੇਡਕਰ ਵਿਸ਼ੇਸ਼ ਐਵਾਰਡ ਮਿਲਣ ਬਾਰੇ। ਇਸ ਐਵਾਰਡ ਬਾਰੇ ਜਦੋਂ ਮੈਨੂੰ ਚਿੱਠੀ ਮਿਲੀ ਤਾਂ ਮੈਂ ਕੋਈ ਜਵਾਬ ਨਹੀਂ ਦਿੱਤਾ। ਇਸ ਸੰਸਥਾ ਨੇ 1992-93 ਵਰ੍ਹੇ ਲਈ ਮੈਨੂੰ ਫੈਲੋਸ਼ਿਪ ਦੇਣ ਦਾ ਐਲਾਨ ਵੀ ਕੀਤਾ ਸੀ ਪਰ ਮੈਂ ਜਾਣ-ਬੁਝ ਕੇ ਲੈਣ ਨਹੀਂ ਗਿਆ। ਮੈਨੂੰ ਇਸ ਸੰਸਥਾ ਦਾ ਨਾਂ ਹੀ ਚੰਗਾ ਨਹੀਂ ਲੱਗਾ। ਵੀਹ ਦਿਨਾਂ ਬਾਅਦ ਅਕਾਦਮੀ ਦੀ ਚਿੱਠੀ ਫਿਰ ਆਈ ਕਿ ਅਸੀਂ ਤੇਰੀਆਂ ਰਚਨਾਵਾਂ ਕਰਕੇ ਜੋ ਦਲਿਤ ਲੋਕਾਂ ਲਈ ਅਰਪਿਤ ਹਨ, ਐਵਾਰਡ ਲਈ ਤੇਰੀ ਪੰਜਾਬੀ ’ਚੋਂ ਚੋਣ ਕੀਤੀ ਹੈ। ਮੈਨੂੰ ਇਹ ਗੱਲ ਕੁਝ ਕੁ ਠੀਕ ਲੱਗੀ। ਇਕ ਗੱਲ ਹੋਰ ਵੀ ਸੀ ਮਨ ਵਿਚ, ਨੈਸ਼ਨਲ ਐਵਾਰਡ ਵਿਚ ਮਿਲਣ ਵਾਲੀ ਰਕਮ ਬਾਰੇ। ਦੋ ਚਾਰ ਦੋਸਤਾਂ ਨੇ ਇਹ ਗੱਲ ਜ਼ੋਰ ਨਾਲ ਆਖੀ ਕਿ ਨੈਸ਼ਨਲ ਐਵਾਰਡ ਹੈ, ਘੱਟੋ-ਘੱਟ ਪੱਚੀ ਹਜ਼ਾਰ ਤਾਂ ਕਿਤੇ ਗਿਆ ਨਹੀਂ। ਜਲੰਧਰ ਦੇ ਦੋ ਤਿੰਨ ਦੋਸਤਾਂ ਨੇ ਤਾਂ ਜ਼ੋਰਦਾਰ ਵਧਾਈ ਦੇ ਨਾਲ ਇਹ ਵੀ ਕਿਹਾ। ਲੱਖ ਵਿਚੋਂ ਸਾਡਾ ਵੀ ਦਸਵੰਧ ਕੱਢ ਲਈਂ। ਤੇ ਐਵਾਰਡ ਵਿਚ ਕੀ ਮਿਲਿਆ... ਅਖੇ ਈਸਬਗੋਲ ਕੁਝ ਨਾ ਫੋਲ। ਢੋਲ-ਢਮੱਕਾ ਬਹੁਤ ਸੀ... ਸਾਰੇ ਭਾਰਤ ਭਰ ’ਚੋਂ ਹਰ ਬੋਲੀ-ਭਾਸ਼ਾ ਦੇ ਲੇਖਕ ਪਹੁੰਚੇ ਹੋਏ ਸੀ। ਸੀ ਬਸ ਢੋਲ-ਢਮੱਕਾ ਹੀ... ਨਾ ਚੱਜ ਨਾਲ ਰੋਟੀ ਦਾ ਪ੍ਰਬੰਧ ਤੇ ਨਾ ਲੇਖਕਾਂ ਦੇ ਠਹਿਰਨ ਦਾ। ਮੈਂ ਤਾਂ ਇਸ ਅਕਾਦਮੀ ਨੂੰ ਸਖ਼ਤ ਚਿੱਠੀ ਵੀ ਲਿਖੀ ਕਿ ਜਾਂ ਤਾਂ ਇਹ ਡਰਾਮੇਬਾਜ਼ੀ ਬੰਦ ਕਰ ਦਿਓ ਨਹੀਂ ਤਾਂ ਇਸ ਐਵਾਰਡ ਵਿਚ ਲੇਖਕਾਂ ਨੂੰ ਨਕਦ ਰਾਸ਼ੀ ਵੀ ਦਿਓ।

ਸੋ ਮੈਂ ਇਸ ਕਰਕੇ ਇਹ ਸਵੀਕਾਰ ਕੀਤਾ, ਪਰ ਇਕ ਗੱਲ ਦੱਸੋ, ਜੇ ਮੈਂ ਨਾ ਸਵੀਕਾਰ ਕਰਦਾ ਤਾਂ

ਕੀ ਕਰਦਾ, ਲੈਣੋਂ ਨਾਂਹ ਕਰ ਦਿੰਦਾ? ਫਿਰ ਜੇ ਉਹ ਕਿਤੇ ਗੋਹੇ 'ਤੇ ਸੁੱਟ ਦਿੰਦੇ ਤਾਂ ਵੀ ਰੰਜ ਰਹਿੰਦਾ। ਮੇਰੇ ਵਰਗਿਆਂ ਨੂੰ ਹੋਰ ਤਾਂ ਕਿਸੇ ਅਕਾਦਮੀ ਨੇ ਇਨਾਮ ਦੇਣਾ ਨਹੀਂ... ਨਾ ਕੋਈ ਸਾਡੀ ਪਹੁੰਚ ਹੈ ਨਾ ਕੋਈ ਸਾਡੇ ਕੋਲ ਅਹੁਦਾ। ਆਪਣਾ ਬੰਦਾ ਵੀ ਕੋਈ ਉਪਰ ਹੈ ਨਹੀਂ। ਪ੍ਰੇਮ ਪ੍ਰਕਾਸ਼ ਨਾਲ ਸੰਬੰਧਤ ਹੀ ਇਕ ਗੱਲ ਯਾਦ ਆਉਂਦੀ ਹੈ। ਕੁਝ ਸਾਲ ਹੋਏ ਪ੍ਰੇਮ ਸਿੰਘ ਚੱਠੇ ਨੇ ਉਸ ਰਾਹੀਂ ਇਕ ਐਵਾਰਡ ਚਾਲੂ ਕੀਤਾ... ਦੇਣਾ ਵੀ ਉਹ ਪ੍ਰੇਮ ਹੀ ਸੀ ਪਰ ਪ੍ਰੇਮ ਪ੍ਰਕਾਸ਼ ਡਰ ਗਿਆ ਜਾਂ ਕਹਿ ਲਓ ਸੰਗ ਗਏ। ਚੱਠਾ ਕਹਿੰਦਾ ਹੁਣ ਕੀ ਕਰੀਏ... ਸਾਰਿਆਂ ਦੀ ਸੋਚ ਜਲੰਧਰ 'ਚ ਹੀ ਕੀਲੀ ਗਈ। ਨਾ ਉਨ੍ਹਾਂ ਨੂੰ ਭੰਡਾਰੀ ਦਿਸਿਆ, ਨਾ ਗਰਗ, ਨਾ ਢੰਡ, ਨਾ ਅਜੀਤ ਕੌਰ ਤੇ ਨਾ ਹੀ ਬਲਦੇਵ ਜਾਂ ਅਤਰਜੀਤ... ਉਨ੍ਹਾਂ ਵਰਿਆਮ ਤੇ ਗੁਣਾ ਪਾ ਦਿੱਤਾ। ਚਲੋ ਇਹ ਵੀ ਚੰਗਾ ਹੋਇਆ। ਕਹਾਣੀਆਂ ਦੀ ਚੋਣ ਤਾਂ ਐਵੇਂ ਦਿਖਾਵਾ ਹੀ ਸੀ। ਫਿਰ ਉਹ ਐਵਾਰਡ ਬੰਦ ਕਿਉਂ ਕਰ ਦਿੱਤਾ? ਵਿਚਾਰਾ ਚੱਠਾ ਸਾਹਿਬ ਤਾਂ ਦੇਰ ਬਾਅਦ ਗੁਜ਼ਰਿਆ ਸੀ। ਲਾਇਲਪੁਰ ਖਾਲਸਾ ਕਾਲਜ ਦੇ ਵਿਰਕ ਐਵਾਰਡ ਦੀ ਗੱਲ ਲੈ ਲਵੋ। ਭਲਾ ਇਹ ਐਵਾਰਡ ਪਹਿਲਾਂ ਹੀ ਵਰਿਆਮ ਨੂੰ ਕਿਉਂ ਦਿੱਤਾ ਗਿਆ? ਪ੍ਰੇਮ ਪ੍ਰਕਾਸ਼ ਜਾਂ ਭੁੱਲਰ ਤੇ ਭੰਡਾਰੀ ਨੂੰ ਕਿਉਂ ਨਹੀਂ? ਮੁੜ ਕੇ ਭੁੱਲਰ ਜਾਂ ਭੰਡਾਰੀ ਨੂੰ ਕਿਹੜੀ ਬਿਨਾਅ ਤੇ ਦਿੱਤਾ ਗਿਆ। ਭਲਾ ਕਿਉਂ? ਜੇ ਭਲਾ ਇਹ ਦੁੱਗਲ ਨੂੰ ਦੇਣ ਦਾ ਐਲਾਨ ਹੋ ਜਾਵੇ ਤਾਂ ਭਲਾ ਕਿਉਂ?

ਬਸ ਅਜਿਹੇ ਹੀ ਕਾਰਨ ਹਨ ਜਦੋਂ ਲੋਕ ਆਪਣੇ ਰਾਹ ਬਣਾਉਣ ਲਗਦੇ ਹਨ। ਮੈਂ ਅਖਬਾਰ ਵਿਚ ਬੈਠਾ ਹਾਂ... ਹਰ ਲੇਖਕ ਹਰ ਸਭਾ ਸੁਸਾਇਟੀ ਅੰਦਰ ਉਪਰ ਤੋਂ ਬਿਨਾਂ ਅੰਦਰ ਕੀ ਹੁੰਦਾ ਹੈ, ਕਿਵੇਂ ਕੀਤਾ ਜਾਂਦਾ ਹੈ ਇਸ ਦੀ ਖ਼ਬਰ ਮਿਲਦੀ ਰਹਿੰਦੀ ਹੈ ਜੋ ਅਖ਼ਬਾਰ ਦਾ ਹਿੱਸਾ ਨਹੀਂ ਬਣਦਾ। ਭਾਸ਼ਾ ਵਿਭਾਗ ਦੀ ਕੀ ਗੱਲ ਕਰੀਏ? ...ਉਥੇ ਵੀ ਹੁਣ ਨਵਾਂ ਕਲਚਰ ਪੈਦਾ ਕਰ ਰਹੇ ਹਨ ਕੱਕੜ ਸਾਹਿਬ... ਉਹ ਮਾੜੇ ਮੋਟੇ ਲੇਖਕ ਨੂੰ ਤਾਂ ਮਾਨਤਾ ਹੀ ਨਹੀਂ ਦਿੰਦੇ... ਉਨ੍ਹਾਂ ਨੂੰ ਵੀ ਢੋਲ ਵਾਲੇ ਹੀ ਪਸੰਦ ਹਨ।

ਪਿਆਰਿਓ! ਬੜੀ ਸਾਫ਼ ਜਿਹੀ ਗੱਲ ਹੈ ਕਿ ਇਨ੍ਹਾਂ ਵੱਡੇ ਲੋਕਾਂ ਨੇ ਤਾਂ ਆਪਾਂ ਨੂੰ ਕੁਝ ਦੇਣਾ ਨਹੀਂ... ਜੇ ਦੇਣਗੇ ਤਾਂ ਪਤੀਲੇ ਦਾ ਥੱਲਾ ਘਰੋੜ ਕੇ... ਉਹ ਵੀ ਮਰਦੇ-ਮਰਦੇ ਨੂੰ ਤੇ ਜੇ ਕੋਈ ਆਪਣੀ ਗ਼ਰੀਬ-ਗ਼ੁਰਬਿਆਂ ਦੀ ਕੋਈ ਸੰਸਥਾ ਮੇਰਾ ਮਾਣ-ਤਾਣ ਕਰਦੀ ਹੈ ਤਾਂ ਮੈਨੂੰ ਉਸ ਮਾਣ ਨੂੰ ਠੋਕਰ ਨਹੀਂ ਮਾਰਨੀ ਚਾਹੀਦੀ।

***

ਮੈਨੂੰ ਬਹੁਤ ਸਾਰੇ ਸਨਮਾਨ ਮਿਲੇ ਹਨ, 1973 ਵਿਚ ਮਿਲੇ ਜਲੰਧਰ ਛਾਉਣੀ ਦੀ ਸਾਹਿਤ ਸਭਾ ਦੇ ਸਨਮਾਨ ਤੋਂ ਲੈ ਕੇ 1995 ਤੱਕ ਬੰਗਾ ਵਿਚ ਮਿਲੇ ਸਨਮਾਨ ਤੱਕ। ਇਨ੍ਹਾਂ ਵਿਚ ਸਭ ਤੋਂ ਵੱਡਾ ਤੇ ਚੰਗਾ ਸਨਮਾਨ ਪਲਸ ਮੰਚ ਵਲੋਂ ਦਿੱਤਾ ਗਿਆ ਹੈ। ਮੈਂ ਸਨਮਾਨਾਂ ਬਾਰੇ ਕਦੇ ਨਹੀਂ ਸੋਚਿਆ। ਜਦੋਂ ਕਿਸੇ ਅਦਾਰੇ ਦੀ ਚਿੱਠੀ ਸਨਮਾਨ ਦੇਣ ਦੀ ਆਉਂਦੀ ਹੈ ਤਾਂ ਮੈਂ ਪਹੁੰਚ ਜਾਂਦਾ ਹਾਂ। ਮੈਂ ਕਿਸੇ ਦੇ ਪਿਆਰ ਨੂੰ ਠੇਸ ਨਹੀਂ ਪਹੁੰਚਾ ਸਕਦਾ। ਸਨਮਾਨ ਦੇਣ ਦੇ ਅਧਿਕਾਰ ਮਿਲਣ ਜਿਹੀ ਖੁਸ਼ਫਹਿਮੀ ਤੋਂ ਮੈਂ ਕਾਫੀ ਦੂਰ ਹਾਂ। ਜੇ ਮੇਰੇ ਕੋਲ ਅਧਿਕਾਰ ਆ ਵੀ ਜਾਵੇ ਤਾਂ ਮੈਂ ਉਸ ਮਿੱਟੀ ਦਾ ਬਣਿਆ ਹੋਇਆ ਨਹੀਂ ਹਾਂ ਜੋ ਕਿਸੇ ਹੋਰ ਦੀ ਦਿੱਤੀ ਜਾਂ ਭੇਟਾ ਕੀਤੀ ਚੀਜ਼ ਨੂੰ ਖੋਹ ਲੈਣਾ ਚਾਹੇ। ਸਿਰਫ ਇਕੋ ਮਹੱਤਵਪੂਰਨ ਗੱਲ ਸਨਮਾਨ ਦਾ ਨਾਂ ਤੇ ਉਹਦੇ ਨਾਲ ਜੁੜੇ ਹੋਏ ਲੋਕ। ਮੇਰੀ ਲੇਖਣੀ ਉੱਤੇ ਕਿਸੇ ਸਨਮਾਨ ਨੇ ਅਸਰ ਨਹੀਂ ਪਾਇਆ। ਸਨਮਾਨ ਲੈਣ ਤੋਂ ਬਾਅਦ ਛੇਤੀ ਹੀ ਇਸਨੂੰ ਮੈਂ ਮਨੋਂ ਵਿਸਾਰ ਦਿੰਦਾ ਹਾਂ। ਕੋਈ ਵੀ ਸਨਮਾਨ ਕਿਸੇ ਦੀ ਸਿਹਤ ਉੱਤੇ ਕੋਈ ਅਸਰ ਨਹੀਂ ਪਾਉਂਦਾ। ਸਾਰੇ ਸਨਮਾਨ ਆਪਣੇ ਸਾਹਿਤਕ ਖੇਤਰ ਦੀ ਸ਼ਾਨ ਵਧਾਉਂਦੇ ਹਨ। ਮੈਂ ਸਿਰਫ ਕਹਾਣੀ, ਨਾਟਕ, ਨਾਵਲ... ਕਵਿਤਾ... ਯਾਨੀ ਕਿ ਵਿਧਾ ਲਈ ਮਿਲਣ ਵਾਲੇ ਸਨਮਾਨਾਂ ਦੇ ਹੱਕ ਵਿਚ ਹਾਂ... ਗੋਤਾਂ ਜਾਤਾਂ ਵਾਲੇ ਸਨਮਾਨ ਵੰਡੀਆਂ ਪਾਉਂਦੇ ਹਨ ਤੇ ਵੰਡੀਆਂ ਪਾਉਣ ਲਈ ਲੋਕਾਂ ਨੂੰ ਪ੍ਰੇਰਦੇ ਵੀ ਹੀ।

# ਮੈਂ ਵਧੀਆ ਕਹਾਣੀ ਅਜੇ ਨਹੀਂ ਲਿਖ ਸਕਿਆ/ - ਪ੍ਰੇਮ ਗੋਰਖੀ

ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਉਦੋਂ ਪੰਜਾਬੀ ਸਾਹਿਤ ਵਿਚ ਕ੍ਰਾਂਤੀਕਾਰੀ ਤੇ ਲਹੂ ਭਿੱਜੀਆਂ ਰਚਨਾਵਾਂ ਦਾ ਇਕ ਤਰ੍ਹਾਂ ਹੜ੍ਹ ਹੀ ਆਇਆ ਹੋਇਆ ਸੀ। ਵੱਖਰੀ ਭਾਂਤ ਦੀਆਂ ਰਚਨਾਵਾਂ ਤੇ ਵੱਖਰੀ ਭਾਂਤ ਦੇ ਪਰਚੇ। ਇਹ ਸਾਰਾ ਕੁਝ ਅਚਾਨਕ ਹੀ ਵਾਪਰਿਆ ਸੀ। ਮੈਂ ਪੂਰੇ ਦੋ ਢਾਈ ਸਾਲ ਸਿੱਖ ਧਰਮ ਨਾਲ ਸੰਬੰਧਤ ਪੁਸਤਕਾਂ ਪੜ੍ਹੀਆਂ ਸਨ ਜਾਂ 1968 ਤਕ ਜੋ ਵੀ ਕਹਾਣੀ ਸੰਗ੍ਰਹਿ ਛਪਿਆ ਸੀ ਜਾਂ ਨਾਵਲ, ਉਹ ਪੜ੍ਹੇ ਸਨ। ਪੰਜਵੀਂ ਤੋਂ ਮੇਰੀ ਪੜ੍ਹਾਈ, ਖਾਲਸਾ ਸਕੂਲ 'ਚ ਹੋਣ ਕਾਰਨ, ਇਕ ਤਰ੍ਹਾਂ ਸਿੱਖੀ ਰੰਗ ਵਿਚ ਰੰਗੀ ਹੋਈ ਸੀ। ਫਿਰ 1968 ਤੋਂ ਮੈਨੂੰ ਉਖਾੜ ਦਿੱਤਾ ਗਿਆ। ਮੈਂ ਕਈ ਸਾਲ ਤਸ਼ੱਦਦ ਤੇ ਅਨਿਆਂ ਦੇ ਖਿਲਾਫ਼ ਲੜਦਾ, ਮੁਕੱਦਮਿਆਂ ਤੇ ਕਚਹਿਰੀਆਂ ਤੋਂ ਛੁਟਕਾਰਾ ਪਾ ਕੇ ਲਿਖਣ ਵੱਲ ਆਇਆ ਸੀ। ਤੇ ਜਿਉਂ ਹੀ ਮੈਂ ਪੰਜਾਬੀ ਦੇ ਛਪਦੇ ਪਰਚਿਆਂ ਨੂੰ ਦੇਖਿਆ, ਜਗਤਪੁਰ ਦੀ ਸਾਹਿਤ ਸਭਾ, ਸਰਹਾਲ ਕਾਜੀਆਂ, ਦੁਸਾਂਝ ਕਲਾ, ਸ਼ਾਹਕੋਟ, ਲੋਹੀਆਂ, ਕਪੂਰਥਲਾ, ਜਲੰਧਰ, ਅੰਮ੍ਰਿਤਸਰ, ਬਰਨਾਲਾ, ਬਠਿੰਡਾ ਤੇ ਹੋਰ ਕਸਬਿਆਂ / ਸ਼ਹਿਰਾਂ ਦੀਆਂ ਸਾਹਿਤਕ ਸਭਾਵਾਂ ਵਿਚ ਗਿਆ ਤਾਂ ਪੂਰੇ ਸਾਹਿਤ ਵਿਚ ਆਏ ਅਜਿਹੇ ਬਦਲਾਓ ਨੂੰ ਦੇਖ ਕੇ ਸੋਚੀਂ ਪੈ ਗਿਆ ਕਿ ਇਹ ਕੈਸੀ ਕ੍ਰਾਂਤੀ ਹੈ। ਮੈਂ ਝੰਜੋੜਿਆਂ ਜ਼ਰੂਰ ਗਿਆ ਪਰ ਪੈਰਾਂ ਨੂੰ ਮਜ਼ਬੂਤ ਰੱਖਿਆ।

'ਜਿਣਸ ਤੇ ਤਸ਼ੱਦਦ' ਸਿਰਲੇਖ ਹੇਠ ਮੇਰੀਆਂ ਕਈ ਕਹਾਣੀਆਂ ਤੇ ਇਕ ਨਾਵਲੈਟ 'ਨਾਗਮਣੀ' ਵਿਚ ਛਪ ਚੁੱਕੇ ਸਨ। ਮੇਰੀਆਂ ਕਹਾਣੀਆਂ ਵਿਚ ਮੇਰੇ ਪਾਤਰ ਆਪਣੀ ਸ਼ਖ਼ਸੀ ਆਜ਼ਾਦੀ ਲਈ ਜੂਝਦੇ ਤੇ ਅਨਿਆਂ ਦਾ ਮੁਕਾਬਲਾ ਆਪਣੀ ਤਰ੍ਹਾਂ ਕਰਦੇ, ਮੇਰੇ ਘੜੇ ਹੋਏ ਪਾਤਰ ਸਨ। ਉਹ ਕਿਸੇ ਕ੍ਰਾਂਤੀ ਜਾਂ ਇਨਕਲਾਬ ਲਈ ਕੁਝ ਨਹੀਂ ਸੀ ਕਰ ਰਹੇ। ਪਰ ਮੇਰੀਆਂ ਕਹਾਣੀਆਂ ਵਿਚ ਇਹ ਜ਼ਰੂਰ ਹੁੰਦਾ ਕਿ ਦੱਬੇ ਹੋਏ ਆਦਮੀ ਵਿਦਰੋਹ ਕਰਦੇ, ਤਸ਼ੱਦਦ ਸਹਾਰਨ ਦੀ ਥਾਂ ਅੱਗੋਂ ਅੜਦੇ ਤੇ ਨਾਲ ਹਥਿਆਰ ਵੀ ਚੁੱਕ ਲੈਂਦੇ।

ਇਕ ਦਿਨ ਮੇਰੇ ਘਰ ਭੁਪਿੰਦਰ ਸੂਦਨ ਆਇਆ। ਹਮੇਸ਼ਾ ਵਾਂਗ ਮੈਨੂੰ ਉਸਨੇ ਲੱਸੀ ਲਿਆਉਣ ਲਈ ਕਿਹਾ। ਲੱਸੀ ਪੀਂਦਾ ਹੀ ਉਹ ਭੁੜਕ ਪਿਆ, "ਮਾਊਂ ਜੱਦੀ ਦਿਆ, ਇਹ ਠਾਹਵਾਦ ਹੁਣ ਛੱਡ ਦੇ ਸੂ... ਬਸ ਜ਼ਿੰਦਗੀ ਦੇ ਯਥਾਰਥ ਤੇ ਜ਼ਿੰਦਗੀ ਦੇ ਦ੍ਰਿਸ਼ਟੀਕੋਣ ਨੂੰ ਸਮਝ... ਸੌਹਰੀ ਦੇ ਪਾਤਰ ਜਿਧਰ ਦੇਖੋ ਗੰਡਾਸੀ ਚਾਈ ਫਿਰਦੇ ਸੂ, ਬੰਦੂਕ ਚਾਈ ਫਿਰਦੇ ਸੂ... ਬੰਦ ਕਰ ਇਹ ਬਕਵਾਸ ... ਥੂਹ...।" ਤੇ ਉਹਨੇ ਪੈਰਾਂ 'ਚ ਵਗਦੀ ਨਾਲੀ ਵਿਚ ਕਰੋਧ ਨਾਲ ਥੁੱਕਿਆ।

ਬੀਹੀ 'ਚ ਤੁਰੀਆਂ ਜਾਂਦੀਆਂ ਬੁੜ੍ਹੀਆਂ ਹੈਰਾਨ ਹੋਈਆਂ ਦੇਖਣ ਲੱਗੀਆਂ। ਮੇਰੀ ਬੀਬੀ ਭਾਂਡੇ ਮਾਂਜਦੀ ਉਠ ਕੇ ਸਾਡੇ ਕੋਲ ਆ ਗਈ। "ਬੀਬੀ ਤੁਸਾਂ ਕਰੀ ਚਲੋ ਕੰਮ... ਇਹ ਸਾਡੀ ਆਪਸੀ ਵਣੱਜ ਜੇ...।" ਤੇ ਬੀਬੀ ਵੱਲ ਦੇਖ ਕੇ ਪਹਿਲਾਂ ਉਹ ਹੱਸ ਪਿਆ ਫਿਰ ਮੇਰੀ ਬੀਬੀ।

"ਐਹ ਮੁੱਕਾ ਦੇਖਿਆ ਸੂ ... ਪਰਚਾ ਪਹਿਲਾਂ ਕਦੇ? ... ਓਸ ਅਸ਼ਟ-ਬਕਰ ਦੀ ਕੱਛ 'ਚ ਵੜਿਆ ਰਹਿੰਦੈ... ਇਸ ਨੂੰ ਪੜ੍ਹ ... ਸਾਰੀਆਂ ਕਹਾਣੀਆਂ ਪੜ੍ਹੀਂ ਤੇ ਨਾਲੇ ਸਾਰੇ ਹੀ ਲੇਖ... ਇਹ ਪੜ੍ਹ ਲੈ ਤੇ ਕੱਲ੍ਹ ਮੇਰੇ ਘਰ ਪਹੁੰਚੀਂ... ਸੁਭ੍ਹਾ ਸੁਭ੍ਹਾ... ਨਾ ਪਹੁੰਚਿਆ ਤਾਂ ਤੇਰੀ ਮੋਟੀ ਗਰਦਨ ਤੋੜ ਦੇਸਾਂ ਹਥੌੜੇ ਨਾਲ...।" ਤੇ ਉਹ ਚਲਾ ਗਿਆ।

ਇਹ 'ਸਿਰਜਣਾ' ਸੀ ਉਸ ਰਾਤ, ਲੈਂਪ ਦੀ ਲੋਏ ਮੈਂ 'ਸਿਰਜਣਾ' ਦਾ ਅੱਖਰ ਅੱਖਰ ਪੜ੍ਹਿਆ। ਕਈ ਗੱਲਾਂ ਮੇਰੀ ਸਮਝੋਂ ਬਾਹਰ ਦੀਆਂ ਸਨ। ਅਗਲੀ ਸਵੇਰ ਮੈਂ ਸੂਦਨ ਕੋਲ ਅੱਪੜਿਆ ਤੇ ਅਸੀਂ ਉਹਦੇ ਦਫ਼ਤਰ ਬੈਠੇ ਦੁਪਹਿਰ ਤਕ 'ਸਿਰਜਣਾ' ਬਾਰੇ ਹੀ ਗੱਲਾਂ ਕਰਦੇ ਰਹੇ।

ਫਿਰ ਮੈਂ 'ਦੇਵਕੀ' ਕਹਾਣੀ ਲਿਖੀ ਤੇ ਸੂਦਨ ਨੂੰ ਪੜ੍ਹਾਈ। "ਸਾਲਾ ਕਮੀਨਾ... ਓਏ ਤੂੰ ਏਨਾ

ਤਿੱਖਾ ਏਂ... ਹਰਾਮਖੋਰ...।" ਉਹ ਸੁਭਾਅ ਮੁਤਾਬਕ ਗਾਲ੍ਹਾਂ ਕੱਢਣ ਲੱਗਾ... ਫਿਰ ਮੈਨੂੰ ਬਾਹਾਂ ਵਿਚ ਘੁੱਟ ਲਿਆ... "ਓਹ ਬੰਦਾ ਵੀ ਕੀ ਹੋਇਆ ਜਿਹਨੇ ਚੰਗੀ ਗੱਲ ਦਾ ਅਸਰ ਹੀ ਨਾ ਕਬੂਲਿਆ...।" ਤੇ ਉਹਨੇ ਮੇਰੇ ਕੋਲੋਂ ਕਹਾਣੀ ਲੈ ਕੇ 'ਸਿਰਜਣਾ' ਨੂੰ ਭੇਜ ਦਿੱਤੀ।

ਮੈਨੂੰ ਇਸ ਗੱਲ ਦਾ ਬੜੀ ਸ਼ਿਦਤ ਨਾਲ ਅਹਿਸਾਸ ਹੈ ਕਿ 'ਸਿਰਜਣਾ' ਦੀਆਂ ਲਿਖਤਾਂ ਨੇ ਬਹੁਤ ਥਾਈਂ ਮੈਨੂੰ ਆਪਣੀ ਉਂਗਲ ਫੜਾਈ ਹੈ। ਮੇਰੇ ਵਰਗੇ ਘੱਟ ਪੜ੍ਹੇ ਲਿਖੇ ਲਈ ਜੇ ਕੋਈ ਰਾਹ-ਦਸੇਰਾ ਬਣਿਆ ਤਾਂ ਉਹ ਮੁੱਖ ਤੌਰ 'ਤੇ ਕਿਤਾਬਾਂ ਹੀ ਹਨ, ਜਿਨ੍ਹਾਂ ਵਿਚ 'ਸਿਰਜਣਾ' , 'ਨਾਗਮਣੀ', 'ਆਰਸੀ', 'ਪ੍ਰੀਤਲੜੀ, 'ਹੇਮ ਜਯੋਤੀ' ਤੇ 'ਲਕੀਰ' ਜਿਹੇ ਪਰਚਿਆਂ ਦਾ ਯੋਗਦਾਨ ਵੀ ਘੱਟ ਨਹੀਂ ਹੈ।

ਤੇ ਜੇ ਸਿਰਫ 'ਸਿਰਜਣਾ' ਬਾਰੇ ਹੀ ਗੱਲ ਕਰਨੀ ਹੋਵੇ ਤਾਂ ਇਹ ਗੱਲ ਮੈਂ ਦੋ ਹਿੱਸਿਆ 'ਚ ਕਰਨੀ ਚਾਹਾਂਗਾ। ਪਹਿਲਾ ਇਹ ਕਿ ਚਾਹੇ ਮਾਰਕਸਵਾਦ ਬਾਰੇ, ਚਾਹੇ ਰੂਸੀ ਸਮਾਜਵਾਦ ਦੇ ਪਤਨ ਬਾਰੇ, ਚੀਨੀ ਕਮਿਊਨਿਸਟ ਸਭਿਆਚਾਰ ਜਾਂ ਪਾਰਟੀ ਕਿਰਦਾਰ ਦਾ ਲੇਖਾ-ਜੋਖਾ, ਮਾਰਕਸੀ ਫਲਸਫਾ ਤੇ ਪੰਜਾਬੀ ਸਾਹਿਤ ਬਾਰੇ, ਸਾਹਿਤ ਤੇ ਜ਼ਿੰਦਗੀ ਬਾਰੇ ਸਮੇਂ ਸਮੇਂ ਜੋ ਸਮੱਗਰੀ 'ਸਿਰਜਣਾ' ਵਿਚ ਛਪਦੀ ਰਹੀ, ਮੈਂ ਉਸ ਨੂੰ ਆਪਣੀ ਅਲਪ-ਬੁੱਧੀ 'ਚ ਉਤਾਰਨ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ।

ਦੂਜਾ ਵਿਚਾਰ ਹੈ 'ਸਿਰਜਣਾ' ਵਿਚ ਛਾਪੀਆਂ ਜਾਂਦੀਆਂ ਕਹਾਣੀਆਂ ਤੇ ਮੇਰਾ ਆਪਣਾ ਇਕ ਲੇਖਕ ਵਜੋਂ ਵਿਅਕਤੀਤਵ। ਮੇਰਾ ਵਿਚਾਰ ਹੈ ਜੇ ਇਕ ਲੇਖਕ ਆਪਣੇ ਸਮਕਾਲੀ ਲੇਖਕਾਂ ਵੱਲੋਂ ਬਿਹਤਰੀਨ ਰਚਨਾ ਕਰਨ ਬਦਲੇ ਆਪਣੇ ਅੰਦਰ ਈਰਖਾ ਨਹੀਂ ਜਗਾਉਂਦਾ, ਉਹਨੂੰ ਦੂਸਰੇ ਦੀ ਵਧੀਆ ਰਚਨਾ ਦੇਖ ਕੇ ਆਪਣੀ ਕਲਮ 'ਤੇ ਗਲਾਨੀ ਨਹੀਂ ਪੈਦਾ ਹੁੰਦੀ ਤਾਂ ਉਹ ਲੇਖਕ ਆਪਣੇ ਆਪ ਨੂੰ ਧੋਖੇ ਤੇ ਹਨੇਰੇ ਵਿਚ ਤਾਂ ਰੱਖ ਹੀ ਰਿਹਾ ਹੁੰਦਾ ਹੈ, ਨਾਲ ਹੀ ਆਪਣੇ ਅੰਦਰਲੇ ਲੇਖਕ ਨਾਲ ਵੀ ਇਨਸਾਫ਼ ਨਹੀਂ ਕਰ ਰਿਹਾ ਹੁੰਦਾ। ਇਹ ਸੱਚ ਮੰਨਣ ਵਿਚ ਘਟੋ ਘੱਟ ਮੈਨੂੰ ਕਿਸੇ ਤਰ੍ਹਾਂ ਦੀ ਹਿਚਕਚਾਹਟ ਨਹੀਂ ਹੈ।

ਬਹੁਤ ਸਾਰੇ ਨਹੀਂ, ਬਸ ਚੰਦ ਕੁ ਕਹਾਣੀਕਾਰ ਜੋ ਮੇਰੇ ਸਮਕਾਲੀ ਹਨ ਉਨ੍ਹਾਂ ਨੇ ਉੱਚ ਪਾਏ ਦੀਆਂ ਕਹਾਣੀਆਂ 'ਸਿਰਜਣਾ' ਰਾਹੀਂ ਹੀ ਮੈਨੂੰ ਪੜ੍ਹਾਈਆਂ ਤੇ ਜਿਨ੍ਹਾਂ ਨੂੰ ਪੜ੍ਹਕੇ ਮੈਂ ਕਈ ਕਈ ਮਹੀਨੇ ਇਹ ਸਮਝ ਵਿਚਾਰਨ ਵਿਚ ਲਾਉਂਦਾ ਰਿਹਾ ਕਿ ਇਹ ਲੇਖਕ ਨੇ ਕਹਾਣੀ ਨੂੰ ਕਿੱਦਾ ਉਸਾਰਿਆ ਹੈ, ਪਾਤਰਾਂ ਨੂੰ ਕਿਹੜੀ ਕਿਹੜੀ ਕੰਨੀ ਤੋਂ ਫੜ ਕੇ ਨਚਾਇਆ ਹੈ ਅਤੇ ਕਹਾਣੀ ਨੂੰ ਦਿਲਚਸਪ ਬਣਾਉਂਦਿਆਂ ਕਿਹੜੀ ਖ਼ੂਬੀ ਨਾਲ ਵਿਸ਼ੇ ਨੂੰ ਨਿਭਾਇਆ ਹੈ। ਤੇ ਮੈਂ ਆਪਣੇ ਆਪ ਨਾਲ ਖਿਝਦਾ-ਕਰਿਝਦਾ ਇਹ ਪ੍ਰਣ ਕਰਦਾ ਕਿ ਇਸ ਲੇਖਕ ਨਾਲੋਂ ਵਧੀਆ ਕਹਾਣੀ ਲਿਖਾਂਗਾ। ਇਹ ਵੱਖਰੀ ਗੱਲ ਹੈ ਕਿ ਮੈਂ ਬਹੁਤ ਵਧੀਆ ਕਹਾਣੀ ਅਜੇ ਨਹੀਂ ਲਿਖ ਸਕਿਆ, ਪਰ ਕਦੇ ਨਿਰਾਸ਼ ਵੀ ਨਹੀਂ ਹੋਇਆ। ਕਿਉਂਕਿ ਦੂਜਾ ਮਹੀਨਾ ਟਪਦਿਆਂ ਹੀ 'ਸਿਰਜਣਾ' ਫਿਰ ਆ ਵੰਗਾਰਦਾ ਹੈ।

## ਮੇਰੇ ਸਾਹਿਤ ਬਾਰੇ ਕਿਸੇ ਨੇ ਲੰਮਾ ਲੇਖ ਨਹੀਂ ਲਿਖਿਆ/ -ਪ੍ਰੇਮ ਗੋਰਖੀ

ਸਾਹਿਤ ਵਿਚ ਆਲੋਚਕ ਦੀ ਅਹਿਮੀਅਤ ਤੇ ਇਹਦੇ ਵਿਸ਼ੇਸ਼ ਸਥਾਨ, ਬਾਰੇ ਵੀਹ ਸਾਲ ਤੱਕ ਮੈਨੂੰ ਗਿਆਨ ਹੀ ਨਹੀਂ ਹੋਇਆ। ਜੋ ਪੜ੍ਹਿਆ ਜਾਣਿਆ ਸੀ ਮੈਂ ਓਸੇ ਦੇ ਆਧਾਰ 'ਤੇ ਲੇਖਕ ਨੂੰ ਹੀ ਪ੍ਰਮੁੱਖ ਸਥਾਨ 'ਤੇ ਰੱਖਦਾ ਰਿਹਾ। ਚੈਖੋਵ ਦੇ ਕਹਿਣ ਅਨੁਸਾਰ ਆਲੋਚਕ ਨੂੰ ਮੈਂ ਘੋੜੇ ਦੀ ਪਿੱਠ 'ਤੇ ਬੈਠੀ ਮੱਖੀ ਹੀ ਸਮਝਦਾ ਰਿਹਾ। ਪਰ ਪੰਦਰਾਂ ਕੁ ਸਾਲਾਂ ਤੋਂ ਜਦੋਂ ਮੇਰੀ ਦੂਜੀ ਤੇ ਫਿਰ ਤੀਜੀ ਕਿਤਾਬ ਵੀ ਛਪ ਚੁੱਕੀ ਤਾਂ ਆਲੋਚਕ ਦੀ ਅਹਿਮੀਅਤ ਬਾਰੇ ਮੈਂ ਸ਼ਿਦਤ ਨਾਲ ਸੋਚਣ ਲੱਗਾ।

ਮੇਰੀ ਪਹਿਲੀ ਕਿਤਾਬ ਦਾ ਖਰੜਾ ਮੇਰੇ ਕੋਲੋਂ ਅਮਰਜੀਤ ਚੰਦਨ ਲੈ ਗਿਆ ਤੇ ਬਲਰਾਜ ਸਾਹਨੀ ਪੁਸਤਕ ਲਾਇਬਰੇਰੀ ਵਲੋਂ ਕਿਤਾਬ ਛਪ ਗਈ। ਕਹਾਣੀਆਂ ਛਪਣ ਵੇਲੇ ਵੀ ਬਹੁਤ ਲੇਖਕ ਪ੍ਰਸੰਸਾ ਕਰਦੇ ਸੀ ਤੇ ਕਿਤਾਬ ਛਪਣ ਬਾਅਦ ਵੀ ਪ੍ਰਸੰਸਾ ਹੋਈ। ਕਿਤਾਬ ਆਉਣ ਨਾਲ ਬੱਝਵਾਂ ਪ੍ਰਭਾਵ

ਬਣਿਆ। ਸ. ਸ. ਮੀਸ਼ਾ ਦੇ ਕਹਿਣ ਤੇ ਮੈਂ ਕਿਤਾਬ ਦੀਆਂ ਦੋ ਕਹਾਣੀਆਂ ਰੇਡੀਓ ਸਟੇਸ਼ਨ 'ਤੇ ਦੇ ਆਇਆ। ਕਈ ਦਿਨਾਂ ਮਗਰੋਂ ਈਸ਼ਰ ਸਿੰਘ ਅਟਾਰੀ ਦਾ ਫ਼ੋਨ ਆਇਆ... ਉਹ ਹੱਸਦਾ ਹੱਸਦਾ ਕਹਿ ਰਿਹਾ ਸੀ ਕਿ ਤੇਰੀ ਬਈ ਕਿਤਾਬ ਰਿਵੀਊ ਲਈ ਆਈ ਹੈ, ਆ ਜਾ ਸ਼ਾਮ ਨੂੰ ਜੇ ਰਿਵੀਊ ਕਰਾਉਣਾ ਹੈ। ਮੈਨੂੰ ਕਈ ਸਾਲ ਇਹ ਹੀ ਨਹੀਂ ਪਤਾ ਲੱਗਾ ਕਿ ਮੈਂ ਜਾਣਾ ਕਿੱਥੇ ਹੈ। ਉਨ੍ਹਾਂ ਵੇਲਿਆਂ 'ਚ ਸੇਖੋਂ, ਡਾ. ਹਰਿਭਜਨ, ਡਾ. ਅਤਰ ਸਿੰਘ, ਜੋਗਿੰਦਰ ਸਿੰਘ ਰਾਹੀ, ਈਸ਼ਰ ਸਿੰਘ ਅਟਾਰੀ, ਟੀ. ਆਰ. ਵਿਨੋਦ ਵਗੈਰਾ ਆਲੋਚਨਾ ਖੇਤਰ ਵਿਚ ਨਾਮਵਰ ਸ਼ਖ਼ਸੀਅਤਾਂ ਸਨ। ਨਵਿਆਂ ਵਿਚ ਡਾ. ਰਘਬੀਰ ਸਿੰਘ, ਡਾ. ਨੂਰ, ਡਾ. ਤੇਜਵੰਤ ਸਿੰਘ ਗਿੱਲ, ਡਾ. ਤੇਜਵੰਤ ਮਾਨ, ਬ੍ਰਹਮ ਜਗਦੀਸ਼, ਡਾ. ਜਗਬੀਰ, ਡਾ. ਗੁਰਲਾਲ ਸਿੰਘ, ਡਾ. ਕੇਸਰ ਸਿੰਘ ਕੇਸਰ ਆਦਿ ਸਰਗਰਮ ਸਨ। ਇਨ੍ਹਾਂ ਲੋਕਾਂ ਨੇ ਜਦੋਂ ਵੀ ਕਿਤੇ ਕਹਾਣੀ ਸਬੰਧੀ ਕੋਈ ਪਰਚਾ ਲਿਖਿਆ ਜਾਂ ਕਿਸੇ ਸੈਮੀਨਾਰ ਵਗੈਰਾ ਵਿਚ ਕੋਈ ਭਾਸ਼ਨ ਪੰਜਾਬੀ ਕਹਾਣੀ ਉੱਪਰ ਦਿੱਤਾ ਤਾਂ ਮੇਰੀਆਂ ਕਹਾਣੀਆਂ ਦੀ ਪ੍ਰਸੰਸਾ ਕੀਤੀ। ਡਾ. ਅਤਰ ਸਿੰਘ ਨੇ ਇਕ ਅੰਗਰੇਜ਼ੀ ਵਿਚ ਲਿਖੇ ਲੇਖ ਵਿਚ ਮੇਰੀ ਵਾਹਵਾ ਪ੍ਰਸੰਸਾ ਕੀਤੀ।

ਮੇਰੀ ਦੂਜੀ ਕਿਤਾਬ 'ਜੀਣ ਮਰਨ' ਛਪਣ ਬਾਅਦ ਵੀ ਬੜੀ ਪ੍ਰਸੰਸਾ ਹੋਈ ਪਰ ਅਜਿਹਾ ਆਲੋਚਕ ਕੋਈ ਨਹੀਂ ਸਾਹਮਣੇ ਆਇਆ ਜਿਹਨੇ ਮੇਰੀਆਂ ਕਹਾਣੀਆਂ ਜਾਂ ਛਪੀ ਕਿਸੇ ਕਿਤਾਬ ਉੱਪਰ ਸਮੁੱਚੇ ਰੂਪ ਵਿਚ ਨਿੱਠ ਕੇ ਕੋਈ ਲੰਮਾ ਲੇਖ ਲਿਖਿਆ ਹੋਵੇ। ਫਿਰ ਤੀਜੀ ਕਿਤਾਬ ਵੀ ਛਪ ਕੇ ਆ ਗਈ। ਗੱਲਾਂ (ਤਾਰੀਫ ਵਿਚ) ਤਾਂ ਬਥੇਰੀਆਂ ਹੋਈਆਂ ਪਰ ਕਿਸੇ ਆਲੋਚਕ ਨੇ ਕੋਈ ਪਰਚਾ ਲਿਖਣ ਦਾ ਜਿਗਰਾ ਨਹੀਂ ਕੀਤਾ।

ਜਿਹੜੀ ਗੱਲ ਮੈਂ ਉੱਪਰ ਇਹ ਲਿਖੀ ਹੈ ਕਿ ਵੀਹ ਸਾਲ ਤਾਂ ਮੈਨੂੰ ਇਹ ਵੀ ਅਕਲ ਨਹੀਂ ਆਈ ਕਿ ਮੈਂ ਆਲੋਚਕ ਦੀ ਵਿਸ਼ੇਸ਼ ਅਹਿਮੀਅਤ ਜਾਣ ਸਕਾਂ, ਉਹ ਅਕਲ ਹੁਣ ਮੈਨੂੰ ਆਲੋਚਕਾਂ ਦੇ ਕਾਰ ਵਿਹਾਰ ਵੱਲ ਦੇਖ ਕੇ ਤੇ ਉਹ ਵੀ ਖਾਸ ਕਰਕੇ ਨਵੇਂ ਨਵੇਂ ਆਲੋਚਨਾ ਦੇ ਖੇਤਰ ਵਿਚ ਆਏ ਵਿਦਵਾਨਾਂ ਵੱਲ ਦੇਖ ਕੇ ਆਈ ਹੈ।

ਲੇਖਕ ਦੇ ਰਸੂਖ, ਰੁਤਬੇ ਤੇ ਉਹਦੀ ਪਹੁੰਚ ਉੱਪਰ ਬੜਾ ਨਿਰਭਰ ਕਰਦਾ ਹੈ ਆਪਣੀ ਲਿਖਤ ਦਾ ਮੁੱਲ ਦੁਆਉਣਾ ਤੇ ਉਹਦੇ ਅੰਦਰਲੀ 'ਮਹਾਨਤਾ' ਬਾਰੇ ਆਲੋਚਕ ਮਹੋਦਯ ਨੂੰ ਗਿਆਨ ਕਰਾਉਣਾ।

ਇਕ ਲੇਖਕ ਵਜੋਂ ਮੇਰਾ ਜਨਮ ਹੀ ਅਜਿਹੇ ਹਾਲਾਤ ਵਿਚੋਂ ਹੋਇਆ ਕਿ ਮੈਂ ਸਾਹਿਤ ਨੂੰ ਸ਼ੁਗਲ, ਮਨਪ੍ਰਚਾਵੇ ਜਾਂ ਕਲਾ ਦੇ ਉੱਚ ਮਿਆਰ ਸਥਾਪਤ ਕਰਨ ਤੋਂ ਦੂਰ ਰਹਿ ਕੇ ਵਿਚਰਿਆ। ਸਿਰਫ ਇਕੋ ਆਸ਼ਾ ਸੀ ਕਿ ਅਜਿਹਾ ਕੁਝ ਰਚਣਾ ਹੈ ਜਿਹਨੂੰ ਪੜ੍ਹ ਕੇ ਭਾਵੇਂ ਇਕ ਬੰਦੇ ਨੂੰ ਹੀ ਜ਼ਿੰਦਗੀ ਦੀ ਸੋਝੀ ਆਵੇ... ਅਜਿਹੇ ਰਸਤੇ 'ਤੇ ਚਲਦਿਆਂ ਨਾ ਇਨਾਮਾਂ ਬਾਰੇ ਸੋਚਿਆ ਤੇ ਨਾ ਸਾਹਿਤ ਵਿਚ ਵਿਸ਼ੇਸ਼ ਥਾਂ ਬਨਾਉਣ ਬਾਰੇ ਕੋਈ ਜੁਗਾੜ ਫਿੱਟ ਕਰਨ ਲਈ ਕੋਈ ਉਪਰਾਲਾ ਕੀਤਾ।

ਸੋ ਮੁੱਕਦੀ ਗੱਲ ਇਹ ਕਿ ਨਾ ਮੈਂ ਕਿਸੇ ਆਲੋਚਕ ਬਾਰੇ ਵਿਸ਼ੇਸ਼ ਕਹਿ ਸਕਦਾ ਹਾਂ, ਨਾ ਆਪਣੇ ਬਾਰੇ। ਕਿਸੇ ਆਲੋਚਕ ਦੀ ਵਿਸ਼ੇਸ਼ ਦੇਣ ਬਾਰੇ ਕਹਿ ਸਕਦਾਂ।ਆਲੋਚਕ ਮੈਨੂੰ ਬੁਰੇ ਨਹੀਂ ਲਗਦੇ।ਪਰ ਕਦੇ-ਕਦੇ ਇਨ੍ਹਾਂ ਦੀ ਬੁੱਧੀ ਉੱਪਰ ਬੜਾ ਤਰਸ ਆਉਂਦਾ ਹੈ। ਇਸ ਦੀ ਵਜਾਹ ਵੀ ਮੈਂ ਦਸਦਾ ਹਾਂ। ਜਦੋਂ ਮੇਰੀਆਂ ਪਹਿਲੀਆਂ ਦੋ ਕਿਤਾਬਾਂ ਛਪ ਚੁੱਕੀਆਂ ਤਾਂ ਡਾ. ਅਤਰ ਸਿੰਘ ਤੇ ਡਾ. ਰਘਬੀਰ ਸਿੰਘ ਨੇ ਮੇਰੀਆਂ ਕਹਾਣੀਆਂ ਦੀ ਗੱਲ ਕਰਦਿਆਂ ਮੈਨੂੰ ਬੇਜ਼ਮੀਨੇ, ਨਿਮਨ ਵਰਗ ਲੋਕਾਂ, ਖੇਤ ਮਜ਼ਦੂਰਾਂ ਦੇ ਜੀਵਨ ਦੀਆਂ ਬਾਰੀਕੀਆਂ ਤੇ ਸਮੱਸਿਆਵਾਂ ਦਾ ਚਿਤੇਰਾ ਕਿਹਾ। ਉਦੋਂ ਮੈਨੂੰ ਮਾਨਸਿਕ ਸੰਤੁਸ਼ਟੀ ਹੋਈ ਸੀ। ਹੁਣ ਦੇਖੋ, ਹਾਲਾਤ ਨੇ ਕੀ ਮੋੜ ਕੱਟਿਆ ਹੈ, ਅੱਜ ਮੈਂ ਕਹਾਣੀ ਲੇਖਕ ਨਹੀਂ ਰਿਹਾ, ਅੱਜ ਦਾ ਆਲੋਚਕ ਮੈਨੂੰ ਦਲਿਤ ਕਹਾਣੀਕਾਰ ਕਹਿਣ ਲੱਗਾ ਹੈ। ਇਕ ਆਲੋਚਕ ਮੈਨੂੰ ਕਹਿੰਦਾ ਤੁਹਾਨੂੰ ਦਲਿਤਾਂ ਨੂੰ ਹੁਣ ਲੇਖਕਾਂ ਨਾਲੋਂ ਪਹਿਲਾਂ ਕੋਈ ਤਗੜਾ ਜਿਹਾ ਦਲਿਤ ਆਲੋਚਕ ਪੈਦਾ ਕਰਨਾ ਚਾਹੀਦਾ ਹੈ ਜਿਹੜਾ ਤੁਹਾਡੀ ਗੱਲ ਕਰੇ।

# ਪਿਤਾ ਪਰ ਪੂਤ.../ -ਪ੍ਰੇਮ ਗੋਰਖੀ

ਕਹਿੰਦੇ ਤਾਂ ਹੁੰਦੇ ਨੇ ਕਿ 'ਮਾਂ ਪਰ ਪੂਤ ਪਿਤਾ ਪਰ ਘੋੜਾ' ਪਰ ਮੈਨੂੰ ਪੂਤ ਠੀਕ ਬੈਠਿਆ ਹੈ।

ਮੇਰਾ ਭਾਈਆ ਸਮਝਦਾਰ, ਗੁਣੀ-ਗਿਆਨੀ ਤੇ ਗੱਲ ਕਰ ਆਦਮੀ ਸੀ। ਅਨਪੜ੍ਹ ਹੁੰਦਿਆਂ ਵੀ ਉਹਨੂੰ ਅਨਪੜ੍ਹਾਂ ਵਾਂਗ ਠਾਹ-ਸੋਟਾ ਮਾਰਨ ਦੀ ਆਦਤ ਨਹੀਂ ਸੀ। ਉਹ ਆਪਣੇ ਤਰਕ ਨੂੰ ਹੋਰ ਵੀ ਤਿੱਖਾ ਕਰਨ ਲਈ ਮਿਥਿਹਾਸ ਦਾ ਲੇਪਣ ਲਾ ਦਿੰਦਾ ਜਾਂ ਗੁਰਬਾਣੀ ਦੇ ਸਲੋਕਾਂ ਦਾ। ਉਹਨੂੰ ਰਮਾਇਣ-ਮਹਾਂਭਾਰਤ ਦੇ ਨਾਲ ਨਾਲ ਗੁਰ-ਇਤਿਹਾਸ ਬਾਰੇ ਬੜਾ ਕੁਝ ਯਾਦ ਸੀ। ਮੇਰੇ ਨਾਲ ਉਹਨੇ ਬੋਲਣਾ-ਚਲਣਾ ਸੱਤਰਵਿਆਂ ਵਿਚ ਘੱਟ ਕਰ ਦਿੱਤਾ ਜਦੋਂ ਮੈਂ ਬਦਲਾ ਲੈਣ ਲਈ ਪਿੰਡ ਦੇ ਮੋਹਤਬਰ ਤੇ ਪੁਲਿਸ ਦੇ ਟਾਊਟ ਕਰਤਾਰ ਸਿੰਘ ਨੂੰ ਵਗਦੀ ਸੜਕ ਉੱਤੇ, ਰਣੀਏ ਦੀ ਹੱਟੀ ਅੱਗੇ, ਉਹਦੇ ਲੀੜੇ ਪਾੜ ਕੇ ਨੰਗਾ ਕਰ ਦਿੱਤਾ।

"ਤੂੰ ਚੰਗਾ ਨ੍ਹੀਂ ਕੀਤਾ... ਮੇਰੀਆਂ ਨਜ਼ਰਾਂ ਤੋਂ ਦੂਰ ਹੋ ਜਾ।" ਤਪੇ ਹੋਏ ਭਾਈਏ ਨੇ ਕਿਹਾ ਸੀ।

"ਜੋ ਉਹਨੇ ਮੇਰੇ ਨਾਲ ਕੀਤਾ ਉਹ ਚੰਗਾ ਸੀ... ਮੇਰੀ ਜ਼ਿੰਦਗੀ ਬਰਬਾਦ ਕਰ ਦਿੱਤੀ... ਉਹਨੇ ਚਾਲ ਚਲ ਕੇ ਮੈਨੂੰ ਪੁਲਿਸ ਕੋਲ ਫੜਾਇਆ ਤੇ ਮੇਰੇ ਉੱਤੇ ਝੂਠਾ ਕੇਸ ਪਾ 'ਤਾ...।"

"ਓਏ ਜੋ ਕੰਮ ਤੈਂ ਕੀਤਾ ਇਹ ਤਾਂ ਬੰਦਾ ਦੁਸ਼ਮਣ ਦੇ ਦੁਸ਼ਮਣ ਨਾਲ ਵੀ ਨਾ ਕਰੇ... ਬੰਦੇ ਨੂੰ ਨੰਗਾ ਤਾਂ ਰੱਬ ਈ ਕਰੇ ਤਾਂ ਜਚਦਾ...।"

ਮੇਰੀ ਤੇ ਭਾਈਏ ਦੀ ਬੜੀ ਸਾਂਝ ਸੀ। ਅਸੀਂ ਹਰ ਹਾੜ੍ਹੀ 'ਤੇ ਸਾਰਾ ਟੱਬਰ ਮੇਰੇ ਨਾਨਕੀ ਲਾਵੀਆਂ ਲਾਵੀਆਂ ਕਰਨ ਜਾਂਦਾ। ਕਣਕ ਤੂੜੀ ਸਾਂਭਣ ਬਾਅਦ ਅਸੀਂ ਢੱਕ ਖਰੀਦ ਲੈਂਦੇ ਤੇ ਮਹੀਨਾ ਭਰ ਪੱਤੇ ਤੋੜਦੇ। ਜਦੋਂ ਮੈਂ ਪੜ੍ਹਦਾ ਸੀ ਉਦੋਂ ਵੀ ਮੈਂ ਭਾਈਏ ਨਾਲ ਬਰਾਬਰ ਕੰਮ ਕਰਾਉਂਦਾ, ਉਹਦੇ ਨਾਲ ਫੈਕਟਰੀ ਜਾ ਕੇ। ਬੀਬੀ ਤੇ ਭਾਈਆ ਡੂਨੇ ਬਣਾਉਂਦੇ ਤੇ ਮੈਂ ਸਕੂਲੋਂ ਆ ਕੇ ਦੁਪਹਿਰੋਂ ਬਾਅਦ ਜਲੰਧਰ ਦੇ ਗੱਭ ਵਿਚ ਵੱਸਦੇ ਅਟਾਰੀ ਤੇ ਭੈਰੋਂ ਬਜ਼ਾਰ ਜਾ ਕੇ ਵੇਚ ਕੇ ਆਉਂਦਾ। ਭਾਈਆ ਖੁਸ਼ ਹੁੰਦਾ ਤੇ ਮੈਨੂੰ ਰਾਤ ਨੂੰ ਸਰਵਣ ਦੀ ਉਹ ਕਹਾਣੀ ਸੁਣਾਉਂਦਾ ਜਦੋਂ ਅੰਨ੍ਹੇ ਮਾਂ-ਪਿਉ ਨੂੰ ਉਹ ਵਹਿੰਗੀ 'ਚ ਬਿਠਾ ਕੇ ਉਨ੍ਹਾਂ ਦੀ ਸੇਵਾ ਕਰਦਾ ਥਾਂ ਥਾਂ ਲਈ ਫਿਰਦਾ ਹੈ। ਦਿਵਾਲੀ ਦੇ ਲਾਗੇ ਜਦੋਂ ਭਾਈਏ ਨੇ ਸਫੈਦੀ ਕਰਨ ਦੇ ਠੇਕੇ ਲੈਣੇ ਹੁੰਦੇ ਤਾਂ ਮੈਨੂੰ ਕਹਿੰਦਾ, "ਕਾਪੀ ਪੈੱਨ ਲਿਆ...।" ਫਿਰ ਉਹ ਬੋਲਣ ਲੱਗਦਾ ਤੇ ਮੈਂ ਲਿਖਣ...

"ਇਕ ਵੱਡਾ ਕਮਰਾ ਤੇਰਾਂ ਬਾਈ ਤੇਈ ਦਾ, ਚਾਰ ਕਮਰੇ ਛੋਟੇ, ਸਟੋਰ, ਛੱਤ ਤੇ ਵੱਡਾ ਕਮਰਾ... ਚਾਰ ਫੁਟੀ ਚਾਰ ਦੀਵਾਰੀ... ਇਹ ਬਾਹੀ ਚਾਲੀ ਫੁੱਟ... ਹੁਣ ਲਿਖ ਇਕ ਮਣ ਵੀਹ ਸੇਰ ਕਲੀ, ਪੰਜ ਸ਼ੇਰ ਮੁੰਜ, ਅੱਧਾ ਸੇਰ ਗੂੰਦ, ਸੇਰ ਪੱਕਾ ਨੀਲ, ਬਾਕੀ ਲਾ ਸ੍ਹਾਬ ਦਿਨਾਂ ਦਾ ਤੇ ਠੇਕੇ ਦਾ...।" ਫਿਰ ਉਹ ਆਪ ਹੀ ਪੋਟਿਆਂ 'ਤੇ ਹਿਸਾਬ ਕਰਦਾ ਤੇ ਮੈਨੂੰ ਕਹਿੰਦਾ ਲਿਖ ਪੰਜ ਦਿਹਾੜੀਆਂ ਇਕ, ਤਿੰਨ ਇਕ.. ਚਲ ਤੂੰ ਕਰ ਉੱਕਾ ਪੁੱਕਾ ਢਾਈ ਸੌ ... ਬਸ ਹੇਠ ਲੀਕ ਵਾਹ ਦੇ... ਚੱਲ ਜੀ...ਅ।" ਉਹ ਅਖ਼ੀਰ 'ਤੇ ਚੱਲ ਜੀਅ।" ਇਉਂ ਲਮਕਾਅ ਕੇ ਕਹਿੰਦਾ ਜਿਵੇਂ ਸਾਰਾ ਕੰਮ ਨਿਬੜ ਗਿਆ ਹੋਵੇ...। ਤੇ ਗੱਲ ਹੈ ਵੀ ਠੀਕ ਸੀ... ਮੈਂ ਭਾਈਆ, ਪ੍ਰਿਥੀ ਤੇ ਬਲਵੰਤ ਤਿੰਨਾਂ ਦਿਨਾਂ ਵਿਚ ਕੋਠੀ ਨੂੰ ਸਫੈਦੀ ਕਰਕੇ ਵਿਹਲੇ ਹੋ ਜਾਂਦੇ। ਭਾਇਆ ਪੈਹੇ ਫੜ ਕੇ ਮੇਰੇ ਹੱਥ ਫੜਾ ਦਿੰਦਾ, "ਆਪਣੀ ਬੀਬੀ ਨੂੰ ਦੇ ਜਾ ਕੇ।"

ਮੇਰੀ ਭੈਣ ਦੇ ਵਿਆਹ ਦੇ ਦਿਨ ਬੰਨ੍ਹਣੇ ਸੀ। ਭਾਈਆ ਵਿਹੜੇ ਦੇ ਬੰਦਿਆਂ ਨੂੰ ਸੱਦਣ ਗਿਆ ਤਾਂ ਉਹ ਅੜਿੱਕਾ ਪਾ ਕੇ ਬਹਿ ਗਏ। ਦਰਅਸਲ ਮੇਰੇ ਚਾਚੇ ਦੀ ਮੌਤ ਤੋਂ ਬਾਅਦ ਸਾਡਾ ਘਰ ਜੜ੍ਹਾਂ ਤੋਂ ਹਿੱਲ ਗਿਆ ਸੀ। ਮੇਰਾ ਬਾਬਾ ਜਿਹਨੇ ਡੱਕਾ ਚੁੱਕ ਕੇ ਕਦੇ ਦੋਹਰਾ ਨਹੀਂ ਸੀ ਕੀਤਾ ਉਹ ਚਾਚਾ ਚੰਦਾ ਸਿੰਘ ਦੇ ਟਾਲ ਉੱਪਰ ਲੱਕੜਾਂ ਪਾੜਨ ਲੱਗ ਗਿਆ ਸੀ। ਭਾਈਏ ਨੂੰ ਦੋਂਹ ਟੱਬਰਾਂ ਬਾਰੇ ਫਿਕਰ ਲੱਗਾ ਰਹਿੰਦਾ। ਸ਼ਰੀਕ ਖੁਸ਼ ਹੁੰਦੇ... ਉਹ ਕਹਿੰਦੇ ਬਸੰਤੇ ਦੇ ਟੱਬਰ ਨੂੰ ਹੁਣ ਪਤਾ ਲੱਗਾ ਦੁਨੀਆ ਕਿਥੇ ਵੱਸਦੀ ਆ।

ਅਜਿਹੇ ਤਣਾਅ ਭਰੇ ਮਾਹੌਲ ਵਿਚ ਕਈ ਵਾਰੀ ਭਾਈਆ ਤੈਸ਼ ਵਿਚ ਆ ਜਾਂਦਾ, ਘਰ ਵਿਚ ਤਾਂ ਉਹ ਲੜ ਹੀ ਪੈਂਦਾ ਵਿਹੜੇ ਦੇ ਵੀ ਕਈ ਬੰਦਿਆ ਨਾਲ ਲੜ ਪੈਂਦਾ। ਅਜਿਹੇ ਹੀ ਕਿਸੇ ਬੋਲ-ਬੁਲਾਰੇ ਕਰਨ ਵਿਹੜੇ ਦੇ ਚੌਧਰੀ ਅੜ ਗਏ। ਉਹ ਦਿਨਾਂ ਉੱਤੇ ਨਹੀਂ ਸੀ ਆ ਰਹੇ। ਮੈਂ ਤੇ ਪ੍ਰਿਥੀ ਵੀ ਭਾਈਏ ਦੇ ਮਗਰ ਹੀ ਜਾ ਰਹੇ। ਬੜੀ ਅਜੀਬ ਤਰ੍ਹਾਂ ਦੀ ਸਥਿਤੀ ਬਣੀ ਹੋਈ ਸੀ... ਭਾਈਆ ਮੁਆਫ਼ੀਆਂ ਮੰਗਦਾ, ਹਾੜੇ ਕੱਢਦਾ ਬਾਬੇ ਸਾਈਂ, ਬਾਬੇ ਮੁਨਸ਼ੀ, ਬਾਬੇ ਖੁਸ਼ੀਏ, ਕਿਰਪਾ ਤੇ ਤਾਏ ਗੁਲਜ਼ਾਰੀ ਨੂੰ ਉੱਠਣ ਲਈ ਕਹਿ ਰਿਹਾ ਸੀ ਪਰ ਉਹ ਆਕੜ ਕੇ ਬੈਠੇ ਸਨ। ਦੇਖ ਕੇ ਮੈਨੂੰ ਭਾਈਏ ਉੱਤੇ ਬੜਾ ਤਰਸ ਆਇਆ। ਮੈਂ ਅੱਗੇ ਵਧ ਕੇ ਭਾਈਏ ਦੀ ਬਾਂਹ ਫੜੀ ਤੇ ਉਠਾ ਕੇ ਬਾਹਲ ਲੈ ਆਇਆ... "ਜੇ ਕੋਈ ਆਉਂਦਾ ਠੀਕ ਆ... ਨਹੀਂ ਦਿਨ ਬੰਨ੍ਹ ਤੂੰ... ਉਨ੍ਹਾਂ ਦੇ ਕਾਰਜ ਵਿਹਾਰ ਕਿਤੇ ਰੁਕ ਜਾਂਦੇ ਆ ਜਿਨ੍ਹਾਂ ਦਾ ਕੋਈ ਬੀ ਨ੍ਹੀਂ ਹੁੰਦਾ... ਅਸੀਂ ਹੈਂਗੇ ਤੇਰੇ ਨਾਲ ਖੜ੍ਹੇ ਹੋਣ ਲਈ।" ਮੈਂ ਸਾਈਂ ਦੇ ਦਰਾਂ ਵਿਚ ਹੀ ਖੜ੍ਹ ਕੇ ਰਤਾ ਕੁ ਜ਼ੋਰ ਨਾਲ ਇਹ ਗੱਲ ਕਹੀ।

ਘਰ ਆ ਕੇ ਭਾਈਆ ਡੁਸਕ-ਡੁਸਕ ਕੇ ਰੋਣ ਲੱਗ ਪਿਆ, "ਰੱਖੀਏ, ਮੇਰੇ ਪੁੱਤ ਮੇਰੇ ਬਰਾਬਰ ਦੇ ਹੋ ਗਏ ਆ... ਹੁਣ ਨਈਂ ਮੈਨੂੰ ਕਿਸੇ ਖੱਬੀ ਖਾਨ ਦੀ ਪ੍ਰਵਾਹ।" ਉਹਨੇ ਪੱਗ ਦੇ ਲੜ ਨਾਲ ਅੱਖਾਂ ਪੂੰਝਦਿਆਂ ਦੇਖਿਆ ਤਾਂ ਬੀਬੀ ਵੱਲ ਪਰ ਦੋਨੋਂ ਬਾਹਾਂ ਮੇਰੇ ਤੇ ਪ੍ਰਿਥੀ ਦੁਆਲੇ ਬਗਲ ਲਈਆਂ।

ਕਰਤਾਰ ਸਿੰਘ ਵਾਲੀ ਘਟਨਾ ਦੇ ਬਾਅਦ ਭਾਈਏ ਨੇ ਜਿਵੇਂ ਮੇਰੇ ਵੱਲ ਖੁੱਲ੍ਹਦੀ ਖਿੜਕੀ ਹੀ ਬੰਦ ਕਰ ਲਈ। ਮੈਂ ਕਹਿੰਦਾ, "ਆਹ ਕੋਠੇ ਦੀ ਛੱਤ ਬਦਲ ਲਈਏ।" ਤਾਂ ਭਾਈਆ ਹੌਲੀ ਜਿਹਾ ਬੋਲਦਾ, "ਜਿੱਦਾਂ ਤੈਨੂੰ ਠੀਕ ਲੱਗਦਾ, ਕਰ ਲੈ।" ਜਾਂ ਕਹਿੰਦਾ, "ਠੀਕ ਆ ਜੋ ਤੂੰ ਕਰੇਂ... ਪੜ੍ਹਿਆ ਲਿਖਿਆ ਐਂ ਤੂੰ।"

ਫਿਰ ਵਿਆਹ ਤੋਂ ਬਾਅਦ ਛੇਤੀ ਹੀ ਮੈਂ ਚੰਡੀਗੜ੍ਹ ਆ ਗਿਆ। ਸਾਲ ਕੁ ਬਾਅਦ ਦੀ ਗੱਲ ਹੈ ਇਕ ਦਿਨ ਤਕਾਲਾਂ ਢਲਦਿਆਂ ਨੂੰ ਭਾਈਆ ਇਕ ਹੋਰ ਆਦਮੀ ਦੇ ਨਾਲ ਪਹੁੰਚ ਗਿਆ। ਭਾਈਏ ਨੇ ਮਾਵੇ ਵਾਲੀ ਲੜ ਛੱਡਵੀਂ ਪੱਗ ਬੰਨ੍ਹੀ ਹੋਈ, ਬਦਾਮੀ ਪਾਪਲੀਨ ਦੀ ਕਮੀਜ਼ ਤੇ ਪਜਾਮਾ ਤੇ ਕਾਲੀ ਗੁਰਗਾਬੀ ਪੈਰੀਂ। ਦੇਖ ਕੇ ਮੈਨੂੰ ਚਾਅ ਤਾਂ ਚੜ੍ਹ ਗਿਆ ਪਰ ਨਾਲ ਹੀ ਅੱਖਾਂ ਭਰ ਆਈਆਂ। ਮੈਂ ਮੱਥਾ ਟੇਕਿਆ ਤਾਂ ਭਾਈਏ ਨੇ ਮੈਨੂੰ ਛਾਤੀ ਨਾਲ ਘੁੱਟ ਲਿਆ।

"ਆਹ ਭਾ ਹੁਣੀਂ ਲੈਨੋਂ ਪਾਰ ਰਹਿੰਦੇ ਆ... ਸੰਤ ਨਗਰ ... ਇਨ੍ਹਾਂ ਨੂੰ ਨੌਕਰੀਓਂ ਕੱਢ 'ਤਾ ਇਹਦੇ ਅਫਸਰ ਨੇ... ਉਹ ਮਹਿਕਮਾ ਰਾਮ ਗੁਪਾਲ ਕੋਲ ...ਜਿਹੜਾ ਭੂਆ ਹੁਕਮਾਂ ਦਾ ਦੇਰ ਆ... ਮੈਂ ਕਿਹਾ ਚਲੋ ਚਲਦੇ ਆਂ ਹੁਣੇ... ਆਪਾਂ ਕੰਨ ਫੜ ਕੇ ਕੰਮ ਕਰਾਂ ਲਾਂਗੇ... ਤੁਰਨ ਲੱਗੇ ਤਾਂ ਕਹਿੰਦੇ ਰਹਿਣਾ ਕਿੱਥੇ ਆ... ਮੈਂ ਕਿਹਾ ਹੱਦ ਹੋ ਗਈ ਭਾ ਜੀ... ਮੇਰੇ ਵੱਡਾ ਮੁੰਡਾ ਜੂ ਆ ਚੰਡੀਗੜ੍ਹ ...।" ਭਾਈਆ ਖਿੜਿਆ ਪਿਆ ਸੀ।

## ਆਲੋਚਕ ਸਾਈਆਂ ਤੇ ਲਿਖਣ ਲੱਗੇ ਨੇ/ -ਪ੍ਰੇਮ ਗੋਰਖੀ

ਮੈਂ ਬਹੁਤਾ ਨਹੀਂ ਲਿਖਿਆ। ਮੈਂ ਕੋਈ ਵੱਡਾ ਲੇਖਕ ਨਹੀਂ ਹਾਂ ਇਸ ਲਈ ਕਦੇ ਬਹੁਤਾ ਗੰਭੀਰ ਹੋ ਕੇ ਇਸ ਗੱਲ ਬਾਰੇ ਨਹੀਂ ਸੋਚਿਆ ਕਿ ਆਲੋਚਨਾ ਦਾ ਰੁੱਖ ਕੀ ਹੈ। ਦੂਸਰੇ ਲੇਖਕਾਂ ਦੀਆਂ ਰਚਨਾਵਾਂ ਜਾਂ ਸਮੁੱਚੇ ਪੰਜਾਬੀ ਸਾਹਿਤ ਪ੍ਰਤੀ ਆਲੋਚਕਾਂ ਦੀਆਂ ਵੱਖ ਵੱਖ ਰਾਵਾਂ ਪੜ੍ਹ ਕੇ ਕਦੇ ਸੰਤੁਸ਼ਟੀ ਨਹੀਂ ਹੋਈ। ਭਾਵੇਂ ਆਲੋਚਕਾਂ ਦੇ ਖੇਤਰ ਵਿਚ ਕਿਸੇ ਤਰ੍ਹਾਂ ਦਾ ਭੇਦ-ਭਾਵ ਨਹੀਂ ਹੈ ਪਰ ਇਹ ਜ਼ਰੂਰ ਹੈ ਕਿ ਲੇਖਕਾਂ ਦੀਆਂ ਗੁੱਟਬੰਦੀਆਂ ਦਾ ਸ਼ਿਕਾਰ ਉਹ (ਆਲੋਚਕ) ਜ਼ਰੂਰ ਹੁੰਦਾ ਹੈ। ਉਨ੍ਹਾਂ ਗੁੱਟਬੰਦੀਆਂ ਵਲੋਂ ਆਲੋਚਕ ਨੂੰ ਵਰਤਿਆ ਜਾਂਦਾ ਹੈ ਅਤੇ ਅਜਿਹੀ ਸਥਿਤੀ ਵਿਚ ਕੋਈ ਮਨੁੱਖ ਉਲਾਰ ਜੇ ਹੋ ਜਾਂਦਾ ਹੈ ਤਾਂ ਇਹ ਕੋਈ ਅਨਹੋਣੀ ਗੱਲ ਨਹੀਂ ਹੁੰਦੀ।

ਪੰਜਾਬੀ ਸਾਹਿਤ ਵਿਚ ਕਈ ਤਰ੍ਹਾਂ ਦੀਆਂ ਤ੍ਰਾਸਦੀਆਂ ਚੱਲ ਰਹੀਆਂ ਹਨ ਜਿਨ੍ਹਾਂ ਵਿਚ ਬਹੁਤੇ ਆਲੋਚਕਾਂ ਦੀ ਇਹ ਵੀ ਸਮੱਸਿਆ ਹੈ ਕਿ ਉਹ ਇਸ ਹਾਲਤ ਵਿਚ ਕਿਸ ਤਰ੍ਹਾਂ ਸਥਾਪਿਤ ਹੋ ਸਕਦੇ ਹਨ। ਅਜਿਹੇ ਸਮੇਂ ਉਹ ਜਾਂ ਤਾਂ ਗੁੱਟਬੰਦੀਆਂ ਵੱਲ ਝਾਕਦੇ ਹਨ ਜਾਂ ਸਥਾਪਿਤ ਲੇਖਕਾਂ ਦੀ ਵਾਹਵਾ ਕਰਨ ਵੱਲ ਉਲਾਰ ਹੋ ਜਾਂਦੇ ਹਨ।

ਸਾਡੀ ਆਲੋਚਨਾ ਦੀ ਇਕ ਇਹ ਵੀ ਸਮੱਸਿਆ ਸਾਹਮਣੇ ਆ ਰਹੀ ਹੈ ਕਿ ਲੇਖਕ ਨੇ ਜੋ ਵੀ ਸਿਰਜ ਦਿੱਤਾ, ਉਸ ਨੇ ਆਪਣੀ ਰਚਨਾ ਵਿਚ ਜੋ ਵੀ ਮਾਪਦੰਡ ਸਥਾਪਤ ਕਰਨ ਲਈ ਸੁਝਾਅ ਪੇਸ਼ ਕਰ ਦਿੱਤਾ, ਆਲੋਚਕ ਉਸਦੀ ਉਲਾਰ, ਅਣਯਥਾਰਥਕ ਤੇ ਪ੍ਰਸਥਿਤੀਆਂ ਨਾਲ ਮੇਲ ਨਾ ਖਾਂਦੀਆਂ ਧਾਰਨਾਵਾਂ ਨੂੰ ਨਿੰਦਣ ਜਾਂ ਚੰਗੇ ਸੁਝਾਅ ਦੇਣ ਜਾਂ ਉਸਦੇ ਵਿਰੁੱਧ ਡੱਟ ਕੇ ਖਲੋਣ ਦੀ ਬਜਾਏ ਉਸ ਵਿਚਾਰਧਾਰਾ ਜਾਂ ਹੋਂਦ ਨਹੀਂ ਰਹਿੰਦੀ। ਅਜਿਹੀ ਗੱਲ ਕਰਦਿਆਂ ਸਾਨੂੰ ਸੰਤ ਸਿੰਘ ਸੇਖੋਂ, ਡਾ. ਅਤਰ ਸਿੰਘ ਜਿਹੇ ਆਲੋਚਕਾਂ ਦੀ ਯਾਦ ਆਉਣੀ ਸੁਭਾਵਿਕ ਹੈ ਜਿਨ੍ਹਾਂ ਨੇ ਆਲੋਚਨਾ ਦੇ ਖੇਤਰ ਨੂੰ ਨਵੀਆਂ ਦ੍ਰਿਸ਼ਟੀਆਂ ਤੇ ਨਵੇਂ ਰਾਹਾਂ ਨਾਲ ਪ੍ਰਫੁਲਿਤ ਕੀਤਾ ਪਰ ਜਿਨ੍ਹਾਂ ਉਪਰ ਸਾਡੇ ਨਵੇਂ ਆਲੋਚਕ ਕੁਝ ਕਦਮ ਚੱਲ ਕੇ ਹੀ ਲੜਖੜਾ ਗਏ।

ਅੱਜ ਆਲੋਚਕ ਸਾਈਆਂ, ਸਿਫ਼ਾਰਸ਼ਾਂ ਤੇ ਵਧਾਈਆਂ ਲਈ ਲਿਖਣ ਲੱਗੇ ਹਨ। ਕਿਸੇ ਪਰਚੇ/ ਅਖ਼ਬਾਰਾਂ ਦਾ ਸੰਪਾਦਕ ਆਲੋਚਕ ਨੂੰ ਕਿਸੇ ਕਿਤਾਬ ਲਈ 'ਵੱਡਾ ਲੇਖ' ਤੇ 'ਸੁਆਰ ਕੇ' ਲਿਖਣ ਲਈ ਜ਼ੋਰ ਪਾਉਂਦਾ ਹੈ, ਕਿਸੇ ਹੋਰ ਵੱਡੇ ਲੇਖਕ ਕੋਲੋਂ ਉਸ ਬਾਰੇ ਲੇਖ ਲਿਖਵਾਉਂਦਾ ਹੈ, ਅਜਿਹੀ ਨਿਘਰੀ ਹਾਲਤ ਵਿਚੋਂ ਪੰਜਾਬੀ ਲੇਖਕ ਵੀ ਗੁਜ਼ਰ ਰਿਹਾ ਹੈ ਅਤੇ ਆਲੋਚਕ ਵੀ।

ਪੰਜਾਬੀ ਸਾਹਿਤ (ਲੇਖਕਾਂ) ਵਿਚ ਗੁਟਬੰਦੀਆਂ ਦੀ ਪਰੰਪਰਾ ਚੱਲੀ ਆ ਰਹੀ ਹੈ। ਇਸ ਦਾ ਵੱਡਾ ਕਾਰਨ ਸਾਡੇ ਬਜ਼ੁਰਗ ਲੇਖਕਾਂ ਉਪਰ ਪ੍ਰਗਤੀਵਾਦੀ ਵਿਚਾਰਧਾਰਾ, ਮਾਰਕਸੀ ਵਿਚਾਰਧਾਰਾ ਰਹੀ ਹੈ। ਹੌਲੀ ਹੌਲੀ ਇਸ ਵਿਚੋਂ ਕੌਂਪਲਾਂ ਫੁਟਦੀਆਂ ਗਈਆਂ, ਫਿਰ ਕਦੇ ਨਕਸਲਵਾਦੀ ਵਿਚਾਰਧਾਰਾ ਹਾਵੀ ਹੋਈ ਤੇ ਕਦੇ ਪ੍ਰਯੋਗਵਾਦੀ ਹੋਂਦ ਵਿਚ ਆ ਗਏ, ਵਿਚ ਨੂੰ ਖਾਲਿਸਤਾਨੀ ਰੁਖ਼ ਵੀ ਦੇਖਣ ਵਿਚ ਆਇਆ। ਇਨ੍ਹਾਂ ਗੁੱਟਬੰਦੀਆਂ ਕਰਕੇ ਪੰਜਾਬੀ ਸਾਹਿਤ ਦਾ ਨੁਕਸਾਨ ਘੱਟ ਹੀ ਹੋਇਆ, ਬੰਦਿਆਂ ਦਾ ਬਹੁਤਾ ਹੋਇਆ। ਕੋਈ ਸਿਰਫ਼ ਮਾਰਕਸਵਾਦੀ ਹੀ ਬਣ ਕੇ ਰਹਿ ਗਏ, ਫਿਰ ਕੁਝ (ਬਹੁਤ ਸਾਰੇ) ਕ੍ਰਾਂਤੀਕਾਰੀ ਹੀ ਬਣ ਕੇ ਰਹਿ ਗਏ। ਉਪ੍ਰੋਕਤ ਗੁੱਟਬੰਦੀਆਂ ਨਾਲ ਜੁੜੇ ਲੇਖਕਾਂ ਨੇ ਆਪਣੇ ਧੜਿਆਂ ਨੂੰ ਹਰ ਗੱਲ ਵਿਚ ਪਹਿਲ ਦਿੱਤੀ, ਤੇ ਹੁਣ ਤੱਕ ਇਹੋ ਹਾਲਤ ਚਲ ਰਹੀ ਹੈ ਜਿਹਦੇ ਕਰਕੇ ਬਹੁਤ ਸਾਰੇ ਚੰਗੇ ਤੇ ਸਮਰੱਥ ਲੇਖਕ ਇਨ੍ਹਾਂ ਗੁੱਟਬੰਦੀਆਂ ਨੇ ਮਿੱਟੀ-ਘੱਟੇ 'ਚ ਰੋਲ ਕੇ ਰੱਖ ਦਿੱਤੇ। ਅੱਜ ਵੀ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਅਜਿਹੇ ਰੋਲੇ ਗਏ ਲੇਖਕਾਂ ਦੀਆਂ। ਅੱਜ ਤੁਸੀਂ ਕਿਸੇ ਸਥਾਪਿਤ ਲੇਖਕ ਦੀ ਮਾੜੀ ਸਿਰਜੀ ਗਈ ਰਚਨਾ ਦੇ ਵਿਰੋਧ ਵਿਚ ਰਾਇ ਪ੍ਰਗਟ ਕਰਕੇ ਦੇਖ ਲਓ, ਉਹ ਲੇਖਕ ਹਰ ਹੀਲਾ ਵਰਤ ਕੇ ਅਜਿਹੀਆਂ ਗੁੱਟਬੰਦੀਆਂ ਵਿਚ ਸ਼ਾਮਿਲ ਨਾਮ ਨਿਹਾਦ ਆਲੋਚਕਾਂ / ਲੇਖਕਾਂ ਕੋਲੋਂ ਲੇਖ ਤੇ ਚਿੱਠੀਆਂ ਲਿਖਵਾ ਲਿਖਵਾ ਅੱਗੋਂ ਲਈ ਉਹਦੀ ਰਚਨਾ ਬਾਰੇ ਰਾਇ ਨਾ ਦੇਣ ਲਈ ਤੁਹਾਨੂੰ ਸਬਕ ਸਿਖਾ ਦਏਗਾ।

ਧਨ (ਡਾਲਰਾਂ / ਪੌਂਡਾਂ ) ਦਾ ਵੀ ਬੜਾ ਰੋਲ ਹੈ ਕਿਸੇ ਲੇਖਕ ਨੂੰ ਸਥਾਪਿਤ ਕਰਨ ਵਿਚ। ਭਲਾ ਕੀ ਵਜ੍ਹਾ ਹੈ ਕਿ ਵਿਦੇਸ਼ਾਂ ਵਿਚ ਬੈਠੇ ਲੇਖਕਾਂ ਦੀਆਂ ਹਲਕੀਆਂ ਰਚਨਾਵਾਂ ਨੂੰ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਬੈਠੇ ਵਿਦਵਾਨ, ਸੈਨੇਟ ਮੀਟਿੰਗਾਂ ਵਿਚ ਬੁਰੀ ਤਰ੍ਹਾਂ ਭੰਨ-ਤੋੜ ਕਰਦੇ ਹਨ, ਲੰਮੇ ਲੰਮੇ ਪਰਚੇ ਲਿਖ ਤੇ ਲਿਖਵਾ ਕੇ ਛਾਪਦੇ ਹਨ ਤਾਂ ਕਿ ਉਹ ਰਚਨਾਵਾਂ ਕੋਰਸਾਂ ਵਿਚ ਲੱਗ ਸਕਣ? ਅਜਿਹੇ ਮੌਕਿਆ 'ਤੇ ਅਜਿਹੀ ਖੇਡ ਪਿੱਛੇ ਡਾਲਰ ਪੌਂਡ ਹੀ ਕੰਮ ਕਰ ਰਹੇ ਹੁੰਦੇ ਹਨ। ਤੁਸੀਂ ਦੇਖਿਆ ਨਹੀਂ, ਸ਼੍ਰੋਮਣੀ ਸਾਹਿਤਕਾਰਾਂ ਦੇ ਵਿਦੇਸ਼ੀ ਇਨਾਮਾਂ ਲਈ ਇਸ ਵਾਰ ਕਿਵੇਂ ਜੋੜ ਤੋੜ ਹੋਏ ਤੇ ਜਿਹੜੇ ਲੇਖਕ ਸਨ ਉਨ੍ਹਾਂ ਨੂੰ ਕਿਸੇ ਪੁੱਛਿਆ ਹੀ ਨਹੀਂ।

## ਇਕ ਸਟੇਜ ਤੇ ਗਰੇਸ ਮਾਰਕਸ ਦੀ ਲੋੜ ਹੁੰਦੀ ਹੈ/ - ਪ੍ਰੇਮ ਗੋਰਖੀ

ਅਸੀਂ ਹਰ ਮਾਮਲੇ ਵਿਚ ਔਰਤ ਪ੍ਰਤੀ ਉਲਾਰ ਦ੍ਰਿਸ਼ਟੀ ਰੱਖਦੇ ਹਾਂ। ਇਹ ਕੁਦਰਤੀ ਵਰਤਾਰਾ ਹੈ। ਵਿਰੋਧੀ ਲਿੰਗ ਪ੍ਰਤੀ ਅਜਿਹਾ ਉਲਾਰਪਣ ਕਦੇ ਨੁਕਸਾਨ ਕਰਨ ਵਾਲਾ ਨਹੀਂ ਰਿਹਾ ਸਗੋਂ ਇਹਨੇ ਹੁਣ ਤੱਕ ਚੰਗੇ ਨਤੀਜੇ ਹੀ ਦਿੱਤੇ ਹਨ। ਤਿੰਨ ਦਹਾਕਿਆਂ ਤੋਂ ਵੀ ਵੱਧ ਸਮਾਂ ਪਹਿਲਾਂ ਪ੍ਰਿੰ. ਸੰਤ ਸਿੰਘ ਸੇਖੋਂ ਅੱਜ ਦੀ ਪ੍ਰਸਿੱਧ ਕਵਿਤਰੀ ਪ੍ਰਭਜੋਤ ਕੌਰ ਪ੍ਰਤੀ ਉਲਾਰਪਣ ਦਿਖਾ ਕੇ ਜੇ ਸਾਹਿਤ ਅਕਾਡਮੀ ਐਵਾਰਡ ਦੁਆਉਣ ਵਿਚ ਸਹਾਈ ਨਾ ਬਣਦਾ ਤਾਂ ਪ੍ਰਭਜੋਤ ਕੌਰ ਸ਼ਾਇਦ ਅਣਗੌਲੀ ਹੀ ਰਹਿੰਦੀ।

ਮੈਂ ਇਸ ਵਰਤਾਰੇ ਨੂੰ ਕੋਈ ਮਾੜੀ ਗੱਲ ਨਹੀਂ ਸਮਝਦਾ। ਮੈਂ ਖੁਦ ਬਹੁਤ ਸਾਰੀਆਂ ਔਰਤ ਲੇਖਕਾਵਾਂ ਨੂੰ ਉਤਸ਼ਾਹਤ ਕਰਨ ਲਈ ਉਹਨਾਂ ਦੀ ਹਰ ਮਸਲੇ ਵਿਚ ਜਿੰਨੀ ਵੀ ਹੋ ਸਕੀ, ਮਦਦ ਕੀਤੀ ਹੈ। ਬੀਬਾ ਕੁਲਵੰਤ ਮੇਰੇ ਸੰਪਰਕ ਵਿਚ ਆਈ ਤਾਂ ਮੈਂ ਉਹਦੇ ਬਾਰੇ 'ਆਰਸੀ' ਵਿਚ ਲਿਖਿਆ ਜਿਹਨੂੰ ਪੜ੍ਹ ਕੇ ਕਈ ਲੇਖਕ ਕਿੰਤੂ ਵੀ ਕਰਦੇ ਰਹੇ। ਪਰ ਉਸ ਤੋਂ ਬਾਅਦ ਬੀਬਾ ਕੁਲਵੰਤ ਨੇ ਕਈ ਚੰਗੀਆਂ ਕਹਾਣੀਆਂ ਲਿਖੀਆਂ ਤੇ ਉਹਦਾ ਕਹਾਣੀ ਸੰਗ੍ਰਹਿ 'ਹਯਾਤੀ ਨਾਲੋਂ ਟੁੱਟੀ ਕੁੜੀ' ਉਸ ਸਮੇਂ ਕਾਫੀ ਚਰਚਿਤ ਰਿਹਾ। ਅੱਜ ਦੀ ਚਰਚਿਤ ਕਵਿਤਰੀ ਪਾਲ ਕੌਰ 80 ਵਿਆਂ ਵਿਚ ਜਦੋਂ ਮੈਨੂੰ ਮਿਲੀ ਤਾਂ ਬੜੀ ਮਾਯੂਸ ਸੀ ਤੇ ਕੁਝ ਘਰੇਲੂ ਮਜਬੂਰੀਆਂ ਤੇ ਪ੍ਰੇਸ਼ਾਨੀਆਂ ਕਾਰਨ ਗੁੰਮ ਸੁੰਮ ਸੀ। ਮੈਂ ਉਸ ਦੀ ਕਵਿਤਾ ਸੁਣੀ ਤੇ ਹੋਰ ਲਿਖਣ ਲਈ ਉਤਸ਼ਾਹ ਦਿੱਤਾ। ਉਸ ਦਾ ਮਤ ਸੀ ਕਿ ਬਿਨਾਂ ਜਾਣ-ਪਛਾਣ ਦੇ ਕੋਈ ਪਰਚੇ ਵਾਲਾ ਨਹੀਂ ਛਾਪਦਾ। ਪਰ ਜਦੋਂ ਵਾਰ-ਵਾਰ ਕੋਸ਼ਿਸ਼ ਕਰਨ ਬਾਅਦ ਉਹਨੇ ਨਾਂ ਨਾਲੋਂ 'ਪੁਆਰ' ਸ਼ਬਦ ਲਾਹਿਆ। ਇਸੇ ਤਰ੍ਹਾਂ ਰਤਨ ਕੌਰ ਪਾਲ ਕੌਰ ਦੇ ਗੁਆਂਢ ਵਿਚ ਹੀ ਰਹਿੰਦੀ ਸੀ। ਵਧੀਆ ਨਜ਼ਮ ਲਿਖਦੀ ਸੀ ਪਰ ਮੈਨੂੰ ਉਹਦਾ ਨਾਂ ਪਸੰਦ ਨਹੀਂ ਸੀ -ਮੈਂ ਕਿਹਾ ਨਾਂ ਬਦਲ ਲੈ... ਇਕ ਬੈਠਕ ਵਿਚ ਮੈਂ ਉਹਨੂੰ ਰਤਨੀਵ ਨਾਂ ਦਿੱਤਾ। ਇਹ ਨਾਂ ਮੈਂ ਕਿਸ਼ਨੀਵ ਤੋਂ ਲਿਆ ਸੀ। ਅੱਜ ਅਸੀਂ ਰਤਨੀਵ ਨੂੰ ਸਾਰੇ ਜਾਣਦੇ ਹਾਂ। ਇਹੋ ਜਿਹੀ ਗੱਲ ਹੀ ਕੁਲਬੀਰ ਬਡੇਸਰੋਂ ਨਾਲ ਜੁੜਦੀ ਹੈ।

ਪੰਜ ਸੱਤ ਸਾਲ ਪਹਿਲਾਂ ਰਮਿੰਦਰ ਬਰਾੜ ਮੇਰੇ ਸੰਪਰਕ 'ਚ ਆਈ। ਉਹ ਰਵਿੰਦਰਪਾਲ ਕੌਰ ਬਰਾੜ ਦੇ ਨਾਂ ਹੇਠ ਲਿਖਦੀ ਸੀ। ਉਹਦੀਆਂ ਕਹਾਣੀਆਂ ਵਿਚ ਗੱਲ ਤਾਂ ਸੀ ਪਰ ਰਤਾ ਸੋਧਣ ਦੀ ਮੰਗ ਕਰਦੀਆਂ ਸਨ। ਉਹਨੂੰ ਨਾਂ ਵੀ ਬਦਲਣ ਦਾ ਸੁਝਾਅ ਦਿੱਤਾ। ਉਹਦਾ ਘਰ ਦਾ ਨਾਂ ਮਿੰਦਰ ਸੀ। ਮੈਂ ਨਾਂ ਬਦਲ ਕੇ ਛੋਟਾ ਕਰ ਦਿੱਤਾ। ਉਹਨੇ ਹੁਣ ਤੱਕ ਸਾਨੂੰ ਦੋ ਕਹਾਣੀ ਸੰਗ੍ਰਹਿ ਦਿੱਤੇ ਹਨ। ਮੈਂ ਉਹਦੇ ਬਾਰੇ ਪਰਚਿਆਂ ਅਖ਼ਬਾਰਾਂ ਵਿਚ ਲਿਖਿਆ ਵੀ ਤੇ ਸਮਾਗਮ ਵੀ ਕਰਾਇਆ।

ਪਰਵੇਜ਼ ਸੰਧੂ ਮੈਨੂੰ 1994 ਵਿਚ ਮਿਲੀ। ਉਹ ਮਹੀਨੇ ਕੁ ਲਈ ਭਾਰਤ ਆਈ ਸੀ। ਅਸੀਂ ਹਫਤਾ ਕੁ ਇਕੱਠੇ ਰਹੇ ਤਾਂ ਉਹਨੇ ਦੱਸਿਆ ਕਿ ਉਹਨੂੰ ਵੀ ਕਹਾਣੀਆਂ ਲਿਖਣ ਦਾ ਸ਼ੌਂਕ ਹੈ। ਸ਼ਾਇਦ ਇਕ ਅੱਧੀ ਕਹਾਣੀ 'ਅਕਸ' ਵਿਚ ਛਪੀ ਵੀ ਸੀ। ਅਮਰੀਕਾ ਪਹੁੰਚ ਕੇ ਉਹਨੇ ਕੁਝ ਕਹਾਣੀਆਂ ਮੈਨੂੰ ਭੇਜੀਆਂ। ਪਹਿਲਾਂ ਤਾਂ ਉਹਦੀ ਕਹਾਣੀ 'ਪੰਜਾਬੀ ਟ੍ਰਿਬਿਊਨ ਵਿਚ ਛਾਪੀ, ਫਿਰ ਉਹਦੇ ਬਾਰੇ ਇਕ ਫੀਚਰ ਮੈਂ ਲਿਖਿਆ ਜਿਹਦੇ ਨਾਲ ਉਹਦੀ ਚਰਚਾ ਤਾਂ ਹੋਣੀ ਹੀ ਸੀ ਪਰ ਪਰਵੇਜ਼ ਨੂੰ ਇਸ ਤੋਂ ਬਹੁਤ ਉਤਸ਼ਾਹ ਮਿਲਿਆ। ਮੈਨੂੰ ਕਈ ਲੇਖਕ ਮਿਲੇ ਤਾਂ ਟਿੱਚਰਾਂ ਕਰਨ ਲੱਗੇ ਕਿ ਇਹ ਕਿਹੜੀ ਨਵੀਂ ਲੇਖਕਾ ਕੱਢ ਮਾਰੀ। ਫਿਰ ਉਹ ਲੇਖਕ ਹੈਰਾਨ ਹੋਣ ਲੱਗੇ ਜਦੋਂ ਪਰਵੇਜ਼ ਦੀਆਂ ਕਹਾਣੀਆਂ, 'ਲਕੀਰ', 'ਅਕਸ' ਵਿਚ ਛਪੀਆਂ ਤੇ ਹੁਣ ਪਰਵੇਜ਼ ਦੀਆਂ ਬਹੁਤ ਖੂਬਸੂਰਤ ਕਹਾਣੀਆਂ ਦਾ ਸੰਗ੍ਰਹਿ 'ਮੁੱਠੀ ਭਰ ਸੁਪਨੇ' ਆਇਆ ਹੈ। ਜੇ ਮੈਂ ਪਰਵੇਜ਼ ਬਾਰੇ, ਉਹ ਦੀਆਂ ਕਹਾਣੀਆਂ ਬਾਰੇ ਅੱਜ ਲਿਖਾਂਗਾ ਤਾਂ ਇਹ ਕੋਈ ਰਿਆਇਤੀ ਨੰਬਰ ਦੇਣ ਵਾਲੀ ਗੱਲ ਨਹੀਂ ਹੋਵੇਗੀ। ਅਜਿਹੇ ਉਤਸ਼ਾਹ ਦੀ ਹਰ ਲੇਖਕ ਨੂੰ ਲੋੜ ਹੁੰਦੀ ਹੈ।

ਸੱਤਰਵਿਆਂ ਵਿਚ ਜੇ ਮੈਨੂੰ ਅੰਮ੍ਰਿਤਾ ਪ੍ਰੀਤਮ ਲੰਮੇ ਲੰਮੇ ਖਤ ਲਿਖ ਕੇ ਤੇ ਮੇਰੀਆਂ ਕਹਾਣੀਆਂ ਛਾਪ ਕੇ ਮੈਨੂੰ ਉਤਸ਼ਾਹਤ ਨਾ ਕਰਦੀ ਤਾਂ ਮੈਂ ਸ਼ਾਇਦ ਜੰਮਦਾ ਹੀ ਮਰ ਮੁਕ ਗਿਆ ਹੁੰਦਾ। ਹੁਣ ਤੁਸੀਂ ਇਸ ਨੂੰ ਚਾਹੇ ਗਰੇਸ ਮਾਰਕਸ ਕਹਿ ਲਵੋ। ਇਹਨਾਂ ਦੀ ਇਕ ਸਟੇਜ 'ਤੇ ਬਹੁਤ ਲੋੜ ਹੁੰਦੀ ਹੈ। ਇਹ ਬਸ ਕਿਸੇ ਚੀਜ਼ ਨੂੰ ਰੇੜ੍ਹੇ ਪਾਉਣ ਵਰਗੀ ਗੱਲ ਹੁੰਦੀ ਹੈ।

ਸਾਡੇ ਕੋਲ ਔਰਤ-ਲੇਖਕਾਵਾਂ ਹੈ ਹੀ ਕਿੰਨੀਆਂ ਕੁ। ਜਿੰਨੀਆਂ ਵੀ ਹਨ, ਅਸੀਂ ਉਹਨਾਂ ਵੱਲ ਆਮ ਤੌਰ ਤੇ ਬੜੇ ਕੋਹਝੇ ਢੰਗ ਨਾਲ ਪੇਸ਼ ਆਉਂਦੇ ਹਾਂ ਤੇ ਉਤਸ਼ਾਹਤ ਕਰਨ ਦੀ ਥਾਂ ਉਹਨਾਂ ਦੇ ਸਕੈਂਡਲ ਬਣਾਉਣ ਵਿਚ ਵਧ ਰੁਚੀ ਰੱਖਦੇ ਹਾਂ ਜਿਹੜਾ ਕਿ ਬਹੁਤ ਘਟੀਆ ਵਰਤਾਰਾ ਹੈ।

## ਦਲਿਤ ਸਾਹਿਤ ਦਾ ਮੁੱਲਾਂਕਣ ਹੋਵੇ / -ਪ੍ਰੇਮ ਗੋਰਖੀ

ਮੈਨੂੰ ਦਲਿਤ ਸ਼ਬਦ ਤੋਂ ਹੀ ਕੋਫਤ ਆਉਂਦੀ ਹੈ। ਮੈਂ ਇਸ ਤਰ੍ਹਾਂ ਦੀ ਪਛਾਣ ਸਥਾਪਤ ਕਰਨ ਦੇ ਸਖਤ ਖਿਲਾਫ਼ ਹਾਂ। ਮੈਂ ਦਲਿਤ ਲੋਕਾਂ ਦੀਆਂ ਸਮਸਿਆਵਾਂ, ਤੰਗੀਆਂ, ਤੁਰਸ਼ੀਆਂ, ਉਨ੍ਹਾਂ ਉੱਤੇ ਹੁੰਦੇ ਜ਼ੁਲਮ ਤੇ ਉਨ੍ਹਾਂ ਦੀ ਆਰਥਿਕ, ਸਮਾਜਿਕ ਹਾਲਤ ਨੂੰ ਚਿਤਰਿਆ ਹੈ। ਇਹ ਕੰਮ ਮੈਨੂੰ ਕਿਸੇ ਪਾਰਟੀ ਜਾਂ ਜਥੇਬੰਦੀ ਨੇ ਨਹੀਂ ਸੀ ਸੌਂਪਿਆ। ਇਹ ਮੇਰਾ ਅਨੁਭਵ ਸੀ ਤੇ ਮੈਂ ਇਸ ਨੂੰ ਸਭ ਤੋਂ ਵਧ ਨੇੜਿਉਂ ਦੇਖਿਆ ਹੋਣ ਕਰਕੇ ਚੰਗੀ ਤਰ੍ਹਾਂ ਲਿਖ ਸਕਦਾ ਸੀ।

ਜਿਥੋਂ ਤਕ ਦਲਿਤ ਸਾਹਿਤ ਦਾ ਲਹਿਰ ਨਾ ਬਣਨ ਦਾ ਸਵਾਲ ਹੈ, ਇਹ ਪੰਜਾਬ ਵਿਚ ਨਹੀਂ ਬਣ ਸਕਦੀ। ਪੰਜਾਬ ਦਾ ਦਲਿਤ ਲੇਖਕ ਅਜਿਹੇ ਤਸ਼ਦਦ, ਸਮਾਜਿਕ ਵਿਤਕਰੇ ਦਾ ਸ਼ਿਕਾਰ ਨਹੀਂ ਹੈ ਜਿਹੋ ਜਿਹੇ ਵਿਤਕਰੇ ਦਾ ਸ਼ਿਕਾਰ ਬਿਹਾਰ, ਯੂ. ਪੀ. ਅਸਾਮ ਤੇ ਮਦਰਾਸ ਦਾ ਲੇਖਕ ਹੈ। ਸਾਡੇ ਪੰਜਾਬ ਵਿਚ ਤਾਂ ਸਮਾਜਿਕ ਤੌਰ ਤੇ ਬਹੁਤ ਜਾਗਰਤੀ ਆ ਚੁੱਕੀ ਹੈ। ਇਥੇ ਵਿਤਕਰੇ ਬਾਜ਼ੀ ਅਲਗ ਤਰ੍ਹਾਂ ਦੀ ਹੈ ਜਿਹੜੀ ਦਲਿਤ ਵਰਗ ਤੇ ਦੂਸਰੀਆਂ ਜਾਤੀਆਂ ਵਿਚ ਆਰਥਿਕ ਮਜਬੂਤੀ ਵਿਚੋਂ ਹੀ ਪੈਦਾ ਹੋਈ ਹੈ। ਪਹਿਲਾਂ ਵਾਲੀ ਛੂਤ-ਛਾਤ ਖਤਮ ਹੋ ਗਈ ਹੈ। ਹੁਣ ਪਿੰਡਾਂ ਸ਼ਹਿਰਾਂ ਵਿਚ ਨਵੇਂ ਸੰਦਰਭ ਪੈਦਾ ਹੋ ਰਹੇ ਹਨ। ਰਾਜਸੀ ਪੱਧਰ ਤੇ ਇਕ ਨਵਾਂ ਰੁਝਾਨ ਪੈਦਾ ਹੋਇਆ ਹੈ ਜਿਹਦੀ ਸ਼ੁਰੂਆਤ ਹੋਣੀ ਤਾਂ ਸਾਡੀਆਂ ਕਮਿਊਨਿਸਟ ਪਾਰਟੀਆਂ ਵਲੋਂ ਚਾਹੀਦੀ ਸੀ ਪਰ ਹੋਈ ਬਹੁਜਨ ਸਮਾਜ ਪਾਰਟੀ ਦੇ ਸਰਗਰਮ ਹੋਣ ਨਾਲ। ਇਹ ਵਖਰੀ ਬਹਿਸ ਦਾ ਮੁੱਦਾ ਹੈ।

ਪੰਜਾਬ ਵਿਚ ਕੋਈ ਅਜਿਹਾ ਸੰਗਠਨ ਨਹੀਂ ਹੈ ਜੋ ਸਿਰਫ ਦਲਿਤ ਲੇਖਕਾਂ ਦਾ ਹੀ ਹੋਵੇ, ਬਣਿਆ ਹੀ ਨਹੀਂ ਤੇ ਨਾ ਹੀ ਸੰਭਾਵਨਾ ਹੈ। ਇਹ ਲੇਖਕਾਂ ਅੰਦਰਲੀ ਚੇਤਨਾ ਦੇ ਪ੍ਰਚੰਡ ਹੋਣ ਦੀ ਨਿਸ਼ਾਨੀ ਹੈ। ਜਿਹੜੇ ਯਤਨ ਹੋਣੇ ਆਰੰਭ ਹੋਏ ਉਨ੍ਹਾਂ ਨੂੰ ਅਤਰਜੀਤ ਜਾਂ ਮੇਰੇ ਵਰਗਿਆਂ ਨੇ ਸਵੀਕਾਰ ਹੀ ਨਹੀਂ ਕੀਤਾ। ਅਸੀਂ ਤਾਂ ਸਗੋਂ ਵਿਰੋਧ ਕੀਤਾ ਕਿਉਂਕਿ ਉਸ ਯਤਨ ਦੇ ਪਿੱਛੇ ਭਾਵਨਾ ਹੀ ਹੋਰ ਸੀ।

ਜਿਨ੍ਹਾਂ ਰਾਜਾਂ ਵਿਚ ਅਜਿਹੇ ਰੁਝਾਨ ਨੂੰ ਲਹਿਰ ਬਣਾਉਣ ਦੇ ਯਤਨ ਹੋਏ ਹਨ ਜਾਂ ਹੋ ਰਹੇ ਹਨ ਉਨ੍ਹਾਂ ਪਿੱਛੇ ਦਲਿਤ ਚੇਤਨਾ ਘੱਟ, ਦੂਸਰੇ ਲੋਕ ਬਹੁਤ ਹਨ।

ਮੈਂ ਇਸ ਵਿਚਾਰ ਨਾਲ ਤਾਂ ਸਹਿਮਤ ਹਾਂ ਕਿ ਇਸ ਗੱਲ ਨੂੰ ਵਿਚਾਰਿਆ ਜਾਵੇ ਕਿ ਦਲਿਤਾਂ ਲਈ ਲਿਖੇ ਗਏ ਸਾਹਿਤ ਦਾ ਮੁੱਲਾਂਕਣ ਹੋਵੇ ਕਿ ਉਹ ਕਿੰਨਾ ਕੁ ਸਾਰਥਕ ਜਾਂ ਠੀਕ ਲਿਖਿਆ ਗਿਆ ਪਰ ਦਲਿਤ ਲੇਖਕ ਇਕੱਠੇ ਕਰਨੇ, ਜਲੂਸ ਕਢੋ ਜਾਂ ਸੰਗਠਨ ਬਣਾਓ, ਇਸ ਗੱਲ ਨਾਲ ਮੈਂ ਸਹਿਮਤ ਨਹੀਂ। ਅਜਿਹੀਆਂ ਗੱਲਾਂ ਲਹਿਰਾਂ ਨਹੀਂ ਬਣਿਆ ਕਰਦੀਆਂ।

## ਦਲਿਤ ਪੰਜਾਬੀ ਕਹਾਣੀ / -ਪ੍ਰੇਮ ਗੋਰਖੀ



**ਪ੍ਰੇਮ ਗੋਰਖੀ ਮਾਨਵਵਾਦੀ ਰਚਨਾ ਮੰਚ ਪੰਜਾਬ ਦੀ ਸਟੇਜ 'ਤੇ ਆਪਣਾ ਪ੍ਰਧਾਨਗੀ ਭਾਸ਼ਣ ਦਿੰਦੇ ਹੋਏ**

ਮੈਂ ਏਸ ਗੱਲ ਨਾਲ ਸਹਿਮਤ ਨਹੀਂ ਕਿ ਜੇ ਪੈਦਾਵਾਰੀ ਸਾਧਨ ਦਲਿਤਾਂ ਦੇ ਕੰਟਰੋਲ ਵਿਚ ਆ ਜਾਣ ਤਾਂ ਉਨ੍ਹਾਂ ਨੂੰ ਸਮਾਜੀ ਸਥਾਨ 'ਚ ਬਰਾਬਰੀ ਮਿਲ ਜਾਊਗੀ। ਸਾਧਨਾਂ ਤੋਂ ਵਿਛੁੰਨੇ ਹੋਏ ਨਾਲੋਂ ਵੱਧ ਜਿਵੇਂ ਮਰਕਸਵਾਦੀ ਵਰਗ ਵੰਡ ਕਰਦੇ ਨੇ, ਉੱਦਾਂ ਹੀ ਇਹ ਸਮਾਜ ਵਿਚ ਜਾਤਾਂ ਦੀ ਜਾਂ ਵਰਣਾਂ ਦੀ ਵੰਡ ਹੈ। ਇਨ੍ਹਾਂ ਦਾ ਸਭਿਆਚਾਰਕ ਪਛੜੇਵਾਂ ਸਿਰਫ਼ ਆਰਥਿਕ ਹਾਲਤ ਠੀਕ ਹੋਣ ਨਾਲ ਨਹੀਂ ਜਾ ਸਕਦਾ। ਇਹ ਤਾਂ ਦਰੜਨ ਵਾਲਿਆਂ ਦੀ ਪ੍ਰਵਿਰਤੀ ਬਦਲਣ ਨਾਲ ਹੀ ਠੀਕ ਹੋ ਸਕਦਾ ਹੈ।

ਇਕ ਸੁਆਲ ਮੇਰੇ ਮਨ 'ਚ ਇਹ ਹੈ ਕਿ ਜੇ ਰਾਜ ਸੱਤਾ ਦਲਿਤਾਂ ਦੇ ਹੱਥ 'ਚ ਆ ਜਾਵੇ ਤਾਂ ਸਮਾਜ ਉੱਕਾ ਬਦਲ ਜਾਵੇਗਾ? ਕੀ ਭਾਰਤ ਤੇ ਮੁਸਲਮਾਨਾਂ ਦੇ ਰਾਜ ਕਰਨ ਤੇ ਫੇਰ ਅੰਗ੍ਰੇਜ਼ਾਂ ਦੇ ਰਾਜ ਕਰਨ ਤੇ ਕੀ ਹਿੰਦੂ ਧਰਮ ਖਤਮ ਹੋ ਗਿਆ? -ਕੀ ਸੱਤਾ ਮਿਲਣ ਤੇ ਦਲਿਤ ਦਲਿਤ ਨਹੀਂ ਰਹਿਣਗੇ?

ਮੈਂ ਸਮਾਜਿਕ ਯਥਾਰਥ ਬਾਰੇ ਕਹਿੰਦਾ ਹਾਂ ਕਿ ਜਦ ਅਸੀਂ ਸੁਜਾਨ ਸਿੰਘ, ਸੰਤ ਸਿੰਘ ਸੇਖੋਂ ਜਾਂ ਵਿਰਕ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਕਿਹੜੇ ਸੰਦਰਭ 'ਚ ਸਾਹਿਤ 'ਚ ਪ੍ਰਵੇਸ਼ ਕੀਤਾ। ਉਨ੍ਹਾਂ ਦੀਆਂ ਪ੍ਰਸਥਿਤੀਆਂ ਕਿਸ ਤਰ੍ਹਾਂ ਦੀਆਂ ਸੀ। ਉਨ੍ਹਾਂ ਦੀ ਵਿਚਾਰਧਾਰਾ ਕੀ ਸੀ। ਇਹ ਮਾਰਕਸਵਾਦੀ ਸਨ। ਉਨ੍ਹਾਂ ਤੇ ਰੂਸੀ ਸਾਹਿਤ ਦਾ ਪ੍ਰਭਾਵ ਸੀ। ਉਹ ਸਮਾਜ ਨੂੰ ਬਦਲਣ ਲਈ ਰਚਨਾ ਕਰਦੇ ਸੀ। ਹੁਣ ਸਾਡੀਆਂ ਸਥਿਤੀਆਂ ਹੋਰ ਨੇ। ਸਾਨੂੰ ਜਿਹੜੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਸੀਂ ਉਸ ਅਨੁਸਾਰ ਲਿਖਦੇ ਹਾਂ।

ਇਹ ਜਿਹੜਾ ਸੁਆਲ ਹੈ ਕਿ ਦਲਿਤ ਸਾਹਿਤ ਵਾਲੇ ਕਿੱਦਾਂ ਆਏ। ਮੈਂ ਜਦੋਂ ਲਿਖਣ ਲੱਗਿਆ ਤਾਂ ਦਲਿਤ ਸ਼ਬਦ ਹੀ ਨਹੀਂ ਸੀ। ਮੈਂ ਮਾਰਕਸਵਾਦੀ ਲੇਖਕਾਂ ਨਾਲ ਥੋੜ੍ਹਾ ਬਹੁਤ ਬਹਿੰਦਾ ਉੱਠਦਾ ਸੀ। ਉਹਨਾਂ ਦੇ ਪ੍ਰਭਾਵ ਹੇਠ ਸਾਹਿਤ ਬਾਰੇ ਮੇਰਾ ਵੀ ਇਕ ਨਜ਼ਰੀਆ ਬਣਿਆ। ਮੇਰੇ ਕੋਲ ਦਲਿਤ ਹੋਣ ਦੀ ਗੱਲ ਤਾਂ ਨਹੀਂ ਸੀ। ਸਿਰਫ਼ ਇਹ ਸੀ ਕਿ ਮੈਂ ਆਪਣੇ ਘਰਦਿਆਂ ਤੇ ਆਪਣੇ ਵਰਗੇ ਲੋਕਾਂ ਬਾਰੇ ਦੇਖਦਾ ਤੇ ਲਿਖਦਾ ਸੀ। ਮੈਂ ਆਪਣੇ ਅਨੁਭਵ 'ਚੋਂ ਲਿਖਣਾ ਸ਼ੁਰੂ ਕੀਤਾ। ਮੈਨੂੰ ਇਹ ਸਮੱਸਿਆ ਕਦੇ ਨਹੀਂ ਸੀ ਆਈ ਕਿ ਮੈਂ ਦਲਿਤ ਹਾਂ ਤੇ ਦਲਿਤਾਂ ਬਾਰੇ ਲਿਖ ਰਿਹਾ ਹਾਂ। ਕੀ ਮੈਨੂੰ ਦਲਿਤ ਲੇਖਕ ਇਸ ਕਰਕੇ ਬਣਾ ਦਿੱਤਾ ਗਿਆ ਕਿ ਮੈਂ ਦਲਿਤ ਜਾਤੀ 'ਚ ਪੈਦਾ ਹੋਇਆ ਹਾਂ।

ਕਹਾਣੀ ਵਿਚ ਜਿਹੜੀ ਦਲਿਤ ਚੇਤਨਾ ਦੀ ਗੱਲ ਚੱਲੀ ਹੈ, ਉਹਦੇ ਬਾਰੇ ਵਿਚਾਰ ਹੈ ਕਿ ਮੈਂ ਜਿਹੜੀਆਂ ਪਹਿਲਾਂ ਕਹਾਣੀਆਂ ਲਿਖੀਆਂ ਉਹ ਪਿੰਡਾਂ 'ਚ ਵਸਦੇ ਬੇ-ਜ਼ਮੀਨੇ ਬੰਦਿਆਂ ਬਾਰੇ ਸਨ। ਜਿਹੜਾ ਕਾਮਾ ਹੁੰਦੈ ਜਿਮੀਂਦਾਰਾਂ ਦਾ ਕਈ ਕਹਾਣੀਆਂ 'ਚ ਉਹ ਵਿਦਰੋਹ ਕਰਦਾ ਹੈ। ਪਰ ਫੇਰ ਮੇਰੀ ਚੇਤਨਾ ਵਿਚ ਆਇਆ ਕਿ ਜੇ ਕੋਈ ਦਲਿਤ ਚੰਗੀ ਪੜ੍ਹਾਈ ਕਰ ਕੇ ਚੰਗੀ ਪੁਜ਼ੀਸ਼ਨ ਤੇ ਪਹੁੰਚ ਜਾਂਦਾ ਹੈ, ਉਹਨੂੰ ਅੱਜ ਦੇ ਸਮਾਜ 'ਚ ਸਵਰਨ ਜਾਤੀ ਦੇ ਬੰਦਿਆਂ ਨਾਲ ਕਈ ਮੁਸ਼ਕਲਾਂ ਪੇਸ਼ ਹੁੰਦੀਆਂ ਨੇ। ਜੇ ਦਲਿਤ ਦੇ ਸੰਬੰਧ ਉੱਚੀ ਜਾਤ ਦੀ ਕੁੜੀ ਨਾਲ ਬਣ ਜਾਂਦੇ ਨੇ, ਉਹ ਲਵ ਮੈਰਿਜ ਵੀ ਕਰਾ ਲੈਂਦੇ ਨੇ। ਫੇਰ ਉਹਨਾਂ ਨੇ ਮਨਾਂ 'ਚ ਕਿਸੇ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਨੇ। ✥





# ਪ੍ਰੇਮ ਗੋਰਖੀ

# ਅਧਿਐਨ-ਸੰਵਾਦ

# ਸੰਵੇਦਨਸ਼ੀਲ ਮਨੁੱਖ ਦੀ ਗਾਥਾ : ਗੈਰ ਹਾਜ਼ਿਰ ਆਦਮੀ

- ਡਾ. ਰਘਬੀਰ ਸਿੰਘ (ਸਿਰਜਣਾ)




ਪੰਜਾਬੀ ਸਾਹਿਤ-ਜਗਤ ਵਿਚ ਪ੍ਰੇਮ ਗੋਰਖੀ ਦੀ ਇਕ ਨਿਵੇਕਲੀ ਪਛਾਣ ਹੈ। ਇਕ ਲਹਿਰ ਤੇ ਮੁਹਿੰਮ ਵਜੋਂ ਅੱਜ ਦਲਿਤ ਸਾਹਿਤ ਦੀਆਂ ਗੱਲਾਂ ਸੁਣਨ ਵਿਚ ਆਉਂਦੀਆਂ ਹਨ, ਪਰ ਢਾਈ ਕੁ ਦਹਾਕੇ ਪਹਿਲਾਂ ਜਦੋਂ ਗੋਰਖੀ ਨੇ ਲਿਖਣਾ ਆਰੰਭ ਕੀਤਾ ਸੀ ਤਾਂ ਸੁਤੇ-ਸਿੱਧ ਹੀ ਉਸਦੀ ਰਚਨਾ ਵਿਚੋਂ ਸਮਾਜ ਦੇ ਦਬੇ-ਕੁਚਲੇ ਲੋਕਾਂ ਦੇ ਜੀਵਨ ਦੇ ਬਹੁਤ ਪ੍ਰਮਾਣਿਕ ਚਿੱਤਰ ਉਭਰਨ ਲੱਗੇ ਸਨ। ਜੋ ਕੁਝ ਉਹ ਲਿਖ ਰਿਹਾ ਸੀ ਉਹ ਉਸਦੇ ਆਪਣੇ ਪਿੰਡੇ ਉਤੇ ਹੰਢਾਇਆ ਅਤੇ ਆਪਣੇ ਆਲੇ-ਦੁਆਲੇ ਵੇਖਿਆ ਸੱਚ ਸੀ। ਕਿਸੇ ਵੀ ਸਾਹਿਤਕ ਜਾਂ ਵਿਚਾਰਧਾਰਕ ਪਿਛੋਕੜ ਤੋਂ ਵਿਰਵੇ ਗੋਰਖੀ ਨੂੰ ਤਾਂ ਖੁਦ ਕੀ ਪਤਾ ਹੋਣਾ ਸੀ, ਸੂਝਵਾਨ ਸਾਹਿਤਕ ਮਹਾਂਰਥੀਆਂ ਨੂੰ ਵੀ ਕਾਫੀ ਦੇਰ ਤਕ ਇਹ ਅਹਿਸਾਸ ਨਾ ਹੋ ਸਕਿਆ ਕਿ ਜੋ ਕੁਝ ਗੋਰਖੀ ਕਰ ਰਿਹਾ ਸੀ, ਉਹ ਪੰਜਾਬੀ ਸਾਹਿਤ ਲਈ ਇਕ ਨਵਾਂ ਵਰਤਾਰਾ ਸੀ।

ਪ੍ਰਗਤੀਵਾਦੀ ਲਹਿਰ ਦੇ ਸਿੱਧੇ ਪ੍ਰਭਾਵ ਅਧੀਨ ਕਿਰਤੀਆਂ ਕਿਸਾਨਾਂ ਦੀਆਂ ਸਮੱਸਿਆਵਾਂ, ਸ਼੍ਰੇਣੀ ਸੰਘਰਸ਼ ਅਤੇ ਇਨਕਲਾਬ ਦੀ ਗੱਲ ਤਾਂ ਪੰਜਾਬੀ ਸਾਹਿਤ ਵਿਚ ਪਹਿਲਾਂ ਵੀ ਹੋ ਰਹੀ ਸੀ ਤੇ ਕਾਫੀ ਜ਼ੋਰ ਸ਼ੋਰ ਨਾਲ ਹੋ ਰਹੀ ਸੀ, ਪਰ ਮਨੁੱਖ ਦੇ ਰੂਪ ਵਿਚ ਮਨੁੱਖੀ ਹੋਂਦ ਤੋਂ ਅਣਜਾਣ ਪ੍ਰਾਣੀਆਂ ਦੇ ਮਾਰਮਿਕ ਜੀਵਨ-ਚਿੱਤਰ ਪਹਿਲੀ ਵਾਰ ਪ੍ਰੇਮ ਗੋਰਖੀ ਦੀ ਰਚਨਾ ਵਿਚ ਹੀ ਉਭਰੇ ਸਨ। ਗੋਰਖੀ ਨੂੰ ਨਿਰਸੰਦੇਹ ਇਹ ਨਹੀਂ ਸੀ ਪਤਾ ਕਿ ਉਹ ਦਲਿਤ-ਅਨੁਭਵ ਜਾਂ ਦਲਿਤ-ਚੇਤਨਾ ਵਰਗੀ ਕੋਈ ਨਵੀਂ ਗੱਲ ਕਰ ਰਿਹਾ ਹੈ। ਇਹ ਸ਼ਾਇਦ ਸਮੇਂ ਦੀ ਲੋੜ ਸੀ, ਜਿਸਦੀ ਪੂਰਤੀ ਲਈ ਗੋਰਖੀ ਇਕ ਮਾਧਿਅਮ ਬਣਿਆ ਤੇ ਉਸ ਦੇ ਨਾਲ ਹੀ ਉਸ ਵਰਗੇ ਵਿਚੋਂ ਕਈ ਹੋਰ ਰਚਨਾਕਾਰ ਉਭਰੇ, ਜਿਨ੍ਹਾਂ ਨੇ ਯਥਾਰਥਵਾਦੀ ਸ਼ੈਲੀ ਵਿਚ ਸਮਾਜ ਦੀਆਂ ਨਿਵਾਣਾਂ ਵਿਚ ਵਿਚਰਦੇ ਲੋਕਾਂ ਦੀ ਬਾਤ ਪਾਉਣੀ ਆਰੰਭੀ। ਇਹ ਲਿਖਤ ਅਣਘੜ ਸੀ, ਅੱਖੜ ਸੀ, ਸਾਹਿਤਕ ਸੁਹਜ ਤੇ ਕਲਾ ਦੀਆਂ ਬਰੀਕੀਆਂ ਦਾ ਇਸ ਵਿਚੋਂ ਪ੍ਰਯਾਪਤਮਾਤਰਾ ਵਿਚ ਆਭਾਸ ਵੀ ਨਹੀਂ ਸੀ ਹੁੰਦਾ, ਪਰ ਫੇਰ ਵੀ ਜੇ ਇਹ ਬਹੁਤ ਮੁੱਲਵਾਨ ਸਾਹਿਤਕ ਰਚਨਾ ਸਾਬਤ ਹੋਈ ਤਾਂ ਇਸ ਕਾਰਨ ਕਿ ਇਸ ਵਿਚਲਾ ਜੀਵਨ ਦਾ ਸੱਚ, ਬਿਨਾਂ ਕਿਸੇ ਬਨਾਵਟ ਜਾਂ ਖੋਟ ਦੇ, ਜਲਵਾਗਰ ਹੁੰਦਾ ਸੀ। ਭਾਵੇਂ ਆਪਣੀ ਸਾਹਿਤਕ ਯਾਤਰਾ ਦੌਰਾਨ ਗੋਰਖੀ ਕਦੇ ਕਦਾਈਂ ਇਸ ਪਥ ਤੋਂ ਵਿਚਰਦਾ ਤਿਲਕਦਾ ਤੇ ਥਿੜਕਦਾ ਵੀ ਰਿਹਾ ਹੈ ਪਰ ਪੰਜਾਬੀ ਸਾਹਿਤ ਵਿਚ ਇਸ ਰੁਝਾਨ ਦੇ ਮੋਢੀ ਵਜੋਂ ਉਸਦਾ ਸਥਾਨ ਨਿਸ਼ਚਿਤ ਹੋ ਚੁੱਕਾ ਹੈ। ਦਲਿਤ ਸਾਹਿਤ ਇਕ ਸ਼ਕਤੀਵਰ ਮੁਹਿੰਮ ਬਣੇ ਜਾਂ ਨਾ, ਦਲਿਤ ਸਾਹਿਤ ਦੀ ਮੁਹਿੰਮ ਦੇ ਸੰਚਾਲਕਾਂ ਵਲੋਂ ਉਸਨੂੰ ਵਿਧੀਵਤ ਪ੍ਰਵਾਨਗੀ ਮਿਲੇ ਜਾਂ ਨਾ, ਪਰ ਇਹ ਹਕੀਕਤ ਬਣੀ ਰਹੇਗੀ ਕਿ ਪੰਜਾਬੀ ਕਥਾ-ਸਾਹਿਤ ਵਿਚ ਇਸ ਨਵੇਂ ਰੁਝਾਨ ਦਾ ਪ੍ਰੇਮ ਗੋਰਖੀ, ਭਾਵੇਂ ਅਚੇਤ ਵਿਚ ਹੀ ਬਣ ਗਿਆ, ਮੋਢੀ ਹੈ।

ਤਿੰਨ ਕਹਾਣੀ ਪੁਸਤਕਾਂ ਤੇ ਇਕ ਨਾਵਲੈਟ ਦੇ ਪ੍ਰਕਾਸ਼ਨ ਤੋਂ ਬਿਨਾਂ ਵਿਭਿੰਨ-ਸਾਹਿਤਕ ਗਤੀਵਿਧੀਆਂ ਵਿਚ ਸਰਗਰਮ ਭੂਮਿਕਾ ਨਿਭਾਉਣ ਕਰਕੇ ਅਤੇ ਆਪਣੇ ਸਾਹਿਤਕ ਸੰਬੰਧਾਂ ਦਾ ਘੇਰਾ ਮੋਕਲਾ ਕਰਦੇ ਰਹਿਣ ਕਰਕੇ ਪ੍ਰੇਮ ਗੋਰਖੀ ਦਾ ਪੰਜਾਬੀ ਸਾਹਿਤ-ਜਗਤ ਵਿਚ ਕਾਫੀ ਚਰਚਾ ਹੁੰਦਾ ਰਹਿੰਦਾ ਹੈ, ਜਿਸਦੀ ਸੁਰ ਅਕਸਰ ਪ੍ਰਸ਼ੰਸ਼ਾਮਈ ਹੁੰਦੀ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਗੋਰਖੀ ਦਾ ਸਾਹਿਤਕ ਸਫ਼ਰ ਅਜੇ ਏਨਾ ਥੋੜ੍ਹਾ ਹੈ, ਉਸਦੀ ਸਾਹਿਤਕ ਆਯੂ ਹੀ ਨਹੀਂ ਉਸਦੀ ਵਾਸਤਵਿਕ ਉਮਰ ਵੀ ਅਜੇ ਏਨੀ ਘੱਟ ਹੈ ਕਿ ਹਾਲੇ ਬੜਾ ਵੱਡਾ ਜੀਵਨ ਉਸਦੇ ਅੱਗੇ ਪਸਰਿਆ ਪਿਆ ਹੈ, ਜਿਸ ਵਿਚ ਨਿਸ਼ਚੇ ਹੀ ਉਸ ਵੱਲੋਂ ਕਾਫ਼ੀ ਚੰਗੀਆਂ ਪ੍ਰਾਪਤੀਆਂ ਕਰ ਸਕਣ ਦੀ ਆਸ ਰੱਖੀ ਜਾ ਸਕਦੀ ਹੈ। ਇਸ ਲਈ ਜਦੋਂ ਉਸਦੀ ਆਤਮ ਕਥਾ ਦੀ ਹੱਥਲੀ ਪੁਸਤਕ 'ਗੈਰ ਹਾਜ਼ਰ ਆਦਮੀ' ਸਾਹਮਣੇ ਆਈ ਤਾਂ ਮੈਂ ਇਕ ਤੌਖਲਾ ਜਿਹਾ ਮਹਿਸੂਸ ਕੀਤਾ ਅਤੇ ਕਈ ਪ੍ਰਕਾਰ ਦੇ ਪ੍ਰਸ਼ਨ ਮਨ ਵਿਚ ਉਭਰੇ।

ਸਵੈ ਜੀਵਨੀ ਆਮ ਤੌਰ ਤੇ ਪ੍ਰੌਢ ਉਮਰ ਵਿਚ ਲਿਖੀ ਜਾਂਦੀ ਹੈ, ਅਤੇ ਸਵੈ ਜੀਵਨੀ ਲਿਖਣ ਵਾਲੇ ਨੂੰ ਇਕ ਗੱਲ ਦਾ, ਬਹੁਤ ਹਾਲਤਾਂ ਵਿਚ ਵਾਜਬ ਹੀ, ਗੁਮਾਨ ਹੁੰਦਾ ਹੈ ਕਿ ਉਸਨੇ ਆਪਣੇ ਨਿੱਜ ਰਾਹੀਂ ਪਰ ਨਿਜ ਤੋਂ ਪਰਾਹ ਜਾ ਕੇ ਵਿਆਪਕ ਸਮਾਜਕ ਇਤਿਹਾਸਕ ਪ੍ਰਸੰਗ ਵਿਚ ਕੁਝ ਅਜਿਹਾ ਮਹੱਤਵਪੂਰਨ ਅਵੱਸ਼ ਕੀਤਾ ਹੈ, ਜਿਸਦਾ ਜ਼ਿਕਰ ਕਰਨਾ ਉਸ ਲਈ ਮੁਨਾਸਬ ਹੈ। ਸਵੈ ਜੀਵਨੀ ਲਿਖਣ ਸਮੇਂ ਅਜਿਹਾ ਵਿਅਕਤੀ ਅਚੇਤ ਰੂਪ ਵਿਚ ਇਸ ਤੱਥ ਨੂੰ ਵੀ ਜਿਵੇਂ ਪ੍ਰਵਾਨ ਕਰ ਰਿਹਾ ਹੁੰਦਾ ਹੈ ਕਿ ਉਸਨੇ ਜੀਵਨ ਵਿਚ ਜੋ ਵੀ ਵੱਡੀ ਪ੍ਰਾਪਤੀ ਕਰਨੀ ਸੀ, ਲਗਪਗ ਕਰ ਲਈ ਹੈ। ਸਵੈ ਜੀਵਨੀਕਾਰ ਪ੍ਰੌਢ ਅਵਸਥਾ ਵਿਚ ਅਜਿਹੀ ਰਚਨਾ ਇਸ ਲਈ ਵੀ ਕਰਦਾ ਹੈ ਕਿ ਕਈ ਘਟਨਾਵਾਂ ਜਾਂ ਵਿਅਕਤੀਆਂ ਨਾਲ ਜੁੜੇ ਕੁਝ ਨਾਖੁਸ਼ਗਵਾਰ ਵੇਰਵੇ ਸਮੇਂ ਦੀ ਵਿੱਥ ਨਾਲ ਆਪਣੇ ਪ੍ਰਭਾਵ ਵਿਚ ਪਹਿਲਾ ਜਿੰਨੇ ਤਲਖ ਨਹੀਂ ਰਹਿ ਗਏ ਹੁੰਦੇ ਅਤੇ ਉਹਨਾਂ ਨੂੰ ਭਾਵੁਕਤਾ, ਦਵੈਖ ਜਾਂ ਮੋਹ ਦੇ ਸਰੋਕਾਰਾਂ ਤੋਂ ਮੁਕਤ ਹੋ ਕੇ ਤਰਕ-ਸੰਗਤ ਰੂਪ ਵਿਚ ਵੇਖਿਆ ਸਮਝਿਆ ਤੇ ਮਾਨਿਆ ਜਾ ਸਕਦਾ ਹੈ। ਵੱਡੀ ਪ੍ਰਾਪਤੀ ਵਾਲੇ ਪ੍ਰੌਢ ਉਮਰ ਵਿਚ ਪਹੁੰਚੇ ਵਿਅਕਤੀ ਦੀ ਸਵੈ ਜੀਵਨੀ ਵਿਆਪਕ ਪਾਠਕ-ਵਰਗ ਉਤੇ ਸੁਖਾਵਾਂ ਤੇ ਪ੍ਰੇਰਣਾਦਾਇਕ ਪ੍ਰਭਾਵ ਛੱਡਣ ਦੇ ਵੀ ਸਮਰੱਥ ਹੁੰਦੀ ਹੈ।

ਐਪਰ ਪਿਛਲੇ ਕੁਝ ਵਰ੍ਹਿਆ ਵਿਚ ਪੰਜਾਬੀ ਵਿਚ ਕੁਝ ਅਜਿਹੀਆਂ ਜੀਵਨੀਆਂ ਲਿਖੀਆਂ ਤੇ ਛਾਪੀਆਂ ਗਈਆਂ ਹਨ, ਜਿਨ੍ਹਾਂ ਦੇ ਰਚਨਾਕਾਰ ਸਵੈ-ਜੀਵਨੀ ਦੀ ਰਚਨਾ ਕਰਨ ਲਈ ਉਪਰੋਕਤ ਮਾਪਦੰਡਾ ਵਿਚੋਂ ਕਿਸੇ ਇਕ ਉਤੇ ਵੀ ਪੂਰੇ ਨਹੀਂ ਉਤਰਦੇ। ਆਪਣੀ ਸ਼ਖਸੀਅਤ ਤੇ ਆਪਣੀ ਪ੍ਰਾਪਤੀ ਬਾਰੇ ਪਾਲੇ ਬੱਜਰ ਭੁਲੇਖੇ ਤੋਂ ਬਿਨਾਂ ਅਜਿਹੇ ਬਹੁਤ ਸਾਰੇ ਕਲਮਕਾਰਾਂ ਕੋਲ ਇਸ ਤਰ੍ਹਾਂ ਦੀ ਲਿਖਤ ਲਈ ਕੋਈ ਆਧਾਰ ਨਹੀਂ। ਇਸ ਤਰ੍ਹਾਂ ਦਾ ਵਿਅਕਤੀ ਜਾਂ ਤਾਂ ਚੀਚੀ ਉਂਗਲੀ ਉਤੇ ਖ਼ੂਨ ਲਾ ਕੇ ਸ਼ਹੀਦ ਹੋਣ ਦਾ ਭਰਮ ਪਾਲਦਾ ਹੈ, ਜਾਂ ਮੋਢੇ ਉਤੇ ਕਲਪਿਤ ਸਲੀਬ ਰੱਖਕੇ ਈਸਾ ਪ੍ਰਵਾਨ ਹੋਣਾ ਲੋਚਦਾ ਹੈ, ਜਾਂ ਚਾਰ-ਵਿੰਗੇ-ਟੇਢੇ ਤੇ ਨਿਰਾਰਥਕ ਅੱਖਰ ਝਰੀਟਕੇ ਵਾਰਿਸਸ਼ਾਹ ਦਾ ਮੁਤਬੰਨਾ ਬਣ ਬੈਠਦਾ ਹੈ। ਜਦੋਂ ਪ੍ਰੇਮ ਗੋਰਖੀ ਦੀ ਸਵੈ ਜੀਵਨੀ ਦੀਆਂ 'ਨਾਗਮਣੀ' ਵਿਚ ਛਪਦੀਆਂ ਇਕ ਦੋ ਕਿਸ਼ਤਾਂ ਉਤੇ ਸਬੱਬ ਨਾਲ ਝਾਤ ਪੈ ਗਈ ਸੀ ਤਾਂ ਕੁਝ ਕੁ ਤੌਖਲੇ ਉਸ ਦੇ ਸੰਬੰਧ ਵਿਚ ਵੀ ਮੈਨੂੰ ਠੀਕ ਹੀ ਜਾਪਦੇ ਸਨ। ਸਵਾਲ ਉਭਰਦੇ ਸਨ ਕਿ ਕੀ ਗੋਰਖੀ ਆਪਣੀ ਆਉਧ ਵਿਹਾ ਚੁੱਕਾ ਹੈ, ਕੀ ਉਸਨੇ ਜੋ ਪ੍ਰਾਪਤੀ ਕਰਨੀ ਸੀ ਕਰ ਲਈ ਹੈ, ਕੀ ਉਹ ਆਪਣੀ ਸ਼ਖ਼ਸੀਅਤ ਤੇ ਆਪਣੀ ਪ੍ਰਾਪਤੀ ਨੂੰ ਏਨਾ ਵੱਡਾ ਸਮਝਦਾ ਹੈ ਕਿ ਸਮੁੱਚੇ ਪੰਜਾਬੀ ਭਾਈਚਾਰੇ ਤੇ ਸਾਹਿਤਕ ਜਗਤ ਨੂੰ ਇਸਦੀ ਜਾਣਕਾਰੀ ਹੋਣੀ ਲਾਜ਼ਮੀ ਹੈ। ਇਹਨਾਂ ਤੌਖਲਿਆਂ ਤੇ ਪ੍ਰਸ਼ਨਾਂ ਦੇ ਪਿਛੋਕੜ ਵਿਚ ਹੀ ਪੁਸਤਕ ਰੂਪ ਵਿਚ ਛਪਣ ਉਤੇ ਜਦੋਂ ਇਸ ਸਵੈ ਜੀਵਨੀ ਨੂੰ ਵਾਚਿਆ ਗਿਆ ਤਾਂ ਜਿਵੇਂ ਉਹ ਸਾਰੇ ਤੌਖਲੇ ਨਿਰਾਧਾਰ ਤੇ ਪ੍ਰਸ਼ਨ ਨਿਰਮੂਲ ਸਾਬਤ ਹੋ ਗਏ। ਕਾਰਨ ਇਹ ਨਹੀਂ ਕਿ ਉਪਰੋਕਤ ਪ੍ਰਸ਼ਨ ਹੀ ਆਮ ਰੂਪ ਵਿਚ ਗ਼ਲਤ ਸਾਬਤ ਹੋ ਗਏ ਹਨ, ਸਗੋਂ ਵਜ੍ਹਾ ਇਹ ਹੈ ਕਿ ਇਸ ਪੁਸਤਕ ਦੇ ਸੰਬੰਧ ਵਿਚ ਸਵੈ ਜੀਵਨੀ ਦੇ ਹਵਾਲੇ ਨਾਲ ਵਰਤੇ ਜਾਣ ਵਾਲੇ ਮਾਪਦੰਡ ਲਾਗੂ ਕਰਨ ਦੀ ਲੋੜ ਹੀ ਨਹੀਂ।

ਇਸ ਪੁਸਤਕ ਨੂੰ ਇਕ ਲੇਖਕ ਦੀ ਸਵੈ ਜੀਵਨੀ ਦੇ ਰੂਪ ਵਿਚ ਵੇਖਣ ਦੀ ਥਾਂ ਅਜਿਹੀ ਰਚਨਾ ਵਜੋਂ ਵੇਖਣ ਸਮਝਣ ਦੀ ਲੋੜ ਹੈ ਜੋ ਸਮਾਜ ਦੀਆਂ ਅਤਿਅੰਤ ਹੇਠਲੀਆਂ ਪਰਤਾਂ ਵਿਚੋਂ ਆਉਂਦੇ ਇਕ ਵਿਅਕਤੀ ਦੀ ਸੰਘਰਸ਼ ਗਾਥਾ ਬਿਆਨ ਕਰਦੀ ਹੈ, ਜੋ ਪ੍ਰਤਿਕੂਲ ਮਾਹੌਲ ਵਿਚ ਸਹਿਜੇ ਸਹਿਜੇ ਆਪਣੀ ਮਾਨਵਤਾ ਗ੍ਰਹਿਣ-ਗਾਥਾ ਬਿਆਨ ਕਰਦੀ ਹੈ, ਜੋ ਪ੍ਰਤਿਕੂਲ ਮਾਹੌਲ ਵਿਚ ਸਹਿਜੇ ਸਹਿਜੇ ਆਪਣੀ ਮਾਨਵਤਾ ਗ੍ਰਹਿਣ ਕਰਦਾ ਹੈ। ਸੰਘਰਸ਼ ਦੀ ਇਹ ਗਾਥਾ ਕਿਸੇ ਨਾਇਕ ਦੀ ਗਾਥਾ ਨਹੀਂ, ਜੋ ਸਰਬ ਗੁਣ ਸੰਪੰਨ ਹੋਵੇ ਅਤੇ ਵਡੇਰੇ ਆਦਰਸ਼ ਟੀਚਿਆਂ ਲਈ ਮੱਲਾਂ ਮਾਰਦਾ ਅਗਾਂਹ ਵਧਦਾ ਗਿਆ ਹੋਵੇ। ਇਹ ਗਾਥਾ ਤਾਂ ਇਕ ਅਦਨੇ ਜੀਵ ਦੀ ਹੈ, ਜਿਸਨੂੰ ਸ਼ੁਰੂ ਵਿਚ ਮਨੁੱਖੀ ਜੂਨ ਦੇ ਗੌਰਵ ਦਾ ਵੀ ਅਹਿਸਾਸ ਨਹੀਂ। ਡਿਗਦਾ, ਢਹਿੰਦਾ, ਪੈਰ ਪੈਰ ਤੇ ਨਾਕਾਮੀਆਂ ਤੇ ਨਮੋਸ਼ੀਆਂ ਦਾ ਸ਼ਿਕਾਰ ਹੁੰਦਾ, ਪਿਆਰ ਦੇ ਈਮਾਨ ਵਰਗੇ ਸੱਚੇ ਸੁੱਚੇ ਜਜ਼ਬਿਆਂ ਦੀ ਥਾਂ ਹਵਸ, ਜੁਰਮ, ਘਿਰਣਾ ਤੇ ਬੇਈਮਾਨੀ ਵਿਚੋਂ ਲੰਘਦਾ ਇਸ ਪੁਸਤਕ ਦਾ ਪ੍ਰਵੱਕਤਾ ਇਕ ਅਜਿਹਾ ਮਨੁੱਖ ਹੈ ਜਿਸ ਦੇ ਅੰਦਰ ਕਿਧਰੇ ਮਾਨਵਤਾ ਦੀ ਅਜਿਹੀ ਚਿਣਗ ਹੈ, ਜਿਸਨੂੰ ਉਹ ਆਪਣੀਆਂ ਸੀਮਾਵਾਂ ਦੇ ਬਾਵਜੂਦ ਮਘਾਉਣ ਵਿਚ ਸਫ਼ਲਤਾ ਹਾਸਲ ਕਰਦਾ ਹੈ। ਇਸ ਤਰ੍ਹਾਂ ਦੀ ਕਹਾਣੀ ਨੂੰ ਸਾਹਵੇਂ ਲਿਆਉਣਾ ਚੰਗੇ ਸਾਹਿਤ ਦਾ ਕਰਤੱਵ ਹੈ ਅਤੇ ਗੋਰਖੀ ਨੇ ਆਪਣੀ ਜਵੈ ਜੀਵਨੀ ਦੇ ਬਹਾਨੇ , ਵਾਸਤਵ ਵਿਚ, ਇਹੀ ਕਰਤੱਵ ਨਿਭਾਇਆ ਹੈ।

ਕਿਹਾ ਜਾਂਦਾ ਹੈ ਕਿ ਫਰਾਂਸੀਸੀ ਲੇਖਕ ਤੇ ਚਿੰਤਕ ਰੂਸੋ ਦੀਆਂ 'ਆਪ ਬੀਤੀਆਂ' ਤੋਂ ਬਿਨਾਂ ਅੱਜ ਤਕ ਸੰਸਾਰ ਸਾਹਿਤ ਵਿਚ ਕੋਈ ਅਜਿਹੀ ਸਵੈ ਜੀਵਨੀ ਪ੍ਰਾਪਤ ਨਹੀਂ ਜਿਸ ਵਿਚ ਰਚਨਾਕਾਰ ਨੇ ਆਪਣਾ ਪੂਰਾ ਸੱਚ ਬਿਆਨ ਕਰਨ ਦਾ ਸਾਹਸ ਵਿਖਾਇਆ ਹੋਵੇ। ਸਾਡੇ ਜੀਵਨ ਵਿਚ ਬਹੁਤ ਕੁਝ ਅਜਿਹਾ ਵਾਪਰਿਆ ਹੁੰਦਾ ਹੈ ਕਿ ਉਸਦਾ ਜ਼ਿਕਰ ਕਿਸੇ ਦੂਜੇ ਕੋਲ ਤਾਂ ਕੀ, ਆਪਣੇ ਆਪ ਕੋਲ ਕਰਨ ਤੋਂ ਵੀ ਝਿਜਕ ਮਹਿਸੂਸ ਹੁੰਦੀ ਹੈ। ਸਵੈ ਜੀਵਨਕਾਰ ਵੀ, ਅਚੇਤ ਸੁਚੇਤ ਆਪਣਾ ਪੂਰਾ ਸੱਚ ਬਿਆਨ ਕਰਨ ਦੀ ਥਾਂ ਉਹ ਕੁਝ ਬਿਆਨ ਕਰਦਾ ਹੈ, ਜਿਸ ਬਾਰੇ ਉਹ ਚਾਹੁੰਦਾ ਹੈ ਕਿ ਪਾਠਕ ਉਸਨੂੰ ਸੱਚ ਵਜੋਂ ਪ੍ਰਵਾਨ ਕਰਨ। ਜੇ ਸਵੈ ਜੀਵਨੀਕਾਰ ਚੰਗਾ ਸਿਜਣਾਤਮਕ ਲੇਖਕ ਹੈ ਤਾਂ ਉਹ ਕਿਸੇ ਤੱਥ ਨੂੰ ਲੁਕੋ ਕੇ, ਕਿਸੇ ਉਤੇ ਵਧੇਰੇ ਬਲ ਦੇ ਕੇ ਕਿਸੇ ਨੂੰ ਨਾਟਕੀ ਰੂਪ ਵਿਚ ਪੇਸ਼ ਕਰਕੇ ਅਤੇ ਇੰਝ ਕਈ ਹੋਰ ਜੁਗਤਾਂ ਵਰਤਕੇ ਆਪਣਾ ਮਨ-ਇਛਤ ਪ੍ਰਭਾਵ ਸਿਰਜਦਾ ਹੈ। ਸਾਡੀ ਸਨਮਾਨਿਤ ਲੇਖਕ ਅੰਮ੍ਰਿਤਾ ਪ੍ਰਤੀਮ ਦੀ ਸਵੈ ਜੀਵਨੀ **'ਰਸੀਦੀ ਟਿਕਟ'** ਬਾਰੇ ਇਹ ਆਮ ਧਾਰਨਾ ਹੈ ਕਿ ਉਸਨੇ ਆਪਣੇ ਬਹੁਤ ਸਾਰੇ ਸੱਚ ਉਤੇ ਪਰਦਾ-ਪੋਸ਼ੀ ਕੀਤੀ ਹੈ, ਜਦਕਿ ਉਸਦਾ ਸਹੀ ਸੱਚ ਉਸ ਦੀਆਂ ਗਲਪ-ਰਚਨਾਵਾਂ ਵਿਚੋਂ ਵਧੇਰੇ ਪ੍ਰਮਾਣਿਕਤਾ ਨਾਲ ਉਭਰਦਾ ਹੈ। ਅਜਿਹੀ ਗੱਲ ਪੰਜਾਬੀ ਵਿਚ ਪ੍ਰਾਪਤ ਦੂਜੀਆਂ ਸਵੈ ਜੀਵਨੀਆਂ ਉਤੇ ਵੀ ਢੁਕਦੀ ਹੈ। ਸਵੈ ਜੀਵਨੀ ਦੇ ਪੱਖ ਤੋਂ ਪ੍ਰੇਮ ਗੋਰਖੀ ਦੀ ਹੱਥਲੀ ਰਚਨਾ ਵੀ ਸ਼ਾਇਦ ਇਹਨਾਂ ਸੀਮਾਵਾਂ ਤੋਂ ਮੁਕਤ ਨਹੀਂ। ਇਸਦੇ ਬਾਵਜੂਦ ਜੋ ਕੁਝ ਪੁਸਤਕ **'ਗੈਰ ਹਾਜ਼ਿਰ ਆਦਮੀ'** (**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਸਾਲ:** 2007, **ਪੰਨੇ** :220, **ਮੁੱਲ:** 200 /-) ਵਿਚ ਹਾਜ਼ਰ ਹੈ, ਉਹ ਗੋਰਖੀ ਦੀ ਸਮੁੱਚੀ ਸਿਰਜਣਾਤਮਕ ਰਚਨਾ ਦੇ ਸੁਭਾਅ ਅਨੁਸਾਰ, ਅਣਘੜ ਯਥਾਰਥ-ਚਿਤਰਨ ਦੇ ਰੂਪ ਵਿਚ, ਏਨਾ ਪ੍ਰਮਾਣਿਕ ਹੈ ਕਿ ਇਹ ਇਕ ਲਘੂ ਮਨੁੱਖ ਦੀ ਵੱਡੀ ਕਹਾਣੀ ਦਾ ਸਾਹਿਤਕ ਦਸਤਾਵੇਜ਼ ਹੋ ਨਿਬੜਦਾ ਹੈ।

ਛੋਟੀਆਂ ਕਹਾਣੀਆਂ ਦੇ ਰੂਪ ਵਿਚ ਤਿੰਨ ਦਰਜਨ ਸੀਰਸ਼ਕਾਂ ਵਿਚ ਲਿਖੀ ਗਈ ਇਹ ਸਵੈ ਜੀਵਨੀ ਪ੍ਰੇਮ ਗੋਰਖੀ ਦੇ ਬਚਪਨ ਵਿਚ ਸੁਰਤ ਸੰਭਾਲਣ ਦੇ ਦਿਨਾਂ ਤੋਂ ਸ਼ੁਰੂ ਹੋ ਕੇ 'ਪੰਜਾਬੀ ਟ੍ਰਿਬਿਊਨ' ਵਿਚ ਉਸਦੇ ਪਰੂਫ਼ ਰੀਡਰ ਵਜੋਂ ਨਿਯੁਕਤ ਹੋਣ ਉਤੇ ਆ ਕੇ ਮੁਕਦੀ ਹੈ, ਇਸ ਦੌਰਾਨ ਉਸਦੇ ਨਿੱਜ, ਉਸਦੇ ਪਰਿਵਾਰ, ਉਸਦੇ ਰਿਸ਼ਤੇਦਾਰਾਂ, ਉਸਦੇ ਭਾਈਚਾਰੇ, ਉਸਦੇ ਗਲੀ-ਗੁਆਂਢ ਅਤੇ ਫੇਰ ਸਾਹਿਤਕ ਹਲਕਿਆਂ ਨਾਲ ਜੋ ਕੁਝ ਵਾਪਰਿਆ ਉਹ ਵਿਰਾਟ ਸਮਾਜਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਕ ਪ੍ਰਸੰਗ ਵਿਚ ਇਸ ਪੁਸਤਕ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹਨਾਂ ਵੇਰਵਿਆਂ ਵਿਚ ਮਨੁੱਖ ਦੀ ਅਜ਼ਮਤ ਤੇ ਗਿਰਾਵਟ, ਸਮਾਜਕ ਰਿਸ਼ਤਿਆ ਦੀ ਸਾਰਥਕਤਾ ਤੇ ਨਿਰਾਰਥਕਤਾ, ਹਕੂਮਤੀ ਮਸ਼ੀਨਰੀ ਤੇ ਪੂੰਜੀਵਾਦੀ

ਵਿਵਸਥਾ ਦੀ ਕਰੂਰਤਾ ਦਾ ਬੋਧ ਹੁੰਦਾ ਹੈ।

ਦੇਸ਼ ਦੇ ਬਟਵਾਰੇ ਸਮੇਂ ਲਾਡੋਵਾਲੀ ਜਲੰਧਰ ਦੇ ਲੰਬੜਾਂ ਪਰ ਛੋਟੇ ਲੋਕਾਂ ਦੇ ਘਰ ਜਨਮੇ ਬਾਲ ਦੇ ਵਿਆਹ ਦੀ ਅਸਲੀ ਖੇਡ ਰਚਾਈ ਜਾਂਦੀ ਹੈ, ਜਿਸ ਵਿਚੋਂ ਸੁਭਾਵਕ ਹੀ ਵਿਆਂਹਦੜ ਲਗਪਗ ਗੈਰ ਹਾਜ਼ਰ ਹੈ। ਇਸ ਬਾਲ ਨੂੰ ਕੇਵਲ ਏਨਾ ਹੀ ਪਤਾ ਹੈ ਕਿ ਉਸਦੀ ਨਾਨੀ ਗੋਰੀ ਚਿੱਟੀ ਹੈ ਤੇ ਨਾਨਾ ਉੱਚਾ ਲੰਮਾ। ਸਾਊ ਸੁਨੱਖੀ ਔਰਤ ਨਾਲ ਮਾਂ ਦਾ ਰਿਸ਼ਤਾ ਉਸਨੂੰ ਕੁਝ ਓਪਰਾ ਲਗਦਾ ਹੈ। ਉਸਦੀਆਂ ਦੋ ਭੂਆਂ ਹਨ, ਵਿਆਹੀਆਂ-ਵਰੀਆਂ। ਦੋ ਚਾਚਿਆਂ ਵਿਚੋਂ ਇਕ ਚਾਚਾ ਬਸੰਤਾ ਉੱਚਾ ਲੰਮਾ ਹੈ, ਪਰ ਛੜਾ। ਉਸਦਾ ਪਿਉ ਦਿਨੇ ਬੋਲ-ਬੁਲਾਰਾ ਕਰਦਾ ਹੈ, ਜਿਸਦੇ ਪਿਛੋਕੜ ਵਿਚ ਆਰਥਿਕ ਤੰਗੀ ਦਾ ਦਖਲ ਹੈ। ਪਰ ਰਾਤ ਸਮੇਂ ਬਾਲਾਂ ਨੂੰ ਸੁਣਾਈਆਂ ਜਾਣ ਵਾਲੀਆਂ ਬਾਤਾਂ ਵਿਚ ਉਹ ਬਿਪਤਾ ਪੈਣ 'ਤੇ ਇਨਸਾਨ ਦੇ ਅਡੋਲ ਰਹਿਣ ਦਾ ਆਦਰਸ਼ ਸਿਰਜਦਾ ਹੈ। ਛੋਟੇ ਭਰਾ ਪ੍ਰਿਥੀ ਸਮੇਤ ਪਰਿਵਾਰ ਦੇ ਸਾਰੇ ਜੀਅ ਡੂਨੇ ਪੱਤਲਾ ਲਾਉਣ ਦਾ ਕੰਮ ਕਰਦੇ ਆਪਣਾ ਨਿਰਬਾਹ ਤੋਰਦੇ ਹਨ। ਡੂਨੇ ਪੱਤਲਾਂ ਲਾਉਣ ਤੋਂ ਬਿਨਾਂ ਪਿਤਾ ਨੇ ਸਫੈਦੀ ਆਦਿ ਕਰਨਾ ਦਾ ਕੰਮ ਵੀ ਕੀਤਾ ਹੈ ਅਤੇ ਫਾਊਂਡਰੀ ਤੇ ਕਾਰਖਾਨੇ ਵਿਚ ਦਿਹਾੜੀ-ਮਜ਼ਦੂਰੀ ਵੀ। ਪੜ੍ਹਾਈ ਵਿਚ ਦਸਵੀਂ 'ਚੋਂ ਫੇਲ੍ਹ ਹੋ ਜਾਣ ਉਪਰੰਤ ਗੋਰਖੀ ਵੀ ਛੋਟੀ ਮੋਟੀ ਨੌਕਰੀ ਤੇ ਦਿਹਾੜੀਦਾਰਾਂ ਵਾਲੀ ਏਸ ਜ਼ਿੰਦਗੀ ਵਿਚੋਂ ਗੁਜ਼ਰਦਾ ਹੈ, ਜਿਸਨੂੰ ਸਹਿਜ ਯਥਾਰਥਕ ਰੂਪ ਵਿਚ ਬਿਆਨ ਕਰਨਾ ਉਸ ਲਈ ਬਹੁਤਾ ਕਠਿਨ ਨਹੀਂ।

ਲੇਖਕ ਦੀ ਨਿੱਜੀ ਹੋਣੀ ਦੇ ਰੂਪ ਵਿਚ ਪੁਸਤਕ ਵਿਚਲੀ ਜੋ ਸਮੱਗਰੀ ਇਸ ਸਵੈ ਜੀਵਨੀ ਨੂੰ ਵਧੇਰੇ ਧਿਆਨ ਯੋਗ ਬਣਾਉਂਦੀ ਹੈ, ਉਹ ਹੈ ਇਕ ਸਾਧਾਰਨ ਮਨੁੱਖ ਦੇ ਮੁਜ਼ਰਮ ਬਣਨ ਤੇ ਮੁਜਰਮ ਬਣਾਏ ਜਾਣ ਦੀ ਹਕੀਕਤ ਦਾ ਨਿਰਸੰਕੋਚ ਵਿਵਰਣ। ਸਾਈਕਲ ਦੀ ਚੋਰੀ ਦਾ ਉਸ ਸਿਰ ਇਲਜ਼ਾਮ ਥੋਪਿਆ ਜਾਂਦਾ ਹੈ ਤਾਂ ਉਹ ਸੱਚਮੁੱਚ ਚੋਰ ਤੇ ਵੈਲੀ ਬਣਨ ਵੱਲ ਵਧਦਾ ਹੈ। ਸਮਾਜਕ ਬਦਨਾਮੀ, ਪੁਲਸ ਦੀ ਮਾਰ, ਅਦਾਲਤੀ ਖੱਜਲ-ਖੁਆਰੀ, ਪੈਸੇ ਦੀ ਥੁੜ ਤੇ ਬੇਰੁਜ਼ਗਾਰੀ ਉਸਨੂੰ ਮੱਲੋ ਮੱਲੀ ਮਾਨਵਤਾ ਤੋਂ ਦੂਰ ਹੈਵਾਨੀਅਤ ਵੱਲ ਲਿਜਾਂਦੀ ਹੈ। ਉਹ ਸ਼ਰਾਬ ਕੱਢਣੀ ਸਿੱਖਦਾ ਹੈ, ਕੋਲ ਪਸਤੋਲ ਰੱਖਦਾ ਹੈ, ਬਿਜਲੀ ਬੋਰਡ ਦੇ ਸਟੋਰ 'ਚੋਂ ਸਾਮਾਨ ਚੋਰੀ ਕਰਦਾ ਤੇ ਵੇਚਦਾ ਹੈ। ਪਿਤਾ ਤਾਂ ਭਾਵੇਂ ਉਸਦੇ ਚੋਰ ਹੋਣ ਦਾ ਮਿਹਣਾ ਸੁਣਕੇ ਤੜਪਦਾ ਹੈ ਪਰ ਉਹ ਇਸ ਨਿਘਾਰ ਨੂੰ ਵੀ ਪਹੁੰਚਦਾ ਹੈ ਜਿਥੇ ਉਹ ਸੜਕ ਹਾਦਸੇ ਵਿਚ ਮਰ ਰਹੇ ਮਨੁੱਖ ਦੀ ਜੇਬ 'ਚੋਂ ਪੈਸੇ ਕੱਢਣ ਤਕ ਜਾਂਦਾ ਹੈ। ਇਸ ਤਰ੍ਹਾਂ ਦੇ ਵੇਰਵੇ ਇਹ ਤਾਂ ਪ੍ਰਮਾਣਿਤ ਕਰਦੇ ਹਨ ਕਿ ਗੋਰਖੀ ਆਪਣੇ ਸੱਚ ਦੇ ਰੂ-ਬ-ਰੂ ਹੋਣ ਤੋਂ ਕਤਰਾਉਂਦਾ ਨਹੀਂ, ਪਰ ਨਾਲ ਹੀ ਇਹ ਤੰਦ ਵੀ ਤੁਰਦੀ ਜਾਂਦੀ ਹੈ ਕਿ ਪ੍ਰਾਪਤ ਸਮਾਜਕ ਵਿਵਸਥਾ ਵਿਚ ਖਾਸਕਰ ਨਿਮਨ ਵਰਗ ਦੇ ਲੋਕਾਂ ਲਈ, ਆਪਣੀ ਮਾਨਵਤਾ ਨੂੰ ਸਾਂਭ-ਸੰਭਾਲ ਸਕਣਾ ਕਿੰਨਾ ਕਠਿਨ ਹੈ। ਗੋਰਖੀ ਦੇ ਜੀਵਨ-ਸਮਾਚਾਰਾਂ ਤੋਂ ਵੱਖ ਕੁਝ ਪ੍ਰਸੰਗਕ ਵੇਰਵੇ ਜਿਵੇਂ ਪਿੰਡ ਦੇ ਜ਼ਿਮੀਦਾਰਾਂ ਵਲੋਂ ਬੇਜ਼ਮੀਨੇ ਕਿਰਤੀਆਂ ਦਾ ਸਮੂਹਕ ਬਾਈਕਾਟ, ਥਾਣੇ ਵਿਚ ਫੜਕੇ ਲਿਆਂਦੇ ਕਿਸੇ ਅਲ੍ਹੜ ਮੁੰਡੇ ਨਾਲ ਪੁਲਸੀਆਂ ਦੀ ਬਦਫੈਲੀ, ਕਿਸੇ ਗਰੀਬ ਖ਼ੂਬਸੂਰਤ ਕੁੜੀ ਦੇ ਸਰੀਰ ਵੇਚਣ ਦੇ ਧੰਦੇ ਵਿਚ ਪੈ ਜਾਣ ਦੀ ਹਕੀਕਤ, ਗਰੀਬ ਲੋਕਾਂ ਦੀ ਸਾਧਾਂ-ਸੰਤਾਂ ਤੇ ਟੂਣੇ-ਤਵੀਤਾਂ ਵਿਚ ਆਸਥਾ, ਆਦਿ ਵੀ ਸਾਡੇ ਪ੍ਰਾਪਤ ਜੀਵਨ ਦੇ ਕਰੂਰ ਤੇ ਅਮਾਨਵੀ ਚਰਿੱਤਰ ਨੂੰ ਉਭਾਰਨ ਵਿਚ ਸਹਾਇਕ ਹੁੰਦੇ ਹਨ। ਇਕ ਸਾਹਿਤਕ ਕਿਰਤ ਵਜੋਂ ਇਕ ਚੰਗੀ ਸਵੈ ਜੀਵਨੀ ਹੈ ਹੀ ਉਹ ਜੋ ਲੇਖਕ ਦੇ ਨਿੱਜ ਤੋਂ ਅਗਾਂਹ ਸਮੇਂ ਦੇ ਸਮਾਜ ਦਾ ਚਿਤਰ ਉਭਾਰੇ ਅਤੇ ਉਸ ਉਤੇ ਟਿੱਪਣੀ ਕਰੇ। ਗੋਰਖੀ ਦੀ ਹੱਥਲੀ ਰਚਨਾ ਉਪਰੋਕਤ ਭਾਂਤ ਦੇ ਵੇਰਵਿਆਂ ਨਾਲ ਇਹ ਦੂਸਰਾ ਕਾਰਜ ਬਾਖ਼ੂਬੀ ਨਿਭਾਉਂਦੀ ਹੈ।

ਮਨੁੱਖੀ ਗੌਰਵ ਤੇ ਨੀਵੇਂ ਜਿਸ ਪਰਿਵੇਸ਼ ਵਿਚ ਗੋਰਖੀ ਆਪਣੇ ਬਚਪਨ ਵਿਚ ਘਿਰ ਗਿਆ ਸੀ, ਉਸ ਵਿਚੋਂ ਨਿਕਲ ਸਕਣਾ ਕਿਸੇ ਹਾਰੀ-ਸਾਰੀ ਲਈ ਤਾਂ ਉਕਾ ਹੀ ਸੰਭਵ ਨਹੀਂ ਹੋ ਸਕਦਾ। ਜੋ ਉਹ ਇਸ ਪਰਿਵੇਸ਼ ਵਿਚੋਂ ਨਿਕਲਕੇ ਪੰਜਾਬੀ ਸਾਹਿਤ-ਸਭਿਆਚਾਰ ਦੇ ਜਗਤ ਵਿਚ ਮਾਣ-ਸਤਿਕਾਰ ਪ੍ਰਾਪਤ ਕਰ ਚੁੱਕੇ ਲੇਖਕ ਵਜੋਂ ਹਾਜ਼ਰ ਹੈ ਤਾਂ ਨਿਰਸੰਦੇਹ ਇਹ ਤੱਥ ਇਸ ਗੱਲ ਦਾ ਪ੍ਰਮਾਣ ਹੈ ਕਿ ਗੋਰਖੀ ਦੇ ਧੁਰ ਅੰਦਰ

ਪ੍ਰਤਿਭਾ ਅਤੇ ਸ਼ੁਭ ਮਾਨਵੀ ਬਿਰਤੀ ਸ਼ੁਰੂ ਤੋਂ ਹੀ ਕਿਤੇ ਸੁੱਤੀ ਪਈ ਸੀ ਜੋ ਬਾਹਰ ਨਿਕਲਣ ਤੇ ਪ੍ਰਗਟ ਹੋਣ ਲਈ ਕਿਸੇ ਢੁਕਵੇਂ ਸਮੇਂ ਦੀ ਨਿਰੰਤਰ ਭਾਲ ਵਿਚ ਸੀ। ਇਕ ਸਮੇਂ ਖ਼ੁਦਕੁਸ਼ੀ ਦੇ ਰਾਹ ਪੈਣ ਵਾਲੇ ਇਸ ਜਿਉਣ-ਜੋਗੇ ਦੇ ਰਾਹ ਵਿਚ ਇਹ ਢੁਕਵਾਂ ਸਮਾਂ ਉਦੋਂ ਆਇਆ ਜਦੋਂ ਇਕ ਬਾਲ-ਮੁਜਰਮ ਵਜੋਂ ਕਚਹਿਰੀ ਵਿਚ ਪੇਸ਼ ਹੋਏ ਨੂੰ ਜੱਜ ਨੇ ਉਸਦੀ ਅਰਜੋਈ ਪ੍ਰਵਾਨ ਕਰਕੇ ਬਰੀ ਕਰ ਦਿੱਤਾ ਤੇ ਇੰਝ ਉਸ ਲਈ ਜ਼ਿੰਦਗੀ ਦੇ ਨਵੇਂ ਦੁਆਰ ਖੋਲ੍ਹ ਦਿੱਤੇ।

ਭਾਵੇਂ ਉਹ ਦਸਵੀਂ ਚੋਂ ਵੀ ਫੇਲ੍ਹ ਹੋਇਆ ਸੀ ਅਤੇ ਫੇਰ ਗਿਆਨੀ ਦੀ ਪ੍ਰੀਖਿਆ ਵਿਚੋਂ ਵੀ ਉਸਦਾ ਇਹੀ ਹਸ਼ਰ ਹੋਇਆ ਸੀ, ਪਰ ਇਹ ਨਾਕਾਮੀਆਂ ਚੰਗੇਰੇ ਜੀਵਨ ਤੇ ਸਾਹਿਤ-ਸਿਰਜਣਾ ਦੇ ਪੰਧ ਉੱਤੇ ਤੁਰਨ ਵਿਚ ਉਸ ਲਈ ਕੋਈ ਰੁਕਾਵਟਾਂ ਖੜ੍ਹੀਆਂ ਕਰਨ ਵਿਚ ਅਸਫ਼ਲ ਰਹੀਆਂ। ਬਚਪਨ ਦੇ ਦਿਨਾਂ ਵਿਚ ਹੀ ਲਾਇਲਪੁਰ ਖਾਲਸਾ ਕਾਲਿਜ ਜਲੰਧਰ ਦੀ ਲਾਈਬਰੇਰੀ ਵਿਚ ਥੋੜ੍ਹੇ ਸਮੇਂ ਲਈ ਸੇਵਾਦਾਰ ਦੀ ਨੌਕਰੀ ਉਸਦੇ ਬਹੁਤ ਕੰਮ ਆਈ। ਸਕੂਲੀ ਪੜ੍ਹਾਈ ਦੇ ਮੁੱਢਲੇ ਦਿਨਾਂ ਵਿਚ ਜਿਹੜਾ ਬਾਲਕ ਆਪਣੇ ਕਿਸੇ ਸਹਿ-ਪਾਠੀ ਕੋਲ ਕੋਈ ਸਾਹਿਤਕ ਰਿਸਾਲਾ ਜਾਂ ਪੁਸਤਕ ਵੇਖਕੇ ਅਚੰਭਤ ਹੁੰਦਾ ਸੀ, ਹੁਣ ਪੁਸਤਕਾਂ ਦੇ ਸੰਸਾਰ ਅੰਦਰ ਪੁੱਜ ਗਿਆ ਅਤੇ ਏਥੇ ਹੀ ਉਸ ਦਾ ਪਹਿਲੀ ਵਾਰ, ਪੁਸਤਕਾਂ ਰਾਹੀਂ, ਪੰਜਾਬੀ ਦੇ ਪ੍ਰਤਿਸ਼ਠ ਲੇਖਕਾਂ ਨਾਨਕ ਸਿੰਘ, ਗੁਰਬਖਸ਼ ਸਿੰਘ, ਅੰਮ੍ਰਿਤਾ ਪ੍ਰੀਤਮ ਨਾਲ ਵਾਹ ਪਿਆ। ਅਤੇ ਫੇਰ ਖ਼ੁਦ ਇਮਤਿਹਾਨ ਪਾਸ ਕਰਨ ਤੇ ਦੂਜਿਆਂ ਨੂੰ ਪਾਸ ਕਰਾਉਣ ਲਈ ਗਿਆਨੀ ਕਾਲਿਜ ਦੀ ਪੜ੍ਹਾਈ, 'ਨਵਾਂ ਜ਼ਮਾਨਾ' ਤੇ ਹੋਰ ਅਖਬਾਰਾਂ ਵਿਚ ਪਰੂਫ ਰੀਡਰੀ ਦੀ ਨੌਕਰੀ ਨੇ ਉਹ ਰਾਹ ਪੱਧਰੇ ਕਰ ਦਿੱਤੇ ਜਿਨ੍ਹਾਂ ਰਾਹੀਂ ਉਹ ਆਪਣੇ ਜੀਵਨ ਦੇ ਅਤੇ ਸਾਹਿਤ ਦੇ ਮਾਰਗ 'ਤੇ ਰਵਾਂ-ਰਵੀਂ ਅੱਗੇ ਵਧ ਸਕਦਾ ਸੀ। ਸਾਹਿਤਕ ਮਿਲਣੀਆਂ ਵਿਚ ਨਵੇਂ ਪੁਰਾਣੇ ਲੇਖਕਾਂ ਦੇ ਸੰਪਰਕ ਵਿਚ ਆ ਕੇ, ਸਾਹਿਤਕ ਲਹਿਰਾਂ ਤੇ ਸਰਗਰਮੀਆਂ ਵਿਚ ਕ੍ਰਿਆਸ਼ੀਲ ਹੋ ਕੇ ਅਤੇ ਫੇਰ ਆਪਣੇ ਮੌਲਿਕ ਅਨੁਭਵ ਨੂੰ ਕਲਮ ਦੀ ਨੋਕ ਉਤੇ ਲਿਆ ਕੇ ਉਹ ਆਪਣੇ ਲਈ ਇਕ ਨਵਾਂ ਸੰਸਾਰ ਸਿਰਜਣ ਦੇ ਸਮਰੱਥ ਹੋ ਗਿਆ। ਇਹ ਨਵਾਂ ਸੰਸਾਰ ਸਿਰਜ ਸਕਣ ਵਿਚ, ਵੱਖ ਵੱਖ ਪ੍ਰਸੰਗਾਂ ਤੇ ਰੂਪਾਂ ਵਿਚ ਜੋ ਲੋਕ ਉਸ ਲਈ ਸਹਾਇਕ ਸਿੱਧ ਹੋਏ, ਅੰਮ੍ਰਿਤਾ ਪ੍ਰੀਤਮ ਤੋਂ ਲੈ ਕੇ ਸਾਧੂ ਬਿਨਿੰਗ ਤਕ, ਉਹਨਾਂ ਦੀ ਇਕ ਲੰਮੀ ਸੂਚੀ ਪੁਸਤਕ ਵਿਚੋਂ ਮਿਲਦੀ ਹੈ। ਅਜਿਹੇ ਸਭਨਾਂ ਵਿਅਕਤੀਆਂ ਦਾ ਗੋਰਖੀ ਨੇ ਸ਼ਰਧਾ ਅਤੇ ਕ੍ਰਿਤੱਗਤਾ ਦੇ ਭਾਵ ਨਾਲ ਜ਼ਿਕਰ ਕੀਤਾ ਹੈ।

ਨਿਜੀ ਦੋਸਤਾਂ ਸਹਿ ਕਰਮੀਆਂ, ਅੰਗਾਂ-ਸਾਕਾਂ ਨਾਲ ਆਪਣੇ ਸੰਬੰਧਾਂ ਅਤੇ ਅਣੋਭੜਾਂ ਨਾਲ ਅਚਨਚੇਤੀ ਮੁਲਕਾਤਾਂ ਦੇ ਜੋ ਵੇਰਵੇ ਪੁਸਤਕ ਵਿਚ ਪ੍ਰਾਪਤ ਹਨ, ਉਹ ਨਿਰਸੰਦੇਹ ਹਨ ਤਾਂ ਲੇਖਕ ਦੀ ਆਪਣੀ ਚੋਣ ਅਨੁਸਾਰ ਹੀ ਪਰ ਇਹਨਾਂ ਰਾਹੀਂ ਪ੍ਰੇਮ ਗੋਰਖੀ ਦੀ ਸ਼ਖ਼ਸੀਅਤ ਦਾ ਜੋ ਚਿਤਰ ਦੁਰਾਡੇ ਬਿਲਕੁਲ ਨਹੀਂ ਜਾਂਦਾ, ਭਾਵੇਂ ਕਿ ਇਸ ਵਿਚ ਕਾਫੀ ਕੁਝ ਵਿਕੋਲਿਤਰਾ ਪ੍ਰਤੀਤ ਹੁੰਦਾ ਹੈ। ਮਸਲਨ ਇਸ ਪੁਸਤਕ ਵਿਚ ਗੋਰਖੀ ਦੇ ਘਟੋ ਘੱਟ ਅੱਧੀ ਦਰਜਨ ਔਰਤਾਂ ਨਾਲ ਪ੍ਰੇਮ ਤੇ ਸਰੀਰਕ ਸੰਬੰਧਾਂ ਦਾ ਜ਼ਿਕਰ ਹੈ। ਅਜਿਹੇ ਇਸ਼ਕ ਤੇ ਸਰੀਰਕ ਸੰਬੰਧ ਵਾਲੀ ਹੀ ਇਕ ਖੂਬਸੂਰਤ ਕੁੜੀ ਗੋਰਖੀ ਹੈ ਜੋ ਪ੍ਰੇਮ ਨਿਮਾਣੇ ਤੋਂ ਉਸ ਨੂੰ ਪ੍ਰੇਮ ਗੋਰਖੀ ਬਣਾ ਦਿੰਦੀ ਹੈ। ਇਹਨਾਂ ਸੰਬੰਧਾਂ ਵਿਚੋਂ ਸਰੀਰ ਦੀ ਅੱਗ ਨੂੰ ਠੰਢਾ ਕਰਨ ਲਈ ਔਰਤ ਵੱਲੋਂ ਕਿਸੇ ਗੱਭਰੂ ਵੱਲ ਵਧਣ ਦੀ ਪਹਿਲ ਕਦਮੀ, ਚੜ੍ਹਦੀ ਜਵਾਨੀ ਵਿੱਚ ਵਿਰੋਧੀ ਲਿੰਗ ਪ੍ਰਤੀ ਅਚੇਤ ਹੀ ਉਭਰਿਆ ਲਿੰਗ-ਆਕਰਣ, ਨਿਰਛਲ ਪਿਆਰ ਤੇ ਹਾਬੜਾ ਸਭ ਕੁਝ ਦਾ ਹੀ ਦੀਦਾਰ ਹੁੰਦਾ ਹੈ। ਬਾਬੂ ਦੀ ਬੀਵੀ, ਗੋਰਖੀ, ਸਰਦਾਰਨੀ ਤੇ ਨਿੱਕੀ ਸ਼ਰਾਰਤੀ ਕੁੜੀ ਸਿੰਦੋ ਆਦਿ ਨਾਲ ਇਕ ਗੱਭਰੂ ਵਜੋਂ ਵੱਖ ਵੱਖ ਪੱਧਰਾਂ ਤੇ ਵੰਨਗੀਆਂ ਦੇ ਪ੍ਰੇਮ ਗੋਰਖੀ ਦੇ ਸੰਬੰਧ, ਮੇਰੇ ਵਰਗੇ ਕਿਸੇ ਸਾਧਾਰਨ ਮਨੁੱਖ ਨੂੰ ਪਰੇਸ਼ਾਨ ਤਾਂ ਕਰ ਸਕਦੇ ਹਨ ਪਰ ਇਹਨਾਂ ਵਿਚ ਹੈਰਾਨੀ ਵਾਲੀ ਗੱਲ ਸ਼ਾਇਦ ਕੋਈ ਬਹੁਤੀ ਨਹੀਂ। ਜੇ ਪੁਸਤਕ ਵਿਚ ਇਸ ਭਾਂਤ ਦੇ ਵੇਰਵੇ ਹਨ, ਜੋ ਕੇਵਲ ਸਰੀਰਾਂ ਤੇ ਸਰੀਰਕ ਲੋੜਾਂ ਦੀ ਬਾਤ ਪਾਉਂਦੇ ਹਨ ਤਾਂ ਇਸ ਵਿਚ ਕਵਿਤਾ ਵਰਗੇ ਸੂਖਮ ਬੇਨਾਮ ਰਿਸ਼ਤਿਆਂ ਦੀ ਵੀ ਗੱਲ ਹੈ, ਜਿਨ੍ਹਾਂ ਅਨੁਸਾਰ ਲੇਖਕ ਦੇ ਬੱਚਿਆਂ ਵਾਲੀ ਕਿਸੇ ਬੇਸਹਾਰਾ ਔਰਤ ਦੇ ਨਾਲ ਰੇਲ ਦੇ ਸਫ਼ਰ ਤੋਂ ਅਗਾਂਹ ਉਸਦਾ ਨਿੱਕ-ਸੁੱਕ ਚੁੱਕ ਕੇ ਉਸਦੇ ਪਿੰਡ ਤੇ

ਘਰ ਤਕ ਹੋ ਕੇ ਆਉਂਦਾ ਹੈ, ਜਾਂ ਨਿਰਛਲ ਪਿਆਰ ਵਿਚ ਬੱਝੀ ਕੋਈ ਔਰਤ ਸਮੇਂ ਸਮੇਂ ਉਸਦੀ ਪੈਸੇ-ਧੇਲੇ ਦੀ ਲੋੜ ਪੂਰੀ ਕਰਦੀ ਹੈ।

ਇੰਝ ਇਹ ਪੁਸਤਕ ਸਵੈ ਜੀਵਨੀ ਤੋਂ ਵੱਧ ਦਸਤਾਵੇਜ਼ ਹੈ, ਇਕ ਅਜਿਹੇ ਮਨੁੱਖ ਦੇ ਸਫ਼ਰ ਦੀ, ਜੋ ਆਪਣੀ ਸਾਧਾਰਨਤਾ ਵਿਚ ਵੀ ਅਸਾਧਾਰਨ ਹੈ। ਇਹ ਪੁਸਤਕ ਕੋਈ ਆਦਰਸ ਨਹੀਂ ਸਿਰਜਦੀ ਅਤੇ ਨਾ ਹੀ ਇਸਦੇ ਪ੍ਰਵੱਕਤਾ ਨੂੰ ਸਾਧਾਰਨ ਮਨੁੱਖਾਂ ਦੇ ਕੱਦ ਤੋਂ ਉੱਚਾ ਕਰਕੇ ਵਿਖਾਉਂਦੀ ਹੈ। ਹਾਂ, ਇਸਦਾ ਪ੍ਰਵੱਕਤਾ ਅਖੀਰ ਵਿਚ ਸਾਹਿਤਕ ਸੁਹਜ-ਸੁਆਦ ਨੂੰ ਮਾਨਣ ਵਾਲੇ ਇਕ ਸੰਵੇਦਨਸ਼ੀਲ ਵਿਅਕਤੀ ਵਜੋਂ ਜ਼ਰੂਰ ਉੱਭਰਦਾ ਹੈ, ਜੋ ਬੇਚੈਨੀ ਤੇ ਤਣਾਓ ਵਾਲੀ ਹਾਲਤ ਵਿਚ ਚੰਗੀਆਂ ਕਿਤਾਬਾਂ ਵਿਚੋਂ ਸਹਾਰਾ ਲੱਭਦਾ ਹੈ ਅਤੇ ਚੰਗੇ ਦੋਸਤਾਂ ਨੂੰ ਵੀ ਚੰਗੀਆਂ ਕਿਤਾਬਾਂ ਵਾਂਗ ਹੀ ਵੇਖਦਾ ਹੈ। ਉਸ ਨੇ ਕਿਹਾ ਹੈ, "ਮੈਂ ਹਮੇਸ਼ਾ ਲੋਕਾਂ ਕੋਲੋਂ ਡਰਦਾ ਰਿਹਾ ਹਾਂ, ਜਿਸ ਕਰਕੇ ਬਹੁਤੇ ਲੋਕਾਂ ਨਾਲ ਦੋਸਤੀ ਨਹੀਂ ਵਧਾਈ, ਪਰ ਜੇ ਲੋਕ ਮੇਰੀ ਦੋਸਤੀ ਦੇ ਘੇਰੇ ਵਿਚ ਆਏ, ਉਹਨਾਂ ਦੀ ਮੁਹੱਬਤ ਦੀ ਕੰਨੀ ਮੈਂ ਘੁੱਟਕੇ ਫੜ ਲਈ।" ਹੱਥਲੀ ਪੁਸਤਕ ਵਿਚ ਇਸ ਤਰ੍ਹਾਂ ਦਾ ਕਾਫੀ ਕੁਝ ਪੜ੍ਹ ਲੈਣ ਪਿੱਛੋਂ ਕੌੜੇ-ਕੁਸੈਲੇ ਅਨੁਭਵ ਵਾਲੇ, ਇਸ ਸੰਵੇਦਨਸ਼ੀਲ ਮਨੁੱਖ ਵੱਲ ਤੁਸੀਂ ਸੁੱਤੇ ਸਿੱਧ ਹੀ ਦੋਸਤੀ ਦਾ ਹੱਥ ਵਧਾਉਣਾ ਚਾਹੋਗੇ। ਇਹੀ ਇਸ ਪੁਸਤਕ ਦੀ ਪ੍ਰਾਪਤੀ ਹੈ।

---

## ਪੇਂਡੂ ਜੀਵਨ ਯਥਾਰਥ ਦੀਆਂ ਧੁਆਂਖੀਆਂ ਸਥਿਤੀਆਂ ਦਾ ਚਿਤੇਰਾ

**(ਪ੍ਰਸੰਗ 'ਬੁੱਢੀ ਰਾਤ ਦਾ ਸੂਰਜ', 'ਵਣ-ਬੇਲਾ', 'ਤਿੱਤਰ ਖੰਭੀ ਜੂਹ')**

**-ਡਾ. ਗੁਰਮੇਲ ਸਿੰਘ**

---

ਪ੍ਰੇਮ ਗੋਰਖੀ ਨੂੰ ਇਕ ਸਮਰੱਥ ਪੰਜਾਬੀ ਕਹਾਣੀਕਾਰ ਦੇ ਰੂਪ ਵਿਚ ਜਾਣਿਆ ਜਾਂਦਾ ਹੈ ਇਸ ਤੋਂ ਵੀ ਵੱਧ ਉਸਦੀ ਪਹਿਚਾਣ ਇਕ ਦਲਿਤ ਕਹਾਣੀਕਾਰ ਵੱਜੋਂ ਉਭਰਦੀ ਹੈ। ਉਸ ਦਾ ਨਾਂ ਪਹਿਲੀ ਕਤਾਰ ਦੇ ਦਲਿਤ ਲੇਖਕਾਂ ਵਿਚ ਆਉਂਦਾ ਹੈ ਜਿਨ੍ਹਾਂ ਨੇ ਇਕ ਤੋਂ ਵਧੇਰੇ ਸਾਹਿਤਕ ਵਿਧਾਵਾਂ ਰਾਹੀਂ ਜਾਤੀ-ਸ਼ੋਸ਼ਣ ਦੇ ਕਰੂਰ ਯਥਾਰਥ ਨੂੰ ਜੱਗ-ਜਾਹਰ ਕਰਨ ਦਾ ਯਤਨ ਕੀਤਾ। ਉਸਦੀਆਂ ਰਚਨਾਵਾਂ ਵਿਚਲਾ ਵਸਤੂ ਥਯਾਰਥ ਪੇਂਡੂ ਜੀਵਨ ਦੇ ਭਰਵੇਂ ਬਿੰਬ ਦੀ ਪ੍ਰਸਤੁਤੀ ਕਰਨ ਵਾਲਾ ਹੈ ਜਿਸ ਵਿਚ ਮਨੁੱਖ ਦੀਆਂ ਕਮਜ਼ੋਰੀਆਂ, ਟਕਰਾਵਾਂ ਤੇ ਇੱਛਾਵਾਂ ਦਾ ਗਤੀਮਾਨ ਜਗਤ ਝਲਕਦਾ ਹੈ। ਉਸਦੀ ਰਚਨਾਤਮਕਤਾ ਤੇ ਕਲਾਤਮਕਤਾ ਯਥਾਰਥਵਾਦੀ ਦ੍ਰਿਸਟੀ ਦੀ ਧਾਰਨੀ ਹੋਣ ਵਿਚ ਦੇਖੀ ਜਾ ਸਕਦੀ ਹੈ।

ਉਸਦੇ ਪ੍ਰਾਪਤ ਤਿੰਨ ਨਾਵਲਾਂ/ਨਾਵਲਿਟਾਂ ਪੁਸਤਕ **'ਤਿੱਤਰ ਖੰਭੀ ਜੂਹ'** (**ਪ੍ਰਕਾਸ਼ਕ: ਸਵੇਰਾ ਪ੍ਰਕਾਸ਼ਨ, ਐਨ. ਐਫ. 134,ਅੰਦਰੂਨ ਮਾਈ ਹੀਰਾਂ ਗੇਟ, ਜਲੰਧਰ, ਸਾਲ: 1988, ਪੰਨੇ :152, ਮੁੱਲ: 60 /-**) ਜਿਨ੍ਹਾਂ ਵਿਚ 'ਬੁੱਢੀ ਰਾਤ ਤੇ ਸੂਰਜ','ਵਣ-ਬੇਲਾ' ਅਤੇ 'ਤਿੱਤਰ ਖੰਭੀ ਜੂਹ' ਆਉਂਦੇ ਹਨ, ਦੇ ਅਧਿਐਨ ਉਪਰੰਤ ਇਸ ਨਿਰਣੇ ਤੇ ਪਹੁੰਚਣਾ ਸੌਖਾ ਹੋ ਜਾਂਦਾ ਹੈ ਕਿ ਉਹ ਕਥਾ ਸਿਰਜਣਾ ਦਾ ਨਾਮਵਰ ਹਸਤਾਖਰ ਹੈ। ਉਸਦੀ ਰਚਨਾਕਾਰੀ ਦੇ ਸਮਾਜਿਕ ਤੇ ਸਭਿਆਚਾਰਕ ਮੁੱਦਿਆਂ ਨੂੰ ਦੇਖੀਏ ਤਾਂ ਪੰਜਾਬ ਵਿਚ ਹਰੀ ਕ੍ਰਾਂਤੀ ਦੇ ਨਾਲ ਪੇਂਡੂ ਜੀਵਨ ਵਿਚ ਧਨੀ ਕਿਸਾਨੀ ਦਾ ਦਬਦਬਾ ਵੱਧਣਾ ਸ਼ੁਰੂ ਹੁੰਦਾ ਹੈ ਇਸਦੇ ਨਾਲ ਹੀ ਸ਼ਾਹੂਕਾਰਾ ਵੀ ਪ੍ਰਫੁਲਤ ਹੁੰਦਾ ਹੈ। ਖਾਂਦੇ ਪੀਂਦੇ ਜ਼ਿਮੀਦਾਰ ਤੇ ਸ਼ਾਹੂਕਾਰ ਦੀ ਪਿੰਡ ਪੱਧਰ ਤੇ ਧੌਂਸ ਤੇ ਸਰਦਾਰੀ ਦਾ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। ਸਮਾਜਿਕ ਸਰਦਾਰੀ ਤੇ ਆਰਥਿਕ ਤਾਕਤ ਦੇ ਨਾਲ ਇਕ ਨਵੀਂ ਕਿਸਮ ਦੀ ਰਜਵਾੜਾਸ਼ਾਹੀ ਦਾ ਚਲਨ ਸ਼ੁਰੂ ਹੁੰਦਾ ਹੈ ਜਿਸਨੇ ਨੈਤਿਕ ਮੁੱਲਾਂ ਨੂੰ ਕਿਨਾਰੇ ਕਰਕੇ ਪੇਂਡੂ ਜੀਵਨ ਵਿਚ ਧੌਂਸ ਤੇ ਦਮਨ ਦਾ ਸਿਲਸਿਲਾ ਤੋਰਿਆ। ਜਿਸਦੀ ਸਭ ਤੋਂ ਵੱਡੀ ਮਾਰ ਦਲਿਤ ਵਰਗ ਨੂੰ ਪੈਂਦੀ ਹੈ। ਲੇਖਕ ਨੇ ਇਸ ਨਿਮਾਣੇ ਤੇ ਨਿਤਾਣੇ ਵਰਗ ਦੀ ਸਥਿਤੀ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਸਮਾਜਿਕ ਤੇ ਆਰਥਿਕ ਸਥਿਤੀ ਦਾ ਇਹ ਬਿਰਤਾਂਤ ਇਸ ਕਰਕੇ ਵੀ ਧਿਆਨ

ਖਿੱਚਦਾ ਹੈ ਕਿ ਇਹ ਪੰਜਾਬ ਦੇ ਪੇਂਡੂ ਅਰਥਚਾਰੇ ਵਿਚ ਪੂੰਜੀਵਾਦੀ ਵਿਕਾਸ ਦਾ ਵਿਰੋਧਾਭਾਸ ਬਣ ਕੇ ਪ੍ਰਸਤੁਤ ਹੁੰਦਾ ਹੈ। ਕਿਉਂਕਿ ਇਕ ਪਾਸੇ ਹਰੀ ਕ੍ਰਾਂਤੀ ਨਾਲ ਜ਼ਮੀਨ ਦੀ ਮਾਲਕ ਧਿਰ ਖੁਸ਼ਹਾਲ ਹੋ ਰਹੀ ਹੈ ਦੂਜੇ ਪਾਸੇ ਸਾਧਨਹੀਣ ਦਲਿਤ ਵਰਗ ਉਪਰਲੇ ਵਰਗ ਦਾ ਗੁਲਾਮ ਹੁੰਦਾ ਜਾ ਰਿਹਾ ਹੈ। ਇਸ ਮੌਕੇ ਸਾਧਨ ਸੰਪੰਨ ਧਿਰਾਂ ਵਿਚਲੀ ਜਾਤੀ ਹਉਂ ਤੇ ਆਰਥਿਕ ਸੱਤਾ,ਜਬਰ ਤੇ ਹਵਸ ਵਿਚ ਤਬਦੀਲ ਹੋ ਕੇ ਇਕ ਖਾਸ ਕਿਸਮ ਦੀ ਮਾਨਸਿਕਤਾ ਦਾ ਰੂਪ ਧਾਰਨ ਕਰ ਲੈਂਦੀ ਹੈ ਜਿਸਨੇ ਪੰਜਾਬ ਦੇ ਪੇਂਡੂ ਪਰਿਵੇਸ਼ ਨੂੰ ਸਾਵਾਂ ਨਹੀਂ ਰਹਿਣ ਦਿੱਤਾ।ਪ੍ਰੇਮ ਗੋਰਖੀ ਉਨ੍ਹਾਂ ਸਥਿਤੀਆਂ ਦੀ ਪੇਸ਼ਕਾਰੀ ਕਰਨਾ ਚਾਹੁੰਦਾ ਹੈ ਜਿਨ੍ਹਾਂ ਨਾਲ ਧੌਂਸ,ਜਬਰ ਤੇ ਹਵਸ ਪੇਂਡੂ ਜੀਵਨ ਵਿਚ ਆਪਣੇ ਪੈਰ ਪਸਾਰ ਲੈਂਦੇ ਹਨ।ਪ੍ਰੇਮ ਗੋਰਖੀ ਦੀਆਂ ਇਨ੍ਹਾਂ ਗਲਪੀ ਰਚਨਾਵਾਂ ਵਿਚ ਪਿੰਡ ਦਾ ਹੈਂਕੜਬਾਜ਼ ਜ਼ਿੰਮੀਦਾਰ,ਬਲੈਕੀਏ ਤੇ ਦਸ ਨੰਬਰੀਏ,ਜ਼ਮੀਨ ਨੂੰ ਕਬਜਾਉਣ ਦੀ ਲਾਲਸਾ,ਵਿਭਚਾਰੀ ਕਿਰਦਾਰ ਵਾਲੇ ਸ਼ਾਹੂਕਾਰ,ਕੁਰੱਪਟ ਪੁਲਿਸ ਇਸ ਸਭ ਕੁਝ ਦੇ ਗਲਬੇ ਵਾਲੀਆਂ ਪਰਿਸਥੀਤੀਆਂ ਪੇਂਡੂ ਜੀਵਨ ਦੇ ਧੁਆਂਖੇ ਦ੍ਰਿਸ਼ ਦੀ ਤਸਵੀਰਕਸ਼ੀ ਕਰਦੀਆਂ ਹਨ।




ਪ੍ਰੇਮ ਗੋਰਖੀ ਦੀਆਂ ਇਹ ਤਿੰਨੋਂ ਗਲਪੀ ਰਚਨਾਵਾਂ 1988 ਦੇ ਵਿਚ ਦੋ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੁੰਦੀਆਂ ਹਨ।ਇਕ ਦਾ ਉਨਵਾਨ 'ਬੁੱਢੀ ਰਾਤ ਤੇ ਸੂਰਜ' ਹੈ ਤੇ ਦੂਜੀ ਦਾ 'ਵਣ-ਬੇਲਾ' ਹੈ।ਆਕਾਰ ਪੱਖੋਂ ਦੇਖਿਆ ਜਾਵੇ ਤਾਂ ਇਹ ਨਾਵਲ/ਨਾਵਲਿਟ 25 ਪੰਨਿਆਂ ਤੋਂ ਲੈ ਕੇ 70 ਪੰਨਿਆਂ ਤੱਕ ਫੈਲੇ ਹੋਏ ਹਨ।ਇਹ ਜਾਣਕਾਰੀ ਇਸ ਲਈ ਸਾਂਝੀ ਕੀਤੀ ਗਈ ਹੈ ਕਿ ਇਹ ਪੁਸਤਕਾਂ ਹੁਣ ਉਪਲਬਧ ਨਹੀਂ ਹਨ।ਖੋਜ ਅਧਿਐਨ ਨਾਲ ਸਬੰਧਤ ਵਿਦਿਆਰਥੀਆਂ ਨੂੰ ਇਨ੍ਹਾਂ ਦੀ ਪ੍ਰਾਪਤੀ ਕਿਸੇ ਪੁਰਾਣੀ ਲਾਇਬਰੇਰੀ ਵਿਚੋਂ ਹੀ ਹੋ ਸਕਦੀ ਹੈ।ਦੂਜੇ ਪਾਸੇ ਇਨ੍ਹਾਂ ਗਲਪੀ ਰਚਨਾਵਾਂ ਦੀ ਵਿਧਾ ਸਬੰਧੀ ਚਰਚਾ ਨਾਵਲ/ਨਾਵਲਿਟ ਮੰਨਣ ਵਿਚ ਲਟਕੀ ਹੋਈ ਹੈ ਭਾਵੇਂ ਪ੍ਰਕਾਸ਼ਨਾ ਵਿਚ ਇਨ੍ਹਾਂ ਨੂੰ ਨਾਵਲ ਹੀ ਲਿਖਿਆ ਗਿਆ ਹੈ ਪਰ ਆਕਾਰ ਦੇ ਲਿਹਾਜ਼ ਨਾਲ ਇਨ੍ਹਾਂ ਨੂੰ ਨਾਵਲਿਟ ਕਹਿ ਲਿਆ ਜਾਂਦਾ ਹੈ।ਹਾਲਾਂਕਿ ਸੀਮਤ ਆਕਾਰ ਨਾਵਲਿਟ ਦੀ ਪਛਾਣ ਦਾ ਗੌਲਣਯੋਗ ਲੱਛਣ ਨਹੀਂ ਹੈ।ਨਾਵਲਿਟ ਦੀ ਸਿਰਜਣਾ ਦਾ ਆਧਾਰ ਵਿਅਕਤੀਗਤ ਅਨੁਭਵ ਨੂੰ ਰੁਮਾਂਚਕਾਰੀ ਦ੍ਰਿਸ਼ਟੀ ਤੋਂ ਪੇਸ਼ ਕਰਨ ਦੀ ਰੁਚੀ,ਸਮੱਸਿਆਗਤ ਮਾਮਲੇ ਸਬੰਧੀ ਬਿਰਤਾਂਤਕਾਰ ਦੀ ਇਕਹਿਰੀ ਦ੍ਰਿਸ਼ਟੀ,ਪਾਤਰਾਂ ਦੀ ਸਿਰਜਣਕਾਰੀ ਦੇ ਸਮਾਜ-ਸਭਿਆਚਾਰ ਤੇ ਇਤਿਹਾਸਕ ਪਰਿਪੇਖ ਤੋਂ ਨਿਰਲੇਪਤਾ ਆਦਿ ਮਹੱਤਵਪੂਰਨ ਪੱਖ ਹਨ।ਦੇਖਿਆ ਜਾਵੇ ਤਾਂ ਲੇਖਕ ਦੀਆਂ ਇਹ ਕਿਰਤਾਂ ਉਪਰੋਕਤ ਤੱਤਾਂ ਦੀ ਗ੍ਰਿਫਤ ਦੀਆਂ ਸ਼ਿਕਾਰ ਨਹੀਂ ਹਨ।ਹੋਰ ਸਪਸ਼ਟਤਾ ਲਈ ਇਥੇ ਇਹ ਹਵਾਲਾ ਲਿਆ ਜਾ ਸਕਦਾ ਹੈ:

'ਬਹੁਤੀ ਵਾਰ ਨਾਵਲਿਟ ਦੀ ਸਿਰਜਣਾ ਦਾ ਆਧਾਰ ਵਿਅਕਤੀਗਤ ਅਨੁਭਵ ਹੁੰਦਾ ਹੈ ਅਤੇ

ਇਸਨੂੰ ਸਾਂਝੇ ਕਰਨ ਦੀ ਰੋਮਾਂਚਕਾਰੀ ਮਾਨਸਿਕ ਅਵਚੇਤਨੀ ਸਥਿਤੀ ਵਿਚੋਂ ਹੀ ਨਾਵਲਿਟ ਦੀ ਸਿਰਜਣਾ ਹੁੰਦੀ ਹੈ।ਨਾਵਲਿਟ ਵਿਚ ਬਿਰਤਾਂਤ ਵਕਤਾ ਆਮ ਤੌਰ ਤੇ ਕੇਂਦਰੀ ਪਾਤਰ ਰਾਹੀਂ ਬਿਰਤਾਂਤ ਸਿਰਜਦਾ ਹੈ।ਉਹ ਉਸੇ ਪਾਤਰ ਤੇ ਕੇਂਦਰਿਤ ਰਹਿ ਕੇ ਬਾਕੀ ਗੌਣ ਪਾਤਰਾਂ ਨੂੰ ਦਰਕਿਨਾਰ ਕਰ ਦਿੰਦਾ ਹੈ'।ਪਰੰਤੂ ਗੋਰਖੀ ਦੀਆਂ ਇਨ੍ਹਾਂ ਗਲਪੀ ਰਚਨਾਵਾਂ ਦੀ ਮਹੱਤਤਾ ਇਹ ਹੈ ਕਿ ਉਹ ਘਟਨਾਵੀ ਬਿਰਤਾਂਤ ਨੂੰ ਕੇਂਦਰੀ ਪਾਤਰ ਉਤੇ ਨਹੀਂ ਟਿਕਾਉਂਦਾ ਬਲਕਿ ਇਕੋ ਵਾਰੀ ਕਈ ਸਾਰੇ ਪਾਤਰ ਕਥਾਨਕ ਦਾ ਅਹਿਮ ਹਿੱਸਾ ਬਣਕੇ ਵਿਚਰਦੇ ਹਨ।ਇਸ ਕਰਕੇ ਇਨ੍ਹਾਂ ਰਚਨਾਵਾਂ ਵਿਚ ਕੁਝ ਥਾਵਾਂ ਤੇ ਕਿਸੇ ਇਕ ਮੁੱਖ ਪਾਤਰ ਦੀ ਕੇਂਦਰੀ ਹੈਸੀਅਤ ਵੀ ਧੁੰਦਲੀ ਰਹਿ ਜਾਂਦੀ ਹੈ।'ਵਣ ਬੇਲਾ'ਨਾਵਲ ਵਿਚ ਹੀ ਮੁੱਖ ਪਾਤਰ ਕਥਾਨਕ ਦੇ ਵੱਡੇ ਹਿੱਸੇ ਨੂੰ ਕਵਰ ਕਰਦਾ ਹੈ ਪਰ ਦੂਜੇ ਦੋਨਾਂ ਨਾਵਲਾਂ ਦਾ ਕਥਾਨਕ ਮੁੱਖ ਪਾਤਰਾਂ ਤੋਂ ਇਕ ਵਿੱਥ ਵੀ ਸਿਰਜ ਲੈਂਦਾ ਹੈ।ਇਸਦੇ ਬਾਵਜੂਦ ਇਕ ਗੱਲ ਗੌਲਣਵਾਲੀ ਹੈ ਕਿ ਇਨ੍ਹਾਂ ਰਚਨਾਵਾਂ ਵਿਚ ਗੋਰਖੀ ਨੇ ਆਪਣੇ ਅਨੁਭਵ ਨੂੰ ਰੁਮਾਂਚਕਾਰੀ ਤੇ ਸਨਸਨੀਖੇਜ਼ ਪੇਸ਼ਕਾਰੀ ਦੀ ਪਾਣ ਜ਼ਰੂਰ ਦਿੱਤੀ ਹੋਈ ਹੈ।ਜਿਵੇਂ 'ਬੁੱਢੀ ਰਾਤ ਤੇ ਸੂਰਜ'ਨਾਵਲ ਦਲਿਤ ਕੁੜੀ ਦੇ ਉਧਾਲੇ,ਬਲਾਤਕਾਰ ਤੇ ਵੇਚ-ਵੱਟਤ ਦੇ ਨਾਲ ਨਾਲ ਧਨਾਡ ਲੋਕਾਂ ਵੱਲੋਂ ਵਰਤੀ ਜਾਣ ਵਾਲੀ ਸਸਤੀ ਸ਼ੈਅ ਵਰਗੇ ਘਟਨਾਕ੍ਰਮ ਦੇ ਆਲੇ ਦੁਆਲੇ ਉਸਰਦਾ ਹੈ।ਇਸ ਨਾਵਲਿਟ ਦਾ ਵਸਤੂ ਯਥਾਰਥ ਉਧਾਲੇ ਤੇ ਬਲਾਤਕਾਰ ਵਰਗੀਆਂ ਸਨਸਨੀਖੇਜ਼ ਘਟਨਾਵਾਂ ਦੀ ਪੇਸ਼ਕਾਰੀ ਕਰਦਾ ਹੈ।ਭਾਵੇਂ ਸਮਕਾਲੀਨ ਪੰਜਾਬ ਦੇ ਪੇਂਡੂ ਪਰੀਦ੍ਰਿਸ਼ ਅੰਦਰ ਅਜਿਹੀਆਂ ਸਥਿਤੀਆਂ ਦਾ ਰੂਪਾਂਤਰਣ ਓਪਰਾ ਲੱਗਦਾ ਹੈ ਪਰ ਇਹ ਸਾਡੇ ਪੇਂਡੂ ਪਰਿਵੇਸ਼ ਦੇ ਉਸ ਦੌਰ ਦਾ ਸੱਚ ਬਿਆਨ ਕਰਦਾ ਹੈ ਜਦੋਂ ਆਜ਼ਾਦੀ ਤੋਂ ਬਾਅਦ ਭਾਰਤੀ ਸਮਾਜ ਦਾ ਨਵ ਨਿਰਮਾਣ ਸ਼ੁਰੂ ਹੁੰਦਾ ਹੈ।ਸਰਮਾਏਦਾਰੀ ਪ੍ਰਬੰਧ ਅਧੀਨ ਪ੍ਰਾਪਤ ਹੋਈ ਸਮਾਜੀ ਤੇ ਆਰਥਿਕ ਤਰੱਕੀ ਨੇ ਇਕ ਨਵੀਂ ਸੱਤਾਧਾਰੀ ਜਮਾਤ ਨੂੰ ਪੈਦਾ ਕੀਤਾ।ਜਿਸ ਵਿਚ ਪਿੰਡ ਦਾ ਧਨੀ ਕਿਸਾਨ ਤੇ ਸ਼ਹਿਰੀਆ ਸ਼ਾਹੂਕਾਰ ਇਕ ਨਵੀਂ ਲੋਟੂ ਧਿਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।ਇਨ੍ਹਾਂ ਸੱਤਾਆਸੀਨ ਧਿਰਾਂ ਵਾਸਤੇ ਦਲਿਤ ਵਰਗ ਸੇਵਾਦਾਰੀ ਤੇ ਅੱਯਾਸ਼ੀ ਵਾਸਤੇ ਸਭ ਤੋਂ ਸੌਖਿਆਂ ਵਰਤਿਆ ਜਾ ਸਕਣ ਵਾਲਾ ਮੋਹਰਾ ਬਣਦਾ ਹੈ।ਗਰੀਬੀ ਦੀ ਮਾਰ ਸਹਿੰਦਾ ਦਲਿਤ ਵਰਗ ਜੋ ਸਦੀਆਂ ਤੋਂ ਸ਼ੋਸ਼ਿਤ ਹੁੰਦਾ ਆ ਰਿਹਾ ਸੀ ਉਸ ਕੋਲ ਇਨ੍ਹਾਂ ਜ਼ੁਲਮਾਂ ਦਾ ਮੁਕਾਬਲਾ ਕਰਨ ਦੀ ਹਾਲੇ ਸਮਰੱਥਾ ਹੀ ਨਹੀਂ ਸੀ ਇਸੇ ਕਰਕੇ ਉਹ ਬੇਵੱਸ ਹੋ ਕੇ ਸਾਰਾ ਜਬਰ ਸਹਿੰਦਾ ਆ ਰਿਹਾ ਸੀ।ਲੇਖਕ ਗਰੀਬ ਦਲਿਤ ਸਮਾਜ ਦੀ ਇਸ ਮੂਕ ਵੇਦਨਾ ਨੂੰ ਸਾਹਿਤ ਦਾ ਹਿੱਸਾ ਬਣਾਉਣ ਵਾਸਤੇ ਯਤਨਸ਼ੀਲ ਹੈ।ਜਿਥੇ ਸੀਰੀ ਦੀ ਜਵਾਨ ਧੀਅ ਵੇਚ ਵੱਟਤ ਲਈ ਸੌਖਿਆਂ ਹੀ ਸ਼ਿਕਾਰ ਬਣਾ ਲਈ ਜਾਂਦੀ ਹੈ।ਉਸਦੇ ਉਧਾਲੇ ਵਿਚ ਵੀ ਉਸੇ ਜਾਤੀ ਦੇ ਲੋਕਾਂ ਨੂੰ ਵਰਤਿਆ ਗਿਆ ਹੈ ਜਿਨ੍ਹਾਂ ਨੇ ਆਪਣੀ ਜ਼ਮੀਰ,ਸੱਤਾਧਾਰੀ ਧਿਰ ਨੂੰ ਵੇਚ ਦਿੱਤੀ ਹੁੰਦੀ ਹੈ।ਇਸ ਘਟਨਾਕ੍ਰਮ ਵਿਚ ਪੀੜਤ ਕੁੜੀ ਨੂੰ ਬੇਵੱਸ,ਲਾਚਾਰ ਤੇ ਬੇਜ਼ੁਬਾਨ ਦਿਖਾਇਆ ਗਿਆ ਹੈ ਜਿਸਨੂੰ ਕਈ ਦਿਨ ਬਲਾਤਕਾਰ ਦਾ ਸ਼ਿਕਾਰ ਬਣਾ ਕੇ ਦਲਿਤ ਮੁੰਡੇ ਨਾਲ ਵਿਆਹ ਦਿੱਤਾ ਜਾਂਦਾ ਹੈ।ਇਸ ਨਾਵਲਿਟ ਵਿਚ ਗਤੀਸ਼ੀਲ ਘਟਨਾਵੀ ਬਿਰਤਾਂਤ ਉਸਰਦਾ ਹੈ ਜਿਸਦੀ ਅਗਲੀ ਕੜੀ ਪਰਤ ਦਰ ਪਰਤ ਦਲਿਤ ਪਰਿਵਾਰ ਦੇ ਸੰਕਟਾਂ ਨਾਲ ਜੁੜਦੀ ਜਾਂਦੀ ਹੈ ਉਧਾਲੇ ਦੇ ਪੁਲਿਸ ਕੇਸ ਵਿਚ ਫਸਾ ਦਿੱਤਾ ਗਿਆ ਇਹ ਟੱਬਰ ਕਰਜ਼ੇ ਦੀ ਮਾਰ ਹੇਠ ਫਿਰ ਸਰਦਾਰਾਂ ਦੀ ਅਧੀਨਗੀ ਹੇਠ ਆ ਜਾਂਦਾ ਹੈ ਜਿਥੇ ਜਵਾਨ ਕੁੜੀ ਘਰੇਲੂ ਨੌਕਰਾਣੀ ਬਣਕੇ ਕਰਜ਼ ਦੀ ਅਦਾਇਗੀ ਦਾ ਜ਼ਰੀਆ ਬਣਦੀ ਬਣਦੀ ਸਰਦਾਰਾਂ ਦੇ ਮੁੰਡੇ ਦੀ ਹਵਸ ਦਾ ਸ਼ਿਕਾਰ ਬਣਕੇ ਗਰਭਵਤੀ ਹੋ ਜਾਂਦੀ ਹੈ।ਇਥੇ ਵੀ ਪੈਸੇ ਦੀ ਜਿੱਤ ਹੁੰਦੀ ਹੈ ਤੇ ਕੁੜੀ ਨੂੰ ਛੇਤੀ ਤੋਂ ਛੇਤੀ ਕਿਸੇ ਗਰੀਬ ਘਰ ਦੇ ਮੁੰਡੇ ਨਾਲ ਤੋਰ ਦੇਣ ਦੀ ਜੁਗਤ ਬਣਾ ਲਈ ਜਾਂਦੀ ਹੈ।ਇੰਜ ਸ਼ੋਸ਼ਿਤ ਧਿਰ ਪਰਤ ਦਰ ਪਰਤ ਸ਼ੋਸ਼ਣ ਦੇ ਮੱਕੜ ਜਾਲ ਵਿਚ ਫਸਦੀ ਚਲੀ ਜਾਂਦੀ ਹੈ ਇਸਦੇ ਮੁਕਾਬਲੇ ਤੇ ਸ਼ੋਸ਼ਣਕਾਰੀ ਧਿਰ ਨੂੰ ਰਤਾ ਵੀ ਆਂਚ ਨਹੀਂ ਆਉਂਦੀ।

ਪੁਸਤਕ ਰੂਪ ਵਿਚ ਪ੍ਰਾਪਤ ਦੂਜਾ ਨਾਵਲ 'ਵਣ-ਬੇਲਾ'ਹੈ।ਇਸ ਵਿਚ ਵੀ ਪਿੰਡ ਦੇ ਸਮਾਜਿਕ ਤੇ ਸਭਿਆਚਾਰਕ ਦ੍ਰਿਸ਼ ਵਿਚੋਂ ਉਹ ਝਾਕੀ ਵਿਖਾਈ ਗਈ ਹੈ ਜਿਥੇ ਜ਼ਮੀਨ ਨੂੰ ਕਬਜਾਉਣ ਦੀ ਲਾਲਸਾ

ਆਪਣੇ ਸਕਿਆਂ ਨੂੰ ਵੀ ਨਹੀਂ ਬਖਸ਼ਦੀ।ਦਰਅਸਲ ਸਾਡੇ ਖੇਤੀਬਾੜੀ ਪ੍ਰਬੰਧ,ਜ਼ਮੀਨ ਦੀ ਮਾਲਕੀ ਨਾਲ ਪ੍ਰਾਪਤ ਹੋਣ ਵਾਲਾ ਸਮਾਜਿਕ ਰੁਤਬਾ ਤੇ ਉਸ ਰੁਤਬੇ ਨਾਲ ਪ੍ਰਾਪਤ ਹੋਣ ਵਾਲੀ ਸੱਤਾ ਨੇ ਜਬਰ ਜ਼ੁਲਮ ਤੇ ਸ਼ੋਸ਼ਣ ਦੇ ਨਵੇਂ ਆਯਾਮ ਪੈਦਾ ਕੀਤੇ।ਕਥਾਨਕ ਦਾ ਆਰੰਭ ਸਾਂਝੇ ਕਿਸਾਨੀ ਪਰਿਵਾਰ ਵਿਚ ਮਰ ਚੁੱਕੇ ਛੋਟੇ ਭਰਾ ਦੇ ਹਿੱਸੇ ਦੀ ਜ਼ਮੀਨ ਹਥਿਆਉਣ ਤੋਂ ਪੈਦਾ ਹੋਏ ਤਣਾਅ ਨਾਲ ਹੁੰਦਾ ਹੈ ਜਿਸਦਾ ਨਤੀਜਾ ਦਰਾਣੀ ਦੀ ਜਵਾਨ ਕੁੜੀ ਦਾ ਫਸਤਾ ਵੱਢਣ ਲਈ ਉਧਾਲਾ ਕਰਵਾ ਦਿਤਾ ਜਾਂਦਾ ਹੈ।ਜਬਰ ਜ਼ੁਲਮ ਸਹਿੰਦੀ ਇਹ ਕੁੜੀ ਸੁਭਾਗ ਵੱਸ ਬਚਦੀ ਹੋਈ ਨਾਰੀ ਨਿਕੇਤਨ ਪਹੁੰਚ ਜਾਂਦੀ ਹੈ ਜਿਥੇ ਉਸਨੂੰ ਉਸ ਆਸ਼ਰਮ ਦੇ ਮਾਲਕ ਜ਼ਿੰਮੀਦਾਰ ਹੱਥੋਂ ਵਾਰ ਵਾਰ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਹੈ।ਘਟਨਾਵੀ ਬਿਰਤਾਂਤ ਵਿਚ ਇਹ ਕੁੜੀ ਇਸ ਜਬਰ ਤੋਂ ਆਹਤ ਤਾਂ ਹੁੰਦੀ ਹੈ ਪਰ ਉਹ ਨਾਰੀ ਆਸ਼ਰਮ ਦੀ ਨੁਹਾਰ ਬਦਲਣ ਨੂੰ ਆਪਣਾ ਮਕਸਦ ਬਣਾ ਕੇ ਆਪਣੇ ਨਿੱਜ ਨਾਲ ਵਾਪਰ ਚੁੱਕੇ ਤੇ ਵਾਪਰ ਰਹੇ ਤਸ਼ੱਦਦ ਤੋਂ ਖਹਿੜਾ ਛੁਡਾਉਣ ਦਾ ਯਤਨ ਕਰਦੀ ਹੈ।ਦੂਜੇ ਪਾਸੇ ਉਸਦਾ ਨਿੱਕਾ ਭਰਾ ਜੋ ਉਸਦੀ ਭੂਆ ਦੇ ਘਰ ਪਲ ਰਿਹਾ ਹੁੰਦਾ ਹੈ ਵੀ ਉਡਾਰ ਹੋਇਆ ਸ਼ਹਿਰ ਵਿਚ ਜਾ ਪਹੁੰਚਦਾ ਹੈ ਜਿਥੇ ਉਹ ਭਟਕ ਕੇ ਜੁਆਰੀ ਕਿਸਮ ਦੇ ਬਦਮਾਸ਼ ਬੰਦੇ ਦੇ ਢਹੇ ਚੜ੍ਹ ਜਾਂਦਾ ਹੈ।ਉਹ ਡਰਾ-ਧਮਕਾ ਕੇ ਉਸਦਾ ਸਰੀਰਕ ਸ਼ੋਸ਼ਣ ਕਰਦਾ ਉਸਨੂੰ ਦੋ ਨੰਬਰ ਦੇ ਕੰਮਾਂ ਵਿਚ ਵਰਤਣਾ ਚਾਹੁੰਦਾ ਹੈ।ਕਿਸੇ ਤਰੀਕੇ ਬਚਕੇ ਉਹ ਉਸੇ ਪਿੰਡ ਜਾ ਪਹੁੰਚਦਾ ਹੈ ਜਿਥੇ ਨਾਰੀ ਨਿਕੇਤਨ ਵਿਚ ਉਸਦੀ ਭੈਣ ਰਹਿ ਰਹੀ ਹੁੰਦੀ ਹੈ।ਜ਼ਿੰਮੀਦਾਰ ਘਰ ਵਿਚ ਕੰਮ-ਧੰਦੇ ਕਰਦਾ ਉਹ ਸੀਰੀ ਹੋਣ ਦਾ ਸੰਤਾਪ ਹੰਢਾਉਂਦਾ ਹੈ।ਸਬੱਬੀਂ ਉਸਦਾ ਮਿਲਾਪ ਆਪਣੀ ਬੇਪਛਾਣ ਭੈਣ ਨਾਲ ਹੋ ਜਾਂਦਾ ਹੈ।ਮਨ ਹੀ ਮਨ ਉਹ ਉਸ ਕੁੜੀ ਨੂੰ ਚਾਹੁਣ ਲੱਗ ਜਾਂਦਾ ਹੈ। ਇਹ ਮੇਲ-ਮਿਲਾਪ ਕਮਿਊਨਿਟ ਵਿਚਾਰਧਾਰਾ ਨੂੰ ਪ੍ਰਣਾਏ ਮਾਸਟਰ ਤੇ ਉਸਦੀ ਘਰਵਾਲੀ ਦੇ ਯਤਨਾਂ ਨਾਲ ਹੁੰਦਾ ਹੈ ਜੋ ਉਸ ਵੇਲੇ ਸ਼ਹਿਰ ਵਿਚ ਦਿਹਾੜੀਦਾਰ ਕਾਮਿਆਂ ਦੇ ਸੰਘਰਸ਼ ਵਿਚ ਸਰਗਰਮ ਭੂਮਿਕਾ ਨਿਭਾ ਰਹੇ ਹੁੰਦੇ ਹਨ। ਇਸੇ ਦੀ ਬਦੌਲਤ ਇਨ੍ਹਾਂ ਭੈਣ-ਭਰਾਵਾਂ ਦੇ ਮਨ ਵਿਚ ਵੀ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਦੀ ਚੇਤਨਾ ਜਾਗਦੀ ਹੈ।ਅੰਤ ਵਿਚ ਇਨ੍ਹਾਂ ਦੋਵਾਂ ਭੈਣ-ਭਰਾਵਾਂ ਨੂੰ ਪਿੰਡ ਲੈ ਜਾ ਕੇ ਆਪਣੇ ਹੱਕ ਦਵਾ ਦੇਣ ਨਾਲ ਸਾਰਾ ਭੇਦ ਖੁੱਲਦਾ ਹੈ। ਇਸ ਤਰ੍ਹਾਂ ਇਸ ਰਚਨਾ ਨੂੰ ਲੇਖਕ ਇਕ ਸਨਸਨੀਖੇਜ਼ ਧਰਾਤਲ ਤੇ ਉਸਾਰਦਾ ਹੋਇਆ ਸੁਖਾਂਤਕ ਮੋੜ ਦੇ ਦਿੰਦਾ ਹੈ।


'ਤਿੱਤਰ ਖੰਭੀ ਜੂਹ'ਉਸਦਾ ਤੀਜਾ ਨਾਵਲ ਹੈ। ਇਸਦਾ ਕਥਾਨਕ ਵੀ ਪੇਂਡੂ ਜੀਵਨ ਦੇ ਸਮਾਜਿਕ ਵਿਰੋਧਾਂ ਤੇ ਟਕਰਾਵਾਂ ਵਾਲੀ ਸਮਾਜੀ ਬਣਤਰ ਦੀ ਤਰਜ਼ਮਾਨੀ ਕਰਦਾ ਹੈ। ਇਹ ਟਕਰਾ ਜਮਾਤੀ ਤੇ ਜਾਤੀਗਤ ਦੋਵਾਂ ਤਰ੍ਹਾਂ ਦਾ ਹੈ। ਜਿਥੇ ਜਮਾਤੀ ਵਿਰੋਧਾਂ ਵਿਚ ਦਲਿਤ ਕਾਮਿਆਂ ਦੇ ਸ਼ੋਸ਼ਣ ਨਾਲ ਜੁੜੇ ਸਰੋਕਾਰ ਪ੍ਰਤੱਖ ਰੂਪ ਵਿਚ ਦੇਖੇ ਜਾ ਸਕਦੇ ਹਨ ਉਥੇ ਜੱਟਾਂ ਜ਼ਿੰਮੀਦਾਰਾਂ ਦੇ ਹਉਮੈਮੂਲਕ ਟਕਰਾ ਵੀ ਪਏ ਹਨ ਜੋ ਇਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਮਾਨਸਿਕਤਾ ਵਾਲੇ ਹਨ। ਜਾਤੀਗਤ ਵਿਰੋਧਾਂ ਵਿਚ ਕੰਮੀਆਂ ਕਮੀਣਾਂ ਨੂੰ ਹਮੇਸ਼ਾ ਦਬੇਲ ਬਣਾ ਕੇ ਰੱਖਣ ਵਾਲੀ ਮਾਨਸਿਕਤਾ ਵਿਚ ਦੇਖੇ ਜਾ ਸਕਦੇ ਹਨ। ਇਹ ਨਾਵਲਿਟ ਅਜਿਹੀਆਂ ਸਥਿਤੀਆਂ ਦੀ ਉਸਾਰੀ ਕਰਦਾ ਹੈ। ਇਸਦਾ ਕੇਂਦਰੀ ਥੀਮ ਦਲਿਤ ਕਾਮੇ ਦੁਆਰਾ ਜਾਇਜ਼ ਦਿਹਾੜੀ ਦੀ ਮੰਗ ਦੇ ਵਿਰੋਧ ਵੱਜੋਂ ਕੀਤੀ ਗਈ ਕੁੱਟ ਮਾਰ ਨਾਲ ਸਬੰਧਤ ਹੈ। ਇਸੇ ਥੀਮ ਦੇ ਆਧਾਰ ਤੇ ਨਾਵਲਕਾਰ ਹੋਰ ਪਾਤਰਾਂ, ਘਟਨਾਵਾਂ ਤੇ ਸਥਿਤੀਆਂ ਦੀ ਸਿਰਜਣਾ ਕਰਦਾ ਹੈ। ਨਾਵਲੀ ਵਸਤੂ ਸਮੱਗਰੀ ਵਿਚ ਜੀਰੀ ਦੀ ਲਵਾਈ ਨੂੰ ਲੈ ਕੇ ਅਮਰ ਨਾਂ ਦਾ ਦਲਿਤ ਪਾਤਰ ਆਪਣੀ ਦਿਹਾੜੀ ਦੀ ਮੰਗ ਕਰਦਾ ਹੈ ਪਰ ਬਸੰਤ ਸਿੰਘ ਨਾਂ ਦੇ ਜ਼ਿੰਮੀਦਾਰ ਤੇ ਉਸਦੇ ਮੁੰਡੇ ਹੱਥੋਂ ਬੁਰੀ ਤਰ੍ਹਾਂ ਕੀਤੀ ਕੁੱਟ ਮਾਰ ਕਰਕੇ ਉਹ ਹਸਪਤਾਲ ਜਾ ਪਹੁੰਚਦਾ ਹੈ। ਦੂਜੇ ਪਾਸੇ ਪੁਲਿਸ ਕੇਸ ਤੋਂ ਬਚਣ ਲਈ ਨੇੜਲੇ ਕਸਬੇ ਵਿਚ ਰਹਿੰਦਾ ਸ਼ਾਹੂਕਾਰ ਨੰਦ ਲਾਲ ਇਸ ਤਰ੍ਹਾਂ ਦੇ ਜ਼ਿੰਮੀਦਾਰਾਂ ਦੀ ਪੁਸ਼ਤ ਪਨਾਹੀ ਕਰਕੇ ਆਪਣਾ ਕਾਰੋਬਾਰ ਚਲਾ ਰਿਹਾ ਹੈ। ਨਾਵਲ ਵਿਚ ਪੇਸ਼ ਅਜਿਹੀਆਂ ਸਥਿਤੀਆਂ ਸਾਡੇ ਪੰਜਾਬ ਦੇ ਪੇਂਡੂ ਜੀਵਨ ਦੀ ਤਲਖ ਹਕੀਕਤ ਦਾ ਰੂਪਾਂਤ੍ਰਣ ਕਰਦੀਆਂ ਹਨ। ਇਥੇ ਜ਼ਿੰਮੀਦਾਰ,ਸ਼ਾਹੂਕਾਰ ਤੇ ਪੁਲਿਸ ਦਾ ਇਕ ਨੈਕਸਸ ਹੈ।

ਜਿਸਨੇ ਲੰਮੇ ਸਮੇਂ ਪੰਜਾਬ ਦੇ ਸਮਾਜਿਕ ਵਾਤਾਵਰਨ ਨੂੰ ਵਿਗਾੜੀ ਰੱਖਿਆ। ਇਸ ਨਾਵਲਿਟ ਵਿਚ ਦਲਿਤ ਨੌਜਵਾਨ ਨਾਲ ਹੋਈ ਵਧੀਕੀ ਕੇਂਦਰ ਵਿਚ ਰਹਿੰਦੀ ਹੈ ਪਰ ਇਸ ਨੈਕਸਸ ਦਾ ਹੋਰ ਪਾਸਾਰ ਵਿਭਚਾਰੀ ਕਾਰਨਾਮਿਆਂ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਸ਼ਾਹੂਕਾਰ ਨੰਦ ਲਾਲ ਬੇਖੌਫ ਹੋ ਕੇ ਆਪਣੇ ਲੋੜਵੰਦ ਕਾਮਿਆਂ ਦੀਆਂ ਧੀਆਂ ਭੈਣਾਂ ਦੀ ਇੱਜਤ ਨੂੰ ਹੱਥ ਪਾਉਣ ਵਾਲੇ ਕਿਰਦਾਰ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਇਸ ਤਰ੍ਹਾਂ ਸ਼ਾਹੂਕਾਰਾਂ, ਬਲੈਕੀਆਂ, ਬਦਮਾਸ਼ਾਂ, ਜ਼ਿਮੀਦਾਰਾਂ ਤੇ ਪੁਲਿਸ ਦਾ ਨੈਕਸਸ ਇਸ ਨਾਵਲੀ ਕਥਾ ਦਾ ਉਪ ਅੰਗ ਬਣ ਕੇ ਪ੍ਰਸਤੁਤ ਹੁੰਦਾ ਹੈ।

ਉਪਰੋਕਤ ਤਿੰਨੋਂ ਗਲਪੀ ਟੈਕਸਟ ਦੀ ਸੰਰਚਨਾ ਦੇ ਕੁਝ ਸਾਂਝੇ ਸੂਤਰਾਂ ਦੀ ਪਛਾਣ ਕਰਨੀ ਵਾਜਬ ਹੋਵੇਗੀ ਤਾਂ ਜੋ ਲੇਖਕ ਦੇ ਸਿਰਜਣਾਤਮਕ ਸਰੋਕਾਰਾਂ ਅਤੇ ਰਚਨਾ ਦ੍ਰਿਸ਼ਟੀ ਨੂੰ ਜਾਣਿਆ ਜਾ ਸਕੇ। ਪ੍ਰੇਮ ਗੋਰਖੀ ਦੀਆਂ ਇਨ੍ਹਾਂ ਰਚਨਾਵਾਂ ਦਾ ਸਿਰਜਣਾਤਮਕ ਫੋਕਸ ਪੇਂਡੂ ਪਰੀਦ੍ਰਿਸ਼ ਵਿਚੋਂ ਉਨ੍ਹਾਂ ਸਥਿਤੀਆ ਨੂੰ ਸਾਹਮਣੇ ਲਿਆਉਣਾ ਹੈ ਜੋ ਰੋਮਾਂਟਿਕ ਤੇ ਆਦਰਸ਼ਵਾਦੀ ਧਾਰਾ ਦੇ ਬਿਲਕੁਲ ਉਲਟ ਪੇਂਡੂ ਸਮਾਜ ਦੀ ਮੁੱਖ-ਧਾਰਾ ਦੇ ਨੰਗੇ ਸੱਚ ਨੂੰ ਜਾਹਰ ਕਰਦੀਆਂ ਹਨ। ਇਸੇ ਕਰਕੇ ਉਹ ਕਿਧਰੇ ਵੀ ਆਦਰਸ਼ਵਾਦੀ ਕਿਰਦਾਰਾਂ ਨੂੰ ਕੇਂਦਰ ਵਿਚ ਨਹੀਂ ਰੱਖਦਾ। ਇਹੀ ਨਹੀਂ ਉਹ ਪੰਜਾਬੀ ਨਾਵਲ ਵਿਚ ਪ੍ਰਚਲਿਤ ਨਾਇਕਤਵ ਦੀ ਉਸਾਰੀ ਦੇ ਬਿੰਬ ਨੂੰ ਵੀ ਦਰਕਿਨਾਰ ਕਰ ਦਿੰਦਾ ਹੈ। ਇਸੇ ਤਰ੍ਹਾਂ ਉਹ ਪੰਜਾਬੀ ਨਾਵਲ ਵਿਚ ਪ੍ਰਚੱਲਤ ਤੇ ਪ੍ਰਵਾਨਤ ਰੋਮਾਂਟਿਕ ਪ੍ਰਗਤੀਵਾਦੀ ਧਾਰਾ ਦੇ ਭਾਵਨਾਤਮਿਕ ਜਗਤ ਦੀ ਉਸਾਰੀ ਕਰਨ ਤੋਂ ਵੀ ਪਾਸਾ ਵੱਟ ਕੇ ਚੱਲਦਾ ਹੈ। ਇਸ ਤਰ੍ਹਾਂ ਲੇਖਕ ਦੇ ਸਿਰਜਣਾਮਕ ਸਰੋਕਾਰਾਂ ਵਿਚ ਪੇਂਡੂ ਜੀਵਨ ਦੇ ਉਹ ਪਾਸਾਰ ਸਾਹਮਣੇ ਆਉਂਦੇ ਹਨ ਜੋ ਦਾਬੇ ਵਾਲੀ ਬਿਰਤੀ ਦੇ ਵਿਚੋਂ ਪੈਦਾ ਹੁੰਦੇ ਹਨ। ਇਹ ਦਾਬਾ ਦਲਿਤ ਮਨੁੱਖ ਦੇ ਨਾਲ ਨਾਲ ਲਾਚਾਰ ਔਰਤ ਦਾ ਸ਼ਿਕਾਰ ਅਸਾਨੀ ਨਾਲ ਕਰ ਲੈਂਦਾ ਹੈ। ਇਨ੍ਹਾਂ ਰਚਨਾਵਾਂ ਵਿਚ ਦਲਿਤ ਘਰਾਂ ਦੀ ਗੁਰਬਤ,ਕਾਮਿਆਂ ਦੀ ਹੱਡ ਭੰਨਵੀਂ ਮਿਹਨਤ ਤੇ ਦਲਿਤ ਔਰਤਾਂ ਦੇ ਸ਼ੋਸ਼ਣ ਨੂੰ ਪ੍ਰਸਤੁਤ ਕਰਨ ਵਾਲੇ ਗਲਪੀ ਵੇਰਵੇ ਗਤੀਮਾਨ ਰੁਖ ਵਿਚ ਸਾਕਾਰ ਹੁੰਦੇ ਹਨ।

ਪ੍ਰੇਮ ਗੋਰਖੀ ਦੀਆਂ ਇਨ੍ਹਾਂ ਗਲਪੀ ਰਚਨਾਵਾਂ ਦਾ ਵਿਚਾਰਨਯੋਗ ਪਹਿਲੂ ਇਹ ਵੀ ਬਣਦਾ ਹੈ ਕਿ ਭਾਵੇਂ ਉਸਦੀ ਪਛਾਣ ਇਕ ਦਲਿਤ ਲੇਖਕ ਵੱਜੋਂ ਹੁੰਦੀ ਹੈ ਪਰ ਉਹ ਦਲਿਤ ਸਰੋਕਾਰਾਂ ਨੂੰ ਇਸਦੇ ਪ੍ਰਚੱਲਿਤ ਮੁਹਾਵਰੇ ਵਿਚ ਪ੍ਰਸਤੁਤ ਕਰਨ ਤੋਂ ਰਤਾ ਵਿੱਥ ਸਿਰਜ ਕੇ ਇਕ ਵੱਖਰਾ ਧਰਾਤਲ ਸਿਰਜਦਾ ਹੈ। ਭਾਵ ਕਿ ਉਹ ਜਾਤੀ ਸੰਸਕਾਰਾਂ ਦੁਆਰਾ ਪੈਦਾ ਕੀਤੀ ਸੁੱਚ-ਭਿੱਟ ਤੇ ਉਸਦੇ ਨਤੀਜੇ ਵੱਜੋਂ ਪੀੜਤ ਧਿਰ ਦੇ ਮਾਨਸਿਕ ਤਣਾਓ ਨੂੰ ਚਿਤਰਨ ਤੇ ਟੇਕ ਨਹੀਂ ਰੱਖਦਾ ਸਗੋਂ ਉਹ ਜਾਤੀ ਜਬਰ-ਜ਼ੁਲਮ ਦੇ ਸਥੂਲ ਵਰਤਾਰਿਆਂ ਤੇ ਟਿਕੇ ਰਹਿਣਾ ਚਾਹੁੰਦਾ ਹੈ। ਜਿਥੇ ਦਲਿਤ ਮਾਮਲਿਆਂ ਵਿਚ 'ਡਾਢੇ ਦਾ ਸੱਤੀਂ ਵੀਹੀਂ ਸੌ' ਹੁੰਦਾ ਹੈ। ਉਹ ਉਨ੍ਹਾਂ ਦੀਆਂ ਬਹੂ ਬੇਟੀਆਂ ਦੀ ਇੱਜ਼ਤ ਨੂੰ ਹੱਥ ਪਾਉਂਦੇ ਦਿਖਾਏ ਗਏ ਹਨ। ਉਹ ਆਪਣੇ ਹੱਕ ਲਈ ਲੜਦੇ ਦਲਿਤ ਨੌਜਵਾਨ ਨੂੰ ਬੁਰੀ ਤਰ੍ਹਾਂ ਕੁੱਟ ਮਾਰ ਕੇ ਆਪਣੀ ਔਕਾਤ ਵਿਚ ਰਹਿਣ ਦਾ ਸਬਕ ਸਿਖਾਉਣਾ ਚਾਹੁੰਦੇ ਹਨ। ਦਲਿਤ ਸ਼ੋਸ਼ਣ ਦੇ ਅਜਿਹੇ ਗਲਪੀ ਵੇਰਵੇ ਘਟਨਾਵੀ ਬਿਰਤਾਂਤ ਦੇ ਲਮਕਵੇਂ ਰੁਖ ਵਿਚ ਪੇਸ਼ ਹੋ ਕੇ ਸਥਿਤੀ ਦੀ ਵਿਕਰਾਲਤਾ ਨੂੰ ਪ੍ਰਸਤੁਤ ਕਰਦੇ ਹਨ। ਇਥੇ ਇਹ ਨੁਕਤਾ ਵੀ ਵਿਚਾਰਨਾ ਬਣਦਾ ਹੈ ਕਿ ਲੇਖਕ ਦੀ ਕਾਵਿ ਦ੍ਰਿਸ਼ਟੀ ਸਥਿਤੀਆਂ ਦੇ ਸਮਾਧਾਨ ਨੂੰ ਰੋਮਾਂਟਿਕ ਪ੍ਰਗਤੀਵਾਦੀ ਨੁਕਤਾ ਨਿਗਾਹ ਨਾਲ ਨਜਿੱਠਣ ਦੇ ਵਿਚ ਰੁਚੀ ਨਹੀਂ ਦਿਖਾਉਂਦੀ ਜਦਕਿ ਇਸ ਤਰ੍ਹਾਂ ਦੀ ਪੇਸ਼ਕਾਰੀ ਨਾਵਲੀ ਵਿਧਾ ਦੀ ਪਸੰਦੀਦਾ ਜੁਗਤ ਰਹੀ ਹੈ। ਸਾਡਾ ਮੰਨਣਾ ਹੈ ਕਿ ਲੇਖਕ ਜਾਤੀ ਤੇ ਜਮਾਤੀ ਵਿਤਕਰਿਆਂ ਦੀ ਲੜਾਈ ਵਿਚ ਕਿਸੇ ਕਿਸਮ ਦੇ ਵਾਦ ਦੇ ਪ੍ਰਭਾਵ ਤੋਂ ਵੀ ਮੁਕਤ ਰਹਿਣਾ ਚਾਹੁੰਦਾ ਹੈ ਤੇ ਆਪਣੀ ਲਿਖਤ ਨੂੰ ਉਸਦਾ ਇਕ ਜ਼ਰੀਆ ਨਹੀਂ ਬਣਾਉਣਾ ਚਾਹੁੰਦਾ। ਬਲਕਿ ਉਹ ਬਹੁਤੀਆਂ ਹਾਲਤਾਂ ਵਿਚ ਸ਼ੋਸ਼ਿਤ ਮਨੁੱਖ ਨੂੰ ਅੰਤਿਮ ਰੂਪ ਵਿਚ ਹਾਰਦੇ ਦਿਖਾਉਂਦਾ ਹੈ। ਇਨ੍ਹਾਂ ਗਲਪੀ ਰਚਨਾਵਾਂ ਵਿਚ ਉਸਨੇ ਦਲਿਤ ਚੇਤਨਾ ਨੂੰ ਦਲਿਤ ਮਨੁੱਖ ਦੀ ਠਾਹਰ ਨਹੀਂ ਬਣਨ ਦਿੱਤਾ। ਉਹ ਸਥਿਤੀਆਂ ਨੂੰ ਉਨ੍ਹਾਂ ਦੀ ਸੁਭਾਵਿਕਤਾ ਸਹਿਤ ਪੇਸ਼ ਕਰਨ ਨੂੰ ਤਰਜੀਹ ਦਿੰਦਾ ਹੈ। ਇਸੇ ਕਰਕੇ ਉਸਦੇ ਪੀੜਤ ਪਾਤਰ

ਆਪਣੀ ਹੈਸੀਅਤ ਤੋਂ ਪਾਰ ਨਹੀਂ ਜਾਂਦੇ ਬਲਕਿ ਉਹ ਆਪਣੀ ਛਟਪਟਾਹਟ ਤੋਂ ਬਾਅਦ ਸਥਿਤੀਆਂ ਦਾ ਜ਼ੁਲਮ ਸਹਿੰਦੇ,ਉਨ੍ਹਾਂ ਨੂੰ ਸਵੀਕਾਰ ਕਰਦੇ ਜਾਂਦੇ ਹਨ। ਇਥੇ ਲੇਖਕ ਜਗੀਰੂ ਮਾਨਸਿਕਤਾ ਦੀ ਦਬੇਲ ਬਣੀ ਔਰਤ ਦਾ ਬਿੰਬ ਵੀ ਪ੍ਰਸਤੁਤ ਕਰਦਾ ਹੈ ਜੋ ਆਪਣੇ ਪਤੀ ਦੀਆਂ ਵਿਭਚਾਰੀ ਰੁਚੀਆਂ ਨੂੰ ਦੇਖ ਕੇ ਵੀ ਅਣਡਿੱਠ ਕਰ ਦਿੰਦੀਆਂ ਹਨ। 'ਤਿੱਤਰ ਖੰਬੀ ਜੂਹ' ਵਿਚ ਨੰਦ ਲਾਲ ਸ਼ਾਹੂਕਾਰ ਦੀ ਘਰਵਾਲੀ 'ਸ਼ਾਂਤੀ' ਅਤੇ 'ਵਣ-ਬੇਲਾ' ਵਿਚ ਠੇਕੇਦਾਰ ਦੇ ਘਰੋਂ 'ਪ੍ਰੀਤਮ ਕੌਰ' ਪਿਤਰ-ਸੱਤਾ ਨੂੰ ਕਬੂਲ ਕਰਨ ਵਾਲੀ ਔਰਤ ਦੀ ਪ੍ਰਤੀਨਿੱਧਤਾ ਕਰਦੀਆਂ ਹਨ। ਇਥੇ ਇਹ ਨੁਕਤਾ ਵਿਚਾਰਨਯੋਗ ਹੈ ਕਿ ਲੇਖਕ ਕਿਸੇ ਪੂਰਵ-ਨਿਸ਼ਚਿਤ ਦ੍ਰਿਸ਼ਟੀਕੋਣ ਅਤੇ ਸਿੱਧੇ ਪ੍ਰਯੋਜਨੀ ਕਰਤੱਵ ਦਿਖਾਉਣ ਵਾਲੀ ਭਾਰੂ ਵਿਚਾਰਧਾਰਾ ਤੋਂ ਬੇਲਾਗ ਰਹਿਣ ਦਾ ਸਾਹਸ ਕਰਦਾ ਹੈ। ਇਸੇ ਕਰਕੇ ਉਹ ਸਮੱਸਿਆ ਦੇ ਰੁਮਾਂਚਕਾਰੀ ਸਮਾਧਾਨ ਪ੍ਰਤੀ ਰੁਚਿਤ ਨਹੀਂ ਹੁੰਦਾ। ਉਸਨੂੰ ਸ਼ਾਇਦ ਇਸ ਗੱਲ ਦਾ ਖਿਆਲ ਹੈ ਕਿ ਮਸਨੂਈ ਕ੍ਰਾਂਤੀ ਨਾਲੋਂ ਸਮੱਸਿਆ ਦੀ ਨਿਰਮਮ ਕਠੋਰਤਾ ਦੀ ਪੇਸ਼ਕਾਰੀ ਵੱਧ ਮੁੱਲਵਾਨ ਹੁੰਦੀ ਹੈ। ਦੂਜਾ ਇਹ ਵੀ ਹੈ ਕਿ ਜਿਸ ਪੀੜਤ ਧਿਰ ਚਾਹੇ ਉਹ ਦਲਿਤ ਹੋਵੇ ਤੇ ਚਾਹੇ ਸਾਧਨਹੀਣ ਔਰਤ ਹੋਵੇ ਤੇ ਚਾਹੇ ਉਹ ਪਿਤਰ-ਸੱਤਾ ਦੇ ਦਾਬੇ ਅਧੀਨ ਹੋਵੇ, ਉਹ ਉਸਦੀ ਸਥਿਤੀ ਤੋਂ ਭਲੀ ਭਾਂਤ ਜਾਣੂ ਹੈ। ਇਸੇ ਕਰਕੇ ਉਸਦੀ ਕਾਵਿ ਦ੍ਰਿਸ਼ਟੀ ਯਥਾਰਥ ਤੋਂ ਪਾਰ ਜਾਣ ਦੀ ਤਾਂਘ ਨਹੀਂ ਰੱਖਦੀ ਬਲਕਿ ਸਥਿਤੀਆਂ ਦੀ ਵਿਕਰਾਲਤਾ ਦਾ ਪ੍ਰਵਚਨ ਉਸਾਰਦੀ ਹੈ।




ਇਨ੍ਹਾਂ ਗਲਪੀ ਰਚਨਾਵਾਂ ਦੀ ਬਿਰਤਾਂਤਕਾਰੀ ਨੂੰ ਵਿਚਾਰਦਿਆਂ ਲੇਖਕ ਦਾ ਅਨੁਭਵ ਤੇ ਉਸਦੀ ਪੇਸ਼ਕਾਰੀ ਦੀ ਕਾਬਲੀਅਤ ਬਾਕਮਾਲ ਹੈ। ਉਸ ਕੋਲ ਵੰਨਸੁਵੰਨੇ ਪਾਤਰਾਂ ਦੀ ਚਿਤਰਕਾਰੀ ਲਈ ਜਿਥੇ ਪੇਂਡੂ ਜੀਵਨ ਦਾ ਡੂੰਘਾ ਗਿਆਨ ਤੇ ਅਨੁਭਵ ਹੈ ਉਥੇ ਪਾਤਰਾਂ ਦੇ ਅੰਤਰਮਨ ਨੂੰ ਦਿਖਾਉਣ ਦੀ ਵੀ ਕਲਾਕਾਰੀ ਹੈ। ਦ੍ਰਿਸ਼ ਸਿਰਜਣਾ,ਪਾਤਰਾਂ ਅਨੁਕੂਲ ਪੇਂਡੂ ਭਾਸ਼ਾਈ ਮੁਹਾਵਰਾ ਤੇ ਨਾਟਕੀ ਪ੍ਰਭਾਵ ਬਿਰਤਾਂਤ ਨੂੰ ਸੰਘਣਾ ਤੇ ਰੌਚਿਕ ਬਣਾਈ ਰੱਖਦੇ ਹਨ। 'ਵਣ-ਬੇਲਾ' ਵਿਚਲਾ ਇਹ ਦ੍ਰਿਸ਼ ਦੇਖੋ:

'ਰਾਤ ਢਾਲੇ ਪੈਂਦੀ ਜਾ ਰਹੀ ਸੀ। ਅੰਬਰ ਵਿਚ ਘੜੀ ਪਹਿਲਾਂ ਟਿਮਟਿਮਾ ਰਹੇ ਤਾਰਿਆਂ ਨੂੰ ਬੱਦਲ ਕੱਜਦੇ ਜਾ ਰਹੇ ਸਨ। ਖੱਬੇ ਹੱਥ ਸਕੂਲ ਦੀਆਂ ਬੋਹੜਾਂ ਉੱਪਰ ਮੋਰ ਕੂਕਿਆ ਤੇ ਉੱਲੂ ਦੁਹਾਈ ਮਚਾਉਂਦਾ ਟਿੱਬੀ ਵੱਲ ਉਡਿਆ। ਪਿੰਡੋਂ ਬਾਹਰ ਕਿਸੇ ਦੀ ਹਵੇਲੀ ਕੁੱਤਾ ਭੌਂਕਦਾ ਰੋਣ ਲੱਗ ਪੈਂਦਾ ਤੇ ਫੇਰ ਲੰਮੀਂ ਹੇਕੇ ਹਟਕੋਰੇ ਭਰਨ ਵਾਂਗ ਸਾਹ ਖਿੱਚਦਾ। ਹਵਾ ਹੋਰ ਤੇਜ਼ ਹੋ ਗਈ ਸੀ ਤੇ ਸੰਧੂਆਂ ਦੇ ਵਿਹੜੇ 'ਚ ਖੜੀ ਟਾਹਲੀ ਦੀਆਂ ਟਾਹਣੀਆਂ ਦੀ ਛੂਕਰ ਆਸ ਪਾਸ ਡਰ ਜਿਹਾ ਫੈਲਾ ਰਹੀ ਸੀ।'

ਕਥਾ-ਬਿਰਤਾਂਤ ਦੀ ਅਜਿਹੀ ਪੇਸ਼ਕਾਰੀ ਨਾਵਲੀ ਸਥਿਤੀਆਂ ਦੇ ਪ੍ਰਭਾਵ ਨੂੰ ਬੱਝਵਾਂ ਬਣਾਉਣ, ਘਟਨਾਵੀ ਪਿੱਠਭੂਮੀ ਨੂੰ ਦ੍ਰਿਸ਼ਮਾਨ ਕਰਕੇ ਪਾਠਕ ਦੀ ਆਪਣੀ ਸ਼ਮੂਲੀਅਤ ਦੇ ਨਾਲ ਨਾਲ ਗੰਭੀਰਤਾ ਤੇ ਰੌਚਿਕਤਾ ਨੂੰ ਬਰਕਰਾਰ ਰੱਖਦੀ ਹੈ। ਇਸ ਤਰ੍ਹਾਂ ਪ੍ਰੇਮ ਗੋਰਖੀ ਦੀਆਂ ਇਹ ਗਲਪੀ ਰਚਨਾਵਾਂ ਪੰਜਾਬ ਦੇ ਪੇਂਡੂ ਜੀਵਨ ਦੇ ਉਸ ਦ੍ਰਿਸ਼ ਦੀ ਸਿਰਜਣਾ ਕਰਦੀਆਂ ਹਨ ਜਿਸ ਵਿਚ ਪੂੰਜੀਵਾਦੀ ਜਗੀਰੂ ਰੁਚੀਆਂ ਦੇ ਪ੍ਰਵੇਸ਼ ਨਾਲ ਦਲਿਤ,ਔਰਤ ਤੇ ਸਾਧਨਹੀਣ ਧਿਰਾਂ ਦਾ ਮੂਕ ਸ਼ੋਸ਼ਣ ਭਰਵੇਂ ਰੂਪ ਵਿਚ ਦਿਖਾਈ ਦਿੰਦਾ ਹੈ।

(**ਸੰਪਰਕ-97817-82474**)

# 'ਬੁੱਢੀ ਰਾਤ ਤੇ ਸੂਰਜ' ਵਿੱਚ ਦਲਿਤ ਚੇਤਨਾ ਦੇ ਪਾਸਾਰ

**- ਡਾ. ਜੇ. ਬੀ. ਸੇਖੋਂ**

ਪ੍ਰੇਮ ਗੋਰਖੀ ਪੰਜਾਬੀ ਗਲਪ ਖੇਤਰ ਦਾ ਮਹੱਤਵਪੂਰਨ ਸਿਰਜਕ ਹੈ। ਉਹ ਆਪਣੀਆਂ ਰਚਨਾਵਾਂ ਵਿੱਚ ਭਾਰਤੀ ਸਮਾਜ ਦੇ ਜਾਤੀ ਜਮਾਤੀ ਪ੍ਰਬੰਧ ਅੰਦਰ ਨਪੀੜੇ ਵਰਗ ਦਾ ਬੁਲਾਰਾ ਬਣ ਕੇ ਪੇਸ਼ ਹੁੰਦਾ ਰਿਹਾ ਹੈ। ਉਸਦੀ ਵੱਡੀ ਪਛਾਣ ਤੀਜੇ ਪੜਾਅ ਦੀ ਕਹਾਣੀ ਵਿੱਚ ਦਲਿਤ ਸਰੋਕਾਰਾਂ ਨੂੰ ਫੋਕਸੀਕ੍ਰਿਤ ਕਰਨ ਵੱਜੋਂ ਹੈ ਪਰ ਉਹ ਆਪਣੀ ਸਵੈ ਜੀਵਨੀ **'ਗੈਰ ਹਾਜ਼ਰ ਆਦਮੀ'** ਸਮੇਤ ਆਪਣੇ ਨਾਵਲੈੱਟਾਂ ਦੁਆਰਾ ਵੀ ਪਾਠਕਾਂ ਵਿੱਚ ਮਕਬੂਲ ਰਿਹਾ ਹੈ। ਪ੍ਰੇਮ ਗੋਰਖੀ ਦੀਆਂ ਕਹਾਣੀਆਂ ਅਖੌਤੀ ਉੱਚ ਜਾਤੀ ਵਰਗ ਵੱਲੋਂ ਦਲਿਤ ਵਰਗ 'ਤੇ ਕੀਤੇ ਜਾਂਦੇ ਬਹੁਪਰਤੀ ਤਸ਼ੱਦਦ ਦਾ ਬਿਰਤਾਂਤ ਹਨ। ਇਹ ਕਹਾਣੀਆਂ ਖੇਤ ਮਜ਼ਦੂਰਾਂ, ਭੂਮੀਹੀਣ ਕਿਸਾਨਾਂ, ਦਿਹਾੜੀਦਾਰਾਂ ਅਤੇ ਸਮਾਜ ਦੇ ਅਮੀਰ ਤਬਕਿਆਂ 'ਤੇ ਆਸ਼ਰਿਤ ਵਰਗਾਂ ਦੇ ਕਰੂਰ ਯਥਾਰਥ ਦਾ ਭਿਆਨਕ ਪ੍ਰਗਟਾਵਾ ਹਨ। ਇਹ ਕ੍ਰਿਤਾਂ ਸਦੀਆਂ ਦੇ ਜ਼ਬਰ ਨੂੰ ਸਹਿੰਦੇ ਅਤੇ ਅਣਦਿਸਦੀ ਗੁਲਾਮੀ ਵਿੱਚੋਂ ਗੁਜ਼ਰਦੀ ਦਲਿਤ ਪੀੜਾ ਦੇ ਬਿਰਤਾਂਤ ਹਨ ਜਿਨ੍ਹਾਂ ਦਾ ਪਾਠ ਕਰਦਿਆਂ ਸਾਹਿਤ ਦੇ ਸਨਾਤਨੀ ਸੁਹਜ ਸ਼ਾਸਤਰ ਦੇ ਸਾਰੇ ਪ੍ਰਤਿਮਾਨ ਢਹਿ ਢੇਰੀ ਹੋ ਜਾਂਦੇ ਹਨ। ਪ੍ਰੇਮ ਗੋਰਖੀ ਕੋਲ ਜਿੱਥੇ ਦਲਿਤ ਹੋਣ ਥੀਣ ਦੀ ਨਿੱਜੀ ਪੀੜ ਤੇ ਕਸਕ ਸੀ ਉੱਥੇ ਹੀ ਉਸ ਕੋਲ ਭਾਰਤੀ ਸਮਾਜ ਦੇ ਬ੍ਰਾਹਮਣਵਾਦੀ ਤੇ ਸਾਮੰਤਵਾਦੀ ਪ੍ਰਬੰਧ ਅੰਦਰ ਜ਼ਲਾਲਤ ਦੀ ਜੂਨ ਭੋਗਦੇ ਦਲਿਤਾਂ ਦੀ ਸਮੂਹਿਕ ਹੋਣੀ ਦੇ ਦਸਤਾਵੇਜ਼ੀ ਪ੍ਰਵਚਨ ਸਨ ਜਿਹੜੇ ਉਸਦੇ ਗਲਪ ਸਾਹਿਤ ਦੀ ਕੇਂਦਰੀ ਧੁਨੀ ਬਣ ਕੇ ਪੇਸ਼ ਹੋਏ। ਗੋਰਖੀ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੋਂ ਆਪਣੀ ਬਿਰਤਾਂਤ ਯਾਤਰਾ ਸ਼ੁਰੂ ਕਰਦਾ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਤੱਕ ਦੇ ਗਲਪ ਇਤਿਹਾਸ ਵਿੱਚ ਬਰਾਬਰ ਨਿਭਦੇ ਰਹਿਣ ਵਾਲਾ ਲੇਖਕ ਹੋਇਆ ਹੈ। ਇਹ ਦੌਰ ਪੰਜਾਬ ਦੇ ਦਿਹਾਤੀ ਸਮਾਜ ਵਿੱਚ ਨਕਸਲਵਾੜੀ ਲਹਿਰ ਦੇ ਉਭਾਰ ਤੇ ਪਤਨ, ਹਰੀ ਕ੍ਰਾਂਤੀ ਤੋਂ ਪ੍ਰਭਾਵਿਤ ਖੇਤੀ ਅਰਥਚਾਰੇ, ਸਮਾਜਿਕ ਸਭਿਆਚਾਰਕ ਬਦਲਾਅ, ਪੰਜਾਬ ਸੰਕਟ, ਪਰਵਾਸ ਦੀ ਤਿੱਖੀ ਪ੍ਰਕਿਰਿਆ, ਵਿਸ਼ਵੀਕਰਨ ਤੇ ਕਾਰਪੋਰੇਟੀ ਵਿਕਾਸ ਮਾਡਲ ਦੀ ਚਕਾਚੌਂਧ ਤੱਕ ਪਸਰਿਆ ਹੈ। ਕਰੀਬ ਅੱਧੀ ਸਦੀ ਦਾ ਇਹ ਪੰਜਾਬ ਅਨੇਕਾਂ ਕਰਵਟਾਂ ਵਿੱਚੋਂ ਗੁਜ਼ਰਦਾ ਹੈ ਜਿਨ੍ਹਾਂ ਕਰਵਟਾਂ ਅੰਦਰ ਦਲਿਤ ਜਨ ਸਮੂਹ ਅਨੇਕਾਂ ਚੁਣੌਤੀਆਂ ਵਿੱਚ ਘਿਰਿਆ ਰਹਿੰਦਾ ਹੈ। ਇਸ ਦੌਰ ਵਿੱਚ ਖੇਤੀਬਾੜੀ ਦੇ ਮਸ਼ੀਨੀਕਰਨ ਨਾਲ ਜਿੱਥੇ ਖੇਤ ਮਜ਼ਦੂਰ ਪਿੰਡ ਦੀ ਇਕਾਈ ਤੋਂ ਖਾਰਜ ਹੋ ਕੇ ਸ਼ਹਿਰ ਵਿੱਚ ਮਜ਼ਦੂਰੀ ਕਰਕੇ ਆਪਣੀ ਉਪਜੀਵਕਾ ਕਮਾਉਣ ਦਾ ਸੁਪਨਾ ਰੱਖਦਾ ਹੈ ਉੱਥੇ ਹੀ ਸ਼ਹਿਰੀ ਖੇਤਰ ਵਿੱਚ ਵੱਖਰੀ ਅਲਹਿਦਗੀ ਦਾ ਸ਼ਿਕਾਰ ਰਹਿੰਦਾ ਹੈ। ਰਾਖਵੇਂਕਰਨ ਦੀ ਪ੍ਰਕਿਰਿਆ ਤਹਿਤ ਸਿੱਖਿਆ ਦੇ ਖੇਤਰ ਵਿੱਚ ਹੁਨਰਮੰਦ ਹੋ ਕੇ ਦਲਿਤ ਬੰਦਾ ਸਰਕਾਰੀ ਨੌਕਰੀਆਂ ਹਾਸਿਲ ਕਰਕੇ ਆਰਥਿਕ ਸੰਪੰਨਤਾ ਅਤੇ ਸਮਾਜਿਕ ਗੌਰਵ ਹਾਸਿਲ ਕਰਦਾ ਹੈ ਪਰ ਦਲਿਤ ਧਿਰਾਂ ਦੀ ਕਰੀਮੀ ਲੇਅਰ ਦੀ ਸਥਾਪਤੀ ਨਾਲ ਦਲਿਤਾਂ ਅੰਦਰ ਦਲਿਤ ਸਥਿਤੀ ਭੋਗਦੇ ਵਰਗ ਸਮਾਜ ਦੀ ਮੁੱਖ ਧਾਰਾ ਤੋਂ ਵਿਛੁੰਨੇ ਹੋ ਜਾਂਦੇ ਹਨ। ਦਲਿਤਾਂ ਦੀ ਸੱਤਾ ਵਿੱਚ ਭਾਈਵਾਲੀ ਦਾ ਸੁਪਨਾ ਪੈਦਾ ਕਰਨ ਵਾਲੀਆਂ ਰਾਜਸੀ ਧਿਰਾਂ ਦਾ ਅਵਸਰਵਾਦੀ ਰੁਝਾਨ ਦਲਿਤ ਸਮਾਜ ਦਾ 'ਆਪਣਿਆਂ' ਤੋਂ ਮਨ ਖੱਟਾ ਕਰਦਾ ਰਹਿੰਦਾ ਹੈ ਜਿਸ ਦਾ ਲਾਭ ਸਵਰਨ ਜਾਤੀ ਕੇਂਦਰਿਤ ਦੂਜੀਆਂ ਰਾਜਸੀ ਧਿਰਾਂ ਵਟੋਰਦੀਆਂ ਹਨ। ਇਸ ਤੋਂ ਇਲਾਵਾ ਵਿਸ਼ਵੀਕਰਨ ਦੇ ਦੌਰ ਦੀ ਸਮਾਜਿਕ ਉਥਲ ਪੁਥਲ ਤੱਕ ਦੇ ਵਸਤੂ ਵੇਰਵਿਆਂ ਸਮੇਤ ਪੰਜਾਬੀ ਸਾਹਿਤ ਖਾਸ ਕਰਕੇ ਨਾਵਲ ਅਤੇ ਕਹਾਣੀ ਅੰਦਰ ਦਲਿਤਾਂ ਦੇ ਸੰਤਾਪ ਦਾ ਦੁਖਾਂਤ ਬੋਧ ਅਨੇਕਾਂ ਸਮਰੱਥ ਕਥਾਕਾਰਾਂ ਨੇ ਪੇਸ਼ ਕੀਤਾ ਹੈ।

ਪ੍ਰੇਮ ਗੋਰਖੀ ਇਨ੍ਹਾਂ ਕਥਾਕਾਰਾਂ ਵਿੱਚੋਂ ਪ੍ਰਮੁੱਖ ਹੈ। ਉਸਦੀਆਂ ਲਿਖਤਾਂ ਪੰਜਾਬੀ ਸਮਾਜ ਅੰਦਰ ਦਲਿਤਾਂ ਦੀ ਸਮਾਜਿਕ ਸਥਿਤੀ ਦੀ ਬਦਲਦੀ ਤੋਰ ਦੀਆਂ ਲਖਾਇਕ ਹਨ। ਪ੍ਰੇਮ ਗੋਰਖੀ ਆਪਣੇ ਪਹਿਲੇ ਕਹਾਣੀ ਸੰਗ੍ਰਿਹ 'ਮਿੱਟੀ ਰੰਗੇ ਲੋਕ' (1974) ਵਿੱਚ ਤਤਕਾਲ ਦੀ ਨਕਸਲਵਾੜੀ ਲਹਿਰ ਦੇ ਪ੍ਰਭਾਵ ਅਧੀਨ ਹਥਿਆਰਬੰਦ ਕ੍ਰਾਂਤੀ ਦੁਆਰਾ ਸੱਤਾ ਤਬਦੀਲੀ ਦੇ ਥੀਮ ਨੂੰ ਭਾਸ਼ਣੀ ਸੁਰ ਵਿੱਚ ਪੇਸ਼ ਕਰਦਾ ਹੈ। 1982 ਵਿੱਚ ਆਏ ਦੂਜੇ ਕਹਾਣੀ ਸੰਗ੍ਰਿਹ 'ਜੀਣ ਮਰਨ' ਵਿੱਚ ਦਲਿਤ ਵਰਗ ਦੀ ਆਰਥਿਕ ਮੰਦਹਾਲੀ, ਉੱਚ ਵਰਗ ਦੇ ਲੋਕਾਂ ਦੀ ਧੱਕੇਸ਼ਾਹੀ ਸਮੇਤ ਜੁਝਾਰਵਾਦੀ ਲਹਿਰ ਦੇ ਪਤਨ ਅਤੇ ਮਾਨਵੀ ਕਿਰਤ ਦੇ ਮਸ਼ੀਨੀਕਰਨ ਵਿੱਚ ਵੱਟ ਜਾਣ ਤੋਂ ਪੈਦਾ ਸੰਤਾਪ ਉਭਰਦੇ ਹਨ। 'ਅਰਜਨ ਸਫੈਦੀ ਵਾਲਾ' (1983) ਅਤੇ ਧਰਤੀ ਪੁੱਤਰ (2002) ਵਿੱਚ ਗੋਰਖੀ ਮਿਹਨਤਕਸ਼ ਜਮਾਤਾਂ ਦੇ ਸ਼ੋਸ਼ਣ, ਦਲਿਤਾਂ ਪ੍ਰਤੀ ਉੱਚ ਜਾਤੀ ਵਰਗ ਦੀ ਜਗੀਰੂ ਮਾਨਸਿਕਤਾ, ਔਰਤਾਂ ਦੀ ਦੁਰਦਸ਼ਾ, ਬਾਬੂਸ਼ਾਹੀ ਸਭਿਆਚਾਰ ਸਮੇਤ ਜਾਤੀ ਜਮਾਤੀ ਸਮਾਜ ਦੀਆਂ ਵਿਸੰਗਤੀਆਂ ਨਾਲ ਭਿੜਨ ਲਈ ਸਿੱਖਿਆ ਦੁਆਰਾ ਸਸ਼ਕਤੀਕਰਨ ਹੋਣ, ਅੰਤਰਜਾਤੀ ਵਿਆਹ ਅਤੇ ਸਮਾਜਿਕ ਏਕਤਾ ਦੇ ਸੂਤਰ ਨੂੰ ਆਪਣੇ ਕਥਾ ਬੋਧ ਦਾ ਹਿੱਸਾ ਬਣਾਉਂਦਾ ਹੈ।2019 ਵਿੱਚ ਛਪੇ ਆਖਰੀ ਕਹਾਣੀ ਸੰਗ੍ਰਿਹ 'ਜਨਰੈਸ਼ਨ ਗੈਪ' ਵਿੱਚ ਪ੍ਰੇਮ ਗੋਰਖੀ ਦਲਿਤ ਧਿਰਾਂ ਦੇ ਸੰਘਰਸ਼, ਨਿਮਨ ਕਿਸਾਨੀ ਦੇ ਮਸਲਿਆਂ ਅਤੇ ਸ਼ਹਿਰ ਦੇ ਮੱਧਵਰਗੀ ਜੀਵਨ ਦੀਆਂ ਉਲਝਣਾਂ ਨੂੰ ਆਪਣੇ ਰਚਨਾਵਾਂ ਵਿੱਚ ਪੇਸ਼ ਕਰਦਾ ਹੈ। ਇੰਝ ਗੋਰਖੀ ਨੇ ਆਪਣੇ ਕਥਾ ਸਾਹਿਤ ਦੀ ਸ਼ਿਲਪਕਾਰੀ ਵਿੱਚ ਲਕੀਰੀ ਬਿਰਤਾਂਤਕਾਰੀ ਤੋਂ ਜਟਿਲ ਕਥਾਕਾਰੀ ਵੱਲ ਕਦਮ ਵਧਾਏ ਹਨ। ਉਹ ਚਿੱਟੇ ਕਾਲੇ ਪਾਤਰਾਂ ਦੀ ਸਤਹੀ ਪੇਸ਼ਕਾਰੀ ਤੋਂ ਲੈ ਕੇ ਬਹੁਭਾਂਤੇ ਮਨੋ ਭਾਵ ਰੱਖਦੇ ਰੰਗ ਬਰੰਗੇ ਪਾਤਰਾਂ ਦੀ ਪੇਸ਼ਕਾਰੀ ਕਰਦਾ ਆਪਣੇ ਕਥਾ ਸਾਹਿਤ ਨੂੰ ਤਰਦੀ ਤਰਦੀ ਵਿਚਾਰਧਾਰਕ ਸੇਧ ਨਾਲੋਂ ਸੰਵਾਦੀ ਲਹਿਜ਼ਾ ਦੇਣ ਵੱਲ ਤੁਰਦਾ ਹੈ। ਗੋਰਖੀ ਦੀ ਕਥਾ ਪਰੰਪਰਾ ਦੀ ਸਮੁੱਚੀ ਯਾਤਰਾ ਵਿੱਚ ਸਮਾਜਿਕ ਸਮਾਨਤਾ ਲਈ ਸੰਘਰਸ਼ ਦੀ ਧੁਨੀ ਕਦੇ ਖਾਰਜ ਨਹੀਂ ਹੁੰਦੀ। ਇਹ ਉਸਦੇ ਬਿਰਤਾਂਤ ਸਾਹਿਤ ਦੀ ਖੂਬੀ ਹੈ।




ਜਿਸ ਤਰ੍ਹਾਂ ਦਾ ਸਮਾਜਿਕ ਆਰਥਿਕ ਵਿਤਕਰਿਆਂ ਵਾਲਾ ਅਤੇ ਮਾਨਸਿਕ ਤਸ਼ੱਦਦ ਦੀ ਹੱਦ ਤੱਕ ਜਾਣ ਵਾਲਾ ਵਰਗੀ ਜੀਵਨ ਸਮਾਜ ਨੇ ਪ੍ਰੇਮ ਗੋਰਖੀ ਨੂੰ ਦਿੱਤਾ ਉਸਦਾ ਪ੍ਰਤਿਉੱਤਰ ਲੇਖਕ ਦੇ ਗਲਪ ਸਾਹਿਤ ਦੇ ਨਾਲ ਨਾਲ ਉਸਦੀ ਸਵੈ ਜੀਵਨੀ 'ਗੈਰ ਹਾਜ਼ਰ ਆਦਮੀ' (1992) ਵਿੱਚ ਮਿਲਦਾ ਹੈ। ਉਸਦੀ ਸਵੈ ਜੀਵਨੀ ਦਲਿਤ ਸਵੈ ਕਥਾ ਦੇ ਖੇਤਰ ਦਾ ਮਹੱਤਵਪੂਰਨ ਕਾਰਜ ਹੈ। ਕਿਉਂਕਿ ਲੰਮਾਂ ਸਮਾਂ ਦਲਿਤ ਲੇਖਕ ਆਪਣੇ ਜ਼ਲਾਲਤ ਭਰੇ ਜੀਵਨ ਪ੍ਰਤੀ ਸੰਕੋਚਵੀਂ ਅਤੇ ਝਿਜਕ ਭਰੀ ਦ੍ਰਿਸ਼ਟੀ ਰੱਖਦੇ ਰਹੇ ਜਿਸ ਕਰਕੇ ਦਲਿਤ ਜੀਵਨ ਅਤੇ ਦਲਿਤ ਸਵੈ ਜੀਵਨੀ ਦੀ ਵਿਧਾ ਦੇ ਖੇਤਰ ਵਿੱਚ ਮੁੱਢ ਤੋਂ ਹੀ

ਇਕ ਵਿੱਥ ਬਣੀ ਰਹੀ। ਪ੍ਰੇਮ ਗੋਰਖੀ ਵਰਗੇ ਲੇਖਕਾਂ ਨੇ ਇਸ ਵਿੱਥ ਨੂੰ ਪੂਰਨ ਦਾ ਉੱਦਮ ਕੀਤਾ ਹੈ।

ਇਸ ਤੋਂ ਇਲਾਵਾ ਆਪਣੇ ਨਾਵਲੈੱਟਾਂ **'ਵਣ ਮੇਲਾ', 'ਬੁੱਢੀ ਰਾਤ ਤੇ ਸੂਰਜ' ਅਤੇ 'ਤਿੱਤਰ ਖੰਭੀ ਜੂਹ'** ਦੁਆਰਾ ਪ੍ਰੇਮ ਗੋਰਖੀ ਨੇ ਦਿਹਾਤੀ ਸਮਾਜ ਦੇ ਚੀੜੇ ਜਾਤੀ ਵਿਹਾਰ ਦੀਆਂ ਹੋਰ ਪਰਤਾਂ ਉਜਾਗਰ ਕੀਤੀਆਂ ਹਨ। ਇਨ੍ਹਾਂ ਨਾਵਲੈੱਟਾਂ ਵਿੱਚ ਲੇਖਕ ਨੇ ਜਿੱਥੇ ਸਾਮੰਤਵਾਦੀ ਰਹਿੰਦ ਖੂੰਹਦ ਵਾਲੀ ਮਾਨਸਿਕਤਾ ਤੋਂ ਪੈਦਾ ਸਮਾਜਿਕ ਵਿਸ਼ਾਦ ਨੂੰ ਪੇਸ਼ ਕੀਤਾ ਹੈ ਉੱਥੇ ਹੀ ਦਲਿਤ ਜੀਵਨ ਦੀ ਅੰਦਰੂਨੀ ਟੁੱਟ ਭੱਜ, ਅਲਗਾਵ, ਬੇਗਾਨਗੀ ਅਤੇ ਦਮਿਤ ਚੇਤਨਾ ਨੂੰ ਰੂਪਮਾਨ ਕੀਤਾ ਹੈ। ਨਾਵਲੈੱਟ ਰੂਪਾਕਾਰ ਪੰਜਾਬੀ ਬਿਰਤਾਂਤਕਾਰੀ ਦੇ ਖੇਤਰ ਵਿੱਚ ਉੱਨਾ ਪ੍ਰਵਾਨ ਅਤੇ ਮਕਬੂਲ ਨਹੀਂ ਹੋ ਸਕਿਆ ਜਿੰਨਾ ਕਹਾਣੀ ਅਤੇ ਨਾਵਲ। ਪ੍ਰੇਮ ਗੋਰਖੀ ਨੇ ਨਾਵਲੈੱਟ ਵਰਗੇ ਅਣਗੌਲ੍ਹੀ ਬਿਰਤਾਂਤਕ ਵਿਧਾ ਨੂੰ ਆਪਣੇ ਮੌਲਿਕ ਅਨੁਭਵ ਦੇ ਪ੍ਰਗਟਾਵੇ ਦੇ ਰੂਪਾਕਾਰ ਵੱਜੋਂ ਚੁਣਿਆ ਅਤੇ ਪਾਠਕਾਂ ਵਿੱਚ ਚਰਚਿਤ ਰਹੇ।

ਗੋਰਖੀ ਦੇ ਹੋਰ ਨਾਵਲੈਟਾਂ ਤੋਂ ਇਲਾਵਾ **'ਬੁੱਢੀ ਰਾਤ ਤੇ ਸੂਰਜ'** (**ਪੁਸਤਕ 'ਤਿੱਤਰ ਖੰਭੀ ਜੂਹ' ਪ੍ਰਕਾਸ਼ਕ: ਸਵੇਰਾ ਪ੍ਰਕਾਸ਼ਨ, ਐਨ. ਐਫ. 134,ਅੰਦਰੂਨ ਮਾਈ ਹੀਰਾਂ ਗੇਟ, ਜਲੰਧਰ, ਸਾਲ: 1988, ਪੰਨੇ :152, ਮੁੱਲ: 60 /-**) ਉਨ੍ਹਾਂ ਦਾ ਚਰਚਿਤ ਨਾਵਲੈੱਟ ਹੈ। ਇਹ ਰਚਨਾ ਪੰਜਾਬ ਦੇ ਛੇਵੇਂ ਸੱਤਵੇਂ ਦਹਾਕੇ ਦੇ ਪੰਜਾਬੀ ਦਲਿਤ ਸਮਾਜ ਦੇ ਕਰੂਰ ਜੀਵਨ ਯਥਾਰਥ ਦਾ ਮਾਰਮਿਕ ਪ੍ਰਗਟਾਵਾ ਕਰਦੀ ਹੈ। ਨਾਵਲੈੱਟ ਵਿੱਚ ਧਨੀ ਕਿਸਾਨੀ ਅਤੇ ਸੀਰੀ ਜਮਾਤ ਦੇ ਦਿਸਦੇ 'ਨਿੱਘੇ' ਸਬੰਧਾਂ ਦੀ ਤਹਿ ਹੇਠ ਲੁਕੀ ਜਾਤੀ ਜਮਾਤੀ ਸਿਆਸਤ ਦੇ ਦੰਭੀ ਵਿਹਾਰ ਭਰਵੇਂ ਰੂਪ ਵਿੱਚ ਪੇਸ਼ ਹੋਏ ਹਨ। ਇਸ ਤੋਂ ਇਲਾਵਾ ਸੀਰੀ ਜਮਾਤ ਦਾ ਬੇਜ਼ਮੀਨੇ ਹੋਣ ਦਾ ਸੰਤਾਪ, ਦਲਿਤ ਔਰਤਾਂ ਦੀ ਦੁਰਦਸ਼ਾ, ਧਨੀ ਕਿਸਾਨੀ ਵਰਗ ਦਾ ਧੌਂਸਮੂਲਕ ਵਿਹਾਰ, ਜਗੀਰੂ ਮੁੱਲ ਪ੍ਰਬੰਧ ਵਿੱਚ ਅਖੌਤੀ ਜਾਤੀ ਹੀਣਤਾ ਭੋਗਦੇ ਲੋਕਾਂ ਦੇ ਦਮਿਤ ਜੀਵਨ ਨੂੰ ਲੇਖਕ ਨੇ ਯਥਾਰਥਵਾਦੀ ਦ੍ਰਿਸ਼ਟੀ ਵਿੱਚ ਪੇਸ਼ ਕੀਤਾ ਹੈ। ਪ੍ਰੇਮ ਗੋਰਖੀ ਕੋਲ ਪਿੰਡ ਦੀ ਸਮਾਜਿਕ ਸਭਿਆਚਾਰਕ ਇਕਾਈ ਦਾ ਗਹਿਰਾ ਅਨੁਭਵ ਹੈ। ਲੇਖਕ ਖੁਦ ਦਲਿਤ ਸ਼੍ਰੇਣੀ ਵਿੱਚੋਂ ਹੋਣ ਕਰਕੇ ਦਲਿਤ ਸਮਾਜ ਨਾਲ ਹੁੰਦੇ ਰਹੇ ਅਮਾਨਵੀ ਵਿਹਾਰ ਅਤੇ ਅਖੌਤੀ ਉੱਚ ਵਰਗੀ ਮਾਨਸਿਕਤਾ ਦੇ ਦਾਬੇ ਨੂੰ ਹੱਢੀਂ ਹੰਢਾਏ ਤਜਰਬੇ ਤਹਿਤ ਗ੍ਰਹਿਣ ਕਰਦਾ ਰਿਹਾ ਹੈ। ਪਿੰਡ ਦੇ ਸਾਧਨਹੀਣ ਦਲਿਤ ਵਰਗ ਜਿੱਥੇ ਜਾਤੀ ਹੀਣਤਾ ਦਾ ਸੰਤਾਪ ਭੋਗਦੇ ਅਛੂਤਾਂ ਵਾਲਾ ਜੀਵਨ ਹੰਢਾਉਂਦੇ ਹਨ ਉੱਥੇ ਹੀ ਬੇਜ਼ਮੀਨੇ ਖੇਤ ਮਜ਼ਦੂਰਾਂ ਵਾਲਾ ਦਰਦ ਹੰਢਾਉਂਦੇ ਦੋਹਰੇ ਸ਼ੋਸ਼ਣ ਦੇ ਸ਼ਿਕਾਰ ਰਹਿੰਦੇ ਹਨ। ਜਾਤੀ ਜਮਾਤੀ ਵਿਸੰਗਤੀਆਂ ਵਾਲੇ ਇਸ ਸਮਾਜ ਵਿੱਚ ਦਲਿਤ ਸੀਰੀ ਵਰਗ ਦੀ ਤਰਸਯੋਗ, ਦਮਿਤ ਅਤੇ ਹਾਸ਼ੀਅਤ ਹੋਂਦ ਉਨ੍ਹਾਂ ਨੂੰ ਮੁੱਖ ਧਾਰਾ ਸਮਾਜ ਤੋਂ ਅਲਹਿਦਾ ਤੇ ਬੇਗਾਨਾ ਬਣਾਈ ਰੱਖਦੀ ਹੈ।

ਪ੍ਰੇਮ ਗੋਰਖੀ ਦਾ ਨਾਵਲੈੱਟ 'ਬੁੱਢੀ ਰਾਤ ਤੇ ਸੂਰਜ' ਅਜਿਹੇ ਸੀਰੀ ਦਲਿਤ ਪਰਿਵਾਰ 'ਤੇ ਫੋਕਸੀਕ੍ਰਿਤ ਹੈ ਜਿਹੜਾ ਆਰਥਿਕ ਤੰਗੀਆਂ ਤੁਰਸ਼ੀਆਂ ਅਤੇ ਜਾਤੀਗਤ ਹੀਣ ਭਾਵਨਾ ਦੇ ਸਾਂਝੇ ਸੰਤਾਪ ਵਿੱਚੋਂ ਗੁਜ਼ਰਦਾ ਹਾਸ਼ੀਅਤ ਜ਼ਿੰਦਗੀ ਭੋਗਦਾ ਹੈ। ਨਾਵਲੈੱਟ ਵਿੱਚ ਬਰਕਤ ਤੇ ਪੁੰਨਾ ਦਲਿਤ ਦੰਪਤੀ ਜੋੜਾ ਹੈ। ਬਰਕਤ ਟਾਂਗਾ ਚਾਲਕ ਹੈ ਪਰ ਆਪਣੀਆਂ ਆਪਹੁਦਰੀਆਂ ਅਤੇ ਲੁੰਪਨੀ ਆਦਤਾਂ ਕਰਕੇ ਆਪਣੀ ਪਤਨੀ ਪੁੰਨਾ ਤੇ ਪੁੱਤਰ ਚਰਨੇ ਦੇ ਗੁੱਸੇ ਦਾ ਸ਼ਿਕਾਰ ਰਹਿੰਦਾ ਹੈ। ਨਾਵਲੈੱਟ ਦੇ ਆਰੰਭ ਵਿੱਚ ਬਰਕਤ ਆਪਣੇ ਯਾਰ ਭਾਗੂ ਨਾਲ ਹਮਸਲਾਹ ਹੋ ਕੇ ਕਿਸੇ ਬੇਸਹਾਰਾ ਗਰੀਬ ਕੁੜੀ ਨੂੰ ਉਧਾਲ ਲੈਂਦੇ ਹਨ। ਮਗਰੋਂ ਕੁੜੀ ਨਾਲ ਸਰੀਰਕ ਸਬੰਧ ਬਣਾ ਕੇ ਉਸਨੂੰ ਅੱਗੇ ਵੇਚਣ ਦੀ ਤਰਤੀਬ ਘੜਦੇ ਹਨ। ਰਚਨਾ ਦੇ ਬਿਰਤਾਂਤਕ ਵੇਰਵਿਆਂ ਦੀ ਇਹ ਮੁੱਢਲੀ ਸੂਚਨਾ ਪਾਠਕਾਂ ਅੰਦਰ ਅੱਗੇ ਜਾਣਨ ਦੀ ਉਤਸੁਕਤਾ ਪੈਦਾ ਕਰਦੀ ਹੈ। ਇਸ ਉਤਸੁਕਤਾ ਦੇ ਸਮਾਂਨਅੰਤਰ ਵਰਗੀ ਸਮਾਜ ਅੰਦਰ ਔਰਤਾਂ ਦੀ ਹੋਂਦ ਤੇ ਹੋਣੀ ਦੇ ਕਈ ਪਾਸਾਰ ਪੇਸ਼ ਹੋਣੇ ਸ਼ੁਰੂ ਹੋ ਜਾਂਦੇ ਹਨ। ਉਧਾਲੀ ਜਾ ਰਹੀ ਕੁੜੀ ਦਲਿਤ ਪਰਿਵਾਰ ਵਿੱਚੋਂ ਹੈ ਅਤੇ ਦਲਿਤ ਬੰਦਿਆਂ ਵੱਲੋਂ ਉਸ ਨਾਲ ਕੀਤੇ ਜਾਂਦੇ ਜਬਰ ਜਨਾਹ ਦੇ ਬਿਰਤਾਂਤਕੀ ਵੇਰਵੇ ਪਾਠਕਾਂ ਨੂੰ ਸਮਾਜਿਕ

ਬਣਤਰਾਂ ਦੇ ਦਿਸਦੇ ਵਰਤਾਰਿਆਂ ਤੋਂ ਪਿੱਛਲੇ ਘਿਣਾਉਣੇ ਸੰਸਾਰ 'ਤੇ ਝਾਤੀ ਪੁਆ ਦਿੰਦੇ ਹਨ। ਮਸਲਨ ਦਲਿਤ ਹੋਣਾ ਅਤੇ ਔਰਤ ਹੋਣਾ ਇਹ ਦੋਹਰਾ ਸੰਤਾਪ ਹੈ ਜੋ ਕਿ ਦਲਿਤ ਔਰਤਾਂ ਨੂੰ ਆਪਣੀ ਦੇਹ ਅਤੇ ਮਨ 'ਤੇ ਭੋਗਣਾ ਪੈਂਦਾ ਹੈ। ਬ੍ਰਾਹਮਣਵਾਦੀ ਪ੍ਰਬੰਧ ਅਤੇ ਸਾਮੰਤਵਾਦੀ ਵਿਵਸਥਾ ਦੇ ਦਮਨ ਦੇ ਨਾਲ ਨਾਲ ਦਲਿਤ ਔਰਤ ਮਰਦਾਵੇਂ ਪ੍ਰਬੰਧ ਵਾਲੀਆਂ ਸਮਾਜਿਕ ਬਣਤਰਾਂ ਵਿੱਚ ਵੀ ਨਪੀੜੀ ਜਾਂਦੀ ਹੈ। ਦਲਿਤ ਔਰਤ ਦਾ ਇਹ ਤੀਹਰਾ ਦੁਖਾਂਤ ਦਲਿਤ ਪੁਰਸ਼ ਤੋਂ ਭਿੰਨ ਹੀ ਨਹੀਂ ਸਗੋਂ ਜ਼ਿਆਦਾ ਗਹਿਰਾ ਹੈ। ਮਰਦਾਵੀਂ ਸੱਤਾ ਦੀ ਇਸ ਕਰੂਰਤਾ ਸਮੇਤ ਵਰਗੀ ਸਮਾਜ ਦੇ ਜਾਤੀਗਤ ਹੀਣ ਬੋਧ ਵਿੱਚ ਦਮਿਤ ਹੋਂਦ ਭੋਗਦੀ ਔਰਤ ਦੇ ਕਈ ਦ੍ਰਿਸ਼ ਪ੍ਰੇਮ ਗੋਰਖੀ ਦੇ ਇਸ ਨਾਵਲੈੱਟ ਦਾ ਹਿੱਸਾ ਬਣੇ ਹਨ। ਰਚਨਾ ਵਿੱਚ ਬਰਕਤ ਵੱਲੋਂ ਉਧਾਲੀ ਕੁੜੀ ਇਕ ਖ਼ਾਮੋਸ਼ ਤੇ ਮੂਕ ਪਾਤਰ ਦੇ ਤੌਰ 'ਤੇ ਪੇਸ਼ ਹੋਈ ਹੈ ਜਿਸਦੇ ਕਈ ਪ੍ਰਤੀਕਾਤਮਕ ਅਰਥ ਹਨ। ਉਕਤ ਕੁੜੀ ਨੂੰ ਇਕ ਵਸਤੂ ਵਾਂਗ ਵਰਤ ਕੇ ਅੱਗੇ ਵੇਚਣ ਦੀ ਯੋਜਨਾ ਜਿੱਥੇ ਆਜ਼ਾਦ ਭਾਰਤ ਵਿੱਚ ਮਨੁੱਖ ਦੀ ਸੁਤੰਤਰ ਹੋਂਦ 'ਤੇ ਵੱਡਾ ਸਵਾਲੀਆ ਨਿਸ਼ਾਨ ਲਾਉਂਦੀ ਹੈ ਉੱਥੇ ਹੀ ਪੁਰਸ਼ ਪ੍ਰਧਾਨ ਭਾਰਤੀ ਸਮਾਜ ਵਿੱਚ ਔਰਤ ਦੀ ਜਬਰ ਤੇ ਸਬਰ ਨਾਲ ਮੌਨ ਹੋਈ ਹੋਂਦ 'ਤੇ ਵੀ ਉਂਗਲ ਰੱਖਦੇ ਹਨ। ਲੇਖਕ ਨੇ ਦਲਿਤ ਔਰਤ ਦੀ ਹਾਸ਼ੀਅਤ ਸਥਿਤੀ ਦੇ ਹੋਰ ਵੀ ਕਈ ਪਾਸਾਰ ਇਸ ਨਾਵਲੈੱਟ ਵਿੱਚ ਪੇਸ਼ ਕੀਤੇ ਹਨ। ਬਰਕਤ ਦੀਆਂ ਐਸ਼ ਪ੍ਰਸਤੀਆਂ ਦਾ ਸੰਤਾਪ ਜਿੱਥੇ ਉਸਦਾ ਮਿਹਨਤਕਸ਼ ਪਰਿਵਾਰ ਭੁਗਤਦਾ ਹੈ ਉੱਥੇ ਹੀ ਉਸਦੀ ਪਤਨੀ ਪੁੰਨਾ ਅਤੇ ਦੋਵੇਂ ਧੀਆਂ ਨਾਰੀ ਦੀ ਦਮਿਤ ਸਥਿਤੀ ਦੇ ਵਾਹਕ ਬਣ ਕੇ ਪੇਸ਼ ਹੁੰਦੀਆਂ ਹਨ। ਪੁੰਨਾ ਆਪਣੇ ਪਤੀ ਬਰਕਤ ਤੋਂ ਪ੍ਰੇਸ਼ਾਨ ਹੁੰਦੀ ਘਰ ਦੀ ਸੰਸਥਾ ਨੂੰ 'ਬੰਨ੍ਹ' ਕੇ ਰੱਖਣ ਦੇ ਮੱਧਵਰਗੀ ਨੈਤਿਕ ਦਾਬੇ ਤਹਿਤ ਕਈ ਬੰਨ੍ਹ ਸੁੱਭ ਕਰਦੀ ਹੈ। ਬਰਕਤ ਅਤੇ ਉਸਦਾ ਦੋਸਤ ਭਾਗੂ ਉਧਾਲੀ ਕੁੜੀ ਨੂੰ ਘਰ ਲੈ ਆਉਂਦੇ ਹਨ ਅਤੇ ਕੁੜੀ ਦੇ ਮਾਪਿਆਂ ਦੀ ਸ਼ਿਕਾਇਤ 'ਤੇ ਪੁਲੀਸ ਉਨ੍ਹਾਂ ਨੂੰ ਘਰੋਂ ਗ੍ਰਿਫਤਾਰ ਕਰ ਲੈਂਦੀ ਹੈ। ਕੁੜੀ ਨੂੰ ਬਰਕਤ ਦੇ ਕਬਜ਼ੇ ਵਿੱਚੋਂ ਛੁਡਾ ਕੇ ਪੁਲੀਸ ਦੇ ਸਿਪਾਹੀ ਆਪਣੇ 'ਕਬਜ਼ੇ' ਵਿੱਚ ਕਰਦੇ ਕੁੜੀ ਦੀ 'ਪਿੱਠ 'ਤੇ ਹੱਥ ਫੇਰਦੇ ਮੁਸਕਰਾ ਕੇ ਕਹਿਦੇ ਹਨ ਕਿ 'ਊ ਤਾਂ ਪੱਠ ਐ ਅਜੇ. . . ਨਰਮ ਮਾਲ ਹੈ ਨਰਮ'[1] ਨਾਲ ਪਾਠਕਾਂ ਨੂੰ ਝੰਜੋੜ ਦਿੰਦੇ ਹਨ। ਇਸ ਤਰ੍ਹਾਂ ਸਾਧਨਹੀਣ ਜਮਾਤਾਂ ਵਿੱਚ ਔਰਤਾਂ ਦੇ ਦੂਹਰੇ ਤੀਹਰੇ ਸੰਤਾਪ ਦੀਆਂ ਅਨੇਕਾਂ ਪਰਤਾਂ ਬਿਰਤਾਂਤ ਦਾ ਹਿੱਸਾ ਬਣੀਆਂ ਹਨ। ਲੋਕਤੰਤਰਿਕ ਪ੍ਰਬੰਧ ਵਿੱਚ ਮਨੁੱਖ ਨੂੰ ਇਨਸਾਫ ਦੇਣ ਲਈ ਬਣੀਆਂ ਸੰਸਥਾਵਾਂ ਦਾ ਜਗੀਰੂ ਖਾਸਾ ਸਮਾਜ ਦੇ ਨਿਮਨ ਤਬਕਿਆਂ ਲਈ ਮੱਧਕਾਲ ਦੇ ਕਾਲੇ ਦੌਰ ਤੋਂ ਕਿਸੇ ਤਰ੍ਹਾਂ ਵੀ ਭਿੰਨ ਨਹੀਂ ਹੁੰਦਾ।

ਦਲਿਤ ਔਰਤਾਂ ਦੀਆਂ ਮਜ਼ਬੂਰੀਆਂ ਅਤੇ ਦਮਿਤ ਇੱਛਾਵਾਂ ਦੀ ਦੂਜੀ ਪਰਤ ਪੁੰਨਾ ਦੀ ਪਾਤਰ ਪੇਸ਼ਕਾਰੀ ਵਿੱਚ ਦਰਜ ਹੈ। ਉਹ ਘਰ ਦੇ ਗੁਜ਼ਾਰੇ ਲਈ ਪਿੰਡ ਦੀ ਧਨੀ ਕਿਸਾਨੀ ਨਾਲ ਜੁੜੇ ਜਾਗੀਰਦਾਰ ਪਰਿਵਾਰ ਦੀਆਂ ਨੂੰਹਾਂ ਦੀ ਤੀਮਾਰਦਾਰੀ ਲਈ ਆਪਣੀਆਂ ਦੋਵੇਂ ਧੀਆਂ ਸਰਨੀ ਅਤੇ ਬੰਸੋ ਨੂੰ ਭੇਜਦੀ ਹੈ ਪਰ ਸਰਦਾਰਾਂ ਦੇ ਘਰ ਵਿੱਚ ਬੰਸੋ ਅਤੇ ਸਰਨੀ ਆਪਣੀ ਪੱਤ ਗੁਆ ਕੇ ਗੁੰਮਨਾਮ ਜ਼ਿੰਦਗੀ ਦੇ ਰਾਹ ਪੈ ਜਾਂਦੀਆਂ ਹਨ। ਇੰਝ ਨਾਵਲੈੱਟ ਦੇ ਆਰੰਭ ਵਿੱਚ ਘਰ ਤੋਂ ਉਧਾਲੀ ਕੁੜੀ ਦੇ ਸੰਤਾਪ ਦਾ ਇਕ ਵੱਖਰਾ ਪਾਸਾਰ 'ਘਰ' ਦੀ ਸੰਸਥਾ ਅੰਦਰ ਨਪੀੜੀ ਜਾਂਦੀ ਪੁੰਨਾ ਦੀ ਮਾਨਸਿਕ ਸਮਾਜਿਕ ਸਥਿਤੀ ਅੰਦਰ ਪਿਆ ਮਿਲਦਾ ਹੈ। ਦੂਜੇ ਪਾਸੇ ਸਰਨੀ ਅਤੇ ਬੰਸੋ ਵਰਗੀਆਂ ਦਲਿਤ ਤੇ ਦਮਿਤ ਪਰਿਵਾਰ ਦੀਆਂ ਧੀਆਂ ਦਾ ਸਰਦਾਰਾਂ ਦੇ ਕਾਕਿਆਂ ਵੱਲੋਂ ਉਧਾਲੇ ਜਾਣਾ ਅਰਧ ਜਗੀਰੂ ਸਮਾਜ ਅੰਦਰ ਔਰਤ ਵਰਗ ਦੀ ਦੱਬੀ ਘੁੱਟੀ ਹੋਂਦ ਨੂੰ ਜਾਹਿਰ ਕਰਦਾ ਹੈ। ਇਸ ਪ੍ਰਸੰਗ ਵਿੱਚ ਜਗੀਰਦਾਰ ਪਰਿਵਾਰ ਦੀ ਬਜ਼ੁਰਗ ਔਰਤ ਸ਼ਿਮਲੇ ਵਾਲੀ ਬੇਬੇ ਦੀ ਭੂਮਿਕਾ ਮਰਦਾਵੀਂ ਸੱਤਾ ਨੂੰ ਹੋਰ ਪੱਕੇ ਪੈਰੀਂ ਕਰਦੀ ਹੈ। ਉਹ ਬਰਕਤ ਅਤੇ ਪੁੰਨਾ ਦੇ ਘਰ ਦੀਆਂ ਆਰਥਿਕ ਤੰਗੀਆਂ ਦਾ ਨਜਾਇਜ਼ ਫਾਇਦਾ ਚੁੱਕਦੀ ਸਰਨੀ ਅਤੇ ਬੰਸੋ ਨੂੰ ਆਪਣੀਆਂ ਨੂੰਹਾਂ ਦੀ ਤੀਮਾਰਦਾਰੀ ਲਈ ਪਟਿਆਲੇ ਭੇਜਣ ਵਾਸਤੇ ਉਕਤ ਪਰਿਵਾਰ ਨੂੰ 'ਮਾਲੀ ਮਦਦ' ਦੇ ਅਹਿਸਾਨ ਹੇਠਾਂ

ਦੱਬ ਦਿੰਦੀ ਹੈ। ਲੇਖਕ ਇਸ ਵਰਤਾਰੇ ਨੂੰ ਬੇਬੇ ਦੀਆਂ ਚੁੱਚੀਆਂ ਅੱਖਾਂ ਵਾਲੀ ਰਜਵਾੜਾਸ਼ਾਹੀ ਲਿਸ਼ਕ ਅਤੇ ਪੁੰਨਾ ਦੀਆਂ ਮਜ਼ਬੂਰ ਤੇ ਲਾਚਾਰ ਅੱਖਾਂ ਵਿਚਲੇ ਅਹਿਸਾਨਮੰਦੀ ਖੀਵੇਪਨ ਨਾਲ ਤੁਲਨਾ ਕੇ ਪੇਸ਼ ਕਰਦਾ ਹੈ।

" ਚੰਗਾ .. . .ਚੰਗਾ. . . ਚਰਨੇ ਨੂੰ ਮਨਾ ਲਈ . . .ਕੁਸ਼ ਨੀ ਹੋਣ ਲੱਗਾ . . .ਚਾਰ ਪੈਹੇ ਆਉਂਦੇ ਮਾੜੇ ਲਗਦੇ ਨੇ . . .ਲੈ ਫੜ ਨਾਲੇ" ਬੇਬੇ ਨੇ ਲੀੜੇ ਲੜੋਂ ਤਿੰਨ ਨੋਟ ਖੋਲ੍ਹ ਕੇ ਪੁੰਨਾ ਦੇ ਹੱਥ ਉਪਰ ਰੱਖ ਦਿੱਤੇ। ਹੱਥਾਂ ਵਿਚ ਫੜੇ ਨੋਟਾਂ ਨੂੰ ਦੇਖ ਕੇ ਪੁੰਨਾ ਦੀਆਂ ਅੱਖਾਂ ਵਿੱਚ ਲਿਸ਼ਕ ਪਸਰ ਨਿਕਲੀ। ਉਹਨੇ ਬੇਬੇ ਦੀਆਂ ਚੁੱਚੀਆਂ ਅੱਖਾਂ ਵਿੱਚ ਇਕ ਟੱਕ ਦੇਖਿਆ ਤੇ ਉਹਦੇ ਅੰਦਰ ਬੇਬੇ ਲਈ ਖੀਵਾ ਹੁੰਦਾ ਚਲਾ ਗਿਆ।[2]

ਰਜਵਾੜਾ ਵਰਗ ਨਿਮਨ ਸੀਰੀ ਵਰਗ ਨੂੰ ਮਾਮੂਲੀ ਉਜਰਤ ਦੇ ਕੇ ਵਗਾਰ ਕਰਾਉਣ ਦੇ ਸ਼ੋਸ਼ਣ ਨੂੰ ਆਪਣੀ ਅਖੌਤੀ ਉੱਚ ਮਾਨਸਿਕਤਾ ਵਾਲੇ ਤਰਕ ਨਾਲ ਨਜਿੱਠਦਾ ਹੈ। ਸ਼ਿਮਲੇ ਵਾਲੀ ਬੇਬੇ ਸਰਨੀ ਨੂੰ ਸ਼ਹਿਰ ਭੇਜਣ ਨੂੰ 'ਨਾਲੇ ਸ਼ਹਿਰ ਦੇਖ ਲੂ ਨਾਲੇ ਕੁਸ਼ ਅਕਲ ਆਜੂ'[3] ਵਰਗੇ ਅਖੌਤੀ ਉੱਚ ਮਾਨਸਿਕ ਅਵਚੇਤਨ ਦੇ ਕੋਣ ਤੋਂ ਸੰਬੋਧਿਤ ਕਰਦੀ ਹੈ। ਸਥਿਤੀਆਂ ਦੀ ਵਿਡੰਬਨਾ ਇਹ ਵਾਪਰਦੀ ਹੈ ਕਿ ਬੇਬੇ ਦੀ ਗਰਭਵਤੀ ਨੂੰਹ ਦੀ ਤੀਮਾਰਦਾਰੀ ਕਰਦਿਆਂ ਬੇਬੇ ਦਾ ਪੁੱਤਰ ਬੰਸੋ ਨਾਲ ਜਬਰੀ ਸਰੀਰਕ ਸਬੰਧ ਕਾਇਮ ਕਰਦਾ ਹੈ ਅਤੇ ਬੰਸੋ ਗੁੰਮਨਾਮ ਜ਼ਿੰਦਗੀ ਭੋਗਣ ਲਈ ਮਜ਼ਬੂਰ ਹੋ ਜਾਂਦੀ ਹੈ। ਬੰਸੋ ਨੂੰ ਕਈ ਮਹੀਨੇ ਆਪਣੇ ਪਰਿਵਾਰ ਨਾਲ ਮਿਲਣ ਨਹੀਂ ਦਿੱਤਾ ਜਾਂਦਾ ਅਤੇ ਉਲਟਾ ਉਸ 'ਤੇ ਸਰਦਾਰਾਂ ਦੇ 'ਕਾਕੇ' ਨੂੰ ਵਰਗਲਾਉਣ ਦਾ ਦੋਸ਼ ਲਾ ਦਿੱਤਾ ਜਾਂਦਾ ਹੈ। ਇਸ ਕਾਰੇ ਨੂੰ ਮੁੜ ਪੈਸਿਆਂ ਦੀ ਤੱਕੜੀ ਵਿੱਚ ਤੋਲ ਕੇ ਪੁੰਨਾ ਵੱਲ ਸੁੱਟਿਆ ਜਾਂਦਾ ਹੈ ਤਾਂ ਪੁੰਨਾ ਦਾ ਪੁੱਤਰ ਚਰਨਾ ਨਾਬਰ ਹੋ ਉੱਠਦਾ ਹੈ। ਨਾਵਲੈੱਟ ਅੰਦਰ ਚਰਨਾ ਪਾਤਰ ਲੇਖਕ ਦੀ ਵਿਚਾਰਧਾਰਾਈ ਦ੍ਰਿਸ਼ਟੀ ਦਾ ਵਾਹਕ ਬਣਦਾ ਹੈ ਜੋ ਕਿ ਰਜਵਾੜੇ ਪਰਿਵਾਰ ਦੀਆਂ ਵਧੀਕੀਆਂ ਨੂੰ ਬਰਦਾਸ਼ਤ ਨਹੀਂ ਕਰਦਾ। ਉਸਦੀਆਂ ਅੱਖਾਂ ਵਿੱਚ ਸ਼ਿਮਲੇ ਵਾਲੀ ਬੇਬੇ ਅਤੇ ਸਰਦਾਰਾਂ ਦੇ ਕਾਰੇ ਰੜਕਦੇ ਰਹਿੰਦੇ ਹਨ ਪਰ ਆਪਣੇ ਪਿਤਾ ਬਰਕਤ ਦੀਆਂ ਕਰਤੂਤਾਂ ਨਾਲ ਉਸਦੀ ਪਿੰਡ ਵਿੱਚ ਪੇਸ਼ ਨਹੀਂ ਜਾਂਦੀ। ਕੁੜੀ ਨੂੰ ਉਧਾਲਣ ਵਾਲੇ ਕੇਸ ਵਿੱਚ ਬਰਕਤ ਸਮੇਤ ਉਸ 'ਤੇ ਵੀ ਪਰਚਾ ਦਰਜ ਹੁੰਦਾ ਹੈ ਪਰ ਸ਼ਿਮਲੇ ਵਾਲੀ ਬੇਬੇ ਦੇ ਕਹਿਣ 'ਤੇ ਸਰਦਾਰ ਵੱਲੋਂ ਕੀਤੀ ਸਿਫਾਰਿਸ਼ ਨਾਲ ਉਹ ਬਰੀ ਹੋ ਜਾਂਦਾ ਹੈ। ਇਸ ਸ਼ਿਫਾਰਿਸ਼ ਦਾ ਕਰਜ਼ ਉਸਨੂੰ ਆਪਣੀਆਂ ਭੈਣਾਂ ਦੀ ਇੱਜ਼ਤ ਵੇਚ ਕੇ ਦੇਣਾ ਪੈਂਦਾ ਹੈ ਜੋ ਕਿ ਉਸਦੇ ਲਈ ਬਰਦਾਸ਼ਤ ਨਹੀਂ ਹੁੰਦਾ। ਪ੍ਰੇਮ ਗੋਰਖੀ ਦੇ ਕਥਾ ਜਗਤ ਦੇ ਹੋਰ ਨੌਜਵਾਨ ਪਾਤਰਾਂ ਵਾਂਗ ਉਹ ਰਜਵਾੜਾ ਸ਼ਾਹੀ ਵਿਵਸਥਾ ਨਾਲ ਜਗੀਰੂ ਟੱਕਰ ਦੇ ਰਾਹ ਪੈ ਜਾਂਦਾ ਹੈ। ਉਹ ਸੀਰੀ ਵਰਗ ਦੀਆਂ ਦੁਸ਼ਵਾਰੀਆਂ ਅਤੇ ਬੇਬਸੀ ਨੂੰ 'ਲਾਲਚ ਨੇ ਮਾਰ ਲਿਆ ਇਸ ਜਾਤ ਨੂੰ' ਅਤੇ ਜਗੀਰਦਾਰੀ ਜਮਾਤ ਦੀ ਧੌਂਸ ਨੂੰ 'ਰਜਵਾੜੇ ਹੋਣਗੇ ਆਪਣੇ ਘਰ'[4] ਦੇ ਨਾਬਰੀ ਭਰੇ ਸ਼ਬਦਾਂ ਨਾਲ ਸੰਬੋਧਨ ਕਰਦਾ ਹੈ। ਚਰਨਾ ਨਿਮਨ ਜਮਾਤ ਦਾ ਮਿਹਨਤੀ ਅਤੇ ਯਥਾਰਥਕ ਧਰਾਤਲ ਵਾਲਾ ਪਾਤਰ ਹੈ ਜਿਸਦੀ ਬਿਰਤਾਂਤ ਵਿੱਚ ਪੇਸ਼ਕਾਰੀ ਕਰਦਿਆਂ ਲੇਖਕ ਉਸਦੀ ਸੀਮਾ ਅਤੇ ਸਮਰੱਥਾ ਪਛਾਣਦਾ ਹੈ। ਚਰਨੇ ਨੂੰ ਕਿਸੇ ਤਰ੍ਹਾਂ ਦੀ ਰੁਮਾਂਸਿਕ ਉਲਾਰਤਾ ਵਿੱਚ ਪੇਸ਼ ਕਰਨ ਦੀ ਥਾਂ ਲੇਖਕ ਉਸਦੀ ਸਮਾਜ ਵਿੱਚ ਸਥਿਤੀ ਅਤੇ ਮਨੋ ਸਥਿਤੀ ਦੇ ਸੰਦਰਭ ਵਿੱਚ ਹੀ ਚਿਤਰਤ ਕਰਦਾ ਹੈ। ਨਾਵਲੈੱਟ ਦੇ ਅੰਤ ਵਿੱਚ ਜਦੋਂ ਸਰਦਾਰਾਂ ਦੇ ਪਰਿਵਾਰ ਵੱਲੋਂ ਉਸਦੀ ਗਰਭਵਤੀ ਭੈਣ ਦੇ ਉਛਲਦੇ ਮੁੱਦੇ ਦਾ ਮੂੰਹ ਬੰਦ ਕਰਨ ਲਈ ਪੈਸਿਆਂ ਦਾ ਲਾਲਚ ਦਿੱਤਾ ਜਾਂਦਾ ਹੈ ਤਾਂ ਚਰਨਾ ਅੱਗ ਬਬੂਲਾ ਹੋ ਜਾਂਦਾ ਹੈ। ਉਹ ਸਰਦਾਰ ਨੂੰ ਸਿੱਧੀ ਟੱਕਰ ਲਈ ਵੰਗਾਰਦਾ ਹੈ। ਨਾਵਲੈੱਟ ਦੇ ਅੰਤ ਵਿੱਚ ਸਰਦਾਰ ਅਤੇ ਚਰਨੇ ਦੀ ਸਿੱਧੀ ਟੱਕਰ ਨਾਲ ਜੁੜੇ ਬਿਰਤਾਂਤਕੀ ਵੇਰਵੇ ਦੋ ਜਮਾਤਾਂ ਦੀ ਟੱਕਰ ਦੇ ਵਾਹਕ ਬਣ ਜਾਂਦੇ ਹਨ, "ਆਹ ਪੈਹੇ ਸਾਨੂੰ ਖਰੀਦਣ ਨੂੰ ਭੇਜੇ ਆ . . .ਸਾਡੀ ਇੱਜ਼ਤ ਦਾ ਮੁੱਲ ਪਾਉਂਦੇ ਕੰਜਰਾ . . ." ਚਰਨੇ ਨੇ ਚੀਖਦਿਆਂ ਹੱਥ 'ਚ ਫੜੇ ਨੋਟ ਵਗਾਹ ਕੇ ਸਰਦਾਰ

ਦੇ ਪੈਰਾਂ ਵਿੱਚ ਮਾਰੇ।

" ਉਏ ਤੂੰ ਬੈਠ ਤਾਂ ਸਹੀ. . . ਬੈਠ ਤੇਰੇ ਨਾਲ ਗੱਲ ਕਰਾਂ . . . ਹਰਾਮਜ਼ਾਦੇ ਗੰਦ ਤੁਸੀਂ ਪਾਉਂਦੇ ਫਿਰੋ ਤੇ ਬਦਨਾਮ ਅਸੀਂ ਹੋਈਏ . . ." ਸਰਦਾਰ ਨੇ ਲਾਲ ਅੱਖਾਂ 'ਚੋਂ ਚਰਨੇ ਨੂੰ ਘੂਰਿਆ।

ਸੁਣ ਕੇ ਚਰਨੇ ਨੂੰ ਅੱਗ ਲੱਗ ਗਈ।"ਕੌਣ ਗੰਦ ਪਾਉਂਦਾ . . . ਦੱਸ ਪਹਿਲਾਂ . . ." ਕਹਿੰਦਾ ਹੋਇਆ ਚਰਨਾ ਸਰਦਾਰ ਨੂੰ ਹੱਥੀਂ ਜਾ ਪਿਆ।[5]

ਇਸ ਤਰ੍ਹਾਂ ਪ੍ਰੇਮ ਗੋਰਖੀ ਦਾ ਇਹ ਨਾਵਲੈੱਟ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਪੰਜਾਬੀ ਸਮਾਜ ਦੀਆਂ ਜਗੀਰੂ ਕਦਰਾਂ ਕੀਮਤਾਂ ਵਿੱਚ ਨਿਮਨ ਜਾਤੀ ਵਰਗ ਦੀਆਂ ਦੁਸ਼ਵਾਰੀਆਂ ਦੀ ਕਲਾਤਮਿਕ ਪੇਸ਼ਕਾਰੀ ਨਾਲ ਜੁੜਿਆ ਹੈ।ਉਤਪਾਦਨ ਦੇ ਵਾਧੂ ਸਾਧਨਾਂ 'ਤੇ ਕਾਬਜ਼ ਸ਼੍ਰੇਣੀ ਸਾਧਨਹੀਣ ਜਮਾਤਾਂ ਦਾ ਦਮਨ ਕਰਦੀ ਪੀੜ੍ਹੀ ਦਰ ਪੀੜ੍ਹੀ ਇਸ ਸੰਤਾਪ ਨੂੰ ਪੱਕੀ ਕਰਦੀ ਜਾਂਦੀ ਹੈ। ਜਾਤੀ ਅਤੇ ਜਮਾਤੀ ਵਿਤਕਰਿਆਂ ਦੀ ਮਾਰ ਹੇਠਾਂ ਆਉਂਦੇ ਇਸ ਵਰਗ ਵਿੱਚ ਔਰਤਾਂ ਦੀ ਸਥਿਤੀ ਹੋਰ ਦੁਖਾਂਤਕ ਹੋ ਜਾਂਦੀ ਹੈ ਜਿਸਦੇ ਅਨੇਕਾਂ ਬਿਰਤਾਂਤਕ ਵੇਰਵੇ ਇਸ ਰਚਨਾ ਵਿੱਚ ਪੇਸ਼ ਹੋਏ ਮਿਲਦੇ ਹਨ। ਸਮਾਜ ਦੀ ਮੁੱਖ ਧਾਰਾ ਤੋਂ ਅਲਹਿਦਗੀ ਅਤੇ ਬੇਗਾਨਗੀ ਭਰੀ ਦਲਿਤ ਹੋਣੀ ਬਿਰਤਾਂਤ ਦਾ ਕੇਂਦਰ ਬਣ ਕੇ ਉਭਰਦੀ ਹੈ। ਲੇਖਕ ਇਸ ਸਾਧਨਹੀਣ ਵਰਗ ਨੂੰ ਆਤਮ ਗਿਲਾਨੀ, ਅਪਰਾਧ ਬੋਧ ਅਤੇ ਹੀਣ ਭਾਵਨਾ ਵਿੱਚੋਂ ਕੱਢ ਕੇ ਆਤਮ ਸਨਮਾਨ ਅਤੇ ਗੌਰਵਸ਼ਾਲੀ ਜੀਵਨ ਧਾਰਾ ਨਾਲ ਜੁੜਨ ਦੀ ਗਲਪੀ ਦ੍ਰਿਸ਼ਟੀ ਦਾ ਸੰਚਾਰ ਕਰਦਾ ਹੈ।ਇਹ ਦ੍ਰਿਸ਼ਟੀ ਚਰਨੇ ਪਾਤਰ ਦੇ ਨਾਬਰ ਅਤੇ ਜੁਝਾਰੂ ਬਿੰਬ ਦੁਆਰਾ ਪ੍ਰਵਾਨ ਚੜ੍ਹਦੀ ਹੈ।ਪ੍ਰੇਮ ਗੋਰਖੀ ਦੀਆਂ ਲਿਖਤਾਂ ਵਿੱਚ ਹਾਸ਼ੀਅਤ ਧਿਰਾਂ ਦੀ ਬੇਗਾਨਗੀ ਨੂੰ ਬਿਰਤਾਂਤ ਦੇ ਰਵਾਇਤੀ ਸੁਹਜ ਦੀ ਥਾਂ ਬੇਚੈਨੀ ਭਰੇ ਤੇ 'ਕੁਹਜ' ਭਰੇ ਪ੍ਰਤਿਮਾਨਾਂ ਦੁਆਰਾ ਪੇਸ਼ ਕੀਤਾ ਮਿਲਦਾ ਹੈ।ਗੋਰਖੀ ਦੀਆਂ ਰਚਨਾਵਾਂ ਪੜ੍ਹਦਿਆਂ ਪਾਠਕ ਬਿਰਤਾਂਤ ਦੇ ਪਰੰਪਰਕ ਕਥਾ ਰਸ ਨੂੰ ਮਾਨਣ ਵਾਲੀ ਪਰੰਪਰਕ ਸੁਹਜ ਚੇਤਨਾ ਦੀ ਥਾਂ ਮਨੁੱਖ ਨੂੰ ਵਿਚਲਿਤ ਕਰਨ ਅਤੇ ਬੇਚੈਨ ਕਰਨ ਵਾਲੀ ਬਿਰਤਾਂਤਕਾਰੀ ਵਿੱਚੋਂ ਗੁਜ਼ਰਦਾ ਹੈ।ਦਲਿਤ ਅਨੁਭਵ ਦੀ ਸਟੀਕ ਪੇਸ਼ਕਾਰੀ ਕਰਦਿਆਂ ਉਹ ਦਲਿਤ ਸਮਾਜ ਨੂੰ ਨਾ ਤਰਸਯੋਗ ਸਥਿਤੀ ਵਿੱਚ ਚਿਤਰਦਾ ਹੈ ਅਤੇ ਨਾ ਹੀ ਅਖੌਤੀ ਕਿਸਮ ਦੇ ਸੰਘਰਸ਼ ਦੀ ਕੁਠਾਲੀ ਵਿੱਚ ਪਾ ਕੇ ਮਨਭਾਉਂਦੇ ਰੁਮਾਂਟਿਕ ਮੁਹਾਵਰੇ ਵਿੱਚ।ਉਹ ਦਲਿਤ ਸਮਾਜ ਪ੍ਰਤੀ ਉਲਾਰ ਭਾਵਨਾ ਦੀ ਥਾਂ ਸੰਤੁਲਿਤ ਤੇ ਸਾਵੀਂ ਪਹੁੰਚ ਰੱਖਦਾ ਹੈ ਜਿਸ ਤਹਿਤ ਦਲਿਤ ਸਮਾਜ ਦੇ ਕੁੰਠਿਤ ਵਿਹਾਰ ਅਤੇ ਲੁੰਪਨ ਮਾਨਸਿਕਤਾ ਸਮੇਤ ਤਮਾਮ ਮਾਨਸਿਕ ਗੰਢਾਂ ਵੀ ਉਸੇ ਸ਼ਿੱਦਤ ਨਾਲ ਪੇਸ਼ ਹੁੰਦੀਆਂ ਹਨ ਜਿਸ ਤਰ੍ਹਾਂ ਸਮਾਜ ਦੇ ਅਖੌਤੀ ਉੱਚ ਵਰਗ ਦੀ ਸਾਮੰਤਵਾਦੀ ਮਾਨਸਿਕਤਾ ਅਤੇ ਦਾਬੂ ਵਿਹਾਰ। ਇਹ ਨਾਵਲੈੱਟ ਬੇਜ਼ਮੀਨੇ ਖੇਤ ਮਜ਼ਦੂਰਾਂ, ਦਲਿਤ ਧਿਰਾਂ ਅਤੇ ਸਾਧਨਹੀਣ ਜਮਾਤਾਂ ਦੇ ਸਾਂਝੇ ਦਰਦ ਦੀ ਪੇਸ਼ਕਾਰੀ ਕਰਦਾ ਇਸ ਮਨੁੱਖ ਮਾਰੂ ਪ੍ਰਬੰਧ ਵਿਰੁੱਧ ਲੜਨ ਲਈ ਸੰਘਰਸ਼ ਦੀ ਵਿਚਾਰਧਾਰਕ ਧੁਨੀ ਨੂੰ ਸਪਲੀਮੈਂਟ ਕਰਦਾ ਹੈ। ਨਾਵਲੈੱਟ ਦੀਆਂ ਇਹ ਵਿਚਾਰਕ ਧੁਨੀਆਂ ਦਮਿਤ ਜੀਵਨ ਦੀਆਂ ਸ਼ਿਆਹ ਰਾਤਾਂ ਦੇ ਬੁੱਢੀਆਂ ਹੋ ਜਾਣ 'ਤੇ ਵੀ ਸੂਰਜ ਦੀ ਲਿਸ਼ਕ ਦੀ ਉਡੀਕ ਦਾ ਸੁਨੇਹਾ ਦਿੰਦੀਆਂ ਹਨ।(**ਸੰਪਰਕ- 84370 89769**)

**ਹਵਾਲੇ ਅਤੇ ਟਿੱਪਣੀਆਂ -**


1. ਪ੍ਰੇਮ ਗੋਰਖੀ, ਬੁੱਢੀ ਰਾਤ ਤੇ ਸੂਰਜ, ਸਵੇਰਾ ਪ੍ਰਕਾਸ਼ਨ, ਜਲੰਧਰ, 1986, ਪੰਨਾ 24
2. ਉਹੀ, ਪੰਨਾ 20
3. ਉਹੀ, ਪੰਨਾ 20
4. ਉਹੀ, ਪੰਨਾ 21
5, ਉਹੀ, ਪੰਨਾ 32

# ਵਿਵਰਜਤ ਰਿਸ਼ਤਿਆਂ ਦੀ ਦਵੰਦ ਕਥਾ

## (ਪ੍ਰੇਮ ਗੋਰਖੀ ਰਚਿਤ 'ਜੀਣ ਮਰਨ' ਦੇ ਪ੍ਰਸੰਗ 'ਚ)

## - ਡਾ. ਪਰਮਜੀਤ ਢੀਂਗਰਾ

ਜੈਵਿਕ ਪਖੋਂ ਔਰਤ ਤੇ ਪੁਰਸ਼ ਕੁਦਰਤ ਦੇ ਦੋ ਅਹਿਮ ਜੁੱਟ ਹਨ। ਦੋਹਾਂ ਦਾ ਕੁਦਰਤੀ ਰਿਸ਼ਤਾ ਨਰ ਤੇ ਮਾਦਾ ਦੀ ਚਾਲਕ ਸ਼ਕਤੀ ਵਿਚ ਬੱਝਿਆ ਹੋਇਆ ਹੈ। ਇਸ ਰਿਸ਼ਤੇ ਨਾਲ ਜੁੜੀ ਆਦ-ਕਾਲੀ ਮਿੱਥ ਐਡਮ ਤੇ ਈਵ ਉਨ੍ਹਾਂ ਦੇ ਜੈਵਿਕ ਰਿਸ਼ਤੇ ਦੇ ਨਾਲ ਨਾਲ ਲਿੰਗਕ ਪਾਸਾਰ ਦੀ ਗੱਲ ਵੀ ਕਰਦੀ ਹੈ। ਸ਼ੈਤਾਨ ਅਸਲ ਵਿਚ ਕਾਮ ਦੀ ਚਾਲਕ ਸ਼ਕਤੀ ਦਾ ਹੀ ਦੂਜਾ ਨਾਂ ਹੈ। ਇਸ ਨੇ ਔਰਤ ਨੂੰ ਵਰਜਿਤ ਫ਼ਲ ਖਾਣ ਲਈ ਉਕਸਾਇਆ। ਉਹ ਵਰਜਤ ਫ਼ਲ ਲਿੰਗਕ ਹੀ ਸੀ ਤੇ ਪਿੱਤਰੀ ਸੋਚ ਨੇ ਇਸਦਾ ਕਸੂਰ ਵੀ ਈਵ ਸਿਰ ਮੜ੍ਹ ਦਿੱਤਾ। ਏਸੇ ਕਰਕੇ ਸਦੀਆਂ ਤੋਂ ਚਲੀ ਆ ਰਹੀ ਇਹ ਬਹਿਸ ਲਿੰਗਕ ਰਿਸ਼ਤਿਆਂ ਤੇ ਪ੍ਰਮਾਣਤ ਰਿਸ਼ਤਿਆਂ ਤੋਂ ਬਾਹਰੀ ਕਾਮ ਸੰਬੰਧਾਂ 'ਤੇ ਟਿਕੀ ਹੋਈ ਹੈ।

ਰਿਸ਼ਤਾ ਪ੍ਰਣਾਲੀ ਦਾ ਅਰੰਭ ਕਬੀਲਾ ਸਮਾਜ ਵਿਚ ਬੱਝਦਾ ਹੈ। ਕਬੀਲੇ ਨੂੰ ਨੇਮਬੱਧ ਕਰਨ ਤੇ ਉਹਦੀਆਂ ਪ੍ਰਵਿਰਤੀਆਂ ਨੂੰ ਕਾਬੂ ਵਿਚ ਕਰਨ ਲਈ ਜ਼ਰੂਰੀ ਸੀ ਕਿ ਉਨ੍ਹਾਂ 'ਤੇ ਕੁਝ ਬੰਧੇਜ ਲਾਏ ਜਾਣ। ਸਭ ਤੋਂ ਵੱਡੀ ਕਾਮ ਇੱਛਾ ਸੀ ਹਾਲਾਂਕਿ ਇਸ ਤੋਂ ਵੀ ਪਹਿਲਾਂ ਭੋਜਨ ਅਥਵਾ ਭੁੱਖ ਸੀ। ਪਰ ਇਹ ਦੋਵੇਂ ਭੁੱਖਾਂ ਇਕ ਦੂਜੇ ਦੀਆਂ ਪੂਰਕ ਵੀ ਹਨ ਤੇ ਇਕ ਦੂਜੇ ਨਾਲ ਖਹਿੰਦੀਆਂ ਵੀ ਹਨ। ਦੋਹਾਂ ਦੀ ਮਹੱਤਤਾ ਮਨੁੱਖੀ ਸਮਾਜ ਵਿਚ ਬਰਾਬਰ ਹੈ। ਪ੍ਰਸਿੱਧ ਵਿਦਵਾਨ ਬਰਟਰਨਡ ਰੱਸਲ ਭੁੱਖ ਤੇ ਪਿਆਸ ਵਰਗੀਆਂ ਬੁਨਿਆਦੀ ਲੋੜਾਂ ਵਾਂਗ ਹੀ ਕਾਮ ਨੂੰ ਵੀ ਉਹਦੀ ਸੁਭਾਵਕ ਲੋੜ ਵਜੋਂ ਪਰਿਭਾਸ਼ਤ ਕਰਦਾ ਹੋਇਆ ਲਿਖਦਾ ਹੈ :

*'ਕਾਮ ਮਨੁੱਖ ਦੀ ਓਨੀ ਹੀ ਸੁਭਾਵਕ ਲੋੜ ਹੈ, ਜਿੰਨੀ ਭੁੱਖ ਤੇ ਤ੍ਰੇਹ। ਇਹ ਠੀਕ ਹੈ ਕਿ ਮਨੁੱਖ ਇਸ ਤੋਂ ਬਿਨਾ ਜਿੰਦਾ ਰਹਿ ਸਕਦਾ ਹੈ, ਜਦ ਕਿ ਰੋਟੀ ਤੇ ਪਾਣੀ ਤੋਂ ਬਿਨਾ ਨਹੀਂ ਪਰੰਤੂ ਮਨੋਵਿਗਿਆਨਕ ਪੱਖ ਤੋਂ ਦੇਖੀਏ ਤਾਂ ਕਾਮ ਵੀ ਭੁੱਖ ਅਤੇ ਤ੍ਰੇਹ ਵਰਗੀ ਹੀ ਲੋੜ ਹੈ। (ਮੈਸਿਜ ਐਂਡ ਮੌਰਲਜ਼-1976:186)*

ਇਸ ਤਰ੍ਹਾਂ ਸਰੀਰ ਦੀਆਂ ਦੋ ਭੁੱਖਾਂ ਨੂੰ ਇੰਜ ਵੀ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਕਿ ਇਕ ਭੁੱਖ ਜਿੰਦਾ ਰਹਿਣ ਲਈ ਅਵੱਸ਼ਕ ਲੋੜ ਹੈ ਜਦ ਕਿ ਦੂਜੀ ਇੱਛਾਧਾਰਕ ਹੈ। ਕਾਮ ਭੁੱਖ ਲਈ ਇੱਛਾ ਕੀਤੀ ਜਾ ਸਕਦੀ ਹੈ ਪਰ ਜੇ ਉਹ ਪੂਰੀ ਨਾ ਵੀ ਹੋਵੇ ਤਾਂ ਇਸ ਨਾਲ ਜ਼ਿੰਦਗੀ ਦੀ ਚਾਲਕ ਸ਼ਕਤੀ ਨੂੰ ਕੋਈ ਫਰਕ ਨਹੀਂ ਪੈਂਦਾ। ਇਸ ਦੀ ਇਕ ਹੋਰ ਵਿਆਖਿਆ ਕਰਦਿਆਂ ਡਾ. ਰਾਧਾ ਕਮਲ ਮੁਕਰਜੀ ਦਾ ਕਥਨ ਹੈ ਕਿ-

*'ਕਾਮ ਇੱਛਾ ਭੁੱਖ ਤੋਂ ਕਿਤੇ ਵੱਧ ਲਚਕਦਾਰ ਮਿਸ਼ਰਣ ਤੇ ਉਤਪਾਦ ਹੈ, ਜੇ ਭੁੱਖ ਭੌਤਿਕ ਕਾਢ ਦੀ ਮਾਂ ਹੈ ਤਾਂ ਕਾਮ, ਰਚਨਾਤਮਕ ਅਧਿਆਤਮਕਤਾ ਦੀ, ਕਿਉਂਕਿ ਕਾਮ ਇੱਛਾ ਭੁੱਖ ਤੋਂ ਵਧੇਰੇ ਅਤੀ ਸੂਖਮ ਅਤੇ ਵਿਸ਼ਿਸ਼ਟ ਹੈ। ਭੁੱਖ ਸੰਬੰਧੀ ਅਣ-ਉਚਿਤ ਵਿਹਾਰ ਬਿਮਾਰ ਸਿਹਤ ਵਿਚ ਵਾਧਾ ਕਰਦਾ ਹੈ ਤੇ ਕਾਮ ਇੱਛਾ ਪ੍ਰਤੀ ਅਣ-ਉਚਿਤ ਵਿਹਾਰ ਜ਼ਿੰਦਗੀ ਨੂੰ ਭੱਦਾ, ਭੈੜਾ ਤੇ ਹਨੇਰਮਈ ਬਣਾ ਦੇਂਦਾ ਹੈ। (ਦ ਹੌਰੀਜਨ ਆਫ ਮੈਰਿਜ਼: 1957:07)*

ਕਾਮ ਮਨੁੱਖ ਦੀ ਜਨਮ ਜਾਤ ਪ੍ਰਵਿਰਤੀ ਹੈ। ਸਿਗਮੰਡ ਫਰਾਇਡ ਇਸਨੂੰ 'ਲਿਬਿਡੋ' ਕਹਿੰਦਾ ਹੈ। ਮੁੱਢਲੇ ਕਾਲ ਵਿਚ ਇਹ ਅਮੋੜ ਸ਼ਕਤੀ ਦੇ ਰੂਪ ਵਿਚ ਸੀ ਪਰ ਹੌਲੀ ਹੌਲੀ ਮਨੁੱਖ ਨੇ ਇਸ ਨੂੰ ਸਭਿਆਚਾਰ ਦੇ ਅਧੀਨ ਲਿਆ ਕੇ ਇਸਦਾ ਸਮਾਜੀਕਰਨ ਕਰ ਦਿਤਾ। ਇਸ ਦੇ ਨਾਲ ਹੀ ਔਰਤ-ਪੁਰਸ਼ ਦੇ ਲਿੰਗਕ ਸੰਬੰਧਾਂ 'ਤੇ ਕੁਝ ਰੋਕਾਂ ਵੀ ਲਾ ਦਿਤੀਆਂ। ਇਸ ਦਾ ਵੱਡਾ ਕਾਰਨ ਇਹ ਸੀ ਕਿ ਮਨੁੱਖ ਨੇ ਆਪਣੇ ਆਪ ਨੂੰ ਪਸ਼ੂਤਾ ਤੋਂ ਨਿਖੇੜ ਲਿਆ ਸੀ। ਜੈਵਿਕ ਰਿਸ਼ਤਿਆਂ ਦੀ ਸਥਾਪਨਾ ਦੇ ਨਾਲ ਹੀ ਲਿੰਗਕ ਰਿਸ਼ਤੇ ਵੀ

ਸੀਮਤ ਕਰ ਦਿਤੇ ਗਏ। ਇਸਨੇ ਸਮਾਜ-ਸਭਿਆਚਾਰਕ ਪੱਧਰ 'ਤੇ ਮਨੁੱਖ ਨੂੰ ਇਕ ਅਜਿਹਾ ਜੀਵ ਬਣਾ ਦਿਤਾ ਜਿਸਨੇ ਕੁਦਰਤ ਤੇ ਸਮਾਜਕ ਰਿਸ਼ਤੇ ਵਿਚ ਤਵਾਜਨ ਲੈ ਆਉਂਦਾ।




ਇਸਦੇ ਨਾਲ ਹੀ ਸਮਾਜ ਵਿਚ ਨੈਤਿਕਤਾ ਦਾ ਸੰਕਲਪ ਪੈਦਾ ਹੋਇਆ। ਔਰਤ ਪੁਰਸ਼ ਦੇ ਇਸ ਰਿਸ਼ਤੇ ਨੂੰ ਨੈਤਿਕ ਅਨੈਤਿਕ ਭਾਸ਼ਾ ਰਾਹੀਂ ਨਿਖੇੜਿਆ ਵੀ ਗਿਆ ਤੇ ਇਸ ਦੀ ਅਮੋੜ ਇੱਛਾ 'ਤੇ ਕਈ ਤਰ੍ਹਾਂ ਦੀਆਂ ਰੋਕਾਂ ਵੀ ਲਾ ਦਿਤੀਆਂ ਗਈਆਂ, ਹਾਲਾਂਕਿ ਨੈਤਿਕਤਾ ਦਾ ਸਰੂਪ ਹਰ ਕਾਲ ਵਿਚ ਇਕੋ ਜਿਹਾ ਨਹੀਂ ਰਿਹਾ। ਇਹ ਸਮਾਜ ਦੀ ਦਵੰਦਤਾਮਕ ਸ਼ਕਤੀ ਰਾਹੀਂ ਪਰਿਭਾਸ਼ਤ ਹੁੰਦਾ ਰਿਹਾ ਹੈ। ਵੱਖ ਵੱਖ ਸਮਾਜਾਂ ਵਿਚ ਸਾਕੇ ਚਾਰੀ ਪ੍ਰਣਾਲੀ ਦੇ ਵੱਖਰੇ ਵੱਖਰੇ ਮਾਪਦੰਡ ਹਨ। ਇਨ੍ਹਾਂ ਨੂੰ ਭਾਸ਼ਕ ਇਕਾਈਆਂ ਵਾਂਗ ਗ੍ਰਹਿਣ ਕੀਤਾ ਗਿਆ ਹੈ। ਜੇ ਹੁਣ ਦੇ ਸਮਾਜਾਂ ਦੀ ਗੱਲ ਕਰੀਏ ਤਾਂ ਔਰਤ ਮਰਦ ਦੇ ਸੰਬੰਧਾਂ ਨੂੰ ਨਵੇਂ ਜਾਵੀਏ 'ਤੇ ਲਿਜਾ ਕੇ ਨਵੀਂ ਨੈਤਿਕਤਾ ਸਿਰਜੀ ਜਾ ਰਹੀ ਹੈ। ਜਿਵੇਂ ਜਿਵੇਂ ਰਿਸ਼ਤੇ ਭੰਜਕ ਹੋ ਰਹੇ ਹਨ ਸੰਬੰਧ ਵੀ ਬਦਲ ਰਹੇ ਹਨ। ਏਸ ਪ੍ਰਸੰਗ ਵਿਚ ਅਸੀਂ ਪ੍ਰੇਮ ਗੋਰਖੀ ਦੀਆਂ ਕੁਝ ਕਹਾਣੀਆਂ ਵਿਚਲੇ ਦਵੰਦਾਂ ਦੀ ਨਿਸ਼ਾਨਦੇਹੀ ਕਰਨ ਦਾ ਜਤਨ ਕਰਾਂਗੇ। ਇਹ ਕਹਾਣੀਆਂ **'ਜੀਣ ਮਰਨ'** (**ਪ੍ਰਕਾਸ਼ਕ: ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, ਸਾਲ: 1982, ਪੰਨੇ :166, ਮੁੱਲ: 20 /-**) ਪੁਸਤਕ ਵਿਚ ਦਰਜ ਹਨ।

1. **ਜੀਣ ਮਰਨ** : ਸਭ ਤੋਂ ਪਹਿਲਾਂ ਕਹਾਣੀ 'ਜੀਣ ਮਰਨ' ਹੀ ਲਈ ਜਾ ਸਕਦੀ ਹੈ। ਇਸ ਵਿਚ ਬੁਨਿਆਦੀ ਟੱਕਰ ਬਿਸ਼ਨੇ ਦੀ 'ਹਓ' ਵਿਚ ਪਈ ਹੈ। ਉਹਨੂੰ ਇਸ ਗੱਲ ਦਾ ਸ਼ੱਕ ਹੈ ਕਿ ਕਰਮੀ ਦੇ ਲੰਬੜ ਨਾਲ ਸੰਬੰਧ ਹਨ। ਜੇ ਆਰਥਕ ਪਖੋਂ ਦੇਖੀਏ ਤਾਂ ਬਿਸ਼ਨੇ ਤੇ ਲੰਬੜ ਦੀ ਬਰਾਬਰੀ ਨਹੀਂ। ਬਿਸ਼ਨੇ ਦਾ ਘੋੜਾ ਸ਼ੱਕ ਵਿਚੋਂ ਉਪਜੇ ਕਾਮ ਸੰਬੰਧਾਂ ਦਾ ਵਾਹਕ ਬਣਦਾ ਹੈ। ਜਦੋਂ ਐਨ ਅਖੀਰ 'ਤੇ ਬਿਸ਼ਨੇ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਹ ਕਰਮੀ 'ਤੇ ਐਵੇਂ ਹੀ ਸ਼ੱਕ ਕਰੀ ਗਿਆ ਜਦੋਂ ਕਿ ਉਹਦੇ ਲੰਬੜ ਨਾਲ ਕੋਈ ਸੰਬੰਧ ਨਹੀਂ ਸਨ। ਪਰ ਜਦੋਂ ਉਹਦਾ ਭਰਾ ਕਿਸ਼ਨ ਦਸਦਾ ਹੈ ਕਿ ਲੰਬੜ ਧੱਕੇ ਨਾਲ ਹੀ ਕਰਮੀ ਨੂੰ ਲੈ ਗਿਆ ਹੈ ਤਾਂ ਏਥੇ ਆ ਕੇ ਹੀ ਜੀਣ ਮਰਨ ਦਾ ਭੇਦ ਉਜਾਗਰ ਹੁੰਦਾ ਹੈ।

ਬਿਸ਼ਨਾ ਤੇ ਬੀਰੇ ਕਿਆਂ ਦਾ ਲੰਬੜ ਦੋਹਾਂ ਵਿਚ ਟਕਰਾ ਤਾਂ ਹੁੰਦਾ ਪਰ ਇਹ ਵਿਸਫੋਟਕ ਨਹੀਂ ਬਣਦਾ, ਕਹਾਣੀ ਦੇ ਅਰੰਭ ਵਿਚ ਹੀ ਜਦੋਂ ਬਿਸ਼ਨਾ ਘੋੜੇ ਨੂੰ ਅੰਦਰੋਂ ਖੋਲ੍ਹ ਕੇ ਫਿਰਨੀ ਕੰਢਲੇ ਤੂਤ ਦੇ ਮੁੱਢ ਬੰਨ੍ਹਣ ਲੱਗਦਾ ਹੈ ਤਾਂ ਪਿਛਾੜੀਓਂ ਆਈ ਅਵਾਜ਼ ਦੇ ਬੋਲ ਸੁਣ ਕੇ ਉਹਨੂੰ ਲੱਗਦਾ ਜਿਵੇਂ ਉਹਦੇ ਹੱਥ 'ਤੇ ਸਪੋਲੀਆ ਆ ਚੜ੍ਹਿਆ ਹੋਵੇ। ਇਹ ਉਹਦਾ ਸ਼ੱਕੀ ਮਾਨਸਿਕਤਾ ਦਾ ਬਿੰਬ ਹੈ ਜੋ ਲੰਬੜ ਦੇ ਰੂਪ ਵਿਚ ਉਹਦੀ ਹਓਂ ਨੂੰ ਡੰਗ ਰਿਹਾ ਹੈ। ਲੰਬੜ ਉਹਨੂੰ ਸ਼ਹਿਰ ਜਾਣ ਬਾਰੇ ਪੁਛਦਾ ਹੈ ਪਰ ਉਹ ਕਹਿੰਦਾ ਕਿ ਦਿਨ ਨਿਖਰੂ ਤਾਂ ਹੀ ਸ਼ਹਿਰ ਨੂੰ ਤੁਰੂੰ। ਉਹ ਲੰਬੜ ਨੂੰ ਪੂਰੀ ਤਰ੍ਹਾਂ ਵਾਚ ਰਿਹਾ। ਉਹਦੇ ਵੱਲ ਉਹਦੀ ਪਿੱਠ ਹੈ ਤੇ ਮੂੰਹ ਉਹਦਾ ਦਰਾਂ ਵੱਲ ਹੈ।

ਉਹ ਅਜੇ ਇਸੇ ਕਸ਼ਮਕਸ਼ 'ਚ ਹੈ ਜਦੋਂ ਲੰਬੜ ਉਹਨੂੰ ਹਵੇਲੀਓਂ ਡਰੰਮ ਤੇ ਬੋਰੀਆਂ ਲਿਜਾਉਣ ਲਈ ਕਹਿੰਦਾ ਹੈ। ਏਨੇ ਨੂੰ ਲੇਖਕ ਕਹਾਣੀ ਦੀ ਤੋਰ ਨੂੰ ਤਿੱਖਾ ਕਰਨ ਲਈ ਇਕ ਹੋਰ ਘਟਕ ਸਿਰਜਦਾ ਹੈ। ਬਿਸ਼ਨੇ ਦੀ ਬਹੂ ਕਰਮੀ ਘੋੜੇ ਦੀਆਂ ਐਨਕਾਂ ਤੇ ਹੋਰ ਸਾਜ਼ ਸਮਾਨ ਚੁਕੀ ਆਉਂਦੀ ਹੈ। ਉਹਨੇ ਪਹਿਲਾਂ ਤਾਂ

ਦੇਖਿਆ ਨਹੀਂ ਪਰ ਜਦੋਂ ਉਹ ਕੋਲ ਆ ਗਈ ਤਾਂ ਉਹ ਮੱਚ ਉਠਿਆ ਉਹ ਕਰਮੀ ਨੂੰ ਮੰਦਾ ਚੰਗਾ ਬੋਲਦਾ ਹੈ –

*'ਇਹ ਕਾਹਨੂੰ ਚੁੱਕੀ ਆਉਂਦੀ ਐਂ... ਤੇਰਾ ਲਗਦਾ ਝੜ ਤਾਂ ਹੋਇਆ ਪਿਆ... ਐਹੋ ਜੇ 'ਚ ਕੋਈ ਮਿਲ ਜੂ ਸੰਵਾਰੀ, ਲੋਕ ਤਾਂ ਘਰਾਂ 'ਚੋਂ ਨਹੀਂ ਨਿਕਲਦੇ, ਤੂੰ ਆਗੀ ਐਂ ਚੁੱਕ ਕੇ, ਰਖਦੇ ਲੈ ਜਾ ਕੇ'*

ਉਹਦੇ ਇਸ ਹਰਖੇਪਨ ਨੂੰ ਲੰਬੜ ਦਾ ਇਹ ਬੋਲ ਹੋਰ ਤਿੱਖਾ ਕਰਦਾ ਹੈ। ਐਵੇਂ ਨਾ ਘੂਰਿਆ ਕਰ, ਕੁੱਤੇ ਦਿਆ ਸੋਨਾ ਸਾਂਭੀ ਬੈਠੈਂ।'

ਲੰਬੜ ਦੀ ਗੱਲ ਉਹਨੂੰ ਜਿਵੇਂ ਚੀਰ ਕੇ ਦੁਫਾੜ ਕਰ ਗਈ। ਉਹ ਵੀ ਉਹਨੂੰ ਕਰਾਰੇ ਹੱਥੀਂ ਲੈਂਦਾ ਹੈ ਸਾਲਿਆ ਮੇਰੀ ਬਹੂ ਆ, ਚਾਹੇ ਘੂਰਾਂ ਚਾਹੇ ਦਬਕਾਂ, ਤੇਰੀ ਭੈਣ ਲੱਗਦੀ ਆ।' ਪਰ ਇਹ ਗੱਲ ਉਹਨੇ ਮੂੰਹ 'ਚ ਰੱਖ ਕੇ ਆਖੀ ਤੇ ਅੰਦਰਲੀ ਜ਼ਹਿਰ ਅੰਦਰ ਹੀ ਨਿਗਲ ਗਿਆ। ਉਹ ਲੰਬੜ ਵਾਂਗ ਆਪਣੇ ਮਨ ਦੀ ਗੱਲ ਉਹਦੇ ਮੂੰਹ 'ਤੇ ਨਹੀਂ ਕਹਿ ਸਕਦਾ। ਇਹ ਉਨ੍ਹਾਂ ਦੀ ਅਸਾਵੀਂ ਆਰਥਿਕਤਾ ਦਾ ਪ੍ਰਗਟਾ ਹੈ।

ਏਥੇ ਦੋਹਾਂ ਦੇ ਬਿਰਤਾਂਤ ਵਿਚ ਦੋ ਵਿਰੋਧੀ ਚਿੰਨ੍ਹ ਉਭਰਦੇ ਹਨ। ਲੰਬੜ ਦਾ ਇਹ ਕਹਿਣਾ ਕਿ ਤੂੰ ਊਈਂ ਠੰਡੀ ਜੀ ਕਰਕੇ ਮੋੜ ਤੀ। ਤੇ ਇਹਦੇ ਉਲਟ ਬਿਸ਼ਨੇ ਦੇ ਅੰਦਰੋਂ ਧੁਖਦੇ ਧੂਣੇ 'ਚੋਂ ਲਾਟ ਨਿਕਲੀ ਤੇ ਉਹ ਖੜਾ ਖੜਾ ਲੜਖੜਾ ਗਿਆ। ਉਹਦੇ ਘਰ ਦੀਆਂ ਸੱਖਣੀਆਂ ਕੰਧਾਂ, ਸੁੰਨੇ ਵਿਹੜੇ ਸਭ ਉਹਦੇ ਅੰਦਰਲੇ ਸੰਸੇ ਦੇ ਉਦਾਸ ਚਿੰਨ੍ਹ ਹਨ। ਉਹਦੀ ਮਾਨਸਿਕ ਉਲਝਣ ਏਸੇ ਦਵੰਦ ਵਿਚ ਉਲਝੀ ਪਈ ਹੈ ਕਿ ਕਰਮੀ ਓਥੇ ਸੀ ਕਿ ਨਹੀਂ। ਉਹਦਾ ਮਨ ਕਹਿੰਦਾ ਹੈ ਕਿ ਨਹੀਂ ਉਹ ਮਾੜੀ ਨੀ ਐਵੇਂ ਮੇਰਾ ਭਰਮ ਐ। ਰਾਤੀਂ ਤਾਂ ਉਹ ਭਾਈਆਂ ਦੀ ਸਹੁੰ ਖਾਂਦੀ ਸੀ। ਸਾਜ ਤਾਂ ਉਹ ਰੋਜ਼ ਵਾਂਗ ਹੀ ਚੁੱਕ ਲਿਆਈ ਸੀ ਜਦੋਂ ਉਹ ਘੋੜੇ ਨੂੰ ਬਾਹਰ ਕੱਢਦਾ। ਨਾਲੇ ਉਹਨੂੰ ਕੀ ਪਤਾ ਸੀ ਕਿ ਬਾਹਰ ਲੰਬੜ ਖੜਾ।' ਉਹ ਅੰਦਰੋਂ ਸੋਚ ਸੋਚ ਕੇ ਤੜਫ ਰਿਹਾ। ਆਪਣੇ ਮਨ ਦੀ ਗੱਲ 'ਤੇ ਵੀ ਉਹਨੂੰ ਖ਼ੁਦ ਨੂੰ ਧਰਵਾਸ ਨਹੀਂ ਆ ਰਿਹਾ। ਉਹਦੇ ਅੰਦਰ ਅਨੈਤਿਕ ਸੰਬੰਧਾਂ ਦਾ ਸ਼ੱਕ ਉਬਲ ਰਿਹਾ ਹੈ। ਏਸੇ ਕਰਕੇ ਕਦੇ ਉਹ ਸੋਚਦਾ ਹੈ ਕਿ ਇਹ ਉਹਦਾ ਭਰਮ ਹੈ ਕਦੇ ਉਹਨੂੰ ਲੱਗਦਾ ਨਹੀਂ ਇਹ ਸੱਚ ਹੈ।

ਏਥੇ ਕਥਾ ਰੋਕ ਕੇ ਲੇਖਕ ਪਿਛੋਕੜ ਵਿਚ ਚਲਾ ਜਾਂਦਾ ਹੈ। ਕੱਲ੍ਹ ਸ਼ਾਮ ਨੂੰ ਬਿਸ਼ਨਾ ਸ਼ਹਿਰ ਦੇ ਅੱਡੇ 'ਤੇ ਖੜਾ ਸਵਾਰੀਆਂ ਦੀ ਉਡੀਕ ਕਰਦਾ ਜਦੋਂ ਖਾਲ੍ਹੀ ਮੁੜਨ ਲੱਗਦਾ ਹੈ ਤਾਂ ਅਚਾਨਕ 'ਚਾਦਰਾ ਧੂੰਹਦਾ' ਲੰਬੜ ਉਹਦੇ ਟਾਂਗੇ ਵਿਚ ਆ ਬਹਿੰਦਾ ਹੈ। ਉਹ ਚਾਹ ਵਾਲੀ ਦੁਕਾਨ 'ਤੇ ਬਿਸ਼ਨੇ ਨੂੰ ਲਾਹ ਕੇ ਚਾਹ ਵਾਲੀਆਂ ਗਿਲਾਸੀਆਂ ਵਿਚ ਨਾਂਹ ਨਾਂਹ ਕਰਦਿਆਂ ਉਹਨੂੰ ਦੋ ਹਾੜੇ ਲੁਆ ਦੇਂਦਾ ਹੈ। ਪਿੰਡ ਮੁੜਦਿਆਂ ਉਹ ਕਤਲ ਕੀਤੇ ਗਏ ਦੋ ਵਰ੍ਹਿਆਂ ਦੇ ਬੱਚੇ ਦੀ ਲਾਸ਼ ਖੂਹ ਵਿਚੋਂ ਮਿਲਣ, ਪਿੰਡ ਦੇ ਕੁਤੀੜਾਂ ਤੋਂ ਲੈ ਕੇ ਖਟੜਿਆਂ ਦੀ ਮਾਸਟਰਨੀ ਤੱਕ ਦੀਆਂ ਗੱਲਾਂ ਕਰਦੇ ਨੇ ਕਿ ਉਹਦੇ ਬਰਾਬਰ ਦੀ ਸਾਰੇ ਇਲਾਕੇ ਵਿਚ ਕੋਈ ਤੀਵੀਂ ਨਹੀਂ। ਏਥੇ ਅਟਕੀ ਗੱਲ ਨੂੰ ਲੰਬੜ ਝਟਕਾ ਦੇਂਦਿਆਂ ਹੌਲੀ ਜਿਹੀ ਕਹਿੰਦਾ ਹੈ ਕਿ –

*ਲੰਡੇ ਦਿਆ ਤੇਰੀ ਕਿਹੜੀ ਮਾੜੀ ਐ... ਉਹ ਵੀ ਲਾਟਾਂ ਛਡਦੀ ਐ। ਮੈਂ ਕੱਲ੍ਹ ਰੂੜ੍ਹੇ ਦੀ ਹੱਟੀ 'ਤੇ ਖੜੀ ਦੇਖੀ ਤੀ... ਮੈਂ ਤਾਂ ਕਾਹਨੂੰ ਦੇਖਿਆ ਤੀ ਪਹਿਲੇ, ਉਹ ਤਾਂ ਲਾਗ ਬੈਠੇ ਲਸ਼ਕਰ ਨੇ ਕੂਹਣੀ ਮਾਰੀ ਸੀ ਆਪਣੇ ਡਲੈਵਰ ਦੇ ਘਰੋਂ ਐ। ਬੜੀ ਤੇਜ਼ ਅੱਖ ਐ ਚਮਾਂਗੀ ਦੀ।'*

ਇਨ੍ਹਾਂ ਬੋਲਾਂ ਵਿਚ ਗੁੱਝੀ ਮਸ਼ਕਰੀ ਹੈ। ਕੁਝ ਦਿਖਾਇਆ ਗਿਆ ਕੁਝ ਨੂੰ ਓਹਲੇ ਕਰਕੇ ਲੁਕਾ ਲਿਆ ਗਿਆ ਹੈ। ਬਿਸ਼ਨੇ ਦੇ ਅੰਦਰ ਦੇ ਕੀੜੇ ਨੂੰ ਜਗਾਉਣ ਲਈ ਇਹ ਮਸ਼ਕਰੀ ਇਕ ਵੱਡੀ ਤੇ ਕਾਰਗਰ ਜੁਗਤ ਹੈ। ਏਥੇ ਉਹਦੀ ਜਾਤ ਨੂੰ ਵੀ ਅਗਰਭੂਮੀ ਵਿਚ ਲੈ ਆਂਦਾ ਗਿਆ ਹੈ। ਜਾਤਗਤ ਸ਼੍ਰੇਣੀਵੰਡ ਉਚ ਜਾਤੀਆਂ ਦੀ ਮਾਨਸਿਕਤਾ ਵਿਚ ਅਜਿਹੀ ਜੜ੍ਹ ਹੈ ਜੋ ਕਦੇ ਨਹੀਂ ਮਰਦੀ, ਏਥੇ ਕਈ ਹੋਰ ਚਿੰਨ੍ਹ ਉਭਰਦੇ ਹਨ 'ਲੰਬੜ ਦਾ ਲਾਪਰੀਆਂ ਮੁੱਛਾਂ ਨੂੰ ਸਵਾਰਨਾ', 'ਬਿਸ਼ਨੇ ਦਾ ਬਰਫ ਬਣਨਾ', 'ਗਾੜ੍ਹੇ ਹਨੇਰੇ ਵਿਚ ਲੰਬੜ ਦੀਆਂ ਮਸ਼ਾਲਾਂ ਵਾਂਗ ਲਟਲਟ ਬਲਦੀਆਂ ਅੱਖਾਂ, ਬਿਸ਼ਨੇ ਦੀ ਹਿੱਕ 'ਚ ਨੇਜ਼ੇ ਵਾਂਗ ਖੁਭਣੀਆਂ। ਦੁਪ੍ਹੈਰੇ ਪੱਪੂ ਦੀ ਕਹੀ ਗੱਲ ਕਿ ਲੰਬੜ ਬੜਾ ਗੇੜੇ ਮਾਰਦਾ ਤੀ ਤੁਹਾਡੇ ਵੱਲ' ਉਹਦੀ ਰੂਹ ਨੂੰ ਹੋਰ ਭਟਕਾ ਦੇਂਦੇ

ਹਨ। ਉਹ ਏਸੇ ਦਵੰਦ ਵਿਚ ਜਿਊ ਰਿਹਾ ਹੈ।

ਘਰ ਪਹੁੰਚ ਕੇ ਘੋੜਾ ਬੰਨ੍ਹ ਕੇ ਉਹ ਚੁੱਲ੍ਹੇ ਅੱਗੇ ਬੈਠੀ ਕਰਮੀ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦਾ ਹੈ। ਪੂਰਨ ਬਲੈਕੀਏ ਦੀ ਤੀਵੀਂ ਕੋਲੋਂ ਗਲਾਸ ਭਰਾ ਕੇ ਦਾਰੂ ਪੀਂਦਾ ਹੈ। ਇਹ ਉਹਦੇ ਅੰਦਰਲੀ ਕਮਜ਼ੋਰੀ ਨੂੰ ਠੁਮਣਾ ਦੇਣ ਦਾ ਜਤਨ ਐ। ਉਹ ਕੰਧ ਕੋਲ ਮੰਜੇ 'ਤੇ ਬੈਠਾ ਘੂਰ ਘੂਰ ਕੇ ਕਰਮੀ ਵੱਲ ਵੇਖਦਾ ਹੈ। ਉਹਦੇ ਅੰਦਰ ਇਕ ਇਕ ਗੱਲ ਛਿੱਲਤਰ ਲਾਈ ਜਾਂਦੀ ਐ। ਉਹ ਰੋਟੀ ਤੋਂ ਨਾਂਹ ਕਰ ਦੇਂਦਾ ਹੈ ਤੇ ਸਿਗਰੇਟ ਲਾ ਲੈਂਦਾ ਹੈ। ਦੀਵੇ ਦੀ ਲੋਅ 'ਚ ਨੱਕ ਦੀ ਖੁੰਭ ਵਿਚਲੇ ਨੱਗ ਦੀ ਲਿਸ਼ਕੋਰ ਉਹਦੇ ਅੰਦਰ ਤਰੰਗਾਂ ਛੇੜਦੀ ਹੈ ਤੇ ਉਹਦਾ ਆਲਾ ਦੁਆਲਾ ਜਿਵੇਂ ਕਾਮ ਦੇਵ ਦਾ ਬਾਗ ਬਣ ਜਾਂਦਾ ਹੈ। ਹਰ ਮਾੜੀ ਚੀਜ਼ ਚੰਗੀ ਹੋ ਜਾਂਦੀ ਹੈ। ਕਰਮੀ 'ਚੋਂ ਉਹਨੂੰ ਮਹਿਕਾਂ ਆਉਂਦੀਆਂ ਹਨ। ਉਹਦੇ ਮਨ ਵਿਚਲਾ ਸ਼ੱਕ ਦਾ ਕੀੜਾ ਕਾਮ ਇੱਛਾ ਅੱਗੇ ਸੌਂ ਜਾਂਦਾ ਹੈ। ਉਹ ਕਰਮੀ ਨੂੰ ਖਿੱਚ ਕੇ ਘੁੱਟ ਕੇ ਨਾਲ ਲਾ ਲੈਂਦਾ ਹੈ।

ਇੱਛਾ ਪੂਰਤੀ ਤੋਂ ਬਾਅਦ ਉਹਦੇ ਅੰਦਰਲਾ ਕੀੜਾ ਫੇਰ ਜਾਗਦਾ ਹੈ ਜਦੋਂ ਉਹ ਉਹਨੂੰ ਪੁਛਦਾ ਹੈ ਕਿ ਕੱਲ੍ਹ ਤੂੰ ਰੂੜ੍ਹੇ ਦੀ ਹੱਟੀ 'ਤੇ ਗਈ ਸੈਂ? ਉਹ ਸਰਸਰੀ ਕਹਿੰਦੀ ਹੈ ਕਿ ਉਹ ਤਾਂ ਸੌਦਾ ਪੱਤਾ ਲੈਣ ਗਈ ਸੀ। ਪਰ ਉਹਦੇ ਅੰਦਰਲਾ ਵਹਿਮ ਫਿਰ ਜਾਗਦਾ ਹੈ ਐਵੇਂ ਨਾ ਹੱਟੀ ਭੱਠੀ ਨੂੰ ਤੁਰੀ ਰਿਹਾ ਕਰ... ਏਸ ਪਿੰਡ ਦੀ ਮਿੱਟੀ ਨੀ ਖਰੀ...' ਉਹ ਅਜੇ ਵੀ ਪੱਕ ਕਰਨਾ ਚਾਹੁੰਦਾ ਹੈ ਕਿ ਜਦੋਂ ਉਹ ਹੱਟੀ 'ਤੇ ਗਈ ਤਾਂ ਓਥੇ ਕੌਣ ਕੌਣ ਬੈਠਾ ਸੀ। ਉਸਨੂੰ ਅਸਲ ਵਿਚ ਕਰਮੀ ਦੀ ਉਸ ਗੱਲ ਤੋਂ ਕੌੜ ਚੜ੍ਹਦੀ ਹੈ ਜਦੋਂ ਉਹ ਕਹਿੰਦੀ ਹੈ ਸਹੁੰ ਭਾਈਆਂ ਦੀ ਮੈਂ ਨੀਂ ਜਾਣਦੀ ਕੌਣ ਬੈਠੇ ਤੀ... ਤੈਨੂੰ ਬਾਹਲੀਆਂ ਗੱਲਾਂ ਆਉਂਦੀਆਂ ਨੇ। ਉਹ ਪੁਛਦਾ ਲੰਬੜ ਤੇ ਲਸ਼ਕਰ ਵੀ ਬੈਠੇ ਸਨ। ਉਹਦੇ ਬੋਲ ਕੀ ਤੂੰ ਮੈਨੂੰ ਲੁੱਚੀ ਲੰਡੀ ਸਮਝ ਲਿਐ। ਉਹਦੇ ਬੋਲਾਂ ਵਿਚਲਾ ਗੜਕਾ ਉਹਨੂੰ ਥਿੜਕਾ ਦੇਂਦਾ ਹੈ ਜਦ ਕਿ ਏਥੇ ਕਰਮੀ ਦੀ ਨੈਤਿਕਤਾ ਉਚ ਪਾਏ ਦੀ ਹੈ। ਬਿਸ਼ਨੇ ਦੀ ਮਰਦਾਵੀਂ ਹਓਂ ਏਥੇ ਤੜਫ ਉਠਦੀ ਹੈ ਤੇ ਉਹ ਓਸੇ ਔਰਤ ਦਾ ਕੁਟਾਪਾ ਚਾੜ੍ਹਦਾ ਹੈ ਜਿਸ ਨੂੰ ਕੁਝ ਪਲ ਪਹਿਲੇ ਉਹ ਭੋਗ ਰਿਹਾ ਸੀ। ਉਹਦੇ ਵਿਚੋਂ ਉਹਨੂੰ ਮਹਿਕਾਂ ਆਉਂਦੀਆਂ ਸਨ। ਏਥੇ ਔਰਤ ਦੀ ਤ੍ਰਾਸਦੀ ਦਿਖਾਈ ਹੈ ਕਿ ਬਿਨਾ ਕਿਸੇ ਕਸੂਰ ਦੇ ਵੀ ਉਹ ਪਿੱਤਰੀ ਸੱਤਾ ਦੇ ਦਾਬੇ ਹੇਠ ਦੁਖਾਂਤ ਭੋਗਦੀ ਹੈ। ਮਨੁੱਖ ਲਈ ਏਥੇ ਔਰਤ ਉਹਦੀ ਜਾਇਦਾਦ ਹੈ, ਉਹਦੀ ਮਲਕੀਅਤ ਹੈ। ਇਹ ਦਾਸਤਾਂ ਸਦੀਆਂ ਤੋਂ ਔਰਤ ਭੋਗਦੀ ਆਈ ਹੈ।

ਰਾਤ ਬੀਤਣ ਤੱਕ ਬਿਸ਼ਨਾ ਸੌਂ ਨਹੀਂ ਸਕਿਆ। ਉਹਦੇ ਮਨ 'ਚ ਪਛਤਾਵਾ ਵੀ ਹੁੰਦਾ ਹੈ ਕਿ ਐਵੇਂ ਉਹਨੇ ਕਰਮੀ ਨੂੰ ਝਿੜਕਿਆ। ਹੁਣ ਜਦੋਂ ਤੁਰੇ ਜਾਂਦੇ ਲੰਬੜ ਨੂੰ ਧਰੇਕਾਂ ਵੱਲ ਜਾਂਦਿਆਂ ਦੇਖਿਆ ਤਾਂ ਸ਼ੱਕ ਦੀ ਲਹਿਰ ਉਹਦੇ ਅੰਦਰ ਹੂੰਝਾ ਫੇਰਦੀ ਚਲੀ ਗਈ। ਏਥੇ ਬੜੀ ਦਿਲਚਸਪ ਸਥਿਤੀ ਦਿਖਾਈ ਹੈ ਕਿ ਘੋੜਾ ਜ਼ੋਰ ਦੀ ਹਿਣਕ ਰਿਹਾ ਹੈ। ਚਾਰੇ ਪੌੜਾਂ ਨਾਲ ਜ਼ਮੀਨ ਤੋਂ ਮਿੱਟੀ ਪੁੱਟੀ ਜਾਂਦਾ ਹੈ ਤੇ ਬੂਥੀ ਨਹਿਰ ਵੱਲ ਕੀਤੀ ਹੋਈ ਹੈ। ਸਮਾਧਾਂ ਓਹਲਿਓਂ ਬਲੈਕੀਆਂ ਦੀ ਘੋੜੀ ਪੋਲੇ ਪੈਰੀਂ ਤੁਰੀ ਆਉਂਦੀ ਹੈ ਜਿਸਨੂੰ ਦੇਖ ਕੇ ਘੋੜਾ ਮੱਚ ਮੱਚ ਜਾਂਦਾ ਹੈ। ਉਹਦਾ ਅਮੋੜ ਕਾਮ ਵੇਗ ਰੱਸਾ ਤੁੜਾਉਣ ਤੱਕ ਜਾਂਦਾ ਹੈ। ਉਹਦਾ ਹਿਣਕਣਾ ਉਹਦੀ ਕਾਮ ਇੱਛਾ ਦਾ ਪ੍ਰਤੀਕ ਹੈ। ਖੁਲ੍ਹੀ ਘੋੜੀ ਦੇਖ ਕੇ ਬਿਸ਼ਨਾ ਘੋੜੇ ਨੂੰ ਖੋਲ੍ਹ ਦੇਂਦਾ ਹੈ। ਏਥੇ ਜਿਹੜੇ ਭਾਸ਼ਾਈ ਵਾਕੰਸ਼ ਉਭਰਦੇ ਹਨ ਉਹ ਬੜੇ ਮਾਅਨੀਖੇਜ਼ ਹਨ :

- ਭੂਤਰੇ ਘੋੜੇ ਦੇ ਚੇਹਰੇ 'ਚੋਂ ਲੰਬੜ ਦਾ ਮੂੰਹ ਦਿਸਣਾ।
- ਬਿਸ਼ਨੇ ਦਾ ਛਾਂਟਾ ਲੈ ਕੇ ਘੋੜੇ ਉਪਰ ਪਾਗਲਾਂ ਹਾਰ ਵਰ੍ਹਣਾ।
- ਝੱਖੜ ਬਣੇ ਘੋੜੇ ਦਾ ਬਿਸ਼ਨੇ ਦੇ ਹੱਥ ਦਾ ਬੁਰਕ ਭਰਨਾ
- ਉਹਦੇ ਸਿਰ ਮਾਰਨ 'ਤੇ ਉਹਦੀ ਧੌਣ 'ਤੇ ਚੱਕ ਵੱਢਣਾ
- ਬਿਸ਼ਨੇ ਦਾ ਕੰਬਦੇ ਹੋਏ ਜ਼ਖਮੀ ਹਾਲਤ ਵਿਚ ਡਿਗ ਪੈਣਾ
- ਘੋੜੇ ਦਾ ਪਿਛਾਂਹ ਮੁੜ ਕੇ ਪਛੰਡੇ ਮਾਰ ਕੇ ਘੋੜੀ ਵੱਲ ਦੌੜਨਾ

ਇਹ ਸਾਰੇ ਵਾਕੰਸ਼ ਉਸ ਸੰਭਾਵੀ ਲੜਾਈ ਵੱਲ ਇਸ਼ਾਰੇ ਹਨ ਜੋ ਵਾਪਰ ਸਕਦੀ ਸੀ। ਇਸ ਵਿਚ

ਜੈਵਿਕ ਭੁੱਖ ਤੇ ਲਿੰਗਕ ਭੁੱਖ ਵਿਚਲੇ ਟਕਰਾ ਵਿਚ ਸਥਿਤੀ ਬੜੀ ਗੁੰਝਲਦਾਰ ਬਣੀ ਹੋਈ ਹੈ। ਬਿਸ਼ਨੇ ਦਾ ਘੋੜੇ ਹੱਥੋਂ ਜ਼ਖਮੀ ਹੋਣਾ ਦਸਦਾ ਹੈ ਕਿ ਉਹ ਹੇਠਲੇ ਦਰਜੇ ਦਾ ਹੈ ਜੋ ਦਰੜਿਆ ਜਾ ਸਕਦਾ ਹੈ। ਘੋੜਾ ਤਾਕਤ ਦੇ ਚਿੰਨ੍ਹ ਵਜੋਂ ਪ੍ਰਦਰਸ਼ਤ ਹੁੰਦਾ ਹੈ। ਜ਼ਖਮੀ ਹੋਏ ਬਿਸ਼ਨੇ ਨੂੰ ਅਜੇ ਵੀ ਘੋੜੇ ਵਿਚੋਂ ਲੰਬੜ ਨਜ਼ਰ ਆਉਂਦਾ ਹੈ –

– ਉਹਦੀਆਂ ਅੱਖਾਂ ਅੱਗੇ ਫੁੰਕਾਰੇ ਮਾਰਦਾ ਘੋੜਾ ਤੁਰਿਆ ਫਿਰਦਾ ਹੈ

– ਉਹਦੀਆਂ ਗੋਲ ਚਮਕੀਲੀਆਂ ਅੱਖਾਂ ਉਹਨੂੰ ਲੰਬੜ ਦੀਆਂ ਅੱਖਾਂ ਲਗਦੀਆਂ ਨੇ

– ਉਹ ਪਿਆ ਪਿਆ ਕਰੋਧ ਵਿਚ ਜਲ ਰਿਹਾ ਹੈ।

– ਜੇ ਉਠਣ ਜੋਗਾ ਹੁੰਦਾ ਤਾਂ ਬਰਛਾ ਚੁੱਕ ਕੇ ਘੋੜੇ ਦਾ ਢਿੱਡ ਪਰੁੰਨ ਦੇਂਦਾ।

ਉਹ ਸੋਚਦਾ ਊਂ ਹੀ ਹਰਖੇ ਨੇ ਘੋੜੇ ਨੂੰ ਮਾਰਿਆ ਨਹੀਂ ਤਾਂ ਕੋਈ ਗੱਲ ਨਹੀਂ ਸੀ ਮਾਰਨ ਵਾਲੀ। ਬਿਸ਼ਨੇ ਦਾ ਭਾਈ ਵੀ ਘੋੜੇ ਦੀ ਚੰਗੀ ਤੌਣੀ ਲਾਹੁੰਦਾ ਹੈ। ਉਹਦਾ ਤਰਕ ਹੈ ਕਿ ਵਾਢੂ ਘੋੜਾ ਮਾੜਾ ਹੁੰਦਾ। ਇਹਨੂੰ ਘਰ ਵਿਚ ਰਖਣਾ ਠੀਕ ਨਹੀਂ। ਓਧਰ ਕਰਮੀ ਉਹਨੂੰ ਇਹ ਸੂਚਨਾ ਦੇਂਦੀ ਹੈ –

*'ਦੇਹਤਾਂ ਹੁਣ ਕਿਵੇਂ ਝੁਲਸਿਆ ਖੜੈ, ਵੇਲਾਂ ਪਾਈਆਂ ਵੀਆਂ, ਏਹਨੇ ਸਵੇਰ ਦਾ ਮੂੰਹ ਨਹੀਂ ਲਾਇਆ, ਘੜੀ ਪਹਿਲਾਂ ਛਾਣ ਰਲਾ ਕੇ ਗੁਥਲਾ ਟੰਗੀ ਰਖਿਆ, ਬੱਸ ਓਵੇਂ ਮੂਰਾ ਬਣ ਕੇ ਖੜਾ ਰਿਹਾ।'*

ਏਥੇ ਇਹ ਵੀ ਸੁਆਲ ਪੈਦਾ ਹੁੰਦਾ ਹੈ ਕਿ ਕੀ ਜਾਨਵਰ ਦੀ ਲਿੰਗਕ ਖਾਹਸ਼ ਜਦੋਂ ਪੂਰੀ ਹੋ ਜਾਂਦੀ ਹੈ ਤਾਂ ਉਹ ਜੈਵਿਕ ਭੁੱਖ ਤੋਂ ਮੂੰਹ ਮੋੜ ਲੈਂਦਾ ਹੈ ਜਾਂ ਫਿਰ ਉਹ ਵੀ ਮਨੁੱਖਾਂ ਵਾਂਗ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਜਾਂਦਾ ਹੈ। ਏਸੇ ਪਰੇਸ਼ਾਨੀ ਵਿਚੋਂ ਹੀ ਘੋੜਾ ਉਹਦੇ ਬੱਚੇ ਨਾਲ ਲਾਡ ਕਰਦਾ ਹੈ। ਅੱਗੇ ਹੋ ਕੇ ਉਹ ਆਪਣਾ ਮੂੰਹ ਬਿਸ਼ਨੇ ਦੇ ਮੋਢੇ 'ਤੇ ਰਖ ਦੇਂਦਾ ਹੈ। ਉਹ ਦੇਖਦਾ ਹੈ ਘੋੜੇ ਦੀਆਂ ਅੱਖਾਂ 'ਚੋਂ ਪਾਣੀ ਸਿੰਮ ਰਿਹੈ। ਉਹਦੀ ਸੋਚ ਵਿਚ ਇਹ ਖਿਆਲ ਉਭਰਦਾ ਹੈ–

*'ਐਵੇਂ ਸਾਲਾ ਸੰਸਾ ਜਿਹਾ ਲਾ ਲਿਆ ਚਿੱਤ ਨੂੰ, ਕਾਹਦਾ ਜੀਣ ਐ ਬੰਦੇ ਦਾ, ਊਈਂ ਕਿਰਦਾ ਫਿਰਦੈ, ਬਾਹ ਓਏ ਬਿਸ਼ਨ ਸਿੰਆਂ ਤੈਨੂੰ ਸਮਝ ਨਾ ਆਈ, ਲੈ ਆਹ ਡੰਗਰ ਐਊਂ, ਪਰ ਦੇਖ ਲੈ ਤੂੰ। ਹੈਗਾ ਅਜੇ ਜੀਣ ਦਾ ਵੇਲਾ, ਮੈਂ ਤਾਂ ਐਵੇਂ ਈ ਡਿੱਗ ਪਿਆ।'*

ਜਦੋਂ ਉਹਦਾ ਭਰਾ ਘੋੜੇ ਨੂੰ ਉਹਦੇ ਨਾਲ ਲਾਡ ਕਰਦਿਆਂ ਦੇਖਦਾ ਹੈ ਤਾਂ ਉਹਨੂੰ ਚਿਮਟਾ ਮਾਰਦਾ ਹੈ ਤੇ ਲਿਜਾਉਣ ਲੱਗਦਾ ਹੈ। ਬਿਸ਼ਨੇ ਲਈ ਇਹ ਕਥਾਰਸਿਸ ਦੀ ਅਵਸਥਾ ਹੈ ਪਰ ਅਚਾਨਕ ਕਿਸ਼ਨ ਦੇ ਬੋਲ ਉਹਦੇ 'ਤੇ ਕੜਕਦੀ ਬਿਜਲੀ ਵਾਂਗ ਡਿਗਦੇ ਹਨ ਜਦੋਂ ਬਿਸ਼ਨਾ ਕਰਮੀ ਬਾਰੇ ਪੁਛਦਾ ਹੈ ਤਾਂ ਕਿਸ਼ਨ ਦਸਦਾ ਹੈ ਕਿ –

*'ਉਹਨੂੰ ਤਾਂ ਬੀਰੇ ਕਾ ਲੰਬੜ ਲੈ ਗਿਆ, ਮਲੋ ਮੱਲੀ ਘਰ ਨੂੰ, ਕਹਿੰਦਾ ਘਿਓ ਚੁੱਕ ਲਿਆ ਬਿਸ਼ਨੇ ਲੀ, ਆਉਂਦੀ ਆ ਹੁਣੇ ਈ।'*

ਇਹ ਸੁਣ ਕੇ ਬਿਸ਼ਨਾ ਪੀੜ ਨਾਲ ਪਰੁੰਨਿਆ ਜਾਂਦਾ ਹੈ।

ਇਸ ਤਰ੍ਹਾਂ ਇਹ ਕਹਾਣੀ ਬੜੀ ਜਟਿਲ ਸੰਰਚਨਾ ਵਾਲੀ ਹੈ। ਇਸ ਵਿਚ ਕਾਮ ਦਾ ਅਮੋੜ ਵੇਗ, ਸ਼ੱਕ, ਵਹਿਮ, ਜਾਤ, ਸ਼੍ਰੇਣੀ ਅਨੇਕਾਂ ਜੁੱਟ ਮਾਨਸਿਕ ਤੇ ਵਿਹਾਰਕ ਪੱਧਰ 'ਤੇ ਪਸਰੇ ਨਜ਼ਰ ਆਉਂਦੇ ਹਨ। ਔਰਤ ਦੀ ਤ੍ਰਾਸਦੀ ਇਹ ਹੈ ਕਿ ਉਹਦੀ ਆਪਣੀ ਕੋਈ ਇੱਛਾ ਨਹੀਂ ਜਦੋਂ ਕਿ ਸਾਰੇ ਦੋਸ਼ ਵੀ ਉਹਦੇ 'ਤੇ ਅਰੋਪਿਤ ਕੀਤੇ ਜਾਂਦੇ ਹਨ। ਪਿੱਤਰੀ ਸੱਤਾ ਦੇ ਦਾਬੇ ਹੇਠ ਉਹ ਜੀਣ ਲਈ ਮਜਬੂਰ ਹੈ। ਮਾਨਸਿਕ ਵਜੂਦ ਵਿਚ ਉਹ ਪੁਰਸ਼ ਨਾਲੋਂ ਵਧੇਰੇ ਬਲਵਾਨ ਨਜ਼ਰ ਆਉਂਦੀ ਹੈ। ਪੰਜਾਬੀ ਵਿਚ ਅਜਿਹੀ ਉਚ ਪਾਏ ਦੀ ਕਹਾਣੀ ਕਲਾਸੀਕਲ ਦਾ ਦਰਜਾ ਰਖਦੀ ਹੈ।

2. **ਇਕ ਟਿਕਟ ਰਾਮਪੁਰਾ ਫੂਲ** : ਔਰਤ ਦੀ ਤ੍ਰਾਸਦੀ ਤੇ ਅਜ਼ਾਦ ਚੋਣ ਦੇ ਵਿਚਕਾਰ ਇਹ ਕਹਾਣੀ ਵਾਪਰਦੀ ਹੈ ਪਰ ਇਸ ਦੀ ਵਾਪਰਨ ਅਵਧਿ ਵਿਚ ਏਨਾ ਕੁਝ ਵਾਪਰ ਜਾਂਦਾ ਹੈ ਕਿ ਬਾਕੀ ਸਿਰਫ ਇਕ ਟਿਕਟ ਬਚਦੀ ਹੈ ਰਾਮਪੁਰਾ ਫੂਲ ਦੀ। ਘਰ ਵਿਚ ਰੇਪ ਦਾ ਸ਼ਿਕਾਰ ਹੁੰਦੀ ਔਰਤ ਉਸ ਜਗੀਰਦਾਰੀ

ਵਿਵਸਥਾ ਦਾ ਅੰਗ ਜਾਪਦੀ ਹੈ ਜਿਥੇ ਘਰ ਦੀ ਗੱਲ ਘਰ ਵਿਚ ਰਹਿਣ 'ਤੇ ਜ਼ੋਰ ਦਿਤਾ ਜਾਂਦਾ ਹੈ। ਇਸ ਪਿਛੇ ਜ਼ਮੀਨ ਦੀ ਲਾਲਸਾ ਨਜ਼ਰ ਆਉਂਦੀ ਹੈ। ਘਰ ਵਿਚ ਹੋਇਆ ਰੇਪ ਅਮੋੜ ਕਾਮਨਾ ਦਾ ਇਕ ਹੋਰ ਵਿਕਰਾਲ ਰੂਪ ਹੈ ਜਿਸਨੂੰ ਸਧਾਰਣ ਆਖ ਕੇ ਛੁਟਿਆ ਦਿੱਤਾ ਜਾਂਦਾ ਹੈ। ਕਹਾਣੀ ਦੇ ਸ਼ੁਰੂ ਵਿਚ ਹੀ ਕੁਝ ਅਜਿਹੇ ਸੰਕੇਤ ਉਭਰਦੇ ਹਨ ਜੋ ਦੁਖਾਂਤ ਵੱਲ ਇਸ਼ਾਰਾ ਕਰਦੇ ਹਨ ਕਿਉਂਕਿ ਕਹਾਣੀ ਦੇ ਅਰੰਭ ਤੋਂ ਪਹਿਲਾਂ ਦੁਖਾਂਤ ਵਾਪਰ ਚੁੱਕਾ ਹੈ –

– ਦੰਦਾਂ ਨੂੰ ਜੀਭ ਹੇਠਾਂ ਟੁਕਦਿਆਂ ਅੱਖਾਂ ਪਾੜ ਪਾੜ ਕੇ ਆਸ ਪਾਸ ਦੇਖਣਾ।

– ਮਾੜੇ ਹਨੇਰੇ ਦਾ ਅੱਖਾਂ ਵਿਚ ਫੰਬਿਆਂ ਵਾਂਗ ਧਸਣਾ ਪਰ ਲਗਣਾ ਜਿਵੇਂ ਚਾਣਨ ਹੋਵੇ।

– ਟੁੱਟੇ ਹੱਥਾਂ ਨਾਲ ਲੀੜਿਆਂ ਨੂੰ ਸਵਾਰਨਾ।

– ਦੇਹ ਜਿਵੇਂ ਦੋਫਾੜ ਹੋ ਗਈ ਹੋਵੇ

– ਝੁਲਸੀਆਂ ਹੋਈਆਂ ਲੱਤਾਂ ਸਾਂਭਣਾ

– ਮੰਜੇ ਤੋਂ ਉਠ ਕੇ ਫਰਸ਼ 'ਤੇ ਖਲੋਣਾ

– ਠੰਡੇ ਫਰਸ਼ 'ਤੇ ਪੈਰ ਰਖਦਿਆਂ ਸਿਰ 'ਚੋਂ ਤ੍ਰਾਟ ਨਿਕਲਨੀ

– ਚੁੰਨੀ ਟੋਂਹਦਿਆਂ ਹੱਥ ਵਿਚ ਵਾਲਾਂ ਦੇ ਗੁੱਛੇ ਦਾ ਆਉਣਾ

ਇਹ ਸਾਰੇ ਚਿੰਨ੍ਹ ਘਟਨਾ ਦੇ ਵਾਪਰਨ ਤੋਂ ਬਾਅਦ ਦੇ ਹਨ। ਹਰ ਚਿੰਨ੍ਹ ਦੁਖਾਂਤ ਵਿਚ ਲਿਬੜਿਆ ਨਜ਼ਰ ਆਉਂਦਾ ਹੈ। ਘਰ ਵਿਚ ਸ਼ੋਸ਼ਣ ਹੋਣਾ ਇਕ ਖਤਰਨਾਕ ਸੰਕੇਤ ਹੈ ਕਿ ਅਮੋੜ ਕਾਮ ਇੱਛਾ ਨੂੰ ਕਾਨੂੰਨ ਤੋਂ ਪਰੇ ਜਾ ਕੇ ਸੌਖਿਆਂ ਅੰਜਾਮ ਦਿਤਾ ਜਾ ਸਕਦਾ। ਔਰਤ ਦੀ ਦੇਹ ਨੂੰ ਦਰੜ ਕੇ ਉਹਦੇ ਅੰਦਰਲੇ ਨੂੰ ਤਬਾਹ ਕਰਕੇ ਉਹਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਭ੍ਰਸ਼ਟ ਕੀਤਾ ਜਾ ਸਕਦਾ ਹੈ। ਹਰ ਵਿਅਕਤੀ ਦੀ ਦੇਹ ਉਹਦੀ ਆਪਣੀ ਮਲਕੀਅਤ ਹੈ। ਜਦੋਂ ਇਕ ਧਿਰ ਦੂਜੀ ਧਿਰ ਨੂੰ ਮਸਲਦੀ ਹੈ ਤਾਂ ਏਥੇ ਧਰਮ, ਸਿਆਸਤ, ਕਾਨੂੰਨ, ਅਧਿਕਾਰ ਕਈ ਪਹਿਰੇਦਾਰ ਹਨ ਪਰ ਇਸਦੇ ਬਾਵਜੂਦ ਕਾਮ ਤੇ ਹਿੰਸਾ ਅਮੋੜ ਕਾਮਨਾ ਨੂੰ ਸਿਰੇ ਲਾ ਦੇਂਦੇ ਹਨ। ਉਸ ਤੋਂ ਬਾਅਦ ਪਹਿਰੇਦਾਰਾਂ ਦੀ ਬਿਸਾਤ ਹੈ ਜਿਥੇ ਖੇਡਦਿਆਂ ਉਮਰਾਂ ਲੰਘ ਜਾਂਦੀਆਂ ਹਨ। ਲੇਖਕ ਕਥਾ ਨੂੰ ਹੋਰ ਦੁਖਾਂਤਕ ਚਿੰਨ੍ਹਾਂ ਵਿਚ ਫੈਲਾ ਕੇ ਉਸ ਘਟਨਾ ਨੂੰ ਗਾੜ੍ਹਾ ਤੇ ਗੂੜ੍ਹਾ ਕਰਦਾ ਹੈ –

– ਹਨੇਰੇ ਵਿਚ ਮੰਜੇ 'ਤੇ ਪਈ ਆਪਣੇ ਦਿਓਰ ਤੇਜੀ ਦੀ ਦੇਹ ਜਿਵੇਂ ਪੋਟੇ ਪੋਟੇ ਤੋਂ ਦਿਸ ਰਹੀ ਹੋਵੇ।

– ਇਕ ਘੁੰਮਨਘੇਰੀ ਵਿਚ ਫਸੀ ਉਹ ਜਿਵੇਂ ਭੌਏਂ ਵਿਚ ਗਰਕ ਹੁੰਦੀ ਜਾ ਰਹੀ ਹੋਵੇ।

– ਤਦੇ ਉਸ ਨੇ ਹੱਥ ਵਧਾ ਕੇ ਬੱਤੀ ਜਗਦੀ ਕਰ ਦਿਤੀ।

– ਸ਼ਰਾਬ ਵਿਚ ਧੁੱਤ ਪਏ ਤੇਜੀ ਨੇ ਵੱਖ ਮਾਰ ਕੇ ਆਪਣੇ ਆਪ ਨੂੰ ਲੁਕਾ ਲਿਆ।

– ਪੈਰਾਂ ਵੱਲ ਪਈ ਚੱਦਰ ਨੂੰ ਲੱਕ ਤਾਈਂ ਧੂਹ ਲਿਆ।

– ਖਿੱਚ ਧੂਹ ਕਰਦਿਆਂ ਖੁਲ੍ਹੇ ਕੇਸਾਂ ਦੀ ਜੂੜੀ ਕਰਦਿਆਂ ਪਾਸਾ ਮੋੜਿਆ

– ਲਰਜ਼ਦੀ ਨਜ਼ਰੇ ਸਰ੍ਹਾਣੇ ਖੜੀ ਭਾਬੀ ਨੂੰ ਪੈਰੋਂ ਲੈ ਸਿਰ ਤੱਕ ਤੱਕਿਆ।

ਇਹ ਸਾਰੇ ਖਾਮੋਸ਼ ਚਿੰਨ੍ਹ ਉਸ ਘਟਨਾ ਦੀ ਗਵਾਹੀ ਦੇਂਦੇ ਨਜ਼ਰ ਆਉਂਦੇ ਹਨ। ਪਰ ਜਿਸਨੇ ਇਸ ਘਟਨਾ ਨੂੰ ਅੰਜਾਮ ਦਿਤਾ ਉਹਦੇ ਅਨੁਸਾਰ ਇਹ ਕੁਝ ਵੀ ਨਹੀਂ, ਕੁਝ ਵੀ ਨਹੀਂ ਵਾਪਰਿਆ, ਉਹ ਬੜੇ ਸਾਧਾਰਣ ਤਰੀਕੇ ਨਾਲ ਸਾਰੇ ਦੁਖਾਂਤ ਨੂੰ ਪੂੰਝ ਦੇਂਦਾ ਹੈ–

*'ਕੁਸ ਨੀ ਮਖਾਂ... ਕੁਸ ਨੀ ਹੋਇਆ, ਝੂਰੀ ਕਾਹਨੂੰ ਜਾਂਦੀ ਐ... ਲੈ ਮੈਂ ਆਪਣੇ ਮੰਜੇ 'ਤੇ ਚਲਾ ਜਾਂਦਾ ਤੂੰ ਪੈ ਜਾ ਅਰਮਾਨ ਨਾਲ...'*

– ਪਰ ਲਤਾੜੀ ਹੋਈ ਧਿਰ ਅਜੇ ਵੀ ਓਸੇ ਦੁਖਾਂਤਕ ਚਿੰਨ੍ਹਾਂ ਵਿਚ ਘਿਰੀ ਹੋਈ ਹੈ।

– ਉਹਨੂੰ ਲੱਗਿਆ ਜਿਵੇਂ ਉਹ ਗਾਰ ਨਾਲ ਭਰੇ ਖੂਹ ਵਿਚ ਲਹਿੰਦੀ ਚਲੀ ਗਈ ਹੋਵੇ।

– ਤਣੀ ਹੋਈ ਰਾਤ ਵਿਚਾਲੇ ਲੰਗਾਰ ਦਾ ਆ ਪੈਣਾ।

– ਅੱਥਰੂਆਂ ਭਰੀਆਂ ਅੱਖਾਂ ’ਚੋਂ ਘੂਰਨਾ

– ਕੰਧ ਨਾਲ ਸਿਰ ਮਾਰ ਕੇ ਫੁੱਟ ਫੁੱਟ ਧਾਹੀਂ ਰੋਣਾ

– ਰੁੱਗ ਭਰ ਕੇ ਕਾਲਜਾ ਫੜਨਾ

– ਹੱਥਾਂ ਨੂੰ ਦੰਦਾਂ ਹੇਠ ਚੱਬਣਾ

ਲੇਖਕ ਏਥੇ ਕਥਾ ਰੋਕ ਕੇ ਅਤੀਤ ਵੱਲ ਮੁੜ ਜਾਂਦਾ ਹੈ। ਜੱਸੀ ਦਾ ਕਿਸ਼ਨ ਨਾਲ ਇਸ਼ਕ ਉਜਾਗਰ ਹੁੰਦਾ ਹੈ। ਇਹ ਅੱਲ੍ਹੜ ਪਿਆਰ ਸਿਰੇ ਨਹੀਂ ਚੜ੍ਹਦਾ। ਮੁੜਨ ਲੱਗੀ ਦਾ ਹੱਥ ਕਿਸ਼ਨ ਨੇ ਇੰਜ ਫੜ ਲਿਆ ਜਿਵੇਂ ਚੰਦ ਦੇ ਟੁਕੜੇ ਨੂੰ ਹੱਥ ਵਧਾ ਕੇ ਫੜ ਲਿਆ ਹੋਵੇ।

*‘ਮੈਨੂੰ ਰੋਟੀ ਦੀ ਭੁੱਖ ਨਹੀਂ ਜੱਸੀ, ਮੈਨੂੰ... ਮੈਨੂੰ ਤਾਂ ਬਸ... ਤੂੰ ਮੇਰੇ ਹੱਥਾਂ ਵਿਚ ਆਪਣਾ ਹੱਥ ਦੇ ਦੇ... ਮੈਨੂੰ ਤੇਰੇ ਆਸਰੇ ਦੀ ਲੋੜ ਐ... ਜੱਸੀ ਮੈਨੂੰ।’*

ਏਥੇ ਫਿਰ ਜੈਵਿਕ ਭੁਖ ਤੇ ਕਾਮ ਭੁੱਖ ਆਹਮੋ ਸਾਹਮਣੇ ਹਨ ਪਰ ਇਹ ਸਭਿਆਚਾਰਕ ਦਾਇਰੇ ਵਿਚ ਪ੍ਰਵਾਨ ਨਹੀਂ ਚੜ੍ਹਦੇ। ਜੱਸੀ ਆਪਣੇ ਪਤੀ ਵੱਲ ਵਫਾਦਾਰ ਰਹਿ ਕੇ ਪ੍ਰੇਮੀ ਵੱਲੋਂ ਮੂੰਹ ਮੋੜ ਲੈਂਦੀ ਹੈ। ਪ੍ਰੇਮੀ ਸਭ ਕੁਝ ਛੱਡ ਛਡਾ ਕੇ ਪਿੰਡ ਜਾ ਟਿਕਦਾ ਹੈ। ਸਾਰਾ ਦਿਨ ਸ਼ਰਾਬ ਦਾ ਡੱਕਿਆ, ਰਾਮਪੁਰੇ ਦੀਆਂ ਦੁਕਾਨਾਂ ’ਤੇ ਬੈਠਾ ਰਹਿੰਦਾ ਹੈ। ਉਹਦਾ ਰੰਗ ਰੂਪ ਭੁੱਲ੍ਹ ਗਿਆ, ਉਹ ਇਕ ਡਰਾਉਣਾ ਜਿਹਾ ਹੋ ਗਿਐ। ਇਹ ਪ੍ਰੇਮ ਵਿਚ ਕੁਰਬਾਨ ਹੋ ਜਾਣ ਦਾ ਜਜ਼ਬਾ ਹੈ, ਜਿਥੇ ਅੰਤ ਪ੍ਰੇਮੀ ਫਨਾਹ ਹੁੰਦੇ ਆਏ ਨੇ। ਪਰ ਓਧਰ ਔਰਤ ਦਾ ਦੁਖਾਂਤ ਇਹ ਹੈ ਕਿ ਪਿੱਤਰੀ ਸੱਤਾ ਵਿਚ ਉਹ ਪਿਓ ਦੀ ਪੱਗ ਬਚਾਉਣ ਖਾਤਰ ਆਪਣਾ ਇਸ਼ਕ ਤਿਆਗ ਦੇਂਦੀ ਹੈ। ਪਤੀ ਦੇ ਘਰ ਦੀ ਇੱਜ਼ਤ ਬਚਾਉਣ ਖਾਤਰ ਘਰ ਆਏ ਪ੍ਰੇਮੀ ਨੂੰ ਠੁਕਰਾ ਦਿੰਦੀ ਹੈ ਤੇ ਫਿਰ ਇਜ਼ਤ ਵਾਲੇ ਘਰ ਹੀ ਡੱਸੀ ਜਾਂਦੀ ਹੈ।

ਉਹਦਾ ਪਤੀ ਤੇ ਦਿਓਰ ਦੋਵੇਂ ਰਾਤ ਨੂੰ ਇਕੱਠੇ ਸ਼ਰਾਬ ਪੀਂਦੇ ਹਨ। ਰੋਟੀ ਖਾ ਕੇ ਪਤੀ ਖੂਹ ’ਤੇ ਪਈ ਮੋਟਰ ਦੇ ਚੋਰੀ ਹੋ ਜਾਮ ਦੇ ਡਰੋਂ ਦਾ ਕਹਿ ਕੇ ਚਲਾ ਜਾਂਦਾ ਹੈ ਤੇ ਤੇਜੀ ਨੂੰ ਘਰੇ ਛੱਡ ਜਾਂਦਾ ਹੈ। ਤੇਜੀ ਨੂੰ ਬਾਹਰਲੀ ਬੈਠਕੇ ਪੈਂਦਿਆਂ ਦੇਖ ਦਰ ਢੋਅ ਕੇ ਉਹ ਮੰਜੇ ਤੇ ਆ ਪਈ। ਤੇ ਮੁੜ ਸੁੱਤੀ ਨੂੰ ਤਾਂ ਬਿੜਕ ਵੀ ਜਗਾ ਨਾ ਸਕੀ ਕਿ ਕਦੋਂ ਤੇਜੀ ਉਹਦੇ ਨਾਲ ਆ ਪਿਆ ਸੀ। ਜਦੋਂ ਉਹਨੇ ਡਰਕੇ ਚੀਕ ਮਾਰਨੀ ਚਾਹੀ ਤਾਂ ਉਹਨੇ ਘੂਰਿਆ ਕਿ ਮੈਂ ਹੀ ਹਾਂ ਐਵੇਂ ਕੋਠਾ ਨਾ ਪਾੜ੍ਹ ਦੀਂ। ਉਹਨੇ ਤੇਜੀ ਤੋਂ ਤ੍ਰਹਿ ਕੇ ਲੱਤਾਂ ਤੋਂ ਸਰਕਦੀ ਸਲਵਾਰ ਨੂੰ ਖਿੱਚਿਆ ਪਰ ਭਰਾ ਨਾਲੋਂ ਵੀ ਦੂਣੇ ਭਾਰੇ ਤੇਜੀ ਅੱਗੇ ਉਹ ਬਾਹਾਂ ਭੰਨਾ ਕੇ ਮੂੰਹ ਭਾਰ ਜਾ ਡਿੱਗੀ।’

ਇਸ ਘਟਨਾ ਨੇ ਉਹਨੂੰ ਦੋਫਾੜ ਕਰ ਦਿਤਾ ਸੀ। ਉਹਦੀ ਦੇਹ, ਜਿਸਨੂੰ ਉਹਦਾ ਆਸ਼ਕ ਆਪਣੀ ਸਮਝਦਾ ਸੀ, ਪਰ ਉਹਨੇ ਇਹ ਉਸ ਨੂੰ ਇਸ ਕਰਕੇ ਨਾ ਸੌਂਪੀ ਕਿਉਂਕਿ ਹੁਣ ਇਹ ਉਹਦੇ ਪਤੀ ਦੀ ਅਮਾਨਤ ਸੀ। ਓਸੇ ਦੇਹ ਨੂੰ ਪਿੱਤਰੀ ਸੱਤਾ ਦਾ ਪ੍ਰਤੀਕ ਉਹਦਾ ਦਿਓਰ ਯਰਗਮਾਲ ਸਮਝ ਕੇ ਮਸਲ ਗਿਆ ਸੀ। ਔਰਤ ਏਥੇ ਤੀਹਰੇ ਦੁਖਾਂਤ ਦੀ ਸ਼ਿਕਾਰ ਹੁੰਦੀ ਹੈ। ਪਹਿਲਾ ਇਹ ਕਿ ਆਪਣੇ ਇਸ਼ਕ ਦੀ ਕੁਰਬਾਨੀ ਦੇਂਦੀ ਹੈ। ਦੂਜਾ ਪਿੱਤਰੀ ਸੱਤਾ ਦੇ ਦਾਬੇ ਦਾ ਸ਼ਿਕਾਰ ਹੁੰਦੀ ਹੈ ਤੀਸਰਾ ਜਦੋਂ ਉਹ ਦ੍ਰਿੜ ਹੋ ਕੇ ਘਰਵਾਲੇ ਸਾਹਮਣੇ ਤੇਜੀ ਦੀ ਕਰਤੂਤ ਨੂੰ ਨੰਗਾ ਕਰਦੀ ਹੈ ਤਾਂ ਉਹਨੂੰ ਇਹ ਵੀ ਡਰ ਹੈ ਕਿ ਜੇ ਇਹਨੂੰ ਨੰਗਾ ਨਾ ਕੀਤਾ ਤਾਂ ਇਹ ਰੋਜ਼ ਮੂੰਹ ਮਾਰੂ। ਉਹ ਤਾਂ ਅੱਜ ਖੂਨ ਕਰਾਉਣ ਨੂੰ ਕਾਹਲੀ ਹੈ। ਉਹਨੂੰ ਲੱਗਦੈ ਪਤੀ ਹੁਣੇ ਪਿਛਾੜੀ ਪਈ ਕਿਰਪਾਨ ਚੁਕੇਗਾ ਤੇ ਤੇਜੀ ਦੇ ਡੱਕਰੇ ਕਰ ਦਏਗਾ ਪਰ ਜਦੋਂ ਉਹ ਕਹਿੰਦਾ ਹੈ,

*‘ਬਸ ਐਹੀ ਗੱਲ ਆ... ਕਮਲੀ ਨਾ ਹੋਵੇ ਤਾਂ... ਆਹ ਕੋਈ ਗੱਲ ਐ... ਮੈਂ ਕਹਾਂ ਪਤਾ ਨੀ ਕੀ ਊਠ ਬਹਿ ਗਿਆ ਪਾਣੀ ’ਚ...’ ਉਹਦਾ ਪਤੀ ਪੋਲੇ ਮੂੰਹ ਬੋਲਿਆ ਤਾਂ ਉਹ ਅਸਲੋਂ ਹੀ ਫੂਕੀ ਗਈ।*

*‘ਐਵੇਂ ਨੀ ਆਪਣੀ ਦਫਾ ਪੱਟੀ ਦੀ ਹੁੰਦੀ... ਘਰ ਦੀਓ ਗੱਲ ਐ ਕੋਈ ਓਪਰਾ ਨੀ... ਆਪਣਾ*

*ਭਾਈ ਐ। ਸਾਲੀਏ ਏਹਨੂੰ ਤਾਂ ਸਗੋਂ ਹੱਥਾਂ 'ਚ ਰੱਖ, ਦੁਨੀਆ ਕੁੱਤੀ ਤਾਂ ਅੱਗੇ ਪਾੜ੍ਹਣ ਨੂੰ ਫਿਰਦੀ ਐ... ਨਹੀਂ ਉਹ ਕੱਲ੍ਹ ਨੂੰ ਅੱਧ ਵੰਡਾ ਕੇ ਬਹਿ ਗਿਆ ਤਾਂ ਸਾਡੇ ਪੱਲੇ ਛਣਕਣਾ ਰਹਿ ਜੂ।'*

ਇਸ ਤਰ੍ਹਾਂ ਇਸ ਤੀਹਰੇ ਦੁਖਾਂਤ ਦੀ ਸ਼ਿਕਾਰ ਅਖੀਰ ਰਾਮਪੁਰੇ ਫੂਲ ਪ੍ਰੇਮੀ ਕੋਲ ਜਾਣ ਦਾ ਫੈਸਲਾ ਕਰਦੀ ਹੈ। ਇਹ ਉਹਦਾ ਆਖਰੀ ਫੈਸਲਾ ਹੈ ਪਰ ਇਸ ਫੈਸਲੇ ਨੂੰ ਵੀ ਹੁਣ ਦੇਰ ਹੋ ਚੁੱਕੀ ਹੈ। ਏਥੇ ਸੁਆਲ ਪੈਦਾ ਹੁੰਦਾ ਹੈ ਕਿ ਕੀ ਇਸ ਫੈਸਲੇ ਨੂੰ ਕਰਾਂਤੀਕਾਰੀ ਕਿਹਾ ਜਾ ਸਕਦਾ ਹੈ?

ਇਹ ਦੋਵੇਂ ਕਹਾਣੀਆਂ ਕਾਮ, ਹਿੰਸਾ, ਪਿੱਤਰੀ ਸੰਬੰਧਾਂ ਦੇ ਆਪਸੀ ਟਕਰਾ ਵਿਚੋਂ ਉਦੈ ਹੋ ਕੇ ਬਿਰਤਾਂਤ ਸਿਰਜਦੀਆਂ ਹਨ। ਇਨ੍ਹਾਂ ਵਿਚ ਇਕ ਪਾਸੇ ਸ਼ੱਕ ਦੇ ਦੁਖਾਂਤ ਵਿਚ ਪਿਸਦੀ ਔਰਤ ਹੈ ਦੂਸਰੇ ਪਾਸੇ ਘਰ ਵਿਚ ਹੀ ਯੋਨ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਔਰਤ ਹੈ। ਜੇ ਕਾਮ ਨੂੰ ਕੁਦਰਤ ਦੀ ਇਕ ਚਾਲਕ ਸ਼ਕਤੀ ਮੰਨ ਲਈਏ ਤਾਂ ਸਭਿਆਚਾਰਕ ਸਿਰਜਨਾ ਨੇ ਕਿਸੇ ਹੱਦ ਤੱਕ ਕੁਦਰਤੀ ਇੱਛਾ ਨੂੰ ਕੰਟਰੋਲ ਕੀਤਾ ਹੈ ਪਰ ਦੂਜੇ ਪਾਸੇ ਮਨੁੱਖ ਸਮਾਜਕ ਪ੍ਰਾਣੀ ਹੋਣ ਦੇ ਨਾਲ ਨਾਲ ਮਾਨਸਿਕ ਪ੍ਰਾਣੀ ਵੀ ਹੈ। ਮਾਨਸਿਕਤਾ ਵਿਚ ਪਈਆਂ ਅਮੋੜ ਇਛਾਵਾਂ ਜਦੋਂ ਜਾਗਦੀਆਂ ਹਨ ਤਾਂ ਇਹ ਪਸ਼ੂਤਾ ਵਿਚ ਢਲ ਜਾਂਦੀਆਂ ਹਨ। ਇਨ੍ਹਾਂ ਦੇ ਝਲਕਾਰੇ ਸਾਨੂੰ ਦੋਹਾਂ ਕਹਾਣੀਆਂ ਵਿਚੋਂ ਮਿਲਦੇ ਹਨ। ਪ੍ਰੇਮ ਗੋਰਖੀ ਸਾਡਾ ਸਸ਼ਕਤ ਕਹਾਣੀਕਾਰ ਹੈ ਪਤਾ ਨਹੀਂ ਆਲੋਚਕਾਂ ਨੇ ਉਹਦੇ ਕਹਾਣੀ ਸੰਸਾਰ ਨੂੰ ਘੋਖਣ ਦਾ ਜਤਨ ਕਿਉਂ ਨਹੀਂ ਕੀਤਾ। ਉਹਦੀਆਂ ਕਹਾਣੀਆਂ ਕਈ ਸੁਆਲ ਖੜੇ ਕਰਦੀਆਂ ਹਨ। ਸਮਕਾਲੀ ਸਰੋਕਾਰਾਂ ਨੂੰ ਮੁਖਾਤਬ ਹਨ ਤੇ ਸਮੇਂ ਦੀ ਤੋਰ ਵਿਚੋਂ ਪੰਜਾਬੀ ਬੰਦੇ ਨੂੰ ਸੰਦੇਸ਼ ਦੇਂਦੀਆਂ ਹਨ। ਇਨ੍ਹਾਂ ਦੋਹਾਂ ਕਹਾਣੀਆਂ ਦੇ ਪਾਠਗਤ ਅਧਿਐਨ ਵਿਚੋਂ ਅਸਾਂ ਸਿਰਫ ਕੁਝ ਸਮਝ ਬਣਾਉਣ ਦਾ ਉਪਰਾਲਾ ਕੀਤਾ ਹੈ ਹਾਲਾਂਕਿ ਇਨ੍ਹਾਂ ਦੇ ਹੋਰ ਪਾਸਾਰ ਵੀ ਘੋਖੇ ਜਾ ਸਕਦੇ ਹਨ। (**ਸੰਪਰਕ**-88476-10125)

---

# 'ਧਰਤੀ ਪੁੱਤਰ' ਦੀ ਰਚਨਾ ਵਿਧੀ

## -ਡਾ. ਚੰਦਰ ਮੋਹਨ

---

ਪ੍ਰੇਮ ਗੋਰਖੀ ਦਾ ਨਾਮ ਪਿੰਡ ਦੇ ਭੋਂ ਹੀਣ ਕੰਮੀਆਂ 'ਚੋਂ ਆਏ ਪੰਜਾਬੀ ਕਥਾਕਾਰਾਂ 'ਚ ਸ਼ੁਮਾਰ ਹੁੰਦਾ ਹੈ। ਆਪਣੀ ਕਥਾ-ਰਚਨਾ ਦੇ ਵਸਤੂ, ਵਿਧੀ ਅਤੇ ਅਨੁਭਵ ਵਿਚ ਪੇਂਡੂ/ ਸ਼ਹਿਰੀ ਦਲਿਤ/ ਮਜ਼ਦੂਰ ਵਰਗ ਦੀ ਕਠੋਰਤਾ ਅਤੇ ਸੰਵੇਦਨਸ਼ੀਲਤਾ ਨੂੰ ਪ੍ਰਮਾਣਿਕਤਾ ਸਹਿਤ ਚਿਤਰਿਨ ਉਸਦਾ ਮੂਲ ਕਥਾ-ਉਦੇਸ਼ ਹੈ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਪੰਜਾਬੀ ਕਥਾ-ਸੰਸਾਰ ਨੂੰ ਹੁਣ ਤਕ ਚਾਰ ਕਥਾ ਪੁਸਤਕ ਪ੍ਰਦਾਨ ਕੀਤੀਆਂ ਹਨ-'**ਮਿੱਟੀ ਰੰਗੇ ਲੋਕ**', '**ਜੀਣ ਮਰਨ**', '**ਅਰਜਨ ਸਫ਼ੈਦੀ ਵਾਲਾ**' ਅਤੇ '**ਧਰਤੀ ਪੁੱਤਰ**', '**ਜਨਰੇਸ਼ਨ ਗੈਪ**'। ਹੱਥਲੀ ਪੁਸਤਕ '**ਧਰਤੀ ਪੁੱਤਰ**' ਵਿਚ ਕੁੱਲ ਬਾਰਾਂ ਕਹਾਣੀਆਂ ਸ਼ਾਮਲ ਹਨ। ਅਲੰਕ੍ਰਿਤ ਬੋਲ-ਚਾਲੀ ਦੁਆਬੀ ਭਾਸ਼ਾ ਇਨ੍ਹਾਂ ਕਹਾਣੀਆਂ ਨੂੰ ਨਿਵੇਕਲਾ ਰੰਗ ਦਿੰਦੀ ਹੈ। ਇਹ ਨਿਵੇਕਲਾ ਰੰਗ ਹੀ ਪ੍ਰੇਮ ਗੋਰਖੀ ਨੂੰ ਬਾਕੀ ਦੇ ਪੰਜਾਬੀ ਕਥਾਕਾਰਾਂ ਵਿਚ ਵਿਸ਼ੇਸ਼ ਹਸਤਾਖ਼ਰ ਬਣਾ ਦਿੰਦਾ ਹੈ।

ਇਸ ਕਹਾਣੀ ਸੰਗ੍ਰਹਿ ਦੀ ਸਿਰਲੇਖ ਵਾਲੀ ਕਹਾਣੀ '**ਧਰਤੀ ਪੁੱਤਰ**' (**ਪ੍ਰਕਾਸ਼ਕ: ਕੁਕਨੂਸ ਪ੍ਰਕਾਸ਼ਨ, ਜਲੰਧਰ, ਸਾਲ: 2002, ਪੰਨੇ :96, ਮੁੱਲ: 85 /-**) ਤਿੰਨ ਤਰ੍ਹਾਂ ਦੇ ਮਜ਼ਦੂਰਾਂ ਦੀ ਸਮਾਜਕ ਤੇ ਆਰਥਿਕ ਪੱਧਰ ਉੱਪਰ ਉਸਰੀ ਉਹਨਾਂ ਦੀ ਸਭਿਆਚਾਰਕ ਤੇ ਮਾਨਸਿਕ ਬਣਤਰ ਨੂੰ ਉਚਤ, ਹੀਣਤਾ, ਕ੍ਰੋਧ, ਹਿੰਸਾ, ਸਾਧਨਾ ਆਦਿ ਮਨੁੱਖੀ ਭਾਵਾਂ ਉਦਗਾਰਾਂ ਸਹਿਤ ਉਜਾਗਰ ਕਰਦੀ ਹੈ। ਪਹਿਲੀ ਤਰ੍ਹਾਂ ਦੇ ਮਜ਼ਦੂਰਾਂ ਨੂੰ ਸਾਲਾਨਾ ਮਜ਼ਦੂਰ ਜਾਂ ਸੀਰੀ ਕਿਹਾ ਜਾ ਸਕਦਾ ਹੈ ਜਿਸ ਦੀ ਪ੍ਰਤਿਨਿਧਤਾ ਪਿਆਰਾ ਅਤੇ ਉਸਦਾ


ਪਿਉ ਕਰਦੇ ਹਨ। ਦੂਸਰੀ ਤਰ੍ਹਾਂ ਦੇ ਪੰਜਾਬ ਤੋਂ ਬਾਹਰਲੇ ਮਜ਼ਦੂਰ, ਜਿਸ ਦਾ ਪ੍ਰਤਿਨਿਧ ਪਾਤਰ ਜੈ ਦੇਵ ਹੈ। ਤੀਸਰੀ ਤਰ੍ਹਾਂ ਦੇ ਪਰਵਾਸੀ ਮਜ਼ਦੂਰ, ਜਿਸਦੀ ਪ੍ਰਤਿਨਿਧਤਾ ਕਿਰਪਾਲ ਸਿੰਘ ਕਰਦਾ ਹੈ। ਪੰਜਾਬ ਵਿਚ ਆਇਆ ਇਹ ਪਰਵਾਸੀ ਪੰਜਾਬੀ ਮਜ਼ਦੂਰ ਪਹਿਲੇ ਦੋਵੇਂ ਤਰ੍ਹਾਂ ਦੇ ਮਜ਼ਦੂਰਾਂ ਨਾਲੋਂ ਆਪਣੇ ਆਪ ਨੂੰ ਹਰੇਕ ਪੱਖ ਤੋਂ ਸ੍ਰੇਸ਼ਟ ਸਮਝਦਾ ਹੈ ਜਦਕਿ ਪਰਵਾਸੀ ਬਣਿਆ ਉਹ ਖੁਦ ਨੂੰ ਇਨ੍ਹਾਂ ਸਮਾਨ ਸਮਝਣ ਲਈ ਮਜਬੂਰ ਹੈ। ਇਸ ਗੱਲ ਦੀ ਪੁਸ਼ਟੀ ਉਦੋਂ ਹੁੰਦੀ ਹੈ ਜਦੋਂ ਉਹ ਰਹਿਣ-ਸਹਿਣ ਪੱਖੋਂ ਆਪਣੀ ਤੁਲਨਾ ਜੇਦੇਵ ਨਾਲ ਕਰਦਾ ਹੈ। ਕਹਾਣੀ ਸੁਝਾਉਂਦੀ ਹੈ ਕਿ ਗਲੋਬਲ ਪੱਧਰ ਉਤੇ ਧਰਤੀ ਦੇ ਪੁੱਤਰ ਖੁਦ ਮਿਹਨਤਕਸ਼ ਮਜ਼ਦੂਰ ਇਨਸਾਨ ਹਨ। ਜਦੋਂ ਤਕ ਇਹਨਾਂ ਵਿਚ ਜਾਤੀ ਅਭਿਮਾਨ ਕਇਮ ਹੈ, ਉਦੋਂ ਤਕ ਜਮਾਤੀ ਸੰਘਰਸ਼ ਸੰਭਵ ਨਹੀਂ ਹੈ। ਜਾਤੀ ਅਤੇ ਜਮਾਤੀ ਆਪਸ ਵਿਰੋਧੀ ਵਿਚਾਰਧਾਰਾਵਾਂ ਦਾ ਪ੍ਰਤਿਪਾਦਨ ਨਹੀਂ ਕਰਦੀਆਂ। ਪੰਜਾਬੀ ਗਲਪ ਵਿਚਲੇ ਦਲਿਤਵਾਦ ਨੂੰ ਇਸੇ ਪ੍ਰਸੰਗ ਅਧੀਨ ਵਿਚਰਨ ਦੀ ਲੋੜ ਇਹ ਕਹਾਣੀ ਪੂਰੀ ਕਰਦੀ ਜਾਪਦੀ ਹੈ। **'ਭੇਤੀ ਬੰਦਾ'** ਨਾਉਂ ਦੀ ਕਹਾਣੀ ਵੀ ਕੁਝ ਇਸੇ ਕਿਸਮ ਦਾ ਹੀ ਸੁਝਾਉ ਦਿੰਦੀ ਜਾਪਦੀ ਹੈ।

ਜਾਤ-ਪਾਤੀ ਮਿੱਥ ਦਾ ਯਥਾਰਥਕ ਦ੍ਰਿਸ਼ਟੀਕੋਣ ਨਾਲ ਭੰਜਨ ਕਰਦੀ ਕਹਾਣੀ **'ਭਲਾ ਇਉਂ ਵੀ ਕੋਈ ਜਿਉਂਦੈ'** ਕਲਾਤਮਕ ਪੱਖੋਂ ਵਧੀਆ ਕਹਾਣੀ ਹੈ। ਕਹਾਣੀ ਵਿਚ ਭੂਆ ਭਤੀਜੀ ਦੇ ਇਸਤਰੀ ਪਾਤਰ ਹਨ। ਦੋਹਾਂ ਦੀ ਯਥਾਰਥਕ ਚੇਤਨਾ ਨੀਵੀਂ ਜਾਤ ਦੇ ਸੁੰਦਰ ਮਰਦਾਂ ਵੱਲ ਉਲਾਰ ਹੈ। ਕਹਾਣੀ ਵਿਚ ਭੂਆ ਜਾਤ ਹੰਕਾਰੀ ਦਹਿਸ਼ਤ ਦਾ ਸ਼ਿਕਾਰ ਹੋਣ ਕਰਕੇ ਨਹੀਂ, ਬਲਕਿ ਆਪਣੇ ਪਿਆਰ ਦੇ ਅਪਮਾਨਤ ਹੋਣ ਦੀ ਸ਼ੱਕ ਕਰਕੇ ਆਫਣੇ ਪ੍ਰੇਮੀ ਭਜੀ ਦੀ ਹੱਤਿਆ ਕਰ ਦਿੰਦੀ ਹੈ। ਕਹਾਣੀ ਵਿਚ ਪ੍ਰੀਤੀ ਭੂਆ ਨਾਲ ਵਾਪਰੀ ਇਸ ਘਟਨਾ ਦੇ ਪਸ਼ਚਾਤਾਪ ਲਈ ਉਸਦੀ ਭਤੀਜੀ ਜਰਮਨ ਦੇ ਭਜੀ ਦੇ ਭਤੀਜੇ ਹਰਜਾਪ ਨਾਲ ਸਫ਼ਲ ਪ੍ਰੇਮ-ਸੰਬੰਧ ਹੀ ਕਾਫ਼ੀ ਹਨ। ਪ੍ਰੇਮ-ਸੰਬੰਧਾਂ ਦੀ ਪ੍ਰਤਿਨਿਧਤਾ ਕਰਨ ਵਾਲੇ ਪਾਤਰਾਂ ਦੇ ਪਾਸੇ ਬਦਲ ਕੇ ਕਹਾਣੀ 'ਵਿੱਥ' ਦੀ ਸਿਰਜਣਾ ਕੀਤੀ ਗਈ ਹੈ।

**'ਵਿੱਥ'** ਕਹਾਣੀ ਵਿਚ ਦੋ ਸੰਪਤੀ ਪਾਤਰ ਜੋੜਿਆਂ ਦੀ ਆਪਸੀ ਸਾਂਝ ਅਤੇ ਵਿੱਥ ਕਾਰਜਸ਼ੀਲ ਹੈ। ਇਹ ਜੋੜੇ ਹਨ-ਗੁਰਬਖਸ਼ ਤੇ ਹਰਪ੍ਰੀਤ ਅਤੇ ਕਾਮਰੇਡ ਜਗਬੀਰ ਸਿੰਘ ਤੇ ਬਿੰਦਰ। ਗੁਰਬਖਸ਼ ਦੇ ਭਾਈਏ (ਪਿਫਉ) ਦੀ ਸੋਚ ਰਾਹੀਂ ਕਹਾਣੀ ਵਿਚ ਪ੍ਰਸ਼ਨ ਪੈਦਾ ਕੀਤਾ ਗਿਆ ਹੈ ਕਿ ਚੰਗੀ ਤੇ ਮਾੜੀ (ਉੱਚੀ ਤੇ ਨੀਵੀਂ ਜਾਤ) ਕੰਪਨੀ ਵਿਚ ਅੰਤਰ ਮਹਿਸੂਸ ਕਰਨ ਵਾਲੇ ਇਸ ਇਨਸਾਨ ਦੇ ਮਨ ਵਿਚੋਂ ਅਮਰੀਕਾ ਦਾ ਨਾਂ ਸੁਣਦਿਆਂ ਹੀ ਇਹ ਅੰਤਰ ਮਹਿਸੂਸ ਕਰਨ ਦੀ ਸ਼ਕਤੀ ਖਤਮ ਕਿਉਂ ਹੋ ਜਾਂਦੀ ਹੈ? ਗੁਰਬਖਸ਼ ਦੀ ਪਤਨੀ ਗੁਰਪ੍ਰੀਤ ਸਾਰੀ ਕਹਾਣੀ ਵਿਚ ਤਾਂ ਆਪਣੇ ਆਪ ਨੂੰ ਸ਼ੇਰਨੀ ਸਮਾਨ ਸਮਝਦੀ ਹੈ ਪਰ ਕਹਾਣੀ ਦੇ ਅੰਤ ਵਿਚ ਆਪਣੇ ਪਤੀ ਗੁਰਬਖਸ਼ ਦੀ ਛਾਤੀ ਨਾਲ ਲੱਗ ਕੇ ਉੱਚੀ -ਉੱਚੀ ਰੋਣਾ ਉਸਦੇ ਸ਼ੇਰਨੀ ਸੁਭਾਅ ਤੋਂ ਉਲਟ ਕਿਉਂ ਹੋ ਜਾਂਦਾ ਹੈ? ਦੋਹਾਂ ਪ੍ਰਸ਼ਨਾਂ ਦਾ ਉੱਤਰ ਇਕ ਪਾਸੇ ਤਾਂ ਕਹਾਣੀ ਦੇ ਗਲਪੀ ਪ੍ਰਗਟਾਅ ਵਿਚ ਪਿਆ ਹੋਇਆ ਹੈ ਅਤੇ ਦੂਸਰੇ ਪਾਸੇ ਪਾਤਰਾਂ ਦੇ ਦ੍ਰਿਸ਼ਟੀਕੋਣ ਵਿਚ। ਕਹਾਣੀਕਾਰ ਨੇ ਪਾਤਰਾਂ ਦੇ ਦ੍ਰਿਸ਼ਟੀਕੋਣ ਵਿਚ ਇਕ ਵਿੱਥ ਸਿਰਜ ਕੇ ਇਹ ਦੱਸਣ ਦਾ ਜਤਨ ਕੀਤਾ ਹੈ ਕਿ ਸਮਾਜ ਵਿਚ ਅਸਲ ਦੀ ਥਾਂ ਨਕਲ, ਅਸੂਲ ਦੀ ਥਾਂ ਆਪਹੁਦਰਾਪਣ ਅਤੇ ਜਾਤ-ਬਰਾਦਰੀ ਪੱਖੋਂ ਉੱਚੇ/ ਨੀਵੇਂ ਹੋਣ ਦੇ ਦੰਭੀ ਫੁੰਕਾਰੇ ਅਕਸਰ ਸੁਣਨ ਤੇ ਵੇਖਣ ਨੂੰ ਮਿਲ ਜਾਂਦੇ ਹਨ। ਕੁਝ ਇਸੇ ਤਰ੍ਹਾਂ ਦੇ ਉਦੇਸ਼ ਨੂੰ ਆਪਣੇ ਸਾਹਮਣੇ ਰੱਖਦੀ ਹੈ **'ਟੱਲਾ'** ਨਾਮਕ ਕਹਾਣੀ।

ਮੈਂ ਪਾਤਰ ਵਿਚ ਤਬਦੀਲ ਹੋਇਆ ਧਰਮ ਸਿੰਘ, ਇਸ ਕਹਾਣੀ ਵਿਚ ਸਮਾਜ ਦੇ ਦੋ ਟੱਲਿਆਂ ਦੀ ਗਲਪੀ ਰਮਜ਼ ਸਮਝਾਉਂਦਾ ਵਿਖਾਈ ਦਿੰਦਾ ਹੈ। ਪਹਿਲਾ, ਪੰਜਾਬੀ ਸਮਾਜ ਦੇ ਰਿਸ਼ਤਾਨਾਤਾਦਾਰੀ ਪ੍ਰਬੰਧ

ਨੂੰ ਓੜ੍ਹਨ ਵਾਲਾ। ਦੂਸਰਾ, ਕਾਮਰੇਡੀ ਅਸੂਲਾਂ ਨੂੰ ਕੱਜਣ ਵਾਲਾ। ਪਾਲਾ ਸਿੰਘ ਉਪਰ ਦੋਵੇਂ ਟੱਲੇ ਪਾ, ਕਹਾਣੀਕਾਰ, ਰਮਜ਼ ਸਮਝਾਉਂਦਾ ਹੈ ਕਿ ਦੋਵੇਂ ਟੱਲਿਆਂ ਨੇ ਹੀ ਪਾਲਾ ਸਿੰਘ ਦੀ ਮਿੱਟੀ ਪਲੀਤ ਕੀਤੀ ਤੇ ਅੰਤ ਨੂੰ ਉਸਨੂੰ ਤੜਫਦੇ ਹੋਏ ਚੂਹੇ ਵਾਂਗ ਤੜਪਦੇ ਹੋਏ ਦਮ ਤੋੜਨ ਲਈ ਮਜਬੂਰ ਕੀਤਾ। ਕਹਾਣੀ ਵਿਚਲੇ ਪਾਲਾ ਸਿੰਘ ਵਾਂਗ ਹੀ ਆਮ ਇਨਸਾਨ ਨੂੰ ਵੀ ਜੀਵਨ ਵਿਵਹਾਰ ਕਰਨਾ ਪੈ ਸਕਦਾ ਹੈ। ਪਾਲਾ ਸਿੰਘ ਯਥਾਰਥੀ ਪਾਤਰ ਹੈ। ਜੇਕਰ ਕਹਾਣੀਕਾਰ ਸਮਾਜ ਤੇ ਪ੍ਰੇਰਿਤ ਹੋਏ ਉਸਦੇ ਸੁਭਾਅ ਨੂੰ ਉਸੇ ਪ੍ਰੇਰਤ ਰੂਪ ਵਿਚ ਨਾ ਚਿਤਰਦਾ ਤਾਂ ਕਹਾਣੀ ਦੀ ਰੌਚਕਤਾ ਦੇ ਘਟਣ ਦੀ ਸੰਭਾਵਨਾ ਬਣ ਜਾਣੀ ਸੀ।




ਇਸ ਕਹਾਣੀ ਸੰਗ੍ਰਹਿ ਵਿਚ ਮਨੁੱਖੀ ਦਿਲਾਂ ਅੰਦਰ ਜਾਗਦੀ ਅਪਣੱਤ ਦੀ ਭਾਵਨਾ ਦੇ ਅਹਿਸਾਸ ਨੂੰ ਫੜਦੀਆਂ ਚਾਰ ਬੇਮਿਸਾਲ ਕਹਾਣੀਆਂ ਹਨ। ਪਹਿਲੀ **'ਅਧਿਕਾਰ'**, **ਦੂਸਰੀ 'ਤਿੱਖੀ ਚੁੱਪ'**, ਤੀਸਰੀ **'ਅਗਲੇ ਸਟੇਸ਼ਨ ਤਕ'**, ਅਤੇ ਚੌਥੀ **'ਦੁੱਧ-ਧਾਰ'** ਪਹਿਲੀ ਕਹਾਣੀ ਵਿਚ ਅਪਣੱਤ ਦੀ ਭਾਵਨਾ ਇਕ ਟੱਬਰ ਨੂੰ ਟੁੱਟਣੋਂ ਬਚਾ ਦਿੰਦੀ ਹੈ। ਦੂਸਰੀ ਕਹਾਣੀ ਵਿਚ ਇਹ ਭਾਵਨਾ ਇਕ ਜਾਤ-ਬਰਾਦਰੀ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸੰਗਠਿਤ ਕਰਦੀ ਹੈ। ਤੀਸਰੀ ਵਿਚ, ਇਹ ਭਾਵਨਾ ਮਨੁੱਖੀ ਦਿਲਾਂ 'ਚੋਂ ਬਦਲੇ ਦੀ ਭਾਵਨਾ ਨੂੰ ਖਤਮ ਕਰਨ ਦਾ ਹਥਿਆਰ ਬਣਦੀ ਹੈ। ਚੌਥੀ ਵਿਚ, ਅਜਿਹੀ ਭਾਵਨਾ ਨੂੰ ਡਾਕਟਰੀ, ਮਨੋਵਿਗਿਆਨਕ ਅਤੇ ਅੰਧ ਵਿਸ਼ਵਾਸੀ ਇਲਾਜ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਇਲਾਜ ਪ੍ਰਨਾਲੀ ਦੇ ਰੂਪ ਵਿਚ ਸਵੀਕਾਰਿਆ ਗਿਆ ਹੈ। ਤਿੰਨ ਹੋਰ ਕਹਾਣੀਆਂ- **'ਲੇਹਾ'**, **'ਆਪਣਾ ਅੱਧ'**, **'ਜੜ੍ਹਾਂ'** ਵਿਚ ਇਸ ਭਾਵਨਾ ਦੀ ਅਣਹੋਂਦ ਵਿਖਾਈ ਗਈ ਹੈ। 'ਲੇਹਾ' ਵਿਚ ਇਸਦੀ ਅਣਹੋਂਦ ਕਾਰਨ ਆਪਣੀ ਜਾਤ-ਬਰਾਦਰੀ ਤੋਂ ਵਿਛੁੰਨੇ ਹੋਣ ਦੇ ਤੀਬਰ ਅਹਿਸਾਸ ਪਾਤਰਾਂ ਵਿਚ ਵਿਸ਼ੇਸ਼ ਕਰ, ਗੁਰਨਾਮ ਕੌਰ ਵਿਚ ਪੈਦਾ ਹੁੰਦੇ ਵਿਖਾਏ ਗਏ ਹਨ। 'ਆਪਣਾ ਅੱਧ' ਵਿਚ ਸੰਯੁਕਤ ਪਰਿਵਾਰਕ ਪੇਂਡੂ ਇਕਾਈ ਨੂੰ ਵਿਗਠਿਤ ਹੁੰਦਿਆਂ ਵਿਖਾਇਆ ਗਿਆ ਹੈ। 'ਜੜ੍ਹਾਂ' ਵਿਚ ਇਸ ਭਾਵਨਾ ਦੀ ਅਣਹੋਂਦ ਕਾਰਨ ਇਕ ਪਾਸੇ ਤਾਂ ਦੰਪਤੀ ਰਿਸ਼ਤਾ ਟੁੱਟਦਾ ਦਿਖਾਇਆ ਹੈ ਅਤੇ ਦੂਸਰੇ ਪਾਸੇ ਇਕ ਵਿਸ਼ੇਸ਼ ਸਮਾਜੀ ਵਿਚਾਰਧਾਰਾ ਕਾਮਰੇਡ ਕਮਿੱਕਰ ਸਿੰਘ ਨੂੰ ਆਪਣੇ ਨਾਲ ਜੋੜਨੋਂ ਅਸਮਰੱਥ ਜਾਪਦੀ ਵਿਖਾਈ ਗਈ ਹੈ।

ਅੰਤਲੀ ਗੱਲ ਪੰਜਾਬ ਕਥਾ ਪਾਠਕਾਂ ਲਈ ਕਹਾਣੀਆਂ ਦੀ ਇਹ ਪੁਸਤਕ ਪੜ੍ਹਨੀ ਜ਼ਰੂਰੀ ਬਣ ਜਾਂਦੀ ਹੈ। ਇਹ ਦੇਖਣ ਲਈ ਕਿ ਪ੍ਰੇਮ ਗੋਰਖੀ ਸੱਚਮੁੱਚ ਹੀ ਆਪਣੇ ਸਮਕਾਲੀ ਪੰਜਾਬੀ ਕਹਾਣੀਕਾਰਾਂ ਨਾਲੋਂ ਆਪਣੀ ਅਲੱਗ ਪਛਾਣ ਕਾਇਮ ਰੱਖ ਸਕਿਆ ਹੈ? (**ਸੰਪਰਕ-98722-82476**)

## ਆਪਣੀ ਮਿੱਟੀ ਦੀ ਤਲਾਸ਼ ਕਰਦੇ ਲੋਕਾਂ ਦੀ ਕਥਾ : 'ਮਿੱਟੀ ਰੰਗੇ ਲੋਕ'/ -ਡਾ. ਸੰਤੋਖ ਸਿੰਘ


ਮਨੁੱਖ ਦੀ ਹੋਂਦ ਜੀਵ ਵਿਗਿਆਨਿਕ ਪਹਿਲੂਆਂ ਤੋਂ ਸ਼ੁਰੂ ਹੁੰਦੀ ਮਹਿਸੂਸਣ ਦੇ ਮਨੋਵਿਗਿਆਨ ਰਾਹੀਂ ਪ੍ਰਭਾਸ਼ਿਤ ਹੁੰਦੀ ਹੈ ਤੇ ਇਸ ਦੇ ਸੁੱਖ, ਸੁਵਿਧਾ, ਸੁਰੱਖਿਆ, ਸ੍ਰੇਸ਼ਟਤਾ, ਵਰਗੇ ਤੱਤ ਇਸ ਨੂੰ ਗਤੀਸ਼ੀਲ ਰੱਖਦੇ ਹਨ। ਇਹ ਹੀ ਬਹੁਤ ਸਿਰਜਦੇ ਤੇ ਬਹੁਤ ਤੋੜਦੇ ਹਨ। ਸੂਖਮਤਾ ਨਾਲ ਦੇਖਦਿਆਂ ਇਹ ਗੱਲ ਵੀ ਸਮਝ ਪੈਂਦੀ ਹੈ ਕਿ ਮਨੁੱਖ ਬਹੁਤਾ ਤੋੜਦਾ ਹੈ, ਬਣਾਉਂਦਾ ਘੱਟ ਹੈ। ਕਾਰਨ ਇਹ ਉਸ ਅੰਦਰ ਵਾਪਰ ਰਹੀਆਂ ਜੀਵ ਵਿਗਿਆਨਿਕ ਗਤੀਵਿਧੀਆਂ ਕਾਰਨ ਹੈ। ਨੱਕ ਰਾਹੀਂ ਫੇਫੜਿਆਂ ਵਿਚ ਜਾਂਦੀ ਹਵਾ ਵਿਚੋਂ ਕੇਵਲ ਆਕਸੀਜਨ ਸਿਆਣੀ ਜਾਂਦੀ ਹੈ ਤੇ ਆਕਸੀਜਨ ਬਾਲਣ ਦਾ ਕੰਮ ਕਰਦੀ ਹੈ। ਇਸੇ ਤਰ੍ਹਾਂ ਭੋਜਨ ਟੁਟਦਾ ਹੈ ਫਿਰ ਊਰਜਾ ਦਾ ਰੂਪਾਂਤਰਨ ਹੁੰਦਾ ਹੈ। ਇਸ ਲਈ ਬਣਨਾ, ਟੁੱਟਣਾ, ਵਗਣਾ, ਸੁੱਕਣਾ, ਮੁੱਕਣਾ, ਮਿੱਟੀ ਬਣ ਵਿਚ ਬਨਸਪਤੀ ਵਿਚ ਵਹਿਣਾ ਸਾਰਾ ਜੀਵਨ ਦਾ ਹੀ ਹਿੱਸਾ ਹੈ।

ਇਸੇ ਤਰ੍ਹਾਂ ਵਿਅਕਤੀਆਂ ਨੇ ਜਦੋਂ ਇਕੱਠੇ ਜਿਉਣ ਦਾ ਫ਼ੈਸਲਾ ਲਿਆ ਤਦੋਂ ਉਸ ਅੰਦਰ ਪਿਆਰ, ਸਤਿਕਾਰ ਦਾ ਸਭਿਆਚਾਰ ਬਣਿਆ। ਇਸ ਪ੍ਰਕਿਰਿਆ ਵਿਚ ਵੱਧ ਤਾਕਤ ਵਾਲੇ ਬੰਦੇ ਦਾ, ਬਹਾਦਰ, ਨਿਡਰ ਵਿਅਕਤੀ ਦਾ ਜ਼ਰੂਰ ਸਤਿਕਾਰ ਹੁੰਦਾ ਹੋਵੇਗਾ। ਭਾਵ ਇਹ ਕਿ ਮਨੁੱਖ ਨੇ ਜਿਉਂਦੇ ਰਹਿਣ ਲਈ ਕੁਝ ਸਿਧਾਂਤ, ਕਰਮ ਸਿਰਜ ਲਏ ਜਿਸ ਨਾਲ ਉਸਦੇ ਭਾਵਾਂ ਨੂੰ, ਸਰੀਰ ਨੂੰ ਊਰਜਾ ਮਿਲਦੀ ਰਹੇ। ਪਰ ਇਸ ਭਾਵ ਨੇ ਆਪਣੀ ਸ਼ੁੱਧਤਾ ਪੂਰਨ ਤੌਰ 'ਤੇ ਕਾਇਮ ਨਹੀਂ ਰੱਖੀ। ਇਕੱਠੇ ਰਹਿੰਦਿਆਂ ਵੱਖਰੇ ਦਿਸਣ ਦੀ ਤਾਂਘ ਨੇ ਮਨੁੱਖ ਨੂੰ ਕਪਟੀ ਤੇ ਨੌਟੰਕੀ ਇਕਾਈ ਵਿਚ ਬਦਲ ਦਿੱਤਾ ਹੈ। ਇਸ ਨੇ ਮਨੁੱਖ ਨੂੰ ਮਨੁੱਖ ਦੇ ਖਿਲਾਫ਼ ਖੜਾ ਕੀਤਾ ਹੈ ਜਿਹੜਾ ਵਿਭਿੰਨ ਤੱਤਾਂ, ਤਾਕਤਾਂ ਰਾਹੀਂ ਸਭਿਆਚਾਰ ਦੇ ਰੂਪ ਵਿਚ ਵਟ ਗਿਆ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਭਿਆਚਾਰ ਸ਼ਬਦ ਨੇ ਸਾਊ ਦਿਖਣ ਦੀ ਕਾਮਨਾ ਵਿਚੋਂ ਬਹੁਤ ਮਾਣ, ਸਤਿਕਾਰ ਲਿਆ ਪਰੰਤੂ ਸਮਾਜ ਦੇ ਸਿਰਜੇ ਸਿਧਾਂਤਾਂ ਵਿਚ ਮਨੁੱਖ ਲਈ ਕਦੇ ਵੀ ਇਕਸਾਰਤਾ, ਹਮਦਰਦੀ ਨਹੀਂ ਰਹੀ ਹੈ। ਇਹੀ ਤੱਤ ਨੇ ਜਿਹੜੇ ਮਨੁੱਖ ਨੂੰ ਸੰਘਰਸ਼ ਲਈ ਪ੍ਰੇਰਿਤ ਕਰਦੇ ਰਹੇ ਹਨ। ਇਸੇ ਦਾ ਹੀ ਵਿਸਤਾਰ ਮੰਡੀ ਰਾਹੀਂ ਵਿਸ਼ਵ ਯੁੱਧ ਹਨ, ਗ੍ਰਹਿਯੁੱਧ ਹਨ, ਆਪਾ ਯੁੱਧ ਹਨ।

ਭਾਰਤ ਵਿਚ ਵੀ ਇਹ ਯੁੱਧ ਬਰਕਰਾਰ ਰਹੇ ਹਨ। ਇਥੋਂ ਦੀ ਸਭਿਅਤਾ ਵੀ ਲੰਮੇਰੇ ਅੰਤਰਾਲ ਵਿਚ ਵਰਣਾ ਰਾਹੀਂ ਪ੍ਰਗਟ ਹੋਈ। ਕੰਮ ਦੀ ਵੰਡ ਨੇ ਕੰਮੀਆਂ ਦੀ ਵੰਡ ਤੱਕ ਵਿਸਤਾਰ ਕੀਤਾ। ਵਰਣ ਤੋਂ ਜਾਤ, ਜਾਤ ਤੋਂ ਕੰਮ ਭੇਦ ਤੋਂ ਨਵੀਂ ਜਾਤ, ਗੋਤਾਂ ਦਾ ਪਦਕ੍ਰਮ ਬਹੁਤ ਵਖਰੇਵੇ ਪੈਦਾ ਕਰਨ ਵਾਲੇ ਤੱਤ ਹਨ। ਸ਼ਖ਼ਸੀਅਤ ਅੰਦਰ ਵਖਰਾ ਹੋਣ ਦਾ ਅਹਿਸਾਸ ਬੀਜਣਾ ਭਾਰਤੀ ਸੰਸਕ੍ਰਿਤੀ ਦਾ ਵਿਲੱਖਣ ਨਾਕਾਰਾਤਮਕ ਗੁਣ/ਵਿਸ਼ੇਸ਼ਤਾ ਹੈ ਜਿਥੋਂ ਹੋਰ ਸਾਰੇ ਵਖਰੇਵੇਂ ਪੈਦਾ ਹੁੰਦੇ ਹਨ। ਭਾਰਤੀ ਦਵਿਜ ਨੇ ਦੁਵਿਧਾ ਪੈਦਾ ਕਰ ਦਿੱਤੀ ਹੈ। ਜੋ ਜਿਥੇ ਆਪਣੀ ਹੋਂਦ ਨੂੰ ਹੀ ਸਥਾਪਤ ਨਹੀਂ ਰੱਖਦਾ ਸਗੋਂ ਹੋਰ ਲੋਕਾਂ ਦੀ ਇਸ ਸ਼ਕਤੀ ਤੇ ਕੰਟਰੋਲ ਰੱਖਦਾ ਹੈ ਕਿ ਕੋਈ ਦੂਸਰਾ ਵਿਅਕਤੀ ਸਮਾਜਿਕ ਪ੍ਰਗਤੀ ਨਾ ਕਰ ਸਕੇ।

ਪੰਜਾਬੀ ਸਾਹਿਤ ਨੇ ਇਨ੍ਹਾਂ ਵਰਤਾਰਿਆ ਨੂੰ ਵਿਭਿੰਨ ਦ੍ਰਿਸ਼ਟੀਆਂ, ਰੂਪਾਂ ਵਿਚੋਂ ਵੇਖਿਆ ਹੈ ਜਿੱਥੋਂ ਦਲਿਤ ਸਾਹਿਤ ਉਪਜਣਾ ਜ਼ਰੂਰੀ ਸੀ। ਅਜਿਹੇ ਸਾਹਿਤ ਦੇ ਉਪਜਣ ਲਈ ਸੰਵੇਦਨਾ ਤੇ ਵਿਅਕਤੀਤਵ ਲੋੜੀਂਦਾ ਸੀ ਜਿਸ ਵਿਚ ਸਮਾਜਿਕ ਕਾਣ ਨੂੰ ਕਹਿਣ, ਬਿਰਤਾਤਣ ਦੀ ਸਮਰੱਥਾ ਹੋਵੇ। ਪ੍ਰੇਮ ਗੋਰਖੀ ਵਰਗੇ ਕਹਾਣੀਕਾਰ ਅਜਿਹੀ ਹੀ ਸਮਰਥਾ ਵਾਲੇ ਸਨ ਜਿਨ੍ਹਾਂ ਨੇ ਪੰਜਾਬੀ ਕਹਾਣੀ ਨੂੰ ਅਖੌਤੀ ਆਦਰਸ਼ਾਂ, ਅਖੌਤੀ ਇਨਕਲਾਬ ਤੋਂ ਮੁਕਤ ਕਰਵਾਇਆ ਹੈ ਅਤੇ ਜਾਣ-ਬੁਝ ਕੇ ਅਣਗੋਲੇ ਕੀਤੇ ਜੀਵਨ ਦੇ ਬਿਰਤਾਂਤ ਨੂੰ ਲੋਕਾਂ ਸਾਹਮਣੇ ਲਿਆਂਦਾ ਹੈ।

'ਮਿੱਟੀ ਰੰਗੇ ਲੋਕ' (ਪ੍ਰਕਾਸ਼ਕ : ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ, ਸਾਲ : 1974, ਪੰਨੇ:88, ਮੁੱਲ: 5 /-) ਕਹਾਣੀ ਸੰਗ੍ਰਹਿ ਰਾਹੀਂ ਪ੍ਰੇਮ ਗੋਰਖੀ ਨੇ




ਪੰਜਾਬੀ ਜੀਵਨ ਵਿਚ ਪਈ ਅਸੁਰੱਖਿਆ, ਅਸਹਿਜਤਾ, ਅਸੰਜਮ, ਅਣਅਧਿਕਾਰਤਾ, ਅਧੀਨਗੀ, ਅਧਿਆਰਾਪਣ, ਅੰਧਿਆਰਾ, ਅਤ੍ਰਿਪਤੀ ਆਦਿ ਭਾਵ ਪ੍ਰਗਟ ਹੁੰਦੇ ਹਨ। ਪੰਜਾਬੀ ਜ਼ਿੰਦਗੀ ਵਿਚ ਫੈਲਿਆ ਹੋਇਆ ਬਲਾਤਕਾਰ ਉਸਦੀ ਹਰ ਕਹਾਣੀ ਵਿਚ ਪੇਸ਼ ਹੁੰਦਾ ਹੈ। ਇਹ ਭਾਵ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਸਭਿਆਚਾਰਕ ਹਰ ਰੂਪ ਵਿਚ ਦਿਖਾਈ ਦਿੰਦਾ ਹੈ। ਇਹ ਕਹਾਣੀਆਂ ਅਣਦਿਖਦੇ ਨੂੰ ਦਿਖਾਉਂਦੀਆਂ ਹਨ, ਬੇਚੈਨ ਕਰਦੀਆਂ ਹਨ, ਦਿਲ-ਦਿਮਾਗ ਨੂੰ ਪ੍ਰਸ਼ਨਾਂ ਨਾਲ ਭਰਦੀਆਂ ਹਨ। ਇਹ ਬੌਧਿਕਤਾ ਨੂੰ ਨਵੇਂ ਸੰਵਾਦ ਲਈ ਉਕਸਾਉਂਦੀਆਂ ਹਨ, ਨਵਾਂ ਦੇਖਣ ਦੀ ਰੀਝ ਤੇ ਨੀਝ ਦਿੰਦੀਆਂ ਹਨ। ਮਿੱਟੀ ਰੰਗੇ ਲੋਕਾਂ ਵਿਚੋਂ ਪਹਿਲਾ ਰੰਗ 'ਕੌਣ ਮਾਂ ਬਣਦੀ ਹੈ' ਕਹਾਣੀ ਰਾਹੀਂ ਪ੍ਰਗਟ ਹੁੰਦਾ ਹੈ ਜਿਸ ਵਿਚ ਇਕ ਬਾਲ ਆਪਣੀ ਸਨਾਖ਼ਤ ਭਾਲ ਰਿਹਾ ਹੈ। ਮੈਂ ਪਾਤਰ ਇਕ ਉਸ ਮਾਂ ਦਾ ਪੁੱਤਰ ਹੈ ਜਿਸ ਨਾਲ ਧੱਕਾ ਹੋਇਆ ਹੋਇਆ ਹੈ। ਪਿੰਡ ਦੇ ਚੌਧਰੀ ਮੀਆਂ ਬਖਸ ਚੌਧਰੀ ਦਾ ਪੁੱਤਰ ਰਾਇ ਮੁਹੰਮਦ ਜਿਹੜਾ ਸ਼ਹਿਰੋਂ ਪੇਪਰ ਦੇ ਕੇ ਆਇਆ ਹੈ ਤੇ ਪਾਰੋ ਜਿਹੜੀ ਤਰਖਾਣਾ ਦੀ ਕੁੜੀ ਹੈ ਨਾਲ ਇਸ਼ਕ ਕਰਦਾ ਹੈ। ਪਾਰੋ ਨੂੰ ਘਰੋਂ/ਪਿੰਡੋਂ ਕੱਢਿਆ ਜਾਂਦਾ ਹੈ ਤੇ ਉਹ ਬਹੁਤ ਮਿੰਨਤਾ ਤਰਲਿਆ ਰਾਹੀਂ ਰਾਇ ਮੁਹੰਮਦ ਦੇ ਬੱਚੇ ਨੂੰ ਜਨਮ ਦਿੰਦੀ ਹੈ ਪਰੰਤੂ ਆਪਣਾ ਬੱਚਾ ਕਿਸੇ ਨੂੰ ਸੰਭਾਲ ਕੇ ਇਸ ਸੰਸਾਰ ਤੋਂ ਕੂਚ ਕਰ ਜਾਂਦੀ ਹੈ ਪਰ ਬੱਚਾ ਕਿਸੇ ਵੀ ਦੁਆਰਾ ਪੂਰੀ ਤਰ੍ਹਾਂ ਅਪਣਾਇਆ ਨਹੀਂ ਜਾਂਦਾ। ਇਸ ਤਰ੍ਹਾਂ 'ਮਿੱਟੀ ਰੰਗੇ ਲੋਕਾਂ' ਦਾ ਪਹਿਲਾ ਰੰਗ ਇਹ ਹੈ ਕਿ ਇਹ ਲੋਕ ਜਿੱਥੇ ਅਮੀਰ ਲੋਕਾਂ ਦਾ ਦਬਦਬਾ ਸਹਿੰਦੇ ਹਨ, ਉਹਨਾਂ ਦੇ ਸੁਖ, ਆਰਾਮ, ਆਨੰਦ ਤੇ ਅਯਾਸ਼ੀ ਦਾ ਸਾਧਨ ਬਣਦੇ ਹਨ ਉੱਥੇ ਅਮੀਰ ਲੋਕਾਂ ਦੇ ਜ਼ੁਲਮਾਂ, ਹੇਠੀਆਂ, ਕਰੂਰਤਾਵਾਂ ਨੂੰ ਭੁਗਤਦੇ ਹਨ। ਇਹ ਜ਼ੁਲਮ ਦਾ ਆਧਾਰ ਕੇਵਲ ਆਰਥਿਕਤਾ ਨਹੀਂ ਹੈ ਸਗੋਂ ਸਭਿਆਚਾਰਕ ਵੀ ਹੈ। ਕਹਾਣੀ ਬਹੁਤ ਸਾਰੇ ਸੁਆਲ ਖੜ੍ਹੇ ਕਰਦੀ ਹੈ ਕਿ ਆਖਰ ਇਨ੍ਹਾਂ ਵਰਤਾਰਿਆ ਦਾ ਅੰਤ ਕੀ ਹੈ? ਅਮੀਰ ਨੌਜਵਾਨ ਦੀ ਕਾਮੀ ਬਿਰਤੀ ਦੇ ਪ੍ਰਭਾਵਾਂ ਦਾ ਜ਼ਿੰਮੇਵਾਰ ਕੌਣ ਹੈ? ਪਿੰਡੋਂ ਕੱਢੀ ਗਈ ਪਾਰੋ ਦੀ ਮਾਨਸਿਕ ਦਸ਼ਾ ਨੂੰ ਕੌਣ ਸਮਝੇਗਾ? ਉਸਦੇ ਪੁੱਤਰ ਨੂੰ ਜ਼ਿੰਮੇਵਾਰੀ ਨਾਲ ਕੌਣ ਸਾਂਭੇਗਾ? ਇਹ ਸਾਰੇ ਸਵਾਲ ਉਭਰਨ ਉਪਰੰਤ ਉਚ ਜਾਤੀ ਜਮਾਤੀ ਧਿਰਾਂ ਕੋਲ ਜਾਂਦੇ ਹਨ ਤਾਂ ਸਵਾਲ ਉਠਾਉਣ ਵਾਲੇ ਲੋਕਾਂ ਨੂੰ ਸੁਆਹ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਦਮਨ ਵੀ ਪੰਜਾਬੀ ਸਭਿਆਚਾਰ ਦਾ ਇਕ ਅੰਗ ਹੈ ਪਰੰਤੂ ਇਸ ਨੂੰ ਲੁਕਾਇਆ ਜਾਂਦਾ ਹੈ। ਕਹਾਣੀ ਵਿਚ ਪਾਰੋ ਤੇ ਰਾਇ ਮੁਹੰਮਦ ਦਾ ਇਸ਼ਕ ਹੁੰਦਾ ਹੈ। ਇਸ਼ਕ ਦਾ ਅਹਿਸਾਸ ਖ਼ੂਬਸੂਰਤ ਹੈ। ਪਰ ਭਾਰਤ/ਪੰਜਾਬ ਨੇ ਇਸ ਅਹਿਸਾਸ, ਭਾਵ ਦੀ ਸਮਾਜਿਕਤਾ ਤਹਿ ਨਹੀਂ ਕੀਤੀ। ਇਸ ਕਾਰਨ ਸੁੰਦਰ ਅਹਿਸਾਸ ਰੱਖਣ ਦੀ ਬਜਾਇ ਭਾਰਤੀ ਮਨੁੱਖ ਸਮਾਜ ਪ੍ਰਤੀ ਰੋਸਾ, ਗੁੱਸਾ ਰੱਖਦਾ ਹੈ। ਇਸ ਗੱਲ ਦਾ ਸਬੂਤ ਇਹ ਕਿ ਭਾਰਤੀ/ਪੰਜਾਬੀ ਸਾਹਿਤ ਦਾ ਬਹੁਤਾ ਹਿੱਸਾ ਇਸ਼ਕ ਵਿਚ ਨਾਕਾਮੀ ਦੇ ਦੁਆਲੇ ਘੁੰਮਦਾ ਹੈ।

'ਹੱਡ ਬੀਤੀ-ਆਪ ਬੀਤੀ' ਕਹਾਣੀ ਪਿੰਡ ਦੇ ਅਮੀਰ ਵਰਗ ਦੇ ਲੋਕਾਂ ਦੇ ਸਮਾਜਿਕ ਦਾਬੇ ਨੂੰ ਸਿਰਜਦੀ ਹੈ ਕਿ ਕਿਵੇਂ ਉਹ ਆਪਣੇ ਹੀ ਸੀਰੀ ਦੇ ਪਰਿਵਾਰ ਉਪਰ ਮਾੜੀ ਨਜ਼ਰ ਰੱਖਦੇ ਹਨ। 'ਸਵਰਨੇ'

ਹੁਣੀ ਸਵਰਨ ਜਾਤੀ ਦੇ ਸੂਚਕ ਹਨ ਜਿਹੜੇ ਦਿਖਣ ਨੂੰ ਕਿਰਤੀ ਦਾ ਆਦਰ, ਬਰਾਬਰਤਾ ਦਾ ਦਿਖਾਵਾ ਕਰਦੇ ਹਨ ਪਰ ਕਰਦੇ ਉਹੀ ਕੁਝ ਨੇ ਜਿਹੜਾ ਉਹਨਾਂ ਦੇ ਅੰਦਰ ਪਿਆ ਹੈ। ਉਹ ਆਪਣੇ 'ਤੇ ਨਿਰਭਰ ਲੋਕਾਂ ਨੂੰ ਹਰ ਤਰੀਕੇ ਨਾਲ ਗੁਲਾਮ ਬਣਾਉਣਾ ਚਾਹੁੰਦੇ ਹਨ। ਇਥੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਨਾ ਹੋਣ ਨਾਲੋਂ ਅਧੂਰਾ ਹੋਣਾ ਕਿੰਨਾ ਕਰੂਰ ਹੈ। ਨਿਰਭਰਤਾ ਗੁਲਾਮੀ ਸਿਰਜਦੀ ਹੈ ਤੇ ਗੁਲਾਮੀ ਬਲਾਤਕਾਰ। ਅਜਿਹੇ ਵਰਤਾਰਿਆ ਵਿਚ 'ਮੈਂ' ਵਰਗੇ ਪਾਤਰ ਜੋ ਚੇਤੰਨ ਹੋ ਕੇ ਪਿਸਦੇ ਹਨ, ਉਹਨਾ ਅੰਦਰ ਖ਼ੂਬਸੂਰਤ ਅਹਿਸਾਸਾਂ ਦੀ ਥਾਂ ਕਤਲ ਕਰਨ ਦੀਆਂ ਜੁਗਤਾਂ ਚਲਦੀਆਂ ਹਨ। ਉਦਾਸੀ ਮਨ ਮਸਤਕ ਵਿਚ ਆਪਣਾ ਸਥਾਨ ਬਣਾ ਲੈਂਦੀ ਹੈ। 'ਮੈਂ' ਪਾਤਰ ਜਗੀਰੂ ਪ੍ਰਬੰਧ ਤੇ ਨਵੇਂ ਉਸਰ ਰਹੇ ਪ੍ਰਬੰਧ ਦੇ ਵਿਚਕਾਰ ਖੜਾ ਹੈ। ਉਸ ਅੰਦਰ ਨਵਾਂ ਪ੍ਰਬੰਧ ਉਸਰਨ ਜਾ ਰਿਹਾ ਹੈ ਪਰੰਤੂ ਸਾਹਮਣੇ ਕਤਲ ਹੋਏ ਪਏ ਹਨ ਜਿਨ੍ਹਾਂ ਵਿਚ ਸਾਰੇ ਪ੍ਰਬੰਧ ਦੇ ਅੰਦਰਲੇ ਰਾਜ਼ ਪਏ ਹਨ। ਕਹਾਣੀ ਵਿਚ ਸਰੀਰਕ ਕਤਲ, ਵਿਚਾਰ ਦਾ ਕਤਲ, ਹੋਂਦ ਦਾ ਕਤਲ, ਸੰਵੇਦਨਾਵਾਂ ਦਾ ਕਤਲ ਚਲ ਰਹੇ ਹਨ ਜਿਹੜੇ ਸਾਡੇ ਸਭਿਆਚਾਰ ਦੇ 'ਮਨੁੱਖਵਾਦੀ' ਪ੍ਰਚਾਰ 'ਤੇ ਸਵਾਲੀਆ ਚਿੰਨ ਲਗਾਉਂਦੇ ਹਨ। ਇਸ ਸਬੰਧੀ ਕਹਾਣੀ ਵਿਚ 'ਮਾਂ' ਪਾਤਰ (ਬਚਨੋ) ਦੇ ਸ਼ਬਦ ਵਿਚਾਰਨਯੋਗ ਹਨ :

'ਜੋ ਸੀਰੀ ਹੁੰਦੇ ਨੇ ਉਹਨਾਂ ਦੀਆਂ ਸਭ ਗੱਲਾਂ ਮਰੀਆਂ ਹੁੰਦੀਆਂ ਨੇ। ਉਹ ਮਰੇ ਹੋਏ ਜੰਮਦੇ ਹਨ ਤੇ ਮਰਿਆ ਹੋਇਆ ਨੂੰ ਹੀ ਮਾਰ ਦਿੱਤਾ ਜਾਂਦਾ ਹੈ।' (ਪੰਨਾ 12)

ਦਲਿਤ ਦੀ ਤਰ੍ਹਾਂ ਔਰਤ ਵੀ ਇੱਥੋਂ ਦੇ ਜਾਤੀਵਾਦੀ ਵਰਤਾਰੇ ਵਾਂਗ ਬ੍ਰਾਹਮਣੀਕਲ ਢਾਂਚੇ ਤੋਂ ਪੂਰੀ ਤਰ੍ਹਾਂ ਪੀੜਤ ਹੈ। ਇਸਦਾ ਇਤਿਹਾਸ ਆਰੋਪ ਤੇ ਰੇਪ ਤੱਕ ਜਾਂਦਾ ਹੈ। 'ਛੋਟੀ ਬਹੂ' ਕਹਾਣੀ ਔਰਤ ਦੀ ਦੁਰਦਸ਼ਾ ਦੀ ਕਹਾਣੀ ਹੈ ਜਿਹੜੀ ਰਖੇਲ਼ ਤਾਂ ਰਹਿ ਸਕਦੀ ਹੈ ਪਰੰਤੂ ਬੱਚਾ ਪੈਦਾ ਨਹੀਂ ਕਰ ਸਕਦੀ। ਕੁੱਟਮਾਰ ਦੀ ਸ਼ਿਕਾਰ ਹੋਈ ਔਰਤ ਖੁਦਕੁਸ਼ੀ ਤੱਕ ਜਾਂਦੀ ਹੈ। ਗੁੱਸੇ ਵਿਚ ਆਇਆ ਕਾਮਾ ਖਲੀਲ ਸਰਦਾਰ ਦਾ ਕਤਲ ਕਰ ਦਿੰਦਾ ਹੈ। ਇਸ ਮਿੱਟੀ ਦੀ ਵੱਖਰੀ ਤਾਸੀਰ ਹੈ। ਇਹ ਆਪਣੇ ਲਿੰਗ ਕਾਰਨ ਆਪਦੇ ਹੋਂਦ ਦੀ ਹੋਣੀ ਭੋਗਦੀ ਹੈ। ਭਾਰਤੀ ਸੰਦਰਭ ਵਿਚ ਔਰਤ ਹੋਣਾ ਅਜਿਹੀ ਮਿੱਟੀ ਹੋਣਾ ਹੈ ਜਿਹੜੀ ਸੰਤਾਨ ਪੈਦਾ ਕਰ ਫਿਰ ਮਿੱਟੀ ਹੋ ਜਾਂਦੀ ਹੈ। ਉਸ ਦੇ ਅਸਤਿਤਵ ਨੂੰ ਕੇਵਲ 'ਤੇ ਕੇਵਲ ਉਤਪਾਦਨੀ ਸਰੋਤ ਮੰਨ ਲਿਆ ਗਿਆ ਹੈ। ਬਹੁਤ ਤਕਲੀਫ ਵਾਲੀ ਗੱਲ ਇਹ ਹੈ ਕਿ ਔਰਤ ਨੇ ਵੀ ਆਪਣੇ ਆਪ ਨੂੰ ਇੱਥੋਂ ਹੀ ਸਵੀਕਾਰ ਕਰ ਲਿਆ ਹੈ। ਔਰਤ ਖੁਦ ਨੂੰ ਸੰਪੂਰਨ ਵੀ ਉਦੋਂ ਹੀ ਮੰਨ ਰਹੀ ਹੈ ਜਦੋਂ ਉਹ ਮਾਂ ਬਣਦੀ ਹੈ। ਇਹ ਭਾਵੇਂ ਉਸਦੇ ਮਨੋਵਿਗਿਆਨ ਤੇ ਸੰਵੇਦਨਾ ਦਾ ਇੱਕ ਵਿਸ਼ੇਸ਼ ਪਹਿਲੂ ਹੈ ਪਰੰਤੂ ਇਹ ਬਹੁਤ ਵਾਰ ਉਸਦੇ ਵਿਰੋਧ ਵਿਚ ਭੁਗਤਦਾ ਹੈ।

"ਜਿਵੇਂ ਉਹਦੇ ਹੰਝੂ ਬੋਲ ਰਹੇ ਹੋਣ, "ਇਕ ਮਾਂ ਨੂੰ ਆਪਣਾ ਲਹੂ ਆਪਣੇ ਪੇਟ ਵਿਚ ਪਾਲਣ ਦਾ ਵੀ ਹੱਕ ਨਹੀਂ? ਮੈਂ ਔਰਤ ਕਾਹਨੂੰ ਬਣ ਬੈਠੀ? ਤੇ ਜੇ ਮੈਨੂੰ ਔਰਤ ਹੀ ਬਣਾਉਣਾ ਸੀ ਤਾਂ ਮੇਰੀ ਜੰਮਣ ਕੁੱਖ ਨੂੰ ਬਾਂਝ ਰੱਖ ਦਿੰਦਾ... ਓਹ ਰੱਬਾ! ...ਓਹ ਰੱਬਾ! ਮੈਨੂੰ ਕੋਈ ਹਿਰਖ ਨਾ ਹੁੰਦਾ ਤੇ ਹੁਣ...ਹੁਣ ਮੈਂ ਕਿਸ ਕਿਸ ਦੇ ਲਹੂ ਨੂੰ ਪੀਵੀ ਜਾਵਾਂ? ਕਿਸ ਕਿਸ ਦੇ ਨਕਸ਼ਾਂ ਨੂੰ ਮਿੱਟੀ ਕਰੀ ਜਾਵਾਂ? ਮਿੱਟੀ ਵੀ ਮਿੱਟੀ ਨਹੀਂ ਰਹਿੰਦੀ, ਉਹਦੀ ਵੀ ਕੁੱਖ ਕਦੇ ਹਰੀ ਹੋ ਜਾਂਦੀ ਹੈ। ਮੈਂ ਮਿੱਟੀ ਤੋਂ ਵੀ ਗਈ ਗੁਜ਼ਰੀ ਹਾਂ...।" (ਪੰਨਾ 15) ਇਸੇ ਤਰ੍ਹਾਂ 'ਜਿਉਂਦਾ ਆਦਮੀ' ਕਹਾਣੀ ਦਾ ਨਸੀਬੂ ਵੀ ਅਜਿਹੀ ਹੀ ਮਿੱਟੀ ਦਾ ਪਾਤਰ ਹੈ ਜਿਸ ਨੂੰ ਆਪਣੀ ਵਿਆਹ ਦੀ ਉਮਰ ਲੰਘ ਜਾਣ ਦਾ ਖਦਸ਼ਾ ਹੈ। ਉਸ ਅੰਦਰ ਜੀਵਨ ਦੀਆਂ ਖ਼ੁਸ਼ੀਆਂ ਨਾ ਭੋਗੇ ਜਾਣ ਦਾ ਸੰਸਾ, ਅਫ਼ਸੋਸ ਹੈ। ਕਾਰਨ, ਉਹ ਗਰੀਬੀ, ਜਾਤ, ਦੁਨੀਆਂ ਵਲੋਂ ਨਿਰਧਾਰਤ ਕੀਤਾ ਨੀਵਾਪਣ ਹੈ ਜਿਸ ਵਿਚੋਂ ਜਿਉਣ ਦਾ ਚਾਅ ਗੁੰਮਦਾ ਹੈ। ਪਰ ਇਹ ਨਸੀਬੂ ਜੀਣ ਲਈ ਜੂਝ ਰਿਹਾ ਹੈ। ਇਸੇ ਲਈ ਉਹ ਜਿਉਂਦਾ ਆਦਮੀ ਹੈ।

'ਭਲੇ ਪੁਰਸ਼' ਵੀ ਜਿਹੜੇ ਨਿਮਨ ਜਾਤੀ ਜਮਾਤੀ ਕਾਰਨਾ ਕਰਕੇ ਗੁਲਾਮੀ ਭੋਗਦੇ ਹਨ। ਪੂਰੇ ਪ੍ਰਬੰਧ ਦੇ ਚੌਕੀਦਾਰ ਹੋ ਨਿਬੜਦੇ ਹਨ। ਹੁਕਮੀ ਤੇ ਗੇਲੂ ਕਿਰਤੀ ਬੰਦੇ ਪਿੰਡ ਦੇ ਉਚ ਜਿੰਮੀਦਾਰ ਦੀ ਗੁਲਾਮੀ ਕਰਦੇ-ਕਰਦੇ ਆਪਣੇ ਅੰਦਰਲੀ ਦੁਨੀਆਂ ਨੂੰ ਫਰੋਲਦੇ ਹਨ। ਦਲਿਤ ਕਹਾਣੀ ਦੀ ਇਹ ਖ਼ੂਬੀ ਵੀ ਹੈ ਕਿ

ਇਹ ਸਥਿਤੀਆਂ, ਪ੍ਰਸਥਿਤੀਆਂ, ਵਿਅਕਤੀਆਂ, ਵਰਤਾਰਿਆ ਨੂੰ ਆਪਣੇ ਕੇਂਦਰਤ ਕੀਤੇ ਪਾਤਰ ਨਾਲ ਤੁਲਨਾਉਂਦੀ ਹੈ। ਹੁਕਮੀ ਤੇ ਗੋਲੂ ਆਪ ਵੀ ਮਿੱਟੀ ਦੀ ਪਹਿਚਾਣ ਵੱਡੀਆਂ ਧਿਰਾਂ ਦੇ ਤੁਲਨਾਓ ਵਿਚੋਂ ਕਰਦੇ ਹਨ। ਇਹ ਤੁਲਨਾ ਉਪਰੰਤ ਉਭਾਰਿਆ ਦਰਦ ਹੀ ਕਥਾ ਦਾ ਸੰਚਾਰੀ ਤੱਤ ਬਣਦਾ ਹੈ। ਇਸੇ ਤਰ੍ਹਾਂ ਫਿਕਰ, ਬੇਬਸੀ, ਗੁੱਸਾ, ਚਿੰਤਾ, ਆਦਿ ਮਨੋ ਅਗੁਣ ਦਲਿਤ ਪਾਤਰਾਂ ਅੰਦਰ ਫੈਲਦੇ ਹਨ। ਕਹਾਣੀ 'ਮਾਂ-ਧੀ' ਵਿਚ ਕੰਦੂ ਦੀ ਜ਼ਿੰਦਗੀ ਵਿਚ ਪਿਤਾ ਦੀ ਮੌਤ ਤੋਂ ਬਾਅਦ ਉਹ ਦ੍ਰਿਸ਼ ਆਉਣੇ ਸ਼ੁਰੂ ਹੋ ਜਾਂਦੇ ਹਨ ਜਿਹੜੇ ਉਹ ਨਾ ਹੀ ਦੇਖਣੇ ਚਾਹੁੰਦਾ ਹੈ, ਨਾ ਕਦੇ ਕਿਆਸ ਕੀਤੇ ਸਨ। ਮਾਂ ਦੇ ਗੁਲਜਾਰੇ ਨਾਲ ਸਬੰਧ ਤੇ ਬਾਅਦ ਵਿਚ ਭੈਣ ਭਜਨੋ ਨਾਲ ਸਬੰਧ ਉਸਨੂੰ ਤੰਗ, ਪ੍ਰੇਸ਼ਾਨ ਹੀ ਨਹੀਂ ਕਰਦੇ ਸਗੋਂ ਏਨਾ ਬੇਚੈਨ ਕਰਦੇ ਹਨ ਕਿ ਉਹ ਉਹਨਾਂ ਨੂੰ ਮਾਰਨ ਦੀ ਯੋਜਨਾ ਬਣਾਉਣਾ ਹੈ। ਦਾਤ ਉਸਦੀ ਚੇਤਨਾ ਦਾ ਹਿੱਸਾ ਬਣਿਆ ਪਿਆ ਹੈ ਕਿ ਕਦੋਂ ਉਹ ਉਸਦੀ ਵਰਤੋਂ ਕਰੇ।

ਕਹਾਣੀ 'ਪਹਿਲੀ ਵੇਰ' ਵਿਚਲਾ ਮੁਜਾਰਾ ਚਰਨਾ, ਜਿੰਮੀਦਾਰਾਂ ਦੀ ਨੂੰਹ ਨਾਲ ਸਬੰਧਾਂ ਦੇ ਪਰਦੇ ਦੇ ਖਿੰਡਾਓ ਦੇ ਡਰ ਵਿਚੋਂ ਖੁਦਕੁਸ਼ੀ ਕਰ ਜਾਂਦਾ ਹੈ। ਇਸ ਵਰਤਾਰੇ ਨੂੰ ਸਮਝਦਿਆਂ ਇਹ ਗੱਲ ਉਭਰਦੀ ਹੈ ਕਿ ਦਲਿਤ ਪਾਤਰ ਕਿਸੇ ਵੀ ਤਰ੍ਹਾਂ ਦਾ ਅਜਿਹਾ ਦਬਾਓ ਸਹਿਣ ਨਹੀਂ ਕਰ ਸਕਦਾ ਜਿਹੜਾ ਉਸਦੀ ਜਾਂ ਉਸ ਕਰਕੇ ਕਿਸੇ ਦੀ ਇੱਜ਼ਤ ਨੂੰ ਕੋਈ ਨੁਕਸਾਨ ਪਹੁੰਚੇ। ਇਸ ਦੇ ਦੂਸਰੇ ਪਾਸੇ ਜ਼ੁਲਮ ਇਹ ਉਭਰਦਾ ਹੈ ਕਿ ਜੋ ਕਿਰਤੀ ਸ਼੍ਰੇਣੀ ਦੇ ਹੱਕਾਂ, ਹਕੂਕਾਂ ਲਈ ਲੜ ਰਹੇ ਲੋਕ ਹਨ ਉਹਨਾਂ ਨੂੰ ਝੂਠੇ ਪੁਲਿਸ ਮੁਕਾਬਲਿਆ ਵਿਚ ਮਾਰਿਆ ਗਿਆ ਹੈ। 'ਸ਼ੇਰ ਪੁੱਤ' ਕਹਾਣੀ ਦਾ ਨੌਜਵਾਨ ਪਾਤਰ ਤੇਜੀ ਵੀ ਇਸੇ ਲੁੱਟ, ਕੁੱਟ, ਸੋਸ਼ਣ ਦਾ ਸ਼ਿਕਾਰ ਹੁੰਦਾ ਹੈ। ਇਸ ਤਰ੍ਹਾ ਇਹਨਾ ਕਹਾਣੀਆਂ ਦੇ ਨਾਇਕ ਜਿੱਥੇ ਤਕਲੀਫ਼, ਬੇਚੈਨੀ, ਬੇਬਸੀ ਦੇ ਸ਼ਿਕਾਰ ਹੁੰਦੇ ਹਨ, ਉੱਥੇ ਲੋਕਾਈ ਲਈ ਨਿਰਧਾਰਿਤ ਕਰਦੇ ਹਨ ਕਿ ਆਖਰ ਨੂੰ ਲੜਨਾ ਕਿਹੜੇ ਪੱਖਾਂ 'ਤੇ ਚਾਹੀਦਾ ਹੈ। 'ਰੁਝੇ ਹੋਈ ਆਦਮੀ' ਵੀ ਸੱਤਾ, ਸਿਆਸਤ ਵਿਚ ਪੁਲਿਸ ਦੇ ਬਲ ਕੀਤੇ ਜਾਂਦੇ ਜੁਲਮ ਦੀ ਕਥਾ ਹੈ। ਮੈਂ ਪਾਤਰ ਜਿੱਥੇ ਬੇਗੁਨਾਹ ਹੁੰਦਿਆਂ ਵੀ ਗੁਨਾਹਗਾਰ ਹੈ ਉੱਥੇ ਜ਼ੁਲਮ ਦੀਆਂ ਬਹੁਤ ਸਾਰੀਆਂ ਪੱਧਤੀਆਂ ਨੂੰ ਸਮਝਦਾ ਅਤੇ ਝੱਲਦਾ ਹੈ। ਥਾਣੇ ਵਿਚ ਫੜਿਆ ਗਿਆ ਛੋਟੀ ਉਮਰ ਦਾ ਲੜਕਾ ਵਖਰੇ ਕਿਸਮ ਦੇ ਜ਼ੁਲਮ ਨੂੰ ਝੱਲਦਾ ਹੈ ਜੋ ਦਰਦਨਾਕ ਦੇ ਨਾਲ-ਨਾਲ ਸ਼ਰਮਨਾਕ ਵੀ ਹੈ। ਭੈਣ-ਧੀਆਂ ਬਾਰੇ ਸੁਆਲ ਪੁੱਛ ਕੇ ਜ਼ੁਲਮ ਦੀ ਡਿਗਰੀ ਨੂੰ ਵਧਾਇਆ ਜਾਂਦਾ ਹੈ ਤਾਂ ਜੋ ਮਨ, ਮਸਤਕ ਵਿਚ ਡਰ ਦੀਆਂ ਡੂੰਘੀਆਂ ਪਰਤਾਂ ਬਣ ਜਾਣ।

ਪ੍ਰੇਮ ਗੋਰਖੀ ਦੀ ਕਹਾਣੀ ਕਲਾ ਇਸ ਗੱਲ ਵਿਚ ਵੀ ਹੈ ਕਿ ਉਹ ਦਲਿਤ, ਔਰਤ ਪਾਤਰਾਂ ਦੇ ਮਨੋਵਿਗਿਆਨ ਨੂੰ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਦਰਅਸਲ ਉਹ ਕਹਾਣੀ ਅੰਦਰ ਕੀ, ਕਿਉਂ, ਕਿਵੇਂ, ਕੌਣ ਨੂੰ ਸਿਰਜਦਾ ਨਵੇਂ ਸਮਾਜਿਕ ਸੰਦਰਭ ਨੂੰ ਸਾਹਮਣੇ ਲਿਆਉਣਾ ਹੈ। ਉਹ ਔਰਤ ਸੰਵੇਦਨਾ ਨੂੰ ਵਿਭਿੰਨ ਪਾਸਾਰਾ ਤੋਂ ਦਿਖਾਉਂਦਾ ਹੈ। "ਮਾਂ ਮਾਂ ਹੈ, ਪਿਓ-ਪਿਓ ਨਹੀਂ" ਕਹਾਣੀ ਰਾਹੀਂ ਸਥਾਪਿਤ ਕਰਦਾ ਹੈ ਕਿ ਮਾਂ ਅੰਦਰ ਮਮਤਾ ਹੈ ਪਰੰਤੂ ਮਰਦਾਂ ਅੰਦਰ ਉਤਪਾਦਕ, ਉਤਪਾਦਨ, ਲਾਭ ਤੇ ਹਾਨੀ ਹੈ। ਕਹਾਣੀ ਵਿਚ ਦਾਰੇ ਦੀ ਮੌਤ ਉਪਰੰਤ ਚੰਨੋ ਦੋ ਬੱਚਿਆਂ ਦੇ ਪਿਓ ਨਾਲ ਵਿਆਹ ਕਰਵਾਉਣ ਲਈ ਤਿਆਰ ਹੈ ਪਰੰਤੂ ਮਰਦ ਨਹੀਂ। ਇਸ ਤਰ੍ਹਾਂ ਮਰਦ ਦਾ ਸਮਾਜਿਕ ਭਾਰਾਪਣ ਔਰਤ ਨੂੰ ਹਲਕਾ ਕਰਦਾ ਹੈ। ਗਰੀਬੀ ਭੋਗਦਿਆਂ ਚੰਨੋ ਜਿਥੇ ਆਪਣੇ ਪਤੀ ਨੂੰ ਗੁਆਉਂਦੀ ਹੈ, ਉੱਥੇ ਆਪਣੇ ਸਹੁਰੇ ਦੀ ਮਾੜੀ ਨਜ਼ਰ ਕਰਨ ਆਪਣੇ ਪੇਕੀ ਜਾਂਦੀ ਹੈ ਪਰ ਉਸਦਾ ਕਦੇ ਵੀ ਬੱਚਿਆ ਲਈ ਮੋਹ ਨਹੀਂ ਘਟਦਾ।

ਪੰਜਾਬ ਅੰਦਰ ਵਖਰੇ ਕਿਸਮ ਦੀ ਮਿੱਟੀ ਨੌਜਵਾਨਾਂ ਦੇ ਸੰਘਰਸ਼ ਦੇ ਰੂਪ ਵਿਚ ਮਿਲੀ ਹੈ। ਨੌਜਵਾਨ ਜੋ ਆਪਣੇ ਉਚੇਰੇ, ਚੰਗੇਰੇ ਜੀਵਨ ਲਈ ਸੰਘਰਸ਼ ਕਰਨ ਲੱਗੇ ਸਨ, ਉਹਨਾਂ ਨੂੰ ਦਹਿਸ਼ਤਗਰਦ, ਨਕਸਲਵਾੜੀਏ ਆਦਿ ਦਾ ਨਾਂ ਦੇ ਕੇ ਮਾਰਿਆ ਗਿਆ, ਝੂਠੇ ਪੁਲਿਸ ਮੁਕਾਬਲਿਆਂ ਨੇ ਪੰਜਾਬ ਦੇ ਨੈਤਿਕ ਪ੍ਰਬੰਧ ਨੂੰ ਸੱਟ ਮਾਰੀ। ਕਹਾਣੀ 'ਰੱਬ ਦੇ ਭਾਈ' ਵਿਚ ਵੀ ਮੁਖਤਾਰ ਭਾਵੇਂ ਕਿਵੇਂ ਵੀ ਮਰਿਆ ਪਰ ਉਸਨੂੰ ਮੁਕਾਬਲੇ ਵਿਚ ਮਰਿਆ ਦਿਖਾਇਆ ਗਿਆ। ਸਟੇਟ ਦੇ ਪੁਲਿਸ ਰਾਹੀਂ ਤਸ਼ੱਦਦ ਨੇ ਪੰਜਾਬ ਵਿਚਲੇ

ਆਦਰਸ਼ੀ ਬਿੰਬ ਨੂੰ ਛੋਟਾ ਕੀਤਾ ਹੈ। ਇਸ ਦਾ ਨੁਕਸਾਨ ਹੁਣ ਤੱਕ ਨਹੀਂ ਭਰਿਆ ਜਾ ਸਕਿਆ। 'ਅਫ਼ਸਰ' ਕਹਾਣੀ ਵਿਚ ਵੀ ਕਿਸੇ ਵਿਭਾਗ ਦੇ ਦੋ ਮੁਲਾਜ਼ਮਾ ਦੁਆਰਾ ਇੱਕ ਚੌਥਾ ਦਰਜਾ ਮੁਲਾਜ਼ਮ ਨੂੰ ਵਰਤਕੇ, ਉਸਦੀ ਚਾਚੀ ਨੂੰ ਵਰਤਨਾ ਚਾਹੁੰਦੇ ਹਨ। ਨੌਕਰ ਪਾਤਰ ਜਿੰਦਰ ਬੇਬਸ ਹੈ ਕਿਉਂਕਿ ਉਹ ਕਿਸੇ ਵੀ ਕਿਸਮ ਦੀ ਮਰਿਯਾਦਾ ਨੂੰ ਤੋੜਨਾ ਨਹੀਂ ਚਾਹੁੰਦਾ। ਪਰੰਤੂ ਇਹ ਮੁਲਾਜ਼ਮ ਪਿੰਡ ਦੁਆਰਾ ਬੰਨ੍ਹ ਲਏ ਜਾਂਦੇ ਹਨ ਤੇ ਉਹਨਾਂ ਨੂੰ ਬੁਰੀ ਤਰ੍ਹਾਂ ਬੇਇੱਜ਼ਤ ਕੀਤਾ ਜਾਂਦਾ ਹੈ। ਇਹ ਕਹਾਣੀ ਚਿੰਤਨ ਤੇ ਚੇਤਨਾ ਦੀ ਹੈ ਜਿਸ ਵਿਚ ਦਲਿਤ ਲੋਕ ਜਾਗਣ ਦੀ ਆਦਤ ਵਿਚ ਆ ਰਹੇ ਹਨ। ਅਜਿਹੀਆਂ ਕਹਾਣੀਆਂ ਹੋਰ ਵੀ ਭਰਮ ਤੋੜਦੀਆਂ ਹਨ ਕਿ ਦਲਿਤ ਨੂੰ ਛੂਤ-ਛਾਤ ਰਾਹੀਂ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਇਹ ਉਚ ਜਾਤ ਨਿਮਨਜਾਤ ਦੇ ਮਰਦ ਤੋਂ ਤਾਂ ਭਿੱਟ ਕਰਦੀ ਹੈ ਪਰੰਤੂ ਰੇਪ ਕਰਨ ਲੱਗਿਆ ਦਲਿਤ ਔਰਤ ਪ੍ਰਤੀ ਭਿੱਟ ਭਾਵਨਾ ਨਹੀਂ ਆਉਂਦੀ। ਇਸ ਦਾ ਅਰਥ ਇਹ ਹੋਇਆ ਕਿ ਜਾਤ-ਪਾਤ ਦਾ ਛੂਤਛਾਤ ਨਾਲ ਓਨੇ ਸੰਬੰਧ ਨਹੀਂ ਸਨ ਜਿਨਾਂ ਦੂਸਰੀ ਧਿਰ 'ਤੇ ਮਨੋਵਿਗਿਆਨਿਕ ਦਬਾਓ ਪਾਉਣਾ ਹੈ।

'ਓਪਰਾ ਬੋਝ' ਕਹਾਣੀ ਸ਼ਾਹੂਕਾਰੀ ਤੇ ਕਿਸਾਨੀ ਦੇ ਅੰਤਰ ਸਬੰਧਾਂ ਵਿੱਚੋਂ ਸਮਾਜਿਕ ਅਸਾਵੇਂਪਨ ਦੇ ਦੁਆਲੇ ਘੁੰਮਦੀ ਹੈ ਕਿ ਕਿਸਾਨੀ ਮਿੱਟੀ, ਰੋਟੀ, ਕਿਰਤ ਥੁੜ੍ਹ ਨਾਲ ਬੰਨ੍ਹੀ ਹੈ ਜਦਕਿ ਸਾਹੂਕਾਰੀ ਅੰਦਰ ਹੰਕਾਰ, ਹੱਕ, ਕਰੂਰ ਟਿਕਿਆ ਹੋਇਆ ਹੈ ਜਿਸ ਕਰਕੇ ਕਿਸਾਨੀ ਨੂੰ ਸੁਪਨੇ ਇਹ ਆਉਂਦੇ ਹਨ ਕਿ ਓਹਨਾਂ ਨੇ ਸਾਹੂਕਾਰਾਂ ਦਾ ਕਰਜਾ ਲਾਹ ਦਿੱਤਾ ਹੈ। ਕਹਾਣੀ ਵਿਚਲਾ ਰਾਮ ਸਿੰਘ ਵੀ ਇੰਝ ਹੀ ਸੋਚਦਾ ਹੈ। "ਬੀਹੀ ਦਾ ਮੋੜ ਮੁੜਦਿਆਂ ਰਾਮ ਸਿੰਘ ਨੂੰ ਜਿਵੇਂ ਘੇਰਨੀ ਜਿਹੀ ਆਈ... ਉਹਦੀਆਂ ਅੱਖਾਂ ਮੂਹਰੇ ਧੁੰਦ ਪਸਰ ਗਈ ਤੇ ਉਹ ਧੜੱਮ ਕਰਦਾ ਬੀਹੀ ਵਿਚ ਜਾ ਪਿਆ ਤੇ ਫਿਰ ਇਕ ਦਮ ਜਿਵੇਂ ਉਹਦੀ ਹੋਸ਼ ਪਰਤ ਆਈ ਹੋਵੇ... "ਸ਼ਾਹ ਜੀ ਆਹ ਲੌ ਆਪਣੀ ਰਕਮ...।" ਉਹ ਦੇ ਮੂੰਹੋ ਨਿਕਲਿਆ, ਪਰ ਹੱਥ ਤਾਂ ਉਹਦੇ ਖਾਲੀ ਸਨ। ਉਹ ਇਕ ਪਾਸੇ ਨੂੰ ਫਿਰ ਡਿੱਗ ਪਿਆ। (ਪੰਨਾ 71)

'ਪਿਉ ਦਾ ਪਿਉ' ਕਹਾਣੀ ਵੀ ਮਨੁੱਖ ਮਨ ਅੰਦਰ ਚੱਲ ਰਹੇ ਦਵੰਦ ਯੁੱਧ ਦੀ ਕਥਾ ਨੂੰ ਪੇਸ਼ ਕਰਦੀ ਹੈ। ਪੁੱਤਰ ਨੂੰ ਮਾਂ ਅਤੇ ਦਾਦੇ ਉਪਰ ਸਰੀਰਕ ਸਬੰਧਾਂ ਪ੍ਰਤੀ ਸ਼ੱਕ ਹੈ ਜੋ ਉਸਦੇ ਮਨ ਅੰਦਰ ਇੰਨੀ ਫੈਲਦੀ ਹੈ ਕਿ ਉਹ ਦੋਹਾਂ ਦਾ ਕਤਲ ਕਰਨ ਦੀ ਜੁਗਤ ਆਪਣੇ ਮਨ ਵਿਚ ਕਰਦਾ ਹੈ। ਪਰ ਕਹਾਣੀ ਵਿਚ ਮਾਂ ਫਾਹਾ ਲੈ ਕੇ ਮਰ ਜਾਂਦੀ ਹੈ। ਕਹਾਣੀ ਸਾਬਤ ਕਰਦੀ ਹੈ ਕਿ ਜੀਵਨ ਦੀ ਲੋੜਾਂ, ਥੁੜਾਂ, ਘਾਟਾਂ, ਜ਼ਰੂਰਤਾਂ ਬਹੁਤ ਸਾਰੇ ਅਜਿਹੇ ਵਿਚਾਰ ਪੈਦਾ ਕਰਦੇ ਹਨ ਜਿਹਨਾਂ ਵਿਚੋਂ ਜੀਵਨ ਨਹੀਂ ਝਲਕਦਾ ਸਗੋਂ ਮਰਿਆ ਹੋਇਆ ਦਿਖਾਈ ਦਿੰਦਾ ਹੈ। ਕਹਾਣੀ 'ਲਹੂ-ਪੀਣੇ' ਵੀ ਪੰਜਾਬ ਦੇ ਉਸ ਸੰਕਟ ਨੂੰ ਦਰਸਾਉਂਦੀ ਹੈ ਜਿਹੜਾ ਇਥੋਂ ਕੁਝ ਲਾਲਚੀ, ਕਮੀਨਗੀ ਨਾਲ ਭਰੇ ਲੋਕਾਂ ਦੀ ਸਿਆਸਤ ਨਾਲ ਪੈਦਾ ਹੋਇਆ ਹੈ। ਇਹਨਾਂ ਲੋਕਾਂ ਨੇ ਪੁਲਿਸ ਦੇ ਕੁਝ ਮਾੜੇ ਲੋਕਾਂ ਨਾਲ ਮਿਲਕੇ ਜੁਰਮ ਦੀ ਪੈਦਾਵਾਰ ਕਰਵਾਈ ਹੈ ਜਿਹੜੀ ਮੁੜਵੇਂ ਰੂਪ ਵਿਚ ਇੱਕ ਵਪਾਰ ਦੇ ਰੁਪ ਵਿਚ ਫੈਲੀ ਹੈ। ਇਹ ਵਪਾਰ ਰੂਪ ਤੇ ਧਨ ਦੇ ਰੂਪ ਵਿਚ ਕੀਤਾ ਜਾਦਾ ਰਿਹਾ ਹੈ। 'ਲਹੂ ਪੀਣੇ' ਕਹਾਣੀ ਇੱਕ ਬੇਕਸੂਰ ਨੌਜਵਾਨ ਦਿਆਲ ਨੂੰ ਕਸੂਰਵਾਰ ਬਣਾਕੇ, ਉਸਦੀ ਰਿਹਾਈ ਲਈ ਉਸ ਦੀ ਭੈਣ ਦਾ ਸੌਦਾ ਕੀਤਾ ਜਾ ਰਿਹਾ ਹੈ। ਇਹ ਦਰਅਸਲ ਉਸ ਪੰਜਾਬ ਦੀ ਜ਼ਮੀਰ ਦਾ ਸੌਦਾ ਹੈ ਜਿਸ ਨੂੰ ਭੈੜੇ ਸਿਆਸਤਦਾਨਾਂ, ਸੱਤਾਧਾਰੀਆਂ ਨੇ ਕੀਤਾ ਹੈ। ਇਹ ਪਾਸੀ ਵਰਗੀਆਂ ਸੰਵੇਦਨਸ਼ੀਲ ਲੜਕੀਆਂ, ਭੈਣਾਂ ਦਾ ਸੌਦਾ ਹੈ ਜਿਸ ਵਿਚ ਪੰਜਾਬੀ ਮਨੁੱਖ ਅੰਦਰ ਸੰਵੇਦਨਹੀਣਤਾ ਲਗਾਤਾਰ ਵਧਦੀ ਜਾ ਰਹੀ ਹੈ। ਬੂਟਾ ਸਿੰਘ ਵਰਗੇ ਖਲਨਾਇਕ ਨਾਇਕ ਦੀ ਭੂਮਿਕਾ ਵਿਚ ਆ ਰਹੇ ਹਨ। ਪਰੰਤੂ ਦਿਆਲੇ ਤੇ ਮੀਤੇ ਵਰਗੇ ਨੌਜਵਾਨ ਵੀ ਹਨ ਜਿਹੜੇ ਅਜਿਹੇ ਲੋਕਾਂ ਦੀ ਸੋਚ ਨੂੰ ਪੂਰਾ ਨਹੀਂ ਹੋਣ ਦਿੰਦੇ। ਉਹਨਾਂ ਦੇ ਹੱਥ ਅਜੇ ਵੀ ਛਵੀਆ ਹਨ ਭਾਵੇਂ ਹੱਥ ਕੰਬ ਹੀ ਰਹੇ ਹਨ। ਇਹ ਜੁਰੱਅਤ ਹੀ ਪੰਜਾਬ ਦੇ ਜਿਉਂਦੇ ਹੋਣ ਦਾ ਪ੍ਰਤੀਕ ਹੈ, ਹੋਂਦ ਦੀ ਨਿਸ਼ਾਨੀ ਹੈ।

ਸੋ ਸਮੁੱਚੇ ਰੂਪ ਵਿਚ ਇਹ ਕਹਾਣੀ ਸੰਗ੍ਰਹਿ ਪੰਜਾਬ ਦੇ ਵਿਭਿੰਨ ਕਿਸਮ ਦੇ ਸਮਾਜਿਕ ਸਮੂਹਾਂ ਅੰਦਰ ਪੈਦਾ ਕੀਤੇ ਜਾਂਦੇ ਡਰ, ਸਹਿਮ, ਘਬਰਾਹਟ, ਬੇਬਸੀ, ਬੇਚੈਨੀ, ਬੇਗਾਨਗੀ ਵਰਗੇ ਤੱਤਾਂ ਨੂੰ ਦਰਸਾਉਂਦੀ ਹੈ।

*ਮੈਨੂੰ ਯਾਦ ਹੈ ਮੈਂ ਸਾਡੀ ਪੀੜ੍ਹੀ ਦੇ ਦੋ ਨਵੇਂ ਲੇਖਕਾਂ ਦੀਆਂ ਕਹਾਣੀਆਂ ਬੜੀ ਦਿਲਚਸਪੀ ਨਾਲ ਪੜ੍ਹਿਆ ਕਰਦਾ ਸਾਂ। ਇਹ ਦੋ ਲੇਖਕ ਸਨ ਪ੍ਰੇਮ ਗੋਰਖੀ ਤੇ ਗੁਰਚਰਨ ਚਾਹਲ ਭੀਖੀ। ਉਹਨੀਂ ਦਿਨੀਂ ਇਨ੍ਹਾਂ ਨੇ ਲਿਖਣਾ ਸ਼ੁਰੂ ਹੀ ਕੀਤਾ ਸੀ। ਭੀਖੀ ਤਾਂ ਬਾਅਦ ਵਿੱਚ ਮੇਰੇ ਬਹੁਤ ਨੇੜੇ ਰਿਹਾ ਪਰ ਗੋਰਖੀ ਨਾਲ ਮੁਲਾਕਾਤਾਂ ਰਸਮੀਂ ਜਿਹੀਆਂ ਰਹੀਆਂ। ਅਕਸਰ ਅਸੀਂ ਸਾਹਿਤਕ ਗੋਸ਼ਟੀਆਂ ਤੇ ਹੀ ਮਿਲਦੇ ਰਹੇ ਹਾਂ ਪਰ ਮਿਲੇ ਹਾਂ ਅਨੇਕ ਵਾਰ। ਇਕ ਵਾਰ ਉਹ ਮੇਰੇ ਕੋਲ ਪਿੰਡ ਸੇਖੇ ਰਾਤ ਜ਼ਰੂਰ ਕੱਟ ਗਿਆ ਸੀ। ਕਈ ਵਾਰ ਤਾਂ ਸਾਨੂੰ ਇੱਕ ਦੂਜੇ ਨੂੰ ਮਿਲਿਆਂ ਮਹੀਨੇ ਗੁਜ਼ਰ ਜਾਂਦੇ ਹਨ। ਸਾਡੇ ਵਿਚਕਾਰ ਖ਼ਤੋ-ਖ਼ਿਤਾਬਤ ਵੀ ਨਹੀਂ ਰਹਿੰਦਾ ਪਰ ਮੈਂ ਜਦ ਵੀ ਉਹਨੂੰ ਮਿਲਦਾ ਹਾਂ ਘਰ ਦੇ ਜੀਅ ਵਾਂਗ ਹੀ ਜਾਪਦਾ ਹੈ ਉਹ। ਮੇਰੀ ਕਲਪਨਾ ਵਿੱਚ ਜਦ ਵੀ ਉਹਦੀ ਤਸਵੀਰ ਉਭਰਦੀ ਹੈ ਤਾਂ ਉਹਦੇ ਮੋਢੇ 'ਤੇ ਲਟਕਦਾ ਬੈਗ ਹੀ ਨਜ਼ਰ ਆਉਂਦਾ ਹੈ। ਉਹ ਬਹੁਤ ਮਿਹਨਤੀ ਹੈ। ਨਵੇਂ ਪੁਰਾਣੇ ਲੇਖਕਾਂ ਨਾਲ ਸੰਪਰਕ ਬਣਾ ਕੇ ਰਖਦਾ ਹੈ। ਐਤਵਾਰ ਜਾਂ ਛੁੱਟੀ ਵਾਲੇ ਦਿਨ ਸ਼ਾਇਦ ਹੀ ਕਦੀ ਘਰ ਰਹਿੰਦਾ ਹੋਵੇ। ਉਹ ਕਿਸੇ ਨਾ ਕਿਸੇ ਸਮਾਗਮ ਜਾਂ ਗੋਸ਼ਟੀ 'ਤੇ ਤੁਰਿਆ ਹੀ ਰਹਿੰਦਾ ਹੈ। ਤੇ ਏਦਾਂ ਈ ਉਹ ਜ਼ਿੰਦਗੀ ਵਿੱਚੋਂ ਕਹਾਣੀਆਂ ਚੁਣਦਾ ਹੈ। ਹੁਣ ਅਸੀਂ ਗੋਰਖੀ ਦੀ ਕਹਾਣੀ 'ਛੋਟੀਆਂ ਛੋਟੀਆਂ ਕੰਧਾਂ' ਵੱਲ ਆਉਂਦੇ ਹਾਂ। ਜੇਕਰ ਅਸੀਂ ਵਿਸਥਾਰ ਵਿੱਚ ਨਾ ਜਾਈਏ ਤਾਂ ਸੰਖੇਪ 'ਚ ਕਹਿ ਸਕਦੇ ਹਾਂ ਕਿ ਸੱਤਵੇਂ ਦਹਾਕੇ ਦੇ ਆਸ-ਪਾਸ ਪੰਜਾਬੀ ਸਾਹਿਤ ਵਿੱਚ ਇਕ ਨਵਾਂ ਰੁਝਾਨ ਕਹਾਣੀ ਤੇ ਹੋਰ ਸਾਹਿਤ ਰੂਪਾਂ ਵਿੱਚ ਪ੍ਰਗਟ ਹੋ ਰਿਹਾ ਸੀ। ਇਹ ਕ੍ਰਾਂਤੀਕਾਰੀ ਰੁਝਾਨ ਅਸੰਤੋਸ਼ ਵਿੱਚੋਂ ਪੈਦਾ ਹੋਇਆ ਸੀ। 'ਛੋਟੀਆਂ ਛੋਟੀਆਂ ਕੰਧਾਂ' ਆਪਣੇ ਵਿਸ਼ੇ ਤੋਂ, ਨਿਭਾਅ ਦੀ ਦ੍ਰਿਸ਼ਟੀ ਤੋਂ ਜਿਵੇਂ ਸਾਡੀ ਪਰੰਪਰਿਕ ਕਹਾਣੀ ਨਾਲ ਜੁੜੀ ਹੋਈ ਹੈ, ਉਥੇ ਪ੍ਰੇਮ ਗੋਰਖੀ ਦੀਆਂ ਪ੍ਰਾਰੰਭਿਕ ਕਹਾਣੀਆਂ ਦੀ ਤਰ੍ਹਾਂ ਨਾਇਕ ਹੁਣ ਕਹਾਣੀ ਦੇ ਕੇਂਦਰ ਵਿਚ ਨਹੀਂ। ਹੁਣ ਉਹ ਦੁੱਖਾਂ ਨੂੰ ਝੱਲ ਝੱਲ ਕੇ ਹੰਭ ਗਿਆ ਹੈ। ਉਹ ਆਪਣੀ ਪਹਿਲੀ ਤੇਜੱਸਵੀ ਨਾਇਕ ਵਜੋਂ ਬਣਾਈ ਹੋਈ ਪਹਿਚਾਣ ਖੋ ਰਿਹਾ ਹੈ। ਜੇਕਰ ਗੋਰਖੀ ਦੀਆਂ ਪਹਿਲੀਆਂ ਕਹਾਣੀਆਂ ਪੜ੍ਹੀਏ ਤੇ ਹੁਣ 'ਛੋਟੀਆਂ ਛੋਟੀਆਂ ਕੰਧਾਂ' ਦੇ ਨਾਇਕ ਨਾਲ ਉਹਦੇ ਪਹਿਲੇ ਨਾਇਕਾਂ ਦੀ ਤੁਲਨਾ ਕਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਹੁਣ ਉਹਦਾ ਨਾਇਕ ਜ਼ਿੰਦਗੀ ਦੀਆਂ ਵਾਸਤਵਿਕਤਾਵਾਂ ਨੂੰ ਮਨੁੱਖ ਦੀ ਫਿਤਰਤ ਨੂੰ, ਸਮਾਜਿਕ ਵਿਡੰਬਨਾਵਾਂ ਨੂੰ ਵਧੇਰੇ ਯਥਾਰਥਕ ਪੱਧਰ 'ਤੇ ਮਹਿਸੂਸ ਕਰਦਾ ਹੈ।*

***- ਪਰਗਟ ਸਿੰਘ ਸਿੱਧੂ***

---

ਇਹ ਜੀਵਨ ਦੇ ਉਹਨਾਂ ਬਦਰੰਗਾਂ ਨੂੰ ਦਿਖਾਉਂਦੀਆਂ ਹਨ ਜਿਹਨਾਂ ਤੋਂ ਜ਼ਿੰਦਗੀ ਦੇ ਰੰਗ ਖੋਹੇ ਜਾਦੇ ਹਨ। ਡਰ, ਕਤਲ, ਜ਼ੁਲਮ, ਚੀਕ, ਚੀਸ, ਚੁੱਪ, ਸਹਿਮ ਭਾਵ ਇਹਨਾ ਕਹਾਣੀਆਂ ਵਿਚੋਂ ਦਿਖਾਈ ਦਿੰਦੇ ਹਨ। ਇਕ ਧਿਰ ਸਚਮੁਚ ਕਤਲ ਕਰ ਰਹੀ ਹੈ, ਦੂਸਰੀ ਧਿਰ ਕਤਲ ਕਰਨ ਬਾਰੇ ਸੋਚ ਰਹੀ ਹੈ। ਔਰਤਾਂ ਨੂੰ ਦਮਨ, ਦਬਾਅ ਰਾਹੀਂ ਵਰਤਿਆ ਜਾ ਰਿਹਾ ਹੈ। ਉਹ ਪੀੜਾ ਨਾਲ ਭਰੀ ਹੋਈ ਪੰਜਾਬ ਦੇ ਅੰਦਰਲੇ ਮਾਹੌਲ ਨੂੰ ਪੇਸ਼ ਕਰ ਰਹੀ ਹੈ। ਇਹਨਾਂ ਕਹਾਣੀਆਂ ਵਿਚ ਔਰਤ ਦੀ ਚੁੱਪ ਬੋਲਦੀ ਹੈ, ਸੱਤਾਧਾਰੀ ਮਰਦਾਂ ਦੇ ਲਲਕਾਰੇ ਖੌਫ਼ ਪੈਦਾ ਕਰਦੇ ਹਨ। ਦਲਿਤ ਪਾਤਰ ਸਹਿਮੇ ਹਨ, ਉਹਨਾਂ ਅੰਦਰ ਸੁਪਨੇ ਲਗਾਤਾਰ ਮਰ ਰਹੇ ਹਨ। ਭਾਵੇਂ ਕੁਝ ਕਹਾਣੀਆਂ ਉਹਨਾਂ ਦੀ ਚੇਤਨਾ ਦੀ ਗੱਲ ਵੀ ਕਰਦੀਆਂ ਹਨ ਪਰੰਤੂ ਉਹਨਾ ਦੀ ਰਾਜਨੀਤਿਕ ਚੇਤਨਾ ਅਜੇ ਸ਼ੁਰੂਆਤੀ ਦੌਰ ਵਿਚ ਪਈ ਹੈ। ਦਲਿਤਾਂ ਦਾ ਦੁੱਖ ਦਵੰਧੀ ਹੈ। ਉਹ ਬਿਗਾਨਿਆਂ ਕੋਲੋਂ ਵੀ ਮਾਰ ਖਾ ਰਹੇ ਹਨ ਤੇ ਆਪਣੇ ਲੋਕਾਂ ਅੰਦਰਲੀ ਈਰਖਾ ਕਰਕੇ ਵੀ ਦੁੱਖ ਭੋਗ ਰਹੇ ਹਨ। ਬਲਾਤਕਾਰ, ਬੇਬਸੀ, ਬੇਚੈਨੀ ਇਹ ਕਹਾਣੀਆਂ ਵਿਚ ਬਦਰੰਗ ਹਨ ਪਰੰਤੂ ਪਾਤਰਾਂ ਦੀ ਜਿਉਣ ਦੀ ਤਾਂਘ ਇਹਨਾਂ ਵਿਚ ਰੰਗ ਭਰ ਰਹੀ ਹੈ। ਮਿੱਟੀ ਮਿਟ ਹੋਈ ਨਹੀਂ ਸਗੋਂ ਹੋਂਦ ਵਿਚੋਂ ਬੋਲਣ ਦੀ ਕੋਸ਼ਿਸ਼ ਵਿਚ ਹੈ, ਇਹੀ ਮਿੱਟੀ ਦਾ ਨਵਾਂ ਰੰਗ ਹੈ।

(**ਸੰਪਰਕ**-88725-11179)

# ਵਿਕੋਲਿਤਰੇ ਸਰੋਕਾਰਾਂ ਦਾ ਬਿਰਤਾਂਤ - ਅਰਜਨ ਸਫ਼ੈਦੀ ਵਾਲਾ


- ਡਾ. ਮਿਨਾਕਸ਼ੀ ਰਾਠੌਰ

ਪ੍ਰੇਮ ਗੋਰਖੀ ਪੰਜਾਬੀ ਕਹਾਣੀ ਜਗਤ ਵਿਚ ਜਾਣਿਆ ਪਛਾਣਿਆ ਹਸਤਾਖ਼ਰ ਹੈ। ਉਸ ਦਾ ਨਾਂ ਉਹਨਾਂ ਉੱਭਰਵੇਂ ਤੇ ਪਰਪੱਕ ਕਹਾਣੀਕਾਰਾਂ ਵਿਚ ਆਉਂਦਾ ਹੈ, ਜਿਹਨਾਂ ਨੇ ਦਲਿਤ ਤੇ ਦਮਿਤ ਦੇ ਸਰੋਕਾਰਾਂ ਨੂੰ ਬਾਖ਼ੂਬੀ ਉਭਾਰਿਆ ਹੈ। ਉਸਨੇ ਪੰਜਾਬੀ ਕਹਾਣੀ ਵਿਚ ਵਿਧਾ ਦੇ ਪੱਖ ਤੋਂ ਵੀ ਬਹੁਤ ਸਾਰੇ ਜਟਿਲ ਪ੍ਰਯੋਗ ਕੀਤੇ ਹਨ। ਵਿਸ਼ਿਆਂ ਦੀ ਸੂਖ਼ਮਤਾ ਤੇ ਵਿਕੋਲਿਤਰੇ ਸਰੋਕਾਰ ਉਸਦੇ ਕਹਾਣੀ ਪਾਠ ਨੂੰ ਵੱਖਰੀ ਨੁਹਾਰ ਪ੍ਰਦਾਨ ਕਰਦੇ ਹਨ। ਕਥਾ -ਪਾਠ ਵਿਚਲੀ ਪ੍ਰੌੜ੍ਹਤਾ ਤੇ ਸੰਵੇਦਨਾ ਪ੍ਰੇਮ ਗੋਰਖੀ ਨੂੰ ਨਾਮਵਰ ਕਹਾਣੀਕਾਰਾਂ ਦੀ ਕਤਾਰ ਵਿਚ ਲਿਆ ਖੜ੍ਹਾ ਕਰਦੀ ਹੈ। ਬਿਰਤਾਂਤਕੀ-ਪਾਠ ਦੇ ਆਰੰਭ ਵਿਚ ਆਈ ਉਸਦੇ ਪਿਤਾ ਦੀ ਨਸੀਹਤ, " ਪੁੱਤ ਤੂੰ ਤਾਂ ਅਜੇ ਢਾਈ ਕਹਾਣੀਆਂ ਲਿਖੀਆਂ ਹੋਣੀਆਂ ਸੋਚਦੈ ਪੰਜ ਪੀਰ ਚੌਂਕ 'ਚ ਖੜਾ ਰਿਕਸ਼ੇ ਵਾਲਾ ਤੇਰਾ ਨਾਂ ਸੁਣਕੇ ਸਿੱਧਾ ਦੋ ਮੀਲਾਂ ਤੋਂ ਏਥੇ ਪਹੁੰਚੇ ਨਈਂ ਸੂਰਮਿਆਂ ਏਦਾਂ ਨਈਂ ਆਪਣੀ ਪਛਾਣ ਲਈ ਕਮਾਈ ਕਰੋ..ਮਿਹਨਤ ਕਰੋ।" ( ਅਰਜਨ ਸਫ਼ੈਦੀ ਵਾਲਾ, ਪੰਨਾ, 8)

'ਅਰਜਨ ਸਫ਼ੈਦੀ ਵਾਲੇ' (**ਪ੍ਰਕਾਸ਼ਕ: ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, ਸਾਲ: 1993, ਪੰਨੇ :140, ਮੁੱਲ: 50 /-**) ਵਰਗਾ ਨਾਮ ਕਮਾਉਣ ਲਈ ਬਿਰਤਾਂਤਕਾਰ ਪੁਰਜ਼ੋਰ ਪ੍ਰਯਤਨ ਕਰਦਿਆਂ ਪੰਜਾਬੀ ਕਥਾ ਜਗਤ ਵਿਚ ਵਿਲੱਖਣ ਸਥਾਨ ਬਣਾਉਂਦਾ ਸੂਖ਼ਮ ਭਾਵੀ ਹੋ ਸਫ਼ਲ ਕਹਾਣੀਕਾਰ ਵਜੋਂ ਪ੍ਰਵਾਨ ਹੁੰਦਾ ਹੈ। ਉਸਨੇ ਪੰਜਾਬੀ ਕਹਾਣੀ ਜਗਤ ਨੂੰ 'ਮਿੱਟੀ ਰੰਗੇ ਲੋਕ', 'ਜੀਣ-ਮਰਨ', 'ਤਿੱਤਰ ਖੰਭੀ ਜੂਹ', 'ਬੁੱਢੀ ਰਾਤ ਤੇ ਸੂਰਜ', 'ਵਣ-ਬੇਲਾ', 'ਅਰਜਨ ਸਫ਼ੈਦੀ ਵਾਲਾ' , 'ਧਰਤੀ ਪੁੱਤਰ' ਆਦਿ ਕਹਾਣੀ ਸੰਗ੍ਰਹਿ ਦਿੱਤੇ ਹਨ। ਉਸਦੀਆਂ ਕਹਾਣੀਆਂ ਗਾਹੇ ਬਗਾਹੇ ਵੱਖੋ ਵੱਖਰੇ ਰਸਾਲਿਆਂ ਵਿਚ ਵੀ ਛਪਦੀਆਂ ਰਹੀਆਂ ਹਨ। ਵਿਚਾਰਾਧੀਨ ਕਹਾਣੀ ਸੰਗ੍ਰਹਿ 'ਅਰਜਨ ਸਫ਼ੈਦੀ ਵਾਲਾ' **ਵੀ ਵੱਖਰੀ ਪਛਾਣ ਤੇ ਵਿਕੋਲਿਤਰੇ ਸਰੋਕਾਰਾਂ ਨੂੰ ਪੇਸ਼ ਕਰਨ ਵਾਲਾ ਬਿਰਤਾਂਤਕੀ-ਪਾਠ ਹੈ।** ਜਿਸ ਵਿਚ ਉਸਨੇ ਦਲਿਤ ਤੇ ਦਮਿਤ ਦੇ ਮਸਲਿਆਂ ਤੋਂ ਲੈ ਕੇ ਜੀਵਨ ਯਥਾਰਥ ਦੇ ਅਸਤਿੱਤਵੀ ਸੰਕਟ, ਪੂੰਜੀਵਾਦੀ ਵਿਵਸਥਾ ਵਿਚ ਮਨੁੱਖੀ ਪਛਾਣ ਦੇ ਖ਼ੁਰਦੇ ਜਾਣ ਦੀ ਵੇਦਨਾ ਤੇ ਪੰਜਾਬ ਸੰਕਟ ਵਰਗੇ ਵਿਭਿੰਨ ਮਸਲਿਆਂ ਨੂੰ ਆਪਣੇ ਕਲੇਵਰ ਵਿਚ ਸਮੋਇਆ ਹੈ। ਪਾਠ ਵਿਚ ਪ੍ਰਵੇਸ਼ ਕਰਦਿਆਂ ਸਭ ਤੋਂ ਪਹਿਲਾਂ ਉਸਦੀ ਕਹਾਣੀ **'ਸੰਸਕਾਰ'** ਪਾਠਕ ਦਾ ਧਿਆਨ ਆਕਰਸ਼ਿਤ ਕਰਦੀ ਹੈ। ਜਿਸਨੂੰ ਬਿਰਤਾਂਤ ਕਾਰ ਨੇ ਇਕ ਵੱਡੇ ਕੈਨਵਸ ਤੇ ਫ਼ੈਲਾਇਆ ਹੈ। ਬਿਰਤਾਂਤ ਕੀ-ਪਾਠ ਵਿਚ ਦਲਿਤ ਸਰੋਕਾਰ ਪ੍ਰਮੁੱਖ ਧੁਨੀ ਵਜੋਂ ਉਭਰਦੇ ਹਨ। ਕੇਂਦਰੀ ਪਾਤਰ ਗੁਰਮੇਲ ਜੋ ਕਿ ਥੋੜ੍ਹਾ ਬਹੁਤ ਪੜ੍ਹ ਲਿਖ ਕੇ ਕਿਸੇ ਦਫ਼ਤਰ ਵਿਚ ਨੌਕਰੀ ਕਰਨ ਲੱਗਦਾ ਹੈ,ਚੱਠਾ ਸਾਹਿਬ ਦੇ ਘਰ ਵਗਾਰ ਕਰਨ ਲਈ ਮਜ਼ਬੂਰ ਹੈ। ਗੁਰਮੇਲ ਦੀ ਮਾਂ ਤੇ ਪਿਉ ਦਲੀਪਾ ਵੀ ਸਾਰੀ ਜ਼ਿੰਦਗੀ ਚੱਠਾ ਸਾਹਿਬ ਦੇ ਘਰ ਗ਼ੁਲਾਮੀ ਕਰਦੇ ਰਹੇ ਸਨ। ਦਲੀਪੇ ਦੀ ਮੌਤ ਤੋਂ ਬਾਅਦ ਆਪਣੇ ਡਰਾਇਵਰ ਬੂਟਾ ਸਿੰਘ ਦੇ ਕਹਿਣ ਤੇ ਗੁਰਮੇਲ ਨੂੰ ਚੱਠਾ ਸਾਹਿਬ ਦਫ਼ਤਰ ਵਿਚ ਨੌਕਰੀ ਤਾਂ ਲਗਵਾ ਦਿੰਦਾ ਹੈ। ਪਰ ਉਹ ਵੀ ਆਪਣੇ ਪਿਉ ਵਾਂਗ ਸਾਰੀ ਉਮਰ ਲਈ ਚੱਠਾ ਸਾਹਿਬ ਦੇ ਅਹਿਸਾਨਾਂ ਹੇਠ ਦੱਬਿਆ ਵਗ਼ਾਰ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ। ਹੁਣ ਜਦੋਂ ਵੀ ਚੱਠਾ ਸਾਹਿਬ ਦੇ ਘਰ ਕੋਈ ਵੀ ਮਹਿਮਾਨ ਆ ਰਿਹਾ ਹੁੰਦਾ ਤਾਂ ਘਰ ਦੇ ਕੰਮ-ਕਾਰਾਂ ਲਈ ਗੁਰਮੇਲ ਨੂੰ ਬੁਲਾਲਿਆ ਜਾਂਦਾ ਹੈ। ਮਹਿਮਾਨਾਂ ਨੂੰ ਪਾਣੀ ਪਿਲਾਉਣ ਤੋਂ ਲੈ ਕੇ ਰਸੋਈ ਵਿਚ ਖਾਣਾ ਬਣਾਉਣ ਤੱਕ ਦਾ ਸਾਰਾ ਕੰਮ ਗੁਰਮੇਲ ਹੀ ਕਰਦਾ ਹੈ। ਚੱਠਾ ਸਾਹਿਬ ਦੇ ਅਹਿਸਾਨ ਹੇਠ ਦੱਬੇ ਗੁਰਮੇਲ ਨੂੰ ਕੋਠੀ ਵਿਚ ਨਫ਼ਰਤ ਤੇ ਤ੍ਰਿਸਕਾਰ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਘਰ ਵਿਚ ਚੱਠਾ ਸਾਹਿਬ ਦੀ ਕਾਮਰੇਡ ਧੀ ਪਿੰਕੀ ਤੋਂ ਇਲਾਵਾ ਕੋਈ ਵੀ ਉਸਦੀ ਇੱਜ਼ਤ ਨਹੀਂ ਕਰਦਾ। ਦੋਨੋਂ ਪੁੱਤਰ ਪ੍ਰਭਵੀਰ ਤੇ ਗੁਰਬੀਰ ਤਾਂ ਉਸਦਾ ਨਾਮ ਵੀ ਚੰਗੀ ਤਰ੍ਹਾਂ ਨਹੀਂ ਲੈਂਦੇ, ਉਸਨੂੰ ਕਾਂ ਕੁੱਤਾ ਸਮਝ ਹਰ ਵੇਲੇ ਬੇਇੱਜ਼ਤੀ ਕਰਨ

ਤੇ ਲੱਗੇ ਰਹਿੰਦੇ ਹਨ।

"ਓਏ ਮੇਲਿਆ- ਘੜੇਲਿਆ ਜੇ ਆਇਐਂ ਤਾਂ ਬੂਟ ਈ ਪਾਲਸ਼ ਕਰਦੇ...ਆਹ ਕੱਪੜੇ ਈ ਪ੍ਰੈਸ ਕਰਦੇ, ਜਾਹ ਦੌੜ ਕੇ ਸ਼ਹਿਰੋਂ ਕਿਤਾਬ ਈ ਲਿਆ ਦੇ।" ਪ੍ਰਭਵੀਰ ਕਦੇ ਕਦੇ ਉਹਨੂੰ ਮੇਲੂ ਵੀ ਕਹਿ ਦਿੰਦਾ। (ਅਰਜਨ ਸਫ਼ੈਦੀ ਵਾਲਾ ਪੰਨਾ, 12)




ਇਥੇ ਹੀ ਬੱਸ ਨਹੀਂ ਸਗੋਂ ਚੱਠਾ ਸਾਹਿਬ, ਉਹਨਾਂ ਦੀ ਪਤਨੀ ਤੇ ਦੋਵੇਂ ਪੁੱਤਰ ਆਪਣੀ ਅਮੀਰੀ ਦਾ ਰੋਹਬ ਪਾ ਕੇ ਗੁਰਮੇਲ ਨੂੰ ਮਜ਼ਾਕ ਦਾ ਪਾਤਰ ਬਣਾਉਂਦੇ ਜ਼ਲੀਲ ਵੀ ਕਰਦੇ ਹਨ। ਜਿਸ ਕਾਰਨ ਕਈ ਵਾਰ ਗੁਰਮੇਲ ਅੰਦਰ ਹੀ ਅੰਦਰ ਦੁਖੀ ਵੀ ਹੁੰਦਾ ਹੈ। ਨਫ਼ਰਤ ਤੇ ਗੁੱਸੇ ਦੇ ਇਹ ਭਾਵ ਉਸਦੇ ਮਨ ਨੂੰ ਝੰਜੋੜ ਜਾਗਰੂਕਤਾ ਤੇ ਸਵੈ ਚੇਤਨਾ ਵੀ ਪੈਦਾ ਕਰਦੇ ਹਨ। ਉਸਦੀ ਸੋਚ ਦਾ ਇਹ ਖ਼ਾਮੋਸ਼ ਤੇ ਮੂਕ ਵਿਦਰੋਹ ਦਲਿਤ ਤੇ ਦਮਿਤ ਦੀ ਅਵਾਜ਼ ਬਣ ਉਸ ਦੇ ਅਸਤਿਤੱਵੀ ਪੱਖਾਂ ਨੂੰ ਵੀ ਉਭਾਰਦਾ ਹੈ। ਭਾਵੇਂ ਉਸਨੂੰ ਇਹ ਵੀ ਪਤਾ ਹੈ ਕਿ ਉਸਦਾ ਇਹ ਮੂਕ ਵਿਦਰੋਹ ਉਸਦੇ ਹੋਂਦ ਮਈ ਸੰਕਟ ਤੋਂ ਛੁਟਕਾਰਾ ਨਹੀਂ ਦਿਵਾ ਸਕਦਾ।

ਇਸੇ ਤਰ੍ਹਾਂ ਕਥਾ-ਪਾਠ ਵਿਚ ਸਮਾਨਾਂਤਰ ਰੂਪ ਵਿਚ ਚੱਲ ਰਿਹਾ ਰਾਸ ਧਾਰੀਆਂ ਦਾ ਬਿਰਤਾਂਤ ਜਾਤੀਗਤ ਮਸਲਿਆਂ ਨੂੰ ਉਭਾਰਦਾ ਮਰਿਆਦਾ ਦੇ ਸੰਕਲਪ ਨੂੰ ਵੀ ਪੇਸ਼ ਕਰਦਾ ਹੈ।ਆਪਣੇ ਕਸਬ ਦੀ ਮਰਿਆਦਾ ਅਧੀਨ ਹੀ ਕਥਾ-ਵਾਚਕ ਦਾ ਸ਼ਰਾਬੀ ਹੋਏ ਸਰਪੰਚ ਦੇ ਮੁੰਡੇ ਤੋਂ ਵੇਲ ਕਰਵਾਏ ਗਏ ਪੰਜਾਹ ਦੇ ਨੋਟ ਨੂੰ ਨਾ ਲੈਣ ਦੇ ਚਿਹਨਕੀ-ਜੁੱਟ ਬਿਰਤਾਂਤਕੀ -ਪਾਠ ਵਿਚ ਦਲਿਤ ਤੇ ਦਮਿਤ ਨੂੰ ਲੱਗੇ ਆਦਰਸ਼ ਤੇ ਮਰਿਆਦਾ ਦੇ ਗ੍ਰਹਿਣ ਦੀ ਨਿਸ਼ਾਨਦੇਹੀ ਕਰਦੇ ਅਖੌਤੀ ਅਸਤਿਤੱਵੀ ਜੀਵਨ ਮੁੱਲਾਂ ਤੇ ਵੀ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ ।

" ... ਲੈ ਵੱਡਾ ਆ ਗਿਆ ਮਰਿਆਦਾ ਲੈ ਕੇ ਉਏ ਤੂੰ ਚਾਰ ਪੈਸੇ ਬਣਾ ..ਤੂੰ ਜਿਹੜੀ ਮਰਿਆਦਾ ਚੁੱਕੀ ਫਿਰਦੈ ਇਹ ਕੀ ਤੇਰਾ ਢਿੱਡ ਭਰ ਦਿਊ? ਭਰਾਵਾ ਇਹ ਅਸੂਲ ਤੇ ਨਿਯਮ ਆਪਣੇ ਵਰਗੇ ਗਰੀਬ-ਗੁਰਬੇ ਈ ਚੁੱਕੀ ਫਿਰਦੇ ਆ...।" ਉਹ ਮੂੰਹ ਵਿਚ ਹੀ ਬੁੜ ਬੁੜਾ ਰਿਹਾ ਸੀ। (ਅਰਜਨ ਸਫ਼ੈਦੀ ਵਾਲਾ ਪੰਨਾ, 23)

ਇਥੇ ਬਿਰਤਾਂਤਕੀ-ਪਾਠ ਵਿਚ ਦੋ ਤਰ੍ਹਾਂ ਦੀਆਂ ਧਿਰਾਂ ਹਨ। ਇਕ ਪਾਸੇ ਅੰਤਾਂ ਦੀ ਅਮੀਰ ਤੇ ਉੱਚੀ ਭ੍ਰਿਸ਼ਟ ਧਿਰ ਹੈ ਜੋ ਆਪਣੀ ਅਫ਼ਸਰ ਸ਼ਾਹੀ ਦਾ ਰੋਹਬ ਪਾਉਂਦਿਆਂ ਨਜਾਇਜ਼ ਕੰਮ ਕਰਦਿਆਂ ਝੂਠੇ ਪ੍ਰਾਜੈਕਟ ਤਿਆਰ ਕਰ ਲੱਖਾਂ ਕਰੋੜਾਂ ਦੀ ਕਮਾਈ ਕਰ ਰਹੀ ਹੈ ਤੇ ਦੂਜੇ ਪਾਸੇ ਥੁੜ੍ਹਾਂ ਮਾਰੇ ਮਿਹਨਤਕਸ਼ ਲੋਕ ਹਨ ਜੋ ਮਾਣ ਮਰਿਆਦਾ ਦਾ ਜੁੱਲਾ ਚੁੱਕੀ ਆਰਥਿਕ ਤੰਗੀ ਦਾ ਸ਼ਿਕਾਰ ਤਾਂ ਹੁੰਦੇ ਹਨ ਪਰ ਆਪਣੇ ਸੰਸਕਾਰ ਤੇ ਮਰਿਆਦਾ ਨਹੀਂ ਛੱਡਦੇ। ਪਾਠ ਦੇ ਅੰਤ ਵਿਚ ਆਏ ਇਹ ਮਿਥਕ ਚਿਹਨਕੀ -ਜੁੱਟ ਬਹੁਤ ਮਹਤੱਵ ਪੂਰਨ ਹਨ। ਜੋ ਸੰਸਕਾਰਾਂ ਦੇ ਥੀਮਕ ਪਾਸਾਰ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਦੇ ਹਨ।

"ਕੀ ਪਤਾ ਇਹ ਧਰਤੀ, ਇਹ ਸਾਰਾ ਸੰਸਾਰ ਕਿਹੜੀ ਗੱਲੋਂ ਗਰਕ ਹੋਣੋਂ ਬਚਿਆ ਪਿਐ ਖਨੀ ਕਿਸੇ ਇਕ, ਦੋ ਜਾਂ ਸੈਂਕੜਿਆਂ ਕਰਕੇ ਹੀ ਜਿਹੜੇ ਅਜੇ ਵੀ ਡੋਲਦੇ ਨਈਂ ਇਹਦੇ ਵਰਗੇ ਹੀ। ਕੀ ਪਤੈ ਉਹ ਬੌਲਦ ਵੀ ਏਸੇ ਕਰਕੇ ਅਡੋਲ ਖੜੈ ਧਰਤੀ ਦੇ ਹੇਠਾਂ ਕਿਹਨੂੰ ਖਬਰ ਐ?" (ਅਰਜਨ ਸਫ਼ੈਦੀ ਵਾਲਾ, 23)

ਦਲਿਤ ਤੇ ਦਮਿਤ ਦਾ ਅਗਲਾ ਸਰੋਕਾਰ **'ਜਿੱਤ'** ਕਹਾਣੀ ਵਿਚ ਉੱਭਰਦਾ ਹੈ। ਕਥਾ-ਪਾਠ ਦਾ ਕੇਂਦਰੀ ਪਾਤਰ ਚਿਮਨੀ ਛੜੇ ਹੋਣ ਦਾ ਦੁੱਖ ਹੰਢਾਉਂਦਾ ਔਰਤ ਦੇ ਸਾਥ ਨੂੰ ਤਰਸਦਾ ਹੈ। ਚਿਮਨੀ ਤੀਹ ਵਰ੍ਹਿਆ ਦਾ ਹੋ ਗਿਆਹੈ ਪਰ ਉਸਨੂੰ ਕੋਈ ਸਾਕ ਨਹੀਂ ਜੁੜਦਾ। ਕੁੜੀ ਵਾਲੇ ਤਾਂਗਾ ਚਲਾਉਣ ਨੂੰ ਕੰਮ ਨਹੀਂ ਮੰਨਦੇ। ਅਚਾਨਕ ਇਕ ਦਿਨ ਚਿਮਨੀ ਦਾ ਆਕਰਸ਼ਣ ਆਪਣੇ ਪਿੰਡ ਦੀ ਚੰਨੋ ਨਾਲ ਹੋ ਜਾਂਦਾ ਹੈ ਜੋ ਪਹਿਲਾਂ ਹੀ ਭਾਗੇ ਨਾਮ ਦੇ ਬੰਦੇ ਨਾਲ ਵਿਆਹੀ ਹੋਈ ਹੈ। ਪਰ ਜ਼ਿੰਦਗੀ ਤੋਂ ਸੰਤਾਪੇ ਚਿਮਨੀ ਨੂੰ ਕਈ ਵਾਰ ਭਾਗੇ ਤੇ ਵੀ ਰਸਕ ਹੋਣ ਲੱਗਦਾ ਜੋ ਚੰਨੋ ਦੇ ਪਾਸਕ ਵੀ ਨਹੀਂ ਹੈ। ਚਿਮਨੀ ਆਨੀਂ ਬਹਾਨੀਂ ਭਾਗੇ ਦੇ ਘਰ ਚੱਕਰ ਲਾਉਣ ਲੱਗਦਾ ਹੈ ਭਾਵੇਂ ਚੰਨੋ ਨਾਲ ਉਸਨੇ ਕਦੇ ਬੋਲ ਸਾਂਝੇ ਨਹੀਂ ਕੀਤੇ ਸਨ ਪਰ ਹੱਟੀ ਭੱਠੀ ਤੇ ਦੋਨਾਂ ਦੀਆਂ ਗੱਲਾਂ ਹੋਣ ਲੱਗਦੀਆਂ, ਜਿਹਨਾਂ ਬਾਰੇ ਜਾਣ ਕੇ ਚਿਮਨੀ ਨੂੰ ਸੁਆਦ ਜਿਹਾ ਆਉਣ ਲੱਗਦਾ ਹੈ। ਉਹ ਆਪਣੇ ਹਾਣੀ ਦੇਬੋ ਨੂੰ ਚੰਨੋ ਬਾਰੇ ਆਪਣੇ ਪਿਆਰ ਦੀਆਂ ਮਨਘੜਤ ਕਹਾਣੀਆਂ ਸੁਣਾ ਸੁਣਾ ਮਨ ਹੀ ਮਨ ਖ਼ੁਸ਼ ਹੋਣ ਲੱਗਦਾ ਹੈ:

ਉਹ ਦੇਬੂ ਨੂੰ ਬਹੁਤ ਵਾਰ ਦਸਦਾ, " ਅਜ ਉਹਨੇ ਖੋਇਆ ਮਾਰ ਕੇ ਦਿਤਾ, ਨਾਲੇ ਕਹਿੰਦੀ ਬਹਿਜਾ ਦੁਧ ਪੀ ਕੇ ਜਾਈਂ ਬੁੜੀ ਤਾਂ ਘਰੇ ਨੀ ਮੈਨੂੰ ਕਹਿੰਦੀ ਕਿਸੇ ਦਿਨ ਸ਼ਹਿਰ ਈ ਘੁਮਾ ਲਿਆ। ਦੇਬਿਆ ਕਿਸੇ ਕੋਲ ਗੱਲ ਨਾ ਕਰੀਂ..ਖਨੀ ਅਸੀਂ ਕਲ੍ਹ ਈ ਜਾਈਏ।" (ਅਰਜਨ ਸਫ਼ੈਦੀ ਵਾਲਾ ਪੰਨਾ, 80)

ਇਸ ਦੇ ਲਈ ਹੀ ਇਕ ਦਿਨ ਉਸਨੂੰ ਭਾਗੇ ਦੀ ਕੁੱਟ ਮਾਰ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਪਰ ਚੰਨੋ ਦੇ ਇਸ਼ਕ ਵਿਚ ਨੀਮ ਪਾਗ਼ਲ ਹੋਇਆ ਚਿਮਨੀ ਕਿਸੇ ਦੀ ਕੋਈ ਪਰਵਾਹ ਨਹੀਂ ਕਰਦਾ। ਉਸਦੀ ਖ਼ੁਸ਼ੀ ਉਸ ਵੇਲੇ ਸੱਤਵੇਂ ਅਸਮਾਨ ਨੂੰ ਛੁਹਣ ਲੱਗਦੀ ਹੈ,ਜਦੋਂ ਚੰਨੋ ਦੀ ਕੁੱਖੋਂ ਹੋਏ ਮੁੰਡੇ ਦੇ ਨੈਣ ਨਕਸ਼ ਵੀ ਚਿਮਨੀ ਆਪਣੇ ਨਾਲ ਮਿਲਾਉਂਦਾ ਖ਼ੀਵਾ ਹੋਇਆ ਫ਼ਿਰਦਾ ਹੈ। ਇਸ ਵਿਚ ਉਸਨੂੰ ਆਪਣੀ ਜਿੱਤ ਮਹਿਸੂਸ ਹੁੰਦੀ ਹੈ ਭਾਗੇ ਹੱਥੋਂ ਜ਼ਖ਼ਮੀ ਹੋਏ ਚਿਮਨੀ ਨੂੰ ਹਸਪਤਾਲ ਵਿਚ ਪਏ ਨੂੰ ਵੀ ਇਹ ਜਿੱਤ ਆਂਤਰਿਕ ਸੰਤੁਸ਼ਟੀ ਵਿਚ ਤਬਦੀਲ ਹੁੰਦੀ ਜਾਪਦੀ ਹੈ, ਜਦੋਂ ਉਸਨੂੰ ਦੇਬੋ ਦੀ ਘਰਵਾਲੀ ਦੇ ਬੋਲ ਯਾਦ ਆਉਂਦੇ ਹਨ:

"ਦੇਬਿਆ", ਉਹ ਗੜਕੇ ਨਾਲ ਬੋਲਿਆ,

"ਤੇਰੀ ਬਹੂ ਕੀ ਕਹਿੰਦੀ ਏ-ਪਈ ਮੁੰਡਾ ਐਨ ਚਿਮਨੀ ਤੇ ਆ ਹੈ?" (ਅਰਜਨ ਸਫ਼ੈਦੀ ਵਾਲਾ,85)

ਇਸ ਤਰ੍ਹਾਂ ਇਹ ਸ਼੍ਰੇਣੀ ਸੁਪਨੇ ਅਤੇ ਪ੍ਰਾਪਤੀ ਦੇ ਤਣਾਉ ਵਿਚੋਂ ਗੁਜ਼ਰਦੀ ਸੰਕਟ ਗ੍ਰਸਤ ਰਹਿੰਦੀ ਹੈ। ਇਥੇ ਬਿਰਤਾਂਤਕੀ -ਪਾਠ ਦੇ ਵਿਭਿੰਨ ਚਿਹਨਕੀ-ਜੁੱਟ ਘਰ ਗ੍ਰਹਿਸਥੀ ਵਿਚ ਤੀਵੀਂ ਦੀ ਲੋੜ ਨੂੰ ਪ੍ਰਗਟ ਕਰਦੇ ਹੇਠਲੀ ਸਤ੍ਹਾ ਤੇ ਤਰਸ ਮਈ ਜੀਵਨ ਜਿਉਂ ਰਹੇ ਲੋਕਾਂ ਦਾ ਬਿਰਤਾਂਤ ਵੀ ਸਿਰਜਦੇ ਹਨ। ਜਿਸਦਾ ਇਕ ਦ੍ਰਿਸ਼ ਚਿਮਨੀ ਦੇ ਅਵਚੇਤਨੀ ਭਾਵਾਂ ਰਾਹੀਂ ਭਾਵ ਪੂਰਤ ਰੂਪ ਵਿਚ ਪੇਸ਼ ਹੁੰਦਾ ਹੈ।

ਦਲਿਤ ਚੇਤਨਾ ਦਾ ਅਗਲਾ ਸਰੋਕਾਰ ਵੱਡੇ ਲੋਕਾਂ ਵੱਲੋਂ ਦਲਿਤ ਔਰਤਾਂ ਦੇ ਸੋਸ਼ਣ ਦਾ ਪੇਸ਼ ਹੁੰਦਾ ਹੈ। ਦਲਿਤ ਨਾਰੀ ਜੋ ਤੀਹਰੇ ਸੋਸ਼ਣ ਦੀ ਸ਼ਿਕਾਰ ਹੈ,ਉਸਦੀ ਗੱਲ ਵੀ ਦਲਿਤ ਕਹਾਣੀ ਵਿਚ ਨਹੀਂ ਹੋ ਰਹੀ। ਨਾ ਹੀ ਕੋਈ ਨਾਰੀ ਦਲਿਤ ਕਹਾਣੀਕਾਰ ਉੱਭਰ ਕੇ ਸਾਹਮਣੇ ਆਈ ਹੈ। ਜਿਸਨੇ ਦਲਿਤ ਨਾਰੀ ਦੀ ਗੱਲ ਕੀਤੀ ਹੋਵੇ। ਜਿਥੋਂ ਤੱਕ 'ਵੱਡੇ ਲੋਕ' ਕਥਾ-ਪਾਠ ਦਾ ਸੰਬੰਧ ਹੈ, ਬਿਰਤਾਂਤਕੀ-ਪਾਠ ਦਾ ਪਾਤਰ ਜਿੰਦਰ ਵੱਡੇ ਜ਼ਿਮੀਂਦਾਰਾਂ ਦਾ ਵਿਗੜਿਆ ਤੇ ਨਿਪੁੰਸ਼ਕ ਮੁੰਡਾ ਹੈ। ਨਿਪੁੰਸ਼ਕ ਜਿੰਦਰ ਦਲਿਤ ਪਰਿਵਾਰ ਦੀ ਰੇਸ਼ੋ ਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾਉਂਦਾ ਹੈ। ਰੇਸ਼ੋ ਦੇ ਮਾਂ ਪਿਉ ਜਿੰਦਰ ਦੇ ਖੇਤਾਂ ਵਿਚ ਕੰਮ ਕਰਕੇ ਆਪਣਾ ਗ਼ੁਜ਼ਾਰਾ ਚਲਾਉਂਦੇ ਹਨ। ਜਿਸਦਾ ਨਜਾਇਜ਼ ਫ਼ਾਇਦਾ ਉਠਾ ਜਿੰਦਰ ਆਨੀਂ ਬਹਾਨੀਂ ਰੇਸ਼ੋ ਦਾ ਰਸਤਾ ਘੇਰਨ ਲੱਗਦਾ ਹੈ ਤੇ ਕਈ ਵਾਰ ਚੀਜ਼ਾਂ,ਵਸਤਾਂ ਤੇ ਪੈਸਿਆਂ ਦਾ ਲਾਲਚ ਦੇ ਕੇ ਉਸ ਨਾਲ ਜ਼ੋਰ ਜ਼ਬਰ ਦਸਤੀ ਵੀ ਕਰਦਾ ਹੈ। ਰੇਸ਼ੋ ਤੇ ਉਸਦੀ ਮਾਂ ਜਿੰਦਰ ਦੇ ਪੈਸੇ ਤੇ ਸੁੱਖ ਅਰਾਮ ਨੂੰ ਮਾਣ ਵੱਡੇ ਘਰਾਂ ਨਾਲ ਰਿਸ਼ਤਾ ਜੋੜਨ ਦੇ ਸੁਪਨੇ ਵੀ ਵੇਖਣ ਲੱਗਦੀਆਂ ਹਨ। ਪਰ ਜਦੋਂ ਰੇਸ਼ੋ ਨੂੰ ਜਿੰਦਰ ਦੀ ਨਿਪੁੰਸ਼ਕਤਾ ਦਾ ਪਤਾ ਲੱਗਦਾ ਹੈ ਤਾਂ ਉਹ ਵਿਦਰੋਹ ਕਰ ਦਿੰਦੀ ਹੈ:

"ਰੇਸ਼ੋ ਨੇ ਹਰਖ਼ ਨਾਲ ਮੱਚਦੀ ਨੇ ਉਸਨੂੰ ਧੱਕਾ ਮਾਰ ਕੇ ਫ਼ਰਸ਼ ਤੇ ਚੌਫ਼ਾਲ ਸੁੱਟ ਦਿੱਤਾ ਤੇ ਚੀਖ਼ ਕੇ

ਬੋਲੀ, "ਸਾਲਾ ਪੀਤੂ ਦਾ ਮਰਿਆ ਨੀ ਜਾਂਦਾ ਇਹੋ ਜਿਹੇ ਖੱਬੀ ਖਾਨ ਤੋਂ।" ਤੇ ਉਹ ਡੌਂਬਰਿਆ ਵਾਂਗ ਝਾਕਦੇ ਜਿੰਦਰ ਨੂੰ ਬੈਠਾ ਛੱਡ ਕੇ ਬਾਹਰ ਆ ਗਈ। (ਅਰਜਨ ਸਫ਼ੈਦੀ ਵਾਲਾ ਪੰਨਾ, 109)

ਵਾਸਤਵ ਵਿਚ ਅਚੇਤ ਮਨ ਵਿਚ ਰੇਸ਼ੋ ਦਾ ਆਕਰਸ਼ਣ ਜਿੰਦਰ ਨਹੀਂ ਸਗੋਂ ਮਿਹਨਤ ਕਸ਼ ਪੀਤ ਹੈ, ਜੋ ਮਿਲਖਾਂ ਦਾ ਮਾਲਕ ਤਾਂ ਨਹੀਂ ਪਰ ਸਰੀਰਕ ਪੱਖੋਂ ਤਾਕਤਵਰ ਤੇ ਚੰਗੇ ਜੁੱਸੇ ਦਾ ਮਾਲਕ ਹੈ। ਜਿਸ ਨੇ ਕੁਸ਼ਤੀ ਤੇ ਘੋਲ ਵਿਚ ਚੰਗਾ ਨਾਮ ਕਮਾਇਆ ਹੋਇਆ ਹੈ। ਰੇਸ਼ੋ ਨੂੰ ਸੰਪੂਰਨ ਮਰਦ ਦਾ ਅਹਿਸਾਸ ਪੀਤੂ ਵਿਚੋਂ ਹੀ ਹੁੰਦਾ ਹੈ। ਇਸੇ ਲਈ ਉਸਦੀ ਜਿੰਦਰ ਲਈ ਵਿਦਰੋਹੀ ਸੁਰ ਬੇਬਾਕ ਰੂਪ ਧਾਰਨ ਕਰ ਲੈਂਦੀ ਹੈ।

ਦਲਿਤ ਸਰੋਕਾਰਾਂ ਦੇ ਨਾਲ ਬਿਰਤਾਂਤਕਾਰ ਨੇ ਨਿਮਨ ਮੱਧ ਵਰਗ ਦੀਆਂ ਮੁਸ਼ਕਿਲਾਂ ਦੀ ਵੀ ਪੇਸ਼ਕਾਰੀ ਕੀਤੀ ਹੈ। ਜਿਸ ਵਿਚ 'ਗੁੰਝਲ' ਕਹਾਣੀ ਦਾ ਬਿਰਤਾਂਤ ਮਹਤੱਵ ਪੂਰਨ ਹੈ। ਪਾਤਰ ਬੁੱਧਰਾਜ ਕਿਸੇ ਫ਼ੈਕਟਰੀ ਵਿਚ ਕਲਰਕ ਹੈ। ਬਿਰਤਾਂਤਕੀ -ਪਾਠ ਵਿਚ ਗੁੰਝਲ ਇਹ ਹੈ ਕਿ ਬੁੱਧਰਾਜ ਆਪਣੀ ਗਰੀਬੀ ਕਾਰਨ ਧੀ ਦਾ ਵਿਆਹ ਕਰਨ ਤੋਂ ਅਸਮਰੱਥ ਹੈ ਪਰ 'ਮੈਂ' ਪਾਤਰ ਜੋ ਚਾਲ੍ਹੀਆਂ ਦੀ ਉਮਰ ਵਿਚ ਵੀ ਕੁਆਰਾ ਹੈ,ਉਸ ਨਾਲ ਮਨ ਹੀ ਮਨ ਆਪਣੀ ਧੀ ਦਾ ਵਿਆਹ ਕਰਨ ਦੀ ਸੋਚ ਲੈਂਦਾ ਹੈ। ਜਿਸਦੇ ਲਈ ਉਹ ਮਨ ਘੜੰਤ ਕਹਾਣੀ ਬਣਾ ਕੇ ਦੱਸਦਾ ਹੈ ਕਿ ਉਸਦੇ ਪਿੰਡ ਵਿਚ ਇਕ ਗਰੀਬ ਆਦਮੀ ਹਾਲਾਤ ਦਾ ਮਾਰਿਆ, ਆਪਣੀ ਧੀ ਦਾ ਵਿਆਹ ਕਰਨ ਤੋਂ ਅਸਮਰੱਥ ਹੈ। ਉਹ ਉਸ ਗਰੀਬ ਆਦਮੀ ਦਾ ਭਲਾ ਕਰਨ ਲਈ 'ਮੈਂ' ਪਾਤਰ ਨੂੰ ਵਿਆਹ ਕਰਵਾਉਣ ਲਈ ਰਾਜ਼ੀ ਕਰ ਲੈਂਦਾ ਹੈ। ਬਿਰਤਾਂਤਕੀ-ਪਾਠ ਵਿਚ ਗੁੰਝਲ ਉਦੋਂ ਖੁੱਲ੍ਹਦੀ ਹੈ, ਜਦੋਂ 'ਮੈਂ' ਪਾਤਰ ਨੂੰ ਇਸ ਗੱਲ ਦਾ ਪਤਾ ਚੱਲਦਾ ਹੈ ਕਿ ਉਹ ਗਰੀਬ ਆਦਮੀ ਹੋਰ ਕੋਈ ਨਹੀਂ ਸਗੋਂ ਬੁੱਧ ਰਾਜ ਆਪ ਹੈ। ਪਾਠ ਦੇ ਅੰਤ ਵਿਚ ਉਹ ਆਪਣੀ ਧੀ ਨੂੰ 'ਮੈਂ' ਪਾਤਰ ਨੂੰ ਸੌਂਪ ਕੇ ਆਪਣੇ ਆਪ ਨੂੰ ਸੁਰਖ਼ੁਰੂ ਹੋਇਆ ਮਹਿਸੂਸ ਕਰਦਾ ਹੈ।

ਇਸੇ ਤਰ੍ਹਾਂ ਬਿਰਤਾਂਤਕਾਰ ਦਲਿਤ ਸ਼੍ਰੇਣੀ ਦੁਆਰਾ ਸਿਰਜੇ ਬਹੁ ਭਾਂਤੀ ਪ੍ਰਵਚਨਾਂ ਨੂੰ ਅਨੇਕ ਕੋਣਾਂ ਤੋਂ ਜਾਂਚ ਕੇ ਉਨ੍ਹਾਂ ਦਾ ਸਮੱਗਰ ਅਤੇ ਸੰਵੇਦਨਾਤਮਕ ਗਲਪੀ ਬਿੰਬ ਸਿਰਜਦਾ ਹੈ। ਆਪਣੀ ਕਾਬਲੀਅਤ, ਰਾਖਵੇਂਕਰਨ ਤੇ ਸਰਕਾਰੀ ਸਹੂਲਤਾਂ ਦੀ ਬਦੌਲਤ ਦਲਿਤ ਵਰਗ ਦਾ ਇਕ ਹਿੱਸਾ ਸਰਕਾਰੀ ਨੌਕਰੀਆਂ ਵਿਚ ਲਾਭ ਵੰਤ ਹੋ ਭਾਵੇਂ ਮੱਧ ਵਰਗ ਵਿਚ ਪ੍ਰਵੇਸ਼ ਪਾ ਸ਼ਹਿਰਾਂ ਵਿਚ ਜਾ ਜ਼ਿੰਦਗੀ ਦੀਆਂ ਸਾਰੀਆਂ ਸੁੱਖ ਸਹੂਲਤਾਂ ਦਾ ਆਨੰਦ ਤਾਂ ਮਾਣਦਾ ਹੈ ਪਰ ਇਹ ਸਭ ਵੀ ਨਿਰਾ ਇਕ ਭੁਲਾਵੇ ਮਾਤਰ ਹੀ ਰਹਿੰਦਾ ਹੈ। ਉਥੇ ਵੀ ਉਹਨਾਂ ਨੂੰ ਕਈ ਤਰੀਕਿਆ ਨਾਲ ਜ਼ਲੀਲ ਹੋਣਾ ਪੈਂਦਾ ਹੈ। **'ਬਚਨਾ ਬੱਕਰਵੱਢ'** ਭਾਵੇਂ ਪੁਲਸ ਵਿਚ ਭਰਤੀ ਹੋ ਥਾਣੇਦਾਰ ਬਣ ਜਾਂਦਾ ਹੈ ਪਰ ਫਿਰ ਵੀ ਲੋਕ ਉਸਨੂੰ ਕਸਾਈ ਦਾ ਪੁੱਤਰ ਹੋਣ ਕਾਰਨ **'ਬਚਨਾ ਬੱਕਰ ਵੱਢ'** ਹੀ ਕਹਿੰਦੇ ਹਨ। ਇਸੇ ਤਰ੍ਹਾਂ ਦਾ ਬਿਰਤਾਂਤ **'ਸੰਸਕਾਰ'** ਕਹਾਣੀ ਵਿਚ ਮਿਲਦਾ ਹੈ ,ਜਿਥੇ ਗੁਰਮੇਲ ਨੂੰ ਕੋਈ ਵੀ ਸਤਿਕਾਰ ਨਾਲ ਨਹੀਂ ਬੁਲਾਉਂਦਾ। ਚੱਠੇ ਦੇ ਦੋਵੇਂ ਮੁੰਡੇ ਤਾਂ ਮੇਲਿਆ ਘੜੇਲਿਆ ਤੋਂ ਬਿਨਾ ਗੱਲ ਹੀ ਨਹੀਂ ਕਰਦੇ।

ਪਰ ਬਿਰਤਾਂਤਕਾਰ ਨੂੰ ਇਥੇ ਇਹ ਆਸ ਵੀ ਬੱਝਦੀ ਹੈ ਕਿ ਨਵੀਂ ਪੀੜ੍ਹੀ ਜਾਤ-ਪਾਤ ਦੇ ਉਚ ਨੀਚ ਦੇ ਭੇਦ-ਭਾਵ ਤੋਂ ਮੁਕਤ ਹੋ ਰਹੀਹੈ। ਜਿਸਦਾ ਬਿਰਤਾਂਤਕੀ ਪਰਿਪੇਖ 'ਕੁੰਡਾ' ਕਹਾਣੀ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ। ਪਾਠ ਵਿਚ 'ਮੈਂ' ਪਾਤਰ ਰੱਖਾ ਰਾਮ ਪੰਡਤ ਜਾਤ ਦਾ ਹੈ। ਪਰ ਉਸਦੀ ਦੋਸਤੀ ਨੀਵੀਂ ਜਾਤ ਦੇ ਜਰਨੈਲ ਨਾਲ ਹੈ। ਭਾਵੇਂ ਉਸਦਾ ਪਿਉ ਪਰੰਪਰਾਵਾਦੀ ਸੋਚ ਦਾ ਹੈ ਤੇ ਉਸਨੂੰ ਗਾਲ੍ਹਾਂ ਵੀ ਕੱਢਦਾ ਹੈ ਪਰ ਰੱਖਾ ਰਾਮ ਆਪਣੀ ਦੋਸਤੀ ਨੂੰ ਪੁਗਾਉਂਦਾ ਹੈ। ਬਿਰਤਾਂਤਕਾਰ ਇਥੇ ਇਹ ਵੀ ਸਪਸ਼ਟ ਕਰਦਾ ਹੈ ਕਿ ਜਾਤ-ਪਾਤ ਤੇ ਉਚ ਨੀਚ ਦਾ ਭੇਦ-ਭਾਵ ਜਨਮ ਨਾਲ ਹੀ ਨਹੀ ਂਹੁੰਦਾ ਸਗੋਂ ਪੀੜ੍ਹੀ ਦਰ ਪੀੜ੍ਹੀ ਸਾਡੇ ਪੂਰਵਜ਼ਾਂ ਦੁਆਰਾ ਵੀ ਅੱਗੇ ਤੁਰਦਾ ਰਿਹਾ ਹੈ।

ਬਿਰਤਾਂਤਕੀ -ਪਾਠ ਵਿਚ **'ਧੁੰਦ'** ਕਹਾਣੀ ਦਾ ਬਿਰਤਾਂਤ ਇਕ ਵਿਲੱਖਣ ਕਿਸਮ ਦਾ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਇਹ ਇਕ ਮਨੋਵਿਗਿਆਨਕ ਕਿਸਮ ਦੀ ਕਹਾਣੀ ਹੈ। ਕੇਂਦਰੀ ਪਾਤਰ ਕਾਕਾ ਜੋ ਕਿ ਵੱਡੇ ਸਰਦਾਰਾਂ ਦਾਪੁੱਤਰ ਹੈ। ਉਹ ਆਪਣੀ ਨੀਮ ਹਕੀਮੀ ਕਰਨ ਦੇ ਨਾਲ ,ਪਿੰਡ ਦਾ ਸਰਪੰਚ ਵੀ ਹੈ। ਪਰ ਉਸਦੀ

ਤੀਵੀਂ ਬਾਜ਼ ਹੋਣ ਦੀ ਮਾੜੀ ਆਦਤ ਉਸਨੂੰ ਨੁਕਰੇ ਲਗਾ ਦਿੰਦੀ ਹੈ। ਕਦੇ ਵੇਲਾ ਸੀ, ਜਦੋਂ ਮਾੜੀ ਤੋਂ ਮਾੜੀ ਔਰਤ ਵੀ ਉਸਦੇ ਚੁਬਾਰੇ ਵਿਚ ਆਉਂਦੀ ਰਹਿੰਦੀ ਸੀ। ਪਰ ਵੱਧਦੀ ਉਮਰ ਦੇ ਨਾਲ ਚੁਬਾਰੇ ਵਿਚਲੇ ਹਾਸੇ ਠੱਠੇ ਵੀ ਮੱਧਮ ਪੈਣ ਲੱਗਦੇ ਹਨ। ਰੇਸ਼ਮ ਕੌਰ ਜਿਸ ਦੇ ਕਾਕੇ ਨਾਲ ਪਿਛਲੇ ਪੰਦਰ੍ਹਾਂ ਸਾਲ ਤੋਂ ਨਜਾਇਜ਼ ਸੰਬੰਧ ਹਨ , ਅਖ਼ੀਰਲੇ ਸਮੇਂ ਉਹ ਵੀ ਕਾਕੇ ਤੋਂ ਮੂੰਹ ਮੋੜ ਲੈਂਦੀ ਹੈ। ਅਖ਼ੀਰ ਵਿਚ ਕਾਕੇ ਦੀ ਹਾਲਤ ਇਹ ਹੋ ਜਾਂਦੀ ਹੈ ਕਿ ਉਹ ਤੀਵੀਂ ਨੂੰ ਵੇਖਦਿਆਂ ਹੀ ਹਾਬੜ ਕੇ ਪੈਂਦਾ ਹੈ। ਆਪਣੀ ਇਸੇ ਮਾੜੀ ਆਦਤ ਸਦਕਾ ਉਹ ਇਕ ਦਿਨ ਪਿੰਡ ਦੇ ਮਾਸਟਰ, ਜਿਸ ਤੋਂ ਉਸਨੇ ਆਪ ਵੀ ਸਿੱਖਿਆ ਹਾਸਲ ਕੀਤੀ ਹੈ, ਉਸਦੀ ਧੀ ਨੂੰ ਛੇੜਨ ਦੀ ਘਿਨੌਣੀ ਹਰਕਤ ਕਰ ਬੈਠਦਾ ਹੈ। ਇਹ ਘਟਨਾ ਕਾਕੇ ਨੂੰ ਇੰਨੀ ਨਮੋਸ਼ੀ ਦਿੰਦੀ ਹੈ ਕਿ ਉਹ ਆਤਮ ਹੱਤਿਆ ਕਰ ਲੈਂਦਾ ਹੈ। ਕਾਕੇ ਦੀ ਮੌਤ ਤੋਂ ਬਾਅਦ ਲੋਕ ਸ਼ੁਕਰ ਕਰਦੇ ਹਨ। ਇਥੇ ਕਾਕੇ ਨਾਲ ਤਰਾਸ਼ਦੀ ਇਹ ਵਾਪਰਦੀ ਕਿ ਪਿੰਡ ਦੇ ਉਹ ਸਰਦਾਰ ਜਿਨ੍ਹਾਂ ਦੇ ਕੁੱਤੇ ਬਿੱਲਿਆਂ ਦੀ ਵੱਡੀ ਪੁੱਛ ਪ੍ਰਤੀਤ ਹੁੰਦੀ ਸੀ, ਉਹਨਾਂ ਦਾ ਵਾਰਸ ਬੇਇੱਜ਼ਤ ਹੋ ਲਾਵਾਰਸਾਂ ਵਾਂਗ ਇਸ ਦੁਨੀਆਂ ਤੋਂ ਚਲਿਆ ਜਾਂਦਾ ਹੈ।

ਗੋਰਖੀ ਆਪਣੇ ਕਹਾਣੀ ਪਾਠ ਵਿਚ ਦਲਿਤ ਦੇ ਮਸਲਿਆਂ ਦੇ ਨਾਲ ਨਾਰੀ ਚੇਤਨਾ ਦੇ ਮਸਲਿਆਂ ਨੂੰ ਵੀ ਉਭਾਰਦਾ ਹੈ। ਇਸੇ ਚੇਤਨਾ ਅਧੀਨ **'ਮੈਨੂੰ ਮਾਫ਼ ਕਰ ਦੇਣਾ'** ਦੀ ਭੋਲਾਂ ਅਤੇ **'ਲਿਸ਼ਕੌਰ'** ਦੀ ਰਜਿੰਦਰ ਘਰ ਛੱਡਣ ਦਾ ਮੂਕ ਵਿਦਰੋਹ ਕਰਦੀਆਂ ਹਨ। ਪਿਉ ਵਾਹਰੀ ਭੋਲਾਂ ਤੇ ਤਰ੍ਹਾਂ ਤਰ੍ਹਾਂ ਦੀਆਂ ਤੁਹਮਤਾਂ ਲਗਾ ਸਕੂਲ ਪੜ੍ਹਨ ਤੋਂ ਵੀ ਹਟਾ ਲਿਆ ਜਾਂਦਾ ਹੈ। ਉਸਦੇ ਤਾਏ ਦਾ ਪੁੱਤਰ ਪਾਰਸੀ ਜੋ ਆਪ ਤਾਂ ਠੇਕੇ ਦਾਰ ਦੀ ਕੁੜੀ ਨਾਲ ਪਿਆਰ ਪੀਂਘ ਚੜ੍ਹਾ ਵਿਆਹ ਕਰਵਾਉਣ ਤੋਂ ਮੁੱਕਰ ਜਾਂਦਾ ਹੈ। ਪਰ ਭੋਲਾਂ ਤੇ ਆਪਣੀ ਮਰਦ ਹਓਮੈਂ ਦਾ ਦਿਖਾਵਾ ਕਰ ਉਸਦੀ ਕੁੱਟ-ਮਾਰ ਕਰਨ ਤੋਂ ਵੀ ਗ਼ੁਰੇਜ਼ ਨਹੀਂ ਕਰਦਾ। ਇਸੇ ਤਰ੍ਹਾਂ ਦੀ ਤਰਾਸ਼ਦੀ ਦਾ ਸਾਹਮਣਾ 'ਲਿਸ਼ਕੋਰ' ਦੀ ਪਾਤਰ ਰਜਿੰਦਰ ਨੂੰ ਕਰਨਾ ਪੈਂਦਾ ਹੈ। ਜੋ ਪਿਉ ਦੁਆਰਾ ਪੈਸੇ ਲੈ ਕੇ ਦੁਹਾਜੂ ਨਾਲ ਕੀਤੇ ਜਾ ਰਹੇ ਵਿਆਹ ਦਾ ਵਿਦਰੋਹ ਕਰਦੀ ਹੋਈ ਘਰੋਂ ਹੀ ਦੌੜ ਜਾਂਦੀ ਹੈ।

ਪਾਠ ਵਿਚ ਵਿਚਰਦਿਆਂ ਇਕ ਨੁਕਤਾ ਪੰਜਾਬ ਸੰਕਟ ਦੇ ਦੁਖਾਂਤ ਦਾ ਵੀ ਪੇਸ਼ ਹੁੰਦਾ ਹੈ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਪੰਜਾਬ ਦੇ ਅਰਥਚਾਰੇ ਵਿਚ ਇਕ ਵੱਡਾ ਪਰੀਵਰਤਨ ਵਾਪਰਦਾ ਹੈ। ਸੁਤੰਤਰਤਾ ਪ੍ਰਾਪਤੀ ਦੇ ਲਗਪਗ ਡੇਢ ਦਹਾਕੇ ਬਾਅਦ ਆਮ ਲੋਕਾਂ ਵਿਚ ਚੇਤਨਾ ਪੈਦਾ ਹੋਣ ਲੱਗਦੀ ਹੈ। ਸੁਪਨਿਆਂ ਤੇ ਹਕੀਕਤ ਦਰਮਿਆਨ ਵੱਡਾ ਪਾੜਾ ਨਜ਼ਰ ਆਉਣ ਲੱਗਦਾ ਹੈ ਤਾਂ ਆਮ ਲੋਕਾਂ ਅੰਦਰ ਅੰਸ਼ਤੁਸ਼ਟਤਾ, ਬੇਚੈਨੀ ਤੇਵਿਦਰੋਹ ਪ੍ਰਚੰਡ ਰੂਪ ਧਾਰਨ ਕਰ ਲੈਂਦਾ ਹੈ। **'ਗੁੰਝਲ', ਕੱਖ-ਕਾਨ ਤੇ 'ਹੁੰਮਸ' ਕਹਾਣੀਆਂ ਵਿਚ ਵੀ ਪੰਜਾਬ ਸੰਕਟ ਨਾਲ ਸੰਬੰਧਤ ਚੇਤਨੀ/ਅਵਚੇਤਨੀ ਅਨੇਕਾਂ ਕਿਸਮ ਦੇ ਸਰੋਕਾਰ ਬਾਖ਼ੂਬੀ ਉੱਭਰਦੇ ਹਨ। ਨਿਕਟਕਾਲੀ ਇਤਿਹਾਸ ਵਿਚ ਸਟੇਟ ਤੇ ਪੰਜਾਬੀ ਬੰਦੇ ਦੇ ਅੰਤਰ ਦਵੰਦ ਵਿਚੋਂ ਉੱਠੀਆਂ ਧਾਰਮਿਕ**, ਰਾਜਸੀ, ਸਮਾਜਿਕ ਤੇ ਇਨਕਲਾਬੀ ਲਹਿਰਾਂ ਦੇ ਸਿੱਟੇ ਵਜੋਂ ਆਮ ਬੰਦਾ ਤਰਾਸਦੀ ਦਾ ਸ਼ਿਕਾਰ ਹੁੰਦਾ ਹੈ। ਇਸ ਤਰਾਸਦੀ ਵਿਚੋਂ ਹਿੰਦੂਆਂ ਤੇ ਸਿੱਖਾਂ ਦੀ ਭਾਵੁਕ ਸਾਂਝ ਦਾ ਬਿਰਤਾਂਤ ਵਿਕੋਲਿਤਰੀਆਂ ਮੋਹ ਦੀਆਂ ਤੰਦਾਂ ਰਾਹੀਂ ਪੇਸ਼ ਹੁੰਦਾ ਹੈ। ਇਹ ਮੋਹ ਦੀਆਂ ਤੰਦਾਂ ਉਦੋਂ ਹੋਰ ਮਜ਼ਬੂਤ ਹੋ ਜਾਂਦੀਆਂ ਹਨ, ਜਦੋਂ ਆਪਣੇ ਘਰ-ਬਾਰ ਛੱਡ ਕੇ ਜਾ ਰਹੇ ਕੁਝ ਹਿੰਦੂ ਪਰਿਵਾਰਾਂ ਨੂੰ ਪਿੰਡ ਦੇ ਲੋਕ ਜੂਹ ਤੇ ਰੋਕ ਕੇ ਵਾਪਸ ਮੁੜਨ ਦੀ ਤਾਕੀਦ ਕਰਦੇ ਹਨ। ਜਿਸਦਾ ਚਿਹਨਕੀ ਪਰਿਪੇਖ 'ਕੱਖ-ਕਾਨ' ਕਹਾਣੀ ਪਾਠ ਵਿਚ ਵੀ ਭਲੀ ਭਾਂਤ ਉੱਭਰਦਾ ਹੈ। ਇਕ ਪਾਸੇ ਗੇਜਾ ਸਿੰਘ,ਜਾਗਰ ਬਲੈਕੀਆ ਤੇ ਲਾਖਾ ਪਿੰਡ ਵਿਚ ਅਜਿਹੀ ਦਹਿਸ਼ਤ ਫ਼ੈਲਾਉਂਦੇ ਹਨ ਕਿ ਲੱਭੂ ਬਾਣੀਏ ਦਾ ਸਾਰਾ ਟੱਬਰ ਟਰੱਕ ਸਮਾਨ ਦਾ ਭਰ ਕੇ ਪਿੰਡ ਛੱਡਣ ਲਈ ਮਜ਼ਬੂਰ ਹੋ ਜਾਂਦਾ ਹੈ। ਪਰ ਦੂਜੇ ਪਾਸੇ ਫ਼ੌਜੀ, ਮਾਸਟਰ ਚੂਹੜ ਸਿੰਘ ਤੇ ਮੈਡਮ ਕਮਲਾ ਵਰਗੇ ਲੋਕ ਹਨ ਜੋ ਇਸ ਸਭ ਕੁਝ ਦੇ ਖ਼ਿਲਾਫ਼ ਹੋ ਮਾਨਵਤਾ ਦਾ ਰਾਹ ਚੁਣਦੇ ਹਨ। ਜਿਸਦੀ ਨਿਸ਼ਾਨ ਦੇਹੀ ਬਿਰਤਾਂਤਕਾਰ ਨੇ ਪਾਠ ਦੇ ਅੰਤ ਵਿਚ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਕੀਤੀ ਹੈ। ਬਿਰਤਾਂਤਕਾਰ ਇਥੇ ਮਾਨਵਤਾ ਦਾ ਸਭਿਆਚਾਰ ਸਿਰਜਦਾ ਨਵੀਨ ਦਿਸਹੱਦੇ ਉੱਭਾਰਦਾ ਹੈ: ਫ਼ੌਜੀ ਦੌੜ ਕੇ ਸੜਕ ਵਿਚਾਲੇ ਬੈਠ ਗਿਆ , "ਲੰਘਾਓ ਮੇਰੇ ਉੱਤੋਂ ਟਰੱਕ ਮੈਨੂੰ ਮਾਰ ਕੇ ਜਾਓ"। (ਅਰਜਨ ਸਫ਼ੈਦੀ ਵਾਲਾ ਪੰਨਾ, 65)

ਪਾਠ ਦੇ ਅੰਤ ਵਿਚ ਆਏ ਚਿਹਨਕੀ ਜੁੱਟ ਮਾਨਵਤਾ ਦੇ ਭਾਵ ਸਿਰਜਦੇ ਦੋ ਤਰ੍ਹਾਂ ਦੇ ਲੋਕਾਂ ਦੀ ਪੇਸ਼ਕਾਰੀ ਕਰਦੇ ਹਨ। ਇਕ ਉਹ ਜੋ ਇਸ ਦੁੱਖਦੀ ਘੜੀ ਵਿਚ ਬਿਨਾ ਕਿਸੇ ਧਰਮ ਦੇ ਭੇਦ ਭਾਵ ਦੇ ਇਕ ਦੂਜੇ ਦੀ ਮੱਦਦ ਕਰਨ ਲਈ ਹਮੇਸ਼ਾਂ ਤੱਤਪਰ ਰਹਿੰਦੇ ਹਨ। ਪਾਠ ਵਿਚ ਇਹਨਾਂ ਦੀ ਰਾਹ ਨੁਮਾਈ ਫ਼ੌਜੀ, ਮਾਸਟਰ ਚੂਹੜ ਤੇ ਮੈਡਮ ਕਮਲਾ ਵਰਗੇ ਲੋਕ ਕਰਦੇ ਹਨ। ਫ਼ੌਜੀ ਦਾ ਪਾਤਰ ਭਾਈ ਘਨ੍ਹਈਆ ਵਾਂਗ ਬਿਨਾ ਕਿਸੇ ਸੰਪਰਦਾਇਕ ਭੇਦ-ਭਾਵ ਦੇ ਫ਼ਿਰਕੂ ਫ਼ਸਾਦ ਦੀ ਅੱਗ ਦੁਆਰਾ ਦਿੱਤੇ ਜ਼ਖ਼ਮਾਂ ਤੇ ਮਲ੍ਹਮ ਪੱਟੀ ਕਰਦਾ ਫ਼ਿਰਦਾ ਹੈ। ਬਿਰਤਾਂਤਕੀ -ਪਾਠ ਵਿਚ ਮਾਸਟਰ ਚੂਹੜ ਸਿੰਘ ਤੇ ਫ਼ੌਜੀ ਜੋ ਦਲਿਤ ਪਾਤਰ ਹਨ, ਉਹ ਦੁਖੀ ਹੋਏ ਉਹਨਾਂ ਨੂੰ ਸੱਚੇ ਦਿਲੋਂ ਪਿੰਡ ਨਾ ਛੱਡ ਕੇ ਜਾਣ ਦੀ ਤਾਕੀਦ ਕਰਦੇ ਹਨ।

ਜਿਸ ਕਰਕੇ ਉੱਚ ਜਾਤੀ ਦੇ ਬਲੈਕੀਆ ਦਾ ਮੁੰਡਾ ਧਮਕੀ ਦੇਂਦਾ ਕਹਿੰਦਾ ਹੈ:

"ਮੈਨੂੰ ਲੱਗਦਾ ਥੋਡੀ ਵਿਹੜੇ ਵਾਲਿਆਂ ਦੀ ਵੀ ਪਿੰਡ 'ਚ ਰਹਿਣ ਦੀ ਸਲਾਹ ਨਈਂ ਹੈਨਾ?" ਬਲੈਕੀਆਂ ਦਾ ਛੋਟਾ ਮੁੰਡਾ ਖੜਾ ਹੁੰਦਾ ਬੋਲਿਆ।

"ਓਏ ਕਾਕਾ ਵਾਧੂ ਨਾ ਬੋਲ।" ਮਾਸਟਰ ਰੋਹ 'ਚ ਬੋਲਿਆ, "ਮੈਂ ਤੈਨੂੰ ਜਾਣਦਾ ਨਈਂ ਵੱਡੇ ਸਿੰਘ ਸਭੀਏ ਨੂੰ ਵਿਹੜੇ ਵਾਲੇ ਏਥੇ ਈ ਰਹਿਣਗੇ, ਪਿੰਡ 'ਚ। ਕਿਸੇ ਹੋਰ ਨੂੰ ਦਈਂ ਗਿੱਦੜ ਧਮਕੀਆਂ।" (ਅਰਜਨ ਸਫ਼ੈਦੀ ਵਾਲਾ ਪੰਨਾ, 63)

ਇਸਦੇ ਨਾਲ ਹੀ ਦੂਜੀ ਤਰ੍ਹਾਂ ਦੇ ਲੋਕ ਉਹ ਦ੍ਰਿਸਟੀ ਗੋਚਰ ਹੁੰਦੇ ਹਨ ਜੋ ਮੌਕਾ ਪ੍ਰਸਤ ਹੋ ਧੀਆਂ ਭੈਣਾਂ ਦੀ ਪੱਤ ਲੁੱਟਦੇ ਪੂਰਾ ਖ਼ੂਨ ਖ਼ਰਾਬਾ ਕਰਦੇ ਹਨ। ਪਾਠ ਵਿਚ ਇਹਨਾਂ ਲੋਕਾਂ ਦੀ ਨਿਸ਼ਾਨਦੇਹੀ ਗੇਜਾ ਸਿੰਘ,ਜਾਗਰ ਬਲੈਕੀਆ ਤੇ ਲਾਖਾ ਪਾਤਰਾਂ ਦੇ ਰਾਹੀਂ ਹੁੰਦੀ ਹੈ। ਜੋ ਬਿਨਾ ਕਿਸੇ ਹੀਲ ਹੁੱਜਤ ਦੇ ਆਪਣੇ ਨਾਲ ਸਦੀਆਂ ਤੋਂ ਰਹਿੰਦੇ ਹਿੰਦੂ ਭਰਾਵਾਂ ਦਾ ਕਤਲੇਆਮ ਕਰਨ ਤੋਂ ਵੀ ਗ਼ੁਰੇਜ਼ ਨਹੀਂ ਕਰਦੇ ਹਨ। ਪਾਠ ਵਿਚ ਇਕ ਪਾਸੇ ਅੰਤਾਂ ਦੀ ਹਿੰਸਾ ਤੇ ਹੈਵਾਨੀਅਤ ਤੇ ਦੂਜੇ ਪਾਸੇ ਅੰਤਾਂ ਦੀ ਇਨਸਾਨੀਅਤ ਤੇ ਅਹਿੰਸਾ ਦੇ ਚਿਹਨ ਮਿਲਦੇ ਹਨ । ਜਿਸ ਵਿਚ ਇਹ ਨੁਕਤਾ ਵੀ ਉੱਭਰਦਾ ਹੈ ਕਿ ਦਹਿਸ਼ਤ ਤੇ ਆਤੰਕ ਦਾ ਕਦੇ ਕੋਈ ਧਰਮ ਤੇ ਮਜ਼ਹਬ ਨਹੀਂ ਹੁੰਦਾ। ਇਥੇ ਹਿੰਸਾ ਦੀ ਰਾਜਨੀਤੀ ਦਾ ਬਿਰਤਾਂਤ ਬੜੇ ਸੰਘਣੇ ਤੇ ਕਠੋਰ ਯਥਾਰਥ ਦਾ ਲਖਾਇਕ ਹੋ ਸੱਤਾ ਦੀ ਸਿਆਸਤ ਦੇ ਬਖ਼ੀਏ ਵੀ ਉਧੇੜਦਾ ਹੈ। ਜਦੋਂ ਸੱਤਾਧਾਰੀ ਲੋਕਾਂ ਖੰਭਾਂ ਦੀਆਂ ਡਾਰਾਂ ਬਣਾ ਆਮ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਪਾਠ ਵਿਚ ਪੰਜਾਬ ਸਮੱਸਿਆ ਪਿੱਛੇ ਕਾਰਜਸ਼ੀਲ ਕਾਰਕਾਂ ਦੀ ਨਿਸ਼ਾਨ ਦੇਹੀ ਕਰਦਿਆਂ ਆਮ ਲੋਕਾਂ ਦੀ ਜ਼ਿੰਦਗੀ ਦੇ ਅਰਥ ਗੁਆਚਣ ਦੀ ਵੀ ਗੱਲ ਕੀਤੀ ਗਈ ਹੈ। ਜਿਸ ਵਿਚ ਦਹਿਸ਼ਤ, ਡਰ, ਹਿੰਸਾ ਤੇ ਆਤੰਕ ਦੇ ਚਿਹਨਕ ਮਾਨਵੀ ਸਾਂਝ ਤੇ ਭਾਈਚਾਰਕ ਏਕਤਾ ਦੇ ਤਿੜਕਾਅ ਨੂੰ ਪੇਸ਼ ਕ੍ਰਿਤ ਕਰ ਰਾਜਨੀਤੀ ਦੇ ਬਹੁਪਰਤੀ ਚਿੱਤਰ ਨੂੰ ਵੀ ਪੇਸ਼ ਕਰਦੇ ਹਨ। ਜਿਸ ਦਾ ਭਾਵਪੂਰਤ ਬਿਰਤਾਂਤ **'ਹੁੰਮਸ'** ਕਹਾਣੀ ਵਿਚ ਵੀ ਸਿਰਜਿਆ ਗਿਆ ਹੈ। ਪ੍ਰੇਮ ਗੋਰਖੀ ਇਥੇ ਪ੍ਰਗਤੀਵਾਦੀ ਦ੍ਰਿਸ਼ਟੀ ਅਧੀਨ ਹਿੰਸਾ ਤੇ ਦਹਿਸ਼ਤ ਦੀ ਰਾਜਨੀਤੀ ਦਾ ਪ੍ਰਸੰਗ ਸਿਰਜਦਾ ਆਪਣੀ ਖੱਬੇ ਪੱਖੀ ਸੋਚ ਦਾ ਪੱਖ ਵੀ ਪੂਰਦਾ ਹੈ।

ਪੜ੍ਹਤ ਦੌਰਾਨ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਦਾ ਯਥਾਰਥ ਮੁਖੀ ਪ੍ਰਵਚਨ ਨਵੀਨ ਦਿਸਹੱਦੇ ਉਭਾਰਦਾ ਹੈ। ਜਿਸ ਵਿਚ **'ਬਚਨਾ ਬੱਕਰ ਵੱਢ'** ਵਰਗੀਆਂ ਸਿਹਤਮੰਦ ਕਹਾਣੀਆਂ ਵੀ ਮਿਲਦੀਆਂ ਹਨ। ਇਸ ਵਿਚ ਦਲਿਤਾਂ ਵਿਚ ਪੈਦਾ ਹੋ ਰਹੇ ਸਵੈ-ਮਾਣਦਾ ਬਿਰਤਾਂਤ ਵੀ ਦ੍ਰਿਸ਼ਟੀ ਗੋਚਰ ਹੁੰਦਾ ਹੈ। ਥਾਣੇਦਾਰ ਬਚਨ ਸਿੰਘ ਇਕ ਝਟਕਈ ਦਾ ਪੁੱਤਰ ਹੈ। ਉਸਨੂੰ ਆਪਣੇ ਪਿਤਾ-ਪੁਰਖੀ ਕਿੱਤੇ ਤੇ ਕੋਈ ਸ਼ਰਮਿੰਦਗੀ ਨਹੀਂ ਸਗੋਂ ਮਾਣ ਹੈ। ਜੋ ਪੁਲਸ ਵਿਚ ਭਰਤੀ ਹੋ ਮਿਹਨਤ ਮੁਸ਼ਕੱਤ ਕਰ ਥਾਣੇਦਾਰ ਦੇ ਅਹੁਦੇ ਤੱਕ ਪਹੁੰਚ ਜਾਂਦਾ ਹੈ। ਜਿਸਦੀ ਇਲਾਕੇ ਵਿਚ ਪੂਰੀ ਦਹਿਸ਼ਤ ਹੈ। ਪਰ ਉਹ ਇਕ ਚੰਗੀ ਸਖ਼ਸ਼ੀਅਤ ਦਾ ਮਾਲਕ ਹੈ। ਜਿਸ ਬਾਰੇ ਦੱਸਦਿਆਂ ਬਿਰਤਾਂਤਕਾਰ ਪੁਲਸ ਵਿਭਾਗ ਬਾਰੇ ਬਣੀਆਂ ਬਹੁਤ ਸਾਰੀਆਂ ਗ਼ਲਤ ਫ਼ਹਿਮੀਆਂ ਦਾ ਵੀ ਨਿਵਾਰਣ ਕਰਦਾ ਹੈ। ਬਚਨ ਸਿੰਘ ਨਹੀਂ ਚਾਹੁੰਦਾ ਕਿ ਲਾਸ਼ਾਂ ਦੇ ਢੇਰ ਤੇ ਖ਼ਾਲਿਸਤਾਨ ਬਣਾਇਆ ਜਾਵੇ। ਉਸ ਅੰਦਰ ਇਨਸਾਨੀਅਤ ਕੁੱਟ ਕੁੱਟ ਕੇ ਭਰੀ ਹੈ। 'ਮੈਂ' ਪਾਤਰ ਜੋ ਅੱਤਵਾਦੀ ਹੈ, ਉਸਦੀ ਬਚਨੇ

ਬੱਕਰਵੱਢ ਨੂੰ ਮਾਰਨ ਦੀ ਡਿਊਟੀ ਲੱਗੀ ਹੋਈ ਹੈ ਪਰ ਉਹ ਥਾਣੇਦਾਰ ਦੀ ਵਿਚਾਰ ਧਾਰਾ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਮਾਰਨ ਦਾ ਖ਼ਿਆਲ ਹੀ ਛੱਡ ਦਿੰਦਾ ਹੈ ਤੇ ਪਾਠ ਦੇ ਅੰਤ ਵਿਚ 'ਮੈਂ' ਪਾਤਰ ਤਖ਼ਤਾ ਸਿੰਘ ਨੂੰ ਬਚਨ ਸਿੰਘ ਆਪਣੇ ਵੱਡੇ ਭਰਾ ਸਖ਼ਤ ਸਿੰਘ ਵਰਗਾ ਜਾਪਣ ਲੱਗ ਜਾਂਦਾ ਹੈ।

ਪਾਠ ਵਿਚ ਵਿਚਰਦਿਆਂ ਇਕ ਪੱਖ ਨਿਮਨ ਮੱਧ ਸ਼੍ਰੇਣੀ ਦੀਆਂ ਆਰਥਿਕ ਸਮੱਸਿਆਵਾਂ ਤੇ ਰਿਸ਼ਤਿਆਂ ਦੇ ਵਿਗਠਨ ਦਾ ਵੀ ਉੱਭਰਦਾ ਹੈ। ਵਸਤੂ ਕਰਨ ਦੀ ਪ੍ਰਕ੍ਰਿਆ ਨੇ ਮਨੁੱਖ ਅਤੇ ਉਸਦੇ ਰਿਸ਼ਤਿਆਂ ਦਾ ਵੀ ਵਸਤੂਕਰਨ ਕਰ ਦਿੱਤਾ ਹੈ। ਜਿਸਦਾ ਨਿਘਾਰ ਤੇ ਨਿਰਦਈਪੁਣਾ ਪਰਿਵਾਰਕ ਰਿਸ਼ਤਿਆਂ ਵਿਚ ਵੀ ਪ੍ਰਵੇਸ਼ ਕਰ ਗਿਆ ਹੈ। ਵਾਧੂ ਪੂੰਜੀ ਦਾ ਖ਼ਾਸਾ ਸਾਂਝੇ ਪਰਿਵਾਰਾਂ ਦੇ ਟੁੱਟਣ ਦਾ ਐਲਾਨ ਨਾਮਾ ਲੈ ਕੇ ਆਉਂਦਾ ਹੈ। ਜਿਸਦੀ ਇਕ ਝਲਕ 'ਲੋਭੀ' ਕਹਾਣੀ ਵਿਚ ਵੀ ਵੇਖਣ ਨੂੰ ਮਿਲਦੀ ਹੈ। ਪਾਠ ਦੇ ਆਰੰਭ ਵਿਚ ਮਾਮੇ ਦੀ ਕੁੜੀ ਦੇ ਵਿਆਹ ਵਿਚ ਜਾਣ ਲਈ ਸਾਰਾ ਟੱਬਰ ਸ਼ਹਿਰ ਰਹਿੰਦੇ ਗੁਰਮੇਲ ਤੇ ਉਸਦੇ ਟੱਬਰ ਦੀ ਬੜੀ ਬੇਤਾਬੀ ਨਾਲ ਉਡੀਕ ਕਰ ਰਿਹਾ ਹੁੰਦਾ ਹੈ ਕਿਉਂਕਿ ਵਿਆਹ ਤੇ ਖ਼ਰਚਾ ਕਰਨ ਲਈ ਵਿੱਤੀ ਸੰਕਟ ਆ ਪਿਆ ਹੈ। ਪਰ ਜਦੋਂ ਗੁਰਮੇਲ ਸਾਰਾ ਖ਼ਰਚਾ ਕਰਕੇ ਵਿਆਹ ਤੇ ਜਾਣ ਦਾ ਸਮਾਨ ਇਕੱਠਾ ਕਰ ਦਿੰਦਾ ਹੈ। ਤਾਂ ਪਰਿਵਾਰ ਦੇ ਸਾਰੇ ਜੀਅ ਸ਼ਹਿਰ ਗਏ ਗੁਰਮੇਲ ਨੂੰ ਪਿੱਛੇ ਛੱਡ ਆਪ ਵਿਆਹ ਨੂੰ ਤੁਰ ਜਾਂਦੇ ਹਨ। ਬਜ਼ਾਰ ਤੋਂ ਵਾਪਸ ਆਉਣ ਤੱਕ ਦੀ ਉਡੀਕ ਨਹੀਂ ਕੀਤੀ ਜਾਂਦੀ। ਗੁਰਮੇਲ ਨੂੰ ਜਦੋਂ ਪਰਿਵਾਰ ਦੀ ਸਵਾਰਥੀ ਸੁਰ ਦਾ ਪਤਾ ਲੱਗਦਾ ਹੈ ਤਾਂ ਉਸਨੂੰ ਆਪਣੇ ਆਪ ਵਿਚ ਆਤਮ ਗਿਲਾਨੀ ਹੋਣ ਲੱਗਦੀ ਹੈ।

ਪਾਠ ਵਿਚਲਾ ਕਲਾਤਮਕ ਪੱਖ ਵੀ ਮਹਤੱਵ ਪੂਰਨ ਹੈ। ਮੱਧਮ ਪੁਰਖੀ ਵਿਧੀ ਵਿਚ ਰਚਿਆ ਕਲਾਤਮਕ ਬਿਰਤਾਂਤ ਕੀ -ਪਾਠ ਪਾਠਕ ਦਾ ਧਿਆਨ ਖਿੱਚਦਾ ਹੈ। ਪਾਠ ਵਿਚਲੇ ਦਿਲਚਸਪ ਵੇਰਵੇ ਰੋਚਕਤਾ ਭਰ ਪਾਠਕੀ ਮਨ ਨੂੰ ਧੂਹ ਦ ਚਲੇ ਜਾਂਦੇ ਹਨ। ਲਕੀਰੀ ਬਿਰਤਾਂਤ ਨਹੀਂ, ਅੱਗਲ-ਪਿੱਛਲ ਝਾਤ ਦੀ ਵਿਧੀ ਰਾਹੀਂ ਬਿਰਤਾਂਤਕੀ-ਪਾਠ ਨੂੰ ਅੱਗੇ ਤੋਰਿਆ ਹੈ। ਮਨੋ- ਬਚਨੀ, ਸੋਚਾਂ, ਯਾਦਾਂ ਅਤੇ ਵਾਰਤਾਲਾਪੀ ਢੰਗ ਸੁਹਜ ਪੈਦਾ ਕਰਦਾ ਹੈ। ਯਥਾਰਥਕ ਛੋਹਾਂ ਨੂੰ ਤਨਜ਼ ਭਰੇ ਢੰਗ ਨਾਲ ਪੇਸ਼ ਕਰਨਾ ਉਸਦੀ ਕਹਾਣੀ ਕਲਾ ਦੇ ਅਹਿਮ ਲੱਛਣ ਹਨ। ਕਥਾ ਰਸ, ਮਨੋਵਿਗਿਆਨਕ ਛੋਹਾਂ, ਜੀਵਨ ਕਾਰਜ ਦੇ ਜੀਵੰਤ ਚਿੱਤਰ ਸਿਰਜਣਾ, ਵਿਅੰਗ ਵਿਧੀ, ਸੰਗਠਿਤ ਕਥਾਨਕ ਰਾਹੀਂ ਰਸ ਪੈਦਾ ਕਰਨਾ ਆਦਿ ਉਸਦੀਆਂ ਪ੍ਰਮੁੱਖ ਬਿਰਤਾਂਤਕ ਜੁਗਤਾਂ ਹਨ। ਕਹਾਣੀਆਂ ਵਿਚਲੇ ਬਹੁਤੇ ਵੇਰਵੇ ਲੇਖਕ ਦੇ ਆਪਣੇ ਵਿਅਕਤੀਤੱਵ ਤੇ ਨਿੱਜਤੱਵ ਦਾ ਹੀ ਪ੍ਰਗਟਾਵਾ ਕਰਦੇ ਭਾਸਦੇ ਹਨ। ਪਰ ਫ਼ਿਰ ਵੀ ਉਹ ਕਹਾਣੀ ਰਸ ਨਾਲ ਪਾਠਕ ਉੱਤੇ ਆਪਣੀ ਪਕੜ ਮਜ਼ਬੂਤ ਕਰਨ ਵਿਚ ਸਫ਼ਲ ਰਹਿੰਦਾ ਹੈ। ਕਹਾਣੀਆਂ ਵਿਚ ਪੜ੍ਹਨ ਯੋਗਤਾ ਹੈ। ਕਹਾਣੀ ਪਾਠ ਪਾਠਕ ਨੂੰ ਟੁੰਭਦਾ ਹੈ। ਸਾਰੀਆ ਗੱਲਾਂ ਬੜੀ ਸਹਿਜਤਾ ਨਾਲ ਪੇਸ਼ ਹੁੰਦੀਆਂ ਹਨ।


**ਸਹਾਇਕ ਪੁਸਤਕਾਂ:**


1. ਸਮਕਾਲੀ ਪੰਜਾਬੀ ਸਾਹਿਤ, ਸਰੋਕਾਰ ਤੇ ਸੰਭਾਵਨਾਵਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਸੇਖੋਂ, ਜੇ.ਬੀ, ਸਮਕਾਲੀ ਪੰਜਾਬੀ ਕਹਾਣੀ, ਪ੍ਰਸੰਗ ਤੇ ਪ੍ਰਵਚਨ, ਸੁੰਦਰ ਬੁੱਕ ਡਿਪੋ, ਜਲੰਧਰ, 2015
3. ਧਨਵੰਤ ਕੌਰ (ਡਾ.), ਪੰਜਾਬੀ ਕਹਾਣੀ ਸ਼ਾਸਤਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2014
4. ਪਰਮਜੀਤ ਕੌਰ, ਪੰਜਾਬੀ ਕਹਾਣੀ ਵਿਚ ਦਲਿਤ ਸਰੋਕਾਰ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2005
5. ਡਾ. ਭੀਮ ਇੰਦਰ ਸਿੰਘ ਦਲਿਤ ਚਿੰਤਨ, ਮਾਰਕਸੀ ਪਰਿਪੇਖ, ਕੁਕਨੁਸ ਪ੍ਰਕਾਸ਼ਨ, ਜਲੰਧਰ।
6. ਰਜਨੀਸ਼ ਬਹਾਦਰ ਸਿੰਘ (ਡਾ.), ਗਲਪ ਅਧਿਐਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ,2006
7. ਰਵਿੰਦਰ ਕੁਮਾਰ ਰਵੀ (ਡਾ.), ਔਰਤ ਤੇ ਦਲਿਤ, ਹਾਸ਼ੀਆਗਤ ਪ੍ਰਵਚਨ, ਲੋਕਗੀਤ ਪ੍ਰਕਾਸ਼ਨ,ਚੰਡੀਗੜ੍ਹ।


(**ਸੰਪਰਕ**-98720-22268)

# ਸਮਾਜ ਦੀ ਅੰਦਰੂਨੀ ਤਸਵੀਰ

## ਡਾ. ਹਰਨੇਕ ਸਿੰਘ ਕਲੇਰ




ਪੰਜਾਬੀ ਸਾਹਿਤ ਵਿਚ ਪ੍ਰੇਮ ਗੋਰਖੀ ਪਹਿਲਾ ਕਹਾਣੀਕਾਰ ਹੈ, ਜਿਸ ਨੇ ਸਮਾਜ ਵਿਚ ਕੈਂਸਰ ਦਾ ਰੂਪ ਧਾਰਨ ਕਰੀ ਬੈਠੀ ਜਾਤ ਦੀ ਨਾਮੁਰਾਦ ਬਿਮਾਰੀ ਨੂੰ ਕਲਮ ਦੀ ਨੋਕ ਨਾਲ ਚੀਰਨਾ ਸ਼ੁਰੂ ਕੀਤਾ। ਉਸਨੇ ਬਚਪਨ ਤੇ ਜਵਾਨੀ ਜਾਤ-ਪਾਤ ਵਿਵਸਥਾ ਨਾਲ ਜੂਝਦਿਆ ਬਿਤਾਈ। ਪਿਤਾ ਮਜ਼ਦੂਰ ਸੀ। ਪ੍ਰੇਮ ਗੋਰਖੀ ਨੇ ਵੀ ਮਜ਼ਦੂਰ ਤੋਂ ਹੀ ਜੀਵਨ ਦੀ ਆਰੰਭਤਾ ਕੀਤੀ। ਇਸ ਸਮੇਂ ਹੀ ਨਿੱਕੀ ਉਮਰੇ ਮਨ ਨੂੰ ਦੁੱਖੀ ਕਰਕੇ ਤਾਰ-ਤਾਰ ਕਰਨ ਵਾਲੇ ਕਈ ਤਜਰਬੇ ਹੋਏ। ਮਜ਼ਦੂਰ ਦੇ ਤੌਰ ਤੇ ਸਮਾਜ ਵਿਚ ਵਿਚਰਦਿਆ ਵਿਸ਼ੇਸ਼ ਤੌਰ ਤੇ ਜਾਤੀ-ਪਾਤੀ ਪ੍ਰਬੰਧ ਦੀ ਪੀੜਾ ਵੱਲੋਂ ਲਾਈ ਚਿਣਗ ਕਲਮ ਦੇ ਰੂਪ ਵਿਚ ਜੁਆਲਾ ਬਣ ਕੇ ਲਟ ਲਟ ਬਲੀ ਤਾਂ ਕਹਾਣੀ ਸੰਗ੍ਰਹਿ 'ਮਿੱਟੀ ਰੰਗੇ ਲੋਕ, 'ਜੀਣ ਮਰਨ', 'ਅਰਜੁਨ ਸਫ਼ੈਦੀ ਵਾਲਾ' ਤੇ 'ਧਰਤੀ ਪੁੱਤਰ' ਰਚੇ ਗਏ। 'ਧਰਤੀ ਪੁੱਤਰ' ਸੰਗ੍ਰਹਿ ਵਿਚ ਦਰਜ ਕੁਝ ਕਹਾਣੀਆਂ ਸਮਾਜ ਨੂੰ ਜਾਤੀ ਪਾਤੀ ਵਖਰੇਵੇਂ ਨਾਲ ਛਿੰਨ ਭੰਗਰ ਕਰਦੀਆਂ ਹਨ। ਇਹ ਛਿੰਨ ਭੰਗਰਤਾ ਪੰਜ ਤੱਤ ਦੇ ਪੁਤਲੇ ਨੂੰ ਧਰਤੀ ਤੇ ਹੀ ਨਰਕ ਦਾ ਦਰਵਾਜ਼ਾ ਦਿਖਾਉਂਦੀ ਹੈ। ਮੈਂ **'ਧਰਤੀ ਪੁੱਤਰ'** (**ਪ੍ਰਕਾਸ਼ਕ: ਕੁਕਨੁਸ ਪ੍ਰਕਾਸ਼ਨ, ਜਲੰਧਰ, ਸਾਲ : 2002, ਪੰਨੇ : 96, ਮੁੱਲ** : 85 /-) ਵਿਚ ਦਰਜ ਇਹਨਾਂ ਕਹਾਣੀਆਂ ਦਾ ਅਧਿਐਨ ਕਰਦਿਆਂ ਪ੍ਰੇਮ ਗੋਰਖੀ ਦੀ ਮਾਨਵਤਾ ਪ੍ਰਤਿ ਪੀੜਾ ਦੇ ਦਰਦ ਨੂੰ ਮਹਿਸੂਸ ਕੀਤਾ ਹੈ। ਇਸ ਕਹਾਣੀ ਸੰਗ੍ਰਹਿ ਵਿਚ ਬਾਰਾਂ ਕਹਾਣੀਆਂ ਦਰਜ ਹਨ ਜੋ ਸਮਾਜ ਵਿਚ ਵਿਚਰਦੇ ਪਾਤਰਾਂ ਦੇ ਮਨ ਦੀਆਂ ਅਜੇਹੀਆਂ ਤੰਦਾਂ ਨੂੰ ਵਿਸਥਾਰ ਦਿੰਦੀਆਂ ਹਨ ਜਿਨ੍ਹਾਂ ਨੂੰ ਸਮਾਜ ਦੀ ਅੱਖ ਨੇ ਕਦੇ ਵੀ ਦੇਖਣਾ ਨਹੀਂ ਹੁੰਦਾ। ਸਦੀਆਂ ਤੋਂ ਤੁਰਿਆ ਸਮਾਜ ਦਾ ਇਹ ਦਰਦ ਅਜੋਕੇ ਸਮੇਂ ਵਿਚ ਸਮਾਜ ਨੂੰ ਤਾਰ-ਤਾਰ ਕਰਦਾ ਹੋਇਆ ਪ੍ਰਤੱਖ ਦਿਖਾਈ ਦਿੰਦਾ ਹੈ। ਸਭ ਜਾਣਦੇ ਹਨ ਕਿ ਦੋ ਟੋਟਿਆ ਵਿਚ ਟੁੱਟੀ ਲੁਕਾਈ ਦੀ ਪੀੜਾ ਭਿੰਨ ਹੈ ਪਰੰਤੂ ਟੋਟੇ ਟੋਟੇ ਰੂਪ ਵਿਚ ਤੰਗ ਤੇ ਨਰਕ ਭਰੀਆਂ ਕੋਠੜੀਆਂ ਦਾ ਦੁੱਖ ਹੰਢਾ ਰਹੀ ਲੁਕਾਈ ਦਾ ਦਰਦ ਆਸਤੀਨ ਦਾ ਫੋੜਾ ਹੈ ਜਿਸ ਤੇ ਕਿਸੇ ਵੈਦ ਦੀ ਜੜ੍ਹੀ ਬੂਟੀ ਤੇ ਨਸ਼ਤਰ ਨੇ ਕਾਟ ਨਹੀਂ ਕੀਤੀ। ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਆਰਥਿਕਤਾ ਹੀ ਰਿਸ਼ਤੇ ਤਹਿ ਕਰਦੀ ਆਈ ਹੈ ਜਿਸਦਾ ਤੱਥਾਤਮਿਕ ਪ੍ਰਮਾਣ ਪ੍ਰੇਮ ਗੋਰਖੀ ਦੀ ਕਹਾਣੀ **'ਵਿੱਥ'** ਦੀ ਪਾਤਰ ਰਮਦਾਸੀਏ ਮਾਸਟਰ ਦੀ ਕੁੜੀ ਹੈ। ਜਗਤੇ ਨੇ ਉਸਦੀ ਇੱਜ਼ਤ ਖਰਾਬ ਕੀਤੀ। ਜਦੋਂ ਕੁੜੀ ਵਿਆਹ ਲਈ ਅੜ ਗਈ ਤਾਂ ਜਗਤੇ ਨੇ ਮਾਰ ਕੇ ਖਪਾ ਦਿੱਤੀ। ਕੇਸ ਦਾ ਮੁੱਦਾ ਚੁੱਕਣ ਕਾਰਨ ਮਾਸਟਰ ਨੂੰ ਹੀ ਪੁਲਿਸ ਹਵਾਲੇ ਕਰ ਦਿੱਤਾ। ਅੰਤਰ ਜਾਤੀ ਵਿਆਹ ਦੀ ਗੱਲ ਨੇ ਕੁੜੀ ਨੂੰ ਮੌਤ ਦੇ ਮੂੰਹ ਪਿਤਾ ਨੂੰ ਪੁਲਿਸ ਦਾ ਡੰਡਾ ਦਿਖਾਇਆ। ਇਸ ਕਹਾਣੀ ਦੇ ਪਾਤਰ ਗੁਰਬਖ਼ਸ਼ ਤੇ ਹਰਪ੍ਰੀਤ ਹਨ। ਸਮੇਂ ਦੇ ਗੇੜ ਨਾਲ ਹੁਣ ਮੁੰਡਾ ਨੀਵੀਂ ਜਾਤ ਤੇ ਕੁੜੀ ਜੱਟ ਜਾਤੀ ਦੀ ਹੈ ਭਾਵੇਂ ਕਿ ਦੋਵਾਂ ਦਾ ਵਿਆਹ ਹੋ ਜਾਂਦਾ ਹੈ

ਪਰ ਜਾਤੀ-ਪਾਤੀ ਹੈਂਕੜ ਦਾ ਭੂਤ ਬਿਨਾ ਢੋਲ ਤੋਂ ਹਰ ਪਾਤਰ ਦੇ ਪਿੰਡੇ ਚੋਂ ਬੋਲਦਾ ਹੈ। ਇਹ ਪਾਤਰ ਉੱਚ ਜਾਤੀ ਸਮਾਜ ਦੀ ਅੱਜ ਵੀ ਨੁਮਾਇੰਦਗੀ ਕਰਦੇ ਹਨ ਕਿਉਂਕਿ ਇਸ ਕਹਾਣੀ ਦਾ ਪਾਤਰ ਜਗਤ ਵਰ੍ਹਿਆ ਪਹਿਲਾਂ ਰਮਦਾਸੀਆ ਕੁੜੀ ਨਾਲ ਵਰਤਾਈ ਕਲਾ ਹੁਣ ਅਧਰਮੀ ਮੁੰਡੇ ਗੁਰ ਨਾਲ ਵਰਤਾ ਕੇ ਜਾਤ ਦਾ ਕੈਂਸਰ ਸਥਾਪਿਤ ਕਰੀ ਰੱਖਣ ਦਾ ਇੱਛਾਵਾਨ ਹੈ।

"ਇਹ ਵਿਆਹ ਕਿਸੇ ਸੂਰਤ ਵਿਚ ਨਹੀਂ ਹੋਣਾ ਚਾਹੀਦਾ... ਉਸ ਮੁੰਡੇ ਨੂੰ ਸੂਟ ਕਰ ਦਿਓ... ਕਿਸੇ ਨੂੰ ਵੀਹ ਪੰਜਾਹ ਦੇ ਕੇ ਫਸਤਾ ਵੱਢ ਦਿਓ... ਲਾਚੜੇ ਵਾਲੇ ਭਜੀ ਨੂੰ ਗੰਢ ਲਓ। ... ਤੁਸੀਂ ਮਰ ਗਏ ਸਾਰੇ...? ਪੈਸੇ ਦੀ ਪ੍ਰਵਾਹ ਨਾ ਕਰੋ... ਦੋ ਲੱਖ ਪਹੁੰਚ ਗਿਆ ਹੋਣਾ... ਨੌਂ ਦਸ ਦਿਨਾਂ ਤੱਕ ਹੋਰ ਅਪੜ ਜਾਊ... ਮੇਰੀ ਗੱਲ ਤੇ ਗੌਰ ਕਰਿਓ...।" ਪੈਸਾ ਤਾਕਤ ਹੈ। ਸਵੈ ਮਾਣ ਰੱਖਣ ਲਈ ਨੀਵੀਂ ਜਾਤ ਦੇ ਸਿਰ ਹਥੌੜਾ ਜੋ ਜਾਗੀਰਦਾਰ ਪੀੜੀ ਦਾ ਹਥਿਆਰ ਰਿਹਾ ਹੈ ਪਰ ਹਰਪ੍ਰੀਤ ਇਸ ਹਥਿਆਰ ਨੂੰ ਨਕਾਰਦੀ ਹੈ। ਸਮਾਜ ਵਿੱਚ ਅੱਜ ਵੀ ਇਹ ਨੀਵੀਆਂ ਜਾਤਾਂ ਦੇ ਅਹੁੰ ਨੂੰ ਪੈਰ ਪੈਰ ਤੇ ਲਹੂ-ਲੁਹਾਨ ਕਰ ਰਿਹਾ ਹੈ।

ਪ੍ਰੇਮ ਗੋਰਖੀ ਸਮਾਜ ਦੀ ਜਿਸ ਬਿਮਾਰੀ ਦਾ ਇਲਾਜ਼ ਕਹਾਣੀ ਕਲਾ 'ਚ ਪ੍ਰਗਟਾਉਂਦਾ ਹੈ ਉਸ ਪ੍ਰਤਿ ਵਿਸ਼ੇਸ਼ ਸੰਰਚਨਾ ਉਲੀਕਦਾ ਹੈ ਜੋ ਉਸ ਦੀ ਕਹਾਣੀ ਕਲਾ ਬਣ ਕੇ ਪਾਠਕਾਂ ਨੂੰ ਕੀਲਦੀ ਹੈ। ਉਂਝ ਇਸ ਕਹਾਣੀ ਵਿਚ ਪ੍ਰੀਤ ਦੇ ਨੀਵੀਂ, ਬੇਮਾਣੀ ਧਿਰ ਨਾਲ ਖੜ੍ਹਨ ਨੂੰ ਪ੍ਰਗਤੀਵਾਦ ਦੇ ਪ੍ਰਵਾਹ ਵਜੋਂ ਸਮਝ ਸਕਦੇ ਹਾਂ।

ਪ੍ਰੇਮ ਗੋਰਖੀ ਦੀ ਇਕ ਹੋਰ ਕਹਾਣੀ '**ਭਲਾ ਇਉਂ ਵੀ ਕੋਈ ਜਿਊਂਦੈ**' ਅੰਤਰਜਾਤੀ ਪ੍ਰਸੰਗ ਦੀਆਂ ਕਈ ਦੁਖਾਂਤਕ ਘਟਨਾਵਾਂ ਛੁਪਾਈ ਬੈਠੀ ਹੈ। ਇਸ ਕਹਾਣੀ ਘਣੇ ਪਸਾਰ, ਜਾਤੀ ਹੰਕਾਰ ਦੇ ਜਵਾਲਾ ਮੁੱਖੀ ਵਿਚੋਂ ਫੁੱਟਦਾ ਲਾਵਾ ਹਨ ਜਿਸਦੇ ਬੇਵਸ ਉਬਾਲ ਹੇਠ ਭਜੀ ਦਾ ਕਤਲ ਹੁੰਦਾ ਹੈ ਜਿਸਦੇ ਦੁਆਲੇ ਕਹਾਣੀ ਦੀ ਸੰਰਚਨਾ ਹੁੰਦੀ ਹੈ। ਇਸ ਕਹਾਣੀ ਦੀ ਰੀੜ ਦੀ ਹੱਡੀ ਬਣੇ ਕੁਝ ਪਾਸਾਰ ਜੋ ਲੇਖਕ ਦੀ ਕਲਾਤਮਿਕ ਸੰਰਚਨਾ ਰਾਹੀਂ ਕਹਾਣੀ ਦੇ ਮੁਕੰਮਲ ਪਾਸਾਰ ਤੇ ਵਿਸਵਥਾਰ ਸਮੋਈ ਬੈਠੇ ਹਨ,

"ਮੇਰੀ ਕਮਲੀਏ ਧੀਏ ਜ਼ਿੰਦਗੀ 'ਚ ਬੜਾ ਕੁਝ ਅਸੀਂ ਸਾਵਾਂ ਕਰ ਲੈਂਦੇ ਹਾਂ, ਬੜਾ ਕੁਝ ਪ੍ਰਾਪਤ ਕਰ ਲਈਦਾ ਐ... ਪਰ ਇਕ ਦਿਨ ਅਛੋਪਲੇ ਜਿਹੇ ਤੁਹਾਡੀ ਬੈਕ ਗਰਾਊਂਡ ਨਾਗ ਵਾਂਗ ਫ਼ਨ ਫੈਲਾ ਕੇ ਖਲੋ ਜਾਂਦੀ ਆ ਤੇ ਤੁਹਾਨੂੰ ਅਜੇਹੀ ਡੰਗਦੀ ਆ ਕਿ ਤੁਹਾਡੀ ਪੂਰੀ ਦੁਨੀਆਂ ਲੜਾ ਖੜਾ ਜਾਂਦੀ ਆ।"

ਅਸਲ ਵਿਚ ਇਹ ਪ੍ਰੀਤੀ ਭੂਈ ਦਾ ਅਤੀਤ ਹੈ ਜਿਸ ਦੀ ਅਗਨੀ ਉਸਨੂੰ ਉਮਰ ਭਰ ਸਾੜਦੀ ਰਹੀ। ਉਹ ਭਜੀ ਨੂੰ ਚਾਹੁੰਦੀ ਕਿਰਪਾਲ ਤੇ ਆਰਮੀ ਦੇ ਕੈਪਟਨ ਨੂੰ ਵੀ ਇਨਕਾਰ ਕਰ ਦਿੰਦੀ ਹੈ। ਮਾਂ ਵਲੋਂ ਉਹਨਾਂ ਦੀ ਗਰੀਬੀ ਬਾਰੇ ਦੱਸੀਆਂ ਗੱਲਾਂ ਦਾ ਬੁਰਾ ਮਨਾਉਂਦੀ ਹੈ ਫਿਰ ਵੀ ਭਜੀ ਦੀ ਚਾਹਤ ਵਿਚ ਗਹਿਰੀ ਡੁੱਬੀ ਕੁਮਲਾ ਗਈ। ਕਹਾਣੀ ਦਾ ਅੰਤ ਸਮਾਜ ਵਿਚ ਆ ਰਹੇ ਬਦਲਾਵ ਦਾ ਪ੍ਰਤੀਕ ਹੈ ਜੋ ਲੇਖਕ ਦੀ ਸੰਰਚਨਾ ਸ਼ੈਲੀ ਵਿਚੋਂ ਹੀ ਉਘੜਦਾ ਹੈ। ਜਰਮਨ ਪ੍ਰੀਤੀ ਭੂਆ ਨੂੰ ਸਪੱਸ਼ਟ ਆਖਦੀ ਹੈ ਕਿ "ਮੈਂ ਕਿਸੇ ਦੇ ਪਾਸਟ ਨਾਲ ਸਿਰ ਨ੍ਹੀ ਮਾਰਨਾ... ਮੈਂ ਫੀਊਚਰ ਨਾਲ ਜਿਊਣਾ ਹੈ... ਯੂ ਨੋ?"

ਜਦੋਂ ਪਾਠਕ ਇਸ ਕਹਾਣੀ ਦਾ ਪਾਠ ਕਰਦਾ ਤਾਂ ਉਸਦੇ ਸਨਮੁਖ ਇਕ ਨਵੇਂ ਪਾਠ ਦੀ ਸਿਰਜਣਾ ਸਹਿਜ ਸੁਭਾਅ ਹੋ ਜਾਂਦੀ ਹੈ, ਕਿ ਪ੍ਰੀਤੀ ਭੂਆ ਭੱਜੀ ਨੂੰ ਮਾਰ ਕੇ ਛੇ ਸਾਲ ਲਕੜੀ ਵਾਂਗ ਭੱਜੀ ਦੀ ਚਿਖਾ ਵਿਚ ਬਲਦੀ ਰਹੀ ਕਿਉਂ? '**ਧਰਤੀ ਪੁੱਤਰ**' ਕਹਾਣੀ ਦੀ ਪਿੱਠਭੂਮੀ ਏਨੀ ਵਿਸ਼ਾਲ ਹੈ ਕਿ ਇਸ ਵਿਚੋਂ ਸਦੀਆਂ ਪਹਿਲਾਂ ਸਮਾਜਿਕ ਸਮਾਨਤਾ ਲਈ ਤੋਰੀ ਲਹਿਰ ਦੀ ਝਲਕੀ ਪ੍ਰਤੱਖ ਹੁੰਦੀ ਦਿਸਦੀ ਹੈ। ਪੰਜਾਬ ਵਿਚ ਅਜੇਹੀ ਹਵਾ ਫਿਰ ਵਗੀ ਕਿ ਹਰਖੋਵਾਲੀਏ ਸੰਤਾਂ ਨੇ ਸਮਾਜਿਕ ਸਮਾਨਤਾ ਦੀ ਲਹਿਰ ਤੇ ਪਹਿਰਾ ਦਿੰਦਿਆਂ ਬੇਲੀ ਤੇ ਉਸ ਦੇ ਟੱਬਰ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਕਹਾਣੀ ਵਿਚ ਦਰਜ ਇਸ ਘਟਨਾ ਦਾ ਇਤਿਹਾਸ ਦੁਹਰਾ ਕੇ ਸਮਾਜ ਦੀ ਅਜੋਕੀ ਸਥਿਤੀ ਦਾ ਪਰਦਾ ਖੋਲਿਆ। ਪ੍ਰੇਮ ਗੋਰਖੀ ਦੇ ਵਿਸ਼ਾਲ ਦ੍ਰਿਸ਼ਟੀਕੋਣ ਤੇ ਉਸ ਬਾਰੇ ਦਰਜ ਸੰਰਚਨਾ ਦਾ ਖੁਲਾਸਾ ਕਰਦੇ ਹਾਂ, ਲੈ ਬਈ ਬੇਲੀ ਸਿੰਆਂ, ਬੇਲੀ ਸਿਆਂ, ਹੁਣ ਸਾਰਾ ਪਰਿਵਾਰ ਗੁਰੂ ਦੇ ਲੜ ਲੱਗ ਗਿਆ... ਚੱਕੇ ਗਏ ਤੇਰੇ ਊਚ ਨੀਚ ਦੇ

ਭੇਦ ਭਾਵ।"

ਇਸ ਮਾਨਵ ਸਮਾਨਤਾ ਦੀ ਲਹਿਰ ਵਿਚ ਉਸ ਦਿਨ ਭਾਈਏ ਨੇ ਦੁਪਹਿਰ ਦਾ ਖਾਣਾ ਬੇਲੀ ਨਾਲ ਇਕੋ ਥਾਲੀ ਵਿਚ ਖਾਧਾ। ਬੇਲੀ ਦੇ ਤਿੰਨੇ ਮੁੰਡੇ ਵਾਰਾਂ ਗਾਉਂਦੇ। ਪਿਆਰਾ ਕਾਲਜ ਦੀ ਪੜ੍ਹਾਈ ਦੇ ਨਾਲ ਨਾਲ ਗੁਰਦੁਆਰੇ ਵਾਜਾ ਸਿਖਾਉਂਦਾ। ਧਾਰਮਿਕ ਰਹੁ ਰੀਤੀ ਕਰਕੇ ਉਹਨਾਂ ਨੂੰ ਸਮਾਜਿਕ ਪ੍ਰਵਾਨਗੀ ਮਿਲ ਗਈ ਪਰ ਮਨੁੱਖ ਦੀਆਂ ਦੋ ਅੱਖਾਂ ਹੀ ਰਹੀਆ ਕਦੇ ਇਕ ਨਾ ਹੋ ਸਕੀ। ਦੋਨਾਂ ਅੱਖਾਂ ਦਾ ਸਵੈਮਾਨ ਆਪਣਾ ਹੀ ਰਿਹਾ ਜਿਸ ਪਿੱਛੇ ਜਾਤ-ਪਾਤ ਦਾ ਨਾਗ਼ ਫ਼ੁਕਾਰਦਾ ਹੋਇਆ ਪਿਆਰੇ ਨੂੰ ਡੰਗਦਾ ਹੈ। ਇਸ ਸਮਾਜਿਕ ਸਮਾਨਤਾ ਦੀ ਖਿੱਦੋ ਉਦੋਂ ਲੀਰਾਂ ਹੁੰਦੀ ਹੈ ਜਦੋਂ ਪਿਆਰਾ ਗੋਲੇ ਨਾਲ ਕਮਰੇ ਵਿਚ ਦੇਖ ਲਿਆ ਜਾਂਦਾ ਹੈ। '... ਮੇਰੇ ਕੋਲੋਂ ਸਾਰਾ ਕੁਝ ਜਰਿਆ ਨਹੀਂ ਸੀ ਗਿਆ... ਅੰਦਰ ਲਾਂਬੂ ਮੱਚਦਾ ਰਿਹਾ ਸੀ।' ਕਿਰਪਾਲ ਭਾਵੇਂ ਪਿਆਰੇ ਦੇ ਨੈਣ ਨਕਸ਼ ਭੁੱਲ ਚੁੱਕਿਆ ਸੀ ਪਰ ਹੁਣ ਜੈ ਦੇਵ ਉਸਦੇ ਅੱਗੇ ਲੇਲੜੀਆਂ ਕੱਢ ਕਿਹਾ ਸੀ, "ਭਾਪਾ ਜੀ ਗ਼ਲਤੀ ਹੋਗੀ... ਮਾਫ਼ ਕਰਦੋ ਮੈਨੂੰ ਪਾਪਾ ਜੀ... ਭਾਪਾ ਜੀ ਮੈਂ ਆਪਣੇ ਗਾਓਂ ਚਲਾ ਜਾਊਂ... ਮੈਨੂੰ ਛੋੜ ਦਿਓ, ਮੈਨੂੰ ਜਾਨ ਸੇ ਨਾ ਮਾਰਨਾ...।"

ਕਿਰਪਾਲ ਅਮਰੀਕਾ ਤੋਂ ਗੁਰਪ੍ਰੀਤ ਵੱਲੋਂ ਕਾਲਜ ਦੀ ਪੜ੍ਹਾਈ ਛੱਡ ਕੇ ਸ਼ੁਰੂ ਕੀਤਾ ਕੰਮ ਦੇਖਣ ਆ ਗਿਆ ਸੀ। ਉਸਦੀ ਬੇਟੀ ਸੁਰਪ੍ਰੀਤ, ਬੇਬੇ ਨਾਲ ਇਧਰ ਰਹਿ ਗਈ ਸੀ ਕਿਉਂਕਿ ਉਹ ਉਸਦੀ ਪਤਨੀ ਤੇ ਭਰਾ ਦੋ ਨੰਬਰ ਵਿਚ ਅਮਰੀਕਾ ਪਹੁੰਚੇ ਸਨ। ਸੁਰਪ੍ਰੀਤ ਦਾ ਨਾਂ ਉਸਦੇ ਪਾਸਪੋਰਟਾਂ ਤੇ ਵੀ ਨਹੀਂ ਸੀ। ਸੁਰਪ੍ਰੀਤ ਨੇ ਗਾਵਾਂ ਰੱਖ ਕੇ ਦੁੱਧ ਦਾ ਕੰਮ ਸ਼ੁਰੂ ਕਰ ਲਿਆ ਸੀ। ਸੁਰਪ੍ਰੀਤ ਨੇ ਗਾਵਾਂ ਦੀ ਸਾਂਭ-ਸੰਭਾਲ, ਪੱਠੇ-ਤੱਥੇ ਲਈ ਜੈ ਦੇਵ ਨੂੰ ਰੱਖਿਆ ਹੋਇਆ ਸੀ ਜੋ ਪਰਿਵਾਰਕ ਮੈਂਬਰਾਂ ਦੀ ਤਰ੍ਹਾਂ ਘਰ ਦੇ ਸਾਰੇ ਕੰਮ ਕਰਦਾ ਸੀ। ਜਦੋਂ ਕਿਰਪਾਲ ਘਰ ਆਇਆ ਤਾਂ ਸੁਰਪ੍ਰੀਤ ਨੇ ਆਪਣੇ ਡੈਡੀ ਨੂੰ ਜੈ ਦੇਵ ਦਾ ਕਮਰਾ ਦਿਖਾਉਂਦਿਆਂ ਉਸ ਬਾਰੇ ਦੱਸਿਆ ਕਿ ਆਹ ਜੈ ਦੇਵ ਦਾ ਮੰਦਰ ਆ। ਹੇਠਾਂ ਬਿਸਤਰਾ ਇਹ ਹਨੂੰਮਾਨ ਭਗਤ ਆ। ਸਵੇਰੇ ਉੱਠ ਕੇ ਘੰਟੀਆਂ ਖੜਕੌਂਦਾ ਤੇ ਨਸ਼ੇ ਨੂੰ ਹੱਥ ਨ੍ਹੀ ਲਾਉਂਦਾ। ਸਮਾਜ ਦੇ ਧਾਰਾ ਪਰਵਾਹ ਵਿਚ ਵਹਿ ਰਹੀਆਂ ਦੋ ਅੱਖਾਂ ਨੇ ਬੜਾ ਕੁਝ ਵਾਚਿਆ ਤੇ ਕਿਹਾ,

"ਬੇਟਾ ਐਵੇਂ ਨੀ ਬਹੁਤਾ ਮੂੰਹ ਲਾਈਦਾ ਹੁੰਦਾ ... ਕਾਮੇ ਨੂੰ ਕਾਮੇ ਵਾਲੀ ਥਾਂ ਈ ਰਹਿਣ ਦਈਦਾ ਹੁੰਦਾ... ਐਵੇਂ ਢਹੇ ਚੜ੍ਹਦੇ ਆ ਫੇ।"

ਸਮੇਂ ਦੀ ਤੋਰ ਨਾਲ ਸੁਰਪ੍ਰੀਤ ਦਾ ਸੰਸਾਰ ਵਿਸ਼ਾਲ ਸੀ, "ਲੈ ਢਹੇ ਕਾਹਦਾ ਚਾੜ ਲਿਆ ਉਹਨੂੰ... ਕਾਮਾ ਆਂ ਤਾਂ ਕੀ ਹੋਇਆ... ਰੱਬ ਦਾ ਜੀਅ ਆ ਡੈਡੀ ਜੀ... ਹੁਣ ਤਾਂ ਉਹ ਘਰ ਦਾ ਮੈਂਬਰ ਈ ਆ... ਆਪਾਂ ਤੋਂ ਨੀ ਐਂ ਫਰਕ ਕਰ ਹੁੰਦਾ... ਕਿਉਂ ਬੀਬੀ ਜੀ।"

ਇਸ ਘਰ ਵਿਚ ਸੁਰਪ੍ਰੀਤ, ਜੈ ਦੇਵ ਤੇ ਬੀਬੀ ਰਹਿੰਦੇ ਹਨ। ਸੁਰਪ੍ਰੀਤ ਦੇ ਵਿਚਾਰ ਸਪੱਸ਼ਟ ਹਨ ਕਿ ਉਹ ਜੈ ਦੇਵ ਨੂੰ ਕਾਮਾ ਨਹੀਂ ਸਮਝਦੀ ਸੀ। ਘਰ ਵਿਚ ਇਹ ਦੋਵੇਂ ਜੁਆਨ ਰੂਹਾਂ ਹੱਸ-ਖੇਡ ਰਹੀਆਂ ਹਨ। ਕਿਰਪਾਲ ਸਿੰਘ ਉਹਨਾਂ ਦੋਵਾਂ ਹੱਸਦੇ ਖੇਡਦਿਆਂ ਨੂੰ ਮੌਕੇ ਜਾ ਕੇ ਫੜ ਲੈਂਦਾ ਹੈ ਤੇ ਇਹੋ ਘਟਨਾ ਕਾਰਨ ਕਿਰਪਾਲ ਦਾ ਰੂਦਰ ਰੂਪ ਸਾਹਮਣੇ ਆਉਂਦਾ ਹੈ। ਸੁਰਪ੍ਰੀਤ ਫੇਰ ਜੈ ਦੇਵ ਨੂੰ ਛੁਡਾਉਂਦੀ ਹੈ।

"ਹਾਂ ਲਾਹੋ ਪਹਿਲਾਂ ਮੇਰੀ ਧੌਣ... ਮਾਰੋ ਮੈਨੂੰ... ਕੀ ਕੀਤਾ ਏਹਨੇ... ਗੱਲਾਂ ਕਰਦੇ ਸੀ ਅਸੀਂ... ਮੈਂ ਈ ਇਹਨੂੰ ਛੇੜਿਆ ਤਾਂ ਇਹਨੇ ਮੇਰੀ ਬਾਂਹ ਮਰੋੜ ਦਿੱਤੀ... ਕੀ ਦੇਖਿਆ ਸੀ ਤੁਸੀਂ?"

ਨਵੀਂ ਪੀੜੀ, ਨਵਾਂ ਸਮਾਜ ਸਿਰਜਣ ਲਈ ਕਾਮੇ ਨੂੰ ਘਰ ਦਾ ਮੈਂਬਰ ਮੰਨਿਆ ਜਾ ਰਿਹਾ ਪਰ ਪੁਰਾਣੀ ਪੀੜੀ ਦੀ ਅਹੁੰ ਸਵੈਮਾਣ, ਕਿਰਪਾਲ ਦੇ ਹੱਥ ਨੰਗੀ ਤਲਵਾਰ ਤੇ ਜੈ ਦੇਵ ਦਾ ਨਾ ਮਾਰਨ ਦਾ ਤਰਲਾ। ਇਸ ਦ੍ਰਿਸ਼ ਨਾਲ ਕਹਾਣੀ ਦਾ ਪਰਦਾ ਖੁੱਲ੍ਹਦਾ ਹੈ ਜੋ ਸਦੀਆਂ ਪੁਰਾਣੀ ਮਾਨਵ ਸਮਾਨਤਾ ਦੀ ਲੀਹ ਨੂੰ ਕਿਰਪਾਨ ਦੀ ਧਾਰ ਨਾਲ ਮੇਟਣ ਦਾ ਯਤਨ ਹੈ ਜਿਸਨੂੰ ਸੁਰਪ੍ਰੀਤ ਪੂਰਾ ਨਹੀਂ ਹੋਣ ਦਿੰਦੀ। ਕਿਰਪਾਲ ਦੇ ਨਹੌਣ ਲਈ ਗੁਸਲਖਾਨੇ ਵਿਚ ਜਾਣ ਸਾਰ ਜੈ ਦੇਵ ਨੂੰ ਕੁੰਡੀ ਖੋਲ੍ਹ ਕੇ ਰਿਹਾ ਕਰ ਦਿੱਤਾ ਜਾਂਦਾ ਹੈ।

ਜਦ ਕਿਰਪਾਲ ਚੁਬਾਰਾ ਖਾਲੀ ਦੇਖ ਕੇ ਪੁੱਛਦਾ ਹੈ ਕਿ ਉਹ ਕਿੱਥੇ ਗਿਆ ਤਾਂ ਸੁਰਪ੍ਰੀਤ ਵਲੋਂ ਬੋਲਿਆ 'ਮੈਨੂੰ ਕੀ ਪਤਾ' ਦਾ ਅੰਦਾਜ਼ ਸਮਾਜ ਵਿਚ ਮਾਨਵ ਸਮਾਨਤਾ ਦੀ ਖੇਤੀ ਬੀਜਦਾ ਪ੍ਰਤੀਤ ਹੁੰਦਾ ਹੈ। ਇਸ ਕਹਾਣੀ ਦਾ ਵਿਸ਼ਾ ਪਾਠਕ ਲਈ ਇਕ ਹੋਰ ਨਵਾਂ ਪਾਠ ਸਿਰਜਦਾ ਹੈ ਜੋ ਕਹਾਣੀਕਾਰ ਦੀ ਕਲਾ ਖੇਤਰ ਵਿਚ ਉੱਚੀ ਉਡਾਣ ਹੈ, **'ਅਗਲੇ ਸਟੇਸ਼ਨ ਤੱਕ'** ਕਹਾਣੀ ਰੂਪ, ਨੇਕ ਤੇ ਕੰਸ ਦੇ 'ਜੀਣ ਮਰਨ' ਮਰਨ ਦੀ ਕਹਾਣੀ ਹੈ। ਰੂਪ ਕਿਸ ਤਰ੍ਹਾਂ ਦੁੱਖੜੇ ਝੱਲ ਕੇ ਕੰਸ ਦੇ ਉਸਦੇ ਭਰਾਵਾਂ ਵਲੋਂ ਕਤਲ ਤੋਂ ਬਾਅਦ ਨੇਕ ਨੂੰ ਉਸਦਾ ਪ੍ਰਛਾਵਾ ਮੰਨ ਕੇ ਜ਼ਿੰਦਗੀ ਜਿਉਣ ਲਈ ਪ੍ਰੇਰਦੀ ਹੈ ਜੋ ਉਸਨੂੰ ਖੂਹ ਵਿਚ ਸੁੱਟ ਕੇ ਮਾਰਨ ਦੀ ਥਾਂ ਜੀਵਨ ਦੇ ਬਾਗ ਵਿਚ ਪ੍ਰਵੇਸ਼ ਕਰਵਾਉਣ ਲਈ ਲੈ ਤੁਰਦਾ ਹੈ। ਦੁਨੀਆਂ ਤਾਂ ਉਹ ਨੇਕ ਦੇ ਵੱਡੇ ਭਰਾ ਕੰਸ ਨਾਲ ਵਸਾਉਣਾ ਚਾਹੁੰਦੀ ਸੀ ਜੋ ਜਾਤੀ ਭੇਦ ਦੀ ਤਲਵਾਰ ਦੀ ਧਾਰ ਅਤੇ ਆਰਥਿਕ ਅਸਾਵਾਂਪਣ ਦੇ ਸਮਾਜਿਕ ਪ੍ਰਬੰਧ ਦੀ ਚੱਕੀ ਦੇ ਦੋ ਪੁੜਾਂ ਵਿਚ ਪਿਸ ਗਿਆ। ਰੂਪ ਭਰਾਵਾਂ ਦੀ ਇਸ ਵਧੀਕੀ ਨੂੰ ਸਹਾਰ ਨਾ ਸਕੀ। ਉਸਨੇ ਭਰਾਵਾਂ ਦੀ ਹਉਮੈ ਨੂੰ ਚੋਟ ਮਾਰਨ ਲਈ ਨੇਕ ਨਾਲ ਦੂਰ ਕਿਧਰੇ ਵਸ ਜਾਣ ਦਾ ਚੱਕਰਵਿਊ ਰਚਿਆ। ਕਹਾਣੀ ਸਮਾਜ ਤੇ ਮਾਨਵ ਵੱਲੋਂ ਆਰਥਿਕ ਵਰਤਾਰੇ ਤੇ ਅਮਾਨਵੀਕਰਨ ਵਿਰੁੱਧ ਸੰਰਚਨਾਤਮਿਕ ਸ਼ਕਤੀ ਦੇ ਨੌਂ ਦਰਵਾਜ਼ੇ ਖੋਲ੍ਹੇ ਜਾਂਦੇ ਹਨ। ਰੂਪ, ਨੇਕ ਨੂੰ ਮਿਲ ਕੇ ਪ੍ਰੇਰਦੀ ਹੈ, "ਨੇਕ ਤੈਨੂੰ ਮੇਰੇ ਭਰਾਵਾਂ ਉਪਰ ਗੁੱਸਾ ਨ੍ਹੀਂ ਆਉਂਦਾ, ਕੰਸ ਨੂੰ ਮਾਰਿਆ ਸੀ, ਜਿਹਨਾਂ ਉਹਨੂੰ ਟੁਕੜੇ ਟੁਕੜੇ ਕਰਕੇ ਸੁੱਟ ਦਿੱਤਾ ਸੀ?" ਉਹ ਪਰਤ ਦਰ ਪਰਤ ਅੱਗੇ ਤੁਰਦੀ ਹੈ। ਜਦੋਂ ਨੇਕ ਉਸਨੂੰ ਆਖਦਾ ਹੈ, "ਮੈਂ ਕੱਲਾ ਕਾਰਾ ਮੁੰਡਾ ਕਾਹਨੂੰ ਫਾਹਾ ਲਵਾਂ ਜਾਣ ਬੁੱਝ ਕੇ। ਤੇਰੇ ਚਾਰ ਭਾਈ ਚਾਰੇ ਮਾਰੂ ਆਦਮੀ।" ਰੂਪ ਅਗਲੀ ਪਰਤ ਖੋਲ੍ਹਦੀ ਹੈ, "ਅਗਲੇ ਨਾਲ ਕਿਤੇ ਲੜ ਕੇ ਈ ਬਦਲਾ ਲੈ ਹੁੰਦਾ, ਕੋਈ ਹੋਰ ਰਾਹ ਨ੍ਹੀਂ ਭਲਾ... ਜਰਾ ਸੋਚ ਤਾਂ...।"

ਰੂਪਾਂ ਦੀ ਇਹੋ ਗੱਲ ਨੇਕ ਨੂੰ ਉਸਦੀ ਬੇਬੇ ਦੀ ਮਰਜ਼ੀ ਦੇ ਖ਼ਿਲਾਫ਼ ਭੁਗਤਾਉਂਦੀ ਹੈ। ਮਾਂ ਰੂਪ ਨੂੰ ਕੰਸ ਦੀ ਕਾਤਲ ਮੰਨ ਕੇ ਉਸ ਨੂੰ ਮਾਰ ਕੇ ਬਦਲਾ ਲੈਣਾ ਚਾਹੁੰਦੀ ਹੈ, "ਏਸ ਰੰਡੀ ਨੂੰ ਆਖੀ ਕਿ ਰਾਤੀਂ ਉਹ ਬਾਹਰ ਟਿੱਬੇ ਵੱਲ ਮਿਲੇ... ਅੱਗੇ ਜਾ ਕੇ ਨਿਆਈਆਂ ਆਲੇ ਖੂਹ 'ਚ ਧੱਕਾ ਦੇ ਦੀ, ਏਸ ਚੁੜੇਲ ਨੂੰ... ਸੁਣ ਲੈ ਧਿਆਨ ਨਾਲ।"

ਸਭ ਕੁਝ ਦੇ ਬਾਵਜੂਦ ਨੇਕ ਉਸਨੂੰ ਖੂਹ ਵੱਲੋਂ ਮੋੜ ਕੇ ਜੀਵਨ ਦੇ ਰਾਹ ਤੋਰ ਲੈਂਦਾ ਹੈ। ਲੇਖਕ ਸਿਰਜਕ ਹੈ ਉਸਨੇ ਸਮਾਜ ਦੇ ਹਿੱਤ ਵਿਚ ਜੀਵਨ ਬਿੰਬ ਸਿਰਜਣਾ ਹੈ ਪ੍ਰੇਮ ਗੋਰਖੀ ਦੀ ਕਲਮ ਜੀਵਨ ਦੇ ਪਾਠ ਪੜ੍ਹਾਉਂਦੀ ਜ਼ਿੰਦਗੀ ਨੂੰ ਮਾਣਨ ਦਾ ਰਾਹ ਦਿਖਾਉਂਦੀ ਹੈ।

ਕਹਾਣੀ **'ਲੇਹਾ'** ਸਮਾਜ ਦੀਆਂ ਭਾਈਚਾਰਕ ਸਾਂਝਾਂ ਨੂੰ ਕੁਤਰ ਰਹੀ ਮਾਨਵ ਮਨ ਦੀ ਅਸਹਿਜਤਾ ਤੇ ਹਓ ਨੂੰ ਨਿਰੂਪਤ ਕਰਦੀ ਹੈ। ਗੁਰਨਾਮ ਕੌਰ ਬਣੀ ਗੰਗਾ ਨੂੰ ਜਦ ਉਸਦੀ ਜਨਮ ਜਾਤ ਨਾਲ ਬੰਨ੍ਹ ਕੇ ਬੇਮਾਣੀ ਕੀਤਾ ਜਾਂਦਾ ਹੈ ਤਾਂ ਉਸਦਾ ਸਬਰ ਟੁੱਟ ਜਾਂਦਾ ਹੈ। ਉਹ ਆਖਦੀ ਹੈ ਜਦ ਉਸਨੂੰ ਸਮਾਜਿਕ ਪ੍ਰਵਾਨਗੀ ਹੀ ਨਹੀਂ ਮਿਲੀ ਤਾਂ ਇਹ ਬਾਹਰੀ ਆਡੰਬਰ ਦਾ ਕੀ ਅਰਥ ਹੈ। ਤੇ ਗਲ 'ਚ ਕਿਰਪਾਨ ਲਾਹ ਦਿੰਦੀ ਹੈ। "ਨਈ ਨਿੰਦਰ... ਮੈਨੂੰ ਸਰਦਾਰਨੀ ਬਣਨ ਦੀ ਨੀਂ ਲੋੜ... ਆਹ ਚੁੱਕ ਤੂੰ ... ਜਾ ਕੇ ਗੁਰਦੁਆਰੇ ਰੱਖ ਆ...।"

ਅਸਲ ਵਿਚ ਗੁਰਨਾਮ ਕੌਰ ਦੀ ਆਪਣੀ ਜੇਠਾਣੀ ਦਿਆਲੋ ਨਾਲ ਬਹੁਤ ਸਾਂਝ ਸੀ। ਬਾਘੋ ਦੇ ਵਿਆਹ ਵੇਲੇ ਦਿਆਲੋ ਨੇ ਹੀ ਕੁੜਮਣੀ ਨਾਲ ਮਿਲਣੀ ਬਾਰੇ ਕਿਹਾ ਸੀ, "ਗੁਰਨਾਮੋ, ਭੈਣ ਕੱਲ੍ਹ ਨੂੰ ਆਉਣੇ ਆ ਪ੍ਰਾਹੁਣੇ ਨਵੀਂ ਨਵੀਂ ਕੁੜਮਚਾਰੀ ਆ... ਮੇਲ ਮਿਲਾਪ ਦਾ ਵੇਲਾ ਹੁੰਦੈ... ਆਪਣੀ ਕੁੜਮਣੀ ਨਾਲ ਤੇਰੀ ਵੀ ਮਿਲਣੀ ਕਰਾਉਣੀ ਆ... ਪੂਰੀ ਦਰਦਾਰਨੀ ਬਣ ਕੇ ਰਹੀ.... ਬਾਘੋ ਦੀ ਸੱਸ ਪਤਾ ਨੀ ਕਿੱਦਾਂ ਦੇ ਰੌਂਅ ਦੀ ਹੋਵੇ... ਤੂੰ ਉਹਦੇ ਨਾਲ ਮਿਲਣ ਲਈ ਇਕ ਸੋਹਣਾ ਜਿਹਾ ਸੂਟ ਤਿਆਰ ਰੱਖੀ.. ਫੇਰ ਖੜੇ ਪੈਰ ਨਾ ਕਹੀਂ ਦੱਸਿਆ ਨੀਂ।"

ਮਿਲਣੀ ਦੇ ਕਾਰਜ ਲਈ ਨਵਾਂ ਸੂਟ ਲਿਆ ਕੇ ਮਾਨਸਿਕ ਤੌਰ ਤੇ ਤਿਆਰ ਹੋਈ ਗੁਰਨਾਮ ਕੌਰ

ਨੂੰ ਜਦੋਂ ਮਿਲਣੀ ਮੌਕੇ ਕੋਲ ਬੈਠੀ ਨੂੰ ਅਣਗੌਲਿਆ ਕੀਤਾ ਗਿਆ ਤਾਂ ਉਹ ਆਪਣੇ ਪਿਛੋਕੜ ਦੀ ਭੱਠੀ ਵਿਚ ਭੁੱਜ ਕੇ ਕੋਇਲਾ ਹੋ ਗਈ, "ਪੁੱਤਰ ਬਸ ਹੁਣ ਨਈ... ਬਹੁਤ ਹੋ ਗੀ ਆ ਮੇਰੇ ਨਾਲ... ਮੈਨੂੰ ਕਹਿੰਦੀ ਮਿਲਣੀ ਕਰਾਉਣੀ ਆ... ਪਰ ਮਨ ਦੀ ਖੋਟੀ ਨਿਕਲੀ ਤੇਰੀ ਤਾਈ।"

ਗੁਰੂ ਸਾਹਿਬਾਨ ਨੇ ਤਾਂ ਭਾਈ ਮਰਦਾਨੇ ਤੋਂ ਬਾਬਾ ਸੰਗਤ ਸਿੰਘ ਤੱਕ ਮਾਨਵਤਾ ਦੀ ਏਕਤਾ ਦੇ ਹਿੱਤ ਵਿਚ ਪਾਤਸ਼ਾਹੀਆ ਬਖ਼ਸ਼ੀਆਂ ਪਰ ਸਮਾਜਿਕ ਤਾਣਾ ਪੇਟਾ ਅਜਿਹਾ ਹੈ ਕਿ ਮਨਾਂ ਵਿਚ ਦੂਸਰ ਪਾਲੀ ਬੈਠਾ ਹੈ ਸਾਧੂ ਰਾਮ ਸਪੱਸ਼ਟ ਕਰਦਾ ਹੈ ਕਿ ਉਹਨਾਂ ਪਵਿੱਤਰ ਰੂਹਾਂ ਨੇ ਤਾਂ ਸਭ ਨੂੰ ਇਕ ਮੰਨਣ ਦਾ ਹੋਕਾ ਦਿੱਤਾ ਪਰ, "ਭਾਈ ਇਹਨੂੰ ਕਾਹਤੋਂ ਦੋਸ਼ ਦਿੰਦੀ ਆ... ਖੋਟ ਤਾਂ ਸਾਡੇ ਵਿਚ ਆ... ਬੰਦੇ ਦੇ ਮਨ ਅੰਦਰ।"

ਪ੍ਰੇਮ ਗੋਰਖੀ ਜਾਤੀ ਭਾਵਨਾ ਦੇ ਕੀੜੇ ਨੂੰ ਮਨ ਵਿਚ ਮਾਰਨ ਲਈ ਕਲਮ ਨੂੰ ਹਥਿਆਰ ਬਣਾਉਂਦਾ ਹੈ ਜਿਵੇਂ ਕਿ ਕਲਮ ਦਾ ਕੰਮ ਹੀ ਨਵੀਂ ਤੇ ਸੁਦ੍ਰਿੜ ਸਿਰਜਣਾ ਹੈ, ਲੇਖਕ ਸਮਾਜ ਵਿਚ ਮਨੁੱਖੀ ਮਨ ਦੀ ਤਹਿਆਂ ਨੂੰ ਬੇਪਰਦ ਕਰਦਾ ਹੈ ਤਾਂ ਜੋ ਸਮਾਜਿਕ ਏਕਤਾ ਲਈ ਤਾਣਾ ਤਣਿਆ ਜਾ ਸਕੇ।

ਇਸ ਸੰਗ੍ਰਹਿ ਦੀ ਕਹਾਣੀ **'ਦੁਧ ਧਾਰ'** ਸਮਾਜ ਵਿਚ ਪ੍ਰਚਲਿਤ ਅਣਹੋਣੀ ਜੱਸੀ ਬੁਰਾਈ ਨੂੰ ਕਾਟ ਕਰਦੀ ਹੈ। ਜਦੋਂ ਗੁਲਾਬ ਨੂੰ ਪਤਾ ਲਗਦਾ ਹੈ ਕਿ ਉਸਦਾ ਵਿਆਹ ਉਸ ਤੋਂ ਦੂਗਣੀ ਉਮਰ ਦੇ ਜੀਜੇ ਨਾਲ ਹੋਣਾ ਹੈ ਤਾਂ ਉਸਨੂੰ ਦੌਰੇ ਸ਼ੁਰੂ ਹੋ ਜਾਂਦੇ ਹਨ ਜੋ ਪਹਾੜਾਂ ਵਿਚ ਬਾਬੇ ਦੀ 'ਦੁੱਧ ਧਾਰ' ਹੇਠ ਜੁਗਨੂੰ ਦੇ ਸਰੀਰ ਦਾ ਨਿੱਘ ਮਾਣਦਿਆ ਠੀਕ ਹੋ ਜਾਂਦੇ ਹਨ। ਕਹਾਣੀ ਦਾ ਸਰੂਪ ਮਨੋਵਿਗਿਆਨਕ ਤੰਦ ਤਾਣ ਸਮੇਟ ਭੂਆ ਦੀ ਸਮਾਜਿਕ ਨੱਕ ਰੱਖਣੀ ਪਰੰਪਰਾ ਨੂੰ ਤੋੜ, ਨਵੀਂ ਸੇਧ ਪ੍ਰਦਾਨ ਕਰਦਾ ਹੈ। **'ਭੇਤੀ ਬੰਦੇ'** ਪੰਜਾਬ ਦੇ ਕਾਲੇ ਪਹਿਰਾ ਨੂੰ ਵਿਲੱਖਣ ਢੰਗ ਨਾਲ ਪਾਠਕਾਂ ਦੇ ਅੱਗੇ ਰੱਖਦੇ ਹਨ। **'ਧਰਤੀ ਪੁੱਤਰ'** ਵਿਚ ਦਰਜ 'ਆਪਣਾ ਅੱਧ' ਕਹਾਣੀ ਪੰਜਾਬ ਦੀ ਕਿਸਾਨੀ ਪਰਿਵਾਰਾਂ ਨਾਲ ਸੰਬੰਧਤ ਘਰ ਘਰ ਦੀ ਕਹਾਣੀ ਹੈ। ਚੈਂਚਲ ਦੀ ਬਹੂ ਵਰਗੀਆਂ ਅਨੇਕਾ ਹਨ ਜੋ ਮਾਂ ਤੇ ਮਾਮਿਆਂ ਨੂੰ ਹੀ ਉਂਗਲਾਂ ਤੇ ਨਹੀਂ ਨਚੌਂਦੀਆਂ ਸਗੋਂ ਜ਼ਮੀਨ ਖਾਤਰ ਸਹੁਰੇ ਨੂੰ ਵੀ ਗਲ ਦਾ ਹਾਰ ਬਣਾ ਕੇ ਚਮਕਾਉਂਦੀਆਂ ਪਰਿਵਾਰ ਦੀ ਕੁੰਜੀ ਮੁਖਤਿਆਰੀ ਨੂੰ ਚੀਚੀ ਦਾ ਛੱਲਾ ਬਣਾ ਲੈਂਦੀਆਂ ਹਨ। **'ਆਪਣਾ ਅੱਧ'** ਦੀ ਨਾਇਕਾ ਜੋ ਅੰਤਰੀਵ ਰੂਪ ਵਿਚ ਖਲਨਾਇਕਾ ਚੈਂਚਲ ਦੀ ਬਹੂ ਜਦੋਂ ਗਾਮੇ ਨੂੰ ਚੁੰਨੀ ਦੀ ਬੁੱਕਲ ਵਿਚ ਲੁਕਾਉਣ ਤੋਂ ਅਸਮਰੱਥ ਮਹਿਸੂਸ ਕਰਦੀ ਹੈ ਤਾਂ ਬੰਦੇ ਨੂੰ ਮੱਕੀ ਬਣਾਉਣ ਵਾਲਾ ਜਾਦੂ ਸਹੁਰੇ ਤੇ ਚਲਾ ਕੇ ਗਾਮੇ ਨੂੰ ਪਾਗਲ ਬਣਾ ਖੇਤਾਂ ਦੀ ਇਕੱਲੀ ਮਾਲਕ ਬਣ ਜਾਂਦੀ ਹੈ। ਆਪਣੇ ਬੱਚਿਆਂ ਖਾਤਰ ਜ਼ਮੀਨ ਨੂੰ ਆਪਣੇ ਹਿੱਸੇ ਵਿਚ ਰੱਖਣ ਲਈ ਚੈਂਚਲ ਦੀ ਬਹੂ ਆਪਣੀਆਂ ਪਾ ਦਿੰਦੀ ਹੈ। ਕਹਾਣੀ ਦਾ ਬਿਰਤਾਂਤ ਗਾਮੇ ਨਾਲ ਤੁਰਦਾ ਤੇ ਸੰਰਚਨਾਤਮਿਕ ਤੰਦਾਂ ਚੈਚਲ ਦੀ ਬਹੂ ਦੀਆਂ ਸੁਚਿੱਤਰ ਹੁੰਦਾ ਹੈ। ਪ੍ਰੇਮ ਗੋਰਖੀ ਦਾ ਕਲਾਤਮਿਕ ਪੱਖ ਬਹੁਤ ਹੀ ਵਿਲੱਖਣ ਹੈ।

ਪ੍ਰੇਮ ਗੋਰਖੀ ਰੂਪਕ ਪੱਖ ਤੋਂ ਬਹੁਤ ਹੀ ਬਰੀਕ ਤੰਦਾਂ ਤਣਨ ਵਾਲਾ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਪਾਤਰਾਂ ਦੇ ਸੁਚਿੱਤਰ ਖਾਕੇ ਖਿੱਚਦੀਆਂ ਸੁੰਦਰ ਤਸਵੀਰ ਵਿਚ ਪਰਵਰਤਿਤ ਹੋ ਜਾਂਦੀਆਂ ਹਨ। ਉਸ ਦੀਆਂ ਕਹਾਣੀਆਂ ਸਮਾਜ ਦੀ ਉਹ ਤਸਵੀਰ ਪਾਠਕਾਂ ਦੇ ਸਾਹਮਣੇ ਰੱਖਦੀਆਂ ਹਨ ਜਿਹੜੀ ਕਦੇ ਦੇਖੀ ਹੀ ਨਹੀਂ ਹੁੰਦੀ। ਸਮਾਜ ਵਿਚ ਅੰਤਰ ਜਾਤੀ ਵਿਆਹ ਜਾਂ ਰਿਸ਼ਤਿਆਂ ਦੀਆਂ ਕਹਾਣੀਆਂ ਭੜੋਲੇ ਪਾ ਕੇ ਲਿੱਪੀਆਂ ਹੋਈਆਂ ਬੁਰਾਈਆਂ ਨੂੰ ਤਾਂ ਕਹਾਣੀਕਾਰ ਸੱਥ ਵਿੱਚ ਲਿਆ ਕੇ ਗੌਣ ਬਣਾ ਕੇ ਪੇਸ਼ ਕਰ ਦਿੰਦਾ ਹੈ। ਦਲਿਤ ਪਾਤਰਾਂ ਦੀਆਂ ਸੁੱਕੇ ਪੱਤਿਆਂ ਨਿਆਈ ਮਿੱਟੀ ਵਿਚ ਮਿਲ ਕੇ ਕਬਰਾਂ ਬਣਦੀਆਂ ਕੰਧਾਂ ਪ੍ਰੇਮ ਗੋਰਖੀ ਦੀਆਂ ਕਹਾਣੀ ਦੇ ਚਿੰਤਨਸ਼ੀਲ ਪਸਾਰ ਦਾ ਵਸਤੂ ਹਨ। ਕਹਾਣੀਕਾਰ ਕਲਾਤਮਿਕ ਸੰਰਚਨਾ ਰਾਹੀਂ ਪਾਠਕਾਂ ਦੀ ਨਾੜ ਨਾੜ ਵਿਚ ਟਸਕਾਂ ਪਾ ਦੇਣ ਦੇ ਸਮਰੱਥ ਹੈ। ਪ੍ਰੇਮ ਗੋਰਖੀ ਦੀ ਕਲਮ ਨੀਵਿਆਂ ਨਿਤਾਣਿਆਂ ਬੇਮਾਣਿਆ ਦੇ ਹੱਕ ਵਿਚ ਭੁਗਤੀ, ਇਸ ਕਰਕੇ ਉਸਨੂੰ ਪੰਜਾਬੀ ਸਾਹਿਤ ਵਿਚ ਸਦਾ ਯਾਦ ਕੀਤਾ ਜਾਂਦਾ ਰਹੇਗਾ। **(ਸੰਪਰਕ 98151-21286)**

# ਆਧੁਨਿਕ ਨਾਰੀ ਦਾ ਦੁਖਾਂਤ ਬੋਧ : ਜਨਰੇਸ਼ਨ ਗੈਪ

**- ਡਾ. ਸੁਖਪਾਲ ਕੌਰ**

ਪ੍ਰੇਮ ਗੋਰਖੀ ਪੰਜਾਬੀ ਕਹਾਣੀ ਦਾ ਅਜਿਹਾ ਸਮਰੱਥ ਕਹਾਣੀਕਾਰ ਹੈ ਜਿਸਦੀਆਂ ਕਹਾਣੀਆਂ ਨੇ ਪੰਜਾਬੀ ਸਾਹਿਤ ਵਿੱਚ ਆਪਣੀ ਇਕ ਅਲੱਗ ਪਹਿਚਾਣ ਬਣਾਈ ਹੈ। ਭਾਵੇਂ ਕਿ ਉਸਦੀਆਂ ਕਈ ਕਹਾਣੀਆਂ ਸਮੇਂ ਦੇ ਨਾਲ ਆਪਣੀ ਪਹਿਚਾਣ ਬਣਾ ਗਈਆਂ ਸਨ ਪਰ ਕਈ ਅਣਗੌਲੀਆਂ ਹੀ ਰਹਿ ਗਈਆਂ, ਜਿਹੜੀਆਂ ਕਿ ਚਰਚਿਤ ਕਹਾਣੀਆਂ ਵਜੋਂ ਪਾਠਕਾਂ ਦੇ ਸਾਹਮਣੇ ਨਹੀਂ ਆਈਆ। ਉਸਦੇ ਹੱਥਲੇ ਕਹਾਣੀ ਸੰਗ੍ਰਹਿ ਵਿੱਚ ਵੀ ਅਜਿਹੀਆਂ ਕਹਾਣੀਆਂ ਸ਼ਾਮਿਲ ਹਨ ਜਿਹੜੀਆਂ ਕਿ ਪਾਠਕਾਂ ਦੇ ਮਨਾਂ ਤੇ ਗਹਿਰੀ ਛਾਪ ਛੱਡਦੀਆਂ ਹਨ। **'ਜਨਰੇਸ਼ਨ ਗੈਪ' (ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, ਸਾਲ: 2019, ਪੰਨੇ :104, ਮੁੱਲ: 150 /-)** ਕਹਾਣੀ ਸੰਗ੍ਰਹਿ ਗੋਰਖੀ ਦਾ ਆਖਰੀ ਕਹਾਣੀ ਸੰਗ੍ਰਹਿ ਹੈ ਜਿਸ ਵਿਚ 11 ਕਹਾਣੀਆਂ ਸ਼ਾਮਿਲ ਹਨ। ਜਿਹੜੀਆਂ ਕਿ ਆਪਣੇ ਵਿਸ਼ੇ ਵਸਤੂ ਅਤੇ ਨਿਭਾਅ ਕਰਕੇ ਵੱਖਰੀਆਂ ਨਜ਼ਰ ਆਉਂਦੀਆਂ ਹਨ। **'ਜਨਰੇਸ਼ਨ ਗੈਪ'** ਵਿੱਚ ਲੇਖਕ ਨੇ ਇੱਕ ਅਹਿਮ ਮੁੱਦਾ ਉਭਾਰਿਆ ਹੈ, ਉਹ ਮੁੱਦਾ ਹੈ ਪੀੜ੍ਹੀਆਂ ਦੇ ਆਪਸੀ ਮਾਨਸਿਕ ਅਤੇ ਸਮਾਜਿਕ ਰੂਪ ਵਿੱਚ ਆਏ ਫ਼ਰਕ ਦਾ। ਹਰ ਪੀੜ੍ਹੀ ਜਿਸ ਚੀਜ਼ ਜਾਂ ਕੰਮ ਨੂੰ ਆਪਣੇ ਲਈ ਸਹੀ ਮੰਨਦੀ ਹੈ ਜਾਂ ਸਾਬਿਤ ਕਰਨ ਦੀ ਕੋਸ਼ਿਸ਼ ਕਰਦੀ ਹੈ, ਉਹੀ ਕੰਮ ਉਸਨੂੰ ਆਪਣੀ ਆਉਣ ਵਾਲੀ ਪੀੜ੍ਹੀ ਲਈ ਗ਼ਲਤ ਜਾਪਦਾ ਹੈ। ਸ਼ਾਇਦ ਇਸ ਦਾ ਕਾਰਨ ਪਹਿਲੀ ਪੀੜ੍ਹੀ ਦਾ ਉਸ ਕੀਤੇ ਗਏ ਕੰਮ ਦੌਰਾਨ ਗ੍ਰਹਿਣ ਕੀਤੇ ਤਜਰਬੇ ਵੀ ਹੋ ਸਕਦੇ ਹਨ। ਕਹਾਣੀ ਦੀ ਨਾਇਕਾ ਆਰਤੀ ਹੈ ਜੋ ਪੇਸ਼ੇ ਵਜੋਂ ਪੱਤਰਕਾਰਤਾ ਨਾਲ ਜੁੜੀ ਹੋਈ ਹੈ। ਉਹ ਆਧੁਨਿਕ ਸੋ ਕਾਲਡ ਆਧੁਨਿਕ ਮਾਂ ਹੈ। ਜਿਹੜੀ ਆਪਣੀਆਂ ਬੱਚੀਆਂ ਨਾਲ ਇਕੱਲੇ ਰਹਿੰਦਿਆਂ ਆਜ਼ਾਦੀ ਨਾਲ ਆਪਣਾ ਜੀਵਨ ਜਿਉਣਾ ਪਸੰਦ ਕਰਦੀ ਹੈ। ਉਸ ਲਈ ਮਰਦਾਂ ਨਾਲ ਦੋਸਤੀ ਜਾਂ ਰਿਸ਼ਤਾ ਗੰਢਣਾ ਤੇ ਨਿਭਾਉਣਾ ਔਖਾ ਨਹੀਂ ਪਰ ਇਕ ਮਾਂ ਵਜੋਂ ਵਿਚਰਦਿਆਂ ਉਹ ਆਪਣੀਆਂ ਬੱਚੀਆਂ ਲਈ ਇਹ ਸਭ ਖੁੱਲ੍ਹਾਂ ਦੇਣ ਤੋਂ ਇਨਕਾਰੀ ਹੈ। ਇਸੇ ਕਰਕੇ ਉਹ ਆਪਣੇ ਪਰਿਵਾਰਕ ਮੈਂਬਰ ਵਜੋਂ ਵਿਚਰਦੇ ਸਭ ਤੋਂ ਕਰੀਬੀ ਦੋਸਤ ਪੂਰਨਵੀਰ ਤੇ ਵੀ ਯਕੀਨ ਨਹੀਂ ਕਰਦੀ ਤੇ ਉਸ ਨੂੰ ਵੀ ਸ਼ੱਕੀ ਲਹਿਜੇ ਨਾਲ ਵੇਖਦੀ ਹੈ, "ਨਹੀਂ ਡੀਅਰ ਪੂਰਨ... ਮੈਂ ਫ਼ਾਲਤੂ ਨਹੀਂ ਸੋਚਦੀ, ਕੁੜੀ ਨੂੰ ਬਹੁਤੀ ਖੁੱਲ੍ਹ ਵੀ ਨਹੀਂ ਦੇਣੀ...।" (ਪੰਨਾ-15)


ਪੂਰਨਵੀਰ ਦੇ ਉਸ ਦੀ ਇਸ ਗੱਲ ਤੇ ਗੁੱਸਾ ਕਰਨ ਤੇ ਉਸਦੇ ਇਸ ਸੰਬੰਧੀ ਨਜ਼ਰੀਏ ਤੇ ਨਰਾਜ਼ਗੀ ਜ਼ਾਹਿਰ ਕਰਨ ਤੇ ਉਹ ਕਹਿੰਦੀ ਹੈ, "ਇਹ ਨਿਊ ਜਨਰੇਸ਼ਨ... ਤੌਬਾ ਮੇਰੀ ਮਾਂ... ਇਹ ਕਿਹੋ ਜਿਹਾ ਕਲਚਰ ਕਰੀਏਟ ਹੋ ਰਿਹਾ ਹੈ?" (ਪੰਨਾ-15)

ਅਸਲ ਵਿੱਚ ਜਦੋਂ ਉਸਦੀ ਆਪਣੀ ਬੇਟੀ ਆਪਣੇ ਦੋਸਤਾਂ ਨਾਲ ਘੁੰਮਦਿਆਂ ਘਰ ਆਉਣ ਤੋਂ ਲੇਟ ਹੁੰਦੀ ਹੈ ਅਤੇ ਆਪਣੀ ਜ਼ਿੰਦਗੀ ਆਜ਼ਾਦੀ ਨਾਲ ਜਿਊਣ ਦੀ ਗੱਲ ਕਰਨ ਤੇ ਉਹ ਆਪਣੀ ਬੇਟੀ ਤੇ ਹੱਥ ਉਠਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਆਪਣੀ ਬੇਟੀ ਦੀ ਉਮਰ ਦੀ ਜ਼ਿੰਦਗੀ ਜਿਊਣ ਦੇ ਢੰਗ ਤੇ ਕੀਤੀ ਟਿੱਪਣੀ ਨਾਲ ਉਸਨੂੰ ਉਸਦੇ ਵੱਲ ਉੱਠਿਆ ਹੱਥ ਆਪਣੇ ਹੀ ਕਿਰਦਾਰ ਵੱਲ ਉਂਗਲ ਕਰਦਾ ਜਾਪਦਾ ਹੈ ਅਤੇ ਉਹ ਪੂਰਨਵੀਰ ਨੂੰ ਸਮਝਾਉਣ ਲੱਗਦੀ ਹੈ,

"ਦਰਅਸਲ ਅਸੀਂ ਕਲਚਰ ਦੇ ਨਾਂ ਤੇ ਹੀ ਸਾਰਾ ਕੁਝ ਇਨ੍ਹਾਂ ਬੱਚਿਆਂ ਨੂੰ ਦੇ ਰਹੇ ਹਾਂ।... ਦੋਸ਼ੀ ਤਾਂ ਅਸੀਂ ਹੀ ਹਾਂ... ਫਿਰ ਅਸੀਂ ਜਨਰੇਸ਼ਨ ਗੈਪ ਦਾ ਰੋਣਾ ਰੋਂਦੇ ਹਾਂ... ਮੈਂ ਨੌਕਰੀ ਛੱਡ ਦੇਣੀ ਹੈ। ਆਪਾਂ ਵੀ ਮਿਲਣਾ ਜੁਲਣਾ ਘੱਟ ਕਰੀਏ... ਬੁਰਾ ਨਾ ਮਨਾਇਓ...।" (ਪੰਨਾ-16)

ਅਸਲ ਵਿਚ ਅਜਿਹਾ ਕਰਦਿਆਂ ਅਤੇ ਕਹਿੰਦਿਆਂ ਉਹ ਆਪਣੇ ਵੱਲੋਂ ਡੀਫੈਂਸ ਮੈਕਨਿਜ਼ਮ ਰਾਹੀ

ਆਪਣੇ ਆਪੇ ਨੂੰ ਆਪਣੀਆਂ ਨਜ਼ਰਾਂ ਵਿਚ ਸਹੀ ਸਾਬਿਤ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਜੋ ਉਸ ਦੀਆਂ ਬੇਟੀਆਂ ਉਸ ਦੀ ਆਜ਼ਾਦ ਜੀਵਨ ਸ਼ੈਲੀ ਨੂੰ ਗਲਤ ਤਰੀਕੇ ਨਾਲ ਨਾ ਲੈਣ ਅਤੇ ਉਸਨੂੰ ਇਹ ਮਹਿਸੂਸ ਨਾ ਹੋਵੇ ਕਿ ਉਸਨੇ ਇਕੱਲਿਆ ਆਪਣੀਆਂ ਬੱਚੀਆਂ ਦੀ ਪਰਵਰਿਸ਼ ਸਹੀ ਢੰਗ ਨਾਲ ਨਹੀਂ ਕੀਤੀ।




**'ਇਹ ਤਾਂ ਮੇਰੇ ਪਾਪਾ ਨੇ'** ਕਹਾਣੀ ਆਪਣੇ ਖ਼ੂਨ ਦੇ ਰਿਸ਼ਤਿਆਂ ਨਾਲ ਜੁੜੀ ਪਹਿਚਾਣ ਦੀ ਕਹਾਣੀ ਹੈ। ਜਿਸ ਵਿਚ ਇੱਕ ਬੇਟੀ ਆਪਣੇ ਪਿਤਾ ਨੂੰ ਸਾਰੇ ਗਿਲ਼ੇ ਸ਼ਿਕਵੇ ਭੁਲਾ ਮਿਲਦੀ ਹੈ ਤੇ ਆਪਣੇ ਬਚਪਨ ਦੀ ਭੁੱਖ ਨੂੰ ਪੂਰਦੀ ਹੈ। ਕੈਪਟਨ ਮਹਿਰਾ ਦੀ ਪਤਨੀ ਨੀਲਮ ਨਾਇਕ ਦੀ ਦੋਸਤ ਹੈ ਅਤੇ ਇਸੇ ਦੋਸਤੀ ਸਦਕਾ ਉਹ ਨੀਲਮ ਅਤੇ ਉਸਦੀ ਬੇਟੀ ਨਾਲ ਪਰਵਾਰਕ ਮੈਂਬਰ ਵਜੋਂ ਜੁੜਿਆ ਹੈ। ਨੀਲਮ ਅਨੁਸਾਰ ਉਸਦਾ ਪਤੀ ਫੌਜ ਵਿੱਚ ਸ਼ਹੀਦ ਹੋ ਚੁੱਕਾ ਸੀ। ਪਰ ਅਸਲ ਵਿੱਚ ਨੀਲਮ ਦੀ ਬੇਵਫਾਈ ਉਸ ਦੇ ਪਤੀ ਨੂੰ ਆਤਮਘਾਤ ਵਰਗੀ ਸਥਿਤੀ ਵਿੱਚ ਲੈ ਜਾਂਦੀ ਹੈ ਅਤੇ ਵਾਪਸ ਨਾਰਮਲ ਹੋਣ ਤੇ ਉਹ ਆਪਣੀ ਬੇਟੀ ਨੂੰ ਮਿਲਣ ਆਉਂਦਾ ਹੈ ਅਤੇ ਕਹਾਣੀਕਾਰ ਜੋ 'ਮੈਂ' ਮੂਲਕ ਪਾਤਰ ਵਜੋਂ ਵਿਚਰ ਰਿਹਾ ਹੈ, ਉਸ ਨੂੰ ਚਾਂਦਨੀ ਨੀਲਮ ਦੀ ਬੇਟੀ ਨਾਲ ਮਿਲਾਉਂਦਾ ਹੈ। ਕਹਾਣੀ ਆਪਣੇ ਖ਼ੂਨ ਦੀ ਪਹਿਚਾਣ ਅਤੇ ਰਿਸ਼ਤਿਆਂ ਦੀ ਆਪਸੀ ਸਾਂਝ ਨੂੰ ਸਰਲ ਜਿਹੇ ਰੂਪ ਵਿੱਚ ਪੇਸ਼ ਕਰਦੀ ਹੈ।

**'ਸ਼ੀਤ ਯੁੱਧ'** ਵੀ ਨਾਇਕਾ ਪ੍ਰਧਾਨ ਕਹਾਣੀ ਕਹੀ ਜਾ ਸਕਦੀ ਹੈ ਜਿਸ ਦੀ ਨਾਇਕਾ ਦੇ ਅੰਦਰ ਚੱਲ ਰਿਹਾ ਸ਼ੀਤ ਯੁੱਧ ਉਸ ਨੂੰ ਕਈ ਪ੍ਰੇਮ ਪ੍ਰਸੰਗਾਂ ਨਾਲ ਜੋੜਦਾ ਤੋੜਦਾ ਰਹਿੰਦਾ ਹੈ ਅਤੇ ਇਸ ਸਭ ਤੋਂ ਆਨੰਦ ਹਾਸਿਲ ਕਰਦਿਆਂ ਆਪਣੇ ਆਪੇ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ। ਉਸਦੇ ਸ਼ੀਤ ਯੁੱਧ ਦਾ ਕਾਰਨ ਉਸ ਦੇ ਪਤੀ ਦੀ ਬੇਵਫਾਈ ਸੀ ਜਿਹੜੀ ਕਿ ਉਸ ਲਈ ਅਸਹਿਣਯੋਗ ਸੀ। ਕਹਾਣੀ ਦੀ ਨਾਇਕਾ ਤਾਰਿਕਾ ਇੰਸ਼ੋਰੈਂਸ ਕੰਪਨੀ ਵਿੱਚ ਕੰਮ ਕਰਦੀ ਹੈ, ਆਜ਼ਾਦ ਖਿਆਲ ਹੈ, ਆਪਣੇ ਮਰਦ ਦੋਸਤ ਅਕਸਰ ਬਦਲਦੀ ਰਹਿੰਦੀ ਹੈ ਅਤੇ ਇਸ ਕਰਕੇ ਉਹ ਆਪਣੇ ਆਸੇ ਪਾਸੇ ਦੇ ਲੋਕਾਂ ਵਿੱਚ ਅਲੱਗ ਹੋਂਦ ਰੱਖਦੀ ਹੈ ਜਿਹੜੀ ਕਿ ਬਹੁਤਿਆਂ ਨੂੰ ਪਸੰਦ ਨਹੀਂ ਆਉਂਦੀ। ਕਹਾਣੀਕਾਰ ਅਨੁਸਾਰ, "ਜੇ ਤਾਰਿਕਾ ਬਾਰੇ ਥੋੜ੍ਹੇ ਖੁੱਲ੍ਹੇ ਸ਼ਬਦਾਂ ਵਿੱਚ ਗੱਲ ਕਰਨੀ ਹੋਵੇ ਤਾਂ ਉਹਨੂੰ ਇੱਕ ਬੰਦੇ ਨਾਲ ਪਾਈ... ਕਿਸੇ ਦੂਸਰੇ ਨਾਲ ਰਿਸ਼ਤਾ ਗੰਢ ਲੈਣਾ ਉਸਦਾ ਸ਼ੌਂਕ ਹੈ।" (ਪੰਨਾ-24)

ਪਰ ਇਸ ਸ਼ੌਂਕ ਦੇ ਪਿੱਛੇ ਉਸਦਾ ਅਤੀਤ ਹੈ ਜਿਸਨੇ ਉਸ ਨੂੰ ਅੰਦਰੋਂ ਇੰਨੀ ਬੁਰੀ ਤਰ੍ਹਾਂ ਤੋੜਿਆ ਹੈ ਕਿ ਉਹ ਕਿਸੇ ਰਿਸ਼ਤੇ ਵਿੱਚ ਟਿਕੇ ਰਹਿਣ ਦੀ ਬਜਾਇ ਉਸ ਤੋਂ ਦੂਰ ਹੋ ਜਾਂਦੀ ਹੈ। ਉਸਦੇ ਪਤੀ ਦੀ ਬੇਵਫਾਈ ਉਸਦੇ ਅੰਦਰ ਮਰਦ ਜਾਤੀ ਲਈ ਇਕ ਵਰਤਣਯੋਗ ਸਮਾਨ ਬਣਾਉਣ ਦੀ ਚਾਹਨਾ ਪੈਦਾ ਕਰ ਦਿੰਦੀ ਹੈ ਅਤੇ ਕੁਝ ਸਮੇਂ ਉਹਨਾਂ ਨਾਲ ਰਿਸ਼ਤਾ ਨਿਭਾ ਉਹ ਉਹਨਾਂ ਤੋਂ ਕਿਨਾਰਾ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੀ। ਆਪਣੇ ਪਤੀ ਨੂੰ ਆਪਣੇ ਹੀ ਘਰ ਵਿੱਚ ਕਿਸੇ ਦੂਸਰੀ ਔਰਤ ਨਾਲ ਦੇਖ ਉਹ ਹੋਸ਼ ਖੋ ਬੈਠਦੀ ਹੈ, "ਉਸਦਾ ਦਿਲ ਕੀਤਾ, ਉਹ ਉਸ ਔਰਤ ਦੇ ਕੱਪੜੇ ਫਾੜ ਦੇਵੇ ਅਤੇ ਪਤੀ ਨੂੰ ਅੱਗ ਲਾ ਦੇਵੇ।

ਪਰ ਉਹ ਤਾਂ ਸੁੰਨ ਹੋ ਗਈ ਸੀ। ਅਜੇ ਤਾਂ ਵਿਆਹ ਨੂੰ ਦੋ ਸਾਲ ਵੀ ਪੂਰੇ ਨਹੀਂ ਹੋਏ। (ਪੰਨਾ-24)

ਇਸ ਸੁੰਨ ਨੇ ਹੀ ਉਸਦੇ ਅੰਦਰ ਅਜਿਹਾ ਸ਼ੀਤ ਯੁੱਧ ਛੇੜ ਦਿੱਤਾ ਜਿਸਦਾ ਅੰਤ ਉਸਨੂੰ ਖੁਦ ਵੀ ਨਹੀਂ ਪਤਾ ਸੀ। ਉਹ ਆਪਣੇ ਆਪ ਨਾਲ ਹੀ ਇੱਕ ਜੰਗ ਲੜਦੀ ਹੈ ਅਤੇ ਵਿਰੋਧੀ ਧਿਰ ਵਿਚ ਹਰ ਵਾਰ ਇੱਕ ਨਵਾਂ ਮਰਦ ਹੁੰਦਾ ਹੈ ਜੋ ਕਦੇ ਫਿਲੌਰੀਵਾਲਾ ਕਦੇ ਪ੍ਰੇਮੀ, ਕਦੇ ਰਾਠੌਰ ਜਾਂ ਫਿਰ ਸ਼ੇਰਗਿੱਲ ਦੇ ਰੂਪ ਵਿਚ ਉਸਦੀ ਜ਼ਿੰਦਗੀ ਵਿਚ ਸ਼ਾਮਿਲ ਹੁੰਦਾ ਹੈ। ਤਾਰਿਕਾ ਪੂਰੀ ਦੁਨੀਆਂ ਤੋਂ ਬੇਪਰਵਾਹ ਸਿਰਫ਼ ਤੇ ਸਿਰਫ਼ ਆਪਣੇ ਲਈ ਜਿਊਣਾ ਚਾਹੁੰਦੀ ਹੈ ਤਾਂ ਜੋ ਉਸ ਸੁੰਨ ਨੂੰ ਖ਼ਤਮ ਕਰ ਸਕੇ ਜੋ ਧੁਰ ਅੰਦਰ ਕਿਧਰੇ ਪਸਰ ਗਈ।

**'ਤਲਾਸ਼'** ਕਹਾਣੀ ਦੀ ਨਾਇਕਾ ਆਰਤੀ ਆਪਣੇ ਆਪੇ ਦੀ ਤਲਾਸ਼ ਵਿੱਚ ਮਾਨਸਿਕ ਸੰਘਰਸ਼ ਝੱਲਦੀ ਹੈ ਤੇ ਇਸ ਤਲਾਸ਼ ਨੂੰ ਉਦੋਂ ਤੱਕ ਜਾਰੀ ਰੱਖਦੀ ਹੈ ਜਦੋਂ ਤੱਕ ਉਹ ਆਪਣੀ ਅਸਤਿਤਵੀ ਹੋਂਦ ਦੇ ਮੂਲ ਨੂੰ ਤਲਾਸ਼ ਕਰ ਆਪਣੀ ਪਹਿਚਾਣ ਨਹੀਂ ਲੱਭ ਲੈਂਦੀ। ਸਮਾਜਕ ਤੌਰ ਤੇ ਉਸਦੀ ਪਹਿਚਾਣ ਇੱਕ ਪੱਤਰਕਾਰ ਦੇ ਰੂਪ ਵਿੱਚ ਹੈ ਉਹ ਵੀ ਇੱਕ ਨਿਡਰ ਪੱਤਰਕਾਰ ਦੇ ਰੂਪ ਵਿੱਚ! ਪਰ ਉਸਦੀ ਹੋਂਦ ਪ੍ਰਤੀ ਉਸਦੇ ਅੰਦਰ ਚੱਲ ਰਹੇ ਸ਼ੰਘਰਸ਼ ਦੀ ਥਾਹ ਕੋਈ ਨਹੀਂ ਪਾ ਸਕਦਾ ਸੀ। ਉਹ ਇਕ ਅਜਿਹੇ ਰਿਸ਼ਤੇ ਦੀ ਉਪਜ ਸੀ ਜਿਸਦੀ ਸਮਾਜ ਵਿੱਚ ਥਾਂ ਨਹੀਂ ਸੀ ਤੇ ਉਸਨੂੰ ਸਾਰੀ ਜ਼ਿੰਦਗੀ ਇਸ ਗੱਲ ਦਾ ਮਲਾਲ ਰਿਹਾ ਕਿ ਉਸਦੀ ਮਾਂ ਉਸਨੂੰ ਛੱਡ ਕੇ ਚਲੀ ਗਈ। ਇਸੇ ਲਈ ਉਹ ਆਪਣੀ ਕਹਾਣੀ ਛੁਪਾ ਕੇ ਆਪਣੇ ਪੱਤਰਕਾਰ ਦੋਸਤ ਨਾਲ ਮਿਲ ਕੇ ਆਪਣੀ ਮਾਂ ਨੂੰ ਲੱਭਣ ਲਈ ਯਤਨ ਕਰਦੀ ਹੈ। ਪਰ ਉਸਦੇ ਦੋਸਤ ਨੂੰ ਉਸਦੀ ਇਹ ਤਲਾਸ਼ ਮਹਿਜ ਇੱਕ ਭਟਕਣਾ ਜਾਪਦੀ ਹੈ ਜਿਸਦਾ ਅੰਤ ਨਹੀਂ ਹੈ,

"ਆਰਤੀ ਅੱਜ ਦੇ ਮਨੁੱਖ ਦੀ ਭਟਕਣਾ ਇਹੀ ਹੈ। ਉਸ ਦੀ ਸ਼ਟਲ ਨਾਲੋਂ ... ਉਹ ਉਹਨਾਂ ਨੂੰ ਲੱਭਦਾ ਫਿਰਦਾ ਹੈ। ... ਆਪਣੇ ਹੀ ਅੰਦਰ ਦਫ਼ਨ ਸ਼ਿਲਾਲੇਖਾਂ ਦੀ ਖੋਜ ਕਰ ਰਿਹਾ ਹੈ। (ਪੰਨਾ-36)

ਉਸਨੂੰ ਆਰਤੀ ਦੀ ਖੋਜ ਵੀ ਇਸੇ ਦਫ਼ਨ ਸ਼ਿਲਾਲੇਖਾਂ ਦੀ ਖੋਜ ਕਰਨ ਵਰਗਾ ਅਹਿਸਾਸ ਦਿੰਦੀ ਹੈ ਪਰ ਉਹ ਆਰਤੀ ਦੇ ਇਸ ਅਹਿਸਾਸ ਤੋਂ ਵਿਰਵਾ ਰਹਿੰਦਾ ਹੈ ਕਿ ਉਹ ਕਿਸੇ ਹੋਰ ਦੀ ਨਹੀਂ ਬਲਕਿ ਆਪਣੀ ਹੋਂਦ ਦੀ ਪਛਾਣ ਦੇ ਰਾਹ ਤੁਰੀ ਹੈ। ਅੰਤ ਆਪਣੀ ਮਾਂ ਨੂੰ ਲੱਭਦਿਆਂ ਤੇ ਉਸ ਨਾਲ ਸਵਾਲ ਜਵਾਬ ਕਰਦਿਆਂ ਉਹ ਇਸ ਗੱਲ ਨੂੰ ਨਸ਼ਰ ਕਰ ਹੀ ਦਿੰਦੀ ਹੈ ਕਿ ਉਸ ਦੀ ਤਲਾਸ਼ ਖੁਦ ਦੀ ਤਲਾਸ਼ ਹੈ। ਜਿਸ ਨੂੰ ਉਹ ਰਾਜ ਬਣਾ ਕੇ ਰੱਖਦੀ ਹੈ। ਕਿਉਂਕਿ ਉਸਦੀ ਜ਼ਿੰਦਗੀ ਦਾ ਸੱਚ ਜ਼ਹਿਰ ਹੋਣ ਤੇ ਸਮਾਜ ਵਿਚ ਉਸਦਾ ਅਕਸ ਉਵੇਂ ਦਾ ਨਾ ਰਹਿੰਦਾ ਹੈ ਜਿਵੇਂ ਦਾ ਹੈ। ਇਹ ਤਲਾਸ਼ ਇਕ ਦਵੰਦ ਵੀ ਪੈਦਾ ਕਰਦੀ ਹੈ। ਜਿਸ ਵਿਚੋਂ ਉਹ ਔਖੀ ਹੀ ਨਿਕਲਦੀ ਹੈ।

'ਕੌਲਾਜ' ਵੱਖਰੇ ਲਹਿਜੇ ਦੀ ਕਹਾਣੀ ਹੈ, ਜਿਸ ਵਿਚ ਔਰਤ ਮਰਦ ਸੰਬੰਧਾਂ ਨੂੰ ਪੇਸ਼ ਕਰਦੀ ਹੈ ਜਿਸ ਤਰ੍ਹਾਂ ਕੌਲਾਜ ਵਿੱਚ ਕਈ ਤਸਵੀਰਾਂ ਜੋੜ ਕੇ ਉਸ ਨੂੰ ਕੋਲਾਜ ਦਾ ਰੂਪ ਦਿੰਦੀਆਂ ਹਨ, ਉਸੇ ਤਰ੍ਹਾਂ ਕਹਾਣੀ ਰਿਸ਼ਤਿਆਂ ਨਾਲ ਜੁੜੇ ਕਈ ਪਹਿਲੂਆਂ ਨੂੰ ਪੇਸ਼ ਕਰਦਿਆਂ ਕਹਾਣੀਕਾਰ ਔਰਤ ਅਤੇ ਮਰਦ ਦੇ ਨਜ਼ਰੀਏ ਤੋਂ ਇਹਨਾਂ ਸੰਬੰਧਾਂ ਬਾਰੇ ਗੱਲ ਕਰਦਾ ਹੈ,

"ਰਿਸ਼ੀ ਤੇ ਨਦੀ ਇੱਕ ਨੇ... ਜੇ ਨਦੀ ਬੋਲ ਸਕਦੀ ਹੁੰਦੀ ਤਾਂ ਰਿਸ਼ੀ ਨੂੰ ਦੱਸ ਦਿੰਦੀ।" (ਪੰਨਾ 41)

ਇਹ ਕਹਿਣ ਵਾਲੀ ਨਾਇਕਾ ਦਾ ਪਿਆਰ ਇਕ ਅਜਿਹੇ ਜ਼ਜਬੇ ਵਰਗਾ ਹੈ ਜਿਸ ਵਿੱਚ ਉਹ ਆਪਣਾ ਆਪਾ ਗੁਆ ਦੇਣਾ ਚਾਹੁੰਦੀ ਹੈ ਪਰ ਮਰਦ ਨਹੀਂ! ਉਸ ਲਈ ਇਹ ਅਹਿਸਾਸ ਇੱਕ ਵੱਖਰਾ ਨਜ਼ਰੀਆ ਰੱਖਦਾ ਹੈ। ਉਹ ਪਿਆਰ ਤੋਂ ਇਸ਼ਕ ਤੱਕ ਦਾ ਸਫ਼ਰ ਤੈਅ ਕਰਨਾ ਚਾਹੁੰਦਾ ਹੈ। ਉਸ ਨੂੰ ਇਸ ਸਫ਼ਰ ਦੇ ਕਈ ਪੜਾਅ ਜਾਪਦੇ ਹਨ ਪਰ ਨਾਇਕਾ ਲਈ ਇਹ ਸਭ ਸੁਪਨਮਈ ਸੰਸਾਰ ਵਰਗਾ ਹੈ ਜਿੱਥੇ ਉਹ ਖੁਦ ਨੂੰ ਪ੍ਰਕ੍ਰਿਤੀ ਵਿੱਚ ਜਜ਼ਬ ਕਰ ਦੇਣਾ ਚਾਹੁੰਦੀ ਹੈ,

"ਕਾਸ਼! ਮੈਂ ਬੱਦਲ ਬਣ ਸਕਦੀ।"

ਕਿਉਂ ਹਵਾ ਬਣ ਜਾ।"

ਬੱਦਲ, ਹਵਾ ਧੁੱਪ ਕੁਝ ਵੀ... ਮੈਂ ਸਾਰੇ ਖਲਾਅ ਵਿਚ ਫ਼ੈਲ ਜਾਣਾ ਚਾਹੁੰਦੀ ਹਾਂ।"

ਮੇਰਾ ਵੀ ਜੀ ਕਰਦਾ ਹੈ ਕੁਝ ਬਣਾ।" (ਪੰਨਾ-43)

ਨਾਇਕਾ ਅਜ਼ਾਦ ਖ਼ਿਆਲ ਹੈ, ਪਾਬੰਦੀਆਂ ਉਸ ਨੂੰ ਪਸੰਦ ਨਹੀਂ ਪਰ ਲਵਕੇਸ਼ ਲਈ ਇਹ ਰਿਸ਼ਤਾ ਮਹਿਜ਼ ਸਮਝੌਤਾ ਨਹੀਂ ਹੈ। ਉਹ ਇਸ ਰਿਸ਼ਤੇ ਨਾਲ ਜੁੜਦਿਆਂ ਇਸਦਾ ਇੱਕ ਮਜਬੂਤ ਆਧਾਰ ਬਣਾਉਣਾ ਚਾਹੁੰਦਾ ਹੈ। ਇਸੇ ਕਰਕੇ ਉਹ ਨਾਇਕਾ ਨਾਲ ਤਲਖ਼ ਹੁੰਦਿਆਂ ਵੀ ਨਰਮਾਈ ਵਰਤਦਾ ਹੈ। ਇਸ ਦੇ ਉਲਟ ਨਾਇਕਾ ਖੁਦ ਨੂੰ ਵਿਆਹ ਬੰਧਨ ਵਿੱਚ ਬੰਨਣਾ ਤਾਂ ਚਾਹੁੰਦੀ ਹੈ ਪਰ ਆਪਣੀ ਆਜ਼ਾਦੀ ਨਾਲ ਸਮਝੌਤਾ ਕਰਨਾ ਉਸ ਨੂੰ ਪਸੰਦ ਨਹੀਂ। ਇਸ ਲਈ ਜਦੋਂ ਲਵਕੇਸ਼ ਉਸ ਨੂੰ ਪਾਰਟੀ ਬਾਰੇ ਅਤੇ ਉਥੇ ਉਸਦੇ ਦੋਸਤਾਂ ਬਾਰੇ ਗੱਲ ਕਰਦਾ ਹੈ ਤਾਂ ਉਹ ਜਵਾਬ ਦਿੰਦੀ ਹੈ, "ਦੇਖ ਲਵਕੇਸ਼! ਮੈਂ ਇਹ ਮਜ਼ਾਕ ਪਸੰਦ ਨਹੀਂ ਕਰਦੀ... ਰਿਲੇਸ਼ਨ ਚੇਂਜ ਹੁੰਦੇ ਰਹਿਣੇ ਚਾਹੀਦੇ ਨੇ..ਉਹ ਤਲਖੀ ਵਿਚ ਬੋਲੀ ਤੇ ਫ਼ੋਨ ਬੰਦ ਕਰ ਦਿੱਤਾ।" (ਪੰਨਾ-53)

ਅਸਲ ਵਿਚ ਕਹਾਣੀ ਆਧੁਨਿਕਤਾ ਦੇ ਸਮੇਂ ਵਿਚ ਬਦਲਦੇ ਰਿਸ਼ਤਿਆਂ ਅਤੇ ਔਰਤ ਦੀਆਂ ਬਦਲਦੀਆਂ ਪ੍ਰਾਥਮਿਕਤਾਵਾਂ ਨੂੰ ਸਾਹਮਣੇ ਤਾਂ ਲਿਆਉਂਦੀ ਹੈ ਪਰ ਕਿਤੇ ਕਿਤੇ ਉਲਝੀ ਨਜ਼ਰ ਆਉਂਦੀ ਹੈ। ਇਸ ਨੂੰ ਕਹਾਣੀਕਾਰ ਕੋਲਾਜ ਵਾਂਗ ਪਾਠਕ ਦੇ ਸਮਝਣ ਲਈ ਹੀ ਛੱਡ ਦਿੰਦਾ ਹੈ।

ਪਹਿਲ ਕਹਾਣੀ ਦਾ ਆਧਾਰ ਇਸ ਦੇ ਪਿਛੋਕੜ ਵਿਚ ਚਲ ਰਹੀਆਂ ਆਰਥਕ ਅਤੇ ਸਮਾਜਕ ਪ੍ਰਸਥਿਤੀਆਂ ਹਨ। ਮਨੁੱਖੀ ਜੀਵਨ ਵਿੱਚ ਉਸਦੀ ਆਰਥਕ ਸਥਿਤੀ ਉਸਦਾ ਸਮਾਜਕ ਆਧਾਰ ਤੈਅ ਕਰਦੀ ਹੈ ਤੇ ਇਹ ਆਰਥਕ ਸੰਕਟ ਤੇ ਤਮ੍ਹਾ ਕਈ ਵਾਰ ਇੰਨੀ ਵਧ ਜਾਂਦੀ ਹੈ ਕਿ ਮਨੁੱਖ ਆਪਣੇ ਸਾਹਮਣੇ ਵਾਪਰ ਰਹੀਆਂ ਘਟਨਾਵਾਂ ਦੇ ਸੱਚ ਨੂੰ ਪਛਾਨਣ ਤੋਂ ਵੀ ਇਨਕਾਰੀ ਹੋ ਜਾਂਦਾ ਹੈ। ਵਿਰਸੇ ਦੇ ਪਿਤਾ ਦੀ ਆਪਣੇ ਪੁੱਤਰਾਂ ਨੂੰ ਬਾਹਰ ਭੇਜਣ, ਆਪਣੇ ਸ਼ਰੀਕਾ ਵਰਗੀ ਸਮਾਜਕ ਹੈਸੀਅਤ ਬਣਾਉਣ ਅਤੇ ਪਿੰਡ ਵਿੱਚ ਆਪਣੀ ਧੌਣ ਉੱਚੀ ਕਰਕੇ ਤੁਰਨ ਦਾ ਸੁਪਨਾ ਇਸ ਕਦਰ ਉਸਦੀ ਰਗ ਰਗ ਵਿੱਚ ਵਸਿਆ ਕਿ ਉਸਦੇ ਪੁੱਤਰ ਇਸ ਦੀ ਬਲੀ ਚੜ੍ਹਦੇ ਗਏ। ਪਿੰਡ ਦੇ ਲੋਕਾਂ ਵੀ ਉਸਨੂੰ ਕਹਿਣਾ ਸ਼ੁਰੂ ਕਰ ਦਿੱਤਾ ਸੀ,

"ਨਹੀਂ ਰੀਸਾਂ ਤੇਰੀਆਂ ਬੀ ਲੱਖਿਆ... ਚੰਗੇ ਭਲੇ ਮੁੰਡੇ ਘੱਟੇ ਰੋਲ਼ ਕੇ ਰੱਖ ਤੇ... ਇੱਕ ਤਾਂ ਉਹ ਕੋਹੜਾ ਮਾਲਟੇ ਆਲਿਆ ਖਪਾ ਤਾ... ਦੂਆ ਕਹਿੰਦੇ ਕੁਵੈਤ ਦੀ ਪੁਲਿਸ ਨੇ ਡੱਕ ਤਾ... ਆਹ ਸੀ ਇਹਨੂੰ ਖੇਡਦੇ ਮੱਲਦੇ ਨੂੰ ਸਾਧ ਦੀ ਪੂਛ ਨਾਲ ਬੰਨ੍ਹ ਤਾ।" (ਪੰਨਾ-54)

ਸਾਧ ਦੀ ਪੂਛ ਨਾਲ ਬੰਨ੍ਹਿਆ ਲੱਖੇ ਦਾ ਤੀਸਰਾ ਮੁੰਡਾ ਕਹਾਣੀ ਦੀ ਮੈਂ ਪਾਤਰ ਦਾ ਤੀਸਰਾ ਤੇ ਛੋਟਾ ਭਰਾ ਹੈ ਜਿਸਨੂੰ ਉਸਦਾ ਪਿਤਾ ਆਪਣੇ ਲਾਲਚ ਅਤੇ ਸੁਪਨਿਆਂ ਦੀ ਪੂਰਤੀ ਦੀ ਖਾਤਰ ਸੰਤਾਂ ਦੇ ਡੇਰੇ ਤੇ ਚੜਵਾ ਦਿੰਦਾ ਹੈ ਅਤੇ ਆਪਣੀ ਪਤਨੀ ਅਤੇ ਬੇਟੀ ਦੇ ਵਿਰੋਧ ਕਰਨ ਤੇ ਜਵਾਬ ਦਿੰਦਾ ਹੈ,

"ਤੁਹਾਨੂੰ ਬਾਂਦਰਾਂ ਨੂੰ ਜੇ ਇਹੀ ਅਕਲ ਹੁੰਦੀ ਤਾਂ ਰੋਣਾ ਕਾਹਦਾ ਸੀ... ਕਰੋੜਾਂ ਰੁਪਈਆਂ ਦੀ ਜੈਦਾਤ ਆ... ਡੇਰਾ ਦੇਖੋ ਫੇ ਕਿੰਨਾ ਵੱਡਾ... ਕੱਲ ਨੂੰ ਵਿਰਸਾ ਈ ਸਭ ਕਾਸੇ ਦਾ ਮਾਲਕ ਹੋਊ... ਸਾਰੀਆਂ ਸਕੀਮਾਂ ਨੂੰ।" (ਪੰਨਾ-56)

ਅਮਲ ਵਿੱਚ ਇਹ ਸਾਰੀਆਂ ਸਕੀਮਾਂ ਉਦੋਂ ਧਰੀਆ ਧਰਾਈਆ ਰਹਿ ਜਾਂਦੀਆਂ ਹਨ ਜਦੋਂ ਸੰਤ ਆਪਣੀਆਂ ਮੂਲ ਖਾਹਿਸ਼ਾ ਹੱਥੋਂ ਮਾਰ ਖਾਂਦੇ ਹਨ ਅਤੇ ਵਿਰਸਾ ਉਹਨਾਂ ਲਈ ਮਹਿਜ਼ ਇੰਨ੍ਹਾਂ ਖਾਹਿਸ਼ਾ ਦੀ ਪੂਰਤੀ ਦਾ ਸਾਧਨ ਬਣ ਰਹਿ ਜਾਂਦਾ ਹੈ। ਕੱਚੀ ਉਮਰ ਦਾ ਵਿਰਸਾ ਇਸ ਸਭ ਤੋਂ ਭੈਅ ਭੀਤ ਹੋਇਆ ਆਪਣੀ ਭੈਣ ਨੂੰ ਸਾਰੀ ਕਹਾਣੀ ਦੱਸਦਾ ਹੈ ਜੋ ਭਰਾ ਨੂੰ ਇਸ ਸਭ ਤੋਂ ਛੁਟਕਾਰਾ ਦਿਵਾਉਣ ਲਈ ਹੱਲ ਸੋਚਦੀ ਹੈ, "ਮੈਂ ਕਿਰਪਾਨ ਲੱਭਣ ਲੱਗੀ।... ਮੈਂ ਦਾਤ ਲੱਭਿਆ, ਉਹ ਵੀ ਨਹੀਂ ਸੀ। ...ਮੇਰੀ ਨਿਗ੍ਹਾ ਦੋ ਕੁ ਫੁੱਟੀ ਸੱਬਲ ਤੇ ਪਈ, ਜਿਸਨੂੰ ਚੁੱਕ ਮੈਂ ਮਜ਼ਬੂਤੀ ਨਾਲ ਫੜ ਲਿਆ।"

ਪਰ ਉਸ ਦੇ ਅੰਦਰ ਚੱਲ ਰਹੀਆ ਸੋਚਾਂ ਦੇ ਤੂਫ਼ਾਨ ਅਤੇ ਬਦਲੇ ਦੀ ਭਾਵਨਾ ਨੂੰ ਉਸ ਵੇਲੇ ਠੱਲ੍ਹ ਪੈ ਜਾਂਦੀ ਹੈ ਜਦੋਂ ਉਹ ਆਪਣੀ ਮਾਂ ਨੂੰ ਉਸ ਸੰਤ ਦਾ ਕੰਮ ਤਮਾਮ ਕਰਨ ਦੇ ਵਿੱਚ ਪਹਿਲ ਕਰਦਿਆ ਦੇਖਦੀ ਹੈ ਅਤੇ ਸ਼ਾਂਤ ਚਿਹਰੇ ਨਾਲ ਉਸਨੂੰ ਘਰ ਵਾਪਸ ਪਰਤਾਣ ਲਈ ਕਹਿੰਦੀ ਹੈ। ਕਹਾਣੀ ਪਿਤਾ ਦੇ ਮੋਹ ਤੋਂ ਕਿਤੇ ਵਧੇਰੇ ਮਾਂ ਦੇ ਸਿਦਕ ਅਤੇ ਮੋਹ ਨੂੰ ਬਿਆਨਦੀ ਹੈ ਜਿਹੜੀ ਬਿਨ੍ਹਾਂ ਪੁੱਤ ਦੇ ਬੋਲੇ ਉਸ ਦੀਆਂ

ਭਾਵਨਾਵਾਂ ਨੂੰ ਸਮਝਦੀ ਹੈ ਅਤੇ ਉਸਦੀ ਆਪਣੇ ਪਤੀ ਦੇ ਲਾਲਚ ਦੀ ਬਲੀ ਚੜ੍ਹਨ ਤੋਂ ਰੋਕਦੀ ਹੈ।

'ਸਮੁੱਤ' ਕਹਾਣੀ ਦਾ ਭਜਨਾ ਡਾਢੇ ਦਾ ਸੱਤੀ ਵੀਹੀ ਸੌ ਵਾਲੀ ਧਾਰਨਾ ਤੋਂ ਇਨਕਾਰੀ ਹੈ ਅਤੇ ਆਪਣੀ ਪਤਨੀ ਨੂੰ ਲੈ ਕੇ ਗੁਰਦੁਆਰੇ ਤੋਂ ਤੁਰ ਪੈਂਦਾ ਹੈ। ਉਹ ਗੁਰਦੁਆਰਾ ਪ੍ਰਧਾਨ ਦੀਆਂ ਆਪਣੀ ਪਤਨੀ ਵੱਲ ਉੱਠਦੀਆਂ ਮੈਲ਼ੀਆਂ ਨਜ਼ਰਾਂ ਬਰਦਾਸ਼ਤ ਨਹੀਂ ਕਰਦਾ ਅਤੇ ਜ਼ਿੰਦਗੀ ਆਪਣੀਆਂ ਸ਼ਰਤਾਂ ਨਾਲ ਜਿਊਣ ਦੀ ਗੱਲ ਕਰਦਿਆਂ ਉਥੋਂ ਤੁਰਨ ਵਿਚ ਆਪਣੀ ਭਲਾਈ ਸਮਝਦਾ ਹੈ।

'ਮੇਰੀ ਜ਼ਮੀਨ' ਇਸ ਸੰਗ੍ਰਹਿ ਦੀ ਇਕ ਹੋਰ ਨਾਇਕਾ ਪ੍ਰਧਾਨ ਕਹਾਣੀ ਕਹੀ ਜਾ ਸਕਦੀ ਹੈ। ਜਿਸ ਵਿਚ ਕਿਰਨਜੀਤ ਨੂੰ ਮਜਬੂਤੀ ਨਾਲ ਆਪਣੇ ਆਪ ਲਈ ਫੈਸਲੇ ਲੈਂਦਿਆਂ ਅਤੇ ਦ੍ਰਿੜ ਇਰਾਦੇ ਨਾਲ ਆਪਣੇ ਪਤੀ ਦੀਆਂ ਮਨਮਰਜ਼ੀਆਂ ਦੇ ਖਿਲਾਫ਼ ਹੁੰਦਿਆਂ ਉਸ ਤੋਂ ਕਿਨਾਰਾ ਕਰਦੇ ਦਿਖਾਇਆ ਹੈ। ਭਾਰਤੀ -ਪੰਜਾਬੀ ਸਮਾਜ ਵਿਚ ਜ਼ਮੀਨ ਦੀ ਮਾਲਕੀ ਦਾ ਮੁੱਦਾ ਬੜਾ ਅਹਿਮ ਮੰਨਿਆ ਜਾਂਦਾ ਹੈ। ਔਰਤ ਨੂੰ ਵੀ ਇੱਕ ਜ਼ਮੀਨ ਦੀ ਤਰ੍ਹਾਂ ਸਮਝਿਆ ਜਾਂਦਾ ਹੈ ਜਿਸ ਤੇ ਕਾਬਜ ਹੋਣ ਦੀ ਭਾਵਨਾ ਫਿਊਡਲ ਸਮਾਜ ਦਾ ਹਿੱਸਾ ਰਹੀ ਹੈ। ਪਰ ਕਹਾਣੀ ਦੀ ਨਾਇਕਾ ਆਪਣੀ ਹੋਂਦ ਨੂੰ ਜ਼ਮੀਨ ਨਾਲ ਤੁਲਨਾ ਕਰਨ ਤੋਂ ਇਨਕਾਰੀ ਸਾਬਿਤ ਹੁੰਦੀ ਹੈ। ਪੜ੍ਹੀ ਲਿਖੀ ਕਿਰਨਜੀਤ ਆਰਮੀ ਅਫ਼ਸਰ ਅਨੂਪ ਨਾਲ ਵਿਆਹੀ ਜਾਂਦੀ ਹੈ। ਉਹ ਉਸ ਦੇ ਤੌਰ ਤਰੀਕਿਆਂ ਦੇ ਅਨੁਸਾਰ ਢਲਣ ਦੀ ਪੂਰੀ ਕੋਸ਼ਿਸ਼ ਕਰਦੀ ਹੈ ਪਰ ਫਿਰ ਵੀ ਕਿਤੇ ਨਾ ਕਿਤੇ ਕੁਝ ਅਜਿਹਾ ਸੀ ਜੋ ਅੱਖਰਦਾ ਸੀ ਦੋਵਾਂ ਦੇ ਰਿਸ਼ਤੇ ਦੇ ਵਿਚਕਾਰ। ਕਿਰਨਜੀਤ ਇਸ ਸਬੰਧੀ ਅਨੂਪ ਦੇ ਦੋਸਤ ਨਾਲ ਆਪਣਾ ਦਰਦ ਸਾਂਝਾ ਕਰਦਿਆਂ ਆਖਦੀ ਹੈ, "ਸਹਿਦੇਵ ਜੀ... ਤੁਹਾਡਾ ਇਹ ਫਰੈਂਡ ਦੋ ਸਾਲ ਬੰਦਿਆਂ ਵਾਂਗ ਰਿਹਾ। ਪੂਰਾ ਆਰਮੀ ਅਫ਼ਸਰ... ਵਿੱਲੋਂ ਦੀ ਵੱਡੀ ਧੀ ਡੌਲੀ ਤਾਂ ਸ਼ਰੇਆਮ ਘਰ ਆਉਣ ਲੱਗੀ... ਆਖਰ ਮੈਂ ਗੱਲ ਮੁਕਾ ਦਿੱਤੀ। ਕਿੰਨਾ ਚਿਰ ਸਹਾਰਦੀ ਉਹ ਤਸ਼ਦੱਦ।(ਪੰਨਾ--79)

ਇਹ ਤਸ਼ਦੱਦ ਸਰੀਰਕ ਨਹੀਂ ਸਗੋਂ ਮਾਨਸਿਕ ਸੀ ਜਿਸਦਾ ਅਸਰ ਬੜਾ ਹੀ ਗਹਿਰਾ ਸੀ ਅਤੇ ਕਿਰਨਜੀਤ ਵਰਗੀ ਹੱਸਾਸ ਅਤੇ ਸਿਆਣੀ ਕੁੜੀ ਲਈ ਲੰਘਣਾ ਬੜਾ ਔਖਾ ਸੀ। ਕਿਰਨ ਨੂੰ ਆਪਣਾ ਆਪ ਇੱਕ ਅਜਿਹੀ ਜ਼ਮੀਨ ਵਰਗਾ ਹੀ ਜਾਪਣ ਲੱਗ ਪਿਆ ਸੀ। ਜਿਸਦੇ ਵਾਹੀਕਾਰ ਨੇ ਉਸ ਦੀ ਕਦਰ ਨਾ ਜਾਣਦਿਆ ਉਸ ਨੂੰ ਗਵਾ ਦਿੱਤਾ ਹੋਵੇ ਅਤੇ ਮਾਲਕੀ ਤੋਂ ਇਨਕਾਰੀ ਹੋ ਗਿਆ ਹੋਵੇ,

"ਮੇਰੀ ਜ਼ਮੀਨ ਉਜਾੜ ਕੇ ਰੱਖ ਦਿੱਤੀ... ਉਪਜ ਤੋਂ ਇਹ ਪੁੱਤ ਮੇਰੇ ਪੱਲੇ ਪਾ ਦਿੱਤਾ... ਵਾਹੀਕਾਰ ਅਨੂਪ ਨੇ ਹੁਣ ਹੱਥ ਖੜੇ ਕਰ ਦਿੱਤੇ... ਲਓ ਦੇਖ ਲਓ ਜ਼ਮੀਨ ਦੇ ਕਾਗਜ਼।(ਪੰਨਾ- 80)

ਆਪਣੇ ਪਤੀ ਤੋਂ ਤਲਾਕ ਲੈ ਕੇ ਵੱਖ ਹੁੰਦਿਆ ਉਹ ਆਪਣੇ ਮਾਨਸਿਕ ਸੰਘਰਸ਼ ਵਿਚੋਂ ਬਾਹਰ ਆਉਂਦੀ ਹੈ ਅਤੇ ਆਪਣੇ ਬੇਟੇ ਨੂੰ ਨਾਲ ਲੈ ਕੇ ਜ਼ਿੰਦਗੀ ਪ੍ਰਤੀ ਡਾਵਾਂਡੋਲ ਜ਼ਰੂਰ ਹੁੰਦੀ ਹੈ ਪਰ ਸਹਿਦੇਵ ਦਾ ਸਾਥ ਉਸਨੂੰ ਫਿਰ ਤੋਂ ਜ਼ਿੰਦਗੀ ਦੇ ਨਵੇਂ ਸਫ਼ਰ ਤੇ ਤੁਰਨ ਦਾ ਹੌਂਸਲਾ ਦਿੰਦਾ ਹੈ।

**'ਅੱਕੋ'** ਅਤੇ **'ਗੁੱਸੇ ਹੋਈ ਮਾਂ'** ਰਿਸ਼ਤਿਆਂ ਦੀ ਸਮੀਕਰਣਾਂ ਨਾਲ ਜੁੜੀਆਂ ਕਹਾਣੀਆਂ ਹਨ ਜਿਨ੍ਹਾਂ ਵਿੱਚ ਰਿਸ਼ਤਿਆਂ ਦੀਆਂ ਤੰਦਾਂ ਇਸ ਕਦਰ ਉਲਝਦੀਆਂ ਅਤੇ ਸੁਲਝਦੀਆਂ ਰਹਿੰਦੀਆਂ ਹਨ ਕਿ ਮਨੁੱਖ ਦੀ ਸਮਝ ਤੋਂ ਪਰ੍ਹੇ ਨਜ਼ਰ ਪੈਂਦੀਆਂ ਹਨ।

ਇਸ ਕਹਾਣੀ ਸੰਗ੍ਰਹਿ ਦਾ ਅਧਿਐਨ ਕਰਦਿਆਂ ਇਹ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਔਰਤ ਪ੍ਰਧਾਨ ਇਹਨਾਂ ਕਹਾਣੀਆਂ ਦੀਆਂ ਨਾਇਕਾਵਾਂ ਮਜਬੂਤ ਚਰਿੱਤਰ ਨਾਲ ਸਾਹਮਣੇ ਆਉਂਦੀਆਂ ਹਨ। ਆਧੁਨਿਕ ਸੋਚ ਵਾਲੀਆਂ ਹਨ, ਆਜ਼ਾਦ ਖਿਆਲ ਹਨ। ਆਪਣੇ ਫੈਸਲੇ ਆਪਣੀ ਮਰਜ਼ੀ ਨਾਲ ਕਰਦੀਆਂ ਹਨ, ਖੁਦ ਉਹਨਾਂ ਦੀ ਪੈਰਵੀ ਕਰਦੀਆਂ ਹਨ। ਲੜਦੀਆਂ, ਜਰਦੀਆਂ ਹਨ, ਡੋਲਦੀਆਂ ਵੀ ਹਨ ਪਰ ਮਜਬੂਤੀ ਨਾਲ ਆਪਣੀ ਹੋਂਦ ਲਈ ਸ਼ੰਘਰਸ ਕਰਦੀਆਂ ਹਨ। ਸਵੈ ਪੜਚੋਲ ਦੀ ਰਾਹ ਪੈਂਦੀਆਂ ਉਹ ਆਪਣੀਆਂ ਸਮਾਜਕ ਅਤੇ ਮਾਨਸਕ ਪ੍ਰਸਥਿਤੀਆਂ ਨੂੰ ਝੱਲਦੀਆਂ ਉਹ ਆਪਣੇ ਸੰਘਰਸ਼ ਵਿੱਚੋਂ ਹੀ ਉਸਰਦੀਆਂ ਹਨ। ਇਹੀ ਇਸ ਕਹਾਣੀ ਸੰਗ੍ਰਹਿ ਦਾ ਹਾਸਲ ਕਿਹਾ ਜਾ ਸਕਦਾ ਹੈ।

(**ਸੰਪਰਕ-97797-18007**)

## ਵਣ-ਬੇਲਾ : ਇੱਕ ਅਧਿਐਨ

ਡਾ. ਪਰਗਟ ਸਿੰਘ ਟਿਵਾਣਾ




ਪ੍ਰੇਮ ਗੋਰਖੀ ਪੰਜਾਬੀ ਕਹਾਣੀ ਦਾ ਨਾਮਵਰ ਹਸਤਾਖ਼ਰ ਹੈ ਜਿਸ ਦਾ ਗਲਪ ਸਾਹਿਤ ਇੱਕ ਲੰਮੇ ਕਾਲ-ਖੰਡ ਨਾਲ ਵਰ ਮੇਚ ਕੇ ਚਲਦਾ ਹੈ। ਪ੍ਰੇਮ-ਗੋਰਖੀ ਮਿੱਟੀ ਰੰਗੇ ਲੋਕ, ਜੀਣ ਮਰਨ, ਅਰਜਨ ਸਫ਼ੈਦੀ ਵਾਲਾ, ਧਰਤੀ ਪੁੱਤਰ ਕਹਾਣੀ ਸੰਗ੍ਰਹਿ, ਤਿੱਤਰ ਖੰਭੀ ਜੂਹ, ਵਣ-ਬੇਲਾ, ਬੁੱਢੀ ਰਾਤ ਅਤੇ ਸੂਰਜ, ਆਪੋ ਆਪਣੇ ਗੁਨਾਹ ਨਾਵਲ ਅਤੇ ਗੈਰ-ਹਾਜ਼ਰ ਆਦਮੀ ਸਵੈ-ਜੀਵਨੀ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕਿਆ ਹੈ। ਬਦਲਦੀਆਂ ਸਮਾਜਿਕ ਪ੍ਰਸਥਿਤੀਆਂ ਤੇ ਉਨ੍ਹਾ ਦਾ ਮਨੁੱਖ ਉੱਪਰ ਪੈਂਦਾ ਚੰਗਾ/ਮਾੜਾ ਪ੍ਰਭਾਵ ਉਸਦੇ ਗਲਪ ਸਾਹਿਤ ਦਾ ਹਿੱਸਾ ਬਣਦਾ ਰਿਹਾ ਹੈ। ਦਲਿਤ ਜੀਵਨ ਦਾ ਨਿੱਜੀ ਅਨੁਭਵ, ਤੰਗੀ ਤੁਰਸ਼ੀਆਂ ਵਾਲਾ ਬਚਪਨ ਤੇ ਜਦੋਂ ਜਹਿਦ ਚੋਂ ਲੰਘੀ ਜਵਾਨੀ ਅਤੇ ਵੱਖ-ਵੱਖ ਅਦਾਰਿਆਂ ਚ ਕੰਮ ਕਰਨ ਦਾ ਨਿੱਜੀ ਅਨੁਭਵ ਉਸਦੇ ਗਲਪ ਸਾਹਿਤ 'ਚੋਂ ਬਾਖ਼ੂਬੀ ਝਲਕਦਾ ਹੈ। ਅੱਜ ਜਦੋਂ ਸਾਡੇ ਇਸ ਮਾਣਯੋਗ ਗਲਪਕਾਰ ਦੇ ਨਾਵਲ ਵਣ-ਬੇਲਾ ਉੱਪਰ ਲੇਖ ਲਿਖਣ ਲੱਗਿਆ ਹਾਂ ਉਸ ਸਮੇਂ ਤੱਕ ਸਾਡਾ ਇਹ ਹੋਣਹਾਰ ਕਹਾਣੀਕਾਰ ਸਾਡੇ ਤੋਂ ਰੁਖ਼ਸਤ ਹੋ ਚੁੱਕਿਆ ਹੈ ਪਰ ਉਸਦੀਆਂ ਰਚਨਾਵਾਂ ਅੱਜ ਵੀ ਸਾਰਥਿਕ ਤੇ ਰਾਹ ਦਸੇਰਾ ਹਨ। ਭਾਵੇਂ ਕਹਿਣ ਨੂੰ ਤਾਂ ਸਮਾਜ ਨੇ ਕਾਫੀ ਤਰੱਕੀ ਕਰ ਲਈ ਹੈ ਅਤੇ ਮਨੁੱਖ ਅਨੇਕਾਂ ਸੁੱਖ ਸਹੂਲਤਾਂ ਪ੍ਰਾਪਤ ਕਰ ਤੇ ਚੰਗੀ ਜ਼ਿੰਦਗੀ ਜਿਊਣ ਲੱਗ ਪਿਆ ਹੈ। ਪਰ ਮਨੁੱਖ ਦੀਆਂ ਮੂਲਭੂਤ ਆਦਤਾਂ/ਸੁਭਾਅ ਉਹੀ ਹੈ ਜੋ ਅੱਜ ਤੋਂ ਕਈ ਦਹਾਕੇ ਪਹਿਲਾਂ ਸੀ। ਨਿੱਜ ਕੇਂਦਰਤ ਸੋਚ, ਆਪਣਿਆਂ ਦੇ ਪ੍ਰਤੀ ਵੈਰ-ਵਿਰੋਧ, ਈਰਖਾ ਆਦਿ ਉਹ ਵਰਤਾਰੇ ਹਨ ਜੋ ਹੁਣ ਪਹਿਲਾਂ ਨਾਲੋਂ ਵੀ ਵਿਕਰਾਲ ਰੂਪ ਧਾਰਨ ਕਰਦੇ ਜਾ ਰਹੇ ਹਨ।

'ਵਣ-ਬੇਲਾ' ਨਾਵਲ ਪ੍ਰੇਮ ਗੋਰਖੀ ਦੁਆਰਾ ਭਾਵੇਂ ਵੀਹਵੀਂ ਸਦੀ ਦੇ ਅੰਤਿਮ ਦਹਾਕੇ ਵਿੱਚ ਰਚਿਆ ਗਿਆ ਪਰ ਇਸਦੀ ਕਥਾ ਵਿਚਲਾ ਵਰਤਾਰਾ ਇਸ ਤੋਂ ਕਈ ਦਹਾਕੇ ਪਹਿਲਾਂ ਤੇ ਇੱਕਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਵੀ ਜਿਉਂ ਦਾ ਤਿਉਂ ਦੇਖਣ ਨੂੰ ਮਿਲ ਰਿਹਾ ਹੈ। ਨਾਵਲ ਦੇ ਸ਼ੁਰੂ 'ਚ ਹੀ ਮਿਤਰੋ ਅਤੇ ਕਰਤਾਰ ਦੇ ਮਾਂ ਪਿਉ (ਚਰਨ ਸਿਹੁੰ ਤੇ ਕੇਸਰੀ) ਦੀ ਖੇਤ 'ਚ ਕਰੰਟ ਲੱਗਣ ਨਾਲ ਮੌਤ ਹੋ ਜਾਂਦੀ ਹੈ। ਬੇਬੇ ਰੱਜੋ ਨੂੰਹ-ਪੁੱਤ ਦੇ ਇਕੱਠੇ ਜਗਦੇ ਸਿਵਿਆਂ ਦੇ ਸੰਤਾਪ ਨੂੰ ਹੰਢਾਉਂਦੀ ਮਾਨਸਿਕ ਤੌਰ ਤੇ ਟੁੱਟ ਜਾਂਦੀ ਹੈ। ਕਰਤਾਰੇ ਤੇ ਮਿਤਰੋ ਦਾ ਭਵਿੱਖ ਖਤਰੇ ਵਿੱਚ ਪੈ ਜਾਂਦਾ ਹੈ ਪਰ ਚਰਨ ਸਿਹੁੰ ਦੀ ਭੈਣ ਕਰਮੀ ਕਰਤਾਰੇ ਨੂੰ ਗੋਦ ਪਾ ਲੈਂਦੀ ਹੈ ਅਤੇ ਚਾਚਾ-ਚਾਚੀ (ਜੀਤ ਸਿਹੁੰ ਤੇ ਰਤਨ ਕੁਰ) ਮਿਤਰੋ ਨੂੰ ਗੋਦ ਪਾ ਲੈਂਦੇ ਹਨ। ਸਮਾਂ ਬੀਤਦਾ ਜਾਂਦਾ ਹੈ ਅਤੇ ਜ਼ਿੰਦਗੀ ਆਪਣੇ ਤੋਰੇ ਚੱਲਦੀ ਰਹਿੰਦੀ ਹੈ। ਉਹੀ ਜ਼ਮੀਨ ਮੋਹ ਤੇ

ਆਪਣੀ ਔਲਾਦ ਦਾ ਮੋਹ ਰਿਸ਼ਤਿਆਂ ਦੀ ਮੋਹ ਖੋਰੀ ਲੜੀ ਨੂੰ ਤਾਰ-ਤਾਰ ਕਰ ਦਿੰਦਾ ਹੈ। ਰਤਨ ਕੁਰ ਆਪਣੇ ਪੁੱਤਰਾਂ ਦੇ ਚੰਗੇਰੇ ਭਵਿੱਖ ਅਤੇ ਜ਼ਿਆਦਾ ਜ਼ਮੀਨ ਜਾਇਦਾਦ ਦੇ ਲਾਲਚ ਵਿੱਚ ਮਿਤਰੋ ਨੂੰ ਕਤਲ ਕਰ ਉਸਦਾ ਹਿੱਸਾ ਹੜੱਪਣਾ ਚਾਹੁੰਦੀ ਹੈ।

"ਇਹੀ ਚਾਰ ਚੱਪੇ ਆ ਤੇਰੇ ਪਾ ... ਕਰਲੀਂ ਜੋ ਕਰਨੈ ਐਥੇ ਟੰਗਾ ਅੱਡ ਕੇ... ਤੇਰੇ ਢੁਕਣਾ ਨੀ ਕਿਸੇ ਨੇ ... ਚਾਰ ਖੇਤ ਕੋਈ ਮਾਅਨੇ ਰੱਖਦੇ ਨੇ... ਮੈਂ ਸੱਭੋ ਕੁਸ਼ ਸੋਚਣੈਂ੩ਤੇਰੇ ਆਗ ਨੀਂ ਪੀ ਅੱਖਾਂ ਮੂੰਦੀ ਬੈਠੇ ਰਹੋ...।ਪੰਨਾ-16

ਭਾਵੇਂ ਜੀਤ ਸਿਹੁੰ ਭਤੀਜੀ ਦੇ ਕਤਲ ਦੇ ਹੱਕ 'ਚ ਨਹੀਂ ਪਰ ਜ਼ਮੀਨ ਦਾ ਲਾਲਚ ਤੇ ਔਲਾਦ ਦਾ ਮੋਹ ਉਸਨੂੰ ਖ਼ੂਨ ਦੇ ਰਿਸ਼ਤਿਆਂ ਦੀ ਬਲੀ ਦੇਣ ਲਈ ਰਾਜ਼ੀ ਕਰ ਦਿੰਦਾ ਹੈ ਤੇ ਰਤਨ ਕੁਰ ਆਪਣੇ ਭਾਈ ਰਾਹੀਂ ਮਿਤਰੋ ਦੇ ਕਤਲ ਦੀ ਗੋਂਦ ਗੁੰਦ ਲੈਂਦੀ ਹੈ। ਇਸ ਤਰ੍ਹਾਂ ਮਿਤਰੋ ਰਤਨ ਕੁਰ ਦੇ ਭਾਈ ਦੇ ਹੱਥੇ ਚੜ੍ਹੀ ਕਈ ਥਾਵੀਂ ਮਾੜੇ ਹਾਲਾਤਾਂ ਦਾ ਸ਼ਿਕਾਰ ਹੁੰਦਿਆਂ ਥਾਂ-ਥਾਂ ਤੇ ਖ਼ੂਨ ਪੀਣੀਆਂ ਜੋਕਾਂ ਦਾ ਸ਼ਿਕਾਰ ਹੋਈ ਮੌਤ ਦੇ ਮੂੰਹ ਜਾ ਪੈਂਦੀ ਹੈ। ਅੰਤ ਕੁੱਝ ਭਲੇ ਲੋਕਾਂ ਦੁਆਰਾ ਉਸ ਨੂੰ ਹਸਪਤਾਲ ਭਰਤੀ ਕਰਵਾਇਆ ਜਾਂਦਾ ਹੈ। ਉੱਥੋਂ ਠੀਕ ਹੋ ਕੇ ਪੁਲਿਸ ਕੱਸਟਡੀ ਰਾਹੀਂ ਮਿਤਰੋ ਨੂੰ ਮੱਖਣ ਸਿਹੁੰ ਦੇ ਅਨਾਥ ਆਸ਼ਰਮ ਭੇਜ ਦਿੱਤਾ ਜਾਂਦਾ ਹੈ। ਉੱਧਰ ਕਰਤਾਰ ਸਿੰਘ ਭੂਆ ਕਰਮੀ ਦੇ ਘਰ ਸੁੱਖ-ਸਹੂਲਤਾਂ ਮਾਣਦਾ ਵਿਗੜੈਲ ਮੁੰਡਾ ਬਣ ਜਾਂਦਾ ਹੈ। ਇੱਕ ਦਿਨ ਸਾਥੀ ਦੋਸਤ ਸੱਤੀ ਨਾਲ ਸ਼ਹਿਰ ਸਰਕਸ ਦੇਖਣ ਗਿਆ ਭੀੜ 'ਚ ਗੁਆਚ ਜਾਂਦਾ ਹੈ। ਉੱਥੋਂ ਬੂਟਾ ਸਿਹੁੰ ਵਰਗੇ ਅਵੈੜ ਬੰਦੇ ਦੇ ਹੱਥੇ ਚੜ੍ਹ ਉਸਦੀ ਹਮਜਿਨਸੀ ਦਾ ਸ਼ਿਕਾਰ ਹੋ ਉਸਦਾ ਇੱਕ ਤਰ੍ਹਾਂ ਨਾਲ ਕੈਦੀ ਬਣ ਜਾਂਦਾ ਹੈ। ਬੂਟਾ ਸਿਹੁੰ ਦੇ ਪਿੰਡ ਦੇ ਹੀ ਇੱਕ ਹੋਰ ਵੈਲੀ ਗਿੰਦੀ ਨਾਲ ਸਾਂਝ ਪਾ ਕਰਤਾਰ/ਤਾਰਾ ਬੂਟਾ ਸਿਹੁੰ ਦੀ ਕੈਦ ਤੋਂ ਮੁਕਤ ਹੋ ਇੱਕ ਨਵੀਂ ਮਿੱਠੀ ਕੈਦ ਗਿੰਦੀ ਦੇ ਮਾਮਿਆਂ ਦੇ ਘਰ ਜਾ ਪੁੱਜਦਾ ਹੈ ਅਤੇ ਉਨ੍ਹਾਂ ਦੇ ਖੇਤਾਂ ਦਾ ਕੰਮ ਕਰਦਾ ਉਨ੍ਹਾਂ ਦਾ ਹੀ ਹੋ ਕੇ ਰਹਿ ਜਾਂਦਾ ਹੈ।

ਮਿਤਰੋ ਵੀ ਇੱਕ ਨਰਕ ਵਿੱਚੋਂ ਨਿੱਕਲ ਦੂਜੇ ਨਰਕ (ਅਨਾਥ ਆਸ਼ਰਮ) ਵਿੱਚ ਫਸ ਜਾਂਦੀ ਹੈ ਉਹ ਮੱਖਣ ਸਿਹੁੰ ਦੇ ਅਨਾਥ ਆਸ਼ਰਮ ਵਿੱਚ ਰਹਿੰਦਿਆਂ ਵੀ ਲਗਾਤਾਰ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ:-

"ਤੇ ਫਿਰ ਮਿਤਰੋ ਨੂੰ ਤਿੰਨ-ਚਾਰ ਵਾਰ ਮੱਖਣ ਸਿਹੁੰ ਦੀ ਕੋਠੀ ਕਿਤੋਂ ਬਾਹਰੋਂ ਆਏ ਬੰਦਿਆਂ ਨਾਲ ਰਾਤ ਬਿਤਾਉਣੀ ਪਈ... ਸ਼ਰਾਬ ਪੀਣੀ ਪਈ ... ਜੋ ਨਾ ਸੋ ਕਰਨਾ ਪਿਆ... ਤੇ ਇੱਕ ਦਿਨ ਮੱਖਣ ਸਿਹੁੰ ਦੇ ਹੀ ਕਿਸੇ ਬੰਦੇ ਨਾਲ ਹੀ ਜੀਪ ਵਿੱਚ ਬੈਠ ਕੇ ਬਾਹਰ ਜਾਣਾ ਪਿਆ... ਕੀ ਦਾ ਕੀ ਹੁੰਦਾ ਜਾ ਰਿਹਾ ਸੀ।" ਪੰਨਾ 36

ਬੱਦ ਤੋਂ ਬਦਤਰ ਹੁੰਦੇ ਹਲਾਤਾਂ 'ਚ ਉਹ ਭਾਵੇਂ ਕੁੱਝ ਨਹੀਂ ਕਰ ਸਕਦੀ ਪਰ ਇੱਕ ਆਸ ਦੀ ਕਿਰਨ ਉਸ ਸਮੇਂ ਜਾਗ ਜਾਂਦੀ ਹੈ ਜਦੋਂ ਪਿੰਡ ਵਿੱਚ ਆਇਆ ਨਵਾਂ ਮਾਸਟਰ ਬਾਵਰਾ ਤੇ ਉਸਦੇ ਘਰੋਂ ਦਲਜੀਤ ਕੌਰ ਕ੍ਰਾਂਤੀਕਾਰੀ ਵਿਚਾਰਾਂ ਵਾਲੇ ਹੋਣ ਕਰ ਕੇ ਉਸਦੇ ਡਿੱਗਦੇ ਹੌਂਸਲੇ ਨੂੰ ਨਵੇਂ ਸਿਰੇ ਤੋਂ ਬੁਲੰਦ ਕਰਦੇ ਹਨ।

"ਭੈਣ ਜੀ ਮੈਨੂੰ ਥੋਡੇ ਸਹਾਰੇ ਦੀ ਲੋੜ ਹੈ ਮੈਨੂੰ ਤੁਸੀਂ ਸਾਂਭ ਲਓ ਮੈਨੂੰ ਤੁਸੀਂ ਬਲ ਬਖਸ਼ੋ ਤਾਂ ਜੋ ਮੈਂ ਕੁਸ਼ ਕਰ ਸਕਾਂ ਤੇ ਜਿਵੇਂ ਭੈਣ ਜੀ ਹੁਬਕੀ ਰੋਂਦੀ ਮਿਤਰੋ ਨੂੰ ਭੈਣ ਦਲਜੀਤ ਕੌਰ ਨੇ ਬਾਹਾਂ ਵਿੱਚ ਲੈ ਕੇ ਹਿੱਕ ਨਾਲ ਘੁੱਟ ਲਿਆ" (ਪੰਨਾ -58)

ਉੱਧਰ ਉਸੇ ਪਿੰਡ ਪਹੁੰਚਿਆ ਕਰਤਾਰਾ ਵੀ ਮਾਸਟਰ ਦੀ ਸੰਗਤ 'ਚ ਆ ਜੁੜਦਾ ਹੈ ਤੇ ਮਾਸਟਰ ਪਿੰਡ ਦੇ ਨੌਜਵਾਨਾ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਦਾ ਉਨ੍ਹਾਂ ਨੂੰ ਸੰਗਠਿਤ ਕਰਨਾ ਸ਼ੁਰੂ ਕਰ ਦਿੰਦਾ

ਹੈ।

ਉਹ ਲਾਲ ਮੂੰਹੇ ਕਾਰਾਂ-ਗੱਡੀਆਂ 'ਚ ਚੜ੍ਹੇ ਫਿਰਦੇ ਨੇ ਉਹਨਾਂ ਦੇ ਜਵਾਕ ਪੈਰਾਂ ਨੂੰ ਮਿੱਟੀ ਨਹੀਂ ਲੱਗਣ ਦਿੰਦੇ ਕੁੱਤੇ ਉਨ੍ਹਾਂ ਦੇ ਦੁੱਧ ਪੀਂਦੇ ਨੇ ਤੇ ਤੁਸੀਂ ਕਦੇ ਸੋਚਿਆ ਆਪਣੀ ਬਾਬਤ ਲਹੂ ਥੋੜਾ ਮਾਸ ਥੋੜਾ ਮਿਹਨਤ ਥੋੜੀ ਬੀਜੋਂ ਤੁਸੀਂ, ਵੱਡੋਂ ਤੁਸੀਂ ਤੇ ਖਾਵੇ ਕੌਣ ਉਹ ਪਤੰਦਰ ? (ਪੰਨਾ -61)

ਪਿੰਡ ਵਿੱਚ ਕਈ ਪੱਧਰਾਂ ਉੱਪਰ ਮਾਸਟਰ ਦਾ ਵਿਰੋਧ ਤਾਂ ਹੋਇਆ ਪਰ ਉਸਦੀ ਸੱਚੀ-ਸੁੱਚੀ ਸੋਚ ਤੇ ਪਹਿਰਾ ਦੇਣ ਵਾਲੇ ਅਨੇਕਾਂ ਨੌਜਵਾਨ ਨਿੱਤਰ ਆਏ। ਮਿਤਰੋ ਤੇ ਕਰਤਾਰੇ ਦੀਆਂ ਨਿੱਜੀ ਜੀਵਨ ਦੀਆਂ ਘਟਨਾਵਾਂ ਸੁਣ ਮਾਸਟਰ ਦਾ ਦਿਲ ਪਿਘਲ ਉੱਠਦਾ ਹੈ। ਉਹ ਮਿਤਰੋ ਨਾਲ ਉਸਦੇ ਹੀ ਚਾਚੇ-ਚਾਚੀ ਦੁਆਰਾ ਕੀਤੀ ਵਧੀਕੀ ਤੋਂ ਦੁਖੀ ਹੋ ਉਸਨੂੰ ਇਨਸਾਫ਼ ਦਵਾਉਣ ਲਈ ਦ੍ਰਿੜ ਇਰਾਦਾ ਧਾਰਨ ਕਰ ਲੈਂਦਾ ਹੈ। ਜਿਸ ਦਿਨ ਸ਼ਹਿਰ ਕਾਨਫਰੰਸ ਤੇ ਜਾਣ ਲਈ ਪੂਰੀ ਸੰਗਤ ਨਾਲ ਭਰਿਆ ਟਰੱਕ ਜਾਂਦਾ ਹੈ ਉਸ ਦਿਨ ਨਿਰਣਾ ਕੀਤਾ ਜਾਂਦਾ ਹੈ ਕਿ ਕਾਨਫਰੰਸ ਤੋਂ ਬਾਅਦ ਮਿਤਰੋ ਦੇ ਪਿੰਡ ਜਾ ਕੇ ਉਸਦਾ ਹੱਕ ਉਸ ਨੂੰ ਦਿਵਾਉਣ ਦੀ ਧਾਰ ਲਈ ਜਾਂਦੀ ਹੈ ਤੇ ਇਸੇ ਤਰ੍ਹਾਂ ਵਾਪਰਦਾ ਹੈ; ਜਦੋਂ ਮਿਤਰੋ ਆਪਣੇ ਸਾਥੀਆਂ ਨਾਲ ਘਰ ਪਹੁੰਚਦੀ ਹੈ ਤਾਂ ਚਾਚਾ-ਚਾਚੀ ਦੇ ਪਸੀਨੇ ਛੁੱਟ ਜਾਂਦੇ ਹਨ, ਉਸ ਸਮੇਂ ਹੀ ਕਰਤਾਰਾ ਆਪਣੀ ਮਾਂ/ਭੂਆ ਕਰਮੀ ਨੂੰ ਪਹਿਚਾਣ ਲੈਂਦਾ ਹੈ ਤੇ ਪੂਰੇ ਪਰਿਵਾਰ ਦਾ ਮੇਲ ਹੋ ਜਾਂਦਾ ਹੈ। ਭਾਵੇਂ ਨਾਵਲਕਾਰ ਨਾਵਲ ਦੇ ਅੰਤ ਤੇ ਮਿਲਾਪ ਕਰਵਾ ਸੁਖਾਂਤਕ ਅੰਤ ਕਰ ਦਿੰਦਾ ਹੈ। ਕੀ ਸਮਾਜ ਹੱਸਣ-ਖੇਡਣ ਤੇ ਜਵਾਨੀ ਦੇ ਉਹ ਉਮੰਗਾਂ ਵਾਲੇ ਸਾਲ ਮਿਤਰੋ ਅਤੇ ਕਰਤਾਰੋ ਦੇ ਵਾਪਸ ਕਰ ਸਕਦਾ ਹੈ ? ਇਹ ਪ੍ਰਸ਼ਨ ਸਾਡੇ ਸਭ ਲਈ ਹੈ। ਘਟਨਾਵਾਂ ਦੇ ਵਾਪਰਨ/ਗਲਪੀਕਰਨ ਦਾ ਸਮਾਂ ਤਿੰਨ ਦਹਾਕੇ ਪਹਿਲਾਂ ਦਾ ਹੈ। ਪਰ ਅੱਜ ਵੀ ਪੈਸੇ ਦੀ ਹਵਸ ਦੇ ਅੰਨੇ ਹੋਏ ਬਹੁਤ ਲੋਕ ਰਿਸ਼ਤਿਆਂ ਨੂੰ ਤਾਰ-ਤਾਰ ਕਰਨ ਤੇ ਆਏ ਹੋਏ ਹਨ ਸਗੋਂ ਹੁਣ ਤਾਂ ਪੈਸੇ ਦੀ ਭੁੱਖ ਅਤੇ ਨਿੱਜਵਾਦ ਸਾਰੇ ਦਿਸਹੱਦੇ ਤੋੜ ਕੇ ਮਨੁੱਖ ਤੇ ਇਨ੍ਹਾਂ ਭਾਰੂ ਪੈ ਗਿਆ ਹੈ ਕਿ ਮਨੁੱਖ, ਮਨੁੱਖ ਕਹਿਲਾਉਣ ਦੇ ਕਾਬਿਲ ਹੀ ਨਹੀਂ ਰਿਹਾ।

ਪ੍ਰੇਮ ਗੋਰਖੀ ਇੱਕ ਆਸ਼ਾਵਾਦੀ ਲੇਖਕ ਸੀ ਜਿਸਦੀ ਗਲਪਕਾਰੀ ਵਿੱਚ ਹਮੇਸ਼ਾਂ ਆਸ ਦੀ ਕਿਰਨ ਉੱਜਵਲ ਰਹਿੰਦੀ ਹੈ ਜਿਵੇਂ ਇਸ ਨਾਵਲ ਵਿੱਚ ਮਿਤਰੋ ਅਤੇ ਕਰਤਾਰਾ ਘੋਰ ਨਿਰਾਸ਼ਾਵਾਦ ਦੇ ਆਲਮ ਵਿੱਚ ਚਲੇ ਜਾਂਦੇ ਹਨ ਪਰ ਮਾਸਟਰ ਬਾਵਰਾ ਆਸ ਦੀ ਕਿਰਨ ਬਣ ਉਪਜਦਾ ਹੈ ਜੋ ਸਭ ਲਈ ਰਾਹ ਦਸੇਰਾ ਹੀ ਨਹੀਂ ਬਣਦਾ ਸਗੋਂ ਮੁਕਤੀਦਾਤਾ ਹੋ ਨਿੱਬੜਦਾ ਹੈ। ਇੱਕ ਚੰਗੇ ਸਾਹਿਤਕਾਰ ਦੇ ਚੰਗੇ ਸਾਹਿਤ ਦੀ ਇਹੀ ਨਿਸ਼ਾਨੀ ਹੁੰਦੀ ਹੈ ਕਿ ਉਹ ਆਸ਼ਾਵਾਦ ਨਾਲ ਲਵਰੇਜ਼ ਤੇ ਉਸਾਰੂ ਕਦਰਾਂ-ਕੀਮਤਾਂ ਦਾ ਹਾਮੀ ਹੋਵੇ ਤੇ ਹਾਸ਼ੀਆਗਤ ਧਿਰ ਨਾਲ ਖੜ੍ਹਦਾ ਹੋਵੇ। ਇਹ ਹੀ ਪ੍ਰੇਮ ਗੋਰਖੀ ਦੀ ਪਹਿਚਾਣ ਸੀ।

**(ਸੰਪਰਕ-94638-74394)**

***'ਕਹਾਣੀ ਧਾਰਾ' ਦੀ ਵੈਬਸਾਇਟ ਤੇ 'ਪ੍ਰੇਮ ਗੋਰਖੀ ਵਿਸ਼ੇਸ਼ ਅੰਕ' ਵੀ ਪੜ੍ਹੋ***


***'ਕਹਾਣੀ ਧਾਰਾ' ਨੂੰ ਛਪਦਿਆਂ 16 ਸਾਲ ਹੋ ਗਏ ਹਨ। ਅਸੀਂ ਹੁਣ ਤੱਕ ਕਹਾਣੀ ਧਾਰਾ ਦੇ 63 ਅੰਕ ਪਾਠਕਾਂ ਲਈ ਪ੍ਰਕਾਸ਼ਤ ਕਰ ਚੁੱਕੇ ਹਾਂ। ਇਸ ਦੇ ਸਾਰੇ ਅੰਕਾਂ ਦੀਆਂ PDF ਤਿਆਰ ਕਰਕੇ ਅਸੀਂ ਇਸ ਦੀ ਵੈਬਸਾਇਟ 'ਤੇ ਪਾ ਦਿੱਤੀਆਂ ਹਨ। ਤੁਸੀਂ ਗੂਗਲ ਸਰਚ ਇੰਜਨ 'ਤੇ ਜਾ ਕੇ : kahani Dhara ਕਲਿੱਕ ਕਰੋ। Parwaz Parkashan ਦੀ ਵੈਬਸਾਇਟ ਨਾਲ 'ਕਹਾਣੀ ਧਾਰਾ' ਦਾ ਵੈਬ ਪੇਜ਼ ਵੀ ਜੁੜਿਆ ਹੋਇਆ ਹੈ। ਤੁਸੀਂ ਪਰਵਾਜ਼ ਪ੍ਰਕਾਸ਼ਨ ਦੀ ਵੈਬਸਾਇਟ ਖੋਲ੍ਹ ਕੇ ਵੀ 'ਕਹਾਣੀ ਧਾਰਾ' ਦੇ ਪੁਰਾਣੇ ਅੰਕ ਨੰ. 1- 64 ਤੱਕ ਡਾਊਨਲੋਡ ਕਰ ਸਕਦੇ ਹੋ। ਇਸ ਵੈਬਸਾਈਟ 'ਚ ਗਲਪ ਨੂੰ ਸਮਰਪਤ 'ਸੁਰ ਸਾਂਝ' ਦੇ ਪੰਜ ਅੰਕ ਵੀ ਪੜ੍ਹਨ ਨੂੰ ਮਿਲਣਗੇ। 'ਕਥਾਕਾਰ ਪ੍ਰੇਮ ਗੋਰਖੀ ਅੰਕ' ਵੈਬ ਪੇਜ਼ ਤੋਂ ਡਾਊਨਲੋਡ ਕਰ ਸਕਦੇ ਹੋ। -ਸੰਪਾਦਕ***

# 'ਮਿੱਟੀ ਰੰਗੇ ਲੋਕ' ਦਾ ਯਥਾਰਥ ਬੋਧ
## - ਮਨਮੋਹਨ ਕੌਰ

ਸਾਹਿਤ ਦੀ ਕੋਈ ਵੀ ਵਿਧਾ ਕਿਸੇ ਵੀ ਅਰਥਗਤ ਸਰੰਚਨਾ ਨੂੰ ਭਾਸ਼ਾਈ ਚਿਹਨਾਂ ਦੁਆਰਾ ਕਲਾ ਦੇ ਰੂਪ ਵਿੱਚ ਉਸਾਰਦੀ ਹੈ। ਇਸ ਰਚਨਾ ਦੀ ਉਤਪਤੀ ਸਮਾਜ ਅਤੇ ਸਭਿਆਚਾਰਕ ਪ੍ਰਸੰਗ ਵਿੱਚ ਹੀ ਮੁਮਕਿਨ ਹੈ ਕਿਉਂਕਿ ਸਾਹਿਤਕਾਰ ਆਪਣੇ ਜੀਵਨ ਵਿਚਲੇ ਅਨੁਭਵ ਅਤੇ ਬੌਧਿਕ ਗਿਆਨ ਦੁਆਰਾ ਸੰਚਿਤ ਯਥਾਰਥ ਬੋਧ ਨੂੰ ਆਪਣੀ ਸਾਹਿਤਕ ਯੋਗਤਾ ਤੇ ਨਿਭਾਅ ਅਨੁਸਾਰ ਹੀ ਅਭਿਵਿਅਕਤ ਕਰਦਾ ਹੈ । ਇਸੇ ਕਾਰਨ ਜੀਵਨ ਵਿਚਲੇ ਕਿਸੇ ਗਹਿਰ ਗੰਭੀਰ ਸੰਕਟ ਦਾ ਬੋਧ ਸਾਹਿਤਕਾਰ ਨੂੰ ਪ੍ਰਤੱਖ ਜਾਂ ਪਰੋਖ ਰੂਪ ਵਿੱਚ ਪ੍ਰਭਾਵਿਤ ਕਰਕੇ ਉਸ ਸੰਕਟ ਪ੍ਰਤੀ ਉਤਰਦਾਇਕਤਵ ਹੋਣ ਲਈ ਪ੍ਰੇਰਿਤ ਕਰਦਾ ਹੈ। ਪੰਜਾਬੀ ਸਾਹਿਤ ਵਿੱਚ ਦਲਿਤ ਵਰਗ ਦੀ ਸਥਿਤੀ ਨੂੰ ਬਿਆਨ ਕਰਨ ਵਾਲੇ ਵੇਦਨਾਮਈ ਪਾਸਾਰ ਕਈ ਪ੍ਰਸੰਗਾਂ ਵਿਚ ਪੇਸ਼ ਹੋਏ ਹਨ। "ਦਲਿਤ ਸਾਹਿਤ ਵਧੇਰੇ ਆਤਮੀਅਤਾ ਅਤੇ ਅੰਤਰਮੁਖਤਾ ਦਾ ਹੈ ਕਿਉਂਕਿ ਬ੍ਰਾਹਮਣਵਾਦੀ ਸਮਾਜ ਵਿਧਾਨ ਨੇ ਦਲਿਤ ਮਨੁੱਖ ਨੂੰ ਸਮੁੱਚੇ ਪਸਾਰੇ ਨਾਲੋਂ ਵਿਛੁੰਨ ਕੇ ਉਸ ਨੂੰ ਅਧਿਕਾਰਾਂ ਦੀ ਥਾਂ ਫ਼ਰਜ਼ਾਂ ਦੀ ਪ੍ਰਾਥਮਿਕਤਾ ਨਾਲ ਨੱਥੀ ਕਰ ਦਿੱਤਾ। ਇਨ੍ਹਾਂ ਫ਼ਰਜ਼ਾਂ ਕਰਕੇ ਉਹ ਵਧੇਰੇ ਅੰਤਰਮੁਖੀ ਬਣਿਆ। ਇਸ ਨਾਲ ਉਸ ਦਾ ਸਵੈ ਹੀ ਉਸ ਲਈ ਵਿਸ਼ਾ ਬਣ ਗਿਆ । ਅਧਿਕਾਰਾਂ ਤੋਂ ਵੰਚਿਤ ਇਹ ਮਨੁੱਖ ਅਧਿਕਾਰ ਯੁਕਤ ਸਮੂਹ ਅੱਗੇ ਆਪਾ ਮਾਰ ਕੇ ਸਵੈ ਦੀ ਖੋਜ ਵਿੱਚ ਸੁੰਗੜ ਗਿਆ। ਇਸ ਕਰਕੇ ਇਸ ਦੇ ਪ੍ਰਗਟਾਵੇ ਵਿਚ ਜਸ਼ਨ ਨਹੀਂ ਦਰਦ ਹੈ, ਪੀੜਾ ਹੈ, ਸਿਤਮ ਹੈ ਤੇ ਸੰਤਾਪ ਹੈ । ਸੰਤਾਪੇ ਮਨੁੱਖ ਲਈ ਸਵੈ ਦੇ ਪ੍ਰਗਟਾਵੇ ਦਾ ਬਿਹਤਰੀਨ ਰੂਪ ਸਵੈ ਬਿਰਤਾਂਤ ਹੀ ਹੋ ਸਕਦਾ ਸੀ ।"[1] ਦਲਿਤ ਕਹਾਣੀ ਵਿਚ ਸਵੈ ਬਿਰਤਾਂਤ ਦੀ ਸਿਰਜਣ ਪ੍ਰਕਿਰਿਆ ਸਪਸ਼ਟ ਰੂਪ ਵਿੱਚ ਦਿਖਾਈ ਦਿੰਦੀ ਹੈ । ਮੈਂ ਮੂਲਕ ਜੁਗਤ ਦੁਆਰਾ ਬਿਰਤਾਂਤਕਾਰ ਆਤਮ ਅਨੁਭਵ ਦੇ ਪ੍ਰਮਾਣਿਕ ਬਿੰਬ ਨੂੰ ਸੱਚ ਰੂਪ ਵਿੱਚ ਪੇਸ਼ ਕਰਨ ਦਾ ਭੁਲੇਖਾ ਸਿਰਜ ਕੇ ਇਸ ਨੂੰ ਵਧੇਰੇ ਪ੍ਰਵਾਨਿਤ ਬਣਾਉਣ ਦਾ ਯਤਨ ਕਰਦਾ ਹੈ । ਇਸ ਜੁਗਤ ਦੁਆਰਾ ਬੇਸ਼ੱਕ ਮੈਂ ਪਾਤਰ ਦੀ ਸੰਵੇਦਨਾ ਪੇਸ਼ ਹੋ ਰਹੀ ਹੋਵੇ ਪ੍ਰੰਤੂ ਅੰਤ ਵਿਚ ਇਹ ਸਮੂਹਕਤਾ ਦੇ ਚਰਿੱਤਰ ਦਾ ਰੂਪ ਅਖਤਿਆਰ ਕਰਕੇ ਸਮੁੱਚੇ ਦਲਿਤ ਵਰਗ ਦੀ ਚੇਤਨਾ ਨੂੰ ਪ੍ਰਗਟਾਉਂਦੀ ਹੈ । ਸਾਡੀ ਸਮਾਜਿਕ ਵਿਵਸਥਾ ਦੇ ਕਰੂਰ ਯਥਾਰਥ ਦੁਆਰਾ ਦਲਿਤ ਮਨੁੱਖ ਦੀ ਪਛਾਣ ਦਾ ਸੰਕਟ ਪੰਜਾਬੀ ਕਹਾਣੀ ਵਿਚ ਕਈ ਤਰ੍ਹਾਂ ਦੇ ਬਿਰਤਾਂਤਕੀ ਪੈਟਰਨ ਲੈ ਕੇ ਪੇਸ਼ ਹੋਇਆ ਹੈ । "ਦਲਿਤ ਪੰਜਾਬੀ ਕਹਾਣੀ ਮੁੱਖ ਤੌਰ ਤੇ ਦਲਿਤਾਂ ਦੇ ਆਤਮ ਸਨਮਾਨ, ਸਵੈਮਾਣ, ਸਵਤੰਤਰਤਾ, ਇੱਜ਼ਤ ਤੇ ਸਮਾਜਿਕ ਨਿਆਂ ਨੂੰ ਆਪਣੇ ਪ੍ਰੇਰਕ ਸੂਤਰਾਂ ਦੇ ਰੂਪ ਵਿੱਚ ਗ੍ਰਹਿਣ ਕਰਦੀ ਹੈ ਪਰੰਤੂ ਸਦੀਆਂ ਵਿਚ ਵਿਕਸਿਤ ਹੋ ਕੇ ਲੋਕਾਂ ਦੀ ਮਨੋ-ਸੰਰਚਨਾ ਦਾ ਸਥਾਈ ਹਿੱਸਾ ਬਣ ਚੁੱਕੀ ਜਾਤੀ ਵਿਵਸਥਾ ਨੇ ਅਜਿਹੀ ਜੜ੍ਹ ਵਸਤੂ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਸਵਰਨ ਜਾਤੀ ਵਿਅਕਤੀਆਂ ਵੱਲੋਂ ਨਿਮਨ ਜਾਤੀ ਦੇ ਲੋਕਾਂ ਨੂੰ ਮਨੁੱਖ ਸਮਝ ਕੇ ਮਨੁੱਖ ਵਰਗਾ ਵਰਤਾਵ ਕਰਨਾ ਤਾਂ ਇੱਕ ਪਾਸੇ ਰਿਹਾ, ਖ਼ੁਦ ਇਨ੍ਹਾਂ ਲੋਕਾਂ ਵਿੱਚ ਵੀ ਹੀਣਤਾ, ਨਿਮਾਣਾਪਨ, ਆਤਮ ਨਿਰਾਦਰ, ਆਤਮ ਗਿਲਾਨੀ ਅਤੇ ਪੱਥਰਾਂ ਵਰਗੇ ਸਬਰ ਦੇ ਭਾਅ ਬਹੁਤ ਡੂੰਘੇ ਸਮਾਏ ਹੋਏ ਹਨ।"[2]

ਪ੍ਰੇਮ ਗੋਰਖੀ ਪੰਜਾਬੀ ਸਾਹਿਤ ਵਿਚ ਇਕ ਪਛਾਣਨਯੋਗ ਨਾਮ ਹੈ । ਉਸ ਦੀਆਂ ਕਹਾਣੀਆਂ ਵਿੱਚ ਆਰਥਿਕ ਪੱਖੋਂ ਪਛੜੇ ਹੋਏ ਲੋਕਾਂ ਦੀਆਂ ਤੜਫ਼ਦੀਆਂ ਹੋਈਆਂ ਭਾਵਨਾਵਾਂ, ਦਲਿਤ ਔਰਤ ਨਾਲ ਹੋਣ ਵਾਲੀਆਂ ਵਧੀਕੀਆਂ, ਅਫ਼ਸਰਸ਼ਾਹੀ ਦੀਆਂ ਜ਼ਿਆਦਤੀਆਂ ਅਤੇ ਪੁਲਿਸ ਦੁਆਰਾ ਨੀਵੇਂ ਵਰਗ 'ਤੇ ਕੀਤੇ ਜਾਣ ਵਾਲੇ ਤਸ਼ੱਦਦ ਨੂੰ ਬੜੀ ਸ਼ਾਇਸਤਗੀ ਨਾਲ ਚਿਤਰਿਆ ਗਿਆ ਹੈ । ਪ੍ਰੇਮ ਗੋਰਖੀ ਦੀ ਵਿਚਾਰਧਾਰਾ ਨਕਸਲਵਾੜੀ ਲਹਿਰ ਤੋਂ ਪ੍ਰਭਾਵਿਤ ਸੀ । ਇਸ ਬਾਰੇ ਉਸ ਦਾ ਸਵੈ ਕਥਨ ਹੈ, "ਜਦੋਂ

ਮੈਂ ਲਿਖਣ ਲੱਗਾ ਸੀ ਮੇਰੇ ਅੰਦਰ ਸਮਾਜ ਅੰਦਰਲੀਆਂ ਬਹੁਤ ਸਾਰੀਆਂ ਘਾਟਾਂ ਨੂੰ ਲਿਖਣ ਦੀ ਜਵਾਲਾ ਸੀ ।ਮੈਂ ਖ਼ੁਦ ਡਾਢਿਆਂ ਹੱਥੋਂ ਬੜਾ ਸੰਤਾਪ ਭੋਗਿਆ ਸੀ ਜਿਹਨੂੰ ਮੈਂ ਕਹਾਣੀਆਂ ਦੇ ਰੂਪ ਵਿੱਚ ਲਿਖਣਾ ਚਾਹੁੰਦਾ ਸੀ ਤੇ ਸ਼ੁਰੂਆਤ ਵੀ ਮੇਰੀ ਕੁਝ ਇਸੇ ਤਰ੍ਹਾਂ ਦੀ ਹੀ ਸੀ ।"[3] ਪੂੰਜੀਵਾਦੀ ਪ੍ਰਬੰਧ ਦੁਆਰਾ ਸਤਾਏ ਜਾਣ ਵਾਲੇ ਦਲਿਤ ਹੱਥੋਂ ਖੋਹੀ ਜਾਣ ਵਾਲੀ ਰੋਟੀ ਦੇ ਦੁਖਾਂਤ ਨੂੰ ਗੋਰਖੀ ਨੇ ਆਪਣੇ ਪਿੰਡੇ 'ਤੇ ਹੰਢਾਇਆ ਸੀ । ਨਿਮਨ ਪਰਿਵਾਰ ਦਾ ਜੰਮਪਲ ਹੋਣ ਕਰਕੇ ਉਹ ਸਮਾਜਿਕ ਪ੍ਰਸਥਿਤੀਆਂ ਦੇ ਵਿਸ਼ਾਲ ਅਨੁਭਵ ਅਤੇ ਤਜਰਬੇ ਵਿੱਚੋਂ ਗੁਜ਼ਰਿਆ ਸੀ। ਇਸੇ ਕਰਕੇ ਉਸ ਨੇ ਆਪਣੀਆਂ ਕਹਾਣੀਆਂ ਵਿਚ ਦਲਿਤ ਵਰਗ ਦੀ ਆਂਤਰਿਕ ਪੀੜਾ ਦੇ ਅਨੇਕਾਂ ਦੁਖਾਂਤਕ ਵੇਰਵਿਆਂ ਨੂੰ ਪੇਸ਼ ਕੀਤਾ ਹੈ ।




**'ਮਿੱਟੀ ਰੰਗੇ ਲੋਕ'** (**ਪ੍ਰਕਾਸ਼ਕ: ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ, ਸਾਲ: 1974, ਪੰਨੇ :88, ਮੁੱਲ: 5 /-**) ਪ੍ਰੇਮ ਗੋਰਖੀ ਦਾ ਪਲੇਠਾ ਕਹਾਣੀ-ਸੰਗ੍ਰਹਿ ਹੈ। ਇਸ ਵਿਚਲੀ ਕਹਾਣੀ **'ਹੱਡ ਬੀਤੀ- ਜਗ ਬੀਤੀ'** ਜ਼ਿਮੀਂਦਾਰ ਵਰਗ ਦੁਆਰਾ ਇਕ ਸੀਰੀ ਦੇ ਪਰਿਵਾਰ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਨੂੰ ਲੁੱਟ ਕੇ ਕੀਤੇ ਜਾਣ ਵਾਲੇ ਕਤਲ ਦੇ ਦੁਖਾਂਤ ਨੂੰ ਬਿਆਨ ਕਰਦੀ ਹੈ ।ਕਹਾਣੀ ਵਿਚ ਜਿਮੀਂਦਾਰ ਸਵਰਨਾ ਅਤੇ ਪਾਖਰ ਆਪਣੇ ਸੀਰੀ ਚੰਨਣ ਨੂੰ ਸ਼ਰਾਬ ਦੇ ਨਸ਼ੇ ਵਿਚ ਡੁਬੋ ਕੇ ਚੰਨਣ ਦੀ ਪਤਨੀ ਬਚਨੋ ਦਾ ਬਲਾਤਕਾਰ ਕਰਕੇ ਕਤਲ ਕਰ ਦਿੰਦੇ ਹਨ ।ਇਸ ਤੋਂ ਇਲਾਵਾ ਪਾਖਰ ਚੰਨਣ ਦੀ ਧੀ ਦੀ ਪੱਤ ਲੁੱਟ ਕੇ ਉਸਨੂੰ ਵੀ ਮਾਰ ਦਿੰਦਾ ਹੈ ।ਕਹਾਣੀ ਵਿਚਲਾ ਮੈਂ ਪਾਤਰ ਇਸ ਦਾ ਬਦਲਾ ਲੈਣ ਲਈ ਸਵਰਨੇ ਅਤੇ ਪਾਖਰ ਦਾ ਕਤਲ ਕਰ ਦਿੰਦਾ ਹੈ ।ਜਿਸ ਕਾਰਨ ਉਸ ਉਪਰ ਦੋ ਕਤਲਾਂ ਦਾ ਮਾਮਲਾ ਦਰਜ ਹੋ ਜਾਂਦਾ ਹੈ ਪ੍ਰੰਤੂ ਪਿੰਡ ਦੇ ਸਰਪੰਚ ਦੀ ਗਵਾਹੀ ਬਲਾਤਕਾਰ ਕਰਨ ਵਾਲੇ ਦੋਸ਼ੀਆਂ ਦੇ ਹੱਕ ਵਿੱਚ ਹੀ ਭੁਗਤਦੀ ਹੈ ।ਕਥਾਕਾਰ ਦੀ ਬਿਰਤਾਂਤਕ-ਦ੍ਰਿਸ਼ਟੀ ਉੱਚ ਵਰਗ ਦੇ ਹੱਕ ਵਿੱਚ ਭੁਗਤਣ ਵਾਲੀ ਸਾਡੀ ਨਿਆਂ ਪ੍ਰਣਾਲੀ 'ਤੇ ਇੱਕ ਤਕੜੀ ਚੋਟ ਕਰਦੀ ਨਜ਼ਰ ਆਉਂਦੀ ਹੈ ਜਿਸ ਵਿੱਚ ਦਲਿਤ ਮਨੁੱਖ ਚਾਹੁੰਦਿਆਂ ਹੋਇਆਂ ਵੀ ਆਪਣੇ ਲਈ ਇਨਸਾਫ਼ ਦੀ ਮੰਗ ਨਹੀਂ ਕਰ ਸਕਦਾ ।ਬਗਾਵਤੀ ਆਵਾਜ਼ ਦਾ ਰੂਪ ਧਾਰਨ ਕਰਨ ਤੋਂ ਪਹਿਲਾਂ ਹੀ ਹਾਕਮ ਦੀ ਤਾਕਤ ਉਸ ਨੂੰ ਚੁੱਪ ਕਰਵਾ ਦਿੰਦੀ ਹੈ ।ਸੱਤਾਧਾਰੀ ਧਿਰ ਦੀਆਂ ਵਧੀਕੀਆਂ ਦਾ ਕੌੜਾ ਸੱਚ ਮੈਂ ਪਾਤਰ ਦੇ ਬਿਰਤਾਂਤਕੀ ਸੰਵਾਦ ਦੁਆਰਾ ਕਥਾ ਦੇ ਚਿਹਨਕੀ ਅਰਥਾਂ ਨੂੰ ਸੰਚਾਰਿਤ ਕਰਦਾ ਹੈ-

"ਹੁਣ ਮੈਂ ਦੇਖਦਾ ਹਾਂ- ਲੋਹੇ ਦੀਆਂ ਕੜੀਆਂ ਵਿੱਚ ਜਕੜੇ ਮੇਰੇ ਹੱਥ ਆਪਣੇ ਆਪ ਵਿੱਚ ਇਕੱਲੇ ਹਨ ।ਮੇਰੇ ਖ਼ਿਲਾਫ਼ ਗਵਾਹੀ ਦੇਣ ਲਈ ਕਟਹਿਰੇ ਅੰਦਰ ਖੜਾ ਸਰਪੰਚ ਮੇਰੇ ਵੱਲ ਘੂਰ ਘੂਰ ਕੇ ਦੇਖ ਰਿਹਾ ਹੈ ਕਿਉਂਕਿ ਮੈਂ ਉਸ ਦੀਆਂ ਬਾਹਵਾਂ ਵੱਢ ਕੇ ਵੀ ਉਸ ਦੇ ਸਾਹਮਣੇ ਖੜਾ ਹਾਂ ।ਮਰੀ ਹੋਈ ਮਾਂ ਬਾਰੇ ਕੋਈ ਵੀ ਗੱਲ ਅਜੇ ਤਾਈਂ ਜੀਊਂਦੀ ਨਹੀਂ ਹੋਈ 'ਜੋ ਸੀਰੀ ਹੁੰਦੇ ਨੇ ਉਹਨਾਂ ਦੀਆਂ ਸਭ ਗੱਲਾਂ ਮਰੀਆਂ ਹੋਈਆਂ ਹੁੰਦੀਆਂ ਨੇ ।ਉਹ ਮਰੇ ਹੋਏ ਜੰਮਦੇ ਨੇ ਤੇ ਮਰਿਆਂ ਹੋਇਆਂ ਨੂੰ ਹੀ ਮਾਰ ਦਿੱਤਾ ਜਾਂਦਾ ਹੈ ।'

ਸੋਚਦਾ ਹੋਇਆ ਮੈਂ ਹਾਕਮ ਵੱਲ ਵੇਖਦਾ ਹਾਂ ।"[4]

ਇਸੇ ਸੰਦਰਭ ਵਿਚ ਕਹਾਣੀ '**ਮਾਂ-ਧੀ**' ਇਕ ਵਹਿਸ਼ੀ ਜੱਟ ਦੁਆਰਾ ਨਿਮਨ ਵਰਗ ਦੀ ਇੱਕ ਔਰਤ ਅਤੇ ਉਸ ਦੀ ਧੀ ਦੇ ਕੀਤੇ ਜਾਣ ਵਾਲੇ ਜਿਨਸੀ ਸੋਸ਼ਣ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ ।ਕਹਾਣੀ ਵਿਚ ਮੁੱਖ ਪਾਤਰ ਕੁੰਦੂ ਦੇ ਪਿਤਾ ਦੀ ਮੌਤ ਹੋਣ ਮਗਰੋਂ ਉਸ ਦੀ ਮਾਂ ਅਤੇ ਭੈਣ ਭਜਨੋ ਨੂੰ ਆਰਥਿਕ ਲੋੜਾਂ ਦੀ ਪੂਰਤੀ ਹਿੱਤ ਮਜਬੂਰ ਹੋ ਕੇ ਗੁਲਜ਼ਾਰੇ ਜੱਟ ਦੀ ਵਹਿਸ਼ਤ ਦਾ ਸ਼ਿਕਾਰ ਬਣਨਾ ਪੈਂਦਾ ਹੈ ।ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਣ ਵਾਲੇ ਕੁੰਦੂ ਨੂੰ ਜਦੋਂ ਆਪਣੀ ਮਾਂ ਅਤੇ ਭੈਣ ਭਜਨੋ ਦੇ ਗ਼ੁਲਜ਼ਾਰੇ ਨਾਲ ਸਬੰਧਾਂ ਬਾਰੇ ਪਤਾ ਲੱਗਦਾ ਹੈ ਤਾਂ ਆਰਥਿਕ ਪੱਖੋਂ ਲਾਚਾਰ ਹੋਇਆ ਕੁੰਦੂ ਚਾਹੁੰਦਿਆਂ ਹੋਇਆਂ ਵੀ ਸਥਿਤੀ ਦਾ ਵਿਰੋਧ ਕਰਨੋਂ ਅਸਮਰਥ ਦਿਖਾਈ ਦਿੰਦਾ ਹੈ–

"ਘੁੰਮਵੀਂ ਜਿਹੀ ਨਜ਼ਰ ਕੁੰਦੂ ਦੀ ਕੋਠੇ ਅੰਦਰ ਜਾ ਪਈ...ਦੇਖ ਕੇ ਉਹਦੇ ਪੈਰ ਪਾਣੀ ਪਾਣੀ ਹੋ ਗਏ, ਗੁਲਜ਼ਾਰੇ ਦੀ ਧੌਲੀ ਦਾੜ੍ਹੀ ਭਜਨੋ ਦੇ ਕਰੂੰਬਲ ਜਿਹੇ ਮੂੰਹ ਨੂੰ ਸਮੇਟੀ ਖੜੀ ਸੀ... ਤੇ ਕੁੰਦੂ ਵੱਲ ਦੇਖ ਕੇ ਭਜਨੋ ਦਾ ਆਪਣਾ ਆਪ ਜਿਵੇਂ ਮਿੱਟੀ ਹੋ ਗਿਆ ਤੇ ਕੁੰਦੂ ਦੀ ਜ਼ੁਬਾਨ ਤਾਲੂਏ ਨਾਲ ਜਾ ਲੱਗੀ। ਪਰ ਉਹ ਕੀ ਕਰ ਸਕਦਾ ਸੀ ।ਹੱਥਾਂ ਨੂੰ ਬੰਨ ਬੰਨ ਉਹਨੇ ਕੰਮ ਕੀਤਾ ਤੇ ਲੱਤਾਂ ਨੂੰ ਧੂੰਹਦਾ ਹੋਇਆ ਘਰ ਅੱਪੜਿਆ ਸੀ ਤੇ ਆਥਣੇ ਦਾ ਉਹ ਹੁਣ ਮਾਂ ਨੂੰ ਭੈਣ ਨੂੰ ਗਾਲੀਆਂ ਦਿੰਦਾ ਹਟਿਆ ਹੈ... ਮਰਨ ਮਾਰਨ ਜਾਂਦਾ ਰਿਹਾ ਹੈ ਪਰ ਉਹ ਫਿਰ ਵੀ ਕਰ ਕੁਝ ਨਹੀਂ ਸਕਿਆ ।"[5]

ਇਸ ਸਥਿਤੀ ਦੇ ਸਮਾਨਾਂਤਰ ਹੀ ਕੁੰਦੂ ਦੀ ਮਾਂ ਅਤੇ ਭਜਨੋ ਦੋਹਰੇ ਮਾਨਸਿਕ ਸੰਕਟ ਵਿਚੋਂ ਗੁਜ਼ਰਦੀਆਂ ਹਨ ।ਰਿਸ਼ਤਿਆਂ ਦੀ ਮਰਿਆਦਾ ਵਿੱਚ ਬੱਚੀਆਂ ਇਹ ਦੋਨੋਂ ਔਰਤਾਂ ਆਪਣੀ ਨਿਰਦੋਸ਼ਤਾ ਦਾ ਇਜ਼ਹਾਰ ਵੀ ਨਹੀਂ ਕਰ ਪਾਉਂਦੀਆਂ ਅਤੇ ਸ਼ਰਮਿੰਦਗੀ ਦੀ ਗਲਾਜ਼ਤ ਨੂੰ ਸਹਿੰਦਿਆਂ ਜ਼ਹਿਰ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਦਿੰਦੀਆਂ ਹਨ ।ਸਥਿਤੀ ਦੀ ਵਿਡੰਬਨਾ ਇਹ ਹੈ ਕਿ ਸਰਮਾਏਦਾਰੀ ਨਿਜ਼ਾਮ ਦੁਆਰਾ ਸਤਾਈ ਜਾਣ ਵਾਲੀ ਇਹ ਔਰਤ ਇਸ ਪੀੜਾ ਨੂੰ ਆਪਣੇ ਮਨ ਦੁਆਰਾ ਜਰਨ ਅਤੇ ਤਨ ਦੁਆਰਾ ਹੰਢਾਉਣ ਲਈ ਬੇਬਸ ਹੈ। ਆਪਣੇ ਨਾਲ ਹੋਣ ਵਾਲੀਆਂ ਬਦਸਲੂਕੀਆਂ ਅਤੇ ਜਿਆਦਤੀਆਂ ਨੂੰ ਚੁੱਪਚਾਪ ਸਹਿਣਾ ਇਸ ਔਰਤ ਦੀ ਮਜਬੂਰੀ ਹੈ।ਡਾ. ਸਰਬਜੀਤ ਸਿੰਘ ਅਨੁਸਾਰ, "ਇਨ੍ਹਾਂ ਬਿਰਤਾਂਤਾਂ ਦੀ ਮੂਲ ਸੁਰ ਇਹ ਹੈ ਕਿ ਉਪਰਲੀ ਜੱਟ ਜਾਤੀ ਆਪਣੀ ਸੰਪਨਤਾ ਦੇ ਓਹਲੇ ਦਲਿਤ ਜਾਤੀਆਂ ਦੀ ਵਿਪੰਨਤਾ ਤੇ ਪਰ ਨਿਰਭਰ ਸਥਿਤੀ ਨੂੰ ਵਰਤ ਕੇ ਦਲਿਤ ਔਰਤ ਦਾ ਜਿਨਸੀ ਸੋਸ਼ਣ ਕਰਦੇ ਹਨ ।ਦਲਿਤ ਔਰਤ ਦੀ ਇੱਜ਼ਤ ਨੂੰ ਹੱਥ ਪਾਉਣਾ ਉਨ੍ਹਾਂ ਲਈ ਇੱਕ ਜਨਮਸਿੱਧ ਅਧਿਕਾਰ ਵਰਗਾ ਹੈ ਅਤੇ ਸਥਿਤੀ ਦਾ ਅੰਗ ਇਹ ਕਿ ਦਲਿਤ ਔਰਤ ਵੀ ਬਹੁਤੀ ਵਾਰੀ ਇਸਨੂੰ ਇੱਕ ਫ਼ਰਜ਼ ਵਾਂਗੂ ਹੀ ਨਿਭਾਉਂਦੀ ਹੈ ।"[6] '**ਅਫ਼ਸਰ**' ਕਹਾਣੀ ਵੀ ਉੱਚੇ ਵਰਗ ਦੀ ਕਿਸੇ ਵੀ ਦਲਿਤ ਔਰਤ ਪ੍ਰਤੀ ਉਸੇ ਸੌੜੀ ਸੋਚ ਨੂੰ ਪ੍ਰਗਟਾਉਂਦੀ ਹੈ ।ਸ਼ਹਿਰੀ ਵਰਗ ਦੇ ਅਫ਼ਸਰ ਆਪਣੇ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਛੋਟੇ ਮੁਲਾਜ਼ਮਾਂ ਨੂੰ ਮਾਨਸਿਕ ਤੌਰ ਤੇ ਮਜਬੂਰ ਕਰ ਕੇ ਇਨ੍ਹਾਂ ਦੇ ਘਰਾਂ ਦੀਆਂ ਧੀਆਂ–ਭੈਣਾਂ ਦਾ ਜਿਨਸੀ ਸ਼ੋਸ਼ਣ ਕਰਨ ਦੀ ਕਾਮਨਾ ਰੱਖਦੇ ਹਨ ।

ਕਹਾਣੀ '**ਛੋਟੀ ਬਹੂ**' ਵਿਚਲੀ ਔਰਤ ਹਵੇਲੀ ਦੇ ਇੱਕ ਸਰਦਾਰ ਦੁਆਰਾ ਖਰੀਦ ਕੇ ਲਿਆਂਦੀ ਗਈ ਹੈ ।ਪਿਤਰਕੀ ਸੱਤਾ ਅਧੀਨ ਵਿਚਰਦੇ ਇਸ ਸਮਾਜ ਵਿਚਲਾ ਇਹ ਮਰਦ ਖਰੀਦ ਕੇ ਲਿਆਂਦੀ ਇਸ ਔਰਤ ਨੂੰ ਨਿਸ਼ਚਿਤ ਹੱਦਬੰਦੀਆਂ ਵਿੱਚ ਕੈਦ ਕਰ ਕੇ ਰੱਖਣਾ ਅਤੇ ਉਸ ਨੂੰ ਆਪਣੀ ਸਵੈ ਇੱਛਾ ਅਨੁਸਾਰ ਭੋਗਣਾ ਇੱਕ ਜਾਇਜ਼ ਅਧਿਕਾਰ ਸਮਝਦਾ ਹੈ ਪ੍ਰੰਤੂ ਸਮਾਜ ਵਿਚ ਉਸ ਔਰਤ ਨੂੰ ਇੱਕ ਪਤਨੀ ਜਾਂ ਮਾਂ ਦੇ ਰੂਪ ਵਿੱਚ ਸਵੀਕਾਰ ਕਰਨਾ ਇਸ ਮਰਦ ਨੂੰ ਕਦਾਚਿਤ ਮਨਜ਼ੂਰ ਨਹੀਂ ਹੈ ।ਆਪਣੇ ਹੀ ਅੰਦਰ ਪੈਦਾ ਹੋਣ ਵਾਲੇ ਕਿਸੇ ਨਕਸ਼ ਨੂੰ ਵਾਰ–ਵਾਰ ਮਿਟਾਉਣਾ ਇਸ ਔਰਤ ਦੀ ਤ੍ਰਾਸਦਿਕ ਬੇਬਸੀ ਹੈ ।ਮਿੱਟੀ ਵਿੱਚੋਂ ਪੁੰਗਰਨ ਵਾਲੇ ਕਿਸੇ ਬੀਜ ਨੂੰ ਜੀਵਨ ਦੇਣ ਦੀ ਖਾਹਿਸ਼ ਦਾ ਗਲਾ ਘੁੱਟਣਾ ਉਸ ਦੀ ਆਂਤਰਿਕ ਪੀੜਾ ਨੂੰ ਦਰਸਾਉਂਦਾ ਹੈ,

"ਇੱਕ ਮਾਂ ਨੂੰ ਆਪਣਾ ਲਹੂ ਆਪਣੇ ਪੇਟ ਵਿੱਚ ਪਾਲਣ ਦਾ ਵੀ ਹੱਕ ਨਹੀਂ ? ਮੈਂ ਔਰਤ ਕਾਹਨੂੰ ਬਣ ਬੈਠੀ ? ਤੇ ਜੇ ਮੈਨੂੰ ਔਰਤ ਹੀ ਬਨਾਉਣਾ ਸੀ ਤਾਂ ਮੇਰੀ ਜੰਮਣ ਕੁੱਖ ਨੂੰ ਬਾਂਝ ਰੱਖ ਦਿੰਦਾ ... ਉਹ ਰੱਬਾ !...ਉਹ ਰੱਬਾ ! ਮੈਨੂੰ ਕੋਈ ਹਿਰਖ ਨਾ ਹੁੰਦਾ ਤੇ ਹੁਣ ਹੁਣ ਮੈਂ ਕਿਸ ਕਿਸ ਦੇ ਲਹੂ ਨੂੰ ਪੀਵੀ ਜਾਵਾਂ ? ਕਿਸ ਕਿਸ ਦੇ ਨਕਸ਼ਾਂ ਨੂੰ ਮਿੱਟੀ ਕਰੀ ਜਾਵਾਂ ਮਿੱਟੀ ਵੀ ਮਿੱਟੀ ਨਹੀਂ ਰਹਿੰਦੀ, ਉਹਦੀ ਵੀ ਕੁੱਖ ਕਦੇ ਹਰੀ ਹੋ ਜਾਂਦੀ ਹੈ । ਮੈਂ ਮਿੱਟੀ ਤੋਂ ਵੀ ਗਈ ਗੁਜ਼ਰੀ ਹਾਂ...।"[7]

ਛੋਟੀ ਬਹੂ ਨੂੰ ਜਦੋਂ ਹਵੇਲੀ ਵਿੱਚ ਖਿਦਮਤ ਕਰਨ ਆਈ ਇਕ ਔਰਤ ਤੋਂ ਸਰਦਾਰ ਦੀ ਪਹਿਲੀ ਪਤਨੀ ਤੋਂ ਤਿੰਨ ਮੁੰਡੇ ਅਤੇ ਦੋ ਕੁੜੀਆਂ ਬਾਰੇ ਪਤਾ ਲੱਗਦਾ ਹੈ ਤਾਂ ਉਸ ਅੰਦਰ ਵੀ ਆਪਣੇ ਅੰਦਰ ਪੁੰਗਰ ਰਹੀ ਜਿੰਦ ਨੂੰ ਲੁਕਾ ਕੇ ਰੱਖਣ ਦਾ ਹੌਂਸਲਾ ਪੈ ਜਾਂਦਾ ਹੈ । ਪ੍ਰੰਤੂ ਜਦ ਸਰਦਾਰ ਨੂੰ ਛੋਟੀ ਬਹੂ ਦੀ ਕੁੱਖ ਵਿੱਚ ਪਲ ਰਹੇ ਇਸ ਬੱਚੇ ਬਾਰੇ ਪਤਾ ਲੱਗਦਾ ਹੈ ਤਾਂ ਉਹ ਬੜੀ ਬੇਰਹਿਮੀ ਅਤੇ ਦਰਿੰਦਗੀ ਨਾਲ ਉਸਦੀ ਕੁੱਟਮਾਰ ਕਰਦਾ ਹੈ । ਉਹ ਸਰਦਾਰ ਦੀ ਇਸ ਹਵੇਲੀ ਨੂੰ ਚਾਹੁੰਦਿਆਂ ਹੋਇਆਂ ਵੀ ਛੱਡ ਕੇ ਨਹੀਂ ਜਾ ਸਕਦੀ । ਨਿਜੀ ਕਾਮਨਾਵਾਂ ਦੀ ਅੱਗ ਵਿੱਚ ਸੜਦੇ-ਮਰਦੇ ਸਰਦਾਰ ਦੇ ਕਸਾਈਪੁਣੇ ਦਾ ਦਹਿਲ ਉਸ ਦੇ ਸਮੁੱਚੇ ਵਜੂਦ ਨੂੰ ਅੰਦਰ ਤੱਕ ਹਿਲਾ ਕੇ ਰੱਖ ਦਿੰਦਾ ਹੈ ਜਿਸ ਕਾਰਨ ਉਸ ਨੂੰ ਆਤਮ ਹੱਤਿਆ ਕਰਨ ਤੋਂ ਬਗੈਰ ਹੋਰ ਕੋਈ ਰਾਹ ਨਜ਼ਰ ਨਹੀਂ ਆਉਂਦਾ । ਪੱਖੇ ਨਾਲ ਬੰਨ੍ਹੀ ਹੋਈ ਲਾਸ਼ ਨੂੰ ਦੇਖ ਕੇ ਘਰ ਦੇ ਨੌਕਰ ਖਲੀਲ ਦੇ ਮਨ ਅੰਦਰ ਹਿਰਖ ਅਤੇ ਹੀਣਤਾ ਦਾ ਭਾਵ ਇਸ ਕਦਰ ਹਾਵੀ ਹੋ ਜਾਂਦਾ ਹੈ ਕਿ ਉਹ ਸਰਦਾਰ ਦਾ ਕਤਲ ਕਰ ਦਿੰਦਾ ਹੈ । ਇਸ ਕਹਾਣੀ ਵਿੱਚ ਆਰਥਿਕ ਮਜਬੂਰੀਆਂ ਕਾਰਨ ਮਾਨਸਿਕ ਸੰਤਾਪ ਹੰਢਾਉਂਦੀ ਹੋਈ ਔਰਤ ਅੰਦਰ ਤੜਪਦੀਆਂ ਇੱਛਾਵਾਂ, ਅਕਾਂਖਿਆਵਾਂ, ਜਜ਼ਬਾਤਾਂ ਅਤੇ ਅਹਿਸਾਸਾਂ ਨੂੰ ਬਿਰਤਾਂਤਕਾਰ ਨੇ ਬੜੀ ਪ੍ਰਬੀਨਤਾ ਨਾਲ ਚਿਤਰਿਆ ਹੈ । ਬਦਲੇ ਹੋਏ ਹਾਲਾਤਾਂ ਵਿੱਚ ਕਈ ਵਾਰ ਨਵੀਂ ਪੀੜ੍ਹੀ ਇੱਕ ਹਥਿਆਰਬੰਦ ਐਲਾਨਨਾਮੇ ਦੇ ਰੂਪ ਵਿਚ ਇਨ੍ਹਾਂ ਸਮਾਜਿਕ ਪ੍ਰਸਥਿਤੀਆਂ ਦਾ ਵਿਰੋਧ ਕਰਦੇ ਹੋਏ ਵੀ ਨਜ਼ਰ ਆਉਂਦੀ ਹੈ । ਬਿਰਤਾਂਤਕਾਰ ਦੀ ਦ੍ਰਿਸਟੀ ਨੀਵੇਂ ਵਰਗ ਦੀ ਔਰਤ ਦੀ ਦਮਨਕਾਰੀ ਸਥਿਤੀ ਅਤੇ ਉਸ ਦੀ ਸਥਿਤੀ ਨੂੰ ਦੇਖ ਕੇ ਉਸੇ ਵਰਗ ਦੇ ਦੂਸਰੇ ਮਨੁੱਖ ਵਿੱਚ ਪੈਦਾ ਹੋਈ ਪੀੜਾ, ਤਲਖੀ ਅਤੇ ਰੋਹ ਨੂੰ ਮਾਨਸਿਕ ਚਿਤਰਪਟ ਦੁਆਰਾ ਉਸਾਰਨ ਦਾ ਯਤਨ ਕਰਦੀ ਹੈ ।

**'ਪਹਿਲੀ ਵੇਰ'** ਕਹਾਣੀ ਦਲਿਤ ਵਰਗ ਦੇ ਮਨੁੱਖ ਦੀ ਪਛਤਾਵੀ ਬਿਰਤੀ ਦੇ ਬਿਰਤਾਂਤਕ ਪਾਸਾਰ ਨੂੰ ਸਿਰਜਦੀ ਹੈ । ਕਹਾਣੀ ਵਿਚਲਾ ਪਾਤਰ ਚਰਨਾ ਭਾਵਨਾਵਾਂ ਤੋਂ ਬੇਕਾਬੂ ਹੋ ਕੇ ਆਪਣੇ ਮਾਲਕ ਦੀ ਨੂੰਹ ਨਾਲ ਸਰੀਰਕ ਸਬੰਧ ਬਣਾ ਲੈਂਦਾ ਹੈ । ਪ੍ਰੰਤੂ ਆਪਣੇ ਕੀਤੇ ਗੁਨਾਹਾਂ ਦਾ ਭੇਤ ਖੁੱਲ੍ਹਣ ਦਾ ਡਰ ਉਸ ਉੱਪਰ ਇਸ ਕਦਰ ਹਾਵੀ ਹੋ ਜਾਂਦਾ ਹੈ ਕਿ ਉਸ ਲਈ ਆਤਮ ਹੱਤਿਆ ਕਰਨਾ ਹੀ ਇਸ ਤੋਂ ਬਚਣ ਲਈ ਇੱਕ ਆਖਰੀ ਰਾਹ ਨਜ਼ਰ ਆਉਂਦਾ ਹੈ ।

**'ਓਪਰਾ ਬੋਝ'** ਕਹਾਣੀ ਸਰਮਾਏਦਾਰੀ ਨਿਜ਼ਾਮ ਦੁਆਰਾ ਨਿਮਨ ਵਰਗ ਦੇ ਮਨੁੱਖ ਦੇ ਹਰ ਪੱਖੋਂ ਕੀਤੇ ਜਾਣ ਵਾਲੇ ਸ਼ੋਸ਼ਣ ਦੀ ਅਸਲ ਤਸਵੀਰ ਨੂੰ ਪੇਸ਼ ਕਰਦੀ ਹੈ । ਕਹਾਣੀ ਵਿਚਲਾ ਪਾਤਰ ਦੁਰਗਾ ਦਾਸ ਪਿੰਡ ਦਾ ਧਨਾਢ ਲਾਲਾ ਹੈ ਜਿਸ ਨੇ ਸਾਰਾ ਪਿੰਡ ਆਪਣੀ ਮੁੱਠੀ ਵਿੱਚ ਬੰਨ੍ਹ ਕੇ ਰੱਖਿਆ ਹੋਇਆ ਹੈ । ਸਰਮਾਏਦਾਰੀ ਵਰਗ ਆਪਣੀਆਂ ਮਿੱਠੀਆਂ-ਮਿੱਠੀਆਂ ਗੱਲਾਂ ਪਰੋਸ ਕੇ ਇਸ ਨਿਮਨ ਵਰਗ ਦੇ ਹੱਥਾਂ ਦੀ ਬਚੀ ਹੋਈ ਸੰਪਤੀ ਨੂੰ ਵੀ ਕੋਈ ਨਾ ਕੋਈ ਦਾਓ-ਪੇਚ ਖੇਡ ਕੇ ਹਥਿਆਉਣ ਦੀ ਹਰ ਪੱਖੋਂ ਕੋਸ਼ਸ਼ ਕਰਦਾ ਹੈ । ਕਰਜ਼ੇ ਦੀ ਮਾਰ ਝੱਲਦਾ ਨਿਮਨ ਵਰਗ ਆਪਣੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਲਈ ਹਰ ਵੇਲੇ ਇਕ ਓਪਰੇ ਬੋਝ ਦੇ ਅਹਿਸਾਨ ਹੇਠ ਦੱਬਿਆ ਰਹਿੰਦਾ ਹੈ ।

**'ਜੀਉਂਦਾ ਆਦਮੀ'** ਵਿਚਲਾ ਪਾਤਰ ਨਸੀਬ ਜਵਾਨੀ ਦੀਆਂ ਸਰੀਰਕ ਕਾਮਨਾਵਾਂ ਦੀ ਅੱਗ ਵਿੱਚ ਸੜਦੇ ਔਰਤ ਦਾ ਸਾਥ ਭਾਲਦਾ ਹੈ ਪ੍ਰੰਤੂ ਦਲਿਤ ਵਰਗ ਦਾ ਇਹ ਮਨੁੱਖ ਆਪਣੇ ਅੰਦਰ ਪਨਪਣ ਵਾਲੀਆਂ ਕਾਮ ਇੱਛਾਵਾਂ ਦਾ ਗਲਾ ਘੋਟਣ ਲਈ ਮਜਬੂਰ ਹੈ । ਇਹ ਬਿਰਤਾਂਤਕ-ਪਾਠ ਹੀਣ ਭਾਵਨਾ ਗ੍ਰਸਤ ਦਲਿਤ ਵਰਗ ਦੁਆਰਾ ਭੋਗੇ ਜਾਣ ਵਾਲੇ ਮਾਨਸਿਕ ਸੰਤਾਪ ਦੀ ਥਾਹ ਪਾਉਂਦਾ ਹੈ ।

**'ਕੌਣ ਮਾਂ ਬਣਦੀ ਹੈ'** ਕਹਾਣੀ ਮੈਂ ਪਾਤਰ ਦੀ ਮਨੋਸਥਿਤੀ ਦੁਆਰਾ ਬਿਰਤਾਂਤ ਨੂੰ ਵਿਸਥਾਰ ਦਿੰਦੀ ਹੈ ।ਕਥਾ ਦਾ ਆਰੰਭ ਉੱਤਮ ਪੁਰਖੀ ਵਿਧੀ ਦੁਆਰਾ ਮੈਂ ਪਾਤਰ ਦੀ ਮਾਨਸਿਕਤਾ ਵਿੱਚੋਂ ਉਪਜੇ ਦਵੰਦ 'ਤੇ ਫੋਕਸ ਕਰਦਾ ਹੈ– "ਤੁਹਾਡੇ ਕਿੰਨੇ ਬੱਚੇ ਹਨ ?" ਇਕ ਦਿਨ ਮਰਦਮਸ਼ੁਮਾਰੀ ਕਰਦੀ ਹੋਈ ਇੱਕ ਕੁੜੀ ਨੇ ਮੇਰੀ ਮਾਂ ਕੋਲੋਂ ਪੁੱਛਿਆ ਸੀ ਤੇ ਮਾਂ ਚਾਰ ਬੱਚੇ ਕਹਿਣ ਮਗਰੋਂ ਕਿੰਨਾ ਚਿਰ ਮੇਰੇ ਮੂੰਹ ਵੱਲ ਮੋਹ ਭਿੱਜੀਆਂ ਨਜ਼ਰਾਂ ਨਾਲ ਵੇਖਦੀ ਰਹੀ ਸੀ ।ਉਸ ਵੇਲੇ ਮੈਂ ਸੋਚਦਾ ਸਾਂ ਅਸੀਂ ਪੰਜ ਭੈਣ ਭਰਾ ਹਾਂ ਅਤੇ ਮੇਰੀ ਮਾਂ ਇਕ ਜੀਅ ਭੁੱਲ ਗਈ ਹੈ ।"[8]

ਮੈਂ ਪਾਤਰ ਨੂੰ ਪਿਤਾ ਦੇ ਮੂੰਹੋਂ ਆਪਣੀ ਜ਼ਿੰਦਗੀ ਨਾਲ ਜੁੜੇ ਇੱਕ ਅਹਿਮ ਸੱਚ ਬਾਰੇ ਪਤਾ ਲਗਦਾ ਹੈ ।ਉਸ ਦੇ ਦੱਸਣ ਅਨੁਸਾਰ ਜਿਸ ਮੀਆਂ ਜੀ ਦੇ ਘਰ ਉਸ ਦਾ ਪਿਤਾ ਕੰਮ ਕਰਦਾ ਸੀ, ਉਸਦਾ ਪੁੱਤਰ ਰਾਇ ਮੁਹੰਮਦ ਤਰਖਾਣ ਦੀ ਧੀ ਪਾਰੋ ਨਾਲ ਸਬੰਧ ਬਣਾਉਂਦਾ ਹੈ ਜਿਸ ਦੇ ਨਤੀਜੇ ਵਜੋਂ ਪਾਰੋ ਦੀ ਕੁੱਖੋਂ ਇਕ ਪੁੱਤਰ ਜਨਮ ਲੈਂਦਾ ਹੈ।ਪਰ ਆਪਣੇ ਪਿਤਾ ਅਤੇ ਸਮਾਜ ਦੇ ਡਰ ਤੋਂ ਰਾਇ ਮੁਹੰਮਦ ਆਪਣੇ ਪੁੱਤਰ ਨੂੰ ਅਪਨਾਉਣ ਲਈ ਬੇਵੱਸ ਹੈ।ਆਪਣੇ ਵੰਸ਼ ਨੂੰ ਬਚਾਉਣ ਖ਼ਾਤਰ ਰਾਇ ਮੁਹੰਮਦ ਇਹ ਪੁੱਤਰ ਆਪਣੇ ਘਰ ਦੇ ਸੀਰੀ ਨੂੰ ਪਰਵਰਿਸ਼ ਕਰਨ ਲਈ ਸੌਂਪ ਦਿੰਦਾ ਹੈ।ਜਵਾਨ ਹੋਣ 'ਤੇ ਜਦ ਮੈਂ ਪਾਤਰ ਨੂੰ ਆਪਣੇ ਜੀਵਨ ਦੀ ਇਸ ਸੱਚਾਈ ਬਾਰੇ ਪਤਾ ਲੱਗਦਾ ਹੈ ਤਾਂ ਆਪਣੇ ਹੀ ਪਰਿਵਾਰਕ ਰਿਸ਼ਤਿਆਂ ਬਾਰੇ ਓਪਰਾ ਹੋਣ ਦਾ ਅਹਿਸਾਸ ਉਸ ਦੀ ਮਾਨਸਿਕਤਾ ਨੂੰ ਧੁਰ ਅੰਦਰੋਂ ਝੰਜੋੜ ਕੇ ਹੀਣ ਭਾਵਨਾ ਦਾ ਸ਼ਿਕਾਰ ਬਣਾਉਂਦਾ ਹੈ। ਜੀਵਤ ਹੁੰਦਿਆਂ ਹੋਇਆਂ ਵੀ ਸੰਸਾਰ ਪ੍ਰਤੀ ਅਲਹਿਦਗੀ ਉਸ ਨੂੰ ਇਕ ਵੱਖਰੇ ਹੀ ਸੰਸਾਰ ਵਿੱਚ ਲਿਜਾ ਕੇ ਮਰੀ ਹੋਈ ਦੇਹ ਦੀ ਕੁੰਠਾਗ੍ਰਸਤ ਸਥਿਤੀ ਦਾ ਅਹਿਸਾਸ ਕਰਵਾਉਂਦੀ ਹੈ।ਪਿਤਾ ਮੂੰਹੋਂ ਨਿਕਲੇ ਸ਼ਬਦ ਸੁਣ ਕੇ ਮੈਂ ਪਾਤਰ ਆਪਣੇ ਹੀ ਵਜੂਦ ਦੇ ਝੂਠੇ ਹੋਣ ਦੀ ਆਰੋਪਿਤ ਮਨੋਸਥਿਤੀ 'ਚੋਂ ਗੁਜਰਦਾ ਹੈ– "ਅੱਜ ਜਿਹੜਾ ਅੱਧ ਅੰਗਾ ਬਾਲ ਤੂੰ ਟੋਭੇ ਵਿੱਚ ਪਿਆ ਦੇਖ ਕੇ ਆਇਆ ਏਂ ਉਹ ਵੀ ਤੇਰੇ ਵਾਂਗ ਇਕ ਭੁੱਲ ਹੈ।" ਮੈਂ ਪਿਤਾ ਦੇ ਝੁਰੜੀਆਂ ਭਰੇ ਮੂੰਹ ਵੱਲ ਵੇਖਦਾ ਹਾਂ ਜੋ ਮੇਰਾ ਪਿਤਾ ਨਹੀਂ ਅਤੇ ਮੇਰੀ ਨਜ਼ਰ ਪਾਰਲੀ ਮੰਜੀ ਤੇ ਸੁੱਤੀ ਮਾਂ ਦੇ ਗੋਰੇ ਚਿਹਰੇ ਉੱਪਰ ਜਾ ਟਿਕਦੀ ਹੈ ਜਿਹੜੀ ਮੇਰੀ ਮਾਂ ਨਹੀਂ ਤੇ ਟੋਭੇ ਵਿੱਚ ਪਈ ਕਿਸੇ ਦੀ ਭੁੱਲ ਦੀਆਂ ਕਈ ਉਂਗਲਾਂ ਮੇਰੇ ਪਿੰਡੇ ਵਿੱਚ ਛੇਕ ਕਰਦੀਆਂ ਜਾਪਦੀਆਂ ਹਨ।"[9]

ਉਤਮ-ਪੁਰਖ ਵਿਧੀ ਦੁਆਰਾ ਰਚੀ ਇਹ ਕਹਾਣੀ ਪਾਠਕ ਦੀ ਮਨੋਸੰਵੇਦਨਾ ਨੂੰ ਧੁਰ ਅੰਦਰੋਂ ਟੁੰਬਣ ਦਾ ਯਤਨ ਕਰਦੀ ਹੈ।ਮੈਂ ਪਾਤਰ ਦੀ ਅੰਤਰੀਵ ਮਾਨਸਿਕਤਾ ਵਿੱਚ ਪਸਰੀ ਸਵੈ-ਗਿਲਾਨੀ ਅਤੇ ਗਲਾਜ਼ਤ ਉਸ ਨੂੰ ਕਿਸੇ ਗੁਨਾਹਗਾਰੀ ਦੇ ਆਲਮੀ ਸੰਸਾਰ ਵੱਲ ਧਕੇਲਦੀ ਮਹਿਸੂਸ ਹੁੰਦੀ ਹੈ ।

ਇਸ ਦੇ ਵਿਪਰੀਤ 'ਮਾਂ ਮਾਂ ਹੈ, ਪਿਉ ਪਿਉ ਨਹੀਂ' ਕਹਾਣੀ ਵਿਚਲੀ ਪਾਤਰ ਚੰਨੋ ਇੱਕ ਮਾਂ ਦੀ ਤਸੱਵਰ ਕੀਤੀ ਜਾਣ ਵਾਲੀ ਤਸਵੀਰ ਨੂੰ ਸਹੀ ਅਰਥਾਂ ਵਿੱਚ ਰੂਪਮਾਨ ਕਰਦੀ ਹੈ।ਆਪਣੇ ਪਤੀ ਦੀ ਮੌਤ ਮਗਰੋਂ ਚੰਨੋ ਆਪਣੇ ਸਹੁਰੇ ਦੁਆਰਾ ਕੀਤੀ ਜਾਣ ਵਾਲੀ ਬਦਸਲੂਕੀ ਦਾ ਸ਼ਿਕਾਰ ਹੋਈ ਆਪਣੀ ਆਬਰੂ ਬਚਾਉਣ ਲਈ ਆਪਣੇ ਚਾਚਾ-ਚਾਚੀ ਕੋਲ ਚਲੀ ਜਾਂਦੀ ਹੈ ।ਜਦੋਂ ਦੀ ਵਾਗਡੋਰ ਨੂੰ ਸੰਭਾਲਣ ਲਈ ਅਤੇ ਆਪਣੀਆਂ ਦੋ ਕੁੜੀਆਂ ਦੇ ਸਿਰ 'ਤੇ ਬਾਪ ਦਾ ਆਸਰਾ ਭਾਲਦੀ ਚਾਚਾ-ਚਾਚੀ ਦੇ ਕਹਿਣ 'ਤੇ ਦੂਸਰੇ ਰਿਸ਼ਤੇ ਵਿਚ ਬੱਝਣ ਲਈ ਤਿਆਰ ਹੋ ਜਾਂਦੀ ਹੈ । ਪ੍ਰੰਤੂ ਸਾਡੇ ਸਮਾਜ ਵਿਚਲੀ ਮਰਦ ਮਾਨਸਿਕਤਾ ਦੂਸਰੀ ਔਰਤ ਦੀ ਸੰਤਾਨ ਨੂੰ ਅਪਨਾਉਣ ਲਈ ਕਦੇ ਵੀ ਤਿਆਰ ਨਹੀਂ ਹੁੰਦੀ।ਮਰਦ ਨੂੰ ਔਰਤ ਸੰਪੂਰਨ ਰੂਪ ਵਿੱਚ ਹੀ ਚਾਹੀਦੀ ਹੈ। ਵੰਡੀ ਹੋਈ ਕਿਸੇ ਜਾਇਦਾਦ ਵਾਂਗ ਉਸ ਨੂੰ ਕੋਈ ਵੀ ਸਮਝੌਤਾ ਕਰਨਾ ਮਨਜ਼ੂਰ ਨਹੀਂ ।ਪਰ ਇਕ ਮਾਂ ਦਾ ਹਿਰਦਾ ਉਸ ਮਰਦ ਦੀ ਦੂਸਰੀ ਔਲਾਦ ਨੂੰ ਆਸਰਾ ਦੇਣ ਲਈ ਇੱਕ ਭਾਵਨਾਤਮਕ ਰਿਸ਼ਤੇ ਵਿੱਚ ਬੱਝਣ ਲਈ ਤਿਆਰ ਹੋ ਜਾਂਦਾ ਹੈ

"ਬਾਲ ਕੋਈ ਵੰਡੇ ਹੋਏ ਹੁੰਦੇ ਨੇ, ਰੱਬ ਦੀ ਦਾਤ ਨੇ, ਉਹਦੇ ਹੋਏ ਜਾਂ ਮੇਰੇ, ਕੀ ਹੋਇਆ... ਧੁੜ੍ਹਿਆਂ, ਕੋਲ ਮਾਂ ਨਹੀਂ ਕੋਈ...ਮੇਰਾ ਵੀ ਸਿਰ ਢਕਿਆ ਜਾਊ ...।"[10]

ਉਸਦੇ ਕਥਾ ਸੰਸਾਰ ਵਿਚਲੇ ਪਾਤਰਾਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਪਾਠਕ ਨੂੰ ਧੁਰ ਅੰਦਰ

ਤਕ ਹਲੂਣ ਦਿੰਦੀਆਂ ਹਨ । ਹਾਸ਼ੀਏ 'ਤੇ ਵਿਚਰਦੇ ਇਹ ਪਾਤਰ ਮਾਨਸਿਕ ਅਤੇ ਸਰੀਰਕ ਪੱਖੋਂ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਹੰਢਾਉਂਦੇ ਹੋਏ ਜੀਵਨ ਦਾ ਨਿਰਬਾਹ ਕਰਨ ਲਈ ਬੇਵੱਸ ਦਿਖਾਈ ਦਿੰਦੇ ਹਨ। ਦੁੱਖਾਂ ਦੀ ਹਨੇਰੀ ਕਾਲ ਕੋਠੜੀ ਵਿੱਚ ਗੁਆਚੇ ਆਪਣੇ ਵਜੂਦ ਨੂੰ ਮਨਫ਼ੀ ਕਰਕੇ ਅਣਹੋਏ ਮਨੁੱਖ ਦੀ ਤਰ੍ਹਾਂ ਜੀਵਨ ਬਤੀਤ ਕਰਨਾ ਇਨ੍ਹਾਂ ਦੀ ਮਜਬੂਰੀ ਹੈ । ਇਸ ਪੁਸਤਕ ਵਿਚਲੀਆਂ ਹੋਰ ਕਹਾਣੀਆਂ 'ਭਲੇ ਪੁਰਸ਼', 'ਸ਼ੇਰ ਪੁੱਤ', 'ਰੁੱਝੇ ਹੋਏ ਆਦਮੀ', 'ਰੱਬ ਦਾ ਭਾਈ', 'ਪਿਓ ਦਾ ਪਿਉ, 'ਲਹੂ ਪੀਣੇ', 'ਦਰਵੇਸ਼' ਦਲਿਤ ਵਰਗ ਨਾਲ ਜੁੜੇ ਵਿਭਿੰਨ ਦੁਖਾਂਤਕ ਪਹਿਲੂਆਂ ਦੀ ਨਿਸ਼ਾਨਦੇਈ ਕਰਦੀਆਂ ਹਨ ।

ਪ੍ਰੇਮ ਗੋਰਖੀ ਆਪਣੀ ਬਿਰਤਾਂਤਕ ਦ੍ਰਿਸ਼ਟੀ ਨੂੰ ਸਿੱਧੇ ਰੂਪ ਵਿੱਚ ਪ੍ਰਗਟਾਉਣ ਦੀ ਬਜਾਏ ਪਰੋਖ ਰੂਪ ਵਿੱਚ ਪਾਤਰਾਂ ਦੇ ਸੰਵਾਦ, ਮਨੋਬਚਨੀਆਂ, ਸਿਮਰਤੀਆਂ, ਯਾਦਾਂ ਦੁਆਰਾ ਪੇਸ਼ ਕਰਦਾ ਹੈ । ਉਸ ਅਨੁਸਾਰ, "ਮੇਰੀ ਸੋਚ ਹੈ ਕਿ ਮੇਰਾ ਆਮ ਪਾਠਕ ਵੀ ਆਮ ਜਿਹਾ ਨਾ ਹੋਵੇ ਉਹ ਗੱਲ ਨੂੰ ਤਾਂ ਫੜੇ ਰਚਨਾ ਵਿਚ ਬਥੇਰੀ ਵਾਰੀ ਲੁਕਵੇਂ ਅੱਖਰਾਂ ਵਿਚ ਲੁਕਵੀਂ ਭਾਸ਼ਾ ਵਿੱਚ ਗੱਲ ਕੀਤੀ ਹੁੰਦੀ ਹੈ ।"[11] ਪ੍ਰੇਮ ਗੋਰਖੀ ਦੀਆਂ ਜਂ ਕਥਾਵਾਂ ਦੇ ਸੰਚਾਰ ਉੱਤਮ-ਪੁਰਖੀ ਬਿਰਤਾਂਤਕ ਵਿਧੀ ਦੁਆਰਾ ਪੇਸ਼ ਹੋਏ ਹਨ। ਬਿਰਤਾਂਤਕਾਰ ਕਥਾ ਵਿਚਲੀਆਂ ਘਟਨਾਵਾਂ ਨੂੰ ਸਿੱਧੇ ਰੂਪ ਵਿੱਚ ਪੇਸ਼ ਕਰਨ ਦੀ ਬਜਾਏ ਸੰਕੇਤਕ ਰੂਪ ਵਿੱਚ ਬਿਆਨ ਕਰਦਿਆਂ ਇਕ ਗੁੱਝੇ ਰਹੱਸ ਦੀਆਂ ਤੰਦਾਂ ਨੂੰ ਕਥਾ ਦੇ ਅੰਤ ਵਿੱਚ ਜਾ ਕੇ ਖੋਲ੍ਹਦਾ ਹੈ। ਇਨ੍ਹਾਂ ਕਹਾਣੀਆਂ ਦਾ ਸੰਵਾਦ ਤਿੱਖਾ, ਬਹੁਅਰਥੀ ਅਤੇ ਸੰਕੇਤਮਈ ਹੈ ਜੋ ਪਾਠਕ ਅੰਦਰ ਕਥਾ ਨੂੰ ਅੱਗੇ ਤੱਕ ਪੜ੍ਹਨ ਲਈ ਉਤਸ਼ਾਹਿਤ ਕਰਦਾ ਹੈ। ਪ੍ਰੇਮ ਗੋਰਖੀ ਨੇ ਇਨ੍ਹਾਂ ਕਥਾਵਾਂ ਦੇ ਬਿਰਤਾਂਤ ਵਿੱਚ ਪੇਂਡੂ ਵਾਤਾਵਰਣ ਦੇ ਨਿੱਕੇ-ਨਿੱਕੇ ਵੇਰਵੇ ਬੜੀ ਸੁਚੱਜਤਾ ਨਾਲ ਸਿਰਜੇ ਹਨ। ਕਈ ਕਹਾਣੀਆਂ ਵਿੱਚ ਬਿਰਤਾਂਤ ਇੱਕ ਲਕੀਰੀ ਪਾਸਾਰ ਵਿੱਚ ਅੱਗੇ ਨਹੀਂ ਵਧਦਾ ਬਲਕਿ ਇਸ ਲਈ ਬਿਰਤਾਂਤਕਾਰ ਅਗਲਝਾਤ ਜਾਂ ਪਿੱਛਲਝਾਤ ਵਿਧੀ ਦਾ ਪ੍ਰਯੋਗ ਕਰਦਾ ਹੈ। ਇਸ ਪੁਸਤਕ ਵਿਚਲੀਆਂ ਬਹੁਤੀਆਂ ਕਹਾਣੀਆਂ ਜਿਣਸੀ ਸਬੰਧਾਂ ਦੇ ਬਿਰਤਾਂਤਕੀ ਵਿਸ਼ਿਆਂ ਦੁਆਲੇ ਹੀ ਘੁੰਮਦੀਆਂ ਨਜ਼ਰ ਆਉਂਦੀਆਂ ਹਨ। ਪ੍ਰੇਮ ਗੋਰਖੀ ਦੀਆਂ ਕਹਾਣੀਆਂ ਦੇ ਸ਼ੀਰਸ਼ਕ ਕਥਾ ਵਿਚਲੇ ਸੰਚਾਲਿਤ ਭਾਵਾਂ ਨੂੰ ਪ੍ਰਗਟਾ ਕੇ ਸਾਰਥਕ ਰੂਪ ਵਿਚ ਚਿਹਨੀਕ੍ਰਿਤ ਕਰਦੇ ਹਨ ਜੋ ਪ੍ਰੇਮ ਗੋਰਖੀ ਦੀ ਦਲਿਤ ਚੇਤਨਾ ਦੀ ਉੱਤਮ ਕਲਾਤਮਿਕ ਦ੍ਰਿਸ਼ਟੀ ਦਾ ਪ੍ਰਮਾਣ ਹਨ।

**(ਲੇਖਕਾਂ ਪੰਜਾਬ ਯੂਨੀਵਰਸਿਟੀ, ਪੰਜਾਬੀ ਵਿਭਾਗ ਵਿਚ ਕਹਾਣੀ 'ਤੇ ਖੋਜ ਕਰ ਰਹੀ ਹੈ)**

**ਹਵਾਲੇ ਅਤੇ ਟਿੱਪਣੀਆਂ**

1. ਡਾ. ਸਰਬਜੀਤ ਸਿੰਘ, ਜਾਤ-ਜਮਾਤ ਅਤੇ ਸਾਹਿਤ, ਪੰਨਾ-23
2. ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ, ਪੰਨਾ-143
3. ਪ੍ਰੇਮ ਗੋਰਖੀ, ਨਿਜੀ ਮੁਲਾਕਾਤ (ਅਣਪ੍ਰਕਾਸ਼ਿਤ), ਪੰਨਾ-10
4. ਪ੍ਰੇਮ ਗੋਰਖੀ, ਮਿੱਟੀ ਰੰਗੇ ਲੋਕ, ਪੰਨਾ-11-12
5. ਉਹੀ, ਪੰਨਾ-31
6. ਉਹੀ, ਦਲਿਤ ਦ੍ਰਿਸ਼ਟੀ, ਪੰਨਾ-122
7. ਪ੍ਰੇਮ ਗੋਰਖੀ, ਮਿੱਟੀ ਰੰਗੇ ਲੋਕ, ਪੰਨਾ-15
8. ਉਹੀ, ਪੰਨਾ-5
9. ਉਹੀ, ਪੰਨਾ-7
10. ਉਹੀ, ਪੰਨਾ-5
11. ਪ੍ਰੇਮ ਗੋਰਖੀ, ਨਿਜੀ ਮੁਲਾਕਾਤ (ਅਣਪ੍ਰਕਾਸ਼ਿਤ), ਪੰਨਾ-6

**(ਸੰਪਰਕ-99883-22870)**

# ਕਹਾਣੀ/ ਜੀਣ-ਮਰਨ / - ਪ੍ਰੇਮ ਗੋਰਖੀ

ਚੱਪਾ ਕੁ ਭਰ ਧੁੱਪ ਮਸਾਂ ਪਿੰਡ ਦੇ ਵਸੀਵੇਂ ਤਾਈਂ ਖਿੰਡਦੀ ਦੇਖ ਬਿਸ਼ਨਾ ਘੋੜੇ ਨੂੰ ਅੰਦਰੋਂ ਖੋਲ੍ਹ ਫਿਰਨੀ ਕੰਢਲੇ ਤੂਤ ਦੇ ਮੁੱਢ ਬੰਨ੍ਹਣ ਲੱਗਾ ਤਾਂ ਪਿਛਾੜੀਓਂ ਕਿਸੇ 'ਵਾਜ਼ ਮਾਰੀ। ਬੋਲ ਸੁਣ ਬਿਸ਼ਨੇ ਦੇ ਹੱਥੀਂ ਜਿਵੇਂ ਸਪੋਲੀਆ ਆ ਚੜ੍ਹਿਆ ਹੋਵੇ ਤੇ ਉਹਨੇ ਉਖੜ ਕੇ ਪਰਤਵੀਂ ਨਿਗ੍ਹਾ ਮਾਰੀ, ਲੰਬੜ ਹੀ ਸੀ। ਉਹਨੇ ਗੰਢਾ ਮਾਰਦਿਆਂ ਮੂੰਹ ਵਿਚ ਲੰਬੜ ਨੂੰ ਗਾਲ੍ਹ ਦਿੱਤੀ।

"ਕਿਵੇਂ ਹਾਲੇ ਚਾਲੇ ਆ ਬਿਸ਼ਨ ਸਿਆਂ ... ਭਾਈ ਸ਼ੈਹਰ ਕਦੋਂ ਕੁ ਵਗੇਂਗਾ।" ਲੰਬੜ ਲੱਕ 'ਤੇ ਲਾਂਗੜ ਟੁੰਗਦਾ ਬਿਸ਼ਨੇ ਦੇ ਲਾਗ ਨੂੰ ਆ ਗਿਆ। ਇਕ ਬਿੰਦ ਬਿਸ਼ਨੇ ਨੇ ਕੋਈ ਮੋੜ ਨਾ ਦਿੱਤਾ। ਉੱਠਦਿਆਂ ਉਹਨੇ ਪਰ੍ਹਾਂ ਧਰੇਕਾਂ ਉਹਲੇ ਆਪਣੇ ਦਰਾਂ ਵੱਲ ਝਾਤੀ ਮਾਰੀ, ਜਿਥੇ ਖੁੱਲ੍ਹੇ ਖਿੜਕ ਬਿਨਾਂ ਹੋਰ ਕੁਝ ਨਹੀਂ ਸੀ ਦੀਂਹਦਾ। ਫਿਰ ਉਹਨੇ ਲੰਬੜ ਦੀਆਂ ਅੱਖਾਂ 'ਚ ਝਾਕਿਆ, ਜੀਹਦਾ ਮੂੰਹ ਉਹਦੇ ਦਰਾਂ ਵੱਲ ਹੀ ਸੀ ਤੇ ਫਿਰ ਉਹ ਆਪਣੇ ਵੱਲੋਂ ਇਉਂ ਖੜਿਆ ਕਿ ਗੱਲ ਕਰਦੇ ਲੰਬੜ ਦੀ ਪਿੱਠ ਉਹਦੇ ਕੋਠੇ ਵੱਲ ਘੁੰਮ ਗਈ। "ਸ਼ੈਹਰ ਤਾਂ ਚਲਣਾਂ, ਪਰ ਅਜੇ ਨੀਂ, ਦਿਨ ਨਿਖਰੇ 'ਤੇ ਤੁਰੂੰ।"

"ਦਿਨ ਨੂੰ ਕੀ ਪਿਐ ... ਦੇਖਾਂ ਧੁੱਪ ਨਿਕਲਦੀ ਆਉਂਦੀ ਐ, ਨਾਲੇ ਹੁਣ ਦਿਨ ਐਹੋ ਜੇਹੇ ਈ ਨੇ।" ਲੰਬੜ ਨੇ ਤਲੀ 'ਤੇ ਰੱਖੇ ਜ਼ਰਦੇ ਨੂੰ ਥੱਪ-ਥੱਪਾ ਕੇ ਝਾੜਿਆ ਤੇ ਬੁੱਲ੍ਹਾਂ 'ਚ ਰਖਦਾ ਬੋਲਿਆ, "ਹਵੇਲੀਉਂ ਦੋ ਡਰੰਮ ਤੇ ਬੋਰੀਆਂ ਲੈ ਕੇ ਚਲਣਾਂ, ਯਾਦ ਰਖੀਂ।"

ਜਦੇ ਘੋੜੇ ਦੀਆਂ ਐਨਕਾਂ ਤੇ ਹੋਰ ਸਾਜ਼ ਚੱਕੀ ਬਿਸ਼ਨੇ ਦੀ ਬਹੂ ਕਰਮੀ ਆ ਗਈ। ਹੋਰ ਹੀ ਵਿਚਾਰਾਂ 'ਚ ਪਏ ਬਿਸ਼ਨੇ ਨੇ ਉਹਨੂੰ ਆਉਂਦੀ ਨੂੰ ਜਿਵੇਂ ਦੇਖਿਆ ਹੀ ਨਹੀਂ ਸੀ ਤੇ ਹੁਣ ਜਦੋਂ ਜਮਾਂ ਕੋਲ ਆਈ ਨੂੰ ਦੇਖਿਆ ਤਾਂ ਉਹ ਮੱਚ ਉੱਠਿਆ, "ਇਹ ਕਾਹਨੂੰ ਚੁੱਕੀ ਆਉਂਦੀ ਐਂ... ਤੇਰਾ ਲਗਦਾ ਝੜ ਤਾਂ ਹੋਇਆ ਪਿਐ ... ਐਹੋ ਜੇ 'ਚ ਕੋਈ ਮਿਲ ਜੂ ਸੰਵਾਰੀ, ਲੋਕ ਤਾਂ ਘਰਾਂ 'ਚੋਂ ਨੀ ਨਿਕਲਦੇ, ਤੂੰ ਆ ਗੀ ਐਂ ਚੁਕ ਕੇ, ਰਖਦੇ ਲੈਜਾ ਕੇ।"

ਲੰਬੜ ਨੇ ਘੁੰਮ ਕੇ ਕਰਮੀ ਵੱਲ ਦੇਖਿਆ ਤੇ ਬੋਲਿਆ, 'ਐਵੇਂ ਨਾ ਘੂਰਿਆ ਕਰ, ਕੁੱਤੇ ਦਿਆ ਸੋਨਾ ਸਾਂਭੀ ਬੈਠੇਂ।"

ਲੰਬੜ ਦੀ ਗੱਲ ਬਿਸ਼ਨੇ ਨੂੰ ਚੀਰਦੀ ਹੋਈ ਅੰਦਰ ਵੜੀ ਤੇ ਦੁਫਾੜ ਕਰਕੇ ਸੁੱਟ ਗਈ। 'ਸਾਲਿਆ ਮੇਰੀ ਬਹੂ ਆ, ਚਾਹੇ ਘੂਰਾਂ ਚਾਹੇ ਦਬਕਾਂ, ਤੇਰੀ ਭੈਣ ਲਗਦੀ ਆ।' ਉਹਨੇ ਮੂੰਹ ਵਿਚ ਲੰਬੜ ਨੂੰ ਮਾੜਾ ਆਖਿਆ ਤੇ ਅੰਦਰਲੀ ਜ਼ਹਿਰ ਅੰਦਰ ਹੀ ਨਿਗਲ ਗਿਆ। ਉਹ ਸਾਜ਼ ਧੂਹ ਕੇ ਲਈ ਜਾਂਦੀ ਕਰਮੀ ਨੂੰ ਇਕ ਟੱਕ ਘੂਰਦਾ ਰਿਹਾ।

"ਤੂੰ ਤਾਂ ਊਈਂ ਠੰਢੀ ਜੀ ਕਰਕੇ ਮੋੜ 'ਤੀ ... ਚੰਗਾ ਫੇ ਯਾਦ ਰੱਖੀਂ ...।" ਕਹਿ ਕੇ ਲੰਬੜ ਮੁੜਿਆ ਤੇ ਉਹਨੇ ਭੋਏਂ 'ਤੇ ਥੁੱਕਦੇ ਨੇ ਧਰੇਕਾਂ ਕੰਨੀਂ ਝਾਕਿਆ। ਬਿਸ਼ਨੇ ਅੰਦਰਲੇ ਧੁਖਦੇ ਧੂਣੇ 'ਚੋਂ ਲਾਟ ਨਿਕਲੀ ਤੇ ਉਹ ਖੜਾ-ਖੜਾ ਲੜਖੜਾ ਗਿਆ। ਉਹਨੇ ਘਰ ਦੀਆਂ ਸੱਖਣੀਆਂ ਕੰਧਾਂ ਤੇ ਸੁੰਨੇ ਵਿਹੜੇ ਵੱਲ ਦੇਖਿਆ, ਉਧਰ ਤਾਂ ਕੋਈ ਵੀ ਨਹੀਂ ਸੀ। ਉਹ ਦੇਖਦਾ ਰਿਹਾ ਪਰ ਕਰਮੀ ਤਾਂ ਉੱਕਾ ਉਹਦੇ ਨਜ਼ਰ ਨਾ ਪਈ। "ਨਹੀਂ ਉਹ ਮਾੜੀ ਨੀ ਐਵੇਂ ਮੇਰਾ ਭਰਮ ਐਂ, ਫਿਰ ਉਹ ਹੁਣੇ ਕਾਹਤੋਂ ਆ ਗੀ ... ਲੰਬੜ ਨੂੰ ਦੇਖ ਕੇ ਈ ਆਈ ਤੀ ... ਐਹੀ ਗੱਲ ਐ ... ਨਹੀਂ ਨਹੀਂ, ਰਾਤੀਂ ਤਾਂ ਉਹ ਭਾਈਆਂ ਦੀ ਸੌਂਹ ਖਾਂਦੀ ਤੀ, ਉਹ ਤਾਂ ਅੱਗੇ ਵੀ ਇਵੇਂ ਹੀ ਸਾਜ਼ ਚੁੱਕ ਕੇ ਲਿਆਉਂਦੀ ਹੁੰਦੀ ਐ ਜਦੋਂ ਉਹ ਘੋੜਾ ਬਾਹਰ ਕਢਦੈ, ਅੱਜ ਵੀ ਉਵੇਂ ਆ ਗੀ ... ਉਹਨੂੰ ਕੀ ਖ਼ਬਰ ਤੀ ਪਈ ਲੰਬੜ ਖੜੈ ...।" ਉਹ ਅੰਦਰੋਂ ਤੜਫ਼-ਤੜਫ਼ ਸੋਚ ਰਿਹਾ ਸੀ। ਉਹਦੇ ਮਨ ਦੀ ਗੱਲ ਵੀ ਉਹਦੇ ਕਾਬੂ 'ਚ ਨਹੀਂ ਸੀ ਰਹੀ।

ਕੱਲ੍ਹ ਆਥਣੇ ਜਦੋਂ ਬਿਸ਼ਨਾ ਸ਼ਹਿਰ ਅੱਡੇ 'ਚ ਖੜਾ ਸਵਾਰੀਆਂ ਦੀ ਉਡੀਕ ਕਰਦਾ ਅਖੀਰ ਖ਼ਾਲੀ ਹੀ ਤੁਰਨ ਲੱਗਾ ਸੀ ਤਾਂ ਚਾਦਰਾ ਧੂੰਹਦਾ, ਉਖੜ-ਉਖੜ ਤੁਰਦਾ ਲੰਬੜ ਉਹਦੇ ਤਾਂਗੇ ਵਿਚ ਆ ਬੈਠਿਆ

ਸੀ। ਲੰਬੜ ਦੇ ਬੈਠਦਿਆਂ ਹੀ ਬਿਸ਼ਨੇ ਨੇ ਘੋੜੇ ਨੂੰ ਛੇੜ ਦਿੱਤਾ ਸੀ। ਪਿੰਡ ਵਿਚ ਕਈ ਦਿਨਾਂ ਤੋਂ ਗੁੰਮ ਹੋਏ ਦੋ ਕੁ ਵਰ੍ਹਿਆਂ ਦੇ ਮੁੰਡੇ ਦੀ, ਕੱਲ੍ਹ ਇਕ ਖੂਹ 'ਚੋਂ ਲੱਭੀ ਲਾਸ਼ ਬਾਬਤ ਗੱਲਾਂ ਕਰਦੇ ਉਹ ਵਿਰਦੀ ਭਰਾਵਾਂ ਦੇ ਆਰੇ ਮੂਹਰੇ ਆਏ ਤਾਂ ਲੰਬੜ ਨੇ ਤਾਂਗਾ ਰੋਕਣ ਲਈ ਆਖ ਕੇ ਬਿਸ਼ਨੇ ਨੂੰ ਹੇਠ ਲਾਹ ਲਿਆ ਸੀ। ਚਾਹ ਦੀ ਦੁਕਾਨ ਤੋਂ ਗਲਾਸ ਫੜ ਕੇ ਬਿਸ਼ਨੇ ਦੇ ਨਾਂਹ-ਨਾਂਹ ਕਰਦਿਆਂ ਦੋ ਹਾੜੇ ਉਹਨੂੰ ਲੁਆ ਦਿੱਤੇ ਸਨ। ਬੋਤਲ 'ਚ ਬਾਕੀ ਬਚਦੀ ਆਪ ਪੀ ਉਹ ਤਾਂਗੇ 'ਤੇ ਆ ਬੈਠੇ ਸਨ। ਨਹਿਰ ਦੀ ਪੁਲੀ 'ਤੇ ਚੜ੍ਹਦੇ, ਪਿੰਡ ਦੇ ਓਸ ਪਾਪੀ ਨੂੰ ਉਹ ਗਾਲ੍ਹਾਂ ਦਿੰਦੇ ਆਏ ਸਨ ਜਿਹਨੇ ਜੁਆਕ ਨੂੰ ਖੂਹ 'ਚ ਮਾਰ ਕੇ ਸੁੱਟ ਦਿੱਤਾ ਸੀ। ਉਤਰਾਈ ਉਤਰ ਕੇ ਮੋੜ ਮੁੜਦਿਆਂ, ਪਿੰਡ ਦੀ ਸੜਕੇ ਪੈਂਦਿਆਂ ਉਹਨਾਂ ਹੋਰ ਗੱਲਾਂ ਛੋਹ ਲਈਆਂ ਸਨ। ਉਹਨਾਂ ਪਿੰਡ ਦੇ ਕੁਤੀੜਾਂ ਤੋਂ ਲੈ ਖਟੜਿਆਂ ਦੀ ਮਾਸਟਰਆਣੀ ਤਾਈਂ ਗੱਲਾਂ ਕੀਤੀਆਂ ਸਨ ਜਿਹਦੇ ਬਰੋਬਰ ਸਾਰੇ ਇਲਾਕੇ 'ਚ ਉਹਨਾਂ ਭਾਣੇਂ ਕੋਈ ਹੋਰ ਤੀਵੀਂ ਨਹੀਂ ਸੀ। ਤੇ ਜਦੋਂ ਇਥੇ ਆ ਕੇ ਗੱਲ ਅਟਕੀ ਸੀ ਤਾਂ ਲੰਬੜ ਹੌਲੇ ਜਿਹੇ ਬੋਲਿਆ ਸੀ, "ਲੰਡੇ ਦਿਆ ਤੇਰੀ ਕਿਹੜੀ ਮਾੜੀ ਐ ... ਉਹ ਵੀ ਲਾਟਾਂ ਛਡਦੀ ਐ। ਮੈਂ ਕੱਲ੍ਹ ਰੂੜੇ ਦੀ ਹੱਟੀ 'ਤੇ ਖੜੀ ਦੇਖੀ ਤੀ ... ਮੈਂ ਤਾਂ ਉਹਨੂੰ ਕਾਹਨੂੰ ਦੇਖਿਆ ਤੀ ਪਹਿਲੇ, ਉਹ ਤਾਂ ਲਾਗ ਬੈਠੇ ਲਸ਼ਕਰ ਨੇ ਕੂਹਣੀ ਮਾਰੀ ਪੀ ਆਪਣੇ ਡਲੈਵਰ ਦੇ ਘਰੋਂ ਐਂ। ਬੜੀ ਤੇਜ਼ ਅੱਖ ਐ ਚ...ਮ... ਦੀ।" ਕਹਿੰਦਿਆਂ ਲੰਬੜ ਨੇ ਲਾਪਰੀਆਂ ਮੁੱਛਾਂ ਨੂੰ ਸੁਆਰਿਆ ਸੀ। ਬਿੰਦ ਵਿਚ ਬਿਸ਼ਨਾ ਬਰਫ਼ ਬਣ ਗਿਆ ਸੀ ਤੇ ਉਹਨੇ ਮੂੰਹ ਘੁਮਾ ਕੇ ਜਦੋਂ ਲੰਬੜ ਵੱਲ ਘੂਰ ਕੇ ਦੇਖਿਆ ਸੀ ਤਾਂ ਗਾੜ੍ਹੇ ਹਨੇਰੇ ਵਿਚ ਵੀ ਲੰਬੜ ਦੀਆਂ ਮਸ਼ਾਲਾਂ ਵਾਂਗ ਲਟ-ਲਟ ਬਲਦੀਆਂ ਅੱਖਾਂ ਬਿਸ਼ਨੇ ਨੂੰ ਹਿੱਕ ਵਿਚ ਨੇਜ਼ੇ ਵਾਂਗ ਖੁੱਭ ਗਈਆਂ ਜਾਪੀਆਂ ਸਨ। ਉਹਨੇ ਅੰਦਰਲਾ ਰੋਹ ਹਲਕਾ ਕਰਨ ਲਈ ਪੰਜ ਸੱਤ ਛੈਂਟੇ ਘੋੜੇ ਦੇ ਮਾਰ ਕੇ ਦੁੜਕੀ ਲਾ ਦਿੱਤਾ ਸੀ। ਫਿਰ ਉਹ ਘਰ ਦੀ ਸਰਦਲ ਤਾਈਂ ਆਉਂਦਾ ਡੂੰਘੇ ਵਹਿਣੀਂ ਡੁੱਬਦਾ-ਤਰਦਾ ਰਿਹਾ ਸੀ। ਦੁਪਹਿਰੇ ਅੱਡੇ 'ਚ ਪੱਪੂ ਦੀ ਦੱਸੀ ਗੱਲ ਨੇ ਵੀ ਉਹਦੀ ਰੂਹ ਨੂੰ ਭਟਕਣ ਵਿਚ ਪਾ ਦਿੱਤਾ ਸੀ, "ਲੰਬੜ ਬੜਾ ਗੇੜੇ ਮਾਰਦਾ ਤੀ ਤੁਹਾਡੇ ਅਲਾਂ, ਕੋਈ ਦੂਰ ਦਾ ਫੇਰਾ ਮਖਿਆ।" ਉਹਨੇ ਤਾਂ ਬਸ ਇੰਨਾ ਹੀ ਆਖਿਆ ਸੀ। ਪਰ ਕਿਉਂ ਆਖਿਆ ਸੀ? ਉਹਦੇ ਬਾਰੇ ਉਹਨੂੰ ਹੁਣ ਵਿਚਾਰਾਂ ਛਿੜੀਆਂ ਸਨ। ਤਾਂਗਾ ਖਲਿਆਰ ਕੇ ਘੋੜਾ ਛਡ ਜਦੋਂ ਉਹਨੇ ਕੋਠੇ ਅੰਦਰ ਪੈਰ ਧਰਿਆ ਦਰ ਪਿਛਾੜੀ ਚੁੱਲ੍ਹੇ ਮੂਹਰੇ ਜੁਆਕ ਨੂੰ ਲਈ ਬੈਠੀ ਕਰਮੀ ਵੱਲ ਸ਼ੱਕੀ ਨਜ਼ਰੇ ਦੇਖਿਆ ਸੀ। ਕਰਮੀ ਨੇ ਜੁਆਕ ਨੂੰ ਬੋਰੀ ਉੱਤੇ ਪਾ ਕੇ ਚੁੱਲ੍ਹੇ 'ਤੇ ਪਏ ਪਤੀਲੇ 'ਚੋਂ ਪਾਣੀ ਦਾ ਛੰਨਾ ਭਰ ਕੇ ਬਿਸ਼ਨੇ ਵੱਲ ਵਧਾਇਆ, "ਲੈ ਮੂੰਹ ਹੱਥ ਧੋ ਲੈ ਮੈਂ ਰੋਟੀ ਪਾਵਾਂ।"

"ਖੜ ਜਾ ਘੜੀ ਕੁ।" ਕਹਿ ਕੇ ਉਹ ਉਹਨੀਂ ਪੈਰੀਂ ਅੰਦਰੋਂ ਬਾਹਰ ਆ ਗਿਆ। ਉਹਦਾ ਚਿੱਤ ਫਿੱਕਾ ਜਿਹਾ ਹੋ ਗਿਆ ਸੀ ਤੇ ਉਹ ਸਿੱਧਾ ਦਰਵਾਜ਼ੇ ਲਾਗਲੇ ਖੁੰਢਾਂ ਨੂੰ ਹੋਇਆ। ਜਾਂਦਿਆਂ ਉਹਨੇ ਪੂਰਨ ਬਲੈਕੀਏ ਦੀ ਤੀਵੀਂ ਕੋਲੋਂ ਗਲਾਸ ਭਰਾ ਕੇ ਦਾਰੂ ਪੀਤਾ ਤੇ ਲੂਣ ਦੀ ਚੁਟਕੀ ਫੱਕਦਾ ਅੰਦਰਲੀ ਬੀਹੀ ਹੋ ਤੁਰਿਆ।

-ਜਦੋਂ ਉਹ ਘਰ ਆਇਆ ਤਾਂ ਕਰਮੀ ਨੇ ਘੋੜਾ ਅੰਦਰ ਬੰਨ੍ਹ ਕੇ ਦਾਣੇ ਵਾਲਾ ਗੁਥਲਾ ਉਹਦੇ ਮੂੰਹ ਮੋਹਰੇ ਚਾੜ੍ਹ ਦਿੱਤਾ ਸੀ ਹੁਣ ਘੋੜਾ ਨਾਸਾਂ ਫੂੰਕਾਰਦਾ ਦਾਣੇ ਨੂੰ ਮੂੰਹ ਮਾਰ ਰਿਹਾ ਸੀ। ਅੱਗ ਬਾਲਣ ਨਾਲ ਕੋਠੇ ਅੰਦਰ ਧੂੰਆਂ-ਰੌਲੀ ਹੋ ਗਈ ਸੀ। ਸ਼ਾਇਦ ਕਰਮੀ ਨੇ ਚਾਹ ਦੀ ਛਿੱਟ ਚੁੱਲ੍ਹੇ 'ਤੇ ਧਰ ਦਿੱਤੀ ਸੀ। ਬਿਸ਼ਨਾ ਕੰਧ ਲਾਗ 'ਮੰਜੇ ਤੇ ਬਹਿ ਕੇ ਕਰਮੀ ਵੱਲ ਘੂਰ-ਘੂਰ ਦੇਖਦਾ ਰਿਹਾ। ਉਹਦੇ ਅੰਦਰ ਇਕ ਤੇ ਇਕ ਗੱਲ ਛਿੱਲਤਰ ਲਾਈ ਜਾਂਦੀ ਸੀ। "ਰੋਟੀ ਪਾ ਦੇ, ਨਾਲੇ ਮੁੰਡੇ ਨੂੰ ਚੁੱਕ ਕੇ ਮੰਜੇ 'ਤੇ ਪਾ।" ਉਸ ਪੋਲੇ ਜਿਹੇ ਆਖਿਆ।

"ਏਥੇ ਆ ਜਾ ਅੱਗ ਲਾਗ।" ਕਰਮੀ ਨੇ ਆਖਿਆ ਤਾਂ ਉਹ ਮੰਜੇ ਤੋਂ ਉੱਠ ਕੇ ਚੁੱਲ੍ਹੇ ਮੂਹਰੇ ਤੱਪੜ 'ਤੇ ਆ ਬੈਠਿਆ। ਕਰਮੀ ਨੇ ਥਾਲੀ ਵਿਚ ਰੋਟੀ ਪਾ ਕੇ ਉਹਦੇ ਲਾਗ ਨੂੰ ਕਰ ਦਿੱਤੀ। ਅਜੇ ਉਹਨੇ ਪਹਿਲੀ ਬੁਰਕੀ ਹੀ ਭੰਨੀ ਸੀ ਘੋੜਾ ਪਿਸ਼ਾਬ ਕਰਨ ਲੱਗ ਪਿਆ ਤੇ ਛਿੱਟਿਆਂ ਨਾਲ ਸਾਰਾ ਆਲਾ-ਦੁਆਲਾ ਭਰ ਗਿਆ। ਗੁੱਸੇ ਵਿਚ ਕਰਮੀ ਨੇ ਚਿਮਟਾ ਚੁੱਕ ਕੇ ਛਡਵਾਂ ਘੋੜੇ ਦੀਆਂ ਲੱਤਾਂ ਵਿਚ ਮਾਰਿਆ। ਫਿਰ ਉਹਨੇ ਬਿਸ਼ਨੇ ਅੱਗੋਂ ਥਾਲੀ ਚੁੱਕ ਕੇ ਪਰ੍ਹਾਂ ਧਰ ਦਿੱਤੀ।

"ਖੜ ਰਤਾ ਕੁ ਮੈਂ ਬਿੰਦ 'ਚ ਹੋਰ ਲਾਹ ਦਿੰਦੀ ਆਂ।" ਕਹਿ ਕੇ ਉਹਨੇ ਕੰਧ ਲਾਗੋਂ ਪਰਾਤ ਚੁੱਕ ਕੇ

ਆਟੇ ਵਾਲੀ ਚਾਟੀ ਨੂੰ ਹੱਥ ਪਾਇਆ ਤਾਂ ਬਿਸ਼ਨੇ ਨੇ ਉਹਨੂੰ ਰੋਕ ਦਿੱਤਾ। ਹੱਥ ਵਧਾ ਕੇ ਥਾਲੀ ਚੁੱਕੀ ਤੇ ਰੋਟੀ ਖਾਣ ਲੱਗ ਪਿਆ। ਰੋਟੀ ਖਾਂਦੇ-ਖਾਂਦੇ ਦੇ ਅੰਦਰੋਂ ਪਤਾ ਨਹੀਂ ਕੀ ਉਬਾਲ ਉੱਠਿਆ ਕਿ ਉਹਨੇ ਦੋ ਬਚੀਆਂ ਰੋਟੀਆਂ ਚੁੱਕ ਕੇ ਥਾਲੀ ਕਰਮੀ ਦੇ ਪੈਰਾਂ ਲਾਗ ਕਰ ਦਿੱਤੀ ਤੇ ਉੱਠ ਕੇ ਮੰਜੇ 'ਤੇ ਜਾ ਬੈਠਿਆ।

"ਰੋਟੀ ਨੀ ਹੋਰ ਖਾਣੀ, ਹੋਰ ਲਾਹ ਦੇਵਾਂ?" ਜਿਵੇਂ ਕਰਮੀ ਫ਼ਿਕਰ 'ਚ ਡੁੱਬ ਗਈ।

"ਨਹੀਂ, ਉਈਂ।" ਰੁੱਖਾ ਜਿਹਾ ਜਵਾਬ ਦੇ ਕੇ ਉਹਨੇ ਸਿਗਰਟ ਲਾ ਲਈ ਤੇ ਗਧੋਲੇ ਦੀ ਬੁੱਕਲ ਘੁੱਟ ਕੇ ਕੰਧ ਨਾਲ ਢਾਸਣਾ ਲਾ ਲਿਆ। ਸਿਗਰਟ ਦੇ ਲੰਮੇ-ਲੰਮੇ ਸੂਟੇ ਖਿਚਦਾ ਉਹ ਕਰਮੀ ਨੂੰ ਭਾਂਡੇ ਸਾਂਭਦੀ, ਆਪਣੀ ਮੰਜੀ ਡਾਹੁੰਦੀ, ਜੁਆਕ ਦੇ ਮੂਤ-ਮੂਤ ਗਿੱਲੇ ਕੀਤੇ ਲੀੜਿਆਂ ਨੂੰ ਹੇਠ ਉੱਤੇ ਵਿਛਾਉਂਦੀ ਤੇ ਚੁੱਲ੍ਹੇ 'ਚੋਂ ਬੁਝਦੀ ਜਾਂਦੀ ਅੱਗ ਨੂੰ ਬੱਠਲ 'ਚ ਪਾਉਂਦੀ ਨੂੰ ਦੇਖਦਾ ਰਿਹਾ। ਜਦੋਂ ਕਰਮੀ ਬਿਸ਼ਨੇ ਦੇ ਮੰਜੇ 'ਤੇ ਪਏ ਜੁਆਕ ਨੂੰ ਚੁੱਕ ਕੇ ਆਪਣੇ ਮੰਜੇ 'ਤੇ ਪਾਉਣ ਲੱਗੀ ਤਾਂ ਦੀਵੇ ਦੀ ਲੋਅ 'ਚ ਉਹਦੇ ਨੱਕ ਦੀ ਖੁੰਭ ਵਿਚਲੇ ਨੱਗ ਦੀ ਲਿਸ਼ਕੋਰ ਜਿਵੇਂ ਬਿਸ਼ਨੇ ਅੰਦਰ ਤਰੰਗਾਂ ਛੇੜਦੀ ਲੰਘ ਗਈ। ਉਹਨੇ ਉਹਦੀ ਬਾਂਹ ਫੜ ਕੇ ਉਹਨੂੰ ਕੋਲ ਨੂੰ ਖਿੱਚ, ਸਿਰ ਫੜ ਕੇ ਹਿੱਕ ਨਾਲ ਘੁੱਟ ਲਿਆ। ਉਹਨੇ ਆਪਣਾ ਸ਼ਰਾਬ ਦੀ ਬੋ ਨਾਲ ਭਰਿਆ ਮੂੰਹ ਕਰਮੀ ਦੇ ਖਿਲਰੇ ਵਾਲਾਂ ਵਿਚ ਖੋਭ ਦੇਣਾ ਚਾਹਿਆ। ਕਈ ਦਿਨਾਂ ਤੋਂ ਧੋਣ ਖੁਣੋਂ ਪਏ ਸਿਰ 'ਚੋਂ ਆਉਂਦੀ ਭੈੜੀ ਜਿਹੀ ਬੋ ਵੀ ਇਸ ਘੜੀ ਬਿਸ਼ਨੇ ਨੂੰ ਅਤਰ ਦੀ ਮਹਿਕ ਹੀ ਜਾਪੀ। ਉਹ ਰੇਤੇ ਵਾਂਗ ਕਿਣਕਾ-ਕਿਣਕਾ ਹੋ ਕੇ ਬਿਖਰਦਾ ਚਲਾ ਗਿਆ।

-ਕਿੰਨਾ ਚਿਰ ਉਹ ਚੁਪ ਪਿਆ ਦੀਵੇ ਦੀ ਲਾਟ ਨੂੰ ਘੂਰਦਾ ਰਿਹਾ। ਫਿਰ ਉਸ ਦਰ ਖੋਲ੍ਹ ਕੇ ਬਾਹਰ ਜਾਂਦੀ ਕਰਮੀ ਦੇਖੀ। ਆ ਕੇ ਉਹਨੇ ਘੋੜੇ ਦੇ ਮੂੰਹ ਤੋਂ ਗੁਥਲਾ ਲਾਹਿਆ। ਜਦੋਂ ਉਹ ਲੰਮੀ ਪੈਣ ਲੱਗੀ ਤਾਂ ਬਿਸ਼ਨੇ ਨੇ ਹੌਲੇ ਜਿਹੇ ਆਖਿਆ, "ਕੱਲ੍ਹ ਤੂੰ ਰੂੜੇ ਦੀ ਹੱਟੀ ਨੂੰ ਵੀ ਗਈ ਤੀ?"

"ਆਹੋ ... ਬਸਾਰ ਹੈਨੀ ਤੀ ਨਾਲੇ ਚਾਹ ਪੱਤੀ ਮੁੱਕ ਗਈ ਤੀ ... ਕਿਉਂ ਕੀ ਗੱਲ?"

"ਗੱਲ ਤਾਂ ਕੁਸ ਨੀ ...।" ਉਹਨੇ ਉਠਦੇ ਨੇ ਆਖਿਆ। ਉਹ ਕੰਧ ਨਾਲ ਢਾਸਣਾ ਲਾ ਕੇ ਫਿਰ ਸਿਗਰਟ ਪੀਣ ਲਗ ਪਿਆ। "ਐਵੇਂ ਨਾ ਹੱਟੀ-ਭੱਠੀ ਨੂੰ ਤੁਰੀ ਰਿਹਾ ਕਰ ... ਏਸ ਪਿੰਡ ਦੀ ਮਿੱਟੀ ਨੀ ਖ਼ਰੀ... ।"

"ਨਹੀਂ ਖ਼ਰੀ ਤਾਂ ਨਾ ਹੋਵੇ, ਮੈਂ ਕੀ ਚਟਣੈ ਮਿੱਟੀ ਨੂੰ।" ਕਰਮੀ ਹਰਖ਼ ਕੇ ਬੋਲਦੀ ਲੰਮੀ ਪੈ ਗਈ।

"ਅੱਛਾ ਭਲਾ ਫੇ ਜਦੋਂ ਤੂੰ ਹੱਟੀ 'ਤੇ ਗਈ ਤੀ ਤਾਂ ਕੌਣ-ਕੌਣ ਬੈਠੇ ਤੀ ਥੜੇ 'ਤੇ।" ਕਰਮੀ ਦੀ ਗੱਲੋਂ ਬਿਸ਼ਨਾ ਜਿਵੇਂ ਕੌੜ ਖਾ ਗਿਆ ਸੀ।

"ਸਹੁੰ ਭਾਈਆਂ ਦੀ ਮੈਂ ਨੀ ਜਾਣਦੀ ਕੌਣ ਬੈਠੇ ਤੀ ... ਤੈਨੂੰ ਬਾਹਲੀਆਂ ਗੱਲਾਂ ਆਉਂਦੀਆਂ ਨੇ।"

"ਲੰਬੜ ਤੇ ਲਸ਼ਕਰ ਬੀ ਬੈਠੇ 'ਤੀ?" ਬਿਸ਼ਨਾ ਖੰਘਦਾ ਹੋਇਆ ਅੱਗੇ ਨੂੰ ਵਧ ਕੇ ਘੋੜੇ ਦੇ ਪੈਰਾਂ ਵਿਚ ਥੁੱਕਣ ਲੱਗ ਪਿਆ।

"ਬੈਠੇ ਤੀ ਤਾਂ ਬੈਠੇ ਰਹਿਣ, ਮੈਂ ਸੋਲ੍ਹੀ ਨੀ ਮਾਰਦੀ ਕਿਸੇ ਦੇ ... ਤੂੰ ਕੀ ਮੈਨੂੰ ਲੁੱਚੀ-ਲੰਡੀ ਸਮਝ ਲਿਐ? ਗਹਾਂ ਮੈਨੂੰ ਨੀ ਇਹੋ ਜੀ ਆਖਣੀ ਹਊ ... ਨਹੀਂ ਆਖੇਂਗਾ ਏਉਂ ਬੋਲੀ ਐ।"

"ਕੀ ਬੋਲੇਂਗੀ ਤੂੰ ਕੁੱਤੇ ਦੀਏ ... ਉੱਠ ਤਾਂ ਕਹਿ ਲੈ ਜੋ ਕਹਿਣਾ।" ਤੜਫ਼ ਕੇ ਬਿਸ਼ਨਾ ਮੰਜੇ ਤੋਂ ਉੱਠਿਆ ਤੇ ਉਹਨੇ ਪੁੱਠੇ ਹੱਥ ਨਾਲ ਕਰਮੀ ਦਾ ਮੂੰਹ ਭੰਨ ਦਿੱਤਾ। ਉਹਦੇ ਵਾਲਾਂ ਨੂੰ ਫੜ ਕੇ ਝਟਕਿਆ ਤੇ ਗਾਲ੍ਹਾਂ ਕਢਦਾ ਮੰਜੇ 'ਤੇ ਪੈ ਗਿਆ। ਘੜੀ ਪਹਿਲਾਂ ਜਿਹੜੀਆਂ ਜਿੰਦਾਂ ਤਖ਼ਤ ਤਾਜ ਮਿੱਟੀ ਰੋਲ ਅਥਾਹ ਸਾਗਰਾਂ 'ਚ ਤਾਰੀਆਂ ਲਾਉਂਦੀਆਂ ਹਟੀਆਂ ਸਨ ਕੇਰਾਂ ਹੀ ਇਕ ਛੱਲ ਨੇ ਬਰੇਤੇ 'ਤੇ ਪਟਕਾ ਮਾਰੀਆਂ। ਦੀਵਾ ਵੱਡਾ ਕਰਨ ਤੋਂ ਬਾਅਦ ਲੰਮੀ ਰਾਤ ਬੀਤਣ ਤਾਈਂ ਵੀ ਬਿਸ਼ਨਾ ਸੌਂ ਨਹੀਂ ਸੀ ਸਕਿਆ। ਕਰਮੀ ਜਿਉਂ ਦੰਦਾਂ ਹੇਠ ਤਿੜ ਲੈ ਕੇ ਪਈ ਸੀ, ਮੁੜ ਹਿੱਲੀ ਵੀ ਨਹੀਂ ਸੀ। ਉਹ ਏਸ ਗੱਲੋਂ ਵੀ ਪਛਤਾਉਂਦਾ ਰਿਹਾ ਸੀ ਕਿ ਉਹਨੇ ਐਵੇਂ ਹੀ ਕਰਮੀ ਨੂੰ ਝਿੜਕਿਆ ਸੀ।

-ਹੁਣ ਜਦੋਂ ਤੁਰੇ ਜਾਂਦੇ ਲੰਬੜ ਨੂੰ ਧਰੇਕਾਂ ਕੰਨੀਂ ਦੇਖਦੇ ਨੂੰ ਬਿਸ਼ਨੇ ਨੇ ਦੇਖਿਆ ਤਾਂ ਸ਼ੱਕ ਦੀ ਲਹਿਰ ਉਹਦੇ ਅੰਦਰ ਹੂੰਝਾ ਫੇਰਦੀ ਚਲੀ ਗਈ। ਤਦੇ ਘੋੜਾ ਜ਼ੋਰ ਨਾਲ ਹਿਣਕਣ ਲੱਗ ਪਿਆ। ਬਿਸ਼ਨੇ ਨੇ ਤ੍ਰਭਕ ਕੇ

ਉਧਰ ਦੇਖਿਆ, ਘੋੜਾ ਚਾਰੇ ਪੌੜਾਂ ਨਾਲ ਭੋਏਂ ਪੁੱਟੀ ਜਾਂਦਾ ਸੀ ਤੇ ਨਹਿਰ ਵੱਲ ਨੂੰ ਬੂਥੀ ਚੁੱਕੀ ਹੋਈ ਸੀ। ਸਮਾਧਾਂ ਉਹਲਿਓਂ ਬਲੈਕੀਆਂ ਦੀ ਘੋੜੀ ਪੋਲੇ ਪੈਰੀਂ ਤੁਰੀ ਆਉਂਦੀ ਸੀ, ਜਿਹਨੂੰ ਦੇਖ ਕੇ ਘੋੜਾ ਮੱਚ-ਮੱਚ ਜਾਂਦਾ ਸੀ। ਬਿਸ਼ਨੇ ਨੇ ਉਹਦਾ ਰੱਸਾ ਫੜ ਕੇ ਉਹਨੂੰ ਘੂਰਿਆ ਪਰ ਉਹ ਜ਼ੋਰ-ਜ਼ੋਰ ਨਾਲ ਹਿਣਕੀ ਗਿਆ। ਫਿਰ ਉਹਨੇ ਦੋ ਤਿੰਨ ਰੋੜੇ ਚੁੱਕ ਕੇ ਘੋੜੀ ਦੇ ਮਾਰੇ, ਉਹ ਸਮਾਧਾਂ ਕੋਲ ਖੜੀ ਹੋ ਗਈ। ਖੁੱਲ੍ਹੀ ਘੋੜੀ ਵੱਲ ਦੇਖ ਕੇ ਬਿਸ਼ਨੇ ਨੇ ਘੋੜਾ ਖੋਲ੍ਹ ਹੀ ਲਿਆ। ਪਰਸੋਂ ਵੀ ਏਸੇ ਘੋੜੀ ਨੂੰ ਦਬਕਣ ਕਰਕੇ ਬਲੈਕੀਆਂ ਦੀ ਕੁੜੀ ਉਹਨਾਂ ਨੂੰ ਗਾਲ੍ਹਾਂ ਦੇ ਗਈ ਸੀ ਤੇ ਉਹ ਬਲੈਕੀਆਂ ਤੋਂ ਡਰਦਾ ਬੋਲਿਆ ਨਹੀਂ ਸੀ। ਅਜੇ ਉਸ ਪੈਰ ਹੀ ਪੁੱਟਿਆ ਸੀ ਘੋੜਾ ਜ਼ੋਰ ਨਾਲ ਹਿਣਕਿਆ। ਬਿਸ਼ਨੇ ਅੰਦਰਲੀ ਮੱਠੀ-ਮੱਠੀ ਰੋਹ ਦੀ ਦੱਬੀ ਅੱਗ ਭਾਂਬੜ ਬਣ ਗਈ। ਉਹਦੀਆਂ ਅੱਖਾਂ ਵਿਚ ਤਾਂ ਜੀਕਣ ਧੁੰਦ ਹੀ ਆ ਪਸਰੀ ਤੇ ਭੂਤਰੇ ਘੋੜੇ ਦੇ ਚਿਹਰੇ 'ਚੋਂ ਉਹਨੂੰ ਲੰਬੜ ਦਾ ਮੂੰਹ ਦਿਸਿਆ। ਉਹਨੇ ਰੱਸਾ ਫੜੀ ਅਗਾਂਹ ਵਧ ਕੇ ਤਾਂਗੇ ਦੀ ਛੱਤ 'ਚੋਂ ਛੈਂਟਾ ਧੂਹ ਲਿਆ ਤੇ ਘੋੜੇ ਉੱਪਰ ਵਰ ਪਿਆ, ਪਾਗਲਾਂ ਹਾਰ। ਬੰਦਾ ਬੇਵਸੀ ਵਿਚ ਅੱਗ ਦੀ ਥਾਂ ਮਿੱਟੀ ਫੱਕਣ ਲੱਗਦਾ ਹੈ, ਬਿਸ਼ਨੇ ਵਾਂਗ। ਪਰ ਅੰਦਰਲਾ ਕੁਝ ਕੁ ਸਾਹਾਂ ਦੀ ਸਾਂਝ ਨਾਲ ਜ਼ਰੂਰ ਜੁੜਿਆ ਖੜਾ ਹੁੰਦੈ, ਬਿਸ਼ਨੇ ਦੇ ਘੋੜੇ ਵਾਂਗ। ਇਸੇ ਲਈ ਇੰਝ ਹੋਇਆ ਕਿ ਬਿਸ਼ਨੇ ਨੇ ਅਜੇ ਚੌਥਾ ਛੈਂਟਾ ਮਾਰਿਆ ਹੀ ਸੀ ਕਿ ਝੱਖੜ ਬਣੇ ਘੋੜੇ ਨੇ ਬਿਸ਼ਨੇ ਦੇ ਹੱਥ ਦਾ ਬੁਰਕ ਭਰ ਲਿਆ, ਹੱਥ ਛੱਡ ਕੇ ਮੋਢੇ ਤੋਂ ਬੁਰਕ ਭਰਿਆ ਤੇ ਬਿਸ਼ਨਾ ਲੇਰਾਂ ਮਾਰਨ ਤੀਕ ਗਿਆ। ਉਹ ਰੱਸਾ ਛੱਡ ਕੇ ਦੌੜ ਉੱਠਿਆ, ਪਰ ਘੋੜੇ ਨੇ ਮਗਰ ਦੌੜ ਕੇ ਉਹਦੇ ਸਿਰ 'ਚ ਮੂੰਹ ਮਾਰਿਆ ਤੇ ਧੌਣ ਤੇ ਚੱਕ ਵੱਢਿਆ। ਬਿਸ਼ਨਾ ਕੰਬਦਾ ਹੋਇਆ ਡਿੱਗ ਪਿਆ ਤਾਂ ਘੋੜਾ ਪਿਛਾਂਹ ਨੂੰ ਮੁੜ ਕੇ ਪਛੰਡੇ ਮਾਰਦਾ ਹੋਇਆ ਘੋੜੀ ਵੱਲ ਦੌੜ ਗਿਆ। ਬਿਸ਼ਨੇ ਦੀਆਂ ਲੇਰਾਂ ਸੁਣ ਕੇ ਕੁੰਨ੍ਹਾਂ ਉੱਪਰ ਖੜਾ ਦੌਲਤੀ ਦਾ ਟੱਬਰ ਦੌੜਿਆ ਆਇਆ। ਇਧਰੋਂ ਬੋਦੀ ਹੋਰੀਂ ਨਿਕਲ ਆਏ। ਰੌਲਾ ਸੁਣ ਕੇ ਕਰਮੀ ਵੀ ਲੰਮੇ ਪੈਰੀਂ ਉਥੇ ਆਣ ਪੁੱਜੀ। ਉਹ ਰੋਂਦੀ ਹੋਈ ਸਿਰ ਦੇ ਲੀੜੇ ਨਾਲ ਬਿਸ਼ਨੇ ਦੇ ਸਿਰ, ਬਾਂਹ ਤੇ ਹੱਥ 'ਚੋਂ ਵਗਦੇ ਲਹੂ ਨੂੰ ਪੂੰਝਣ ਲੱਗੀ। ਬਿਸ਼ਨੇ ਦੇ ਚਾਚੇ ਤੇ ਛੋਟੇ ਭਾਈ ਨੇ ਆਉਂਦਿਆਂ ਹੀ ਉਹਨੂੰ ਚੁੱਕਿਆ ਤੇ ਰਿਕਸ਼ੇ ਵਿਚ ਪਾ ਕੇ ਸ਼ਹਿਰ ਨੂੰ ਵਗ ਗਏ। ਬਿਸ਼ਨੇ ਤੋਂ ਵੱਡਾ ਡਾਂਗ ਚੁੱਕੀ ਘੋੜੇ ਨੂੰ ਘੇਰਨ ਤੁਰ ਪਿਆ।

ਬਿਸ਼ਨੇ ਨੂੰ ਜਦੋਂ ਸ਼ਹਿਰੋਂ ਲੈ ਕੇ ਮੁੜੇ ਤਾਂ ਸਿਰ ਮੂੰਹ ਤੋਂ ਲੈ ਕੇ ਮੋਢੇ ਤੇ ਇਕ ਬਾਂਹ ਚਿੱਟੀਆਂ ਪੱਟੀਆਂ ਨਾਲ ਲਪੇਟੇ ਹੋਏ ਸਨ, ਜਿਵੇਂ ਚੂਨਾ ਫੇਰਿਆ ਹੋਵੇ। ਮੰਜੇ 'ਤੇ ਪਏ ਬਿਸ਼ਨੇ ਵੱਲ ਦੇਖ-ਦੇਖ ਕਰਮੀ ਫੁੱਟ-ਫੁੱਟ ਰੋ ਰਹੀ ਸੀ। ਸਾਰਾ ਵਿਹੜਾ ਘਰ 'ਚ ਆ ਢੁੱਕਿਆ ਸੀ। "ਐਹੋ ਜਿਹੇ ਨੂੰ ਖ਼ਰੀਦਿਆ ਈ ਕਾਹਨੂੰ ਤੀ … ਹੁਣ ਵੀ ਮੋੜ ਦਿਓ … ਫੂਕਣੇ ਇਹਨੂੰ ਸਾਲੇ ਨੂੰ।" ਕੋਈ ਆਖ ਰਿਹਾ ਸੀ।

"ਅਸੀਂ ਤਾਂ ਬਥੇਰੀ ਮਗ਼ਜ਼ ਖੱਪੀ ਕੀਤੀ, ਇਹਨੇ ਇਕ ਨੀ ਸੁਣੀ, ਉਹ ਪਹਿਲੀ ਘੋੜੀ ਕਿਤੇ ਮਾੜੀ ਤੀ। ਆਹ ਪੱਪੂ ਵਾਹੁੰਦਾ ਈ ਆ, ਕੀ ਹੋਇਆ ਵਾ ਉਹਨੂੰ।" ਬਿਸ਼ਨੇ ਦੇ ਪੈਰਾਂ ਵੱਲ ਬੈਠੇ ਉਹਦੇ ਚਾਚੇ ਨੇ ਹੁੱਕੇ ਦਾ ਘੁੱਟ ਭਰਦਿਆਂ ਆਖਿਆ।

"ਵਾਧੂ ਘੋੜਾ ਤਾਂ ਊਈਂ ਮਾੜੈ ਮਖਾਂ, ਗੋਲੀ ਮਾਰੋ ਪਰ੍ਹਾਂ ਇਹਨੂੰ-ਮੋੜ ਦੇ ਉਹਨੂੰ ਜਿਹਦੇ ਕੋਲੋਂ ਲਿਆਂਦੈਂ, ਕੀ ਲੈਣੇ ਇਹਤੋਂ।" ਕੋਈ ਦੂਜਾ ਆਖ ਰਿਹਾ ਸੀ।

ਕੰਨਾਂ ਉੱਤੇ ਪਤਲੀ ਪੱਟੀ ਹੋਣ ਕਰ ਕੇ ਬਿਸ਼ਨੇ ਨੂੰ ਸਾਰੀਆਂ ਗੱਲਾਂ ਸੁਣ ਰਹੀਆਂ ਸਨ। ਉਹਦੀਆਂ ਅੱਖਾਂ ਅੱਗੇ ਘੋੜਾ ਤੁਰਿਆ ਫਿਰਦਾ ਤੇ ਫੂੰਕਾਰੇ ਮਾਰਦਾ ਦੌੜ ਰਿਹਾ ਸੀ, ਜਿਹਦੀਆਂ ਗੋਲ ਚਮਕੀਲੀਆਂ ਅੱਖਾਂ ਹੁਣ ਵੀ ਉਹਨੂੰ ਲੰਬੜ ਦੀਆਂ ਅੱਖਾਂ ਹੀ ਲੱਗਦੀਆਂ ਸਨ। ਉਹ ਪਿਆ-ਪਿਆ ਹੀ ਕਰੋਧ ਵਿਚ ਜਲ ਰਿਹਾ ਸੀ, 'ਜੇ ਉਹ ਉੱਠਣ ਜੋਗਾ ਹੁੰਦਾ ਮੰਜੇ ਹੇਠੋਂ ਬਰਛਾ ਚੁੱਕ ਕੇ ਘੋੜੇ ਦਾ ਢਿੱਡ ਪਰੁੰਨ ਕੇ ਰੱਖ ਦਿੰਦਾ, ਹਜ਼ਾਰ ਬਾਰਾਂ ਸੌ ਈ ਸੀ, ਹਊ ਪਰੇ ਹੋ ਜਾਂਦੀ।' ਉਹ ਮਨ ਹੀ ਮਨ ਸੋਚ ਰਿਹਾ ਸੀ। 'ਊਂ ਕੋਈ ਗੱਲ ਵੀ ਨਹੀਂ ਤੀ ਕੋਹੜੇ ਨੂੰ ਮਾਰਨ ਆਲੀ, ਬਸ ਊਂ ਹੀ ਹਰਖ 'ਚ ਆ ਕੇ ਮਾਰਿਆ ਗਿਆ।' ਸੋਚਦਿਆਂ ਉਹਨੇ ਅੱਖਾਂ ਮੁੰਦ ਲਈਆਂ।

ਜਦੋਂ ਉਹਨੇ ਮੁੜ ਅੱਖਾਂ ਖੋਲ੍ਹੀਆਂ ਤਾਂ ਉਹਦੇ ਕੋਲ ਇਕੱਲੀ ਕਰਮੀ ਖੜੀ ਸੀ। ਕੋਠੇ ਅੰਦਰੋਂ ਸਾਰੇ ਜਾ ਚੁੱਕੇ ਸਨ।

"ਮੈਂ ਕਿਸ਼ਨ ਨੂੰ ਆਖਿਆ ਪਈ ਘੋੜਾ ਸ਼ਹਿਰ ਛੱਡ ਆਵੇ, ਮੈਂ ਨੀ ਈਹਨੂੰ ਘਰ 'ਚ ਰਹਿਣ ਦੇਣਾ, ਘੋੜੀ ਆਪਾਂ ਮੋੜ ਲੈਣੀ ਐਂ, ਨਾ ਉਹ ਮੰਨੂੰ ਤਾਂ ਨਾ ਸਹੀ। ਉਹਨੂੰ ਆਖਣਾ ਇਸ ਕਲਮੂੰਹੇਂ ਨੂੰ ਆਪਦੇ ਕੋਲ ਈ ਰੱਖ, ਭਾਵੇਂ ਘੋੜੀ ਵੀ ਨਾ ਦੇ।" ਕਹਿੰਦੀ ਹੋਈ ਕਰਮੀ ਬਾਲਟੀ 'ਚ ਤੱਤੇ ਪਾਣੀ ਨਾਲ ਭਾਂਡੇ ਧੋਣ ਬੈਠ ਗਈ। "ਦੇਹਤਾਂ ਹੁਣ ਕਿਵੇਂ ਝੁਲਸਿਆ ਖੜੈ, ਵੇਲਾਂ ਪਾਈਆਂ ਵੀਆਂ, ਏਹਨੇ ਸਵੇਰ ਦਾ ਮੂੰਹ ਨੀਂ ਲਾਇਆ, ਘੜੀ ਪਹਿਲਾਂ ਛਾਣ ਰਲਾ ਕੇ ਗੁਥਲਾ ਟੰਗੀ ਰੱਖਿਆ, ਬਸ ਉਵੇਂ ਮੂਰਾ ਬਣਕੇ ਖੜਾ ਰਿਹਾ। ਭਾਈਏ ਨੇ ਕੁਟਿਆ ਬੀ ਬਹੁਤ ਐ, ਦੇਹਤਾਂ ਡਾਂਗਾਂ ਦੀਆਂ ਲਾਸਾਂ ਊਈਂ ਉਭਰੀਆਂ ਪਈਆਂ।" ਬੋਲਦੀ ਕਰਮੀ ਖੂੰਜੇ 'ਚ ਧੌਣ ਸੁੱਟੀ ਖੜੇ ਘੋੜੇ ਵੱਲ ਦੇਖੀ ਗਈ। ਸੱਚ ਹੀ ਬਿਸ਼ਨੇ ਦੇ ਵੱਡੇ ਭਾਈ ਨੇ ਘੋੜੇ ਨੂੰ ਬੜੀ ਬੇਰਹਿਮੀ ਨਾਲ ਕੁੱਟਿਆ ਸੀ। ਉਹਦੇ ਪਿਛਲੇ ਦੋਹਾਂ ਗੋਡਿਆਂ ਤੇ ਜ਼ਖ਼ਮ ਹੋ ਗਏ ਸਨ, ਮੱਥੇ ਤੇ ਡਾਂਗ ਲੱਗਣ ਨਾਲ ਅੱਖ ਤਾਈਂ ਮਾਸ ਉਭਰ ਆਇਆ ਸੀ। ਪੁੱਠਿਆਂ ਉੱਪਰ ਲਾਂਸਾਂ ਉਭਰੀਆਂ ਪਈਆਂ ਸਨ।

"ਮੈਂ ਆਖ ਆਵਾਂ ਫੇਰ ਕਿਸ਼ਨ ਨੂੰ ...ਨਹੀਂ ਦਿਨ ਜਾਈ ਜਾਂਦੈ, ਮੁੰਡੇ ਦੇ ਸੁੱਤੇ-ਸੁੱਤੇ ਕੰਮ ਨਬੇੜ ਲਾਂ।"

"ਆਹੋ, ਉਹਨੂੰ ਆਖ ਉਹਦੇ ਕਿੱਲੇ ਬੰਨ ਆ, ਮੈਂ ਆਪੇ ਗੱਲ ਕਰ ਲੂੰ।" ਬਿਸ਼ਨੇ ਦੇ ਬੈਠੇ ਹੋਏ ਬੋਲ ਕੰਬ ਰਹੇ ਸੀ। ਉਹਨੇ ਅੱਖਾਂ ਮੁੰਦ ਕੇ ਲੰਮਾ ਸਾਹ ਲਿਆ।

ਵੱਖ ਨਾਲ ਪਿਆ ਮੁੰਡਾ ਰੋਣ ਲੱਗਾ ਤਾਂ ਬਿਸ਼ਨੇ ਦੀ ਅੱਖ ਖੁੱਲ੍ਹ ਗਈ। ਕਰਮੀ ਅਜੇ ਮੁੜੀ ਨਹੀਂ ਸੀ। ਬਿਸ਼ਨੇ ਵਿਚ ਹੱਥ ਚੁੱਕਣ ਜੋਗੀ ਵੀ ਹਿੰਮਤ ਨਹੀਂ ਸੀ। ਮੁੰਡਾ ਝੱਟ ਹੀ ਚੁੱਪ ਕਰ ਗਿਆ। ਬਿਸ਼ਨੇ ਨੂੰ ਸਾਂ-ਸਾਂ ਹੁੰਦੀ ਸੁਣੀ ਤਾਂ ਉਹਨੇ ਅੱਖਾਂ ਉਤਾਂਹ ਨੂੰ ਪਾੜ ਕੇ ਦੇਖਿਆ, ਘੋੜੇ ਦਾ ਲੰਮਾ ਸਾਰਾ ਮੂੰਹ ਉਹਨੂੰ ਸ਼ਤੀਰ ਵਾਂਗ ਜਾਪਿਆ ਤੇ ਉਹਨੇ ਹੌਲੇ ਜਿਹੇ ਧੌਣ ਘੁਮਾਈ, ਘੋੜਾ ਮੁੰਡੇ ਦੇ ਮੂਹਰੇ ਸਿਰ ਕਰੀ ਖੜਾ ਸੀ ਤੇ ਮੁੰਡਾ ਉਹਦੇ ਕੰਨ ਨੂੰ ਮਰੋੜਦਾ ਉਹਦੇ ਨਾਲ ਖੇਡ ਰਿਹਾ ਸੀ। ਬਿਸ਼ਨਾ ਡਰ ਗਿਆ ਤੇ ਉਹਨੇ ਅੰਦਰੋਂ ਪੀੜ ਨਾਲ ਸੁੰਗੜਦਿਆਂ ਘੋੜੇ ਨੂੰ ਦਬਕਿਆ, ਪਰ ਘੋੜੇ ਨੇ ਸਗੋਂ ਆਪਣਾ ਮੂੰਹ ਅਗਾਂਹ ਕਰਕੇ ਬਿਸ਼ਨੇ ਦੇ ਮੋਢੇ 'ਤੇ ਰੱਖ ਦਿੱਤਾ, ਮਸਾਲੇ ਦੀ ਹਮਕ ਬਿਸ਼ਨੇ ਦੇ ਨੱਕ ਵਿਚ ਧੱਸਦੀ ਚਲੀ ਗਈ। ਉਹਨੇ ਡਰਦੇ ਨੇ ਘੋੜੇ ਦੇ ਮੂੰਹ ਵੱਲ ਦੇਖਿਆ, ਫਿਰ ਉਹਨੂੰ ਜਿਵੇਂ ਸਭ ਕੁਝ ਵਿਸਰ ਗਿਆ, ਉਹ ਘੋੜੇ ਦੀਆਂ ਅੱਖਾਂ 'ਚੋਂ ਹੇਠਾਂ ਮੂੰਹ ਵੱਲ ਸਿੰਮਦਾ ਆਉਂਦਾ ਪਾਣੀ ਦੇਖਦਾ ਰਿਹਾ ਤੇ ਫਿਰ ਉਹਦੀਆਂ ਆਪਣੀਆਂ ਅੱਖਾਂ ਵਿਚ ਧੁੰਦ ਪਸਰ ਗਈ। ਉਹਨੇ ਅੱਖਾਂ ਝਮਕੀਆਂ ਪਰ ਨਜ਼ਰ ਸਾਫ਼ ਨਾ ਹੋਈ। "ਐਵੇਂ ਸਾਲਾ ਸੰਸਾ ਜਿਹਾ ਲਾ ਲਿਆ ਚਿੱਤ ਨੂੰ, ਕਾਹਦਾ ਜੀਣ ਐਂ ਬੰਦੇ ਦਾ, ਊਈਂ ਕਿਰਦਾ ਫਿਰਦੈ, ਬਾਹ ਓਏ ਬਿਸ਼ਨ ਸਿੰਆਂ ਤੈਨੂੰ ਸਮਝ ਨਾ ਆਈ, ਲੈ ਆਹ ਡੰਗਰ ਐਊਂ, ਪਰ ਦੇਖ ਲੈ ਤੂੰ। ਹੈਗਾ ਅਜੇ ਜੀਣ ਦਾ ਵੇਲਾ, ਮੈਂ ਤਾਂ ਐਵੇਂ ਈ ਡਿੱਗ ਪਿਆ।" ਸੋਚਦਿਆਂ ਬਿਸ਼ਨੇ ਨੇ ਅੱਖਾਂ ਮੁੰਦ ਕੇ ਫਿਰ ਖੋਹਲੀਆਂ, ਕਾਫੀ ਸਾਫ਼ ਜਿਹਾ ਨਜ਼ਰ ਆਇਆ।

ਤਦੇ ਉਹਦਾ ਛੋਟਾ ਭਾਈ ਕਿਸ਼ਨ ਅੰਦਰ ਆ ਵੜਿਆ। ਉਹਨੇ ਘੋੜੇ ਨੂੰ ਬਿਸ਼ਨੇ ਦੇ ਮੂੰਹ ਨਾਲ ਮੂੰਹ ਰਗੜਦੇ ਦੇਖ ਕੇ ਤ੍ਰਹਿ ਕੇ ਦਰਾਂ 'ਚ ਪਿਆ ਚਿਮਟਾ ਚੁੱਕ ਕੇ ਘੋੜੇ ਦੇ ਪੈਰਾਂ 'ਚ ਮਾਰਿਆ ਤਾਂ ਘੋੜਾ ਖੂੰਜੇ ਵਿਚ ਸਹਿਮ ਕੇ ਖੜ ਗਿਆ "ਇਹਨੇ ਕਿੱਲਾ ਕਿਵੇਂ ਪਟਾ ਲਿਆ, ਇਹ ਲਊ ਅਜੇ ਹੋਰ ਕਿਸੇ ਨੂੰ।" ਬੋਲਦਾ ਕਿਸ਼ਨ ਘੋੜੇ ਦੇ ਰੱਸੇ ਨਾਲ ਬੱਝਾ ਕਿੱਲਾ ਖੋਲ੍ਹਣ ਲੱਗ ਪਿਆ। "ਮੈਂ ਇਹਨੂੰ ਲੈ ਚੱਲਾਂ ਵੀਰ...ਬਾਕੀ ਆਪੇ ਤੂੰ ਗੱਲ ਉਹਦੇ ਨਾਲ ਕਰ ਲੀਂ।"

***


"ਨਹੀਂ ਕਿਸ਼ਨ ...ਰਹਿਣ ਦੇ ਇਹਨੂੰ ਏਥੇ ਈ ... ਏਹਦਾ ਕਾਹਦਾ ਦੋਸ਼ ਐ ਸਹੁਰੇ ਗੂੰਗੇ ਦਾ... ਪਾਪੀ ਤਾਂ ਸਾਲਾ ਆਪਦਾ ਈ ਮਨ ਐ ...।" ਬਿਸ਼ਨੇ ਦੇ ਕੋਲੋਂ ਗੱਲ ਪੂਰੀ ਨਾ ਹੋਈ ਤੇ ਉਹ ਚੁੱਪ ਕਰ ਗਿਆ। ਲੰਮਾ ਸਾਹ ਭਰਕੇ ਬੋਲਿਆ, "ਕਰਮੀ ਕਿੱਥੇ ਆ ... ਉਹਨੂੰ ਆਖ ਇਹਨੂੰ ਦਾਣਾ ਪਾਵੇ।"

"ਉਹਨੂੰ ਤਾਂ ਬੀਰੇ ਕਾ ਲੰਬੜ ਲੈ ਗਿਆ ਮੱਲੋ ਮੱਲੀ ਘਰ ਨੂੰ, ਕਹਿੰਦਾ ਘਿਓ ਚੁੱਕ ਲਿਆ ਬਿਸ਼ਨੇ ਲੀ, ਆਉਂਦੀ ਆ ਹੁਣੇ ਈਂ ...।" ਆਖਦਾ ਹੋਇਆ ਕਿਸ਼ਨ ਕਿੱਲਾ ਗੱਡਣ ਲੱਗ ਪਿਆ।

"ਐ ਤੇਰੇ ਜਣਦਿਆਂ ਨੂੰ ...।" ਬਿਸ਼ਨੇ ਨੇ ਕਰੋਧ 'ਚ ਮਚਦਿਆਂ ਲਮਕਾ ਕੇ ਆਖਿਆ ਤੇ ਜਿਵੇਂ ਡਾਹਡੀ ਹੀ ਪੀੜ 'ਚ ਮੁੜ ਪਰੁੰਨਿਆ ਗਿਆ ਹੋਵੇ। ✪

'ਮੁੱਠੀ ਭਰ ਸੁਪਨੇ', 'ਟਾਹਣੀਉਂ ਟੁੱਟੇ' ,'ਕੋਡ ਬਲੂ' ਵਰਗੇ ਚਰਚਿਤ ਕਹਾਣੀ ਸੰਗ੍ਰਹਿ ਤੋਂ ਬਾਅਦ
ਪੰਜਾਬੀ ਦੀ ਸਮਰੱਥ ਕਥਾਕਾਰ ਪਰਵੇਜ਼ ਸੰਧੂ ਦਾ ਚੌਥਾ ਤੇ ਨਵਾਂ ਕਹਾਣੀ ਸੰਗ੍ਰਹਿ

# 'ਬਲੌਰੀ ਅੱਖ ਵਾਲਾ ਮੁੰਡਾ'




ਪਰਵੇਜ਼ ਨੇ ਆਪਣੀਆਂ ਮੁਢਲੀਆਂ ਕਹਾਣੀਆਂ 'ਮੇਰੀ ਲੂੰਬੜੀ', 'ਸੌਂਕਣ', 'ਮੁੱਠੀ ਭਰ ਸੁਪਨੇ' ਆਦਿ ਵਿਚ ਪ੍ਰਕਿਰਤੀ ਤੇ ਸੰਸਕ੍ਰਿਤੀ ਦੇ ਤਣਾਓ ਨੂੰ ਪਾਤਰਾਂ ਦੇ ਸਮਾਜਿਕ ਪ੍ਰਸੰਗ ਵਿਚ ਪੇਸ਼ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਏ। ਉਸ ਦੇ ਬਜ਼ੁਰਗ ਪਾਤਰ ਸਭਿਆਚਾਰਕ ਸੰਕਟ ਭੋਗਦੇ ਨੇ ਜੋ ਪਰਦੇਸ਼ ਹਿਜ਼ਰਤ ਕਰ ਜਾਂਦੇ ਨੇ। ਉਹ ਆਪਣੀ ਕਹਾਣੀ ਵਿਚ ਅਨੋਖੇ ਤੇ ਅਣਗੌਲੇ ਵਿਸ਼ੇ ਨਿਭਾਉਣ ਦੀ ਮਾਹਰ ਏ। 'ਟਾਹਣੀਉਂ ਟੁੱਟੇ', 'ਸੈਂਡੀ ਫਿਰ ਉਦਾਸ ਹੈ', 'ਰੂਹ ਦੇ ਹਾਣ ਦਾ' ਨਾਲ ਉਹ ਪਰਵਾਸ ਤੇ ਪਰਵਾਸ ਵਿਚਲੇ ਤਣਾਓ ਨੂੰ ਹੋਰ ਪੁਖ਼ਤਗੀ ਨਾਲ ਪੇਸ਼ ਕਰਦੀ ਏ। ਉਸ ਦੀਆਂ ਕਹਾਣੀਆਂ ਦਾ ਬਿਰਤਾਂਤ ਸਾਧਾਰਣ ਤੇ ਸਹਿਜ ਏ। ਪਰ ਵਿਸ਼ੇ ਵਿਚ ਡੂੰਘਾਈ ਏ। ਮਾਨਵੀ ਸੰਵੇਦਨਾ ਦੀਆਂ ਪਰਤਾਂ ਉਸ ਦੀ ਕਹਾਣੀ ਬੁਣਤੀ ਦਾ ਅਹਿਮ ਅੰਗ ਏ। 'ਕੋਡ ਬਲੂ' ਦੀਆਂ ਕਹਾਣੀਆਂ ਨਾਲ ਉਹ ਹੋਰ ਅਗਾਂਹ ਤੁਰਦੀ ਏ। 'ਕਪਾਹ ਦੀਆਂ ਢੇਰੀਆਂ', 'ਮਾਂ' ਤੇ 'ਮਰਦ ਦੀ ਜੁੱਤੀ' ਕਹਾਣੀਆਂ ਲਿਖ ਕੇ ਉਹ ਆਪਣੀ ਕਥਾਕਾਰੀ ਦਾ ਸਿੱਕਾ ਜਮਾ ਲੈਂਦੀ ਏ। ਆਪਣੇ ਨਵੇਂ ਕਹਾਣੀ ਸੰਗ੍ਰਹਿ **'ਬਲੌਰੀ ਅੱਖ ਵਾਲਾ ਮੁੰਡਾ'** ਰਾਹੀਂ ਪਰਵੇਜ਼ ਦੀ ਕਹਾਣੀ ਦਾ ਵਿਕਾਸ ਅਸੀਂ ਪ੍ਰਤੱਖ ਵੇਖ ਸਕਦੇ ਹਾਂ। 'ਅੱਗ ਦੀ ਸਾਂਝ' ਨਾਰੀ ਸੰਵੇਦਨਾ ਦੀ ਵੱਡੀ ਕਹਾਣੀ ਏ। 'ਕੱਚ ਦੀਆਂ ਗੁੱਡੀਆਂ', 'ਚਾਬੀ' ਤੇ 'ਡੈੱਥ ਔਫ ਏ ਡ੍ਰੀਮ' ਕਹਾਣੀਆਂ ਦੀ ਸਿਰਜਣਾ ਕਰਕੇ ਉਹ ਮੁੜ ਕਹਾਣੀ ਦੀ ਮੁੱਖ ਧਾਰਾ ਵਿਚ ਆ ਗਈ ਏ। ਪਰਵਾਸੀ ਕਹਾਣੀ 'ਚ ਪਰਵੇਜ਼ ਅਜਿਹੀ ਕਥਾਕਾਰ ਏ ਜਿਹਦੀ ਕਹਾਣੀ ਨੇ ਮਨੁੱਖ ਦੇ ਵਿਹਾਰ ਦੀਆਂ ਮਹੀਨ ਪਰਤਾਂ ਨੂੰ ਪਕੜਨ ਦਾ ਉਪਰਾਲਾ ਕੀਤਾ ਏ। **- ਭਗਵੰਤ ਰਸੂਲਪੁਰੀ**


## ਸਵੀਨਾ ਪ੍ਰਕਾਸ਼ਨ, ਕੈਲੀਫੋਰਨੀਆ

ਪੰਨੇ :135, ਮੁੱਲ : 200ਰੁ. (ਭਾਰਤ) / 20 ਡਾਲਰ (ਅਮਰੀਕਨ)

ਮੁੱਖ ਵਿਕਰੇਤਾ: ਵਰਿੰਦਰ ਖੰਨਾ (98151-01511)

Year:17 issue No. 64-65 issn no. 2321-4445
Kahani Dhara(Punjabi Quarterly)Jan. to June.2022,R.N.I No. PUN 2006/19971

## *'ਇੱਕ ਖ਼ਤ ਪਾਪਾ ਦੇ ਨਾਂਅ', 'ਪਲੀਜ਼ ਮੈਨੂੰ ਪਿਆਰ ਦਿਓ', 'ਕਦੋਂ ਆਏਂਗੀ?' ਕਹਾਣੀ ਸੰਗ੍ਰਹਿ ਤੋਂ ਬਾਅਦ ਪੰਜਾਬੀ ਦੀ ਚਰਚਿਤ ਕਹਾਣੀਕਾਰ ਕੁਲਬੀਰ ਬਡੇਸਰੋਂ ਦਾ ਨਵਾਂ ਕਹਾਣੀ ਸੰਗ੍ਰਹਿ 'ਤੁਮ ਕਿਉਂ ਉਦਾਸ ਹੋ?'*




ਕਥਾਕਾਰ ਕੁਲਬੀਰ ਬਡੇਸਰੋਂ ਪੰਜਾਬੀ ਦੀ ਚਰਚਿਤ ਕਹਾਣੀਕਾਰ ਏ। ਉਸ ਦੀ ਕਥਾ ਯਾਤਰਾ ਨਿਰੰਤਰ ਵਿਕਾਸ ਕਰਦੀ ਆ ਰਹੀ ਏ। ਉਸ ਨੇ ਆਪਣੀ ਕਥਾਕਾਰੀ ਵਿਚ ਅਧੁਨਿਕ ਨਾਰੀ ਦੀਆਂ ਮਨੋਗੁੰਝਲਾ ਨੂੰ ਬੜੀ ਬੇਬਾਕੀ ਨਾਲ ਪੇਸ਼ ਕੀਤਾ ਏ। ਉਸ ਦਾ ਕਥਾ ਬਿਰਤਾਂਤ ਆਪਣੇ ਤੋਂ ਪਹਿਲਾਂ ਲਿਖ ਰਹੀਆਂ ਕਥਾਕਾਰਾਂ ਤੋਂ ਵੱਖਰਾ ਏ ਕਿਉਂਕਿ ਉਸ ਦੇ ਪਾਤਰਾਂ ਦੇ ਸੰਦਰਭ ਬਦਲ ਗਏ ਨੇ। ਇਹ ਨਾਰੀਆਂ ਆਪਣਾ ਅਸਤਿਤਵ ਬਚਾਉਣ ਲਈ ਹਰ ਰਸਤੇ 'ਤੇ ਤੁਰ ਪੈਂਦੀਆਂ ਨੇ। ਉਨ੍ਹਾਂ ਅੱਗੇ ਆਪਣੀ ਹੋਂਦ ਤੇ ਅਸਤਿਤਵ ਨੂੰ ਕਾਇਮ ਰੱਖਣ ਲਈ ਹੋਰ ਕੋਈ ਬਦਲ ਹੀ ਨਹੀਂ ਏ। 'ਮਜ਼ਬੂਰੀ', 'ਆਕਰੋਸ਼' ਤੇ 'ਬਕ-ਬਕ' 'ਚ ਅਜਿਹੀਆਂ ਨਾਰੀਆਂ ਨੇ ਜਿਹੜੀਆਂ ਆਪਣੀ ਹੋਂਦ ਕਾਇਮ ਰੱਖਣ ਲਈ ਆਪਣੇ ਫੈਸਲੇ ਖੁਦ ਲੈਂਦੀਆਂ ਨੇ। ਭਾਵੇਂ ਉਨ੍ਹਾਂ ਫੈਸਲਿਆਂ ਪਿੱਛੇ ਉਨ੍ਹਾਂ ਦੀ ਆਪਣੀ ਹੋਂਦ ਦਾ ਮਸਲਾ ਤੇ ਸਵਾਰਥੀ ਬਿਰਤੀ ਹੁੰਦੀ ਏ। ਇਸ ਕਿਸਮ ਦੀ ਨਾਰੀ ਸਾਡੀ ਪੰਜਾਬੀ ਕਹਾਣੀ ਵਿਚ ਪਹਿਲਾ ਨਹੀਂ ਆਈ। ਉਸ ਦੀਆਂ ਕਹਾਣੀਆਂ ਵਿਚ ਇਕ ਹੋਰ ਖ਼ੂਬੀ ਨੋਟ ਕਰਨ ਵਾਲੀ ਏ ਕਿ ਆਪਣੇ ਵਿਰੋਧੀ ਲਿੰਗ (ਮਰਦ) ਨੂੰ ਖਲਨਾਇਕ ਦੇ ਰੂਪ ਵਿਚ ਨਹੀਂ ਚਿਤਰਦੀ। ਉਹ ਆਪਣੀ ਸ਼ੈਲੀ ਵਿਚ ਸਨਸਨੀ ਨਹੀਂ ਪੈਦਾ ਕਰਦੀ ਬਲਕਿ ਕਹਾਣੀ ਦਾ ਪਲਾਟ, ਗੋਂਦ ਅਤੇ ਨਿਭਾ ਸਹਿਜ ਹੁੰਦਾ ਏ, ਸੁਭਾਵਿਕ ਗਤੀ ਨਾਲ ਪਾਤਰ ਕਹਾਣੀ ਵਿਚ ਆਉਂਦੇ ਨੇ ਸੁਭਾਵਿਕਤਾ ਨਾਲ ਆਪਣਾ ਕਾਰਜ ਕਰਨ ਲੱਗ ਪੈਂਦੇ ਨੇ। ਕੁਲਬੀਰ ਦੀ ਇਸ ਪੁਸਤਕ ਦੀ ਅਕਾਦਮਿਕ ਖੇਤਰ ਵਿਚ ਜ਼ਰੂਰ ਗੱਲ ਤੁਰਨੀ ਚਾਹੀਦੀ ਏ ਕਿਉਂਕਿ ਉਹ ਪੰਜਾਬੀ ਕਹਾਣੀ ਵਿਚ ਜ਼ਿਕਰਯੋਗ ਕਹਾਣੀਆਂ ਲੈ ਕੇ ਆਈ ਏ।

– ਭਗਵੰਤ ਰਸੂਲਪੁਰੀ

**ਆਰਸੀ ਪਬਲਿਸ਼ਰਜ਼**

**51 ਪਰਦਾ ਬਾਗ਼, ਦਰਿਆ ਗੰਜ, ਨਵੀਂ ਦਿੱਲੀ (80767-49930)**

ਮੁੱਲ: 295/- ਪੰਨੇ: 136